# ਕਬੀਰ ਪਰਮੇਸ਼ਵਰ

## (ਸੰਪੂਰਣ)

**(Kabir the weaver is Supreme God)**

# (GOD KABIR)

## (ਅੱਲ੍ਹਾਹ ! ਕਬੀਰ)

## (ਕਵਿਰਦੇਵ)

**ਅਨੰਤ ਕੋਟਿ ਬ੍ਰਹਿਮੰਡ ਕਾ ਏਕ ਰਤੀ ਨਹੀ ਭਾਰ ।**
**ਸਤਿਗੁਰ ਪੁਰੁਸ਼ ਕਬੀਰ ਹੈਂ,ਕੁਲ ਕੇ ਸਿਰਜਨਹਾਰ।**
**ਹਮ ਸੁਲਤਾਨੀ ਨਾਨਕ ਤਾਰੇ,ਦਾਦੂ ਕੋ ਉਪਦੇਸ਼ ਦੀਯਾ।**
**ਜਾਤ ਜੁਲਾਹਾ ਭੇਦ ਨਾ ਪਾਇਆ ਕਾਂਸ਼ੀ ਮਾਹਿ ਕਬੀਰ ਹੁਆ।**
**–ਸੰਤ ਗਰੀਬ ਦਾਸ ਜੀ**

**ਜਿਨ ਮੋਕੋ ਨਿਜ ਨਾਮ ਦੀਯਾ ਸੋਈ ਸਤਿਗੁਰੂ ਹਮਾਰ।**
**ਦਾਦੂ ਦੂਸਰਾ ਕੋਈ ਨਹੀਂ ਕਬੀਰ ਸਿਰਜਨਹਾਰ ।**

ਲੇਖਕ :-
ਸੰਤ ਰਾਮਪਾਲ ਜੀ ਮਹਾਰਾਜ
ਸਤਲੋਕ ਆਸ਼ਰਮ ਬਰਵਾਲਾ, ਜ਼ਿਲ੍ਹਾ- ਹਿਸਾਰ (ਹਰਿਆਣਾ)

ਪ੍ਰਕਾਸ਼ਕ:
ਰਾਸ਼ਟਰੀ ਸਮਾਜ ਸੇਵਾ ਸਮਿਤੀ ਦੇ ਸਾਰੇ ਮੈਂਬਰ
(ਇਹ ਸਮਿਤੀ ਪੂਰਣ ਰੂਪ ਤੋਂ ਧਾਰਮਿਕ ਅਤੇ ਗੈਰ-ਰਾਜਨਿਤੀਕ ਸੰਸਥਾ ਹੈ।)
ਪੁਸਤਕ ਸੰਬੰਧੀ ਕਿਸੇ ਵੀ ਜਾਣਕਾਰੀ ਲਈ
ਸੰਪਰਕ ਕਰੋ:- 9992600893, 7027000748

ਪ੍ਰਿੰਟਰ- ਕਬੀਰ ਪ੍ਰਿੰਟਰਜ਼
ਛ-117, ਸੈਕਟਰ-3, ਬਵਾਨਾ ਇਨਡਸਟ੍ਰੀਅਲ ਏਰੀਆ, ਨਵੀਂ ਦਿੱਲੀ

# -: ਵਿਸ਼ਾ ਸੂਚੀ :-


1. ਕਬੀਰ ਪਰਮੇਸ਼ਵਰ ਜੀ ਦੀ ਸੰਖੇਪ ਜਾਣਕਾਰੀ 1

- ਕਬੀਰ ਪਰਮੇਸ਼ਵਰ ਜੀ ਦਾ ਕਲਯੁਗ ਵਿੱਚ ਅਵਤਾਰ 2
- ਸ਼ਿਸ਼ੂ ਕਬੀਰ ਪਰਮੇਸ਼ਵਰ ਦਾ ਨਾਮਕਰਨ 9
- ਸ਼ਿਸ਼ੂ ਕਬੀਰ ਦੇਵ ਵੱਲੋਂ ਕੁਆਰੀ ਗਾਂ ਦਾ ਦੁੱਧ ਪੀਣਾ 10
- ਕੁਆਰੀ ਗਾਂ ਦਾ ਦੁੱਧ ਪੀਣ ਦਾ ਕਬੀਰ ਸਾਗਰ ਵਿੱਚ ਪ੍ਰਮਾਣ 23
- ਕੁਆਰੀ ਗਾਂ ਦੇ ਦੁੱਧ ਨਾਲ਼ ਪਾਲਣ-ਪੋਸ਼ਣ ਲੀਲਾ ਦਾ ਵੇਦ ਵਿੱਚ ਪ੍ਰਮਾਣ 24
- ਨੀਰੂ ਨੂੰ ਦੌਲਤ ਦੀ ਪ੍ਰਾਪਤੀ 26
- ਰਿਸ਼ੀ ਰਾਮਾਨੰਦ, ਸੇਊ, ਸੰਮਨ ਅਤੇ ਨੇਕੀ ਜਾਂ ਕਮਾਲੀ ਦੇ ਪਿਛਲੇ ਜਨਮਾਂ ਦਾ ਗਿਆਨ 26
- ਸ਼ਿਸ਼ੂ ਕਬੀਰ ਦੀ ਸੁੰਨਤ ਕਰਨ ਦਾ ਅਸਫ਼ਲ ਕੋਸ਼ਿਸ਼ 27

2. ਰਿਸ਼ੀ ਰਾਮਾਨੰਦ ਜੀ ਦਾ ਕਲਿਆਣ ਕਰਨਾ 28

- ਰਿਸ਼ੀ ਰਾਮਾਨੰਦ ਸਵਾਮੀ ਨੂੰ ਗੁਰੂ ਬਣਾ ਕੇ ਸ਼ਰਣ ਵਿੱਚ ਲੈਣਾ 28
- ਰਿਸ਼ੀ ਵਿਵੇਕਾਨੰਦ ਜੀ ਨਾਲ ਗਿਆਨ ਚਰਚਾ 30
- ਕਬੀਰ ਜੀ ਦੁਆਰਾ ਸਵਾਮੀ ਰਾਮਾਨੰਦ ਦੇ ਮਨ ਦੀ ਗੱਲ ਦੱਸਣਾ 33
- ਕਬੀਰ ਦੇਵ ਦੁਆਰਾ ਰਿਸ਼ੀ ਰਾਮਾਨੰਦ ਦੇ ਆਸ਼ਰਮ ਵਿੱਚ 2 ਰੂਪ ਧਾਰਣ ਕਰਨਾ 41
- ਸ਼ੇਖ਼ਤਕੀ ਪੀਰ ਨੇ ਨਹੀਂ ਪਹਿਚਾਣਿਆ ਪਰਮੇਸ਼ਵਰ ਨੂੰ 47
- ਸਿਕੰਦਰ ਲੋਧੀ ਬਾਦਸ਼ਾਹ ਦਾ ਲਾਇਲਾਜ ਜਲਣ ਦਾ ਰੋਗ ਠੀਕ ਕਰਨਾ 49
- ਸਵਾਮੀ ਰਾਮਾਨੰਦ ਜੀ ਨੂੰ ਜੀਵਤ ਕਰਨਾ 51

3. ਸਾਰੇ ਮਨੁੱਖ ਇੱਕ ਪਰਮਾਤਮਾ ਦੇ ਬੱਚੇ ਹਨ, ਜੋ ਦੋ ਮੰਨਦਾ ਹੈ ਉਹ ਅਗਿਆਨੀ ਹੈ 51
4. ਪਵਿੱਤਰ ਮੁਸਲਮਾਨ ਧਰਮ ਦੀ ਸੰਖੇਪ ਜਾਣਕਾਰੀ 52
5. ਸ਼ੇਖਤਕੀ ਨਾਮਕ ਮੁਸਲਮਾਨ ਪੀਰ ਨਾਲ ਵਾਰਤਾ 53
6. ਪਵਿੱਤਰ ਕੁਰਾਨ ਸ਼ਰੀਫ਼ ਨੇ ਪ੍ਰਭੂ ਦੇ ਬਾਰੇ ਵਿੱਚ ਕੀ ਦੱਸਿਆ ਹੈ? 53
7. ਮਾਸ-ਮਦਿਰਾ ਨਿਸ਼ੇਧ ਦਾ ਉਪਦੇਸ਼ 56
8. ਹਜ਼ਰਤ ਮੁਹੰਮਦ ਜੀ ਦਾ ਜੀਵਨ ਚਰਿੱਤਰ 62

- ਹਜ਼ਰਤ ਮੁਹੰਮਦ ਜੀ ਵਿੱਚ ਕਾਲ (ਬ੍ਰਹਮ) ਅਤੇ ਹੋਰ ਦੇਵ ਜਾਂ ਪਿੱਤਰ ਪ੍ਰਵੇਸ਼ ਕਰਕੇ ਬੋਲਦੇ ਸਨ ਦਾ ਪ੍ਰਮਾਣ 67

9. ਪਵਿੱਤਰ ਈਸਾਈ ਅਤੇ ਮੁਸਲਮਾਨ ਧਰਮਾਂ ਦੇ ਅਨੁਯਾਈਆਂ ਨੂੰ ਕਰਮ ਆਧਾਰ ਨਾਲ ਲਾਭ- ਹਾਨੀ ਕਰਨ ਵਾਲੇ ਵੀ (ਸ਼੍ਰੀ ਬ੍ਰਹਮਾ,ਵਿਸ਼ਨੂੰ ਅਤੇ ਸ਼ਿਵ) ਤਿੰਨ ਹੀ ਦੇਵਤਾ 69
10. ਮਮਰੇ ਤੇ ਤਿੰਨਾਂ ਦੇਵਤਿਆਂ ਦੇ ਦੇਖਣ ਦਾ ਪ੍ਰਮਾਣ 70

11. ਬਾਦਸ਼ਾਹ ਸਿਕੰਦਰ ਦੀ ਸ਼ੰਕਾ ਦਾ ਹੱਲ 73
12. ਮਰੇ ਲੜਕੇ ਕਮਾਲ ਨੂੰ ਜਿਉਂਦੇ ਕਰਨਾ 76
13. ਸ਼ੇਖ ਤਕੀ ਦੁਆਰਾ ਕਬੀਰ ਜੀ ਦੀ ਹੋਰ ਪ੍ਰੀਖਿਆਵਾਂ 78
- ਕਮਾਲੀ ਦੇ ਪਹਿਲੇ ਦੇ ਜਨਮਾਂ ਦੀ ਜਾਣਕਾਰੀ 78
- ਸ਼ੇਖ ਤਕੀ ਦੀ ਮਰੀ ਹੋਈ ਲੜਕੀ ਕਮਾਲੀ ਨੂੰ ਜਿਉਂਦੇ ਕਰਨਾ 83
- ਕਬੀਰ ਸਾਹਿਬ ਨੂੰ ਸਰੋਂ ਦੇ ਗਰਮ ਤੇਲ ਦੇ ਕੜਾਹੇ ਵਿੱਚ ਪਾਉਣਾ 85
- ਸ਼ੇਖ ਤਕੀ ਦੁਆਰਾ ਕਬੀਰ ਸਾਹਿਬ ਨੂੰ ਡੂੰਘੇ ਖੂਹ ਵਿੱਚ ਪਾਉਣਾ 86
- ਸ਼ੇਖ ਤਕੀ ਦੁਆਰਾ ਕਬੀਰ ਸਾਹਿਬ ਨੂੰ ਗੁੰਡਿਆਂ ਤੋਂ ਮਰਵਾਉਣ ਦਾ ਅਸਫਲ ਕੋਝਾ ਯਤਨ 88

14. ਕੌਣ ਅਤੇ ਕਿਹੋ ਜਿਹਾ ਹੈ ਕੁੱਲ ਦਾ ਮਾਲਕ 89
15. ਪੁਰੀ ਵਿੱਚ ਸ਼੍ਰੀ ਜਗਨਨਾਥ ਜੀ ਦਾ ਮੰਦਰ ਭਾਵ ਧਾਮ ਕਿਵੇਂ ਬਣਿਆ 97
- ਸ਼੍ਰੀ ਜਗਨਨਾਥ ਦੇ ਮੰਦਰ ਵਿੱਚ ਛੂਆ ਛਾਤ ਸ਼ੁਰੂ ਤੋਂ ਹੀ ਨਹੀਂ ਹੈ 102
- ਜਗਨਨਾਥ ਦੇ ਪਾਂਡੇ ਦੀ ਕਬੀਰ ਜੀ ਦੁਆਰਾ ਰੱਖਿਆ ਕਰਨਾ 104

16. ਗੰਗਾ ਵਿੱਚ ਪਿੱਤਰਾਂ ਨੂੰ ਜਲ ਦੇ ਰਹੇ ਪੰਡਤਾਂ ਦੀ ਉਲਝਣ ਦਾ ਨਿਵਾਰਨ 106
17. ਝੋਟੇ ਤੋਂ ਵੇਦ ਮੰਤਰ ਬੁਲਵਾਉਣਾ 107
18. ਕਬੀਰ ਵੱਟ ਦੀ ਹੈਰਾਨੀਜਨਕ ਕਹਾਣੀ 109
19. ਦਵਾਰਕਾ ਪੁਰੀ ਵਿੱਚ ਕਬੀਰ ਕੋਠਾ 113
20. ਗੋਰਖ ਨਾਥ ਨਾਲ ਗੋਸ਼ਟੀ 115
21. ਕਾਸ਼ੀ ਨਗਰ ਵਿੱਚ ਭੋਜਨ ਭੰਡਾਰਾ (ਲੰਗਰ) ਦੇਣਾ 122
22. ਸੰਪੂਰਨ ਅਧਿਆਤਮ ਗਿਆਨ ਕਿਸ ਨੇ ਦੱਸਿਆ? 131
23. ਅਲ – ਖਿਜਰ (ਅਲ ਕਬੀਰ) ਦੀ ਖਾਸ ਜਾਣਕਾਰੀ 131
24. ਸੰਪੂਰਨ ਅਧਿਆਤਮ ਗਿਆਨ ਦੇ ਵਿਸ਼ੇ ਬਾਰੇ ਪ੍ਰਮਾਣ 134
25. ਕੁਰਾਨ ਸ਼ਰੀਫ (ਮਜੀਦ) ਵਿੱਚ ਵੀ ਸੰਪੂਰਨ ਅਧਿਆਤਮ ਗਿਆਨ ਨਹੀਂ ਹੈ 136
26. ਦੇਖੋ ਵੇਦ ਮੰਤਰਾਂ ਦੀ ਫੋਟੋ ਕਾਪੀ 138
27. ਹਜਰਤ ਮੁਹੰਮਦ ਜੀ ਨੂੰ ਅੱਲਾਹ ਕਬੀਰ ਮਿਲੇ 149
28. ਇਸਲਾਮ ਦੀ ਅਣਸੁਲਝੀ ਪਹੇਲੀ 152
29. ਪੁਨਰ ਜਨਮ ਹੁੰਦਾ ਹੈ, ਪੜ੍ਹੋ ਬਹੁਤ ਸਾਰੇ ਪ੍ਰਮਾਣ 153
- ਸੰਮਨ ਵਾਲੀ ਆਤਮਾ ਹੀ ਸੁਲਤਾਨ ਇਬਰਾਹੀਮ ਸੀ 153
- ਨੇਕੀ– ਸੇਉ– ਸੰਮਨ ਦੀ ਕੁਰਬਾਨੀ ਦੀ ਕਹਾਣੀ 155
- ਸੰਮਨ ਵਾਲੀ ਆਤਮਾ ਨੌ ਸ਼ੇਰ ਖਾਂ ਬਣਿਆ 159
- ਸੁਲਤਾਨ ਅਬਰਾਹਿਮ ਦੇ ਜਨਮ ਦੀ ਜਨਮ ਕਥਾ 160

- ਸੁਲਤਾਨ ਇਬਰਾਹਿਮ ਨੂੰ ਸ਼ਰਨ ਵਿੱਚ ਲੈਣਾ 164
- ਇਬਰਾਹਿਮ ਅਧਮ ਸੁਲਤਾਨ ਦੇ ਵਿਸ਼ੇ ਵਿੱਚ ਸੰਤ ਗਰੀਬਦਾਸ ਜੀ ਦੇ ਵਿਚਾਰ 173
- ਇਬਰਾਹਿਮ ਅਧਮ ਸੁਲਤਾਨ ਦੀ ਪ੍ਰੀਖਿਆ 175
- ਭਗਤ ਹੋਵੇ ਨੀਅਤ ਦਾ ਪੂਰਾ 176
- ਦਾਸ ਦੀ ਪਰਿਭਾਸ਼ਾ 177
- ਸੁਲਤਾਨੀ ਨੂੰ ਸਾਰ ਨਾਮ ਕਿਵੇਂ ਪ੍ਰਾਪਤ ਹੋਇਆ? 178
- ਰਾਜਾ ਵੱਡਾ ਹੈ ਜਾਂ ਭਗਤ ਰਾਜ 179
- ਵਿਕਾਰ ਜਿਵੇਂ ਕਾਮ, ਮੋਹ, ਕ੍ਰੋਧ, ਵਾਸਨਾ ਆਦਿ, ਖਤਮ ਨਹੀਂ ਹੁੰਦੇ, ਸ਼ਾਂਤ ਹੋ ਜਾਂਦੇ ਹਨ 180
- ਭਗਤ ਤਰਵਰ (ਰੁੱਖ) ਵਰਗੇ ਸੁਭਾਅ ਦਾ ਹੁੰਦਾ ਹੈ। 182

30. ਮਨਸੂਰ ਅਲੀ ਦਾ ਉਧਾਰ ਕਬੀਰ ਜੀ ਨੇ ਕੀਤਾ 194
31. ਮਨਸੂਰ ਅਲੀ ਦਾ ਸ਼ਬਦ 197
32. ਪ੍ਰਭੂ ਕਬੀਰ ਜੀ ਦਾ ਮਗਹਰ ਤੋਂ ਸਹਸ਼ਰੀਰ ਸਤਲੋਕ ਗਮਨ ਅਤੇ ਸੁੱਕੀ ਨਦੀ ਵਿੱਚ ਪਾਣੀ ਬਹਾਊਨਾ 200
33. ਵੇਦਾਂ ਵਿੱਚ ਕਵੀਰਦੇਵ ਅਰਥਾਤ ਕਬੀਰ ਪਰਮੇਸ਼ਵਰ ਦਾ ਪ੍ਰਮਾਣ 206
34. ਪੂਰਨ ਪ੍ਰਮਾਤਮਾ ਖੁਦ ਆਪਣੇ ਸੱਚੇ ਗਿਆਨ ਨੂੰ ਆਪ ਹੀ ਠੀਕ ਠੀਕ ਦਸਦਾ ਹੈ 212
35. ਪਵਿੱਤਰ ਵੇਦਾਂ ਵਿੱਚ ਕਵੀਰਦੇਵ ਅਰਥਾਤ ਕਬੀਰ ਪਰਮੇਸ਼ਵਰ ਦਾ ਪ੍ਰਮਾਣ 212
36. ਤੱਤਵ ਗਿਆਨ ਤੋਂ ਸੱਖਣੇ ਸ਼ਰਧਾਲੂ ਨਾਲ ਗਿਆਨ ਚਰਚਾ। 215
37. ਪਵਿੱਤਰ ਬਾਈਬਲ ਵਿੱਚ ਪ੍ਰਭੂ ਮਨੁੱਖ ਦੇ ਰੂਪ ਵਿੱਚ ਸਾਕਾਰ ਦਾ ਪ੍ਰਮਾਣ 230
38. ਪਵਿੱਤਰ ਕੁਰਾਨ ਸ਼ਰੀਫ ਵਿੱਚ ਪ੍ਰਮਾਣ 231
39. ਪਰਮੇਸ਼ਵਰ ਕਬੀਰ ਜੀ ਦੀ ਕਿਰਪਾ ਨਾਲ ਸੁਖੀ ਹੋਏ ਇਨਸਾਨ। 233
    - ਪਰਮਾਤਮਾ ਨੇ ਕੀਤੀ ਜੀਵਨ ਰਖਸ਼ਾ 233
    - ਗੁਰਦਿਆਂ ਨੂੰ ਠੀਕ ਕਰਨਾ ਅਤੇ ਸ਼ੈਤਾਨ ਨੂੰ ਇਨਸਾਨ ਬਣਾਉਣਾ 235
    - ਅਣਹੋਣੀ ਕੀਤੀ ਪਰਮਾਤਮਾ ਨੇ 237
    - ਸ਼ਾਸ਼ਤਰ ਵਿਰੁੱਧ ਸਾਧਨਾ ਤੋਂ ਛੁੱਟਕਾਰਾ 240
    - ਲੁਟੇ – ਪਿਟਿਆਂ ਨੂੰ ਸਹਾਰਾ 241
    - ਪ੍ਰਭੂ ਦੇ ਪਿਆਰੇ ਭਗਤ ਬਸੰਤ ਸਿੰਘ ਸੈਣੀ ਨੂੰ ਰਸਤਾ ਮਿਲਣਾ 243
40. ਸ੍ਰਿਸ਼ਟੀ ਰਚਨਾ 250
    - ਆਤਮਾਵਾਂ ਕਾਲ ਦੇ ਜਾਲ ਜਨਮ ਮਰਨ ਦੇ ਗੇੜ ਵਿੱਚ ਕਿਵੇਂ ਫਸੀਆਂ? 253
    - ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਦੇ ਮਾਤਾ-ਪਿਤਾ ਕੌਣ ਹਨ? 259
    - ਤਿੰਨ ਗੁਣ ਕੀ ਹਨ? ਪ੍ਰਮਾਣ ਸਾਹਿਤ 260

- ਪਵਿੱਤਰ ਸ਼੍ਰੀਮਦਦੇਵੀ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 262
- ਪਵਿੱਤਰ ਸ਼ਿਵ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 263
- ਪਵਿੱਤਰ ਬਾਇਬਲ ਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 264
- ਪੂਜਯ ਕਬੀਰ ਪਰਮੇਸ਼੍ਵਰ ਜੀ ਦੀ ਅੰਮ੍ਰਿਤ ਬਾਣੀ ਵਿੱਚ ਸ੍ਰਿਸ਼ਟੀ ਰਚਨਾ 266
- ਸਤਿਕਾਰਯੋਗ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਸੰਕੇਤ 269

41. ਸਤਯੁੱਗ, ਤ੍ਰੇਤਾਯੁੱਗ, ਦੁਵਾਪਰਯੁੱਗ ਵਿੱਚ ਪਰਮੇਸ਼੍ਵਰ ਦਾ ਆਗਮਨ 270
42. ਤਪਤ ਸ਼ਿਲਾ ਤੇ ਜਲ਼ ਰਹੇ ਪ੍ਰਾਣੀਆਂ ਨਾਲ ਵਾਰਤਾਲਾਪ 278
43. ਪਰਮੇਸ਼੍ਵਰ ਕਬੀਰ ਜੀ ਨਾਲ ਕਾਲ ਬ੍ਰਹਮਾ ਦਾ ਵਿਵਾਦ ਕਰਨਾ 285
44. ਪਰਮੇਸ਼੍ਵਰ ਕਬੀਰ ਜੀ ਦੁਆਰਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਸ਼ਰਨ ਵਿੱਚ ਲੈਣਾ 294
45. ਸਤਯੁੱਗ ਵਿੱਚ ਕਬੀਰ ਪਰਮੇਸ਼੍ਵਰ ਦਾ ਸਤ ਸੁਕਰਤ ਨਾਮ ਤੋਂ ਪ੍ਰਗਟ ਹੋਣਾ 295
46. ਤ੍ਰੇਤਾਯੁੱਗ ਵਿੱਚ ਕਬੀਰਦੇਵ (ਕਬੀਰ ਪਰਮੇਸ਼੍ਵਰ) ਦਾ ਮਨਿੰਦਰ ਨਾਮ ਤੋਂ ਪਰਗਟ ਹੋਣਾ 297
    - ਨਲ ਅਤੇ ਨੀਲ ਨੂੰ ਸ਼ਰਨ ਵਿੱਚ ਲੈਣਾ 297
    - ਸਮੁੰਦਰ ਉੱਤੇ ਰਾਮਚੰਦਰ ਦੇ ਪੁੱਲ ਦੇ ਲਈ ਪੱਥਰ ਤੈਰਾਉਂਣਾ 298
    - ਕਬੀਰ ਪਰਮੇਸ਼੍ਵਰ ਦੁਆਰਾ ਵਿਭੀਸ਼ਣ ਅਤੇ ਮੰਦੋਦਰੀ ਨੂੰ ਸ਼ਰਨ ਵਿੱਚ ਲੈਣਾ 300
47. ਸ਼੍ਰੀ ਹਨੂੰਮਾਨ ਜੀ ਦੀ ਭਗਤੀ ਤੇ ਪ੍ਰਕਾਸ਼ 304
48. ਹਨੂੰਮਾਨ ਜੀ ਦਾ ਕਲਿਆਣ ਕਿਵੇਂ ਹੋਇਆ 304
49. ਪੂਰਨ ਪ੍ਰਮਾਤਮਾ ਕਬੀਰ ਜੀ ਦਾ ਦੁਵਾਪਰਯੁੱਗ ਵਿੱਚ ਪ੍ਰਗਟ ਹੋਣਾ 311
    - ਦਵਾਪਰ ਯੁੱਗ ਵਿੱਚ ਇੰਦਰਮਤੀ ਨੂੰ ਸ਼ਰਣ ਵਿੱਚ ਲੈਣਾ 314
    - ਪਾਂਡਵਾਂ ਦੀ ਯੱਗ ਵਿੱਚ ਸੁਪਚ ਸੁਦਰਸ਼ਨ ਦਾ ਸੰਖ ਵਜਾਉਣਾ 320
50. ਅਰਜੁਨ ਸਮੇਤ ਪਾਂਡਵਾ ਨੂੰ ਯੁੱਧ ਵਿੱਚ ਕੀਤੀ ਗਈ ਹਿੰਸਾ ਦੇ ਪਾਪ ਲੱਗੇ 332
51. ਕੀ ਪਾਂਡਵ ਸਦਾ ਸ੍ਵਰਗ ਵਿੱਚ ਰਹਿਣਗੇ? 338
52. ਕੀ ਦਰੋਪਤੀ ਵੀ ਨਰਕ ਜਾਵੇਗੀ ਅਤੇ ਹੋਰ ਪ੍ਰਾਣੀਆਂ ਦੇ ਸ਼ਰੀਰ ਧਾਰਨ ਕਰੇਗੀ 339
53. ਸ਼੍ਰੀ ਕ੍ਰਿਸ਼ਨ ਜੀ ਨੇ ਤਾਮਰਧਵਜ ਨੂੰ ਜੀਵਿਤ ਕੀਤਾ ਪ੍ਰੰਤੂ ਅਭਿਮਨਯੂ ਨੂੰ ਕਿਉਂ ਨਹੀਂ ਕਰ ਸਕੇ 339
54. ਕੀ ਸ਼੍ਰੀ ਵਿਸ਼ਨੂੰ ਅਰਥਾਤ ਸ਼੍ਰੀ ਕ੍ਰਿਸ਼ਨ ਜੀ ਕਰਮਦੰਡ ਨੂੰ ਮਾਫ ਕਰ ਸਕਦੇ ਹਨ? 340
55. ਕੀ ਸ਼੍ਰੀ ਕ੍ਰਿਸ਼ਨ ਜੀ ਤੱਤਵਗਿਆਨ ਦੇ ਜਾਣਕਾਰ ਸੀ? 344
56. ਪਰਮੇਸ਼੍ਵਰ ਦਾ ਤਿੰਨਾਂ ਯੁੱਗਾਂ ਵਿੱਚ ਥੋੜ੍ਹੇ ਜੀਵ ਪਾਰ ਕਰਨ ਦਾ ਵਚਨ ਦੇਣਾ 351
57. ਧਰਮਦਾਸ ਦੇ ਪੁੱਤਰ ਨਾਰਾਇਣ ਦਾਸ ਦਾ ਕਾਲ ਦੂਤ ਦਾ ਰੂਪ ਦਿਖਾਉਂਣਾ 357

# ਕਬੀਰ ਪਰਮੇਸ਼ਵਰ ਜੀ ਦਾ ਸੰਖੇਪ ਪਰਿਚੈ

**ਕਬੀਰ ਪਰਮੇਸ਼ਵਰ ਚਾਰੇ ਯੁੱਗਾਂ ਵਿੱਚ ਇਸ ਧਰਤੀ 'ਤੇ ਸਹਿ ਸਰੀਰ ਪ੍ਰਗਟ ਹੁੰਦੇ ਹਨ। ਆਪਣੀ ਜਾਣਕਾਰੀ ਆਪ ਹੀ ਦਿੰਦੇ ਹਨ। ਪਰਮਾਤਮਾ ਸਤਯੁੱਗ ਵਿੱਚ "ਸਤ ਸੁਕਰਤ" ਨਾਮ ਨਾਲ, ਤ੍ਰੇਤਾ ਵਿੱਚ "ਮੁਨਿੰਦਰ" ਨਾਮ ਨਾਲ ਅਤੇ ਦ੍ਵਾਪਰ ਵਿੱਚ "ਕਰੁਣਾਮਯ" ਨਾਮ ਨਾਲ ਅਤੇ ਕਲਯੁੱਗ ਵਿੱਚ "ਕਬੀਰ" ਨਾਮ ਨਾਲ ਪ੍ਰਗਟ ਹੁੰਦੇ ਹਨ।**

ਸਤਯੁੱਗ ਮੇਂ ਸਤ ਸੁਕਰਤ ਕਹਿ ਟੇਰਾ, ਤ੍ਰੇਤਾ ਨਾਮ ਮੁਨਿੰਦਰ ਮੇਰਾ ।
ਦ੍ਵਾਪਰ ਮੇਂ ਕਰੁਣਾਮਯ ਕਹਾਯਾ, ਕਲਯੁੱਗ ਨਾਮ ਕਬੀਰ ਧਰਾਯਾ॥

**– ਖ਼ੁਦ ਕਬੀਰ ਸਾਹਿਬ ਜੀ**

ਸਤਿਗੁਰੂ ਪੂਰੁਸ਼ ਕਬੀਰ ਹੈ, ਚਾਰੋਂ ਯੁੱਗ ਪ੍ਰਮਾਣ ।
ਝੂਠੇ ਗੁਰੂਵਾ ਮਰ ਗਏ, ਹੋ ਗਏ ਭੂਤ ਮਸਾਨ॥
ਅਨੰਤ ਕੋਟਿ ਬ੍ਰਾਹਮੰਡ ਕਾ, ਏਕ ਰਤਿ ਨਹੀਂ ਭਾਰ ।
ਸਤਿਗੁਰੂ ਪੂਰੁਸ਼ ਕਬੀਰ ਹੈ, ਕੁਲ ਕੇ ਸਿਰਜਣਹਾਰ॥
ਹਮ ਸੁਲਤਾਨੀ ਨਾਨਕ ਤਾਰੇ, ਦਾਦੂ ਕੋ ਉਪਦੇਸ਼ ਦੀਆ ।
ਜਾਤਿ ਜੁਲਾਹਾ ਭੇਦ ਨਾ ਪਾਯਾ, ਕਾਸ਼ੀ ਮਾਂਹੀ ਕਬੀਰ ਹੁਯਾ॥

**–ਸੰਤ ਗਰੀਬਦਾਸ ਸਾਹਿਬ ਜੀ**

ਜਿਨ ਮੋਕੂੰ ਨਿਜ ਨਾਮ ਦਿਯਾ ਸੋਈ ਸਤਿਗੁਰੂ ਹਮਾਰ ।
ਦਾਦੂ ਦੂਸਰਾ ਕੋਈ ਨਹੀਂ ਕਬੀਰ ਸਿਰਜਣਹਾਰ॥

**–ਸੰਤ ਦਾਦੂ ਦਾਸ ਸਾਹਿਬ ਜੀ**

ਤੇਰਾ ਏਕੁ ਨਾਮੁ ਤਾਰੇ ਸੰਸਾਰੁ, ਮੈ ਏਹਾ ਆਸ ਏਹੋ ਆਧਾਰੁ॥
ਫਾਹੀ ਸੁਰਤਿ ਮਲੂਕੀ ਵੇਸੁ, ਹਉ ਠਗਵਾੜਾ ਠਗੀ ਦੇਸੁ॥
ਖਰਾ ਸਿਆਣਾ ਬਹੁਤਾ ਭਾਰੁ, ਧਾਣਕ ਰੂਪਿ ਰਹਾ ਕਰਤਾਰ॥

**(ਗੁਰੂ ਗ੍ਰੰਥ ਸਾਹਿਬ ਪੰਨਾ 24)**

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥

**(ਗੁਰੂ ਗ੍ਰੰਥ ਸਾਹਿਬ ਪੰਨਾ 721)**

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥

**(ਗੁਰੂ ਗ੍ਰੰਥ ਸਾਹਿਬ ਪੰਨਾ 731) –ਨਾਨਕ ਦੇਵ ਸਾਹਿਬ ਜੀ**

ਬੋਲਤ ਰਾਮਾਨੰਦ ਜੀ ਸੁਣੋ ਕਬੀਰ ਕਰਤਾਰ,
ਗਰੀਬਦਾਸ ਸਬ ਰੂਪ ਮੇਂ ਤੁਮ ਹੀ ਬੋਲਣਹਾਰ॥
ਦੋਹੂੰ ਠੋਰ ਹੈ ਏਕ ਤੂੰ ਭਯਾ ਏਕ ਸੇ ਦੋ,
ਗਰੀਬਦਾਸ ਹਮ ਕਾਰਣੇ ਆਏ ਹੋ ਮਗ ਜੋਅ॥

**ਇੱਥੇ ਸਿਰਫ ਕਲਯੁੱਗ ਵਿੱਚ ਪਰਮੇਸ਼ਵਰ ਕਬੀਰ ਜੀ ਦੀਆਂ ਕੁਝ ਲੀਲਾਂਵਾਂ ਦਾ ਵਰਣਨ ਕਰਾਂਗੇ । ਸਤਯੁੱਗ, ਤ੍ਰੇਤਾਯੁੱਗ ਅਤੇ ਦ੍ਵਾਪਰਯੁੱਗ ਵਿੱਚ ਪਰਮਾਤਮਾ ਦਾ ਧਰਤੀ 'ਤੇ ਪ੍ਰਗਟ ਹੋਣ ਦੀ ਕਥਾ ਕਿਰਪਾ ਇਸੇ ਪੁਸਤਕ ਦੇ ਪੰਨਾ 250 'ਤੇ ਪੜ੍ਹੋ ।**

## "ਕਬੀਰ ਪ੍ਰਮਾਤਮਾ ਜੀ ਦਾ ਕਲਯੁੱਗ ਵਿੱਚ ਅਵਤਰਣ"

ਪਰਮੇਸ਼ਵਰ ਕਬੀਰ ਜੀ ਦੇ ਬਾਰੇ ਦੰਤ ਕਥਾ ਪ੍ਰਚਲਿਤ ਹੈ ਕਿ ਉਹਨਾਂ ਦਾ ਜਨਮ ਵਿਧਵਾ ਇਸਤਰੀ ਦੇ ਗਰਭ ਤੋਂ ਮਹਾਂਰਿਸ਼ੀ ਰਾਮਾਨੰਦ ਜੀ ਦੇ ਆਸ਼ੀਰਵਾਦ ਨਾਲ ਹੋਇਆ ਸੀ। ਇਹ ਪੂਰੀ ਤਰ੍ਹਾਂ ਬੇਬੁਨਿਆਦ ਹੈ । ਕਿਰਪਾ ਕਰਕੇ ਪੜ੍ਹੋ ਕਬੀਰ ਦੇਵ ਜੀ ਦਾ ਯਥਾਰਥ ਸੰਖੇਪ ਪਰਿਚੈ।

ਬੰਦੀ ਛੋੜ ਕਬੀਰ ਪਰਮੇਸ਼ਵਰ ਜੀ ਨੇ ਦੁਆਪਰ ਯੁੱਗ ਵਿਚ ਆਪਣੇ ਪਿਆਰੇ ਸ਼ਿਸ਼ ਸੁਦਰਸ਼ਨ ਬਾਲਮੀਕ ਜੀ ਨੂੰ ਸ਼ਰਣ ਵਿੱਚ ਲਿਆ ਸੀ। ਉਸ ਸਮੇਂ ਕਬੀਰ ਜੀ ਨਾਮ ਬਦਲ ਕੇ ਕਰੁਣਾਮਯ ਨਾਮ ਨਾਲ ਲੀਲਾ ਕਰ ਰਹੇ ਸਨ। ਭਗਤ ਸੁਦਰਸ਼ਨ ਜੀ ਦੇ ਮਾਤਾ-ਪਿਤਾ ਨੇ ਪਰਮੇਸ਼ਵਰ ਕਬੀਰ ਜੀ ਦੇ ਗਿਆਨ ਨੂੰ ਸਵੀਕਾਰ ਨਹੀਂ ਕੀਤਾ ਸੀ ਜਿਹਨਾਂ ਦੇ ਨਾਮ ਸਨ ਪਿਤਾ ਜੀ ਦਾ ਨਾਮ "ਭੀਖੂ ਰਾਮ" ਅਤੇ ਮਾਤਾ ਜੀ ਦਾ ਨਾਮ "ਸੁਖਵੰਤੀ"। ਜਿਸ ਸਮੇਂ ਦੋਵੇਂ (ਮਾਤਾ ਅਤੇ ਪਿਤਾ) ਸਰੀਰ ਤਿਆਗ ਗਏ ਤਾਂ ਭਗਤ ਸੁਦਰਸ਼ਨ ਜੀ ਬਹੁਤ ਜ਼ਿਆਦਾ ਵਿਆਕੁਲ ਰਹਿਣ ਲੱਗੇ। ਭਗਤੀ ਵੀ ਘੱਟ ਕਰਦੇ ਸਨ। ਅੰਤਰਯਾਮੀ ਕਰੁਣਾਮਯ ਜੀ (ਦੁਆਪਰ ਯੁੱਗ ਵਿਚ ਕਬੀਰ ਪਰਮੇਸ਼ਵਰ ਕਰੁਣਾਮਯ ਨਾਮ ਨਾਲ ਲੀਲਾ ਕਰ ਰਹੇ ਸਨ) ਨੇ ਅਪਣੇ ਭਗਤ ਦੇ ਮਨ ਦੀ ਗੱਲ ਜਾਣ ਕੇ ਪੁੱਛਿਆ, ਹੇ ਭਗਤ ਸੁਦਰਸ਼ਨ! ਆਪ ਨੂੰ ਕਿਹੜੀ ਚਿੰਤਾ ਸਤਾ ਰਹੀ ਹੈ । ਕੀ ਮਾਤਾ-ਪਿਤਾ ਦਾ ਵਿਯੋਗ ਸਤਾ ਰਿਹਾ ਹੈ? ਜਾਂ ਕੋਈ ਹੋਰ ਪਰਿਵਾਰਿਕ ਪਰੇਸ਼ਾਨੀ ਹੈ? ਮੈਨੂੰ ਦੱਸੋ।

ਭਗਤ ਸੁਦਰਸ਼ਨ ਜੀ ਨੇ ਕਿਹਾ ਹੇ ਬੰਦੀ ਛੋੜ! ਹੇ ਅੰਤਰਯਾਮੀ! ਤੁਸੀਂ ਜਾਣੀਜਾਣ ਹੋ ਤੁਸੀਂ ਅੰਦਰ ਬਾਹਰ ਦੀ ਸਾਰੀ ਸਥਿਤੀ ਤੋਂ ਜਾਣੂ ਹੋ। ਹੇ ਪ੍ਰਭੂ! ਮੈਨੂੰ ਮੇਰੇ ਮਾਤਾ-ਪਿਤਾ ਦੀ ਮੌਤ ਦਾ ਦੁੱਖ ਨਹੀਂ ਹੈ ਕਿਉਂਕਿ ਉਹ ਬਹੁਤ ਬੁੱਢੇ ਹੋ ਚੁੱਕੇ ਸਨ। ਆਪ ਨੇ ਦੱਸਿਆ ਹੈ ਕਿ ਇਹ ਪੰਜ ਤੱਤਾਂ ਦਾ ਪੁਤਲਾ ਇੱਕ ਦਿਨ ਨਸ਼ਟ ਹੋਣਾ ਹੈ। ਮੈਨੂੰ ਚਿੰਤਾ ਸਤਾ ਰਹੀ ਹੈ ਕਿ ਮੇਰੇ ਮਾਤਾ-ਪਿਤਾ ਬਹੁਤ ਪੁੰਨ ਆਤਮਾ, ਦਿਆਲੂ ਅਤੇ ਧਰਮਆਤਮਾ ਸਨ। ਉਹਨਾਂ ਨੇ ਆਪਣੀ ਭਗਤੀ ਲੋਕ ਵੇਦ ਅਨੁਸਾਰ ਕੀਤੀ ਸੀ। ਜੋ ਸ਼ਾਸਤਰਵਿਧੀ ਦੇ ਵਿਰੁੱਧ ਸੀ। ਜਿਸ ਕਾਰਨ ਉਹਨਾਂ ਦਾ ਮਾਨਵ ਜੀਵਨ ਵਿਅਰਥ ਗਿਆ। ਹੁਣ ਪਤਾ ਨਹੀਂ ਕਿਸ ਪ੍ਰਾਣੀ ਦੀ ਯੋਨੀ ਵਿੱਚ ਕਸ਼ਟ ਉਠਾ ਰਹੇ ਹੋਣਗੇ? ਤੁਹਾਡਾ ਦਾਸ ਤੁਹਾਨੂੰ ਨਿਮਰਤਾ ਨਾਲ ਬੇਨਤੀ ਕਰਦਾ ਹੈ ਕਿ ਕਦੀ ਮੇਰੇ ਮਾਤਾ-ਪਿਤਾ ਮਾਨਵ ਸਰੀਰ ਪ੍ਰਾਪਤ ਕਰਨ ਤਾਂ ਉਹਨਾਂ ਨੂੰ ਆਪਣੀ ਸ਼ਰਣ ਵਿੱਚ ਲੈਣਾ ਪਰਮੇਸ਼ਵਰ ਅਤੇ ਉਹਨਾਂ ਨੂੰ ਵੀ ਭਵਸਾਗਰ ਤੋਂ (ਕਾਲ ਬ੍ਰਹਮ ਦੇ ਲੋਕ ਤੋਂ) ਪਾਰ ਕਰਨਾ ਮੇਰੇ ਦਾਤਾ! ਮੈਨੂੰ ਇਹੀ ਚਿੰਤਾ ਸਤਾ ਰਹੀ ਹੈ। ਪਰਮੇਸ਼ਵਰ ਕਬੀਰ ਜੀ ਨੇ ਸੋਚਿਆ ਕਿ ਇਹ ਭੋਲ਼ਾ ਭਗਤ ਸੁਦਰਸ਼ਨ ਮਾਤਾ-ਪਿਤਾ ਦੇ ਮੋਹ ਵਿੱਚ ਫੱਸ ਕੇ ਕਾਲ ਜਾਲ ਵਿੱਚ ਹੀ ਰਹੇਗਾ। ਕਾਲ ਬ੍ਰਹਮ ਨੇ ਮੋਹ ਰੂਪੀ ਫੰਦਾ ਬਹੁਤ ਦ੍ਰਿੜ ਬਣਾ ਰੱਖਿਆ ਹੈ। ਇਹ ਵਿਚਾਰ ਕਰਕੇ ਪਰਮੇਸ਼ਵਰ ਕਬੀਰ ਜੀ ਨੇ ਕਿਹਾ ਹੇ ਭਗਤ ਸੁਦਰਸ਼ਨ! ਤੁਸੀਂ ਚਿੰਤਾ ਨਾ ਕਰੋ ਮੈਂ ਤੁਹਾਡੇ ਮਾਤਾ-ਪਿਤਾ ਨੂੰ ਜ਼ਰੂਰ ਸ਼ਰਨ ਵਿੱਚ ਲਵਾਂਗਾ ਅਤੇ ਪਾਰ ਕਰਕੇ ਹੀ ਸਾਹ ਲਵਾਂਗਾ। ਤੁਸੀਂ ਸਤਲੋਕ ਜਾਓ। ਇਹ ਚਿੰਤਾ ਛੱਡੋ। ਪਰਮੇਸ਼ਵਰ ਕਬੀਰ ਜੀ ਦੇ ਭਰੋਸਾ ਦੇਣ ਤੋਂ ਬਾਅਦ ਭਗਤ ਸੁਦਰਸ਼ਨ ਜੀ ਸਤ ਸਾਧਨਾ ਕਰਕੇ ਸਤਲੋਕ ਨੂੰ ਗਿਆ। ਪੂਰਣ ਮੋਕਸ਼ ਪ੍ਰਾਪਤ ਕੀਤਾ।

ਭਗਤ ਸੁਦਰਸ਼ਨ ਬਾਲਮੀਕ ਦੇ ਮਾਤਾ-ਪਿਤਾ ਵਾਲੇ ਜੀਵਾਂ ਨੂੰ ਕਲਯੁੱਗ

ਵਿੱਚ ਮਾਨਵ ਸਰੀਰ ਪ੍ਰਾਪਤ ਹੋਇਆ। ਭਾਰਤ ਦੇ ਕਾਸ਼ੀ ਸ਼ਹਿਰ ਵਿੱਚ ਸੁਦਰਸ਼ਨ ਦੇ ਪਿਤਾ ਵਾਲੇ ਜੀਵ ਨੇ ਇੱਕ ਬ੍ਰਾਹਮਣ ਦੇ ਘਰ ਜਨਮ ਲਿਆ ਅਤੇ ਗੌਰੀਸ਼ੰ-ਕਰ ਨਾਮ ਰੱਖਿਆ ਗਿਆ ਅਤੇ ਸੁਦਰਸ਼ਨ ਜੀ ਦੀ ਮਾਤਾ ਵਾਲੇ ਜੀਵ ਨੇ ਵੀ ਇੱਕ ਬ੍ਰਾਹਮਣ ਦੇ ਘਰ ਲੜਕੀ ਰੂਪ ਵਿੱਚ ਜਨਮ ਲਿਆ ਅਤੇ ਸਰਸਵਤੀ ਨਾਮ ਰੱਖਿਆ। ਜਵਾਨ ਹੋਣ ਤੇ ਦੋਵਾਂ ਦਾ ਵਿਆਹ ਹੋਇਆ। ਗੌਰੀਸ਼ੰਕਰ ਬ੍ਰਾਹਮਣ ਭਗਵਾਨ ਸ਼ਿਵ ਦਾ ਉਪਾਸਕ ਸੀ ਅਤੇ ਸ਼ਿਵ ਪੁਰਾਣ ਦੀ ਕਥਾ ਕਰਕੇ ਭਗਵਾਨ ਸ਼ਿਵ ਦੀ ਮਹਿਮਾ ਦਾ ਗੁਣਗਾਣ ਕਰਿਆ ਕਰਦਾ। ਗੌਰੀਸ਼ੰਕਰ ਨਿਰਲੋਭੀ ਸੀ। ਕਥਾ ਕਰਨ ਨਾਲ ਜੋ ਧਨ ਪ੍ਰਾਪਤ ਹੁੰਦਾ ਸੀ ਉਸਨੂੰ ਧਰਮ ਵਿੱਚ ਹੀ ਲਗਾਇਆ ਕਰਦਾ ਸੀ। ਜੋ ਵਿਅਕਤੀ ਕਥਾ ਕਰਵਾਉਂਦੇ ਸਨ ਅਤੇ ਸੁਣਦੇ ਸਨ ਸਭ ਗੌਰੀਸ਼ੰਕਰ ਬ੍ਰਾਹਮਣ ਦੇ ਤਿਆਗ ਦੀ ਸ਼ਲਾਘਾ ਕਰਦੇ ਸਨ।

ਜਿਸ ਕਾਰਣ ਪੂਰੀ ਕਾਸ਼ੀ ਵਿੱਚ ਗੌਰੀਸ਼ੰਕਰ ਦੀ ਪ੍ਰਸਿੱਧੀ ਹੋ ਰਹੀ ਸੀ। ਹੋਰ ਸੁਆਰਥੀ ਬ੍ਰਾਹਮਣਾਂ ਦਾ ਕਥਾ ਕਰਕੇ ਧਨ ਇੱਕਠਾ ਕਰਨ ਦਾ ਧੰਧਾ ਬੰਦ ਹੋ ਗਿਆ। ਇਸ ਕਾਰਣ ਉਹ ਬ੍ਰਾਹਮਣ ਉਸ ਗੌਰੀਸ਼ੰਕਰ ਬ੍ਰਾਹਮਣ ਨਾਲ ਈਰਖਾ ਕਰਦੇ ਸਨ। ਇਸ ਗੱਲ ਦਾ ਪਤਾ ਮੁਸਲਮਾਨਾਂ ਨੂੰ ਲੱਗਾ ਕਿ ਇੱਕ ਗੌਰੀਸ਼ੰਕਰ ਬ੍ਰਾਹਮਣ ਕਾਸ਼ੀ ਵਿੱਚ ਹਿੰਦੂ ਧਰਮ ਦੇ ਪ੍ਰਚਾਰ ਨੂੰ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ। ਇਸਨੂੰ ਕਿਸ ਤਰ੍ਹਾਂ ਬੰਦ ਕਰੀਏ? ਮੁਲਸਮਾਨਾਂ ਨੂੰ ਪਤਾ ਲੱਗਾ ਕਿ ਕਾਸ਼ੀ ਦੇ ਸਾਰੇ ਬ੍ਰਾਹਮਣ ਗੌਰੀਸ਼ੰਕਰ ਨਾਲ ਈਰਖਾ ਕਰਦੇ ਹਨ। ਇਸ ਗੱਲ ਦਾ ਫਾਇਦਾ ਮੁਸਲਮਾਨਾਂ ਨੇ ਚੁੱਕਿਆ। ਗੌਰੀਸ਼ੰਕਰ ਅਤੇ ਸਰਸਵਤੀ ਦੇ ਘਰ ਦੇ ਅੰਦਰ ਆਪਣਾ ਪਾਣੀ ਛਿੜਕ ਦਿੱਤਾ। ਆਪਣਾ ਜੂਠਾ ਪਾਣੀ ਉਹਨਾਂ ਦੇ ਮੂੰਹ 'ਤੇ ਲਗਾ ਦਿੱਤਾ। ਕੱਪੜਿਆਂ 'ਤੇ ਵੀ ਛਿੜਕ ਦਿੱਤਾ ਅਤੇ ਆਵਾਜ਼ ਲਗਾ ਦਿੱਤੀ ਕਿ ਗੌਰੀਸ਼ੰਕਰ ਅਤੇ ਸਰਸਵਤੀ ਮੁਸਲਮਾਨ ਬਣ ਗਏ ਹਨ। ਆਦਮੀ ਦਾ ਨਾਮ ਨੂਰ ਅਲੀ ਉਰਫ਼ ਨੀਰੂ ਅਤੇ ਔਰਤ ਦਾ ਨਾਮ ਨਿਆਮਤ ਉਰਫ਼ ਨੀਮਾ ਰੱਖਿਆ। ਹੋਰ ਸੁਆਰਥੀ ਬ੍ਰਾਹਮਣਾਂ ਨੂੰ ਪਤਾ ਲੱਗਾ ਤਾਂ ਉਹਨਾਂ ਦਾ ਦਾਅ ਲੱਗ ਗਿਆ। ਉਹਨਾਂ ਨੇ ਤੁਰੰਤ ਹੀ ਬ੍ਰਾਹਮਣਾਂ ਦੀ ਪੰਚਾਇਤ ਬੁਲਾਈ ਅਤੇ ਫੈਸਲਾ ਕਰ ਦਿੱਤਾ ਕਿ ਗੌਰੀਸ਼ੰਕਰ ਅਤੇ ਸਰਸਵਤੀ ਮੁਸਲਮਾਨ ਬਣ ਗਏ ਹਨ ਹੁਣ ਇਹਨਾਂ ਦਾ ਬ੍ਰਾਹਮਣ ਸਮਾਜ ਨਾਲ ਕੋਈ ਸਬੰਧ ਨਹੀਂ ਰਿਹਾ। ਇਹਨਾਂ ਦਾ ਗੰਗਾ ਵਿੱਚ ਇਸ਼ਨਾਨ ਕਰਨਾ, ਮੰਦਰ ਵਿੱਚ ਜਾਣਾ ਅਤੇ ਹਿੰਦੂ ਗ੍ਰੰਥਾਂ ਨੂੰ ਪੜ੍ਹਨ 'ਤੇ ਪਾਬੰਦੀ ਲਗਾ ਦਿੱਤੀ ਗਈ।

ਗੌਰੀਸ਼ੰਕਰ (ਨੀਰੂ) ਜੀ ਕੁੱਝ ਦਿਨ ਤਾਂ ਬਹੁਤ ਪਰੇਸ਼ਾਨ ਰਹੇ। ਜੋ ਕਥਾ ਕਰਕੇ ਧਨ ਆਉਂਦਾ ਸੀ ਉਸ ਨਾਲ ਘਰ ਦਾ ਗੁਜ਼ਾਰਾ ਚੱਲਦਾ ਸੀ। ਉਸਦੇ ਬੰਦ ਹੋਣ ਨਾਲ ਰੋਟੀ ਦੇ ਵੀ ਲਾਲੇ ਪੈ ਗਏ। ਨੀਰੂ ਨੇ ਵਿਚਾਰ ਕਰਕੇ ਆਪਣੇ ਗੁਜ਼ਾਰੇ ਲਈ ਕੱਪੜਾ ਬੁਣਨ ਦਾ ਕੰਮ ਸ਼ੁਰੂ ਕੀਤਾ। ਜਿਸ ਕਾਰਨ ਜੁਲਾਹਾ ਕਹਾਇਆ। ਕੱਪੜਾ ਬੁਣਨ ਨਾਲ ਜੋ ਮਜ਼ਦੂਰੀ ਮਿਲਦੀ ਸੀ ਉਸ ਨਾਲ ਆਪਣਾ ਅਤੇ ਆਪਣੀ ਪਤਨੀ ਦਾ ਢਿੱਡ ਭਰਦਾ ਸੀ। ਜਿਸ ਸਮੇਂ ਧਨ ਜ਼ਿਆਦਾ ਆ ਜਾਂਦਾ ਤਾਂ ਉਸਨੂੰ ਧਰਮ ਵਿੱਚ ਲਗਾ ਦਿੰਦਾ ਸੀ। ਵਿਆਹ ਨੂੰ ਕਈ ਵਰ੍ਹੇ ਬੀਤ ਗਏ ਸੀ। ਉਹਨਾਂ ਨੂੰ ਕੋਈ ਸੰਤਾਨ ਨਹੀਂ ਹੋਈ। ਦੋਵੇਂ ਪਤੀ-ਪਤਨੀ ਨੇ ਬੱਚਾ ਹੋਣ ਲਈ ਬਹੁਤ ਅਨੁਸ਼ਠਾਨ ਕੀਤੇ। ਸਾਧੂ ਸੰਤਾਂ ਦਾ ਆਸ਼ੀਰਵਾਦ ਵੀ ਲਿਆ ਪ੍ਰੰਤੂ ਕੋਈ ਸੰਤਾਨ ਨਹੀਂ ਹੋਈ। ਹਿੰਦੂਆਂ ਦੁਆਰਾ ਉਹਨਾਂ ਦੋਵਾਂ ਦਾ ਗੰਗਾ ਨਦੀ ਵਿੱਚ ਇਸ਼ਨਾਨ ਕਰਨਾ ਬੰਦ ਕਰ ਦਿੱਤਾ ਸੀ। ਉਹਨਾਂ ਦੇ ਘਰ ਤੋਂ ਲਗਭਗ ਚਾਰ ਕਿ.ਮੀ ਦੂਰ ਇੱਕ ਲਹਿਰ ਤਾਰਾ ਨਾਂ ਦਾ ਸਰੋਵਰ ਸੀ ਜਿਸ ਵਿੱਚ

ਗੰਗਾ ਨਦੀ ਦਾ ਹੀ ਪਾਣੀ ਲਹਿਰਾਂ ਦੁਆਰਾ ਹੇਠਲੀ ਪਟਰੀ ਦੇ ਉੱਪਰੋਂ ਉੱਛਲ ਕੇ ਆਉਂਦਾ ਸੀ। ਇਸ ਲਈ ਉਸ ਸਰੋਵਰ ਦਾ ਨਾਂ ਲਹਿਰਤਾਰਾ ਪਿਆ। ਉਸ ਤਲਾਬ ਵਿੱਚ ਵੱਡੇ- ਵੱਡੇ ਕਮਲ ਦੇ ਫੁੱਲ ਉੱਗੇ ਹੋਏ ਸਨ। ਮੁਸਲਮਾਨਾਂ ਨੇ ਗੌਰੀਸ਼ੰਕਰ ਦਾ ਨਾਂ ਨੂਰ ਅਲੀ ਰੱਖਿਆ ਜੋ ਉਰਫ਼ ਨਾਮ ਤੋਂ ਨੀਰੂ ਕਹਾਇਆ ਅਤੇ ਪਤਨੀ ਦਾ ਨਾਂ ਨਿਆਮਤ ਰੱਖਿਆ ਜੋ ਉਰਫ਼ ਨਾਮ ਤੋਂ ਨੀਮਾ ਕਹਾਈ। ਨੀਰੂ-ਨੀਮਾ ਭਾਵੇਂ ਮੁਸਲ-ਮਾਨ ਬਣ ਗਏ ਸਨ ਪਰ ਆਪਣੇ ਦਿਲੋਂ ਸਾਧਨਾ ਭਗਵਾਨ ਸ਼ੰਕਰ ਜੀ ਦੀ ਹੀ ਕਰਦੇ ਸਨ ਅਤੇ ਰੋਜ਼ਾਨਾ ਸੂਰਜ ਚੜ੍ਹਨ ਤੋਂ ਪਹਿਲਾਂ ਲਹਿਰਤਾਰਾ ਤਾਲਾਬ ਵਿੱਚ ਇਸ਼ਨਾਨ ਕਰਨ ਜਾਂਦੇ ਸਨ।

ਜੇਠ ਮਹੀਨੇ ਦੀ ਸ਼ੁਕਲ ਪੂਰਣਮਾਸੀ ਵਿਕਰਮੀ ਸੰਵਤ 1455 (ਸਨ੍ 1398) ਸੋਮਵਾਰ ਨੂੰ ਵੀ ਬ੍ਰਹਮ ਮਹੂਰਤ (ਬ੍ਰਹਮ ਮਹੂਰਤ ਦਾ ਸਮਾਂ ਸੂਰਜ ਚੜ੍ਹਨ ਤੋਂ ਲਗਭਗ ਡੇਢ ਘੰਟਾ ਪਹਿਲਾਂ ਹੁੰਦਾ ਹੈ) ਵਿੱਚ ਇਸ਼ਨਾਨ ਕਰਨ ਲਈ ਜਾ ਰਹੇ ਸਨ। ਨੀਮਾ ਰਾਹ ਵਿੱਚ ਭਗਵਾਨ ਸ਼ੰਕਰ ਨੂੰ ਪ੍ਰਾਰਥਨਾ ਕਰ ਰਹੀ ਸੀ ਕਿ ਹੇ ਦੀਨਾਨਾਥ! ਆਪ ਆਪਣੇ ਦਾਸਾਂ ਨੂੰ ਵੀ ਇੱਕ ਬੱਚਾ-ਬਾਲਕ ਦੇ ਦਵੋ ਆਪ ਦੇ ਘਰ ਵਿੱਚ ਕੀ ਕਮੀ ਹੈ ਪ੍ਰਭੂ ! ਸਾਡਾ ਵੀ ਜੀਵਨ ਸਫ਼ਲ ਹੋ ਜਾਵੇਗਾ। ਦੁਨੀਆਂ ਦੇ ਤਾਨੇ ਸੁਣ-ਸੁਣ ਕੇ ਆਤਮਾ ਦੁਖੀ ਹੋ ਜਾਂਦੀ ਹੈ। ਮੇਰੇ ਪਾਪਣ ਤੋਂ ਅਜਿਹੀ ਕਿਹੜੀ ਗ਼ਲਤੀ ਕਿਹੜੇ ਜਨਮ ਵਿੱਚ ਹੋਈ ਹੈ ਜਿਸ ਕਾਰਨ ਮੈਨੂੰ ਬੱਚੇ ਦਾ ਚਿਹਰਾ ਦੇਖਣ ਨੂੰ ਤਰਸਣਾ ਪੈ ਰਿਹਾ ਹੈ। ਸਾਡੇ ਪਾਪਾਂ ਨੂੰ ਮਾਫ਼ ਕਰੋ ਪ੍ਰਭੂ ! ਸਾਨੂੰ ਵੀ ਇੱਕ ਬੱਚਾ ਦੇ ਦਵੋ।

ਇਹ ਕਹਿ ਕੇ ਨੀਮਾ ਫੁੱਟ-ਫੁੱਟ ਕੇ ਰੋਣ ਲੱਗੀ ਤਾਂ ਨੀਰੂ ਨੇ ਦਿਲਾਸਾ ਦਿੰਦੇ ਹੋਏ ਕਿਹਾ ਕਿ ਹੇ ਨੀਮਾ! ਸਾਡੇ ਭਾਗਾਂ ਵਿੱਚ ਸੰਤਾਨ ਨਹੀਂ ਹੈ ਜੇਕਰ ਭਾਗਾਂ ਵਿੱਚ ਸੰਤਾਨ ਹੁੰਦੀ ਤਾਂ ਪ੍ਰਭੂ ਸ਼ਿਵ ਜ਼ਰੂਰ ਦੇ ਦਿੰਦੇ। ਤੂੰ ਰੋ-ਰੋ ਕੇ ਅੱਖਾਂ ਖ਼ਰਾਬ ਕਰ ਲਵੇਂਗੀ।ਬੱਚਾ ਕਿਸਮਤ ਵਿੱਚ ਹੈ ਨਹੀਂ ਜੋ ਬੁਢਾਪੇ ਵਿੱਚ ਉਂਗਲ ਫੜ੍ਹ ਲੈਂਦਾ । ਤੁਸੀਂ ਨਾ ਰੋਵੋ ਤੁਹਾਡਾ ਵਾਰ-ਵਾਰ ਰੋਣਾ ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਇਹ ਕਹਿ ਕੇ ਨੀਰੂ ਦੀਆਂ ਅੱਖਾਂ ਵੀ ਭਰ ਆਈਆਂ। ਇਸੇ ਤਰ੍ਹਾਂ ਪ੍ਰਭੂ ਦੀ ਚਰਚਾ ਅਤੇ ਬਾਲਕ ਪ੍ਰਾਪਤੀ ਦੀ ਬੇਨਤੀ ਕਰਦੇ ਹੋਏ ਉਸੇ ਲਹਿਰਤਾਰਾ ਤਾਲਾਬ ਕੋਲ ਪਹੁੰਚ ਗਏ। ਪਹਿਲਾਂ ਨੀਮਾ ਨੇ ਪ੍ਰਵੇਸ਼ ਕੀਤਾ, ਉਸ ਤੋਂ ਬਾਅਦ ਨੀਰੂ ਨੇ ਇਸ਼ਨਾਨ ਕਰਨ ਲਈ ਤਾਲਾਬ ਵਿੱਚ ਪ੍ਰਵੇਸ਼ ਕੀਤਾ। ਸਵੇਰ ਦਾ ਹਨ੍ਹੇਰਾ ਜਲਦੀ ਹੀ ਚਾਨਣ ਵਿੱਚ ਬਦਲ ਜਾਂਦਾ ਹੈ। ਜਿਸ ਸਮੇਂ ਨੀਮਾ ਨੇ ਇਸ਼ਨਾਨ ਕੀਤਾ ਸੀ ਉਸ ਸਮੇਂ ਤੱਕ ਤਾਂ ਹਨ੍ਹੇਰਾ ਸੀ। ਜਦ ਕੱਪੜੇ ਬਦਲ ਕੇ ਦੁਬਾਰਾ ਤਾਲਾਬ ਵਿੱਚ ਉਸ ਕੱਪੜੇ ਨੂੰ ਧੋਣ ਲਈ ਗਈ, ਜਿਸ ਨੂੰ ਪਾ ਕੇ ਇਸ਼ਨਾਨ ਕੀਤਾ ਸੀ, ਉਸ ਸਮੇਂ ਨੀਰੂ ਤਾਲਾਬ ਵਿੱਚ ਪ੍ਰਵੇਸ਼ ਕਰਕੇ ਗੋਤੇ ਲਾ-ਲਾ ਕੇ ਮ਼ਲ ਮ਼ਲ ਕੇ ਇਸ਼ਨਾਨ ਕਰ ਰਿਹਾ ਸੀ।


ਨੀਮਾ ਦੀ ਨਜ਼ਰ ਇੱਕ ਕਮਲ ਦੇ ਫੁੱਲ 'ਤੇ ਪਈ ਜਿਸ ਉੱਤੇ ਕੋਈ ਚੀਜ਼ ਹਿੱਲ ਰਹੀ ਸੀ। ਪਹਿਲਾਂ ਨੀਮਾ ਨੂੰ ਲੱਗਿਆ ਕੋਈ ਸੱਪ ਹੈ ਜੋ ਕਮਲ ਦੇ ਫੁੱਲ ਉੱਪਰ ਬੈਠਾ ਆਪਣੇ ਫਣ ਨੂੰ ਚੁੱਕ ਕੇ ਹਿਲਾ ਰਿਹਾ ਹੈ। ਉਸਨੇ ਸੋਚਿਆ ਕਿਤੇ ਇਹ ਸੱਪ ਮੇਰੇ ਪਤੀ ਨੂੰ ਨਾ ਡੰਗ ਲਏ ਨੀਮਾ ਨੇ ਉਸਨੂੰ ਧਿਆਨ ਨਾਲ ਦੇਖਿਆ ਉਹ ਸੱਪ ਨਹੀਂ ਹੈ ਕੋਈ ਬੱਚਾ ਸੀ। ਜਿਸਨੇ ਇੱਕ ਪੈਰ ਆਪਣੇ ਮੂੰਹ ਵਿੱਚ ਲਿਆ ਹੋਇਆ ਸੀ ਅਤੇ ਦੂਸਰੇ ਨੂੰ ਹਿਲਾ ਰਿਹਾ ਸੀ।



(ਪਰਮੇਸ਼ਵਰ ਕਬੀਰ ਜੀ ਦਾ ਸ਼ਿਸ਼ੂ ਰੂਪ ਵਿੱਚ ਲਹਿਰਤਾਰਾ ਤਾਲਾਬ ਵਿੱਚ ਅਵਤਰਣ)

ਨੀਮਾ ਨੇ ਆਪਣੇ ਪਤੀ ਨੂੰ ਉੱਚੀ ਅਵਾਜ਼ ਵਿੱਚ ਕਿਹਾ ਦੇਖੋ ਜੀ! ਇਕ ਛੋਟਾ ਬੱਚਾ ਕਮਲ ਦੇ ਫੁੱਲ ਉੱਤੇ ਲੇਟਿਆ ਹੈ। ਉਹ ਪਾਣੀ ਵਿੱਚ ਡੁੱਬ ਨਾ ਜਾਵੇ। ਨੀਰੂ ਇਸ਼ਨਾਨ ਕਰਦੇ-ਕਰਦੇ ਉਸ ਵੱਲ ਨਾ ਦੇਖ ਕੇ ਬੋਲਿਆ ਨੀਮਾ! ਬੱਚਿਆਂ ਦੀ ਚਾਹ ਨੇ ਤੈਨੂੰ ਪਾਗ਼ਲ ਬਣਾ ਦਿੱਤਾ ਹੈ। ਹੁਣ ਤੈਨੂੰ ਪਾਣੀ ਵਿੱਚ ਵੀ ਬੱਚੇ ਦਿਖਾਈ ਦੇਣ ਲੱਗੇ ਹਨ। ਨੀਮਾ ਨੇ ਹੋਰ ਉੱਚੀ ਅਵਾਜ਼ ਵਿੱਚ ਕਿਹਾ ਮੈਂ ਸੱਚ ਕਹਿ ਰਹੀ ਹਾਂ, ਵੇਖੋ ਸੱਚਮੁੱਚ ਇੱਕ ਬੱਚਾ ਕਮਲ ਦੇ ਫੁੱਲ ਉਤੇ, ਉਹ ਰਿਹਾ, ਦੇਖੋ! ਦੇਖੋ.... ਨੀਮਾ ਦੀ ਆਵਾਜ਼ ਵਿੱਚ ਬਦਲਾਅ ਅਤੇ ਹੋਰ ਕਸਕ ਦੇਖ ਕੇ ਨੀਰੂ ਨੇ ਉਸ ਪਾਸੇ ਦੇਖਿਆ ਜਿਸ ਪਾਸੇ ਨੀਮਾ ਹੱਥ ਨਾਲ ਇਸ਼ਾਰਾ ਕਰ ਰਹੀ ਸੀ। ਕਮਲ ਦੇ ਫੁੱਲ ਉੱਤੇ ਨਵਜਾਤ ਸ਼ਿਸ਼ੂ ਨੂੰ ਦੇਖ ਕੇ ਨੀਰੂ ਨੇ ਆਵ ਦੇਖਿਆ ਨਾ ਤਾਵ ਝਪੱਟੇ ਨਾਲ ਕਮਲ ਦੇ ਫੁੱਲ ਸਮੇਤ ਬੱਚਾ ਚੁੱਕ ਕੇ ਆਪਣੀ ਪਤਨੀ ਨੂੰ ਦੇ ਦਿੱਤਾ।

ਨੀਮਾ ਨੇ ਪਰਮੇਸ਼ਵਰ ਕਬੀਰ ਜੀ ਨੂੰ ਸੀਨੇ ਨਾਲ ਲਗਾਇਆ, ਮੂੰਹ ਚੁੰਮਿਆ, ਪੁੱਤਰ ਵਾਂਗ ਪਿਆਰ ਕੀਤਾ । ਜਿਸ ਪਰਮੇਸ਼ਵਰ ਦੀ ਖੋਜ ਵਿੱਚ ਰਿਸ਼ੀ-ਮੁਨੀਆਂ ਨੇ ਜੀਵਨ ਭਰ ਸ਼ਾਸਤਰ ਵਿਰੁੱਧ ਸਾਧਨਾ ਕੀਤੀ ਉਨ੍ਹਾਂ ਨੂੰ ਨਹੀਂ ਮਿਲਿਆ। ਉਹੀ ਪਰਮੇਸ਼ਵਰ ਭਗਤਮਤੀ ਨੀਮਾ ਦੀ ਗੋਦੀ ਵਿੱਚ ਖੇਡ ਰਿਹਾ ਸੀ। ਜਿਸ ਸ਼ਾਂਤੀਦਾਇਕ ਪਰਮੇਸ਼ਵਰ ਨੂੰ ਅਨੰਦ ਦੀ ਪ੍ਰਾਪਤੀ ਲਈ ਪ੍ਰਾਪਤ ਕਰਨ ਦੀ ਇੱਛਾ ਨਾਲ ਸਾਧਨਾ ਕੀਤੀ ਜਾਂਦੀ ਹੈ ਉਹੀ ਪਰਮੇਸ਼ਵਰ ਨੀਮਾ ਦੇ ਹੱਥਾਂ ਵਿਚ ਸੀਨੇ ਨਾਲ ਲੱਗਿਆ ਹੋਇਆ ਸੀ।



(ਪਰਮੇਸ਼ਵਰ ਕਬੀਰ ਜੀ ਦਾ ਨੀਰੂ-ਨੀਮਾ ਨੂੰ ਸ਼ਿਸ਼ੂ ਰੂਪ ਵਿੱਚ ਪ੍ਰਾਪਤ ਹੋਣਾ)

**ਉਸ ਸਮੇਂ ਜੋ ਸ਼ੀਤਲਤਾ ਅਤੇ ਆਨੰਦ ਦਾ ਅਨੁਭਵ ਭਗਤਮਤੀ ਨੀਮਾ ਨੂੰ ਹੋ ਰਿਹਾ ਹੋਵੇਗਾ ਉਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ। ਨੀਰੂ ਇਸ਼ਨਾਨ ਕਰ ਕੇ ਪਾਣੀ ਤੋਂ ਬਾਹਰ ਆਇਆ। ਨੀਰੂ ਨੇ ਸੋਚਿਆ ਜੇਕਰ ਅਸੀਂ ਇਸ ਬੱਚੇ ਨੂੰ ਨਗਰ ਵਿੱਚ ਲੈ ਗਏ ਤਾਂ ਸ਼ਹਿਰ ਵਾਸੀ ਸਾਡੇ 'ਤੇ ਸ਼ੱਕ ਕਰਨਗੇ ਅਤੇ ਸੋਚਣਗੇ ਕਿ ਇਹ ਕਿਸੇ ਦੇ ਬੱਚੇ ਨੂੰ ਚੋਰੀ ਕਰਕੇ ਲੈ ਆਏ ਹਨ। ਕਿਤੇ ਸਾਨੂੰ ਨਗਰ ਵਿੱਚੋਂ ਬਾਹਰ ਕੱਢ ਦੇਣ। ਇਸ ਡਰ ਤੋਂ ਨੀਰੂ ਨੇ ਆਪਣੀ ਪਤਨੀ ਨੂੰ ਕਿਹਾ ਨੀਮਾ! ਇਸ ਬੱਚੇ ਨੂੰ ਇੱਥੇ ਹੀ ਛੱਡ ਦੇ ਇਸ ਵਿੱਚ ਹੀ ਆਪਣੀ ਭਲਾਈ ਹੈ। ਨੀਮਾ ਬੋਲੀ ਹੇ ਪਤੀਦੇਵ! ਇਹ ਭਗਵਾਨ ਸ਼ੰਕਰ ਦਾ ਦਿੱਤਾ ਖਿਡੌਣਾ ਹੈ। ਇਸ ਬੱਚੇ ਨੇ ਪਤਾ ਨਹੀਂ ਮੇਰੇ ਤੇ ਕੀ ਜਾਦੂ ਕਰ ਦਿੱਤਾ ਹੈ ਮੇਰਾ ਮਨ ਇਸ ਬੱਚੇ ਦੇ ਵੱਸ ਵਿੱਚ ਹੋ ਗਿਆ ਹੈ। ਮੈਂ ਇਸ ਬੱਚੇ ਨੂੰ ਨਹੀਂ ਛੱਡ ਸਕਦੀ। ਨੀਰੂ ਨੇ ਨੀਮਾ ਨੂੰ ਆਪਣੇ ਮਨ ਦੀ ਗੱਲ ਤੋਂ ਜਾਣੂ ਕਰਵਾਇਆ। ਦੱਸਿਆ ਕਿ ਇਹ ਬੱਚਾ ਨਗਰ ਵਾਸੀ ਸਾਡੇ ਤੋਂ ਖੋਹ ਲੈਣਗੇ, ਪੁੱਛਣਗੇ ਕਿੱਥੋਂ ਲੈ ਕੇ ਆਏ ਹੋ? ਅਸੀਂ ਕਹਾਂਗੇ ਕਿ ਲਹਿਰਤਾਰਾ ਤਾਲਾਬ ਵਿੱਚ ਕਮਲ ਦੇ ਫੁੱਲ ਉੱਤੋਂ ਮਿਲਿਆ ਹੈ। ਸਾਡੀ ਗੱਲ ਤੇ ਕੋਈ ਵੀ ਵਿਸ਼ਵਾਸ ਨਹੀਂ ਕਰੇਗਾ। ਹੋ ਸਕਦਾ ਹੈ ਕਿ ਉਹ ਸਾਨੂੰ ਨਗਰ ਵਿੱਚੋਂ ਵੀ ਕੱਢ ਦੇਣ। ਤਦ ਨੀਮਾ ਨੇ ਕਿਹਾ ਮੈਂ ਇਸ ਬੱਚੇ ਨਾਲ ਦੇਸ਼ ਨਿਕਾਲ਼ਾ ਵੀ ਸਵਿਕਾਰ ਕਰ ਲਵਾਂਗੀ। ਪਰ ਇਸ ਬੱਚੇ ਨੂੰ ਨਹੀਂ ਛੱਡ ਸਕਦੀ। ਮੈਂ ਆਪਣੀ ਮੌਤ ਨੂੰ ਵੀ ਸਵਿਕਾਰ ਕਰ ਲਵਾਂਗੀ। ਪ੍ਰੰਤੂ ਇਸ ਬੱਚੇ ਤੋਂ ਅਲੱਗ ਨਹੀਂ ਰਹਿ ਸਕਾਂਗੀ।**

**ਨੀਮਾ ਦੀ ਜ਼ਿੱਦ ਦੇਖ ਕੇ ਨੀਰੂ ਨੂੰ ਗੁੱਸਾ ਆ ਗਿਆ ਅਤੇ ਆਪਣੇ ਹੱਥ ਨੂੰ ਥੱਪੜ ਮਾਰਨ ਦੀ ਸਥਿਤੀ ਵਿੱਚ ਚੁੱਕ ਕੇ ਅੱਖਾਂ ਵਿੱਚ ਹੰਝੂ ਭਰ ਕੇ ਕਰੁਣਾਮਈ ਆਵਾਜ਼ ਵਿੱਚ ਬੋਲਿਆ ਨੀਮਾ ਮੈਂ ਅੱਜ ਤੱਕ ਤੇਰੀ ਕਿਸੇ ਗੱਲ ਨੂੰ ਨਹੀਂ ਮੋੜਿਆ।**

ਇਹ ਜਾਣ ਕੇ ਕਿਸਾਡੇ ਕੋਈ ਬੱਚਾ ਨਹੀਂ ਹੈ ਮੈਂ ਤੈਨੂੰ ਪਤੀ ਅਤੇ ਪਿਤਾ ਦੋਨਾਂ ਦਾ ਪਿਆਰ ਦਿੱਤਾ ਹੈ । ਤੂੰ ਮੇਰੇ ਨਿਮਰ ਸੁਭਾਅ ਦਾ ਨਜ਼ਾਇਜ ਫਾਇਦਾ ਚੁੱਕ ਰਹੀ ਹੈ। ਅੱਜ ਮੇਰੀ ਸਥਿਤੀ ਨੂੰ ਨਾ ਸਮਝ ਕੇ ਆਪਣੇ ਜਿੱਦੀ ਸੁਭਾਅ ਨਾਲ ਮੈਨੂੰ ਕਸ਼ਟ ਦੇ ਰਹੀ ਹੈ। ਵਿਆਹੁਤਾ ਜੀਵਨ ਵਿੱਚ ਨੀਰੂ ਨੇ ਪਹਿਲੀ ਬਾਰ ਆਪਣੀ ਪਤਨੀ ਵੱਲ ਥੱਪੜ ਮਾਰਨ ਲਈ ਹੱਥ ਚੁੱਕਿਆ ਸੀ ਅਤੇ ਕਿਹਾ ਕਿ ਜਾਂ ਤਾਂ ਇਸ ਬੱਚੇ ਨੂੰ ਇੱਥੇ ਹੀ ਰੱਖ ਦੇ ਨਹੀਂ ਤਾਂ ਅੱਜ ਮੈਂ ਤੈਨੂੰ ਬਹੁਤ ਕੁੱਟਾਂਗਾ।

ਉਸੇ ਸਮੇਂ ਨੀਮਾ ਦੇ ਸੀਨੇ ਨਾਲ ਲੱਗੇ ਬਾਲਕ ਰੂਪਧਾਰੀ ਪਰਮੇਸ਼ਵਰ ਬੋਲੇ ਹੇ ਨੀਰੂ ! ਤੁਸੀਂ ਮੈਨੂੰ ਆਪਣੇ ਘਰ ਲੈ ਚੱਲੋ ਤੁਹਾਡੇ ਉੱਪਰ ਕੋਈ ਔਂਕੜ ਨਹੀਂ ਆਵੇਗੀ। ਮੈਂ ਸਤਲੋਕ ਤੋਂ ਚੱਲ ਕੇ ਤੁਹਾਡੇ ਭਲੇ ਲਈ ਇੱਥੇ ਆਇਆ ਹਾਂ । ਨਵਜੰਮੇ ਬੱਚੇ ਦੇ ਮੂੰਹੋਂ ਉਪਰੋਕਤ ਵਚਨ ਸੁਣਕੇ ਨੀਰੂ (ਨੂਰ ਅਲੀ) ਡਰ ਗਿਆ ਕਿਤੇ ਇਹ ਕੋਈ ਦੇਵ ਜਾਂ ਪਿੱਤਰ ਜਾਂ ਕੋਈ ਸਿੱਧ ਪੁਰਸ਼ ਨਾ ਹੋਵੇ ਅਤੇ ਮੈਨੂੰ ਸਰਾਪ ਨਾ ਦੇ ਦੇਵੇ । ਇਸ ਡਰ ਨਾਲ ਨੀਰੂ ਕੁੱਝ ਨਹੀਂ ਬੋਲਿਆ ਅਤੇ ਘਰ ਵੱਲ ਤੁਰ ਪਿਆ । ਪਿੱਛੇ-2 ਉਸਦੀ ਪਤਨੀ ਪਰਮੇਸ਼ਵਰ ਨੂੰ ਪਿਆਰ ਕਰਦੀ ਹੋਈ ਚੱਲ ਪਈ ।

ਉਪਰੋਕਤ ਘਟਨਾ ਦੇ ਪ੍ਰਤੱਖ ਦ੍ਰਸ਼ਟਾ:-

ਹਰ ਰੋਜ਼ ਦੀ ਤਰ੍ਹਾਂ ਜੇਠ ਮਹੀਨੇ ਦੀ ਪੂਰਣਮਾਸੀ ਵਿਕ੍ਰਮੀ ਸੰਵਤ 1455 (1398 ਈ.) ਸੋਮਵਾਰ ਨੂੰ ਇੱਕ ਅਸ਼ਟਾਨੰਦ ਨਾਂ ਦੇ ਰਿਸ਼ੀ, ਜੋ ਸਵਾਮੀ ਰਾਮਾਨੰਦ ਰਿਸ਼ੀ ਜੀ ਦੇ ਸ਼ਿਸ਼ ਸਨ ਕਾਸ਼ੀ ਸ਼ਹਿਰ ਤੋਂ ਬਾਹਰ ਬਣੇ ਲਹਿਰਤਾਰਾ ਤਾਲਾਬ ਦੇ ਸਾਫ਼ ਪਾਣੀ ਵਿੱਚ ਇਸ਼ਨਾਨ ਕਰਨ ਲਈ ਗਏ। ਬ੍ਰਹਮ ਮਹੂਰਤ ਦਾ ਸਮਾਂ ਸੀ (ਬ੍ਰਹਮ ਮਹੂਰਤ ਦਾ ਸਮਾਂ ਸੂਰਜ ਨਿਕਲਣ ਤੋਂ ਲਗਭਗ ਡੇਢ ਘੰਟਾ ਪਹਿਲਾਂ ਦਾ ਹੁੰਦਾ ਹੈ) ਰਿਸ਼ੀ ਅਸ਼ਟਾਨੰਦ ਜੀ ਨੇ ਲਹਿਰਤਾਰਾ ਤਾਲਾਬ ਵਿੱਚ ਇਸ਼ਨਾਨ ਕੀਤਾ। ਉਹ ਹਰ ਰੋਜ਼ ਉੱਥੇ ਹੀ ਬੈਠ ਕੇ ਕੁਝ ਸਮਾਂ ਆਪਣੀ ਪਾਠ ਪੂਜਾ ਕਰਿਆ ਕਰਦੇ ਸਨ। ਰਿਸ਼ੀ ਅਸ਼ਟਾਨੰਦ ਜੀ ਧਿਆਨ ਲਗਾਉਣ ਦੀ ਕੋਸ਼ਿਸ਼ ਕਰ ਹੀ ਰਹੇ ਸੀ, ਉਸੇ ਸਮੇਂ ਉਹਨਾਂ ਨੇ ਦੇਖਿਆ ਤਾਂ ਅਸਮਾਨ ਤੋਂ ਇੱਕ ਪ੍ਰਕਾਸ਼ ਪੁੰਜ ਹੇਠਾਂ ਵੱਲ ਆਉਂਦਾ ਦਿਖਾਈ ਦਿੱਤਾ। ਉਹ ਇੰਨਾ ਤੇਜ ਪ੍ਰਕਾਸ਼ ਸੀ ਜਿਸਨੂੰ ਰਿਸ਼ੀ ਜੀ ਦੀ ਚਰਮ ਦ੍ਰਿਸ਼ਟੀ ਸਹਿਣ ਨਹੀਂ ਕਰ ਸਕੀ। ਜਿਵੇਂ ਅੱਖਾਂ ਸੂਰਜ ਦੀ ਰੋਸ਼ਨੀ ਨੂੰ ਸਹਿਣ ਨਹੀਂ ਕਰ ਪਾਉਂਦੀਆਂ। ਸੂਰਜ ਦੇ ਪ੍ਰਕਾਸ਼ ਨੂੰ ਦੇਖਣ ਤੋਂ ਬਾਅਦ ਅੱਖਾਂ ਬੰਦ ਕਰਨ ਤੇ ਸੂਰਜ ਦਾ ਆਕਾਰ ਦਿਖਾਈ ਦਿੰਦਾ ਹੈ ਉਸ ਵਿੱਚ ਪ੍ਰਕਾਸ਼ ਜ਼ਿਆਦਾ ਨਹੀਂ ਹੁੰਦਾ।

ਇਸੇ ਤਰ੍ਹਾਂ ਪਹਿਲੀ ਵਾਰ ਪਰਮੇਸ਼ਵਰ ਦੇ ਪ੍ਰਕਾਸ਼ ਨੂੰ ਦੇਖਣ ਨਾਲ ਰਿਸ਼ੀ ਜੀ ਦੀ ਅੱਖਾਂ ਬੰਦ ਹੋ ਗਈਆਂ, ਬੰਦ ਅੱਖਾਂ ਵਿੱਚ ਸ਼ਿਸ਼ੂ ਨੂੰ ਦੇਖ ਕੇ ਫਿਰ ਅੱਖਾਂ ਖੋਲ੍ਹੀਆਂ। ਰਿਸ਼ੀ ਅਸ਼ਟਾਨੰਦ ਜੀ ਨੇ ਦੇਖਿਆ ਕਿ ਉਹ ਪ੍ਰਕਾਸ਼ ਲਹਿਰਤਾਰਾ ਤਾਲਾਬ ਉੱਪਰ ਉਤਰ ਗਿਆ। ਜਿਸ ਨਾਲ ਪੂਰਾ ਸਰੋਵਰ ਪ੍ਰਕਾਸ਼ ਮਾਨ ਹੋ ਗਿਆ ਅਤੇ ਦੇਖਦੇ ਹੀ ਦੇਖਦੇ ਉਹ ਪ੍ਰਕਾਸ਼ ਜਲਸਰੋਤ ਦੇ ਇੱਕ ਕੋਨੇ ਵਿੱਚ ਸਿਮਟ ਗਿਆ। ਰਿਸ਼ੀ ਅਸ਼ਟਾਨੰਦ ਜੀ ਨੇ ਸੋਚਿਆ ਇਹ ਮੈਂ ਕਿਹੋ ਜਿਹਾ ਦ੍ਰਿਸ਼ ਦੇਖਿਆ। ਇਹ ਮੇਰੀ ਭਗਤੀ ਦੀ ਉਪਲਬਧੀ ਹੈ ਜਾਂ ਮੇਰਾ ਦ੍ਰਿਸ਼ਟੀਦੋਸ਼ ਹੈ। ਇਸ ਵਿਸ਼ੇ ਵਿੱਚ ਗੁਰੂਦੇਵ, ਸਵਾਮੀ ਰਾਮਾਨੰਦ ਜੀ ਨੂੰ ਪੁੱਛਾਂਗਾ। ਇਹ ਵਿਚਾਰ ਕਰਕੇ ਰਿਸ਼ੀ ਅਸ਼ਟਾਨੰਦ ਜੀ ਆਪਣੀ ਬਾਕੀ ਸਾਧਨਾ ਨੂੰ ਛੱਡ ਕੇ ਆਪਣੇ ਪੂਜਯ ਗੁਰੂਦੇਵ ਦੇ ਕੋਲ ਗਏ। ਸਵਾਮੀ ਰਾਮਾਨੰਦ ਜੀ ਨੂੰ ਸਾਰਾ ਘਟਨਾਕ੍ਰਮ ਦੱਸ ਕੇ ਪੁੱਛਿਆ ਹੇ ਗੁਰੂਦੇਵ ! ਇਹ ਮੇਰੀ ਭਗਤੀ ਦੀ ਉਪਲਬਧੀ ਹੈ ਜਾਂ ਮੇਰਾ ਭਰਮ ਹੈ । ਮੈਂ ਪ੍ਰਕਾਸ਼ ਆਕਾਸ਼ ਤੋਂ ਹੇਠਾਂ ਵੱਲ ਆਉਂਦੇ ਦੇਖਿਆ ਜਿਸ ਨੂੰ

ਮੇਰੀਆਂ ਅੱਖਾਂ ਸਹਿਣ ਨਹੀਂ ਕਰ ਸਕੀਆਂ। ਅੱਖਾਂ ਬੰਦ ਹੋਈਆਂ ਤਾਂ ਨਵਜਾਤ ਸ਼ਿਸ਼ੂ ਦਿਖਾਈ ਦਿੱਤਾ। ਦੁਬਾਰਾ ਅੱਖਾਂ ਖੋਲ੍ਹੀਆਂ ਤਾਂ ਉਸ ਪ੍ਰਕਾਸ਼ ਨਾਲ ਪੂਰਾ ਸਰੋਵਰ ਹੀ ਜਗਮਗਾ ਗਿਆ, ਬਾਅਦ ਵਿੱਚ ਉਹ ਪ੍ਰਕਾਸ਼ ਉਸ ਤਲਾਬ ਦੇ ਇੱਕ ਕੋਨੇ ਵਿੱਚ ਸਿਮਟ ਗਿਆ। ਮੈਂ ਆਪ ਤੋਂ ਕਾਰਨ ਜਾਣਨ ਦੀ ਇੱਛਾ ਨਾਲ ਆਪਣੀ ਸਾਧਨਾ ਵਿਚਾਲੇ ਛੱਡ ਕੇ ਆਇਆ ਹਾਂ। ਕਿਰਪਾ ਮੇਰੀ ਸ਼ੰਕਾ ਦਾ ਸਮਾਧਾਨ ਕਰੋ।


ਰਿਸ਼ੀ ਰਾਮਾਨੰਦ ਸੁਆਮੀ ਜੀ ਨੇ ਆਪਣੇ ਭਗਤ ਅਸ਼ਟਾਨੰਦ ਨੂੰ ਕਿਹਾ ਕਿ ਹੇ ਬ੍ਰਾਹਮਣ! ਇਹ ਨਾ ਤਾਂ ਤੇਰੀ ਭਗਤੀ ਦੀ ਉਪਲਬਧੀ ਹੈ ਨਾ ਹੀ ਆਪ ਦਾ ਦ੍ਰਿਸ਼ਟੀਦੋਸ਼ ਹੀ ਹੈ। ਇਸ ਪ੍ਰਕਾਰ ਦੀਆਂ ਘਟਨਾਵਾਂ ਉਸ ਸਮੇਂ ਹੁੰਦੀਆਂ ਹਨ, ਜਿਸ ਸਮੇਂ ਉੱਪਰ ਦੇ ਲੋਕਾਂ ਵਿੱਚੋਂ ਕੋਈ ਦੇਵ ਧਰਤੀ ਉੱਤੇ ਅਵਤਾਰ ਧਾਰਣ ਕਰਨ ਦੇ ਲਈ ਆਉਂਦੇ ਹਨ। ਉਹ ਕਿਸੇ ਇਸਤਰੀ ਦੇ ਗਰਭ ਵਿੱਚ ਨਿਵਾਸ ਕਰਦਾ ਹੈ। ਫਿਰ ਬਾਲਕ ਰੂਪ ਧਾਰਣ ਕਰਕੇ ਨਰ ਲੀਲਾ ਕਰਕੇ ਆਪਣਾ ਆਸ ਮੁਤਾਬਕ ਕੰਮ ਪੂਰਾ ਕਰਦਾ ਹੈ। ਕੋਈ ਦੇਵ ਉੱਪਰ ਦੇ ਲੋਕਾਂ ਤੋਂ ਆਇਆ ਹੈ। ਉਹ ਕਾਸ਼ੀ ਨਗਰ ਵਿੱਚ ਕਿਸੇ ਦੇ ਘਰ ਜਨਮ ਲੈ ਕੇ ਆਪਣਾ ਪ੍ਰਾਲਭਦ ਪੂਰਾ ਕਰੇਗਾ। ਉਪਰੋਕਤ ਵਚਨਾਂ ਦੁਆਰਾ ਰਿਸ਼ੀ ਰਾਮਾਨੰਦ ਸੁਆਮੀ ਜੀ ਨੇ ਆਪਣੇ ਸ਼ਿਸ਼ ਅਸ਼ਟਾਨੰਦ ਦੀ ਸ਼ੰਕਾ ਦਾ ਸਮਾਧਾਨ ਕੀਤਾ। ਉਹਨਾਂ ਰਿਸ਼ੀਆਂ ਦੀ ਇਹੀ ਧਾਰਣਾ ਰਹੀ ਹੈ ਕਿ ਸਾਰੇ ਅਵਤਾਰ ਗਣ ਮਾਤਾ ਦੇ ਗਰਭ ਤੋਂ ਹੀ ਜਨਮ ਲੈਂਦੇ ਹਨ।

ਬੱਚੇ ਨੂੰ ਲੈ ਕੇ ਨੀਰੂ ਅਤੇ ਨੀਮਾ ਆਪਣੇ ਘਰ ਜੁਲਾਹਾ ਮੁਹੱਲੇ (ਕਲੋਨੀ) ਵਿੱਚ ਆਏ। ਜਿਸ ਵੀ ਆਦਮੀ ਅਤੇ ਔਰਤ ਨੇ ਨਵਜਾਤ ਸ਼ਿਸ਼ੂ ਰੂਪ ਵਿੱਚ ਪਰਮੇਸ਼ਵਰ ਕਬੀਰ ਜੀ ਨੂੰ ਦੇਖਿਆ ਉਹ ਦੇਖਦਾ ਹੀ ਰਹਿ ਗਿਆ। ਪਰਮੇਸ਼ਵਰ ਦਾ ਸਰੀਰ ਬਹੁਤ ਸੁੰਦਰ ਸੀ। ਅੱਖਾਂ ਜਿਵੇਂ ਕਮਲ ਦਾ ਫੁੱਲ ਹੋਣ, ਘੁੰਘਰਾਲੇ ਵਾਲ, ਲੰਬੇ ਹੱਥ। ਲੰਬੀ-2 ਉਂਗਲੀਆਂ ਸਰੀਰ ਤੋਂ ਮੰਨੋ ਜਿਵੇਂ ਨੂਰ ਝਲਕ ਰਿਹਾ ਹੋਵੇ। ਜਿਵੇਂ ਅੰਗਰੇਜ਼ ਗੋਰੇ ਹੁੰਦੇ ਹਨ ਇਹਨਾਂ ਤੋਂ ਵੀ ਜ਼ਿਆਦਾ ਗੋਰਾ ਸਰੀਰ ਪਰਮੇਸ਼ਵਰ ਦਾ ਸੀ। ਅੰਗਰੇਜ਼ ਚਿੱਟੇ ਹੁੰਦੇ ਹਨ ਪਰਮੇਸ਼ਵਰ ਕਬੀਰ ਜੀ ਦਾ ਉਹਨਾਂ ਤੋਂ ਵੀ ਵੱਧ ਸਫ਼ੇਦ ਵਰਣ ਦਾ ਸਰੀਰ ਸੀ। ਪੂਰੀ ਕਾਸ਼ੀ ਨਗਰੀ ਵਿੱਚ ਅਜਿਹਾ ਅਦਭੁਤ ਬਾਲਕ ਨਹੀਂ ਸੀ। ਜੋ ਵੀ ਦੇਖਦਾ ਉਹ ਹੋਰਾਂ ਨੂੰ ਦੱਸਦਾ ਕਿ ਨੂਰ ਅਲੀ ਨੂੰ ਇੱਕ ਬਾਲਕ ਤਾਲਾਬ ਉੱਤੇ ਮਿਲਿਆ ਹੈ ਅੱਜ ਹੀ ਪੈਦਾ ਹੋਇਆ ਸ਼ਿਸ਼ੂ ਹੈ। ਡਰ ਦੇ ਮਾਰੇ ਲੋਕ ਲਾਜ ਦੇ ਕਾਰਣ ਕਿਸੇ ਵਿਧਵਾ ਨੇ ਰੱਖਿਆ ਹੋਵੇਗਾ। ਬਾਲਕ ਨੂੰ ਦੇਖਣ ਤੋਂ ਬਾਅਦ ਉਸ ਦੇ ਚਿਹਰੇ ਤੋਂ ਨਜ਼ਰ ਹਟਾਉਣ ਨੂੰ ਦਿਲ ਨਹੀਂ ਕਰਦਾ, ਆਤਮਾ ਆਪਣੇ ਆਪ ਖਿੱਚੀ ਚਲੀ ਜਾਂਦੀ ਹੈ। ਪਤਾ ਨਹੀਂ ਕਿੱਦਾਂ ਦਾ ਜਾਦੂ ਹੈ ਬਾਲਕ ਦੇ ਮੁਖ ਉੱਤੇ? ਪੂਰੀ ਕਾਸ਼ੀ ਪਰਮੇਸ਼ਵਰ ਦੇ ਬਾਲਕ ਰੂਪ ਨੂੰ ਦੇਖਣ ਦੇ ਲਈ ਉਮੱੜ ਪਈ। ਇਸਤਰੀ-ਪੁਰਸ਼ ਝੁੰਡਾਂ ਦੇ ਝੁੰਡ ਬਣਾ ਕੇ ਮੰਗਲ ਗੀਤ ਗਾਉਂਦੇ ਹੋਏ, ਨੀਰੂ ਦੇ ਘਰ ਬੱਚੇ ਨੂੰ ਦੇਖਣ ਆਏ।

ਬੱਚੇ (ਕਬੀਰ ਪਰਮੇਸ਼ਵਰ) ਨੂੰ ਦੇਖ ਕੇ ਕੋਈ ਕਹਿ ਰਿਹਾ ਸੀ, ਇਹ ਬਾਲਕ ਤਾਂ ਕਿਸੇ ਦੇਵਤੇ ਦਾ ਅਵਤਾਰ ਹੈ, ਕੋਈ ਕਹਿ ਰਿਹਾ ਸੀ ਇਹ ਤਾਂ ਸਾਕਸ਼ਾਤ ਵਿਸ਼ਨੂੰ ਜੀ ਹੀ ਆਏ ਲੱਗਦੇ ਹਨ। ਕੋਈ ਕਹਿ ਰਿਹਾ ਸੀ ਕਿ ਇਹ ਤਾਂ ਭਗਵਾਨ ਸ਼ਿਵ ਹੀ ਆਪਣੀ ਕਾਸ਼ੀ ਨਗਰੀ ਨੂੰ ਧੰਨ ਕਰਨ ਲਈ ਪੈਦਾ ਹੋਏ ਹਨ। ਕੋਈ ਕਹਿ ਰਿਹਾ ਸੀ ਇਹ ਤਾਂ ਕਿੰਨਰ ਦਾ ਅਵਤਾਰ ਹੈ, ਕੋਈ ਕਹਿ ਰਿਹਾ ਸੀ ਇਹ ਪਿੱਤਰ ਨਗਰੀ ਤੋਂ ਆਇਆ ਹੈ ਇਹ ਸਭ ਗੱਲਾਂ ਸੁਣ ਕੇ ਨੀਮਾ ਨਾਖੁਸ਼ ਹੋ ਕੇ ਕਹਿੰਦੀ ਸੀ ਕਿ ਮੇਰੇ ਬੱਚੇ

ਦੇ ਬਾਰੇ ਕੁਝ ਨਾ ਕਹੋ। ਹੇ ਅੱਲਾਹ ! ਮੇਰੇ ਬੱਚੇ ਦੀ ਇਹਨਾਂ ਦੀ ਨਜ਼ਰਾਂ ਤੋਂ ਰੱਖਿਆ ਕਰਨਾ। ਤੁਸੀਂ ਕਦੇ ਬੱਚਾ ਦੇਖਿਆ ਹੈ ਵੀ ਜਾਂ ਨਹੀਂ। ਐਵੇਂ ਝੁੰਡਾਂ ਦੇ ਝੁੰਡ ਮੇਰੇ ਬੱਚੇ ਨੂੰ ਦੇਖਣ ਆ ਰਹੇ ਹੋ। ਆਉਣ ਵਾਲੇ ਇਸਤਰੀ-ਪੁਰਸ਼ ਬੋਲੇ ਹੇ ਨੀਮਾ! ਅਸੀਂ ਬੱਚੇ ਤਾਂ ਬਹੁਤ ਦੇਖੇ ਹਨ ਪ੍ਰੰਤੂ ਤੁਹਾਡੇ ਬੱਚੇ ਵਰਗਾ ਨਹੀਂ ਦੇਖਿਆ । ਇਸ ਲਈ ਅਸੀਂ ਇਸ ਨੂੰ ਦੇਖਣ ਆਏ ਹਾਂ। ਉੱਪਰ ਆਪਣੇ-2 ਲੋਕਾਂ ਤੋਂ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵਜੀ ਵੀ ਝਾਕ ਕੇ ਦੇਖਣ ਲੱਗੇ। ਕਾਸ਼ੀ ਦੇ ਵਾਸੀਆਂ ਦੇ ਮੂੰਹੋਂ ਆਪਣੇ ਵਿੱਚੋਂ (ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਨੂੰ ਅਤੇ ਸ਼੍ਰੀ ਸ਼ਿਵ ਵਿੱਚੋਂ) ਇੱਕ ਇਹ ਬਾਲਕ ਹੋਣ ਦੀ ਗੱਲ ਸੁਣਕੇ ਬੋਲੇ ਕਿ ਇਹ ਬਾਲਕ ਤਾਂ ਕਿਸੇ ਹੋਰ ਲੋਕ ਤੋਂ ਆਇਆ ਹੈ। ਇਸਦੇ ਮੂਲ ਸਥਾਨ ਤੋਂ ਅਸੀਂ ਵੀ ਅਣਜਾਣ ਹਾਂ ਪਰ ਬਹੁਤ ਸ਼ਕਤੀ ਯੁਕਤ ਕੋਈ ਸਿੱਧ ਪੁਰਸ਼ ਹੋਵੇਗਾ।

## "ਸ਼ਿਸ਼ੂ ਕਬੀਰ ਪਰਮੇਸ਼ਵਰ ਦਾ ਨਾਮਕਰਣ"



ਨੀਰੂ (ਨੂਰ ਅਲੀ) ਅਤੇ ਨੀਮਾ ਪਹਿਲਾਂ ਹਿੰਦੂ ਬ੍ਰਾਹਮਣ-ਬ੍ਰਾਹਮਣੀ ਸਨ। ਇਸ ਕਾਰਨ ਲਾਲਚ ਵੱਸ ਬ੍ਰਾਹਮਣ ਲੜਕੇ ਦਾ ਨਾਮ ਰੱਖਣ ਆਏ। ਉਸੇ ਸਮੇਂ ਕਾਜ਼ੀ ਮੁਸਲਮਾਨ ਆਪਣੀ ਪੁਸਤਕ ਕੁਰਾਨ ਸ਼ਰੀਫ ਨੂੰ ਲੈ ਕੇ ਲੜਕੇ ਦਾ ਨਾਮ ਰੱਖਣ ਲਈ ਆ ਗਏ। ਉਸ ਸਮੇਂ ਦਿੱਲੀ ਵਿੱਚ ਮੁ਼ਗਲ ਬਾਦਸ਼ਾਹਾਂ ਦਾ ਸ਼ਾਸਨ ਸੀ ਜੋ ਪੂਰੇ ਭਾਰਤ ਉੱਤੇ ਸ਼ਾਸਨ ਕਰਦੇ ਸਨ। ਜਿਸ ਕਾਰਨ ਹਿੰਦੂ ਸਮਾਜ ਮੁਸਲਮਾਨਾਂ ਤੋਂ ਦੱਬਦਾ ਸੀ। ਕਾਜ਼ੀਆਂ ਨੇ ਕਿਹਾ ਕਿ ਲੜਕੇ ਦਾ ਨਾਮਕਰਣ ਅਸੀਂ ਮੁਸਲਮਾਨ ਵਿਧੀ ਨਾਲ ਕਰਾਂਗੇ ਹੁਣ ਇਹ ਮੁਸਲਮਾਨ ਹੋ ਚੁੱਕੇ ਹਨ। ਇਹ ਕਹਿ ਕੇ ਕਾਜ਼ੀਆ ਵਿੱਚੋਂ ਮੁੱਖ ਕਾਜ਼ੀ ਨੇ ਕੁਰਾਨ ਸ਼ਰੀਫ ਪੁਸਤਕ ਨੂੰ ਕਿਤੋਂ ਖੋਲ੍ਹਿਆ। ਉਸ ਪੰਨੇ ਤੇ ਪਹਿਲੀ ਲਾਈਨ ਵਿੱਚ ਪਹਿਲਾਂ ਨਾਮ "ਕਬੀਰਨ" ਲਿਖਿਆ ਸੀ। ਕਾਜ਼ੀਆ ਨੇ ਸੋਚਿਆ "ਕਬੀਰ" ਨਾਮ ਦਾ ਅਰਥ ਵੱਡਾ ਹੁੰਦਾ ਹੈ। ਇਸ ਛੋਟੀ ਜਾਤੀ (ਜੁਲਾਹੇ ਭਾਵ ਧਾਣਕ) ਦੇ ਬਾਲਕ ਦਾ ਨਾਮ ਕਬੀਰ ਰੱਖਣਾ ਸ਼ੋਭਾ ਨਹੀਂ ਦੇਵੇਗਾ। ਇਹ ਤਾਂ ਉੱਚੇ ਘਰਾਣੇ ਦੇ ਬੱਚਿਆਂ ਦੇ ਨਾਮ

ਰੱਖਣ ਯੋਗ ਹੈ। ਸ਼ਿਸ਼ੂ ਰੂਪਧਾਰੀ ਪਰਮੇਸ਼ਵਰ ਕਾਜ਼ੀਆਂ ਦੇ ਮਨ ਦੇ ਦੋਸ਼ ਨੂੰ ਜਾਣਦੇ ਸਨ। ਕਾਜ਼ੀਆਂ ਨੇ ਦੁਬਾਰਾ ਪਵਿੱਤਰ ਕੁਰਾਨ ਸ਼ਰੀਫ਼ ਨੂੰ ਨਾਮ ਰੱਖਣ ਦੇ ਉਦੇਸ਼ ਨਾਲ ਖੋਲ੍ਹਿਆ। ਉਨ੍ਹਾਂ ਦੋਵਾਂ ਪੰਨਿਆਂ ਤੇ ਕਬੀਰ-ਕਬੀਰ-ਕਬੀਰ ਅੱਖਰ ਲਿਖੇ ਸਨ ਹੋਰ ਅੱਖਰ ਨਹੀਂ ਸੀ। ਕਾਜ਼ੀਆਂ ਨੇ ਫਿਰ ਕੁਰਾਨ ਸ਼ਰੀਫ਼ ਨੂੰ ਖੋਲ੍ਹਿਆ ਉਨ੍ਹਾਂ ਪੰਨਿਆਂ ਉੱਤੇ ਵੀ ਕਬੀਰ-ਕਬੀਰ-ਕਬੀਰ ਅੱਖਰ ਹੀ ਲਿਖੇ ਸਨ। ਕਾਜ਼ੀਆਂ ਨੇ ਪੂਰੀ ਕੁਰਾਨ ਸ਼ਰੀਫ਼ ਦਾ ਨਿਰੀਖਣ ਕੀਤਾ ਤਾਂ ਉਨ੍ਹਾਂ ਦੁਆਰਾ ਲਿਆਂਦੀ ਗਈ ਕੁਰਾਨ ਸ਼ਰੀਫ਼ ਵਿੱਚ ਸਾਰੇ ਅੱਖਰ ਕਬੀਰ-ਕਬੀਰ-ਕਬੀਰ-ਕਬੀਰ ਹੋ ਗਏ ਕਾਜ਼ੀ ਬੋਲੇ ਇਸ ਬਾਲਕ ਨੇ ਕੋਈ ਜਾਦੂ ਮੰਤਰ ਕਰਕੇ ਸਾਡੀ ਕੁਰਾਨ ਸ਼ਰੀਫ਼ ਨੂੰ ਹੀ ਬਦਲ ਦਿੱਤਾ। ਉਦੋਂ ਕਬੀਰ ਪਰਮੇਸ਼ਵਰ ਸ਼ਿਸ਼ੂ ਰੂਪ ਵਿੱਚ ਬੋਲੇ ਹੇ ਕਾਸ਼ੀ ਦੇ ਕਾਜ਼ੀਓ। ਮੈਂ ਕਬੀਰ ਅੱਲਾਹ ਭਾਵ ਅੱਲਾਹ ਹੂ ਅਕਬਰ, ਹਾਂ। ਮੇਰਾ ਨਾਮ ''ਕਬੀਰ'' ਹੀ ਰੱਖੋ। ਕਾਜ਼ੀਆਂ ਨੇ ਆਪਣੇ ਨਾਲ ਲਿਆਂਦੀ ਕੁਰਾਨ ਸ਼ਰੀਫ਼ ਨੂੰ ਉੱਥੇ ਹੀ ਸੁੱਟ ਦਿੱਤਾ ਅਤੇ ਚਲੇ ਗਏ। ਬੋਲੇ ਇਸ ਬੱਚੇ ਵਿੱਚ ਕੋਈ ਪ੍ਰੇਤ ਆਤਮਾ ਬੋਲ ਰਹੀ ਹੈ।

## ''ਸ਼ਿਸ਼ੂ ਕਬੀਰ ਦੇਵ ਦੁਆਰਾ ਕੁਆਰੀ ਗਾਂ ਦਾ ਦੁੱਧ ਪੀਣਾ''

ਬਾਲਕ ਕਬੀਰ ਜੀ ਨੂੰ ਦੁੱਧ ਪਿਲਾਉਣ ਦੀ ਕੋਸ਼ਿਸ਼ ਨੀਮਾ ਨੇ ਕੀਤੀ ਤਾਂ ਪਰਮੇਸ਼ਵਰ ਨੇ ਮੂੰਹ ਬੰਦ ਕਰ ਲਿਆ। ਸਾਰੇ ਯਤਨ ਕਰਨ ਤੇ ਵੀ ਨੀਮਾ ਅਤੇ ਨੀਰੂ ਬੱਚੇ ਨੂੰ ਦੁੱਧ ਪਿਲਾਉਣ ਵਿਚ ਅਸਫ਼ਲ ਰਹੇ। 25 ਦਿਨ ਜਦੋਂ ਬੱਚੇ ਦੇ ਬਿਨਾਂ ਖਾਧੇ ਬੀਤ ਗਏ ਤਾਂ ਮਾਤਾ-ਪਿਤਾ ਬਹੁਤ ਪਰੇਸ਼ਾਨ ਹੋ ਗਏ। 24 ਦਿਨਾਂ ਤੋਂ ਨੀਮਾ ਤਾਂ ਰੋ-ਰੋ ਕੇ ਵਿਲਾਪ ਕਰ ਰਹੀ ਸੀ। ਸੋਚ ਰਹੀ ਸੀ ਕਿ ਇਹ ਬੱਚਾ ਕੁਝ ਵੀ ਨਹੀਂ ਖਾ ਰਿਹਾ ਹੈ। ਇਹ ਮਰੇਗਾ, ਮੇਰੇ ਪੁੱਤਰ ਨੂੰ ਕਿਸੇ ਦੀ ਨਜ਼ਰ ਲੱਗੀ ਹੈ। 24 ਦਿਨਾਂ ਤੋਂ ਲਗਾਤਾਰ ਨਜ਼ਰ ਉਤਾਰਨ ਦੀ ਵਿਧੀ ਭਿੰਨ-ਭਿੰਨ ਇਸਤਰੀ-ਪੁਰਸ਼ਾਂ ਦੁਆਰਾ ਦੱਸੀ ਪ੍ਰਯੋਗ ਕਰਕੇ ਥੱਕ ਗਈ। ਕੋਈ ਲਾਭ ਨਹੀਂ ਹੋਇਆ। 25ਵਾਂ ਦਿਨ ਚੜ੍ਹ ਗਿਆ। ਮਾਤਾ ਨੀਮਾ ਰਾਤ ਭਰ ਜਾਗਦੀ ਰਹੀ ਅਤੇ ਰੋਂਦੀ ਰਹੀ ਕਿ ਪਤਾ ਨਹੀਂ ਇਹ ਬੱਚਾ ਕਦੋਂ ਮਰ ਜਾਵੇਗਾ। ਮੈਂ ਵੀ ਨਾਲ ਹੀ ਫਾਂਸੀ ਤੇ ਲਟਕ ਜਾਵਾਂਗੀ। ਮੈਂ ਇਸ ਬੱਚੇ ਦੇ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ। ਬਾਲਕ ਕਬੀਰ ਜੀ ਦਾ ਸਰੀਰ ਪੂਰੀ ਤਰ੍ਹਾਂ ਨਾਲ ਸਵਸੱਥ ਸੀ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਬੱਚਾ ਹਰ ਰੋਜ਼ ਇੱਕ ਕਿਲੋ ਗ੍ਰਾਮ (ਇੱਕ ਸੇਰ) ਦੁੱਧ ਪੀਂਦਾ ਹੋਵੇ। ਪ੍ਰੰਤੂ ਨੀਮਾ ਨੂੰ ਡਰ ਸੀ ਕਿ ਬਿਨਾਂ ਕੁਝ ਖਾਧੇ-ਪੀਤੇ ਇਹ ਬਾਲਕ ਜਿਉਂਦਾ ਰਹਿ ਹੀ ਨਹੀਂ ਸਕਦਾ। ਇਹ ਕਦੇ ਵੀ ਮੌਤ ਨੂੰ ਪ੍ਰਾਪਤ ਹੋ ਸਕਦਾ ਹੈ। ਇਹ ਸੋਚ ਕੇ ਫੁੱਟ-ਫੁੱਟ ਕੇ ਰੋ ਰਹੀ ਸੀ। ਭਗਵਾਨ ਸ਼ੰਕਰ ਦੇ ਨਾਲ-ਨਾਲ ਨਿਰਾਕਾਰ ਪ੍ਰਭੂ ਦੀ ਵੀ ਉਪਾਸਨਾ ਅਤੇ ਉਹਨਾਂ ਨੂੰ ਕੀਤੀ ਗਈ ਪ੍ਰਾਰਥਨਾ ਜਦੋਂ ਵਿਅਰਥ ਰਹੀ ਤਾਂ ਉਹ ਹੋਰ ਵਿਆਕੁਲ ਹੋ ਕੇ ਰੋਣ ਲੱਗੀ।

25ਵੇਂ ਦਿਨ ਨੀਰੂ ਨੇ ਸੋਚਿਆ ਕਿ ਅਸੀਂ ਮੁਸਲਮਾਨ ਕਾਜ਼ੀ-ਮੁੱਲਿਆਂ ਦੁਆਰਾ ਦੱਸੀ ਗਈ ਤਾਂ ਸਾਰੀ ਕਿਰਿਆ ਕਰ ਲਈ ਹੈ। ਪਰ ਬੱਚਾ ਦੁੱਧ ਨਹੀਂ ਪੀ ਰਿਹਾ। ਉਸ ਸਮੇਂ ਸਵਾਮੀ ਰਾਮਾਨੰਦ ਜੀ ਪ੍ਰਸਿੱਧ ਪੰਡਿਤ ਸਨ। ਉਨ੍ਹਾਂ ਕੋਲ ਜਾ ਕੇ ਆਪਣੀ ਸਮੱਸਿਆ ਸੁਣਾਈ ਕਿ ਮੈਨੂੰ ਜੰਗਲ ਵਿੱਚ ਇੱਕ ਪੁੱਤਰ ਪ੍ਰਾਪਤ ਹੋਇਆ ਸੀ। {ਨੀਰੂ ਨੂੰ ਕਮਲ ਦੇ ਫੁੱਲ ਉੱਤੇ ਪਾਣੀ ਵਿੱਚ ਪੁੱਤਰ ਪ੍ਰਾਪਤ ਹੋਇਆ ਸੀ। ਪ੍ਰੰਤੂ ਜਿਸ ਨੂੰ ਵੀ ਇਹ ਕਹਿੰਦਾ ਕਿ ਕਮਲ ਦੇ ਫੁੱਲ ਉਤੇ ਪੁੱਤਰ ਪ੍ਰਾਪਤ ਹੋਇਆ ਸੀ।

ਸਾਰੇ ਅਸਵੀਕਾਰ ਕਰਦੇ ਸਨ, ਕਹਿੰਦੇ ਸਨ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ? ਇਸੇ ਡਰ ਤੋਂ ਨੀਰੂ ਨੇ ਸਵਾਮੀ ਰਾਮਾਨੰਦ ਜੀ ਨੂੰ ਕਿਹਾ ਕਿ ਬਾਗ਼ ਵਿੱਚ ਮੈਨੂੰ ਇੱਕ ਨਵਜੰਮਿਆ ਸ਼ਿਸ਼ੂ ਪ੍ਰਾਪਤ ਹੋਇਆ ਹੈ।} ਉਹ 25 ਦਿਨਾਂ ਤੋਂ ਕੁਝ ਵੀ ਨਹੀਂ ਖਾ-ਪੀ ਰਿਹਾ ਹੈ। ਹੇ ਸਵਾਮੀ ਕੁਝ ਹੱਲ ਦੱਸੋ? ਸਵਾਮੀ ਰਾਮਾਨੰਦ ਜੀ ਨੇ ਕਿਹਾ ਕਿ ਤੁਸੀਂ ਪਿਛਲੇ ਜਨਮ ਵਿੱਚ ਬ੍ਰਾਹਮਣ ਸੀ। ਉਸ ਸਮੇਂ ਤੁਹਾਡੇ ਤੋਂ ਭਗਵਾਨ ਦੀ ਭਗਤੀ ਵਿੱਚ ਕੋਈ ਗ਼ਲਤੀ ਹੋਈ ਸੀ ਜਿਸ ਕਾਰਣ ਤੁਸੀਂ ਜੁਲਾਹਾ ਬਣੇ ਹੋ। ਨੀਰੂ ਨੇ ਕਿਹਾ ਕਿ ਹੇ ਸਵਾਮੀ! ਇਹ ਤਾਂ ਜਿਹੋ ਜਿਹਾ ਕਰਮ ਕੀਤਾ ਸੀ, ਉਸਦਾ ਫ਼ਲ ਤਾਂ ਮੈਨੂੰ ਮਿਲਣਾ ਹੀ ਸੀ। ਹੁਣ ਮੈਂ ਸੰਕਟ ਦੇ ਸਮੇਂ ਤੁਹਾਡੇ ਕੋਲ ਆਇਆ ਹਾਂ। ਅਜਿਹੀ ਕਿਰਪਾ ਕਰੋ ਬੱਚਾ ਦੁੱਧ ਪੀ ਲਵੇ। ਸਵਾਮੀ ਰਾਮਾਨੰਦ ਜੀ ਨੇ ਕਿਹਾ ਕਿ ਇੱਕ ਕੁਆਰੀ ਗਾਂ (ਵੱਛੀ) ਲੈ ਆਉਣਾ ਜਿਸਨੂੰ ਬਲਦ ਨੇ ਛੂਹਿਆ ਨਾ ਹੋਵੇ। ਉਸਨੂੰ ਆਪਣੇ ਪੁੱਤਰ ਦੇ ਕੋਲ ਖੜ੍ਹੀ ਕਰ ਦੇਣਾ, ਉਹ ਕੁਆਰੀ ਗਾਂ ਦੁੱਧ ਦੇਵੇਗੀ, ਉਸ ਦੁੱਧ ਨੂੰ ਬੱਚਾ ਪੀ ਲਵੇਗਾ।

ਨੀਰੂ ਨੇ ਮਨ ਹੀ ਮਨ ਵਿੱਚ ਸੋਚਿਆ ਕਿ ਸਵਾਮੀ ਜੀ ਨੇ ਮੇਰੇ ਨਾਲ ਮਜ਼ਾਕ ਕੀਤਾ ਹੈ। ਕੁਆਰੀ ਗਾਂ ਕਿਵੇਂ ਦੁੱਧ ਦੇ ਸਕਦੀ ਹੈ। ਉਹ ਦੁਖੀ ਮਨ ਨਾਲ ਵਾਪਸ ਆ ਕੇ ਆਪਣੀ ਝੌਂਪੜੀ ਵਿੱਚ ਬੈਠ ਕੇ ਰੋਣ ਲੱਗਾ।

ਭਗਵਾਨ ਸ਼ਿਵ, ਇੱਕ ਸਾਧੂ ਦਾ ਰੂਪ ਬਣਾ ਕੇ ਨੀਰੂ ਦੀ ਝੌਂਪੜੀ ਦੇ ਸਾਹਮਣੇ ਆਣ ਖੜ੍ਹੇ ਹੋਏ ਅਤੇ ਨੀਮਾ ਤੋਂ ਰੋਣ ਦਾ ਕਾਰਣ ਜਾਨਣਾ ਚਾਹਿਆ। ਨੀਮਾ ਰੋਂਦੀ ਰਹੀ ਹਿਚਕੀਆਂ ਲੈਂਦੀ ਰਹੀ। ਸਾਧੂ ਰੂਪ ਵਿੱਚ ਖੜ੍ਹੇ ਭਗਵਾਨ ਸ਼ਿਵ ਜੀ ਦੇ ਬਹੁਤ ਪੁੱਛਣ ਤੇ ਨੀਮਾ ਰੋਂਦੀ-ਰੋਂਦੀ ਕਹਿਣ ਲੱਗੀ।

ਹੇ ਮਹਾਤਮਾ! ਮੇਰੇ ਦੁੱਖ ਤੋਂ ਜਾਣੂ ਹੋ ਕੇ ਤੁਸੀਂ ਵੀ ਦੁੱਖੀ ਹੋ ਜਾਵੋਗੇ। ਸਾਧੂ ਰੂਪਧਾਰੀ ਸ਼ਿਵ ਭਗਵਾਨ ਬੋਲੇ ਹੇ ਮਾਈ! ਕਹਿੰਦੇ ਹਨ ਆਪਣੇ ਮਨ ਦਾ ਦੁੱਖ ਦੂਸਰੇ ਦੇ ਸਾਹਮਣੇ ਕਹਿਣ ਨਾਲ ਮਨ ਹਲਕਾ ਹੋ ਜਾਂਦਾ ਹੈ। ਹੋ ਸਕਦਾ ਹੈ ਤੁਹਾਡੇ ਕਸ਼ਟ ਦਾ ਹੱਲ ਕਰਨ ਦੀ ਵਿਧੀ ਵੀ ਮਿਲ ਜਾਵੇ। ਅੱਖਾਂ ਵਿੱਚ ਹੰਝੂ, ਜੀਭ ਲੜਖੜਾਉਂਦੇ ਹੋਏ, ਡੂੰਘੇ ਸਾਹ ਲੈਂਦੇ ਹੋਏ ਨੀਮਾ ਨੇ ਦੱਸਿਆ ਹੇ ਵਿਪ੍ਰ ਜੀ! ਅਸੀਂ ਬੇਔਲਾਦ ਸੀ। ਪੱਚੀ ਦਿਨ ਪਹਿਲਾਂ ਅਸੀਂ ਦੋਵੇਂ ਹਰ ਰੋਜ਼ ਦੀ ਤਰ੍ਹਾਂ ਕਾਸ਼ੀ ਵਿੱਚ ਲਹਿਰਤਾਰਾ ਤਾਲਾਬ 'ਤੇ ਇਸ਼ਨਾਨ ਕਰਨ ਗਏ ਸੀ। ਉਸ ਦਿਨ ਜੇਠ ਮਹੀਨੇ ਦੀ ਪੂਰਣਮਾਸੀ ਦੀ ਸਵੇਰ ਸੀ। ਰਾਹ ਵਿੱਚ ਮੈਂ ਆਪਣੇ ਇਸ਼ਟ ਭਗਵਾਨ ਸ਼ੰਕਰ ਨੂੰ ਪੁੱਤਰ ਪ੍ਰਾਪਤੀ ਦੀ ਹਿਰਦੇ ਤੋਂ ਪ੍ਰਾਰਥਨਾ ਕੀਤੀ ਸੀ, ਮੇਰੀ ਪੁਕਾਰ ਸੁਣ ਕੇ ਦੀਨਦਿਆਲ ਭਗਵਾਨ ਸ਼ੰਕਰ ਜੀ ਨੇ ਉਸੇ ਦਿਨ ਇੱਕ ਬੱਚਾ ਲਹਿਰਤਾਰਾ ਤਾਲਾਬ ਵਿੱਚ ਕਮਲ ਦੇ ਫੁੱਲ ਉੱਪਰ ਸਾਨੂੰ ਦਿੱਤਾ। ਬੱਚੇ ਨੂੰ ਪ੍ਰਾਪਤ ਕਰਕੇ ਸਾਡੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਿਹਾ। ਇਹ ਖੁਸ਼ੀ ਜ਼ਿਆਦਾ ਸਮੇਂ ਤੱਕ ਨਹੀਂ ਰਹੀ। ਇਸ ਬੱਚੇ ਨੇ ਦੁੱਧ ਨਹੀਂ ਪੀਤਾ। ਸਾਰੀਆਂ ਕੋਸ਼ਿਸ਼ਾਂ ਕਰ ਕੇ ਅਸੀਂ ਥੱਕ ਚੁੱਕੇ ਹਾਂ। ਅੱਜ ਇਸ ਬੱਚੇ ਦਾ ਪੱਚੀਵਾਂ ਦਿਨ ਹੈ ਕੁਝ ਵੀ ਨਹੀਂ ਖਾਧਾ । ਇਹ ਬੱਚਾ ਮਰੇਗਾ। ਇਸਦੇ ਨਾਲ ਹੀ ਮੈਂ ਆਤਮ ਹੱਤਿਆ ਕਰਾਂਗੀ। ਮੈਂ ਇਸਦੀ ਮੌਤ ਦੀ ਉਡੀਕ ਕਰ ਰਹੀ ਹਾਂ। ਸਾਰੀ ਰਾਤ ਬੈਠ ਕੇ ਅਤੇ ਰੋ-ਰੋ ਕੇ ਕੱਢੀ ਹੈ। ਮੈਂ ਭਗਵਾਨ ਸ਼ੰਕਰ ਨੂੰ ਪ੍ਰਾਰਥਨਾ ਕਰ ਰਹੀ ਹਾਂ ਕਿ ਹੇ ਭਗਵਾਨ! ਇਸਤੋਂ ਵਧੀਆ ਤਾਂ ਇਹ ਬੱਚਾ ਨਾ ਦਿੰਦੇ । ਹੁਣ ਇਸ ਬੱਚੇ ਵਿੱਚ ਇੰਨੀ ਮਮਤਾ ਹੋ ਗਈ ਹੈ ਕਿ ਮੈਂ ਇਸ ਤੋਂ ਬਿਨਾਂ ਜਿਉਂਦੀ ਨਹੀਂ ਰਹਿ ਸਕਾਂਗੀ।

ਨੀਮਾ ਦੇ ਮੂੰਹੋਂ ਸਾਰੀ ਕਥਾ ਸੁਣ ਕੇ ਸਾਧੂ ਰੂਪਧਾਰੀ ਭਗਵਾਨ ਸ਼ੰਕਰ ਨੇ ਕਿਹਾ।

ਤੁਹਾਡਾ ਬੱਚਾ ਮੈਨੂੰ ਦਿਖਾਓ। ਨੀਮਾ ਨੇ ਬਾਲਕ ਨੂੰ ਪਾਲਣੇ ਵਿੱਚੋਂ ਚੁੱਕ ਕੇ ਮਹਾਤਮਾ ਜੀ ਦੇ ਅੱਗੇ ਪੇਸ਼ ਕੀਤਾ। ਨੀਮਾ ਨੇ ਬੱਚੇ ਨੂੰ ਸਾਧੂ ਦੇ ਚਰਨਾਂ ਵਿਚ ਰੱਖਣਾ ਚਾਹਿਆ ਕਿ ਬੱਚੇ ਦੇ ਜੀਵਨ ਦੀ ਰੱਖਿਆ ਹੋ ਸਕੇ। ਬਾਲਕ ਧਰਤੀ ਉੱਤੇ ਨਾ ਡਿੱਗ ਕੇ ਉੱਪਰ ਉੱਠ ਗਿਆ ਅਤੇ ਸਾਧੂ ਰੂਪਧਾਰੀ ਸ਼ਿਵ ਦੇ ਸਿਰ ਦੇ ਬਰਾਬਰ ਹਵਾ ਵਿੱਚ ਠਹਿਰ ਗਿਆ। ਨੀਮਾ ਨੇ ਸੋਚਿਆ ਕਿ ਇਹ ਚਮਤਕਾਰ ਇਸ ਸਾਧੂ ਨੇ ਕੀਤਾ ਹੈ, ਮੇਰੇ ਬੱਚੇ ਨੂੰ ਹਵਾ ਵਿਚ ਸਥਿਰ ਕਰ ਦਿੱਤਾ। ਸਾਧੂ ਨੇ ਆਪਣੀਆਂ ਬਾਹਾਂ ਫੈਲਾਅ ਕੇ ਬੱਚੇ ਨੂੰ ਲੈਣਾ ਚਾਹਿਆ। ਉਸੇ ਸਮੇਂ ਬਾਲਕ ਖੁਦ ਸਾਧੂ ਰੂਪਧਾਰੀ ਸ਼ਿਵ ਦੇ ਹੱਥਾਂ ਵਿੱਚ ਆ ਗਿਆ।

ਦੋਵੇਂ ਭਗਵਾਨਾਂ ਦੀ ਆਪਸ ਵਿੱਚ ਨਜ਼ਰ ਮਿਲੀ। ਭਗਵਾਨ ਸ਼ੰਕਰ ਜੀ ਨੇ ਸ਼ਿਸ਼ੂ ਰੂਪ ਕਬੀਰ ਜੀ ਨੂੰ ਆਪਣੀਆ ਹੱਥਾਂ ਵਿਚ ਸਵਿਕਾਰ ਕੀਤਾ ਅਤੇ ਮੱਥੇ ਦੀ ਰੇਖਾਵਾਂ ਤੇ ਹੱਥਾਂ ਦੀ ਰੇਖਾਵਾਂ ਦੇਖ ਕੇ ਬੋਲੇ ਨੀਮਾ! ਤੁਹਾਡੇ ਪੁੱਤਰ ਦੀ ਲੰਬੀ ਉਮਰ ਹੈ ਇਹ ਮਰਨ ਵਾਲਾ ਨਹੀਂ ਹੈ। ਦੇਖ ਕਿੰਨਾ ਸਿਹਤਮੰਦ ਹੈ। ਕਮਲ ਦੀ ਤਰਾਂ ਚਿਹਰਾ ਖਿੜਿਆ ਹੋਇਆ ਹੈ। ਨੀਮਾ ਨੇ ਕਿਹਾ ਹੇ ਮਹਾਤਮਾ! ਬਣਾਵਟੀ ਤਸੱਲੀ ਤੋਂ ਮੈਨੂੰ ਸੰਤੋਸ਼ ਹੋਣ ਵਾਲਾ ਨਹੀਂ ਹੈ। ਬੱਚਾ ਦੁੱਧ ਪੀਵੇਗਾ ਤਾਂ ਮੈਨੂੰ ਸੁੱਖ ਦਾ ਸਾਹ ਆਵੇਗਾ। ਪੱਚੀ ਦਿਨਾਂ ਦੇ ਬਾਲਕ ਦਾ ਰੂਪ ਧਾਰਣ ਕੀਤੇ ਪਰਮੇਸ਼ਵਰ ਕਬੀਰ ਜੀ ਨੇ ਭਗਵਾਨ ਸ਼ਿਵ ਜੀ ਨੂੰ ਕਿਹਾ ਹੇ ਭਗਵਾਨ! ਤੁਸੀ ਇਹਨਾਂ ਨੂੰ ਕਹੋ ਇੱਕ ਕੁਆਰੀ ਗਾਂ ਲੈ ਆਉਣ। ਤੁਸੀਂ ਉਸ ਕੁਆਰੀ ਗਾਂ ਉੱਤੇ ਆਪਣਾ ਆਸ਼ੀਰਵਾਦ ਭਰਿਆ ਹੱਥ ਰੱਖਣਾ, ਉਹ ਦੁੱਧ ਦੇਣਾ ਸ਼ੁਰੂ ਕਰ ਦੇਵੇਗੀ। ਮੈਂ ਉਸ ਕੁਆਰੀ ਗਾਂ ਦਾ ਦੁੱਧ ਪੀਵਾਂਗਾ। ਉਹ ਗਾਂ ਪੂਰੀ ਜ਼ਿੰਦਗੀ ਬਿਨਾਂ ਸੂਏ (ਭਾਵ ਕੁਆਰੀ ਰਹਿ ਕੇ ਹੀ) ਦੁੱਧ ਦਿਆ ਕਰੇਗੀ ਉਸ ਦੁੱਧ ਤੋਂ ਮੇਰੀ ਪਰਵਰਿਸ਼ ਹੋਵੇਗੀ। ਪਰਮੇਸ਼ਵਰ ਕਬੀਰ ਜੀ ਅਤੇ ਭਗਵਾਨ ਸ਼ੰਕਰ (ਸ਼ਿਵ) ਜੀ ਦੀ ਸੱਤ ਵਾਰ ਚਰਚਾ ਹੋਈ।

ਸ਼ਿਵ ਜੀ ਨੇ ਨੀਮਾ ਨੂੰ ਕਿਹਾ ਤੁਹਾਡਾ ਪਤੀ ਕਿੱਥੇ ਹੈ? ਨੀਮਾ ਨੇ ਆਪਣੇ ਪਤੀ ਨੂੰ ਬੁਲਾਇਆ ਉਹ ਭਿੱਜੀਆਂ ਅੱਖਾਂ ਨਾਲ ਹਾਜ਼ਰ ਹੋਇਆ ਅਤੇ ਸਾਧੂ ਨੂੰ ਪ੍ਰਣਾਮ ਕੀਤਾ। ਸਾਧੂ ਰੂਪ ਵਿੱਚ ਸ਼ਿਵ ਨੇ ਕਿਹਾ ਨੀਰੂ! ਤੁਸੀਂ ਇੱਕ ਕੁਆਰੀ ਗਾਂ ਲਿਆਓ ਉਹ ਦੁੱਧ ਦੇਵੇਗੀ। ਉਸ ਦੁੱਧ ਨੂੰ ਇਹ ਬਾਲਕ ਪੀਵੇਗਾ। ਨੀਰੂ ਕੁਆਰੀ ਗਾਂ ਲੈ ਆਇਆ ਅਤੇ ਨਾਲ ਹੀ ਘੁਮਿਆਰ ਦੇ ਘਰੋਂ ਇਕ ਤਾਜ਼ਾ ਛੋਟਾ ਘੜਾ (ਚਾਰ ਕਿ.ਗ੍ਰਾਮ. ਸਮਰੱਥਾ ਦਾ ਮਿੱਟੀ ਦਾ ਬਰਤਨ ) ਵੀ ਲੈ ਆਇਆ। ਪਰਮੇਸ਼ਵਰ ਕਬੀਰ ਜੀ ਦੇ ਆਦੇਸ਼ ਅਨੁਸਾਰ ਸਾਧੂ ਰੂਪਧਾਰੀ ਸ਼ਿਵ ਜੀ ਨੇ ਉਸ ਕੁਆਰੀ ਗਾਂ ਦੀ ਪਿੱਠ ਤੇ ਹੱਥ ਮਾਰਿਆ ਜਿਵੇਂ ਥੱਪਕੀ ਲਗਾਉਂਦੇ ਹਨ। ਗਊ ਮਾਤਾ ਦੇ ਥਣ ਲੰਬੇ ਲੰਬੇ ਹੋ ਗਏ ਅਤੇ ਥਣਾਂ ਤੋਂ ਦੁੱਧ ਦੀ ਧਾਰ ਵਹਿ ਚਲੀ। ਨੀਰੂ ਨੂੰ ਪਹਿਲਾਂ ਹੀ ਉਹ ਬਰਤਨ ਥਣਾਂ ਦੇ ਥੱਲੇ ਰੱਖਣ ਦਾ ਆਦੇਸ਼ ਦਿੱਤਾ ਹੋਇਆ ਸੀ। ਦੁੱਧ ਦਾ ਬਰਤਨ ਭਰਦੇ ਹੀ ਥਣਾਂ ਤੋਂ ਦੁੱਧ ਨਿਕਲਣਾ ਬੰਦ ਹੋ ਗਿਆ। ਉਹ ਦੁੱਧ ਸ਼ਿਸ਼ੂ ਰੂਪਧਾਰੀ ਕਬੀਰ ਪਰਮੇਸ਼ਵਰ ਜੀ ਨੇ ਪੀਤਾ। ਨੀਰੂ ਨੀਮਾ ਨੇ ਸਾਧੂ ਰੂਪਧਾਰੀ ਭਗਵਾਨ ਸ਼ਿਵ ਜੀ ਦੇ ਚਰਨ ਲਏ ਅਤੇ ਕਿਹਾ ਕਿ ਤੁਸੀਂ ਤਾਂ ਸਾਖਸ਼ਾਤ ਭਗਵਾਨ ਸ਼ਿਵ ਦੇ ਰੂਪ ਹੋ। ਤੁਹਾਨੂੰ ਭਗਵਾਨ ਸ਼ਿਵ ਨੇ ਹੀ ਸਾਡੀ ਪੁਕਾਰ ਸੁਣ ਕੇ ਭੇ-ਜਿਆ ਹੈ। ਅਸੀਂ ਗਰੀਬ ਵਿਅਕਤੀ ਤੁਹਾਨੂੰ ਕੀ ਦੱਕਸ਼ਿਣਾ ਦੇ ਸਕਦੇ ਹਾਂ? ਹੇ ਬ੍ਰਾਹਮਣ ! 24 ਦਿਨਾਂ ਤੋਂ ਅਸੀਂ ਕੋਈ ਕੱਪੜਾ ਨਹੀਂ ਬੁਣਿਆ ਹੈ। ਸਾਧੂ ਰੂਪਧਾਰੀ ਭਗਵਾਨ ਸ਼ੰਕਰ ਬੋਲੇ! ਸਾਧੂ ਭੂਖਾ ਭਾਵ ਕਾ, ਧਨ ਕਾ ਭੂਖਾ ਨਾਹੀਂ। ਜੋ ਹੈ ਭੂਖਾ ਧਨ ਕਾ, ਵਹ ਤੋਂ ਸਾਧੂ ਨਾਹੀਂ। ਇਹ ਕਹਿ ਕੇ ਬ੍ਰਾਹਮਣ ਰੂਪਧਾਰੀ ਸ਼ਿਵ ਜੀ ਉਥੋਂ ਚਲੇ ਗਏ।

## ॥ ਬੰਦੀ ਛੋੜ ਕਬੀਰ ਪਰਮੇਸ਼ਵਰ ਦਾ ਕਲਯੁਗ ਵਿੱਚ ਪ੍ਰਗਟ – ਹੋਣਾ॥
## (ਸੰਤ ਗਰੀਬਦਾਸ ਜੀ ਦੀ ਬਾਣੀ)

ਗਰੀਬ, ਚੌਰਾਸੀ ਬੰਧਨ ਕਟੇ, ਕੀਨੀ ਕਲਪ ਕਬੀਰ।
ਭੁਵਨ ਚਤੁਰਦਸ਼ ਲੋਕ ਸਬ, ਟੂਟੈਂ ਜਮ ਜੰਜੀਰ॥1॥
ਗਰੀਬ, ਅਨੰਤ ਕੋਟਿ ਬ੍ਰਹਿਮੰਡ ਮੇਂ, ਬੰਦੀ ਛੋੜ ਕਹਾਏ।
ਸੋ ਤੋ ਏਕ ਕਬੀਰ ਹੈਂ, ਜਨਨੀ ਜਨਯਾ ਨਾ ਮਾਯ॥2॥
ਗਰੀਬ, ਸ਼ਬਦ ਸਵਰੂਪ ਸਾਹਿਬ ਧਨੀ, ਸ਼ਬਦ ਸਿੰਧ ਸਬ ਮਾਂਹਿ।
ਬਾਹਰ ਭੀਤਰ ਰਮ ਰਹਯਾ, ਜਹਾਂ ਤਹਾਂ ਸਬ ਠਾਂਹਿ॥3॥
ਗਰੀਬ, ਜਲ ਥਲ ਪ੍ਰਿਥਵੀ ਗਗਨ ਮੇਂ, ਬਾਹਰ ਭੀਤਰ ਏਕ।
ਪੂਰਣ ਬ੍ਰਹਮ ਕਬੀਰ ਹੈਂ, ਅਬਿਗਤ ਪੁਰਸ਼ ਅਲੇਖ॥4॥
ਗਰੀਬ, ਸੇਵਕ ਹੋਯ ਕਰ ਉਤਰੇ, ਇਸ ਪ੍ਰਿਥਵੀ ਕੇ ਮਾਂਹਿ।
ਜੀਵ ਉਧਾਰਨ ਜਗਤਗੁਰੂ, ਬਾਰ ਬਾਰ ਬਲਿ ਜਾਂਹਿ॥5॥

## ॥ ਨੀਰੂ ਨੀਮਾ ਨੂੰ ਸ਼ੀਸ਼ੂ ਰੂਪ ਵਿੱਚ ਮਿਲੇ॥

ਗਰੀਬ, ਕਾਸ਼ੀ ਪੁਰੀ ਕਸਤ ਕੀਯਾ, ਉਤਰੇ ਅਧਰ ਆਧਾਰ।
ਮੋਮਨ ਕੂੰ ਮੁਜਰਾ ਹੁਵਾ ਜੰਗਲ ਮੇਂ ਦੀਦਾਰ॥1॥
ਗਰੀਬ, ਕੋਟਿ ਕਿਰਣ ਸ਼ਸ਼ੀ ਭਾਨ ਸੁਧਿ, ਆਸਨ ਅਧਰ ਵਿਮਾਨ।
ਪਰਸਤ ਪੂਰਣ ਬ੍ਰਹਮ ਕੂੰ, ਸ਼ੀਤਲ ਪਿੰਡ ਰੂ ਪ੍ਰਾਣ॥2॥
ਗਰੀਬ, ਗੋਦ ਲਿਆ ਮੁੱਖ ਚੁੰਮ ਕਰਿ, ਹੇਮ ਰੂਪ ਝਲਕੰਤ।
ਜਗਰ ਮਗਰ ਕਾਯਾ ਕਰੈ, ਦਮਕੈਂ ਪਦਮ ਅਨੰਤ॥13॥
ਗਰੀਬ, ਕਾਸ਼ੀ ਉਮਟੀ ਗੁਲ ਭਯਾ, ਮੋਮਨ ਕਾ ਘਰ ਘੇਰ।
ਕੋਈ ਕਹੈ ਬ੍ਰਹਮਾ ਵਿਸ਼ਨੂੰ ਹੈ, ਕੋਈ ਕਹੇ ਇੰਦਰ ਕੁਬੇਰ ॥14॥
ਗਰੀਬ, ਕਹੈ ਵਰੁਣ ਧਰਮਰਾਯ ਹੈ, ਕੋਈ ਕੋਈ ਕਹਿਤੇ ਈਸ਼।
ਸੋਲਹ ਕਲਾ ਸੁਭਾਂਨ ਗਤਿ, ਕੋਈ ਕਹੈ ਜਗਦੀਸ਼ ॥5॥
ਗਰੀਬ, ਭਗਤੀ ਮੁਕਤੀ ਲੇ ਉਤਰੇ, ਮੇਟਨ ਤੀਨੂੰ ਤਾਪ।
ਮੋਮਨ ਕੇ ਡੇਰਾ ਲਿਆ, ਕਹੈ ਕਬੀਰਾ ਬਾਪ॥6॥
ਗਰੀਬ, ਦੂਧ ਨਾ ਪੀਵੈ ਨਾ ਅੰਨ ਭਖੈ, ਨਹੀ ਪਲਨੇ ਝੂਲੰਤ।
ਅਧਰ ਅਮਾਨ ਧਿਆਨ ਮੇਂ, ਕਮਲ ਕਲਾ ਫੂਲੰਤ ॥7॥
ਗਰੀਬ, ਕੋਈ ਕਹੈ ਛਲ ਈਸ਼ਵਰ ਨਹੀ, ਕੋਈ ਕਿੰਨਰ ਕਹਲਾਯ।
ਕੋਈ ਕਹੈ ਗਣ ਈਸ਼ ਕਾ, ਜਿਉਂ ਜਿਉਂ ਮਾਤ ਰਿਸਾਯ ॥8॥
ਗਰੀਬ, ਖਲਕ ਮੁਲਕ ਦੇਖਨ ਗਿਆ, ਰਾਜਾ ਪ੍ਰਜਾ ਰੀਤ।
ਜੰਬੂ ਦੀਪ ਜਿਹਾਂਨ ਮੇਂ, ਉਤਰੇ ਸ਼ਬਦ ਅਤੀਤ ॥9॥
ਗਰੀਬ, ਦੁਨੀ ਕਹੈ ਯੌਹ ਦੇਵ ਹੈ, ਦੇਵ ਕਹਤ ਹੈਂ ਈਸ਼।
ਈਸ਼ ਕਹੈ ਪਰਬ੍ਰਹਮ ਹੈ, ਪੂਰਣ ਬਿਸਵੇ ਵੀਸ ॥10॥

## ॥ ਸ਼ਿਸ਼ੂ ਰੂਪ ਪਰਮੇਸ਼ਵਰ ਦਾ ਨਾਮਕਰਣ ॥

ਗਰੀਬ, ਕਾਜ਼ੀ ਗਏ ਕੁਰਾਨ ਲੇ, ਧਰਿ ਲਰਕੇ ਕਾ ਨਾਮ।
ਅਕਸ਼ਰ ਅਕਸ਼ਰ ਮੇਂ ਫੁਰਯਾ, ਧੰਨ ਕਬੀਰ ਬਲਿਜਾਂਵ॥1॥
ਗਰੀਬ, ਸਕਲ ਕੁਰਾਨ ਕਬੀਰ ਹੈਂ, ਹਰਫ਼ ਲਿਖੇ ਜੋ ਲੇਖ।
ਕਾਸ਼ੀ ਕੇ ਕਾਜ਼ੀ ਕਹੈਂ, ਗਈ ਦੀਨ ਕੀ ਟੇਕ॥2॥

## ॥ ਸ਼ਿਸ਼ੂ ਕਬੀਰ ਪਰਮੇਸ਼ਵਰ ਦੁਆਰਾ ਕੁਆਰੀ ਗਾਂ ਦਾ ਦੁੱਧ ਪੀਣ ਦਾ ਵਰਣਨ ॥

ਗਰੀਬ, ਸ਼ਿਵ ਉਤਰੇ ਸ਼ਿਵਪੁਰੀ ਸੇ, ਅਬਿਗਤ ਬਦਨ ਵਿਨੋਦ।
ਮਹਿਕੇ ਕਮਲ ਖੁਸ਼ੀ ਭਏ, ਲੀਯਾ ਈਸ਼ ਕੂੰ ਗੋਦ॥1॥
ਗਰੀਬ, ਨਜ਼ਰ ਨਜ਼ਰ ਸੇ ਮਿਲ ਗਈ, ਕੀਆ ਈਸ਼ ਪ੍ਰਣਾਮ।
ਧੰਨ ਮੋਮਨ ਧੰਨ ਪੂਰਨਾ, ਧੰਨ ਕਾਸ਼ੀ ਨਿਹਕਾਮ॥2॥
ਗਰੀਬ, ਸਾਤ ਬਾਰ ਚਰਚਾ ਕਰੀ, ਬੋਲੇ ਬਾਲਕ ਬੈਂਨ।
ਸ਼ਿਵ ਕੂੰ ਕਰ ਮਸਤਕ ਧਰਯਾ, ਲਯਾ ਮੋਮਨ ਏਕ ਧੈਂਨ ॥3॥
ਗਰੀਬ, ਅਨਬਯਾਵਰ ਕੂੰ ਦੂਹਤ ਹੈ, ਦੂਧ ਦਿਯਾ ਤਤਕਾਲ।
ਪੀਵੈ ਬਾਲਕ ਬ੍ਰਹਮ ਗਤੀ, ਤਹਾਂ ਸ਼ਿਵ ਭਏ ਦਿਆਲ॥4॥
ਗਰੀਬ, ਸ਼ਸ਼ਟ ਮਾਸ ਕੇ ਜਦਿ ਭਏ, ਨਿਤ ਦਹਨਾਂਵਰ ਦੇਹ।
ਚਰਣ ਚਲੇਂ ਨਿਤ ਪੁਰੀ ਮੇਂ, ਯਾਹ ਸ਼ਿਕਸ਼ਾ ਨਿਤ ਲੇਹ॥5॥

## ॥ਸਵਾਮੀ ਰਾਮਾਨੰਦ ਜੀ ਨੂੰ ਸ਼ਰਣ ਵਿੱਚ ਲੈਣਾ॥

ਗਰੀਬ, ਭਗਤੀ ਦ੍ਰਾਵਿੜ ਦੇਸ਼ ਥੀ, ਇਹਾਂ ਨਹੀਂ ਏਕ ਰਿੰਚ।
ਊਤ ਭੂਤ ਕੀ ਧਯਾਵਨਾ, ਪਾਖੰਡ ਔਰ ਪ੍ਰਪੰਚ॥1॥
ਗਰੀਬ ਰਾਮਾਨੰਦ ਆਨੰਦ ਮੇਂ, ਕਾਸ਼ੀ ਨਗਰ ਮੰਝਾਰ।
ਦੇਸ਼ ਦ੍ਰਾਵਿੜ ਛਾਡਿ ਕਰਿ, ਆਏ ਪੁਰੀ ਵਿਚਾਰ॥2॥
ਗਰੀਬ, ਜੋਗ ਜੁਗਤਿ ਪ੍ਰਾਣਾਯਾਮ ਕਰਿ, ਜੀਤਯਾ ਸਕਲ ਸ਼ਰੀਰ।
ਤ੍ਰਿਵੈਣੀ ਕੇ ਘਾਟ ਮੇਂ, ਅਟਕ ਰਹੇ ਬਲਬੀਰ॥3॥
ਗਰੀਬ, ਤੀਰਥ ਵ੍ਰਤ ਏਕਾਦਸ਼ੀ, ਗੰਗੋਦਕ ਅਸਨਾਨ।
ਪੂਜਾ ਵਿਧੀ ਵਿਧਾਨ ਸੇ, ਸਰਵ ਕਲਾ ਸੁਰ ਗਿਆਨ॥4॥
ਗਰੀਬ, ਕਰੈ ਮਾਨਸੀ ਸੇਵ ਨਿਤ, ਆਤਮ ਤੱਤਵ ਕਾ ਧਿਆਨ।
ਸ਼ਟ ਪੂਜਾ ਆਰੰਭ ਗਤਿ, ਧੂਪ ਦੀਪ ਵਿਧਾਨ॥5॥
ਗਰੀਬ, ਚੌਦਹ ਸੇ ਚੇਲੇ ਕੀਏ, ਕਾਸ਼ੀ ਨਗਰ ਮੰਝਾਰ।
ਚਾਰ ਸੰਪਰਦਾ ਚਲਤ ਹੈ, ਔਰ ਬਾਵਨ ਦਰਬਾਰ॥6॥

## ॥ ਸਵਾਮੀ ਰਾਮਾਨੰਦ ਤੋਂ ਦਿਖਿਆ ਲੈਣ ਦਾ ਵਰਨਣ॥

ਪੰਚ ਵਰਸ਼ ਕੇ ਜਦਿ ਭਯੇ, ਕਾਸ਼ੀ ਮੰਝ ਕਬੀਰ।
ਦਾਸ ਗਰੀਬ ਅਜਬ ਕਲਾ, ਗਿਆਨ ਧਿਆਨ ਗੁਣ ਥੀਰ॥ 1॥
ਗੁਲ ਭਯਾ ਕਾਸ਼ੀ ਪੁਰੀ, ਅਟਪਟੇ ਬੈਂਨ ਬਿਹੰਗ ।
ਦਾਸ ਗਰੀਬ ਗੁਨੀ ਥਕੇ, ਸੁਨ ਜੁਲਹਾ ਪ੍ਰਸੰਗ ॥ 2 ॥
ਰਾਮਾਨੰਦ ਅਧਿਕਾਰ ਸੁਨ, ਜੁਲਹਾ ਅਕ ਜਗਦੀਸ਼।
ਦਾਸ ਗਰੀਬ ਬਿਲੰਬ ਨਾ, ਤਾਹਿ ਨਵਾਵਤ ਸ਼ੀਸ਼॥ 3 ॥
ਰਾਮਾਨੰਦ ਕੂੰ ਗੁਰੂ ਕਹੈ, ਤਨ ਸੇ ਨਹੀਂ ਮਿਲਾਤ।
ਦਾਸ ਗਰੀਬ ਦਰਸ਼ਨ ਭਯੇ, ਪੈਂਡੇ ਲਗੀ ਜੁੰ ਲਾਤ॥ 4 ॥
ਪੰਥ ਚਲਤ ਠੋਕਰ ਲਗੀ, ਰਾਮ ਨਾਮ ਕਹਿ ਦੀਨ।
ਦਾਸ ਗਰੀਬ ਕਸਰ ਨਹੀਂ, ਸੀਖ ਲਈ ਪ੍ਰਵੀਨ॥ 5 ॥

## ॥ ਬਾਲਕ ਕਬੀਰ ਜੀ ਨੇ ਰਾਮਾਨੰਦ ਜੀ ਨੂੰ ਦੱਸਿਆ "ਮੈਂ ਪਰਮੇਸ਼ਵਰ ਹਾਂ"॥

ਆਡਾ ਪੜਦਾ ਲਾਯ ਕਰ, ਰਾਮਾਨੰਦ ਬੂਝੰਤ ।
ਦਾਸ ਗਰੀਬ ਕੁਲੰਗ ਛਵਿ, ਅਧਰ ਡਾਕ ਕੂਦੰਤ ॥ 1॥
ਕੌਨ ਜਾਤਿ ਕੁਲ ਪੰਥ ਹੈ, ਕੌਨ ਤੁਮਹਾਰਾ ਨਾਮ।
ਦਾਸ ਗਰੀਬ ਅਧੀਨ ਗਤਿ, ਬੋਲਤ ਹੈ ਬਲਿ ਜਾਂਵ॥ 2॥
ਜਾਤਿ ਹਮਾਰੀ ਜਗਤਗੁਰੂ, ਪਰਮੇਸ਼ਵਰ ਪਦ ਪੰਥ ।
ਦਾਸ ਗਰੀਬ ਲਿਖਤ ਪਰੈ, ਨਾਮ ਨਿਰੰਜਨ ਕੰਤ ॥3॥
ਰੇ ਬਾਲਕ ਸੁਨ ਦੁਰਬੁੱਧਿ, ਘਟ ਮਠ ਤਨ ਆਕਾਰ ।
ਦਾਸ ਗਰੀਬ ਦਰਦ ਲਗਯਾ, ਹੋ ਬੋਲੇ ਸਿਰਜਨਹਾਰ॥ 4॥
ਤੁਮ ਮੋਮਨ ਕੇ ਪਾਲਵਾ, ਜੁਲਹੇ ਕੇ ਘਰ ਵਾਸ।
ਦਾਸ ਗਰੀਬ ਅਗਿਆਨ ਗਤਿ, ਏਤਾ ਦ੍ਰਿੜ ਵਿਸ਼ਵਾਸ॥5॥
ਮਾਨ ਬੜਾਈ ਛਾਡਿ ਕਰਿ, ਬੋਲੋ ਬਾਲਕ ਬੈਂਨ।
ਦਾਸ ਗਰੀਬ ਅਧਮ ਮੁਖੀ, ਏਤਾ ਤੁਮ ਘਟ ਫੈਂਨ॥6॥
ਕਲਯੁਗ ਖੇਤ੍ਰਪਾਲ ਹੈਂ, ਕਯਾ ਭੈਰੋਂ ਕੋਈ ਭੂਤ।
ਦਾਸ ਗਰੀਬ ਦਤਬ ਬਿਨਾ, ਗਯਾ ਜਗਤ ਸਬ ਊਤ॥7॥
ਮਨੀ ਮਗਜ ਮਾਯਾ ਤਜੋ, ਤਜੋ ਮਾਨ ਗੁਮਾਨ ।
ਦਾਸ ਗਰੀਬ ਸੁਬਾਤ ਕਹਿ, ਨਹੀਂ ਪਾਵੌਂਗੇ ਜਾਨ॥ 8॥
ਏ ਬਾਲਕ ਬੁੱਧੀ ਤੋਰ ਗਤਿ, ਕੂੜਿ ਸਾਖਿ ਨ ਭਾਂਡਿ ।
ਦਾਸਗਰੀਬ ਹਦੀਸ ਕਰ, ਨਹੀਂ ਲੇਵੈਂਗੇ ਡਾਂਡੀ ॥9 ॥
ਸ਼ਾਹ ਸਿਕੰਦਰ ਸੇ ਕਹੂੰ ਬਾਂਧੈ, ਪਗ ਉਪਰ ਤਰ ਸ਼ੀਸ਼॥
ਦਾਸ ਗਰੀਬ ਅਗਿਆਨ ਗਤਿ, ਤੋਰ ਕਹਯਾ ਜਗਦੀਸ਼॥10॥
ਜੜੇਂਗੇ ਹਾਥ ਹਥੌਕੜੀ, ਗਲ ਮੇ ਤੌਂਕ ਜੰਜੀਰ ।

ਦਾਸ ਗਰੀਬ ਪਰਖ ਬਿਨਾ, ਯਹ ਬਾਨੀ ਗੁਨ ਕੀਰ ॥11॥
ਪਰਖ ਨਿਰਖ ਨਹੀਂ ਤੋਰ ਕੂੰ, ਨੀਚ ਕੁਲੀਨ ਕੁਜਾਤਿ ।
ਦਾਸ ਗਰੀਬ ਅਕਲ ਬਿਨਾ, ਤੈਂ ਜੁ ਕਹੀ ਕਿਆ ਬਾਤ ॥12॥
ਰੇ ਬਾਲਕ ਨੀਚੀ ਕਲਾ, ਤੁਮ ਹੋਇ ਬੋਲੇ ਊਂਚ ।
ਦਾਸ ਗਰੀਬ ਪਲਕ ਘਰੀ, ਖਬਰ ਨਹੀਂ ਦਮ ਕੂੰਚ ॥13॥
ਮਹਿਕੇ ਬਦਨ ਖੁਲਾਸ ਕਰਿ, ਸੁਨ ਸੁਆਮੀ ਪਰਵੀਨ
ਦਾਸ ਗਰੀਬ ਮਨੀ ਮਰੇ, ਮੈਂ ਆਜਿਜ ਆਧੀਨ॥14॥
ਮੈਂ ਅਬਿਗਤ ਗਤਿ ਸੇ ਪਰੇ, ਚਾਰ ਬੇਦ ਸੇ ਦੂਰ ।
ਦਾਸ ਗਰੀਬ ਦਸ਼ੌਂ ਦਿਸ਼ਾ, ਸਕਲ ਸਿੰਧ ਭਰਪੂਰ ॥15॥
ਸਕਲ ਸਿੰਧ ਭਰਪੂਰ ਹੂੰ, ਖਾਲਿਕ ਹਮਰਾ ਨਾਮ ।
ਦਾਸ ਗਰੀਬ ਅਜਾਤਿ ਹੂੰ, ਤੈਂ ਜੂੰ ਕਹਯਾ ਬਲਿ ਜਾਂਵ ॥16॥
ਜਾਤਿ ਪਾਤਿ ਮੇਰੇ ਨਹੀਂ, ਬਸਤੀ ਹੈ ਬਿਨ ਥਾਮ ।
ਦਾਸ ਗਰੀਬ ਅਨਿਨ ਗਤਿ, ਤਨ ਮੇਰਾ ਬਿਨ ਚਾਮ॥17॥
ਏ ਸੁਆਮੀ ਸ੍ਰਿਸ਼ਟਾ ਮੈਂ, ਸ੍ਰਿਸ਼ਟੀ ਹਮਾਰੇ ਤੀਰ ।
ਦਾਸ ਗਰੀਬ ਅਧਰ ਬਸੂੰ, ਅਬਿਗਤ ਸਤ ਕਬੀਰ॥18॥
ਅਨੰਤ ਕੋਟਿ ਸਲਿਤਾ ਬਹੈਂ, ਅਨੰਤ ਕੋਟਿ ਗਿਰਿ ਊਂਚ ।
ਦਾਸ ਗਰੀਬ ਸਦਾ ਰਹੂੰ, ਨਹੀਂ ਹਮਾਰੇ ਕੂੰਚ ॥19॥
ਪੌਹਮੀ ਧਰਣਿ ਆਕਾਸ਼ ਮੇਂ, ਮੈਂ ਵਿਆਪਕ ਸਭ ਠੌਰ ।
ਦਾਸ ਗਰੀਬ ਨ ਦੂਸਰਾ, ਹਮ ਸਮਤੁਲ ਨਹੀਂ ਔਰ ॥20॥
ਮੈਂ ਸਤਿਗੁਰ ਮੈਂ ਦਾਸ ਹੂੰ, ਮੈਂ ਹੰਸਾ ਮੈਂ ਬੰਸ ।
ਦਾਸ ਗਰੀਬ ਦਿਆਲ ਮੈਂ, ਮੈਂ ਹੀ ਕਰੂੰ ਪਾਪ ਵਿਧਵੰਸ ॥21॥
ਮਮਤਾ ਮਾਇਆ ਹਮ ਰਚੀ, ਕਾਲ ਜਾਲ ਸਭ ਜੀਵ ।
ਦਾਸ ਗਰੀਬ ਪ੍ਰਾਣ ਪਦ, ਹਮ ਦਾਸਾਤਨ ਪੀਵ॥22॥
ਹਮ ਦਾਸਨ ਕੇ ਦਾਸ ਹੈਂ, ਕਰਤਾ ਪੁਰਸ਼ ਕਰੀਮ ।
ਦਾਸ ਗਰੀਬ ਅਵਧੂਤ ਹਮ, ਹਮ ਬ੍ਰਹਮਚਾਰੀ ਸੀਮ ॥23॥
ਸੁਨ ਰਾਮਾਨੰਦ ਰਾਮ ਮੈਂ, ਮੈਂ ਬਾਵਨ ਨਰਸਿੰਹ ।
ਦਾਸ ਗਰੀਬ ਸਰਵ ਕਲਾ, ਮੈਂ ਹੀ ਵਿਆਪਕ ਸਰਬੰਗ ॥24॥
ਹਮ ਮੌਲਾ ਸਭ ਮੁਲਕ ਮੇਂ, ਮੁਲਕ ਹਮਾਰੇ ਮਾਂਹਿ ।
ਦਾਸ ਗਰੀਬ ਦਿਆਲ ਹਮ, ਹਮਸੇਂ ਦੂਸਰ ਕਛੂ ਨਾਂਹਿ ॥25॥
ਹਮ ਸੇ ਹੀ ਪਾਨੀ ਹਮ ਪਵਨ ਹੈਂ, ਹਮਸੇ ਹੀਂ ਧਰਣਿ ਅਕਾਸ਼ ।
ਦਾਸ ਗਰੀਬ ਤੱਤਵ ਪੰਚ ਮੇਂ, ਹਮ ਹੀ ਸ਼ਬਦ ਨਿਵਾਸ ॥26॥
ਸੁੰਨ ਸਵਾਮੀ ਸਤਿ ਬਾਖ ਹੂੰ, ਝੂਠ ਨਾ ਹਮਰੈ ਰਿੰਚ ।
ਦਾਸ ਗਰੀਬ ਹਮ ਰੂਪ ਬਿਨ, ਔਰ ਸਕਲ ਪ੍ਰਪੰਚ ॥27॥
ਹਮ ਮੁਕਤਾ ਹਮ ਨਹੀ ਬੰਧ ਮੇਂ, ਹਮ ਖਯਾਲੀ ਖੁਸ਼ਹਾਲ ।
ਦਾਸ ਗਰੀਬ ਸਬ ਸ੍ਰਿਸ਼ਟੀ ਮੇਂ, ਟੋਹਤ ਹੈਂ ਹੰਸ ਲਾਲ ॥28॥
ਮੈਂ ਰੋਵਤ ਹੂੰ ਸ੍ਰਿਸ਼ਟੀ ਕੂੰ, ਸ੍ਰਿਸ਼ਟੀ ਰੋਵਤੀ ਮੋਹਿ ।

ਦਾਸ ਗਰੀਬ ਬਿਜੋਗ ਕੂੰ, ਬੂਝੈ ਔਰ ਨ ਕੋਯ ॥29॥
ਮੈਂ ਬੂਝੂੰ ਮੈਂ ਹੀ ਕਹੂੰ, ਹਮ ਹੀਂ ਕਿਆ ਬਿਜੋਗ ।
ਗਰੀਬਦਾਸ ਗਲਤਾਨ ਹਮ, ਸ਼ਬਦ ਹਮਾਰਾ ਭੋਗ ॥30॥
ਚਾਰ ਜੁਗਨ ਮੇਂ ਹਮ ਫਿਰੈਂ, ਮੈਂ ਆਵੂੰ ਮੈਂ ਜਾਂਵ ।
ਗਰੀਬਦਾਸ ਗੁਰੂ ਭੇਦ ਸੇ, ਲਖੋ ਹਮਾਰੀ ਠਾਂਵ ॥31॥
ਸੁਨ ਸਵਾਮੀ ਸ਼ਰ ਘਾਲਿ ਹੂੰ, ਵਾਰ ਪਾਰ ਫੂਟੰਤ ।
ਗਰੀਬਦਾਸ ਜੀਵ ਅਭਯ ਹੋਯ, ਕਾਲ ਕਰਮ ਛੂਟੰਤ ॥32॥
ਜੇਤਾ ਅੰਜਨ ਆਂਜਿਯੇ, ਚਿਸਮਯੌਂ ਮੇਂ ਚਮਕੰਤ ।
ਗਰੀਬਦਾਸ ਹਰਿ ਭਗਤੀ ਬਿਨ, ਮਾਲ ਬਾਲ ਜਯੂੰ ਜੰਤ॥33॥
ਕਨੀ ਧਨੀ ਕੇ ਪਾਸ ਹੈਂ, ਧਨੀ ਕਨੀ ਨਹੀਂ ਦੇਤ ।
ਗਰੀਬਦਾਸ ਬੋਏ ਬਿਨਾ, ਜਿਨ ਕੇ ਖਾਲੀ ਖੇਤ ॥34॥
ਲਗੀ ਮੁਹੀਮ ਗਨੀਮ ਪਰ, ਕਾਲ ਕਟਕ ਕੂਟੰਤ ।
ਦਾਸ ਗਰੀਬ ਨਿਰਭਯ ਕਰੂੰ, ਜੋ ਕੋਈ ਨਾਮ ਜਪੰਤ ॥35॥
ਮਾਰਗ ਬੰਕ ਅਗਾਧ ਗਤਿ, ਚਲਤ ਚਲਤ ਜੁਗ ਜਾਂਹਿ ।
ਗਰੀਬਦਾਸ ਘਰ ਅਗਮ ਹੈ, ਜਹਾਂ ਜਨਮ- ਮਰਣ ਕਬਹੁ ਨਾਹੀਂ ॥36॥
ਗਗਨ ਸੁੰਨ ਗੁਪਤਾ ਰਹੂੰ, ਹਮ ਪ੍ਰਗਟ ਪ੍ਰਵਾਹ ।
ਗਰੀਬਦਾਸ ਘਟ ਘਟ ਬਸੂੰ, ਵਿਕਟ ਹਮਾਰੀ ਰਾਹ ॥37॥
ਆਵਤ ਜਾਤ ਨ ਦੀਖ ਹੂੰ, ਰਹਤਾ ਸਕਲ ਸਮੀਪ ।
ਗਰੀਬਦਾਸ ਜਲ ਤਰੰਗ ਹੂੰ, ਹਮ ਹੀ ਸਾਯਰ ਸੀਪ ॥38॥
ਗੋਤਾ ਲਾਊਂ ਸਵਰਗ ਸੇ, ਫਿਰ ਪੈਠੂੰ ਪਾਤਾਲ ।
ਗਰੀਬਦਾਸ ਢੂੰਢਤ ਫਿਰੂੰ, ਹੀਰੇ ਮਾਣਿਕ ਲਾਲ ॥39॥
ਇਸ ਦਰੀਆ ਕੰਕਰ ਬਹੁਤ, ਲਾਲ ਕਹੀਂ ਕਹੀਂ ਠਾਵ ।
ਗਰੀਬਦਾਸ ਮਾਣਿਕ ਚੁਗੈਂ, ਹਮ ਮੁਰਜੀਵਾ ਨਾਮ ॥40॥

## ॥ ਸਵਾਮੀ ਰਾਮਾਨੰਦ ਜੀ ਦੇ ਮਨ ਦੀ ਗੱਲ ਦੱਸਣਾ ॥

ਮਨ ਸੋਚਤ ਰਾਮਾਨੰਦ, ਯਹ ਬਾਲਕ ਨਹੀਂ ਕੋਈ ਦੇਵ ।
ਪ੍ਰਥਮ ਨਿਤ ਨੇਮ ਕਰੂੰ, ਫਿਰ ਪੂਛੂੰ ਸਭ ਭੇਵ ॥1॥
ਬੋਲਤ ਰਾਮਾਨੰਦ ਜੀ, ਹਮ ਘਰ ਬੜਾ ਸੁਕਾਲ ।
ਗਰੀਬਦਾਸ ਪੂਜਾ ਕਰੈਂ , ਮੁਕਟ ਫਹੀ ਜਦਿ ਮਾਲ ॥2॥
ਸੇਵਾ ਕਰੋ ਸੰਭਾਲ ਕਰ, ਸੁਨ ਸਵਾਮੀ ਸੁਰ ਗਿਆਨ ।

ਗਰੀਬਦਾਸ ਸਿਰ ਮੁਕਟ ਧਰਿ, ਮਾਲਾ ਅਟਕੀ ਜਾਨ॥3॥
ਸਵਾਮੀ ਘੁੰਡੀ ਖੋਲ ਕਰ, ਫਿਰ ਮਾਲਾ ਗਲ ਡਾਰ ।

ਗਰੀਬਦਾਸ ਇਸ ਭਜਨ ਕੂੰ, ਜਾਨਤ ਹੈ ਕਰਤਾਰ॥4॥
ਡਯੋਢੀ ਪਰਦਾ ਦੂਰਿ ਕਰਿ, ਲੀਆ ਕੰਠ ਲਗਾਯ।
ਗਰੀਬਦਾਸ ਗੁਜਰੀ ਬੌਹਤ, ਬਦਨੇ ਬਦਨ ਮਿਲਾਯ॥5॥
ਮਨ ਕੀ ਪੂਜਾ ਤੁਮ ਲਖੀ, ਮੁਕੁਟ ਮਾਲ ਪ੍ਰਵੇਸ਼ ।
ਗਰੀਬਦਾਸ ਗਤਿ ਕੋ ਲਖੈ, ਕੌਨ ਵਰਣ ਕਯਾ ਭੇਸ਼॥6॥
ਯੇਹ ਤੋ ਤੁਮ ਸ਼ਿਕਸ਼ਾ ਦਈ, ਮਾਨਿ ਲਈ ਮਨ ਮੋਰ ।
ਗਰੀਬਦਾਸ ਕੋਮਲ ਪੁਰਸ਼, ਹਮਰਾ ਬਦਨ ਕਠੋਰ॥7॥

## ॥ਸਵਾਮੀ ਰਾਮਾਨੰਦ ਜੀ ਨੂੰ ਤੱਤਵਗਿਆਨ ਸਮਝਾਉਣਾ॥

### "ਕਬੀਰ ਬਚਨ"

ਏ ਸਵਾਮੀ ਤੁਮ ਸਵਰਗ ਕੀ, ਛਾਡੋ ਆਸ਼ਾ ਰੀਤਿ।
ਗਰੀਬਦਾਸ ਤੁਮ ਕਾਰਣੈਂ, ਉਤਰੇ ਸ਼ਬਦਾਤੀਤ॥1॥

### "ਰਾਮਾਨੰਦ ਬਚਨ"

ਸੁਨਿ ਬੱਚਾ ਮੈਂ ਸਵਰਗ ਕੀ, ਕੈਸੇ ਛਾਡੌਂ ਰੀਤਿ ।
ਗਰੀਬਦਾਸ ਗੁਦਰੀ ਲਗੀ, ਜਨਮ ਜਾਤ ਹੈ ਬੀਤ॥2॥
ਚਾਰਿ ਮੁਕਤਿ ਬੈਕੁੰਠ ਮੇਂ, ਜਿਨ ਕੀ ਮੋਰੈ ਚਾਹ ।
ਗਰੀਬਦਾਸ ਘਰ ਅਗਮ ਕੀ, ਕੈਸੇ ਪਾਊਂ ਥਾਹ॥3॥
ਹੇਮ ਰੂਪ ਜਹਾਂ ਧਰਣਿ ਹੈ, ਰਤਨ ਜੜੇ ਬੌਹ ਸ਼ੋਭ ।
ਗਰੀਬਦਾਸ ਬੈਕੁੰਠ ਕੂੰ, ਤਨ ਮਨ ਹਮਰਾ ਲੋਭ॥4॥
ਸੰਖ ਚਕ੍ਰ ਗਦਾ ਪਦਮ ਹੈਂ, ਮੋਹਨ ਮਦਨ ਮੁਰਾਰਿ ।
ਗਰੀਬਦਾਸ ਮੁਰਲੀ ਬਜੈ, ਸੁਰਗ ਲੋਕ ਦਰਬਾਰਿ॥5॥
ਦੂਧੌਂ ਕੀ ਨਦੀਆਂ ਬਗੈਂ, ਸੇਤ ਵ੍ਰਿਕਸ਼ ਸੁਭਾਨ ।
ਗਰੀਬਦਾਸ ਮੰਦਲ ਮੁਕਤਿ, ਸੁਰਗਾਪੁਰ ਅਸਥਾਨ॥6॥
ਰਤਨ ਜੜਾਉ ਮਨੁਸ਼ਯ ਹੈਂ, ਗਣ ਗੰਧਰਵ ਸਬ ਦੇਵ ।
ਗਰੀਬਦਾਸ ਉਸ ਧਾਮ ਕੀ, ਕੈਸੇ ਛਾਡੂੰ ਸੇਵ॥7॥
ਰਿਗ ਯੁਜ ਸਾਮ ਅਥਰਵਣੰ, ਗਾਵੈਂ ਚਾਰੌਂ ਵੇਦ ।
ਗਰੀਬਦਾਸ ਘਰ ਅਗਮ ਕਾ, ਕੈਸੇ ਜਾਨੌਂ ਭੇਦ॥8॥
ਚਾਰ ਮੁਕਤਿ ਚਿਤਵਨ ਲਗੀ, ਕੈਸੇ ਬੰਚੂ ਤਾਹਿ ।
ਗਰੀਬਦਾਸ ਗੁਪਤਾਰ ਗਤਿ, ਹਮ ਕੂੰ ਦਯੌ ਸਮਝਾਯ॥9॥
ਸੁਰਗ ਲੋਕ ਬੈਕੁੰਠ ਹੈ, ਯਾਸੇ ਪਰੈ ਨ ਔਰ ।
ਗਰੀਬਦਾਸ ਸ਼ਟ ਸ਼ਾਸਤ੍ਰ, ਚਾਰ ਬੇਦ ਕੀ ਦੌਰ॥10॥
ਚਾਰ ਬੇਦ ਗਾਵੈ ਤਿਸੈਂ, ਸੁਰ ਨਰ ਮੁਨਿ ਮਿਲਾਪ ।

ਗਰੀਬਦਾਸ ਧਰੁਵ ਪੌਰ ਜਿਸ, ਮਿਟ ਗਏ ਤੀਨੂੰ ਤਾਪ ॥11॥
ਪ੍ਰਹਿਲਾਦ ਗਏ ਤਿਸ ਲੋਕ ਕੂੰ, ਸੁਰਗਾ ਪੂਰੀ ਸਮੂਲ।

ਗਰੀਬਦਾਸ ਹਰਿ ਭਗਤਿ ਕੀ, ਮੈਂ ਬੰਚਤ ਹੂੰ ਧੂਲ॥12॥
ਵ੍ਰਿੰਦਾਵਨ ਖੇਲੇ ਸਹੀ, ਰਜ ਕੇਸਰ ਸਮਤੂਲ।
ਗਰੀਬਦਾਸ ਉਸ ਮੁਕਤਿ ਕੂੰ, ਕੈਸੈਂ ਜਾਊਂ ਭੂਲ॥13॥
ਨਾਰਦ ਬ੍ਰਹਮਾ ਜਿਸੇ ਰਟੇਂ, ਗਾਵੈਂ ਸੇਸ਼ ਗਣੇਸ਼।
ਗਰੀਬਦਾਸ ਬੈਕੁੰਠ ਸੇ, ਔਰ ਪਰੈ ਕੋ ਦੇਸ਼॥14॥
ਸਹੰਸ ਅਠਾਸੀ ਜਿਸੇ ਜਪੈਂ, ਔਰ ਤੇਤੀਸੋਂ ਸੇਵ।
ਗਰੀਬਦਾਸ ਜਾਸੈਂ ਪਰੈਂ, ਔਰ ਕੌਨ ਹੈ ਦੇਵ॥15॥

## "ਕਬੀਰ ਵਚਨ"

ਸੁਨ ਸਵਾਮੀ ਨਿਜ ਮੂਲ ਗਤਿ, ਕਹਿ ਸਮਝਾਊਂ ਤੋਹਿ ।
ਗਰੀਬਦਾਸ ਭਗਵਾਨ ਕੂੰ, ਰਾਖਯਾ ਜਗਤ ਸਮੋਹਿ॥16॥
ਤੀਨਿ ਲੋਕ ਕੇ ਜੀਵ ਸਬ, ਵਿਸ਼ਯ ਵਾਸ ਭਰਮਾਯ ।
ਗਰੀਬਦਾਸ ਹਮ ਕੂੰ ਜਪੈ, ਤਿਸ ਕੂੰ ਧਾਮ ਦਿਖਾਯ॥17॥
ਜੋ ਦੇਖੈਗਾ ਧਾਮ ਕੂੰ, ਸੋ ਜਾਨਤ ਹੈ ਮੁਝ ।
ਗਰੀਬਦਾਸ ਤੋਸੇ ਕਹੂੰ, ਸੁਨ ਗਾਇਤਰੀ ਗੁਝ॥18॥
ਕ੍ਰਿਸ਼ਨ ਵਿਸ਼ਨੂੰ ਭਗਵਾਨ ਕੂੰ, ਜਹੜਾਯੇ ਹੈਂ ਜੀਵ ।
ਗਰੀਬਦਾਸ ਤ੍ਰਿਲੋਕ ਮੇਂ, ਕਾਲ ਕਰਮ ਸਿਰ ਸ਼ੀਵ॥19॥
ਪੌਹਮੀ ਧਰਣਿ ਅਕਾਸ਼ ਥੰਭ, ਚਲਸੀ ਚੰਦਰ ਸੂਰ ।
ਗਰੀਬਦਾਸ ਰਜ ਬੀਰਜ ਕੀ, ਕਹਾਂ ਰਹੈਗੀ ਧੂਰ॥20॥
ਤਾਰਾਯਣ ਤ੍ਰਿਲੋਕ ਸਬ, ਚਲਸੀ ਇੰਦ੍ਰ ਕੁਬੇਰ ।
ਗਰੀਬਦਾਸ ਸਬ ਜਾਤ ਹੈਂ, ਸੁਰਗ ਪਾਤਾਲ ਸੁਮੇਰ॥21॥
ਚਾਰ ਮੁਕਤੀ ਬੈਕੁੰਠ ਬਟ, ਫਨਾ ਹੁਆ ਕਈ ਬਾਰ ।
ਗਰੀਬਦਾਸ ਸਤਲੋਕ ਕੋ, ਨਹੀਂ ਜਾਨੇ ਸੰਸਾਰ॥22॥
ਕਹੋ ਸਵਾਮੀ ਕਿਤ ਰਹੋਗੇ, ਚੌਦਹ ਭੁਵਨ ਬਿਹੰਡ ।
ਗਰੀਬਦਾਸ ਬੀਜਕ ਕਹਯਾ, ਚਲਤ ਪ੍ਰਾਣ ਪਿੰਡ ॥23॥
ਸੁਨ ਸਵਾਮੀ ਏਕ ਸ਼ਕਤੀ ਹੈ, ਅਰਧੰਗੀ ਓਂਕਾਰ ।
ਗਰੀਬਦਾਸ ਬੀਜਕ ਤਹਾਂ, ਅਨੇਕ ਲੋਕ ਸਿੰਘਾਰ॥24॥
ਜੈਸੇ ਕਾ ਤੈਸਾ ਰਹੈ, ਪਰਲੋ ਫਨਾਂ ਪ੍ਰਾਨ ।
ਗਰੀਬਦਾਸ ਉਸ ਕੀ ਸ਼ਕਤੀ ਕੂੰ, ਬਾਰ ਬਾਰ ਕੁਰਬਾਂਨ॥25॥
ਕੋਟਿ ਇੰਦ੍ਰ ਬ੍ਰਹਮਾ ਜਹਾਂ, ਕੋਟਿ ਕ੍ਰਿਸ਼ਨ ਕੈਲਾਸ਼ ।
ਗਰੀਬਦਾਸ ਸ਼ਿਵ ਕੋਟਿ ਹੈਂ, ਕਰੋ ਕੌਨ ਕਿ ਆਸ਼॥26॥
ਕੋਟਿ ਵਿਸ਼ਨੂੰ ਜਹਾਂ ਬਸਤ ਹੈਂ, ਉਸ ਸ਼ਕਤੀ ਕੇ ਧਾਮ ।
ਗਰੀਬਦਾਸ ਗੁਲ ਬੌਹਤ ਹੈਂ, ਅਲਫ ਬਸਤ ਨਿਹਕਾਮ॥27॥

ਸ਼ਿਵ ਸ਼ਕਤੀ ਜਾਸੇ ਹੋਯ, ਅਨੰਤ ਕੋਟਿ ਅਵਤਾਰ ।
ਗਰੀਬਦਾਸ ਉਸ ਅਲਫ ਕੂੰ, ਲਖੈ ਸੋ ਹੋਯ ਕਰਤਾਰ॥28॥

ਸਤਪੁਰਸ਼ ਹਮ ਸਵਰੂਪ ਹੈਂ, ਤੇਜ ਪੁੰਜ ਕਾ ਕੰਤ ।
ਗਰੀਬਦਾਸ ਗੁਲ ਸੇ ਪਰੇ, ਚਲਨਾ ਹੈ ਬਿਨ ਪੰਥ ॥29॥
ਬਿਨਾ ਪੰਥ ਉਸ ਕੰਤ ਕੇ, ਧਾਮ ਚਲਨ ਹੈ ਮੋਰ ।
ਗਰੀਬਦਾਸ ਗਤਿ ਨਾ ਕਿਸੀ, ਸੰਖ ਸੁਰਗ ਪਰ ਡੋਰ॥30॥
ਸੰਖ ਸੁਰਗ ਪਰ ਹਮ ਬਸੈਂ, ਸੁਨ ਸਵਾਮੀ ਯਹ ਸੈਂਨ ।
ਗਰੀਬਦਾਸ ਹਮ ਸਤਪੁਰਸ਼ ਹੈਂ, ਯੌਹ ਗੁਲ ਫੋਕਟ ਫੈਂਨ॥31॥

## ''ਸੁਆਮੀ ਰਾਮਾਨੰਦ ਜੀ ਦੀ ਸ਼ੰਕਾ''

ਜੋ ਤੈਂ ਕਹਯਾ ਸੋ ਮੈਂ ਲਹਯਾ, ਬਿਨ ਦੇਖੇ ਨਹੀਂ ਧੀਜ।
ਗਰੀਬਦਾਸ ਸਵਾਮੀ ਕਹੈਂ, ਕਹਾਂ ਅਲਫ ਵਹ ਬੀਜ ॥32॥
ਹਦ ਬੇਹਦ ਕਹੀਂ ਨਾ ਕਹੀਂ, ਨਾ ਕਹੀਂ ਥਰਪੀ ਠੌਰ।
ਗਰੀਬਦਾਸ ਨਿਜ ਬ੍ਰਹਮ ਕੀ, ਕੌਨ ਧਾਮ ਵਹ ਪੌਰ ॥33॥

## '' ਕਬੀਰ ਪਰਮੇਸ਼ਵਰ ਜੀ ਨੇ ਕਿਹਾ ''

ਤਹਾਂ ਕੋਟਿ ਬੈਕੁੰਠ ਹੈਂ, ਨਕ ਸਰਬਰ ਸੰਗੀਤ ।
ਗਰੀਬਦਾਸ ਸਵਾਮੀ ਸੁਨੋ, ਜਾਤ ਅਨੰਤ ਜੁਗ ਬੀਤ॥34॥
ਪ੍ਰਾਣ ਪਿੰਡ ਪੁਰ ਮੇਂ ਧਸੌ, ਗਏ ਰਾਮਾਨੰਦ ਕੋਟਿ ।
ਗਰੀਬਦਾਸ ਸਰ ਸੁਰਗ ਮੇਂ, ਰਹੋ ਸ਼ਬਦ ਕੀ ਔਟ॥35॥
ਸੁਨ ਸਵਾਮੀ ਏਕ ਗਲ ਗੁਝ, ਤਿਲ ਤਾਰੀ ਪਲ ਜੋਰਿ ।
ਗਰੀਬਦਾਸ ਸਰ ਗਗਨ ਮੇਂ, ਸੂਰਜ ਅਨੰਤ ਕਰੋਰਿ॥36॥
ਸਹਰ ਅਮਾਨ ਅਨੰਤ ਪੁਰ, ਰਿਮਝਿਮ ਰਿਮਝਿਮ ਹੋਏ ।
ਗਰੀਬਦਾਸ ਉਸ ਨਗਰ ਕਾ, ਮਰਮ ਨਾ ਜਾਨੈਂ ਕੋਏ ॥37॥
ਸੁਨ ਸਵਾਮੀ ਕੈਸੇ ਲਖੌਂ, ਕਹਿ ਸਮਝਾਉਂ ਤੋਹਿ ।
ਗਰੀਬਦਾਸ ਬਿਨ ਪਰ ਉੜੈ, ਤਨ ਮਨ ਸ਼ੀਸ਼ ਨਾ ਹੋਏ ॥38॥
ਰਬਨਪੁਰੀ ਏਕ ਚਕ੍ਰ ਹੈ, ਤਹਾਂ ਧਨੰਜਯ ਬਾਯ ।
ਗਰੀਬਦਾਸ ਜੀਤੇ ਜਨਮ, ਯਾਕੂੰ ਲੇਤ ਸਮਾਯ ॥39॥
ਆਸਨ ਪਦਮ ਲਗਾਯ ਕਰ, ਭਿਰੰਗ ਨਾਦ ਕੋ ਖੈਂਚਿ ।
ਗਰੀਬਦਾਸ ਅਚਵਨ ਕਰੇ, ਦੇਵਦੱਤ ਕੋ ਏਂਚਿ ॥40॥
ਕਾਲੀ ਉਨਿ ਕੁਲੀਨ ਰੰਗ, ਜਾਕੇ ਦੋ ਫੁੰਨ ਧਾਰ ।
ਗਰੀਬਦਾਸ ਕੂਰੰਭ ਸਿਰ, ਤਾਸ ਕਰੇ ਉਦਗਾਰ॥41॥
ਚਿਸਮੇਂ ਲਾਲ ਗੁਲਾਲ ਰੰਗ, ਤੀਨਿ ਗਿਰਹ ਨਭ ਪੇਚ ।
ਗਰੀਬਦਾਸ ਵਹ ਨਾਗਨੀ, ਹੌਂਨ ਨ ਦੇਵੈ ਰੇਚ॥42॥
ਕੁੰਭਕ ਰੇਚਕ ਸਬ ਕਰੈ, ਉਨ ਕਰਤ ਉਦਗਾਰ।
ਗਰੀਬਦਾਸ ਉਸ ਨਾਗਨੀ ਕੂੰ, ਜੀਤੈ ਕੋਈ ਖਿਲਾਰ॥43॥

ਕੁੰਭ ਭਰੈ ਰੇਚਕ ਕਰੈ, ਫਿਰ ਟੂਟਤ ਹੈਂ ਪੌਂਨ।
ਗਰੀਬਦਾਸ ਮੰਡਲ ਗਗਨ, ਨਹੀਂ ਹੋਤ ਹੈ ਗੌਂਨ॥44॥
ਆਗੇ ਘਾਟੀ ਬੰਦ ਹੈ, ਇਲਾ-ਪਿੰਗਲਾ ਦੋਯ।
ਗਰੀਬਦਾਸ ਸੁਸ਼ਮਨ ਖੁਲੈ, ਤਾਸ ਮਿਲਾਵਾ ਹੋਯ॥45॥
ਚੰਦਾ ਕੇ ਘਰ ਸੂਰ ਰਖਿ, ਸੂਰਜ ਕੇ ਘਰ ਚੰਦ
ਗਰੀਬਦਾਸ ਮਧਿ ਮਹਿਲ ਹੈ, ਤਹਾਂ ਵਹਾਂ ਅਜਬ ਆਨੰਦ॥46॥
ਤ੍ਰਿਵੈਣੀ ਕਾ ਘਾਟ ਹੈ, ਗੰਗ ਜਮੁਨ ਗੁਪਤਾਰ
ਗਰੀਬਦਾਸ ਪਰਬੀ ਪਰਖਿ, ਬਹੈ ਸਹੰਸ ਮੁਖ ਧਾਰ॥47॥
ਮਧਜ ਕਿਵਾਰੀ ਬ੍ਰਹਮ ਦਰ,ਵਾਹ ਖੋਲਤ ਨਹੀਂ ਕੋਯ।
ਗਰੀਬਦਾਸ ਸਬ ਜੋਗ ਕੀ, ਪੈਜ ਪਿਛੋੜੀ ਹੋਯ। ॥48॥

**ਕਬੀਰ ਪਰਮੇਸ਼ਰ ਜੀ ਨੇ ਉਪਰ ਤਾਂ ਯੋਗ ਸਾਧਨਾ ਦੱਸੀ ਹੈ ਜੋ ਰਾਮਾਨੰਦ ਜੀ ਕਰਦੇ ਸਨ। ਫਿਰ ਕਿਹਾ ਹੈ ਕਿ ਇਸਦੀ ਜਰੂਰਤ ਨਹੀਂ ਹੈ। ਜਿਵੇਂ ਸੁਵਿਧਾ ਹੋਵੇ ਉਸ ਅਨੁਸਾਰ ਹੀ ਬੈਠ ਕੇ ਨਾਮ ਜਾਪ ਕਰਦੇ ਰਹੋ।**

ਜਿਉਂ ਕਾ ਤਿਉਂ ਹੀ ਬੈਠਿ ਰਹੋ, ਤਜਿ ਆਸਣ ਸਬ ਜੋਗ।
ਗਰੀਬਦਾਸ ਪਲ ਬੀਚ ਪਦ, ਸਰਵ ਸੈਲ ਸਬ ਭੋਗ ॥49॥
ਘੰਟਾ ਟੂਟੇ ਤਾਲ ਭੰਗ, ਸ਼ੰਖ ਨ ਸੁਨੀਯੇ ਟੇਰ।
ਗਰੀਬਦਾਸ ਮੁਰਲੀ ਮੁਕਤੀ, ਸੁਨਿ ਚੜੀ ਹੰਸ ਸੁਮੇਰ ॥50॥
ਖੁਲਹੈ ਖਿਰਕੀ ਸਹਿਜ ਧੁੰਨਿ, ਦਮ ਨਹੀਂ ਖੈਂਚਿ ਅਤੀਤ।
ਗਰੀਬਦਾਸ ਏਕ ਸੈਂਨ ਹੈ, ਤਜਿ ਅਨਭਯ ਛੰਦ ਗੀਤ ॥51॥
ਧੀਰੈ ਧੀਰੈ ਡਾਟਿ ਹੈਂ, ਸੁਰਗ ਚੜੈਂਗੇ ਸੋਯ।
ਗਰੀਬਦਾਸ ਪਗ ਪੰਥ ਬਿਨ, ਲੇ ਰਾਖੌਂ ਜਹਾਂ ਤੋਯ॥52॥
ਸੁਨ ਸਵਾਮੀ ਸੀੜੀ ਬਿਨਾ, ਚੜੌਂ ਗਗਨ ਕੈਲਾਸ਼।
ਗਰੀਬਦਾਸ ਪ੍ਰਾਣਾਯਾਮ ਤਜਿ, ਨਾਹਕ ਤੋਰਤ ਸ੍ਵਾਸ ॥53॥
ਸੁਨ ਸਵਾਮੀ ਯੇਹ ਗਤਿ ਅਗਮ, ਮਨੁਸ਼ਯ ਦੇਵ ਸੇ ਦੂਰ
ਗਰੀਬਦਾਸ ਬ੍ਰਹਮਾ ਵਿਸ਼ਨੂੰ ਥੱਕੇ, ਕਿਨ੍ਹੇ ਨ ਪਾਯਾ ਮੂਰ॥54॥
ਮੂਲ ਡਾਰ ਜਾਕੇ ਨਹੀਂ , ਹੈ ਸੋ ਅਨਿਨ ਅਰੰਗ।
ਗਰੀਬਦਾਸ ਮਜੀਠ ਚਲਿ, ਯੇ ਸਬ ਲੋਕ ਪਤੰਗ ॥55॥
ਸੁਤਹ ਸਿਧਿ ਪਰਕਾਸ਼ਿਯਾ, ਕਹਾਂ ਅਰਘ ਅਸਨਾਨ।
ਗਰੀਬਦਾਸ ਤਪ ਕੋਟਿ ਜੁਗ, ਪਚਿ ਹਾਰੇ ਸੁਰ ਗਿਆਨ॥56॥
ਕੋਟਿ ਕੋਟਿ ਬੈਕੁੰਠ ਹੈ, ਕੋਟਿ ਕੋਟਿ ਸ਼ਿਵ ਸ਼ੇਸ਼।
ਗਰੀਬਦਾਸ ਉਸ ਧਾਮ ਮੇਂ, ਬ੍ਰਹਮਾ ਕੋਟਿ ਨਰੇਸ਼ ॥57॥

ਅਬਾਦਾਨ ਅਮਾਨ ਪੁਰ, ਚਲਿ ਸਵਾਮੀ ਤਹਾਂ ਚਾਲ।
ਗਰੀਬਦਾਸ ਪਰਲੌਂ ਅੰਨਤ, ਬੌਹਰਿ ਨਾ ਝੰਪੈ ਕਾਲ॥58॥

ਅਮਰ ਚੀਰ ਤਹਾਂ ਪਹਰਿ ਹੈ, ਅਮਰ ਹੰਸ ਸੁਖ ਧਾਮ।
ਗਰੀਬਦਾਸ ਭੋਜਨ ਅਜਰ, ਚਲ ਸਵਾਮੀ ਨਿਜਧਾਮ॥59॥
ਸਤਲੋਕ ਕੋ ਦੇਖਕਰ, ਜਾਨਾ ਪਰਮ ਪ੍ਰਭੂ ਕਾ ਭੇਵ।
ਗਰੀਬਦਾਸ ਯਹ ਧਾਣਕਾ, ਹੈ ਸਬ ਦੇਵਨ ਕਾ ਦੇਵ॥60॥
ਤਹਾਂ ਵਹਾਂ ਚਿਤ ਚਕ੍ਰਿਤ ਭਯਾ, ਦੇਖਿ ਫ਼ਜ਼ਲ ਦਰਬਾਰ।
ਗਰੀਬਦਾਸ ਸਿਜਦਾ ਕੀਯਾ, ਹਮ ਪਾਏ ਦੀਦਾਰ॥61॥
ਤੁਮ ਸਵਾਮੀ ਮੈਂ ਬਾਲ ਬੁੱਧੀ, ਭਰਮ ਕਰਮ ਕੀਯੇ ਨਾਸ਼।
ਗਰੀਬਦਾਸ ਨਿਜ ਬ੍ਰਹਮ ਤੁਮ, ਹਮਰੈ ਦ੍ਰਿੜ ਵਿਸ਼ਵਾਸ॥62॥
ਸੁੰਨ-ਬੇਸੁੰਨ ਸੈਂ ਤੁਮ ਪਰੇ, ਉਰੈਂ ਸ ਹਮਰੈ ਤੀਰ।
ਗਰੀਬਦਾਸ ਸਰਬੰਗ ਮੇਂ, ਅਵਿਗਤ ਪੁਰਸ਼ ਕਬੀਰ॥63॥
ਕੋਟਿ ਕੋਟਿ ਸਿਜਦੇ ਕਰੈਂ, ਕੋਟਿ ਕੋਟਿ ਪ੍ਰਣਾਮ।
ਗਰੀਬਦਾਸ ਅਨਹਦ ਅਧਰ, ਹਮ ਪਰਸੈਂ ਤੁਮ ਧਾਮ॥64॥
ਬੋਲਤ ਰਾਮਾਨੰਦ ਜੀ, ਸੁਣ ਕਬੀਰ ਕਰਤਾਰ।
ਗਰੀਬਦਾਸ ਸਬ ਰੂਪ ਮੇਂ, ਤੁਮ ਹੀਂ ਬੋਲਣਹਾਰ॥65॥
ਤੁਮ ਸਾਹਿਬ ਤੁਮ ਸੰਤ ਹੋ, ਤੁਮ ਸਤਿਗੁਰੂ ਤੁਮ ਹੰਸ।
ਗਰੀਬਦਾਸ ਤੁਮ ਰੂਪ ਬਿਨ, ਔਰ ਨਾ ਦੂਜਾ ਅੰਸ॥66॥
ਮੈਂ ਭਗਤਾ ਮੁਕਤਾ ਭਯਾ, ਕੀਆ ਕਰਮ ਕੁੰਦ ਨਾਸ਼।
ਗਰੀਬਦਾਸ ਅਬਿਗਤ ਮਿਲੇ, ਮੇਟੀ ਮਨ ਕੀ ਬਾਸ॥67॥
ਦੋਹੂੰ ਠੌਰ ਹੈ ਏਕ ਤੂੰ, ਭਯਾ ਏਕ ਸੇ ਦੋਯ।
ਗਰੀਬਦਾਸ ਹਮ ਕਾਰਣੇ, ਉਤਰੇ ਹੋ ਮਘ ਜੋਯ॥68॥
ਬੋਲੇ ਰਾਮਾਨੰਦ ਜੀ, ਸੁਣੋ ਕਬੀਰ ਸੁਭਾਂਨ।
ਗਰੀਬਦਾਸ ਮੁਕਤਾ ਭਏ, ਉਧਰੇ ਪਿੰਡ ਅਰੂ ਪ੍ਰਾਣ॥69॥

## "ਕੁਆਰੀ ਗਾਂ ਦਾ ਦੁੱਧ ਪੀਣ ਦਾ ਕਬੀਰ ਸਾਗਰ ਵਿੱਚ ਪ੍ਰਮਾਣ"

**ਪ੍ਰਮਾਣ:- ਕਬੀਰ ਸਾਗਰ ਅਧਿਆਇ "ਗਿਆਨ ਸਾਗਰ" ਪੰਨਾ 74(80)**

( ७४ ) 80 ज्ञानसागर

भिक्षा दै प्रमुदित चलि आई । हस्तामल को खोज न पाई ॥
वाचा बन्ध तहाँ पुनि आयो । काल कष्ट मैं तोर मिटायो ॥
सुन जुलहा मन भयो आनंदा । जिमि चकोर पायो निशि चंदा ॥
ले सुत चले हर्ष मन कीन्हा । तासों पुनि अस बोलेहि लीन्हा ॥
आगिल जन्म जब होइ तुम्हारा । तुम्हैं पठायब यम तैं न्यारा ॥

साखी–सुत काशी को लै चले, लोग देखन तहँ आव ॥
अन्न पानी भक्ष नहिं, जुलहा शोक जनाव ॥

चौपाई

तब जुलहा मन कीन्ह तिवाना । रामानन्द सौं कहि उत्पाना ॥
मैं सुत पायो बड़ गुणवंता । कारण कौन भखै नहिं संता ॥
रामानन्द ध्यान तब धारा । जुलहा सो तब वचन उचारा ॥
पूर्व जन्म तैं ब्राह्मण जाती । हरि सेवा कीन्हेसि भलि भांती ॥
कछु तुव सेवा हरिकी चूका । तातैं भायो जुलहा को रूपा ॥
प्रीति प्रभु गहि तोरी लीन्हा । तातैं उद्यानमें सुत तोहि दीन्हा ॥

नूरी वचन

हे प्रभु जस कीन्ह्यो तस पायो । आरत हो तुव दर्शन आयो ॥
सो कहिये उपाय गुसाईं । बालक क्षुधावंत कछु खाई ॥
रामानंद अस युक्ति विचारा । तुम सुत कोई ज्ञानी अवतारा ॥
बछिया जाही बैल नहिं लागा । सो ले ठाढे करै तेहि आगा ॥

साखी–दूध चलै तेहि थन तें, दूधहि धरौ छिपाइ ॥
क्षुधावंत जब होवै, ता कहँ देव खवाइ ॥

चौपाई

जुलहा इक बछिया लै आवा । चल्यो दूत कोउ मर्म न पावा ॥
चल्यो दूत जुलहा हरषाना । राख छिपाइ काहू नहिं जाना ॥
सुन भामिनि आगे चल आवा । सो लै जाइ कोई भेद न पावा ॥ ਨੀ

ਧਰਮਦਾਸ ਜੀ ਨੇ ਕਬੀਰ ਸਾਗਰ ਦੇ ਅਧਿਆਇ "ਕਬੀਰ ਬਾਣੀ" ਦੇ ਪੰਨਾ 137 ਵਿੱਚ ਦਰਜ ਕੀਤੀ ਹੈ।

"ਬਾਹਰਵੇਂ ਪੰਥ ਪ੍ਰਗਟ ਹੋਵੇ ਬਾਣੀ। ਸ਼ਬਦ ਹਮਾਰੇ ਕਾ ਨਿਰਣੈ ਠਾਣੀ॥
ਸੰਵਤ ਸਤਰਹ ਸੌ ਪਛਤਰ ਹੋਈ, ਤਾ ਦਿਨ ਪ੍ਰੇਮ ਪ੍ਰਕਟੇ ਸੋਈ॥"

ਬਾਰਵਾਂ ਪੰਥ "ਗਰੀਬ ਦਾਸ ਪੰਥ" ਹੈ। ਸੰਤ ਗਰੀਬ ਦਾਸ ਜੀ ਦਾ ਜਨਮ ਸੰਵਤ 1774 ਵਿੱਚ ਹੋਇਆ ਸੀ। ਕਬੀਰ ਸਾਗਰ ਦੇ "ਕਬੀਰ ਬਾਣੀ" ਅਧਿਆਇ

**ਦੇ ਪੰਨਾ 136 ਤੇ ਗ਼ਲਤੀ ਨਾਲ 1775 ਪ੍ਰਿੰਟ ਹੈ। ਸੰਤ ਗਰੀਬਦਾਸ ਜੀ ਨੇ ਪਰਮੇਸ਼ਵਰ ਕਬੀਰ ਜੀ ਦੀ ਮਹਿਮਾ ਯਥਾਰਥ ਰੂਪ ਵਿੱਚ ਕਹੀ ਹੈ ਜੋ "ਸਦਗ੍ਰੰਥ ਸਾਹਿਬ" ਗਰੀਬ ਦਾਸ ਵਿੱਚ ਲਿਖੀ ਹੈ।**

**ਪਾਰਖ ਦੇ ਅੰਗ ਵਿੱਚ ਇਸ ਤਰ੍ਹਾਂ ਲਿਖਿਆ ਹੈ:-**

ਦੂਧ ਨ ਪੀਵਤ ਨ ਅੰਨ ਭਖਤ, ਨਾ ਪਾਲਣੇ ਮੇਂ ਝੂਲੰਤ।
ਦਾਸ ਗਰੀਬ ਕਬੀਰ ਪੁਰਸ਼, ਕਮਲ ਕਲਾ ਫੂਲੰਤ॥
ਸ਼ਿਵ ਉਤਰੇ ਸ਼ਿਵਪੁਰੀ ਸੇ, ਅਵਗਤਿ ਬਦਨ ਵਿਨੋਦ।
ਮਹਿਕੇ ਕਮਲ ਖੁਸੀ ਭਏ, ਲਿਯਾ ਈਸ਼ ਕੂੰ ਗੋਦ॥
ਸਾਤ ਬਾਰ ਚਰਚਾ ਕਰੀ, ਬੋਲੇ ਬਾਲਕ ਬੈਨ।
ਸ਼ਿਵ ਕੂੰ ਕਰ ਮਸਤਿਕ ਧਰਾ, ਲਾ ਮੋਮਿਨ ਏਕ ਧੇਨੂ॥
ਅਣਵਯਾਵਰ (ਕੁਆਰੀ) ਕੋ ਦੂਹਤ ਹੈ, ਦੂਧ ਦੀਯਾ ਤਤਕਾਲ।
ਪੀਵੈ ਕਬੀਰ ਬ੍ਰਹਮਗਤਿ, ਤਹਾਂ ਸ਼ਿਵ ਭਯਾ ਦਿਆਲ॥

## ਕੁਆਰੀ ਗਾਂ ਦੇ ਦੁੱਧ ਤੋਂ ਪਰਵਰਿਸ਼ ਲੀਲਾ ਦਾ ਵੇਦ ਵਿੱਚ ਪ੍ਰਮਾਣ (ਰਿੱਗਵੇਦ ਮੰਡਲ 9 ਸੁਕਤ 1 ਮੰਤਰ 9 ਵਿੱਚ)

- **ਜਦ ਪਰਮਾਤਮਾ ਦੂਸਰੀ ਤਰ੍ਹਾਂ ਦਾ ਸਰੀਰ ਧਾਰਣ ਕਰਕੇ ਅਰਥਾਤ ਸ਼ਿਸ਼ੂ ਰੂਪ ਧਾਰਣ ਕਰਕੇ ਧਰਤੀ 'ਤੇ ਪ੍ਰਗਟ ਹੁੰਦਾ ਹੈ ਉਸ ਸਮੇਂ ਉਹਨਾਂ ਦੇ ਪਾਲਣ ਦੀ ਲੀਲਾ ਕੁਆਰੀ ਗਾਂਵਾਂ ਦੁਆਰਾ ਹੁੰਦੀ ਹੈ। ਕਿਰਪਾ ਕਰਕੇ ਪੜ੍ਹੋ ਰਿੱਗਵੇਦ ਮੰਡਲ 9 ਸੁਕਤ 1 ਮੰਤਰ 9 ਵਿੱਚ ਜੋ ਨਿਮਨ ਲਿਖਿਆ ਹੈ:-**

ਅਭੀ ਇਮਮ ਅਧਨ੍ਯਾ ਉਤ ਸ਼੍ਰੀਣੰਤੀ ਧੇਨਵਹ ਸ਼ਿਸ਼ੁਮ੍ ।ਸੋਮਮਿੰਦਰਾਯ ਪਾਤਵੇ ॥9॥
ਅਭੀ ਇਮਮ-ਅਧਨ੍ਯਾ ਉਤ ਸ਼੍ਰੀਣੰਤੀ ਧੇਨਵਹ ਸ਼ਿਸ਼ੁਮ੍ ਸੋਮਮ੍ ਇੰਦਰਾਯ ਪਾਤਵੇ ।

(ਉਤ) ਖਾਸ ਕਰ (ਇਮਮ੍) ਇਸ (ਸ਼ਿਸ਼ੁਮ੍) ਬਾਲਕ ਰੂਪ ਵਿੱਚ ਪ੍ਰਗਟ (ਸੋਮਮ੍) ਪੂਰਣ ਪਰਮਾਤਮਾ ਅਮਰ ਪ੍ਰਭੂ ਦੀ (ਇੰਦਰਾਯ) ਸੁਖਦਾਇਕ ਸੁਵਿਧਾ ਲਈ ਜੋ ਜ਼ਰੂਰੀ ਪਦਾਰਥ ਸਰੀਰ ਦੇ (ਪਾਤਵੇ) ਵਾਧੇ ਲਈ ਚਾਹੀਦੇ ਹਨ ਉਸਦੀ ਪੂਰਤੀ (ਅਭੀ) ਪੂਰੀ ਤਰ੍ਹਾਂ (ਅਧਨਯਾ ਧੇਨਵਹ) ਜੋ ਗਾਂ, ਬਲ਼ਦ ਦੁਆਰਾ ਕਦੇ ਵੀ ਪਰੇਸ਼ਾਨ ਨਾ ਕੀਤੀ ਗਈ ਹੋਵੇ ਭਾਵ ਕੁਆਰੀ ਗਾਂਵਾਂ ਦੁਆਰਾ (ਸ਼੍ਰੀਣੰਤੀ) ਪਰਵਰਿਸ਼ ਕੀਤੀ ਜਾਂਦੀ ਹੈ।

ਭਾਵਾਰਥ:- ਪੂਰਣ ਪਰਮਾਤਮਾ ਅਮਰ ਪੁਰਸ਼ ਜਦ ਲੀਲਾ ਕਰਦਾ ਹੋਇਆ ਬੱਚੇ ਦਾ ਰੂਪ ਧਾਰਣ ਕਰਕੇ ਖ਼ੁਦ ਪ੍ਰਗਟ ਹੁੰਦਾ ਹੈ ਸੁੱਖ-ਸੁਵਿਧਾ ਦੇ ਲਈ ਜੋ ਜ਼ਰੂਰੀ ਪਦਾਰਥ ਸਰੀਰ ਦੇ ਵਾਧੇ ਲਈ ਚਾਹੀਦੇ ਹਨ ਉਸਦੀ ਪੂਰਤੀ ਕੁਆਰੀ ਗਾਂਵਾਂ ਦੁਆਰਾ ਕੀਤੀ ਜਾਂਦੀ ਹੈ ਭਾਵ ਉਸ ਸਮੇਂ (ਅਧ੍ਰਿਨ ਧੇਨੁ) ਕੁਆਰੀ ਗਾਂ ਆਪਣੇ ਆਪ ਦੁੱਧ ਦਿੰਦੀ ਹੈ ਜਿਸ ਨਾਲ ਉਸ ਪੂਰਣ ਪ੍ਰਭੂ ਦੀ ਪਰਵਰਿਸ਼ ਹੁੰਦੀ ਹੈ।

**(ਮਹਾਰਿਸ਼ੀ ਦਯਾਨੰਦ ਦੇ ਅਨੁਯਾਈ ਆਰਿਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)**

ਰਿਗਵੇਦ ਮੰਡਲ 9 ਸੁਕਤ 1 ਮੰਤਰ 9

अभी३ममघ्न्या उत श्रीणन्ति धेनवः शिशुम् ।
सोममिन्द्राय पातवे ॥९॥

पदार्थः—(इमं) उस (सोमं) सौम्यस्वभाव वाले श्रद्धालु पुरुष को (शिशुं) कुमारावस्था में ही (अभि) सब प्रकार से (अघ्न्याः) अहिंसनीय (धेनवः) गौवें (श्रीणन्ति) तृप्त करती हैं (इन्द्राय) ऐश्वर्य्य की (पातवे) वृद्धि के लिये। (उत) अथवा उक्त श्रद्धालु पुरुष को अहिंसनीय वाणियें ऐश्वर्य्य की प्राप्ति के लिये संस्कृत करती हैं ॥९॥

ਵਿਸ਼ੇਸ਼ ਵਿਵੇਚਨ:- ਇਹ ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਦੀ ਫੋਟੋਕਾਪੀ ਹੈ ਜੋ ਮਹਾਰਿਸ਼ੀ ਦਯਾਨੰਦ ਦੇ ਭਗਤਾਂ ਰਾਹੀਂ ਅਨੁਵਾਦਿਤ ਹੈ। ਅਨੁਵਾਦ ਠੀਕ ਨਹੀਂ ਹੈ, ਫਿਰ ਵੀ ਬਹੁਤ ਸਪੱਸ਼ਟ ਹੈ। ਇਸ ਵਿੱਚ ਪਰਮੇਸ਼ਵਰ ਦੇ ਦੂਸਰੇ ਤਰ੍ਹਾਂ ਦੇ ਸਰੀਰ ਦੀ ਸਥਿਤੀ ਦਾ ਵਰਣਨ ਹੈ। ਜਿਸ ਸਰੀਰ ਵਿੱਚ ਪਰਮਾਤਮਾ ਸ਼ਿਸ਼ੂ ਰੂਪ ਧਾਰਣ ਕਰਕੇ ਵਣ (ਜੰਗਲ) ਵਿੱਚ ਪਾਣੀ ਉੱਪਰ ਪ੍ਰਗਟ ਹੁੰਦਾ ਹੈ। ਉਸ ਸਮੇਂ ਉਸ ਬਾਲਕ ਭੇਸਧਾਰੀ ਪਰਮਾਤਮਾ ਦੇ ਪੋਸ਼ਣ ਦੀ ਲੀਲਾ ਕੁਆਰੀ ਗਾਂਵਾਂ ਦੁਆਰਾ ਹੁੰਦੀ ਹੈ। ਇਹੀ ਪ੍ਰਮਾਣ ਪਵਿੱਤਰ "ਕਬੀਰ ਸਾਗਰ" ਨਾਂ ਦੇ ਸਦਗ੍ਰੰਥ ਵਿੱਚ ਹੈ। ਜੋ ਸਤਿਕ-ਾਰਯੋਗ ਧਰਮਦਾਸ ਜੀ ਦੁਆਰਾ ਲਗਭਗ ਸੰਨ 1500 ਦੇ ਨੇੜੇ ਲਿਖਿਆ ਗਿਆ ਸੀ। ਕਬੀਰ ਸਾਗਰ ਦੇ ਅਧਿਆਇ "ਗਿਆਨ ਸਾਗਰ" ਵਿੱਚ ਪੰਨਾ 74 ਤੇ ਲਿਖਿਆ ਹੈ ਕਿ ਪਰਮੇਸ਼ਵਰ ਕਬੀਰ ਜੀ ਸ਼ਿਸ਼ੂ ਰੂਪ ਧਾਰਣ ਕਰਕੇ 'ਲਹਿਰਤਾਰਾ' ਨਾਂ ਦੇ ਸਰੋਵਰ ਵਿੱਚ ਕਮਲ ਦੇ ਫੁੱਲ ਉੱਪਰ ਆਪਣੇ ਧੁਲੋਕ (ਸਤਲੋਕ) ਤੋਂ ਚੱਲ ਕੇ ਆ ਕੇ ਵਿਰ-ਾਜਮਾਨ ਹੋਏ। ਉੱਥੇ ਉਹਨਾਂ ਨੂੰ ਇੱਕ ਬੇ-ਔਲਾਦ ਜੁਲਾਹਾ ਜੋੜਾ ਘਰ ਲੈ ਆਇਆ। ਬੱਚੇ ਭੇਸਧਾਰੀ ਪਰਮੇਸ਼ਵਰ ਨੇ ਕਈ ਦਿਨਾਂ ਤੱਕ ਕੁਝ ਨਹੀਂ ਖਾਧਾ-ਪੀਤਾ। ਫਿਰ ਰਿਸ਼ੀ ਰਾਮਾਨੰਦ ਜੀ ਦੇ ਦੱਸੇ ਅਨੁਸਾਰ ਅਤੇ ਇੱਕ ਸੰਤ ਰੂਪ ਵਿੱਚ ਪ੍ਰਗਟ ਸ਼ਿਵ ਜੀ ਦੇ ਅਨੁਸਾਰ ਕੁਆਰੀ ਗਾਂ ਲਿਆਦੀਂ ਗਈ। ਪਰਮੇਸ਼ਵਰ ਕਬੀਰ ਜੀ ਦੇ ਅਸ਼ੀਰਵਾਦ ਨਾਲ ਉਸ ਕੁਆਰੀ ਗਾਂ (ਵੱਛੀ) ਨੇ ਦੁੱਧ ਦਿੱਤਾ। ਉਹ ਬਾਲਕ ਕਵੀਰਦੇਵ ਨੇ ਪੀਤਾ। ਉਹ ਵੱਛੀ ਹਰ ਰੋਜ਼ ਦੁੱਧ ਦੇਣ ਲੱਗੀ। ਇਸ ਤਰ੍ਹਾਂ ਬੱਚੇ ਰੂਪ ਵਿੱਚ ਪ੍ਰਗਟ ਪਰਮੇਸ਼ਵਰ ਦੀ ਪਰਵਰਿਸ਼ ਦੀ ਲੀਲਾ ਹੋਈ।

ਪ੍ਰਮਾਣ ਦੇ ਲਈ ਕਿਰਪਾ ਪੜ੍ਹੋ ਫੋਟੋਕਾਪੀ ਕਬੀਰ ਸਾਗਰ ਦੇ ਅਧਿਆਇ "ਗਿਆਨ ਸਾਗਰ" ਦੇ ਪੰਨਾ 74 ਤੇ (ਇਸੇ ਪੁਸਤਕ ਦੇ ਪੰਨਾ 23 ਤੇ ਫੋਟੋਕਾਪੀ) ਜਿਸ ਵਿੱਚ ਸਪੱਸ਼ਟ ਹੈ ਕਿ ਪਰਮੇਸ਼ਵਰ ਕਬੀਰ ਜੀ ਨੇ ਉਹੀ ਲੀਲਾ ਕੀਤੀ ਸੀ ਜਿਸਦੀ ਵੇਦ ਗਵਾਹੀ ਦੇ ਰਹੇ ਹਨ ਕਿ ਪਰਮਾਤਮਾ ਅਜਿਹੀ ਲੀਲਾ ਕਰਦਾ ਹੈ।

ਇਸ ਤੋਂ ਖੁਦ-ਬ-ਖੁਦ ਸਿੱਧ ਹੈ ਕਿ "ਕਬੀਰ ਪਰਮੇਸ਼ਵਰ ਹੈ" **(Kabir is God)**

## "ਨੀਰੂ ਨੂੰ ਧਨ ਦੀ ਪ੍ਰਾਪਤੀ"

ਬੱਚੇ ਦੀ ਪ੍ਰਾਪਤੀ ਤੋਂ ਪਹਿਲਾਂ ਦੋਵੇਂ (ਪਤੀ-ਪਤਨੀ) ਮਿਲ ਕੇ ਕੱਪੜਾ ਬੁਣਦੇ

ਸਨ। 25 ਦਿਨ ਬੱਚੇ ਦੀ ਚਿੰਤਾ ਕਾਰਨ ਕੱਪੜਾ ਬੁਣਨ ਦਾ ਕੋਈ ਕੰਮ ਨਹੀ ਕਰ ਸਕੇ। ਜਿਸ ਕਾਰਨ ਨੀਰੂ ਸਿਰ ਕੁੱਝ ਕਰਜ਼ਾ ਹੋ ਗਿਆ। ਕਰਜ਼ਾ ਮੰਗਣ ਵਾਲੇ ਵੀ ਉਸੇ ਪੱ-ਚੀਵੇਂ ਦਿਨ ਆ ਗਏ ਅਤੇ ਬੁਰਾ ਭਲਾ ਕਹਿ ਕੇ ਚਲੇ ਗਏ। ਕੁੱਝ ਦਿਨਾਂ ਤੱਕ ਕਰਜ਼ਾ ਨਾ ਚੁਕਾਉਣ ਤੇ ਯਾਤਨਾ ਦੇਣ ਦੀ ਧਮਕੀ ਸੇਠ ਨੇ ਦੇ ਦਿੱਤੀ। ਦੋਵੇਂ ਪਤੀ-ਪਤਨੀ ਬਹੁਤ ਚਿੰਤਤ ਹੋ ਗਏ। ਆਪਣੇ ਮਾੜੇ ਕਰਮਾਂ ਨੂੰ ਕੋਸਣ ਲੱਗੇ। ਇੱਕ ਚਿੰਤਾ ਦਾ ਹੱਲ ਹੁੰਦਾ ਹੈ, ਦੂਸਰੀ ਤਿਆਰ ਹੋ ਜਾਂਦੀ ਹੈ। ਦੋਨਾਂ ਨੂੰ ਚਿੰਤਤ ਦੇਖ ਕੇ ਬੱਚਾ ਬੋਲਿਆ ਤੁਸੀਂ ਚਿੰਤਾ ਨਾ ਕਰੋ। ਤੁਹਾਨੂੰ ਹਰ ਰੋਜ਼ ਇੱਕ ਸੋਨੇ ਦੀ ਮੋਹਰ (ਦਸ ਗ੍ਰਾਮ ਸੋਨਾ) ਪਾਲਣੇ ਦੇ ਵਿਛੌਣੇ ਦੇ ਹੇਠ ਮਿਲੇਗੀ। ਤੁਸੀਂ ਆਪਣਾ ਕਰਜ਼ਾ ਉਤਾਰ ਕੇ ਆਪਣਾ ਅਤੇ ਗਾਂ ਦਾ ਖ਼ਰਚਾ ਕੱਢ ਕੇ ਬਾਕੀ ਬਚੇ ਧਨ ਨੂੰ ਧਰਮ ਕਰਮ ਵਿੱਚ ਲਗਾਉਣਾ। ਉਸ ਦਿਨ ਤੋਂ ਬਾਅਦ ਦਸ ਗ੍ਰਾਮ ਸੋਨਾ ਰੋਜ਼ਾਨਾ ਨੀਰੂ ਦੇ ਘਰ ਪਰਮੇਸ਼ਵਰ ਕਬੀਰ ਜੀ ਦੀ ਕਿਰਪਾ ਨਾਲ ਮਿਲਣ ਲੱਗਿਆ। ਇਹ ਕਿਰਿਆ ਇੱਕ ਸਾਲ ਤੱਕ ਚੱਲਦੀ ਰਹੀ।

ਪਰਮੇਸ਼ਵਰ ਕਬੀਰ ਜੀ ਨੇ ਮੋਹਰ (ਸੋਨੇ ਦਾ ਸਿੱਕਾ) ਮਿਲਣ ਵਾ.ਲੀ ਲੀਲਾ ਨੂੰ ਗੁਪਤ ਰੱਖਣ ਲਈ ਕਿਹਾ ਸੀ। ਇੱਕ ਦਿਨ ਨੀਮਾ ਦੀ ਪਿਆਰੀ ਸਹੇਲੀ ਉਸੇ ਸਮੇਂ ਨੀਰੂ ਦੇ ਘਰ ਆਈ ਜਦੋਂ ਉਹ ਕਬੀਰ ਜੀ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਨੀਮਾ ਦੀ ਸਹੇਲੀ ਨੇ ਉਹ ਸੋਨੇ ਦੀ ਮੋਹਰ ਨੂੰ ਦੇਖ ਲਿਆ ਅਤੇ ਕਿਹਾ ਕਿ ਇੰਨਾ ਸੋਨਾ ਤੁਹਾਡੇ ਕੋਲ ਕਿਵੇਂ ਆਇਆ? ਨੀਮਾ ਨੇ ਆਪਣੀ ਪਿਆਰੀ ਸਹੇਲੀ ਨੂੰ ਸਾਰਾ ਗੁਪਤ ਭੇਦ ਕਹਿ ਸੁਣਾਇਆ ਕਿ ਸਾਨੂੰ ਤਾਂ ਇੱਕ ਸਾਲ ਤੋਂ ਇਹ ਮੋਹਰ ਹਰ ਰੋਜ਼ ਪ੍ਰਾਪਤ ਹੋ ਰਹੀ ਹੈ। ਸਾਡੇ ਘਰ ਭਾਗਸ਼ਾਲੀ ਬਾਲਕ ਕਬੀਰ ਜਦ ਤੋਂ ਆਇਆ ਹੈ। ਅਸੀਂ ਤਾਂ ਅਨੰਦ ਨਾਲ ਰਹਿੰਦੇ ਹਾਂ। ਅਗਲੇ ਦਿਨ ਹੀ ਸੋਨਾ ਮਿਲਣਾ ਬੰਦ ਹੋ ਗਿਆ। ਨੀਰੂ ਅਤੇ ਨੀਮਾ ਦੋਵੇਂ ਮਿਲ ਕੇ ਕੱਪੜਾ ਬੁਣਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲੱਗੇ। ਵੱਡਾ ਹੋ ਕੇ ਬੱਚਾ ਕਬੀਰ ਵੀ ਆਪਣੇ ਪਿਤਾ ਦੇ ਕੰਮ ਵਿੱਚ ਹੱਥ ਵਟਾਉਣ ਲੱਗਾ। ਥੋੜ੍ਹੇ ਹੀ ਸਮੇਂ ਵਿੱਚ ਜ਼ਿਆਦਾ ਬੁਣਾਈ ਕਰਨ ਲੱਗਾ।

## ''ਰਿਸ਼ੀ ਰਾਮਾਨੰਦ, ਸੇਊ, ਸਮੰਨ ਅਤੇ ਨੇਕੀ 'ਤੇ ਕਮਾਲੀ ਦੇ ਪੂਰਵ ਜਨਮਾਂ ਦਾ ਗਿਆਨ''

ਰਿਸ਼ੀ ਰਾਮਾਨੰਦ ਜੀ ਦਾ ਜੀਵ ਸਤਯੁੱਗ ਵਿੱਚ ਵਿਦਿਆਧਰ ਬ੍ਰਾਹਮਣ ਸੀ ਜਿਸ ਨੂੰ ਪਰਮੇਸ਼ਵਰ ਸਤ ਸੁਕ੍ਰਿਤ ਨਾਮ ਨਾਲ ਮਿਲੇ ਸਨ।ਪਰਮੇਸ਼ਵਰ ਦੀ ਪਰਵਰਿਸ਼ ਦੀ ਲੀਲਾ ਇਹਨਾਂ ਦੇ ਘਰ ਹੀ ਹੋਈ ਸੀ। ਇਹਨਾਂ ਦੀ ਪਤਨੀ ਦਾ ਨਾਮ ਦੀਪਿਕਾ ਸੀ। ਇਹ ਬੇਔਲਾਦ ਸਨ। ਤ੍ਰੇਤਾ ਯੁੱਗ ਵਿੱਚ ਉਹ ਵੇਦਵਿਗਯ ਨਾਂ ਦਾ ਰਿਸ਼ੀ ਸੀ ਜਿਸ ਨੂੰ ਪਰਮੇਸ਼ਰ ਮੁਨਿੰਦਰ ਨਾਮ ਨਾਲ ਸ਼ਿਸ਼ੂ ਰੂਪ ਵਿੱਚ ਪ੍ਰਾਪਤ ਹੋਏ ਸਨ ਅਤੇ ਕਮਾਲੀ ਵਾ.ਲੀ ਆਤਮਾ ਸਤਯੁੱਗ ਵਿੱਚ ਵਿਦਿਆਧਰ ਦੀ ਪਤਨੀ ਦੀਪਿਕਾ ਸੀ। ਤ੍ਰੇਤਾ ਯੁੱਗ ਵਿੱਚ ਸੂਰਯਾ ਨਾਮ ਦੀ ਵੇਦਵਿਗਯ ਰਿਸ਼ੀ ਦੀ ਪਤਨੀ ਸੀ।ਦੋਵਾਂ ਜਨਮਾਂ ਵਿੱਚ ਇਹ ਬੇਔਲਾਦ ਸੀ। ਉਸ ਸਮੇਂ ਇਨ੍ਹਾਂ ਨੇ ਪਰਮੇਸ਼ਵਰ ਨੂੰ ਪੁੱਤਰ ਰੂਪ ਵਿੱਚ ਪਾਲਿਆ ਅਤੇ ਪਿਆਰ ਕੀਤਾ ਸੀ। ਉਸੇ ਪੁੰਨ ਦੇ ਕਾਰਣ ਇਹ ਆਤਮਾਵਾਂ ਪਰਮਾਤਮਾ ਨੂੰ ਚਾਹੁਣ ਵਾਲੀਆਂ ਸਨ। ਕੱਲਯੁੱਗ ਵਿੱਚ ਵੀ ਇਨ੍ਹਾਂ ਦਾ ਪਰਮੇਸ਼ਵਰ ਦੇ ਪ੍ਰਤੀ ਅਟੁੱਟ ਵਿਸ਼ਵਾਸ ਸੀ। ਰਿਸ਼ੀ ਰਾਮਾਨੰਦ ਜੀ ਅਤੇ ਕਮਾਲੀ ਵਾਲੀਆਂ ਆਤਮਾਂਵਾਂ ਹੀ ਸਤਯੁੱਗ ਵਿਚ ਬ੍ਰਾਹਮਣ ਵਿਦਿਆਧਰ ਅਤੇ ਬ੍ਰਾਹਮਣੀ ਦੀਪਿਕਾ ਵਾ.ਲੀਆਂ ਆਤਮਾਵਾਂ ਸਨ। ਉਮਰ 60 ਸਾਲ ਦੀ ਹੋ ਚੁੱਕੀ ਸੀ, ਬੇਔਲਾਦ ਸਨ, ਉਹਨਾਂ ਨੂੰ ਸਹੁਰਿਆਂ ਤੋਂ ਆਉਂਦੇ ਸਮੇਂ

ਕਬੀਰ ਪਰਮੇਸ਼ਵਰ ਇੱਕ ਤਾਲਾਬ ਵਿੱਚ ਕਮਲ ਦੇ ਫੁੱਲ ਉੱਤੇ ਸ਼ਿਸ਼ੂ ਰੂਪ ਵਿੱਚ ਮਿਲੇ ਸਨ। ਇਹ ਹੀ ਆਤਮਾਵਾਂ ਤ੍ਰੇਤਾ ਯੁੱਗ ਵਿੱਚ (ਵੇਦਵਿਗਯ ਅਤੇ ਸੂਰਯਾ) ਰਿਸ਼ੀ ਜੋੜਾ ਸੀ। ਜਿਨ੍ਹਾਂ ਨੂੰ ਪਰਮੇਸ਼ਵਰ ਸ਼ਿਸ਼ੂ ਰੂਪ ਵਿੱਚ ਪ੍ਰਾਪਤ ਹੋਏ ਸਨ।ਉਸ ਸਮੇਂ ਵੀ ਦੋਵਾਂ ਦੀ ਉਮਰ ਲੱਗਭਗ 60 ਸਾਲ ਸੀ, ਬੇਔਲਾਦ ਸਨ। ਸੰਮਨ ਅਤੇ ਨੇਕੀ ਵਾਲੀ ਆਤਮਾਵਾਂ ਦੁਆਪਰ ਯੁੱਗ ਵਿਚ ਕਾਲੂ ਬਾਲਮੀਕੀ ਅਤੇ ਉਸ ਦੀ ਪਤਨੀ ਗੋਦਾਵਰੀ ਸੀ। ਜਿਨ੍ਹਾਂ ਨੇ ਦੁਆਪਰ ਯੁੱਗ ਵਿੱਚ ਪਰਮੇਸ਼ਵਰ ਕਬੀਰ ਜੀ ਦਾ ਸ਼ਿਸ਼ੂ ਰੂਪ ਵਿੱਚ ਲਾਲਣ-ਪਾਲਣ ਕੀਤਾ ਸੀ।ਉਸੇ ਪੁੰਨ ਦੇ ਫ਼ਲ ਸਰੂਪ ਪਰਮੇਸ਼ਵਰ ਨੇ ਉਨ੍ਹਾਂ ਨੂੰ ਆਪਣੀ ਸ਼ਰਣ ਵਿੱਚ ਲਿਆ ਸੀ। ਸੇਊ (ਸ਼ਿਵ) ਵਾ਼ਲੀ ਆਤਮਾ ਦੁਆਪਰ ਵਿੱਚ ਹੀ ਇੱਕ ਗੰਗੇਸ਼ਵਰ ਨਾਮਕ ਬ੍ਰਾਹਮਣ ਦਾ ਪੁੱਤਰ ਗਣੇਸ਼ ਸੀ।ਜਿਸ ਨੇ ਆਪਣੇ ਪਿਤਾ ਦੇ ਘੋਰ ਵਿਰੋਧ ਦੇ ਬਾਅਦ ਵੀ ਮੇਰੇ (ਕਬੀਰ ਜੀ ਭਾਵ ਕਰੁਣਾਮਯ ਦੇ) ਉਪਦੇਸ਼ ਨੂੰ ਨਹੀਂ ਤਿਆਗਿਆ ਸੀ ਅਤੇ ਗੰਗੇਸ਼ਵਰ ਬ੍ਰਾਹਮਣ ਵਾਲੀ ਆਤਮਾ ਕਲਯੁੱਗ ਵਿੱਚ ਸ਼ੇਖਤਕੀ ਬਣਿਆ। ਉਹ ਦੁਆ-ਪਰ ਯੁੱਗ ਤੋਂ ਹੀ ਪਰਮੇਸ਼ਵਰ ਦਾ ਵਿਰੋਧੀ ਸੀ। ਗੰਗੇਸ਼ਵਰ ਵਾ਼ਲੀ ਆਤਮਾ ਸ਼ੇਖ਼ਤਕੀ ਨੂੰ ਕਾ਼ਲ ਬ੍ਰਹਮ ਨੇ ਫਿਰ ਤੋਂ ਪ੍ਰੇਰਿਤ ਕੀਤਾ। ਜਿਸ ਕਾਰਨ ਸ਼ੇਖ਼ਤਕੀ (ਗੰਗੇਸ਼ਵਰ) ਪਰਮੇਸ਼ਵਰ ਕਬੀਰ ਜੀ ਦਾ ਦੁਸ਼ਮਣ ਬਣਿਆ। ਭਗਤ ਗਣੇਸ਼ ਸ਼੍ਰੀ ਕਾਲੂ ਅਤੇ ਗੋਦਾਵਰੀ ਦਾ ਮਾਤਾ-ਪਿਤਾ ਵਾਂਗ ਸਤਿਕਾਰ ਕਰਦਾ ਸੀ। ਰੋ-ਰੋ ਕੇ ਕਹਿੰਦਾ ਸੀ ਕਾਸ਼ ਅੱਜ ਮੇਰਾ ਜਨਮ ਆਪ (ਬਾਲਮੀਕੀ) ਦੇ ਘਰ ਹੁੰਦਾ। ਮੇਰੇ (ਪਾਲਕ) ਮਾਤਾ-ਪਿਤਾ (ਕਾਲੂ ਅਤੇ ਗੋਦਾਵਰੀ) ਵੀ ਗਣੇਸ਼ ਨਾਲ ਪੁੱਤਰ ਵਾਂਗ ਪਿਆਰ ਕਰਦੇ ਸਨ।ਉਨ੍ਹਾਂ ਦਾ ਮੋਹ ਵੀ ਉਸ ਬਾਲਕ ਵਿਚ ਜ਼ਿਆਦਾ ਹੋ ਗਿਆ ਸੀ। ਇਸੇ ਕਾਰਣ ਉਹ ਫੇਰ ਤੋਂ ਉਸੇ ਗਣੇਸ਼ ਵਾਲੀ ਆਤਮਾ ਅਰਥਾਤ ਸੇਊ ਦੇ ਮਾਤਾ-ਪਿਤਾ (ਨੇਕੀ ਅਤੇ ਸੰਮਨ) ਬਣੇ। ਸੰਮਨ ਦੀ ਆਤਮਾ ਹੀ ਨੌਸ਼ੇਰਖਾਂ ਸ਼ਹਿਰ ਵਿੱਚ ਨੌਸ਼ੇਰਖਾਂ ਰਾਜਾ ਬਣਿਆ, ਫੇਰ ਬਲਖ਼ ਬੁਖਾਰੇ ਦਾ ਬਾਦਸ਼ਾਹ ਅਬ੍ਰਾਹਿਮ ਅਧਮ ਸੁਲਤਾਨ ਹੋਇਆ ਤਦ ਉਸਨੂੰ ਦੁਬਾਰਾ ਭਗਤੀ ਤੇ ਲਗਾਇਆ।

## "ਸ਼ਿਸ਼ੂ ਕਬੀਰ ਦੀ ਸੁੰਨਤ ਕਰਨ ਦੀ ਅਸਫ਼ਲ ਕੋਸ਼ਿਸ਼"

ਸ਼ਿਸ਼ੂ ਰੂਪਧਾਰੀ ਕਬੀਰ ਦੇਵ ਦੀ ਸੁੰਨਤ ਕਰਨ ਦਾ ਸਮਾਂ ਆਇਆ ਤਾਂ ਪੂਰਾ ਜਨ ਸਮੂਹ ਰਿਸ਼ਤੇਦਾਰਾਂ ਦਾ ਇੱਕਠਾ ਹੋ ਗਿਆ। ਨਾਈ ਜਦ ਬੱਚੇ ਕਬੀਰ ਜੀ ਦੇ ਲਿੰਗ ਦੀ ਸੁੰਨਤ ਕਰਨ ਲਈ ਕੈਂਚੀ ਲੈ ਕੇ ਗਿਆ ਤਾਂ ਪਰਮੇਸ਼ਵਰ ਨੇ ਆਪਣੇ ਲਿੰਗ ਨਾਲ ਇੱਕ ਲਿੰਗ ਹੋਰ ਬਣਾ ਲਿਆ। ਫਿਰ ਉਸ ਸੁੰਨਤ ਕਰਨ ਲਈ ਤਿਆਰ ਵਿਅਕਤੀ ਦੀਆਂ ਅੱਖਾਂ ਦੇ ਸਾਹਮਣੇ ਤਿੰਨ ਲਿੰਗ ਹੋਰ ਵੱਧਦੇ ਦਿਖਾਏ ਕੁੱਲ ਪੰਜ ਲਿੰਗ ਇਕ ਬੱਚੇ ਦੇ ਦੇਖ ਕੇ ਉਹ ਸੁੰਨਤ ਕਰਨ ਵਾ਼ਲਾ ਹੈਰਾਨੀ ਵਿੱਚ ਪੈ ਗਿਆ। ਫ਼ਿਰ ਕਬੀਰ ਜੀ ਸ਼ਿਸ਼ੂ ਰੂਪ ਵਿੱਚ ਬੋਲੇ ਭਾਈ ਕੇਵਲ ਇੱਕ ਹੀ ਲਿੰਗ ਦੀ ਸੁੰਨਤ ਕਰਨ ਦਾ ਵਿਧਾਨ ਹੈ ਨਾ ਮੁਸਲਮਾਨ ਧਰਮ ਵਿੱਚ। ਬੋਲ ਬਾਕੀ ਚਾਰਾਂ ਦੀ ਸੁੰਨਤ ਦਾ ਕੀ ਕਰਨਾ ਹੈ ? ਜਲਦੀ ਬੋਲ ! ਸ਼ਿਸ਼ੂ ਨੂੰ ਇਸ ਤਰ੍ਹਾਂ ਬੋਲਦੇ ਸੁਣਕੇ ਅਤੇ ਪੰਜ ਲਿੰਗ ਬੱਚੇ ਦੇ ਦੇਖ ਕੇ ਨਾਈ ਨੇ ਮੌਜੂਦ ਵਿਅਕਤੀਆਂ ਨੂੰ ਬੁਲਾ ਕੇ ਅਨੋਖਾ ਦ੍ਰਿਸ਼ ਦਿਖਾਇਆ।

ਸਾਰਾ ਮੌਜੂਦ ਜਨ ਸਮੂਹ ਇਹ ਦੇਖ ਕੇ ਹੈਰਾਨ ਹੋ ਗਿਆ। ਉਹ ਆਪਸ ਵਿੱਚ ਚਰਚਾ ਕਰਨ ਲੱਗੇ ਕਿ ਇਹ ਅੱਲਾਹ ਦਾ ਕੀ ਕਮਾਲ ਹੈ ਇੱਕ ਬੱਚੇ ਨੂੰ ਪੰਜ ਪੁਰਸ਼ ਲਿੰਗ ! ਇਹ ਦੇਖ ਕੇ ਬਿਨ੍ਹਾਂ ਸੁੰਨਤ ਕੀਤੇ ਹੀ ਚਲਾ ਗਿਆ। ਬੱਚੇ ਦੇ ਪੰਜ ਲਿੰਗ ਹੋਣ

ਦੀ ਗੱਲ ਜਦੋਂ ਨੀਰੂ ਅਤੇ ਨੀਮਾ ਨੂੰ ਪਤਾ ਲੱਗੀ ਤਾਂ ਉਹ ਕਹਿਣ ਲੱਗੇ ਕਿ ਤੁਸੀਂ ਕੀ ਕਹਿ ਰਹੇ ਹੋ? ਇਹ ਨਹੀਂ ਹੋ ਸਕਦਾ। ਦੋਵੇਂ ਬੱਚੇ ਕੋਲ ਗਏ ਤਾਂ ਸ਼ਿਸ਼ੂ ਦੇ ਸਿਰਫ਼ ਇੱਕ ਹੀ ਲਿੰਗ ਸੀ, ਪੰਜ ਨਹੀਂ ਸਨ। ਫਿਰ ਉਨ੍ਹਾਂ ਦੋਵਾਂ ਨੇ ਉੱਥੇ ਮੌਜ਼ੂਦ ਵਿਅਕਤੀਆਂ ਨੂੰ ਕਿਹਾ, ਤੁਸੀਂ ਕੀ ਕਹਿ ਰਹੇ ਸੀ ਦੇਖੋ ਕਿੱਥੇ ਨੇ ਬੱਚੇ ਦੇ ਪੰਜ ਲਿੰਗ ? ਸਿਰਫ਼ ਇੱਕ ਹੀ ਹੈ।ਮੌਜ਼ੂਦ ਸਾਰੇ ਵਿਅਕਤੀਆਂ ਨੇ ਪਹਿਲਾਂ ਆਪਣੀਆਂ ਅੱਖਾਂ ਨਾਲ ਦੇਖੇ ਸੀ ਪੰਜ ਪੁਰਸ਼ ਲਿੰਗ ਅਤੇ ਉਸ ਸਮੇਂ ਸਿਰਫ਼ ਇੱਕ ਹੀ ਲਿੰਗ (ਪੇਸ਼ਾਬ ਇੰਦਰੀ) ਨੂੰ ਦੇਖ ਕੇ ਹੈਰਾਨ ਹੋ ਗਏ। ਫ਼ਿਰ ਸ਼ਿਸ਼ੂ ਰੂਪਧਾਰੀ ਪਰਮੇਸ਼ਵਰ ਬੋਲੇ ਹੇ ਭੋਲੇ ਲੋਕੋ! ਤੁਸੀਂ ਲੜਕੇ ਦਾ ਲਿੰਗ ਕਿਸ ਲਈ ਕੱਟਦੇ ਹੋ? ਕੀ ਲੜਕੇ ਨੂੰ ਮੁਸਲਮਾਨ ਬਣਾਉਣ ਵਿੱਚ ਅੱਲਾਹ (ਪਰਮੇਸ਼ਵਰ) ਤੋਂ ਕੋਈ ਕਮੀ ਰਹਿ ਗਈ ਜਿਸ ਨੂੰ ਤੁਸੀਂ ਠੀਕ ਕਰਦੇ ਹੋ।ਕੀ ਤੁਸੀਂ ਪਰਮੇਸ਼ਵਰ ਤੋਂ ਵੀ ਵੱਡੇ ਹੋ? ਜੇ ਤੁਸੀਂ ਲੜਕੇ ਦੇ ਲਿੰਗ ਦੀ ਚਮੜੀ ਅੱਗੇ ਤੋਂ ਕੱਟ ਕੇ (ਸੁੰਨਤ ਕਰਕੇ) ਉਸਨੂੰ ਮੁਸਲਮਾਨ ਬਣਾਉਂਦੇ ਹੋ ਤਾਂ ਲੜਕੀ ਨੂੰ ਮੁਸਲਮਾਨ ਕਿਵੇਂ ਬਣਾਓਗੇ।ਜੇਕਰ ਮੁਸਲਮਾਨ ਧਰਮ ਦੇ ਵਿਅਕਤੀ ਹੋਰਾਂ ਧਰਮਾਂ ਦੇ ਵਿਅਕਤੀਆਂ ਤੋਂ ਅਲੱਗ ਹੁੰਦੇ ਤਾਂ ਪਰਮਾਤਮਾ ਹੀ ਸੁੰਨਤ ਕਰਕੇ ਲੜਕੇ ਨੂੰ ਜਨਮ ਦਿੰਦਾ। ਹੇ ਭੋਲੇ ਇਨਸਾਨੋਂ! ਪਰਮੇਸ਼ਵਰ ਦੇ ਸਾਰੇ ਪ੍ਰਾਣੀ ਹਨ। ਕੋਈ ਵਰਤਮਾਨ ਵਿੱਚ ਮੁਸਲਮਾਨ ਸਮੁਦਾਏ ਵਿੱਚ ਜੰਮਿਆ ਹੈ ਤਾਂ ਉਹ ਮੌਤ ਤੋਂ ਬਾਅਦ ਹਿੰਦੂ ਧਰਮ ਦੇ ਵਿੱਚ ਵੀ ਜਨਮ ਲੈ ਸਕਦਾ ਹੈ। ਇਸੇ ਤਰਾਂ ਹੋਰਾਂ ਧਰਮਾਂ ਵਿੱਚ ਜੰਮੇ ਵਿਅਕਤੀ ਵੀ ਮੁਸਲਮਾਨ ਧਰਮ ਅਤੇ ਹੋਰ ਧਰਮ ਵਿੱਚ ਜਨਮ ਲੈਂਦੇ ਹਨ। ਇਹ ਧਰਮ ਦੀਆਂ ਦੀਵਾਰਾਂ ਖੜ੍ਹੀਆਂ ਕਰਕੇ ਆਪਸੀ ਭਾਈਚਾਰਾ ਨਸ਼ਟ ਨਾ ਕਰੋ। ਇਹ ਸਭ ਕਾਲ ਬ੍ਰਹਮ ਦੀ ਚਾਲ ਹੈ। ਕਲਯੁੱਗ ਤੋਂ ਪਹਿਲਾਂ ਹੋਰ ਧਰਮ ਨਹੀਂ ਸਨ। ਕੇਵਲ ਇੱਕ ਮਾਨਵ ਧਰਮ (ਮਾਨਵਤਾ ਧਰਮ) ਹੀ ਸੀ। ਹੁਣ ਕਲਯੁੱਗ ਵਿੱਚ ਕਾਲ ਬ੍ਰਹਮ ਨੇ ਅਲੱਗ-ਅਲੱਗ ਧਰਮਾਂ ਵਿੱਚ ਵੰਡ ਕੇ ਮਾਨਵ ਦੀ ਸ਼ਾਂਤੀ ਖਤਮ ਕਰ ਦਿੱਤੀ ਹੈ। ਸੁੰਨਤ ਦੇ ਸਮੇਂ ਹਾਜ਼ਰ ਵਿਅਕਤੀ ਬੱਚੇ ਦੇ ਮੁੱਖ ਤੋਂ ਸਦਉਪਦੇਸ਼ ਸੁਣ ਕੇ ਸਾਰੇ ਦੰਗ ਰਹਿ ਗਏ। ਮਾਤਾ-ਨੀਮਾ ਨੇ ਬੱਚੇ ਦੇ ਮੂਖ 'ਤੇ ਕੱਪੜਾ ਢੱਕ ਦਿੱਤਾ ਅਤੇ ਬੋਲੀ ਜ਼ਿਆਦਾ ਨਾ ਬੋਲ। ਕਾਜ਼ੀ ਸੁਣ ਲੈਣਗੇ ਤਾਂ ਤੈਨੂੰ ਮਾਰ ਦੇਣਗੇ ਉਹ ਬਹੁਤ ਬੇਰਹਮ ਹਨ ਬੇਟਾ। ਪਰਮੇਸ਼ਵਰ ਕਬੀਰ ਜੀ ਮਾਤਾ ਦੇ ਦਿਲ ਦੇ ਦੁੱਖ ਨੂੰ ਜਾਣ ਕੇ ਸੌਣ ਦਾ ਬਹਾਨਾ ਬਣਾ ਕੇ ਘੁਰਾੜੇ ਮਾਰਨ ਲੱਗੇ। ਉਦੋਂ ਨੀਮਾ ਨੇ ਸੁੱਖ ਦਾ ਸਾਹ ਲਿਆ ਅਤੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਕਿਸੇ ਨੂੰ ਨਾ ਦੱਸਿਓ ਕਿ ਕਬੀਰ ਨੇ ਕੁੱਝ ਬੋਲਿਆ ਹੈ। ਕਿਤੇ ਮੈਨੂੰ ਪੁੱਤਰ ਤੋਂ ਹੱਥ ਧੋਣੇ ਪੈਣ। ਛੇ ਮਹੀਨੇ ਦੀ ਉਮਰ ਵਿੱਚ ਪਰਮੇਸ਼ਵਰ ਪੈਰਾਂ ਨਾਲ ਤੁਰਨ ਲਗੇ।

## ''ਰਿਸ਼ੀ ਰਾਮਾਨੰਦ ਜੀ ਦਾ ਕਲਿਆਣ ਕਰਨਾ''

## ''ਰਿਸ਼ੀ ਰਾਮਾਨੰਦ ਸਵਾਮੀ ਨੂੰ ਗੁਰੂ ਬਣਾ ਕੇ ਸ਼ਰਣ ਵਿੱਚ ਲੈਣਾ''

ਸਵਾਮੀ ਰਾਮਾਨੰਦ ਜੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਕਹੇ ਜਾਂਦੇ ਸੀ। ਉਹ ਦ੍ਰਾਵਿੜ ਤੋਂ ਕਾਸ਼ੀ ਨਗਰ ਵਿੱਚ ਵੇਦ ਅਤੇ ਗੀਤਾ ਗਿਆਨ ਦੇ ਪ੍ਰਚਾਰ ਲਈ ਆਏ ਸੀ। ਉਸ ਸਮੇਂ ਕਾਸ਼ੀ ਵਿੱਚ ਜ਼ਿਆਦਾਤਰ ਬ੍ਰਾਹਮਣ ਸ਼ਾਸਤਰ ਵਿਰੁੱਧ ਭਗਤੀ ਵਿਧੀ ਨਾਲ ਲੋਕਾਂ ਨੂੰ ਗੁੰਮਰਾਹ ਕਰ ਰਹੇ ਸੀ। ਭੂਤ-ਪ੍ਰੇਤਾਂ ਦੇ ਝਾੜੇ ਜੰਤਰ ਕਰਕੇ ਉਹ ਕਾਸ਼ੀ ਨਗਰ ਦੇ ਬ੍ਰਾਹਮਣ ਆਪਣਾ ਮਤਲਬ ਕੱਢ ਰਹੇ ਸੀ। ਸਵਾਮੀ ਰਾਮਾਨੰਦ ਜੀ ਨੇ ਕਾਸ਼ੀ ਸ਼ਹਿਰ ਵਿੱਚ ਵੇਦ ਗਿਆਨ ਅਤੇ ਗੀਤਾ ਜੀ ਅਤੇ ਪੁਰਾਣਾਂ ਦੇ ਗਿ-

ਆਨ ਨੂੰ ਜ਼ਿਆਦਾ ਮਹੱਤਵ ਦਿੱਤਾ ਅਤੇ ਉਸ ਭੂਤ-ਪ੍ਰੇਤ ਉਤਾਰਣ ਵਾਲ਼ੀ ਪੂਜਾ ਦਾ ਅੰਤ ਕੀਤਾ ਆਪਣੇ ਗਿਆਨ ਦੇ ਪ੍ਰਚਾਰ ਲਈ ਚੌਦਾਂ ਸੌ ਰਿਸ਼ੀ ਬਣਾਏ ਹੋਏ ਸਨ। {ਸਵਾਮੀ ਰਾਮਾਨੰਦ ਜੀ ਨੇ ਕਬੀਰ ਪਰਮੇਸ਼ਵਰ ਜੀ ਦੀ ਸ਼ਰਣ ਵਿੱਚ ਆਉਣ ਤੋਂ ਬਾਅਦ ਚੌਰਾਸੀ ਸ਼ਿਸ਼ ਹੋਰ ਬਣਾਏ ਸੀ ਜਿਨ੍ਹਾਂ ਵਿੱਚ ਰਵੀਦਾਸ ਜੀ ਨੀਰੂ-ਨੀਮਾ, ਗੀਗਨੌਰ (ਰਾਜਸਥਾਨ) ਦੇ ਰਾਜਾ ਪੀਪਾ ਠਾਕੁਰ ਆਦਿ ਸੀ। ਕੁੱਲ ਚੇਲਿਆਂ ਦੀ ਗਿਣਤੀ ਚੌਦਾਂ ਸੌ ਚੌਰਾਸੀ ਕਹੀ ਜਾਂਦੀ ਹੈ} ਉਹ ਚੌਦਾਂ ਸੌ ਰਿਸ਼ੀ ਵਿਸ਼ਨੂੰ ਪੁਰਾਣ ਅਤੇ ਦੇਵੀ ਪੁਰਾਣ ਆਦਿ ਮੁੱਖ-2 ਪੁਰਾਣਾਂ ਦੀ ਕਥਾ ਕਰਦੇ ਸੀ। ਹਰ ਰੋਜ਼ ਬਵੰਜਾ (52) ਸਭਾਵਾਂ ਰਿਸ਼ੀਜਨ ਕਰਿਆ ਕਰਦੇ ਸਨ। ਕਾਸ਼ੀ ਦੇ ਖੇਤਰ ਨੂੰ ਵੰਡ ਕੇ ਮੁੱਖ ਬੁਲਾਰਿਆਂ ਨੂੰ ਪ੍ਰਵਚਨ ਕਰਨ ਲਈ ਸਵਾਮੀ ਰਾਮਾਨੰਦ ਜੀ ਨੇ ਕਿਹਾ ਹੋਇਆ ਸੀ। ਖ਼ੁਦ ਵੀ ਉਹਨਾਂ ਸੰਮੇਲਨਾਂ ਵਿੱਚ ਪ੍ਰਵਚਨ ਕਰਨ ਜਾਂਦੇ ਸੀ। ਸਵਾਮੀ ਰਾਮਾਨੰਦ ਜੀ ਦਾ ਬੋਲ-ਬਾਲਾ ਆਲ਼ੇ-ਦੁਆਲੇ ਦੇ ਖੇਤਰਾਂ ਵਿੱਚ ਵੀ ਸੀ। ਸਾਰੀ ਜਨਤਾ ਕਹਿੰਦੀ ਸੀ ਕਿ ਵਰਤਮਾਨ ਵਿੱਚ ਮਹਾਰਿਸ਼ੀ ਰਾਮਾਨੰਦ ਸਵਾਮੀ ਬਰਾਬਰ ਵੇਦਾਂ, ਗੀਤਾ ਜੀ ਅਤੇ ਪੁਰਾਣਾਂ ਦਾ ਸਾਰ ਗਿਆਨੀ ਧਰਤੀ ਉੱਪਰ ਹੋਰ ਕੋਈ ਨਹੀਂ ਹੈ। ਪਰਮੇਸ਼ਵਰ ਕਬੀਰ ਜੀ ਨੇ ਆਪਣੇ ਸੁਭਾਅ ਅਨੁਸਾਰ ਭਾਵ ਨਿਯਮ ਅਨੁਸਾਰ ਸਵਾਮੀ ਰਾਮਾਨੰਦ ਜੀ ਨੂੰ ਸ਼ਰਣ ਵਿੱਚ ਲੈਣਾ ਸੀ। ਕਬੀਰ ਜੀ ਨੇ ਸੰਤ ਗਰੀਬਦਾਸ ਜੀ ਨੂੰ ਆਪਣਾ ਸਿਧਾਂਤ ਦੱਸਿਆ ਹੈ ਜੋ ਸੰਤ ਗਰੀਬਦਾਸ ਜੀ (ਬਾਹਰਵੇਂ ਪੰਥ ਪ੍ਰਵਰਤਕ, ਛੁਡਾਣੀ ਧਾਮ, ਹਰਿਆਣਾ ਵਾਲ਼ੇ) ਨੇ ਆਪਣੀ ਬਾਣੀ ਵਿੱਚ ਲਿਖਿਆ ਹੈ:-

ਗਰੀਬ ਜੋ ਹਮਰੀ ਸ਼ਰਣ ਹੈ, ਉਸਕਾ ਹੂੰ ਮੈਂ ਦਾਸ।
ਗੇਲ-ਗੇਲ ਲਾਗਯਾ ਫਿਰੂੰ ਜਬ ਤਕ ਧਰਤੀ ਆਕਾਸ਼॥
ਗੋਤਾ ਮਾਰੂੰ ਸਵਰਗ ਮੇਂ ਜਾ ਪੈਠੂ ਪਾਤਾਲ।
ਗਰੀਬਦਾਸ ਢੂਢਤ ਫਿਰੂੰ ਅਪਨੇ ਹੀਰੇ ਮਾਣਿਕ ਲਾਲ।
ਹਰਦਮ ਸੰਗੀ ਬਿਛੁੜਤ ਨਾਹੀਂ ਹੈ ਮਹਬੂਬ ਸਲੌਨਾ ਵੋ।
ਏਕ ਪਲਕ ਮੇਂ ਸਾਹੇਬ ਮੇਰਾ ਫਿਰਤਾ ਚੌਦਹ ਭਵਨਾ ਵੋ।
ਜਯੋਂ ਬੱਛਾ ਗਊ ਕੀ ਨਜ਼ਰ ਮੇਂ ਯੂੰ ਸਾਈਂ ਕੂੰ ਸੰਤ।
ਭਗਤੋਂ ਕੇ ਪੀਛੇ ਫਿਰੈ ਭਗਤ ਵਛਲ ਭਗਵੰਤ।
ਕਬੀਰ ਕਮਾਈ ਆਪਨੀ ਕਬਹੂੰ ਨਾ ਨਿਸ਼ਫ਼ਲ ਜਾਯ।
ਸਾਤ ਸਮੁੰਦਰ ਆੜੇ ਪੜੈਂ ਮਿਲੇ ਅਗਾਊਂ ਆਯ॥

ਸਤਯੁੱਗ ਵਿੱਚ ਵਿੱਦਿਆਧਰ ਨਾਮ ਦੇ ਬ੍ਰਾਹਮਣ ਦੇ ਰੂਪ ਵਿੱਚ ਅਤੇ ਤ੍ਰੇ-ਤਾਯੁੱਗ ਵਿੱਚ ਵੇਦਵਿਗਯ ਰਿਸ਼ੀ ਦੇ ਰੂਪ ਵਿੱਚ ਜੰਮੇ ਸਵਾਮੀ ਰਾਮਾਨੰਦ ਜੀ ਵਾਲੇ ਜੀਵ ਨੇ ਪਰਮੇਸ਼ਵਰ ਕਬੀਰ ਜੀ ਨੂੰ ਬੱਚੇ ਰੂਪ ਵਿੱਚ ਪ੍ਰਾਪਤ ਕੀਤਾ ਸੀ। ਭਗਤਮਤੀ ਕਮਾਲੀ ਵਾਲਾ ਜੀਵ ਉਸ ਸਮੇਂ ਦੀਪਿਕਾ ਨਾਮ ਦੀ ਵਿੱਦਿਆਧਰ ਬ੍ਰਾਹਮਣ ਦੀ ਪਤਨੀ ਸੀ। ਉਹ ਹੀ ਦੀਪਿਕਾ ਵਾਲ਼ੀ ਆਤਮਾ ਵੇਦਵਿਗਯ ਬ੍ਰਾਹਮਣ ਦੀ ਪਤਨੀ ਸੂਰਯਾ ਸੀ। ਜੋ ਕਲਯੁੱਗ ਵਿੱਚ ਕਮਾਲੀ ਬਣੀ। ਇਹੀ ਦੋਵੇਂ ਆਤਮਾਵਾਂ ਤ੍ਰੇਤਾ ਯੁੱਗ ਵਿੱਚ ਰਿਸ਼ੀ ਜੋੜਾ (ਵੇਦਵਿਗਯ ਅਤੇ ਸੂਰਯਾ) ਸਨ। ਉਸ ਸਮੇਂ ਵੀ ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਸ਼ਿਸ਼ੂ ਰੂਪ ਵਿੱਚ ਇਹਨਾਂ ਨੂੰ ਮਿਲੇ ਸਨ। ਇਸ ਤੋਂ ਬਾਅਦ ਵੀ ਇਹਨਾਂ ਦੋਵਾਂ ਜੀਵਾਂ ਨੂੰ ਅਨੇਕਾਂ ਜਨਮ ਅਤੇ ਸਵਰਗ ਪ੍ਰਾਪਤੀ ਵੀ ਹੋਈ ਸੀ। ਉਹੀ ਆਤਮਾਵਾਂ ਕਲਯੁੱਗ ਵਿੱਚ ਪਰਮੇਸ਼ਵਰ ਕਬੀਰ ਜੀ ਦੇ ਸਮਕਾਲੀਨ ਹੋਏ

ਸਨ। ਪਿਛਲੇ ਜਨਮ ਦੇ ਸੰਤ ਸੇਵਾ ਦੇ ਪੁੰਨ ਅਨੁਸਾਰ ਪਰਮੇਸ਼ਵਰ ਕਬੀਰ ਜੀ ਨੇ ਉਹਨਾਂ ਪੁੰਨਆਤਮਾਵਾਂ ਨੂੰ ਸ਼ਰਣ ਵਿੱਚ ਲੈਣ ਦੇ ਲਈ ਲੀਲਾ ਕੀਤੀ।

ਸਵਾਮੀ ਰਾਮਾਨੰਦ ਜੀ ਦੀ ਉਮਰ 104 ਸਾਲ ਸੀ ਉਸ ਸਮੇਂ ਕਬੀਰ ਦੇਵ ਜੀ ਦੇ ਲੀਲਾ ਯੁਕਤ ਸਰੀਰ ਦੀ ਉਮਰ 5(ਪੰਜ) ਸਾਲ ਸੀ। ਸਵਾਮੀ ਰਾਮਾਨੰਦ ਜੀ ਮਹਾਰਾਜ ਦਾ ਆਸ਼ਰਮ ਗੰਗਾ ਦਰਿਆ ਤੋਂ ਅੱਧਾ ਕਿਲੋ ਮੀਟਰ ਦੂਰ ਮੌਜੂਦ ਸੀ। ਸਵਾਮੀ ਰਾਮਾਨੰਦ ਜੀ ਹਰ ਰੋਜ਼ ਸੂਰਜ ਚੜ੍ਹਨ ਤੋਂ ਪਹਿਲਾਂ ਗੰਗਾ ਨਦੀ ਦੇ ਕਿਨਾਰੇ ਉੱਤੇ ਬਣੇ ਪੰਚਗੰਗਾ ਘਾਟ ਤੇ ਇਸ਼ਨਾਨ ਕਰਨ ਜਾਂਦੇ ਸਨ। ਪੰਜ ਸਾਲ ਦੇ ਕਬੀਰ ਦੇਵ ਨੇ ਢਾਈ (ਦੋ ਸਾਲ ਛੇ ਮਹੀਨੇ) ਸਾਲ ਦੇ ਬੱਚੇ ਦਾ ਰੂਪ ਧਾਰਣ ਕੀਤਾ ਅਤੇ ਪੰਚ ਗੰਗਾ ਘਾਟ ਦੀਆਂ ਪੌੜੀਆਂ ਉੱਤੇ ਲੇਟ ਗਏ। ਸਵਾਮੀ ਰਾਮਾਨੰਦ ਜੀ ਹਰ ਰੋਜ਼ ਦੀ ਤਰ੍ਹਾਂ ਇਸ਼ਨਾਨ ਕਰਨ ਗੰਗਾ ਦਰਿਆ ਦੇ ਘਾਟ ‘ਤੇ ਗਏ। ਹਨੇਰਾ ਹੋਣ ਕਾਰਣ ਸਵਾਮੀ ਰਾਮਾਨੰਦ ਜੀ ਬੱਚੇ ਕਬੀਰ ਦੇਵ ਨੂੰ ਨਹੀਂ ਦੇਖ ਸਕੇ। ਸਵਾਮੀ ਰਾਮਾਨੰਦ ਜੀ ਦੇ ਪੈਰ ਦੀ ਖੜਾਂਉ (ਲੱਕੜ ਦੀ ਜੁੱਤੀ) ਪੌੜੀਆਂ ਉੱਤੇ ਲੇਟੇ ਬੱਚੇ ਕਬੀਰ ਦੇਵ ਦੇ ਸਿਰ ਵਿੱਚ ਲੱਗੀ। ਬੱਚੇ ਕਬੀਰ ਦੇਵ ਲੀਲਾ ਕਰਦੇ ਹੋਏ ਰੋਣ ਲੱਗੇ ਜਿਵੇਂ ਬੱਚਾ ਰੋਂਦਾ ਹੈ। ਸਵਾਮੀ ਰਾਮਾਨੰਦ ਜੀ ਨੂੰ ਗਿਆਨ ਹੋਇਆ ਕਿ ਉਹਨਾਂ ਦਾ ਪੈਰ ਕਿਸੇ ਬੱਚੇ ਨੂੰ ਲੱਗਿਆ ਹੈ ਜਿਸ ਕਾਰਣ ਬੱਚਾ ਦਰਦ ਨਾਲ ਰੋਣ ਲੱਗਿਆ। ਸਵਾਮੀ ਜੀ ਬਾਲਕ ਨੂੰ ਚੁੱਕਣ ਅਤੇ ਚੁੱਪ ਕਰਾਉਣ ਦੇ ਲਈ ਜਲਦੀ ਨਾਲ ਝੁਕੇ ਤਾਂ ਉਹਨਾਂ ਦੇ ਗਲ ਦੀ ਮਾਲਾ (ਇੱਕ ਰੁਦਰਾਕਸ਼ ਜਾਂ ਤੁਲਸੀ ਦੀ ਲੱਕੜੀ ਦੇ ਇੱਕ ਮਣਕੇ ਦੀ ਕੰਠੀ ਜਾਣੀ ਮਾਲਾ ਜੋ ਵੈਸ਼ਨਵ ਪੰਥੀ ਪਾਉਂਦੇ ਹਨ) ਬਾਲਕ ਕਬੀਰ ਦੇਵ ਦੇ ਗ.ਲ ਵਿੱਚ ਪੈ ਗਈ। ਜਿਸਨੂੰ ਹਨੇਰੇ ਕਾਰਣ ਸਵਾਮੀ ਰਾਮਾਨੰਦ ਜੀ ਨਹੀਂ ਦੇਖ ਸਕੇ। ਸਵਾਮੀ ਰਾਮਾਨੰਦ ਜੀ ਨੇ ਬੱਚੇ ਨੂੰ ਪਿਆਰ ਨਾਲ ਕਿਹਾ ਬੇਟਾ ਰਾਮ-ਰਾਮ ਬੋਲ ਰਾਮ ਰਾਮ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ। ਅਜਿਹਾ ਕਹਿ ਕੇ ਬੱਚੇ ਦੇ ਸਿਰ ਨੂੰ ਪਲੋਸਿਆ। ਅਸ਼ੀਰਵਾਦ ਦਿੰਦੇ ਹੋਏ ਸਿਰ ਉੱਤੇ ਹੱਥ ਰੱਖਿਆ। ਬਾਲਕ ਕਬੀਰ ਪਰਮੇਸ਼ਵਰ ਆਪਣਾ ਉਦੇਸ਼ ਪੂਰਾ ਹੋਣ ਤੇ ਚੁੱਪ ਹੋ ਕੇ ਪੌੜੀਆਂ ਉੱਤੇ ਬੈਠ ਗਏ।

ਸਵਾਮੀ ਰਾਮਾਨੰਦ ਜੀ ਨੇ ਵਿਚਾਰ ਕੀਤਾ ਕਿ ਉਹ ਬੱਚਾ ਰਾਤ ਵੇਲੇ ਰਾਹ ਭੁੱਲ ਜਾਣ ਕਾਰਣ ਇੱਥੇ ਆ ਕੇ ਸੋ ਗਿਆ ਹੋਵੇਗਾ। ਇਸਨੂੰ ਆਪਣੇ ਆਸ਼ਰਮ ਵਿੱਚ ਲੈ ਜਾਵਾਂਗਾ। ਉੱਥੋਂ ਇਸਨੂੰ ਇਸ ਦੇ ਘਰ ਭਿਜਵਾ ਦੇਵਾਂਗਾ। ਅਜਿਹਾ ਵਿਚਾਰ ਕਰਕੇ ਇਸ਼ਨਾਨ ਕਰਨ ਲੱਗੇ। ਪਰਮੇਸ਼ਵਰ ਕਬੀਰ ਜੀ ਉੱਥੋਂ ਅੰਤਰ ਧਿਆਨ ਹੋਏ ਅਤੇ ਆਪਣੀ ਝੌਂਪੜੀ ਵਿੱਚ ਆ ਕੇ ਸੋ ਗਏ। ਕਬੀਰ ਪਰਮੇਸ਼ਵਰ ਨੇ ਇਸ ਤਰ੍ਹਾਂ ਸਵਾਮੀ ਰਾਮਾਨੰਦ ਜੀ ਨੂੰ ਗੁਰੂ ਧਾਰਣ ਕੀਤਾ।

## “ਰਿਸ਼ੀ ਵਿਵੇਕਾਨੰਦ ਜੀ ਨਾਲ ਗਿਆਨ ਚਰਚਾ”

ਸਵਾਮੀ ਰਾਮਾਨੰਦ ਜੀ ਦੇ ਇੱਕ ਸ਼ਿਸ਼ ਰਿਸ਼ੀ ਵਿਵੇਕਾਨੰਦ ਜੀ ਬਹੁਤ ਚੰਗੇ ਪ੍ਰਵਚਨ ਕਰਤਾ ਦੇ ਰੂਪ ਵਿੱਚ ਪ੍ਰਸਿੱਧ ਸਨ । ਰਿਸ਼ੀ ਵਿਵੇਕਾਨੰਦ ਜੀ ਨੂੰ ਕਾਸ਼ੀ ਸ਼ਹਿਰ ਦੇ ਇੱਕ ਇਲਾਕੇ ਦਾ ਪ੍ਰਚਾਰਕ ਨਿਯੁਕਤ ਕੀਤਾ ਹੋਇਆ ਸੀ। ਉਸ ਇਲਾਕੇ ਦੇ ਲੋਕ ਰਿਸ਼ੀ ਵਿਵੇਕਾਨੰਦ ਜੀ ਦੇ ਧਾਰਾ ਪ੍ਰਵਾਹ ਪ੍ਰਵਚਨਾਂ ਨੂੰ ਸੁਣ ਕੇ ਉਨ੍ਹਾਂ ਦੀ ਪ੍ਰਸ਼ੰਸਾ ਕਿਤੇ ਬਿਨਾਂ ਨਹੀਂ ਰਹਿੰਦੇ ਸਨ। ਉਸਦੀ ਕਲੋਨੀ ਵਿੱਚ ਬਹੁਤ ਪ੍ਰਤਿਸ਼ਠਾ ਬਣੀ ਹੋਈ ਸੀ। ਹਰ ਰੋਜ਼ ਦੀ ਤਰ੍ਹਾਂ ਰਿਸ਼ੀ ਵਿਵੇਕਾਨੰਦ ਜੀ ਵਿਸ਼ਨੂੰ ਪੁਰਾਣ ਦੀ ਕਥਾ ਸੁਣਾ ਰਹੇ

ਸਨ। ਕਹਿ ਰਹੇ ਸਨ, ਭਗਵਾਨ ਵਿਸ਼ਨੂੰ ਸਰਵੇਸ਼ਵਰ ਹਨ, ਅਵਿਨਾਸ਼ੀ ਅਤੇ ਅਜਨਮਾ ਹਨ। ਸਾਰੀ ਸ੍ਰਿਸ਼ਟੀ ਰਚਣਹਾਰ ਅਤੇ ਪਾਲਣਹਾਰ ਹਨ। ਇਨ੍ਹਾਂ ਦੇ ਕੋਈ ਜਨਮਦਾਤਾ ਮਾਤਾ-ਪਿਤਾ ਨਹੀਂ ਹਨ। ਇਹ ਸਵੈਂਭੂੰ ਹਨ। ਇਹ ਹੀ ਤ੍ਰੇਤਾਯੁਗ ਵਿੱਚ ਅਯੋਧਿਆ ਦੇ ਰਾਜਾ ਦਸ਼ਰਥ ਦੇ ਘਰ ਮਾਤਾ ਕੌਸ਼ਲਿਆ ਦੇਵੀ ਦੀ ਪਵਿੱਤਰ ਕੁੱਖ ਤੋਂ ਪੈਦਾ ਹੋਏ ਸਨ ਅਤੇ ਸ਼੍ਰੀ ਰਾਮਚੰਦਰ ਦੇ ਨਾਮ ਨਾਲ ਪ੍ਰਸਿੱਧ ਹੋਏ। ਸਮੁੰਦਰ ਉੱਤੇ ਪੁੱਲ ਬਣਾਇਆ, ਪਾਣੀ ਉੱਪਰ ਪੱਥਰ ਤਰਾਏ। ਲੰਕਾਪਤੀ ਰਾਵਣ ਦਾ ਵਧ ਕੀਤਾ। ਸ਼੍ਰੀ ਵਿਸ਼ਨੂੰ ਭਗਵਾਨ ਨੇ ਹੀ ਦ੍ਵਾਪਰ ਯੁੱਗ ਵਿੱਚ ਸ਼੍ਰੀ ਕ੍ਰਿਸ਼ਨ ਚੰਦਰ ਭਗਵਾਨ ਦਾ ਅਵਤਾਰ ਧਾਰ ਕੇ ਵਾਸੁਦੇਵ ਜੀ ਦੇ ਘਰ ਮਾਤਾ ਦੇਵਕੀ ਦੇ ਗਰਭ ਤੋਂ ਜਨਮ ਲਿਆ ਅਤੇ ਕੰਸ, ਕੇਸ਼ੀ, ਸ਼ਿਸ਼ੂਪਾਲ, ਜਰਾਸੰਧ ਆਦਿ ਦੁਸ਼ਟਾਂ ਨੂੰ ਦਾ ਵਧ ਕੀਤਾ। ਪੰਜ ਸਾਲ ਦੇ ਬੱਚੇ ਕਬੀਰ ਦੇਵ ਜੀ ਵੀ ਉਸ ਰਿਸ਼ੀ ਵਿਵੇਕਾਨੰਦ ਜੀ ਦਾ ਉਪਦੇਸ਼ ਸੁਣ ਰਹੇ ਸਨ ਅਤੇ ਸੈਂਕੜਿਆਂ ਦੀ ਸੰਖਿਆ ਵਿੱਚ ਹੋਰ ਸਰੋਤੇ ਵੀ ਮੌਜੂਦ ਸਨ। ਰਿਸ਼ੀ ਵਿਵੇਕਾਨੰਦ ਜੀ ਨੇ ਆਪਣੇ ਪ੍ਰਵਚਨਾਂ ਨੂੰ ਰੋਕ ਦਿੱਤਾ ਅਤੇ ਮੌਜੂਦ ਸਰੋਤਿਆਂ ਨੂੰ ਕਿਹਾ ਜੇਕਰ ਕਿਸੇ ਨੇ ਕੋਈ ਪ੍ਰਸ਼ਨ ਕਰਨਾ ਹੈ ਤਾਂ ਉਹ ਬੇ-ਝਿਜਕ ਆਪਣੀ ਸ਼ੰਕਾ ਦਾ ਸਮਾਧਾਨ ਕਰਵਾ ਸਕਦਾ ਹੈ।

ਬੱਚੇ ਕਬੀਰ ਪਰਮੇਸ਼ਵਰ ਖੜ੍ਹੇ ਹੋਏ ਅਤੇ ਰਿਸ਼ੀ ਵਿਵੇਕਾਨੰਦ ਜੀ ਨੂੰ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਹੇ ਰਿਸ਼ੀ ਜੀ! ਤੁਸੀਂ ਭਗਵਾਨ ਵਿਸ਼ਨੂੰ ਜੀ ਦੇ ਬਾਰੇ ਦੱਸਿਆ ਹੈ ਕਿ ਇਹ ਅਜਨਮਾ ਹਨ, ਅਵਿਨਾਸ਼ੀ ਹਨ। ਇਹਨਾਂ ਦੇ ਕੋਈ ਮਾਤਾ-ਪਿਤਾ ਨਹੀਂ ਹਨ। ਇੱਕ ਦਿਨ ਇੱਕ ਬ੍ਰਾਹਮਣ ਸ਼੍ਰੀ ਸ਼ਿਵ ਪੁਰਾਣ ਦੇ ਰੁਦਰ ਸੰਹਿਤਾ ਅਧਿਆਇ 6,7 ਨੂੰ ਪੜ੍ਹ ਕੇ ਸਰੋਤਿਆਂ ਨੂੰ ਸੁਣਾ ਰਹੇ ਸਨ, ਇਹ ਦਾਸ ਵੀ ਉਸ ਸਤਿਸੰਗ ਵਿੱਚ ਮੌਜੂਦ ਸੀ। ਸ਼ਿਵ ਪੁਰਾਣ ਵਿੱਚ ਲਿਖਿਆ ਹੈ ਕਿ ਨਿਰਾਕਾਰ ਪਰਮ-ਾਤਮਾ ਆਕਾਰ ਵਿੱਚ ਆਇਆ ਉਹ ਸਦਾ ਸ਼ਿਵ, ਕਾਲ ਰੂਪੀ ਬ੍ਰਹਮ ਕਹਾਇਆ। ਉਸਨੇ ਆਪਣੇ ਅੰਦਰੋਂ ਇੱਕ ਇਸਤਰੀ ਪ੍ਰਗਟ ਕੀਤੀ ਜੋ ਪ੍ਰਕਿਰਤੀ ਦੇਵੀ, ਅਸ਼ਟ-ੰਗੀ, ਤ੍ਰਿਦੇਵ ਜਨਨੀ, ਸ਼ਿਵਾ ਆਦਿ ਨਾਂਵਾਂ ਨਾਲ ਜਾਣੀ ਜਾਂਦੀ ਹੈ। ਕਾਲ ਰੂਪੀ ਬ੍ਰਹਮ ਨੇ ਇੱਕ ਕਾਸ਼ੀ ਨਾਮਕ ਸੋਹਣਾ ਸਥਾਨ ਬਣਾਇਆ ਉੱਥੇ ਦੋਵੇਂ ਸ਼ਿਵ ਅਤੇ ਸ਼ਿਵਾ ਅਰਥਾਤ ਕਾਲ ਰੂਪੀ ਬ੍ਰਹਮ ਅਤੇ ਦੁਰਗਾ ਪਤੀ-ਪਤਨੀ ਰੂਪ ਵਿੱਚ ਰਹਿਣ ਲੱਗੇ। ਕੁੱਝ ਸਮੇਂ ਬਾਅਦ ਦੋਵਾਂ ਦੇ ਸੰਭੋਗ ਤੋਂ ਇੱਕ ਲੜਕਾ ਪੈਦਾ ਹੋਇਆ। ਉਸਦਾ ਨਾਂ ਵਿਸ਼ਨੂੰ ਰੱਖਿਆ। ਇਸੇ ਤਰ੍ਹਾਂ ਦੋਨਾਂ ਦੇ ਰਮਨ ਕਰਨ ਨਾਲ ਇੱਕ ਪੁੱਤਰ ਪੈਦਾ ਹੋਇਆ ਉਸਦਾ ਨਾਮ ਬ੍ਰਹਮਾ ਰੱਖਿਆ ਅਤੇ ਕਮਲ ਦੇ ਫੁੱਲ ਉੱਤੇ ਪਾ ਕੇ ਉਸਨੂੰ ਬੇਹੋਸ਼ ਕਰ ਦਿੱਤਾ। ਫਿਰ ਅਧਿਆਇ 9 ਦੇ ਅੰਤ ਵਿੱਚ ਲਿਖਿਆ ਹੈ ਕਿ "ਬ੍ਰਹਮਾ ਰਜਗੁਣ ਹੈ, ਵਿਸ਼ਨੂੰ ਸਤਗੁਣ ਹੈ ਅਤੇ ਸ਼ੰਕਰ ਤਮਗੁਣ ਹੈ ਪ੍ਰੰਤੂ ਸਦਾ ਸ਼ਿਵ ਇਹਨਾਂ ਤੋਂ ਵੱਖ ਹੈ ਉਹ ਗੁਣਾਤੀਤ ਹੈ। ਇੱਥੇ ਸਦਾਸ਼ਿਵ ਤੋਂ ਇਲਾਵਾ ਤਿੰਨ ਦੇਵਤੇ ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਨੂੰ ਅਤੇ ਸ਼੍ਰੀ ਸ਼ਿਵਜੀ ਵੀ ਹਨ। ਇਸ ਤੋਂ ਸਿੱਧ ਹੋਇਆ ਕਿ ਇਹਨਾਂ ਤਿੰਨ ਦੇਵਤਿਆਂ ਦੀ ਮਾਤਾ ਦੁਰਗਾ ਅਰਥਾਤ ਪ੍ਰਕਿਰਤੀ ਦੇਵੀ ਹੈ ਅਤੇ ਪਿਤਾ ਕਾਲ ਬ੍ਰਹਮ ਹੈ। ਇਹਨਾਂ ਤਿੰਨਾਂ ਭਗਵਾਨਾਂ ਵਿਸ਼ਨੂੰ ਆਦਿ ਦਾ ਜਨਮ ਹੋਇਆ ਹੈ। ਇਹਨਾਂ ਦੇ ਮਾਤਾ ਪਿਤਾ ਵੀ ਹਨ।

ਇੱਕ ਦਿਨ ਮੈਂ ਇੱਕ ਬ੍ਰਾਹਮਣ ਦੁਆਰਾ ਸ਼੍ਰੀ ਦੇਵੀ ਪੁਰਾਣ ਦੇ ਤੀਜੇ ਸਕੰਦ ਵਿੱਚ ਅਧਿਆਇ 4-5 ਵਿੱਚ ਸੁਣਿਆ ਸੀ ਕਿ ਜਿਸ ਵਿੱਚ ਭਗਵਾਨ ਵਿਸ਼ਨੂੰ ਜੀ ਨੇ ਕਿਹਾ ਹੈ ਕਿ "ਇਸ ਪ੍ਰਕਿਰਤੀ ਦੇਵੀ ਅਰਥਾਤ ਦੁਰਗਾ ਨੂੰ ਮੈਂ ਪਹਿਲਾਂ ਵੀ ਦੇਖਿਆ

ਸੀ ਮੈਨੂੰ ਆਪਣੇ ਬਚਪਨ ਦੀ ਯਾਦ ਆਈ ਹੈ। ਮੈਂ ਇੱਕ ਬੋਹੜ ਦੇ ਰੁੱਖ ਦੇ ਹੇਠਾਂ ਪੰਘੂੜੇ ਵਿੱਚ ਲੇਟਿਆ ਹੋਇਆ ਸੀ। ਇਹ ਮੈਨੂੰ ਪਾਲਣੇ ਵਿੱਚ ਝੁਲਾ ਰਹੀ ਸੀ। ਉਸ ਸਮੇਂ ਮੈਂ ਬੱਚੇ ਰੂਪ ਵਿੱਚ ਸੀ। ਪ੍ਰਕਿਰਤੀ ਦੇਵੀ ਦੇ ਨੇੜੇ ਜਾ ਕੇ ਤਿੰਨੇ ਦੇਵ (ਤ੍ਰਿਦੇਵ) ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਣੂ, ਅਤੇ ਸ਼੍ਰੀ ਸ਼ਿਵਜੀ ਹੱਥ ਜੋੜ ਕੇ ਖੜ੍ਹੇ ਹੋ ਗਏ। ਭਗਵਾਨ ਵਿਸ਼ਨੂੰ ਨੇ ਦੇਵੀ ਦੀ ਮਹਿਮਾ ਕੀਤੀ, "ਤੁਸੀਂ ਸ਼ੁੱਧ ਸਵਰੂਪਾ ਹੋ, ਇਹ ਸੰਸਾਰ ਤੁਹਾਡੇ ਤੋਂ ਹੀ ਉਤਪੰਨ ਹੋ ਰਿਹਾ ਹੈ। ਸਾਡਾ ਅਵਿਰਭਾਵ ਅਰਥਾਤ ਜਨਮ ਅਤੇ ਤਿਰੋਭਾਵ ਅਰਥਾਤ ਮੌਤ ਹੁੰਦੀ ਹੈ। ਅਸੀਂ ਅਵਿਨਾਸ਼ੀ ਨਹੀਂ ਹਾਂ। ਤੁਸੀਂ ਅਵਿਨਾਸ਼ੀ ਹੋ। ਪ੍ਰਕਿਰਤੀ ਦੇਵੀ ਹੋ। ਭਗਵਾਨ ਸ਼ੰਕਰ ਬੋਲੇ, ਹੇ ਮਾਤਾ! ਜੇਕਰ ਤੁਹਾਡੇ ਹੀ ਗਰਭ ਤੋਂ ਭਗਵਾਨ ਵਿਸ਼ਨੂੰ ਅਤੇ ਭਗਵਾਨ ਬ੍ਰਹਮਾ ਦਾ ਜਨਮ ਹੋਇਆ ਹੈ ਤਾਂ ਕੀ ਮੈਂ ਤਮੋਗੁਣੀ ਲੀਲਾ ਕਰਨ ਵਾਲਾ ਸ਼ੰਕਰ ਤੁਹਾਡਾ ਪੁੱਤਰ ਨਹੀਂ ਹੋਇਆ? ਅਰਥਾਤ ਮੈਨੂੰ ਵੀ ਜਨਮ ਦੇਣ ਵਾਲੀ ਤੁਸੀਂ ਹੀ ਹੋ।

ਹੇ ਰਿਸ਼ੀ ਵਿਵੇਕਾਨੰਦ ਜੀ! ਤੁਸੀਂ ਕਹਿ ਰਹੇ ਹੋ ਕਿ ਪੁਰਾਣਾਂ ਵਿੱਚ ਲਿਖਿਆ ਹੈ ਕਿ ਭਗਵਾਨ ਵਿਸ਼ਨੂੰ ਜੀ ਦੇ ਤਾਂ ਕੋਈ ਮਾਤਾ-ਪਿਤਾ ਨਹੀਂ। ਇਹ ਅਵਿਨਾਸ਼ੀ ਹਨ। ਇਹਨਾਂ ਪੁਰਾਣਾਂ ਦਾ ਗਿਆਨ ਦਾਤਾ ਇੱਕ ਸ਼੍ਰੀ ਬ੍ਰਹਮਾ ਜੀ ਹਨ ਅਤੇ ਲੇਖਕ ਵੀ ਇੱਕ ਹੀ ਸ਼੍ਰੀ ਵਿਆਸ ਜੀ ਹਨ। ਜਦਕਿ ਪੁਰਾਣਾਂ ਵਿੱਚ ਤਾਂ ਭਗਵਾਨ ਵਿਸ਼ਨੂੰ ਨੂੰ ਨਾਸ਼ਵਾਨ ਲਿਖਿਆ ਹੈ। ਇਨ੍ਹਾਂ ਦੇ ਮਾਤਾ-ਪਿਤਾ ਦਾ ਨਾਮ ਵੀ ਲਿਖਿਆ ਹੈ। ਕਿਉਂ ਜਨਤਾ ਨੂੰ ਭਰਮਿਤ ਕਰ ਰਹੇ ਹੋ।

ਗਰੀਬ, ਬੇਦ ਪੜ੍ਹੇ ਪਰ ਭੇਦ ਨਾ ਜਾਨੇ, ਬਾਚੇਂ ਪੁਰਾਣ ਅਠਾਰਾ ।
ਜੜ ਕੋ ਅੰਧਾ ਪਾਨ ਖਿਲਾਵੇਂ , ਭੂਲੇ ਸਿਰਜਣਹਾਰਾ॥

ਕਬੀਰ ਪਰਮੇਸ਼ਵਰ ਜੀ ਦੇ ਮੁਖ ਕਮਲ ਤੋਂ ਉਪਰੋਕਤ ਪੁਰਾਣਾਂ ਵਿੱਚ ਲਿ-ਖਿਆ ਉਲੇਖ ਸੁਣ ਕੇ ਰਿਸ਼ੀ ਵਿਵੇਕਾਨੰਦ ਬਹੁਤ ਗੁੱਸੇ ਹੋ ਗਿਆ ਅਤੇ ਉੱਥੇ ਬੈਠੇ ਸਰੋਤਿਆਂ ਨੂੰ ਕਿਹਾ ਕਿ ਇਹ ਬਾਲਕ ਝੂਠ ਬੋਲ ਰਿਹਾ ਹੈ। ਪੁਰਾਣਾਂ ਵਿੱਚ ਅਜਿਹਾ ਨਹੀਂ ਲਿਖਿਆ ਹੈ। ਮੌਜੂਦ ਸਰੋਤਿਆਂ ਨੇ ਵੀ ਸਹਿਮਤੀ ਪ੍ਰਗਟ ਕੀਤੀ ਕਿ ਹੇ ਰਿਸ਼ੀ ਜੀ! ਤੁਸੀਂ ਸੱਚ ਕਹਿ ਰਹੇ ਹੋ ਇਹ ਬੱਚਾ ਕੀ ਜਾਣੇ ਪੁਰਾਣਾਂ ਦੇ ਡੂੰਘੇ ਰਹੱਸਾਂ ਨੂੰ? ਤੁਸੀਂ ਵਿਦਵਾਨ ਪੁਰਸ਼ ਪਰਮ ਵਿਵੇਕਸ਼ੀਲ ਹੋ। ਤੁਸੀਂ ਇਸ ਬੱਚੇ ਦੀਆਂ ਗੱਲਾਂ ਉੱਤੇ ਧਿਆਨ ਨਾ ਦਿਓ। ਰਿਸ਼ੀ ਵਿਵੇਕਾਨੰਦ ਜੀ ਨੇ ਪੁਰਾਣਾਂ ਨੂੰ ਉਸੇ ਸਮੇਂ ਦੇਖਿਆ ਜਿਸ ਵਿੱਚ ਸਾਰੇ ਵਿਵਰਣ ਮੌਜੂਦ ਸਨ। ਪ੍ਰੰਤੂ ਮਾਣ ਹਾਨੀ ਦੇ ਡਰ ਤੋਂ ਆਪਣੇ ਝੂਠੇ ਬਿਆਨ ਉੱਤੇ ਹੀ ਦ੍ਰਿੜ ਰਹਿੰਦੇ ਹੋਏ ਕਿਹਾ ਓ ਬੱਚੇ! ਤੇਰਾ ਕੀ ਨਾਂ ਹੈ? ਤੂੰ ਕਿਸ ਜਾਤੀ ਵਿੱਚ ਜੰਮਿਆ ਹੈ। ਤੂੰ ਤਿਲਕ ਲਗਾਇਆ ਹੈ। ਕੀ ਤੂੰ ਕੋਈ ਗੁਰੂ ਧਾਰਣ ਕੀਤਾ ਹੈ? ਜਲਦੀ ਦੱਸੋ।

ਕਬੀਰ ਪਰਮੇਸ਼ਵਰ ਜੀ ਦੇ ਬੋਲਣ ਤੋਂ ਪਹਿਲਾਂ ਹੀ ਸਰੋਤੇ ਕਹਿਣ ਲੱਗੇ ਹੇ ਰਿਸ਼ੀ ਜੀ! ਇਸਦਾ ਨਾਮ ਕਬੀਰ ਹੈ, ਇਹ ਨੀਰੂ ਜੁਲਾਹੇ ਦਾ ਪੁੱਤਰ ਹੈ। ਕਬੀਰ ਜੀ ਨੇ ਕਿਹਾ ਰਿਸ਼ੀ ਜੀ ਮੇਰਾ ਇਹੀ ਪਰਿਚੈ ਹੈ ਜੋ ਸਰੋਤਿਆਂ ਨੇ ਤੁਹਾਨੂੰ ਦੱਸਿਆ ਹੈ। ਮੈਂ ਗੁਰੂ ਧਾਰਣ ਕੀਤਾ ਹੋਇਆ ਹੈ। ਰਿਸ਼ੀ ਵਿਵੇਕਾਨੰਦ ਜੀ ਨੇ ਪੁੱਛਿਆ ਕੀ ਨਾਂ ਹੈ ਤੇਰੇ ਗੁਰੂਦੇਵ ਦਾ ? ਪਰਮੇਸ਼ਵਰ ਕਬੀਰ ਜੀ ਨੇ ਕਿਹਾ ਮੇਰੇ ਪੂਜਯ ਗੁਰੂਦੇਵ ਉਹੀ ਹਨ ਜੋ ਤੁਹਾਡੇ ਗੁਰੂਦੇਵ ਹਨ। ਉਨ੍ਹਾਂ ਦਾ ਨਾਮ ਹੈ ਪੰਡਿਤ ਰਾਮਾਨੰਦ ਸਵਾਮੀ। ਜੁਲਾਹੇ ਦੇ ਬੱਚੇ ਕਬੀਰ ਪਰਮੇਸ਼ਵਰ ਜੀ ਦੇ ਮੁਖ ਕਮਲ ਤੋਂ ਸਵਾਮੀ ਰਾਮਾਨੰਦ ਜੀ ਨੂੰ ਆਪਣਾ ਗੁਰੂ ਜੀ ਦੱਸਣ ਤੇ ਰਿਸ਼ੀ ਵਿਵੇਕਾਨੰਦ ਜੀ ਨੇ ਗਿਆਨ ਚਰਚਾ ਦਾ ਵਿਸ਼ਾ ਬਦਲ ਕੇ ਪਰਮੇਸ਼ਵਰ ਕਬੀਰ ਜੀ ਨੂੰ ਬਹੁਤ ਬੁਰਾ-ਭਲਾ ਕਿਹਾ ਅਤੇ ਸਰੋਤਿਆਂ ਨੂੰ ਭੜਕਾਉਣ ਅਤੇ ਅਸਲ ਵਿਸ਼ੇ ਨੂੰ

ਭੁਲਾਉਣ ਦੇ ਉਦੇਸ਼ ਨਾਲ ਕਿਹਾ ਦੇਖੋ ਭਰਾਵੋ ! ਇਹ ਕਿੰਨਾ ਝੂਠਾ ਬੱਚਾ ਹੈ ਇਹ ਮੇਰੇ ਪੂਜਯ ਗੁਰਦੇਵ ਸ਼੍ਰੀ 1008 ਸਵਾਮੀ ਰਾਮਾਨੰਦ ਜੀ ਨੂੰ ਆਪਣਾ ਗੁਰੂ ਜੀ ਕਹਿ ਰਿਹਾ ਹੈ। ਮੇਰੇ ਗੁਰੂ ਜੀ ਤਾਂ ਇਹਨਾਂ ਅਛੂਤਾਂ ਦੇ ਦਰਸ਼ਨ ਵੀ ਨਹੀਂ ਕਰਦੇ। ਸ਼ੂਦਰਾਂ ਦਾ ਅੰਗ ਵੀ ਨਹੀਂ ਛੂਹਉਂਦੇ। ਹੁਣੇ ਜਾਂਦਾ ਹਾਂ ਗੁਰੂ ਜੀ ਨੂੰ ਦੱਸਦਾ ਹਾਂ। ਭਾਈ ਸਰੋਤਿਓ ! ਤੁਸੀਂ ਸਾਰੇ ਕੱਲ੍ਹ ਸਵੇਰੇ-ਸਵੇਰੇ ਸਵਾਮੀ ਜੀ ਦੇ ਆਸ਼ਰਮ ਆ ਜਾਣਾ। ਇਸ ਝੂਠੇ ਦੀ ਕਿੰਨੀ ਕੁਟਾਈ ਸਵਾਮੀ ਰਾਮਾਨੰਦ ਜੀ ਕਰਨਗੇ? ਇਸ ਨੇ ਸਾਡੇ ਗੁਰੂਦੇਵ ਜੀ ਦਾ ਨਾਮ ਮਿੱਟੀ ਵਿੱਚ ਮਿਲਾਇਆ ਹੈ। ਸਾਰੇ ਸਰੋਤਾ ਬੋਲੇ ਇਹ ਬੱਚਾ ਮੂਰਖ, ਝੂਠਾ, ਗਵਾਰ ਹੈ ਤੁਸੀਂ ਵਿਦਵਾਨ ਹੋ। ਕਬੀਰ ਜੀ ਨੇ ਕਿਹਾ :-

ਨਿਰੰਜਨ ਧੰਨ ਤੇਰਾ ਦਰਬਾਰ-ਨਿਰੰਜਨ ਧੰਨ ਤੇਰਾ ਦਰਬਾਰ।
ਜਹਾਂ ਪਰ ਤਨਿਕ ਨਾ ਨਿਆਂਯ ਵਿਚਾਰ। (ਟੇਕ )
ਵੈਸ਼ਯਾ ਓਢੇ ਮਲ-ਮਲ ਖਾਸਾ ਗਲ ਮੋਤਿਓਂ ਕਾ ਹਾਰ।
ਪਤੀਵ੍ਰਤਾ ਕੋ ਮਿਲੇ ਨਾ ਖਾਦੀ ਸੂਖਾ ਨਿਰਸ ਆਹਾਰ॥
ਪਾਖੰਡੀ ਕੀ ਪੂਜਾ ਜਗ ਮੇ ਸੰਤ ਕੋ ਕਹੇ ਲਬਾਰ।
ਅਗਿਆਨੀ ਕੋ ਪਰਮ ਵਿਵੇਕੀ, ਗਿਆਨੀ ਕੋ ਮੂਢ ਗੰਵਾਰ॥
ਕਹਿ ਕਬੀਰ ਸੁਨੋ ਭਾਈ ਸਾਧੋ ਸਭ ਉਲਟਾ ਵਿਵਹਾਰ,
ਸੱਚੋਂ ਕੋ ਤੋ ਝੂਠਾ ਬਤਾਵੇਂ, ਇਨ ਝੂਠੋਂ ਕਾ ਏਤਬਾਰ ।
ਨਿਰੰਜਨ ਧੰਨ ਤੇਰਾ ਦਰਬਾਰ । ਜਹਾਂ ਪਰ ਤਨਿਕ ਨਾ ਨਿਆਂਯ ਵਿਚਾਰ॥

ਬੰਦੀ ਛੋੜ ਕਬੀਰ ਪਰਮੇਸ਼ਵਰ ਜੀ ਆਪਣੇ ਘਰ ਚਲੇ ਗਏ। ਰਿਸ਼ੀ ਵਿ-ਵੇਕਾਨੰਦ ਆਪਣੇ ਗੁਰੂ ਰਾਮਾਨੰਦ ਸਵਾਮੀ ਜੀ ਦੇ ਆਸ਼ਰਮ ਵਿੱਚ ਗਿਆ ਅਤੇ ਸਾਰੀ ਘਟਨਾ ਦੀ ਜਾਣਕਾਰੀ ਦੱਸੀ। ਹੇ ਸਵਾਮੀ ਜੀ! ਇੱਕ ਛੋਟੀ ਜਾਤੀ ਦਾ ਜੁਲਾਹੇ ਦਾ ਲੜਕਾ ਕਬੀਰ ਆਪਣੇ ਆਪ ਨੂੰ ਵੱਡਾ ਵਿਦਵਾਨ ਸਿੱਧ ਕਰਨ ਲਈ ਭਗਵਾਨ ਵਿਸ਼ਨੂੰ ਜੀ ਨੂੰ ਨਾਸ਼ਵਾਨ ਦੱਸਦਾ ਹੈ। ਹੇ ਰਿਸ਼ੀ ਜੀ! ਉਸਨੇ ਤਾਂ ਸਾਡਾ ਬ੍ਰਾਹਮਣਾਂ ਦਾ ਘਰ ਤੋਂ ਨਿਕਲਣਾ ਵੀ ਔਖਾ ਕਰ ਦਿੱਤਾ ਹੈ। ਸਾਡਾ ਨੱਕ ਵੱਢ ਦਿੱਤਾ ਅਰਥਾਤ ਸਾਨੂੰ ਬਹੁਤ ਸ਼ਰਮਿੰਦਾ (ਲੱਜਿਤ) ਹੋਣਾ ਪੈ ਰਿਹਾ ਹੈ। ਉਸਨੇ ਕੱਲ੍ਹ ਭਰੀ ਸਭਾ ਵਿੱਚ ਕਿਹਾ ਹੈ ਕਿ ਪੰਡਿਤ ਰਾਮਾਨੰਦ ਸਵਾਮੀ ਮੇਰੇ ਗੁਰੂ ਜੀ ਹਨ। ਮੈਂ ਉਹਨਾਂ ਤੋਂ ਦੀਖਿਆ ਲਈ ਹੋਈ ਹੈ। ਉਸ ਕਬੀਰ ਨੇ ਤਿਲਕ ਵੀ ਲਗਾਇਆ ਹੋਇਆ ਸੀ ਜਿਸ ਤਰ੍ਹਾਂ ਅਸੀਂ ਵੈਸ਼ਨਵ ਸੰਤ ਲਗਾਉਂਦੇ ਹਾਂ। ਆਪਣੇ ਸ਼ਿਸ਼ ਵਿਵੇਕਾਨੰਦ ਦੀ ਗੱਲ ਸੁਣ ਕੇ ਸਵਾਮੀ ਰਾਮਾਨੰਦ ਜੀ ਬਹੁਤ ਗੁੱਸੇ ਹੋ ਕੇ ਬੋਲੇ ਹੇ ਵਿਵੇਕਾਨੰਦ ਕੱਲ੍ਹ ਸਵੇਰੇ ਉਸਨੂੰ ਮੇਰੇ ਸਾਹਮਣੇ ਹਾਜ਼ਰ ਕਰੋ। ਦੇਖਣਾ ਸਭ ਦੇ ਸਾਹਮਣੇ ਉਸਦੇ ਝੂਠ ਦਾ ਪਰਦਾਫਾਸ਼ ਕਰਾਂਗਾ।

## " ਕਬੀਰ ਜੀ ਦੁਆਰਾ ਸਵਾਮੀ ਰਾਮਾਨੰਦ ਦੇ ਮਨ ਦੀ ਗੱਲ ਦੱਸਣਾ"

ਦੂਜੇ ਦਿਨ ਵਿਵੇਕਾਨੰਦ ਰਿਸ਼ੀ ਆਪਣੇ ਨਾਲ ਨੌਂ ਆਦਮੀਆਂ ਨੂੰ ਲੈ ਕੇ ਜੁ-ਲਾਹਾ ਕਲੋਨੀ ਵਿੱਚ ਨੀਰੂ ਦੇ ਮਕਾਨ ਦੇ ਬਾਰੇ ਪੁੱਛਣ ਲੱਗਿਆ ਕਿ ਨੀਰੂ ਦਾ ਮਕਾਨ ਕਿਹੜਾ ਹੈ? ਕਲੋਨੀ ਦੇ ਇੱਕ ਵਿਅਕਤੀ ਨੂੰ ਉਨ੍ਹਾਂ ਦੇ ਹਾਵ-ਭਾਵ ਤੋਂ ਲੱਗਿਆ ਕਿ ਇਹ ਕੋਈ ਅਣਸੁਖਾਵੀਂ ਘਟਨਾ ਕਰਨ ਦੇ ਉਦੇਸ਼ ਨਾਲ ਆਏ ਹਨ। ਉਸਨੇ ਜਲਦੀ ਨਾਲ ਨੀਰੂ ਨੂੰ ਜਾ ਕੇ ਦੱਸਿਆ ਕਿ ਕੁਝ ਬ੍ਰਾਹਮਣ ਤੁਹਾਡੇ ਘਰ ਆ ਰਹੇ ਹਨ। ਉਨ੍ਹਾਂ ਦੀ ਨੀਤ ਝਗੜਾ ਕਰਨ ਦੀ ਹੈ। ਨੀਮਾ ਵੀ ਉੱਥੇ ਖੜ੍ਹੀ ਉਸ ਵਿਅਕਤੀ ਦੀਆਂ ਗੱਲਾਂ

ਸੁਣ ਰਹੀ ਸੀ ਉਸੇ ਸਮੇਂ ਉਹ ਬ੍ਰਾਹਮਣ ਗਲੀ ਵਿੱਚ ਨੀਰੂ ਦੇ ਮਕਾਨ ਵੱਲ ਆਉਂਦੇ ਦਿਖਾਈ ਦਿੱਤੇ। ਨੀਮਾ ਸਮਝ ਗਈ ਕਿ ਜ਼ਰੂਰ ਕਬੀਰ ਨੇ ਇਨ੍ਹਾਂ ਬ੍ਰਾਹਮਣਾਂ ਨਾਲ ਗਿਆਨ ਚਰਚਾ ਕੀਤੀ ਹੈ। ਇਹ ਈਰਖਾ ਨਾਲ ਭਰੇ ਵਿਅਕਤੀ ਮੇਰੇ ਪੁੱਤਰ ਨੂੰ ਮਾਰ ਦੇਣਗੇ। ਇਹ ਵਿਚਾਰ ਕਰਕੇ ਸੁੱਤੇ ਪਏ ਬੱਚੇ ਕਬੀਰ ਨੂੰ ਜਗਾਇਆ ਅਤੇ ਆਪਣੀ ਝੌਂਪੜੀ ਦੇ ਪਿੱਛੇ ਲੈ ਗਈ ਉੱਥੇ ਲਿਟਾ ਕੇ ਰਜਾਈ ਪਾ ਦਿੱਤੀ ਅਤੇ ਕਿਹਾ ਪੁੱਤਰ ਬੋਲਣਾ ਨਹੀਂ ਹੈ। ਕੁਝ ਵਿਅਕਤੀ ਝਗੜਾ ਕਰਨ ਦੇ ਉਦੇਸ਼ ਨਾਲ ਸਾਡੇ ਘਰ ਆ ਰਹੇ ਹਨ। ਨੀਮਾ ਆਪਣੇ ਘਰ ਦੇ ਦਰਵਾਜ਼ੇ ਤੇ ਗ਼ਲੀ ਵਿੱਚ ਖੜ੍ਹ ਗਈ। ਤਦ ਤੱਕ ਉਹ ਬ੍ਰਾਹਮਣ ਘਰ ਦੇ ਨੇੜੇ ਆ ਚੁੱਕੇ ਸਨ। ਉਨ੍ਹਾਂ ਨੇ ਪੁੱਛਿਆ ਕੀ ਨੀਰੂ ਦਾ ਘਰ ਇਹੀ ਹੈ? ਨੀਮਾ ਨੇ ਉੱਤਰ ਦਿੱਤਾ ਹਾਂ ਰਿਸ਼ੀ ਜੀ! ਇਹੀ ਹੈ ਕਹੋ ਕਿਵੇਂ ਆਉਣਾ ਹੋਇਆ। ਰਿਸ਼ੀ ਵਿਵੇਕਾਨੰਦ ਬੋਲਿਆ ਕਿੱਥੇ ਹੈ ਤੇਰਾ ਸ਼ਰਾਰਤੀ ਬੱਚਾ ਕਬੀਰ? ਕੱਲ੍ਹ ਉਸਨੇ ਭਰੀ ਸਭਾ ਵਿੱਚ ਮੇਰੇ ਗੁਰੂਦੇਵ ਦੀ ਬੇਇੱਜ਼ਤੀ ਕੀਤੀ ਹੈ। ਅੱਜ ਉਸਦੀ ਪਿਟਾਈ ਗੁਰੂ ਜੀ ਸਭ ਦੇ ਸਾਹਮਣੇ ਕਰਨਗੇ। ਇਸਨੂੰ ਸਬਕ ਸਿਖਾਉਣਗੇ। ਨੀਮਾ ਬੋਲੀ ਮੇਰਾ ਪੁੱਤਰ ਨਿਰਦੋਸ਼ ਹੈ ਉਹ ਕਿਸੇ ਦੀ ਬੇਇੱਜ਼ਤੀ ਨਹੀਂ ਕਰ ਸਕਦਾ। ਤੁਸੀਂ ਮੇਰੇ ਪੁੱਤਰ ਨਾਲ ਈਰਖਾ ਰੱਖਦੇ ਹੋ। ਕਦੇ ਕੋਈ ਬ੍ਰਾਹਮਣ ਉਲਾਂਭੇ (ਸ਼ਿਕਾਇਤ) ਲੈ ਕੇ ਆਉਂਦਾ ਹੈ ਕਦੇ ਕੋਈ। ਤੁਸੀਂ ਮੇਰੇ ਪੁੱਤਰ ਦੀ ਜਾਨ ਦੇ ਦੁਸ਼ਮਣ ਕਿਉਂ ਬਣੇ ਹੋ? ਵਾਪਸ ਜਾਓ।

ਸਾਰੇ ਬ੍ਰਾਹਮਣ ਜ਼ਬਰਦਸਤੀ ਨੀਰੂ ਦੀ ਝੌਂਪੜੀ ਵਿੱਚ ਆ ਕੇ ਕੱਪੜਿਆਂ ਨੂੰ ਚੁੱਕ-2 ਕੇ ਬਾਲਕ ਨੂੰ ਲੱਭਣ ਲੱਗੇ। ਮੰਜਿਆਂ ਨੂੰ ਵੀ ਪਲਟ ਕੇ ਸੁੱਟ ਦਿੱਤਾ। ਜ਼ੋਰ-2 ਨਾਲ ਉੱਚੀ ਆਵਾਜ਼ ਵਿੱਚ ਬੋਲਣ ਲੱਗੇ। ਮਾਪਿਆਂ ਨੂੰ ਦੁਖੀ ਦੇਖ ਕੇ ਬੱਚੇ ਰੂਪਧਾਰੀ ਕਬੀਰ ਪਰਮੇਸ਼ਵਰ ਜੀ ਰਜਾਈ ਵਿੱਚੋਂ ਨਿੱਕਲ ਕੇ ਖੜ੍ਹੇ ਹੋ ਗਏ ਅਤੇ ਕਿਹਾ ਰਿਸ਼ੀ ਜੀ ਮੈਂ ਝੌਂਪੜੀ ਦੇ ਪਿੱਛੇ ਲੁਕਿਆ ਹਾਂ। ਬੱਚੇ ਦੀ ਆਵਾਜ਼ ਸੁਣ ਕੇ ਸਾਰੇ ਬ੍ਰਾਹਮਣ ਪਿੱਛੇ ਗਏ। ਉੱਥੇ ਖੜ੍ਹੇ ਕਬੀਰ ਜੀ ਨੂੰ ਫੜ੍ਹ ਕੇ ਆਪਣੇ ਨਾਲ ਲੈ ਜਾਣ ਲੱਗੇ। ਨੀਮਾ ਅਤੇ ਨੀਰੂ ਨੇ ਵਿਰੋਧ ਕੀਤਾ। ਨੀਮਾ ਨੇ ਬਾਲਕ ਕਬੀਰ ਜੀ ਨੂੰ ਸੀਨੇ ਨਾਲ ਲਾ ਕੇ ਕਿਹਾ ਮੇਰੇ ਬੱਚੇ ਨੂੰ ਨਾ ਲੈ ਕੇ ਜਾਓ। ਨਾ ਲੈ ਜਾਓ—ਇੰਝ ਕਹਿ ਕੇ ਰੋਣ ਲੱਗੀ। ਬੇ-ਰਹਿਮਾਂ ਨੇ ਨੀਮਾ ਨੂੰ ਧੱਕਾ ਮਾਰ ਕੇ ਜ਼ਮੀਨ ਤੇ ਸੁੱਟ ਦਿੱਤਾ। ਨੀਮਾ ਫਿਰ ਉੱਠ ਕੇ ਪਿੱਛੇ ਭੱਜੀ ਅਤੇ ਬਾਲਕ ਕਬੀਰ ਜੀ ਦਾ ਹੱਥ ਉਨ੍ਹਾਂ ਤੋਂ ਛੁਡਾਉਣ ਦਾ ਯਤਨ ਕੀਤਾ। ਇੱਕ ਵਿਅਕਤੀ ਨੇ ਅਜਿਹਾ ਥੱਪੜ ਮਾਰਿਆ ਨੀਮਾ ਦੇ ਮੂੰਹ ਅਤੇ ਨੱਕ ਤੋਂ ਖ਼ੂਨ ਡਿੱਗਣ ਲੱਗਾ। ਨੀਮਾ ਰੋਂਦੀ ਹੋਈ ਗ਼ਲੀ ਵਿੱਚ ਬੇਹੋਸ਼ ਹੋ ਗਈ। ਨੀਰੂ ਨੇ ਵੀ ਬੱਚੇ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਵੀ ਮਾਰ-2 ਕੇ ਮਰਿਆਂ ਵਰਗਾ ਕਰ ਦਿੱਤਾ। ਦੋਵਾਂ ਨੂੰ ਕਲੋਨੀ ਵਾਲੇ ਚੁੱਕ ਕੇ ਉਨ੍ਹਾਂ ਦੇ ਘਰ ਲੈ ਗਏ। ਬਹੁਤ ਸਮੇਂ ਬਾਅਦ ਦੋਵੇਂ ਹੋਸ਼ ਵਿੱਚ ਆਏ। ਬੱਚੇ ਦੇ ਵਿਯੋਗ ਵਿੱਚ ਰੋ-ਰੋ ਕੇ ਬੁਰਾ ਹਾਲ ਸੀ। ਨੀਰੂ ਸੱਟਾਂ ਕਾਰਣ ਤੁਰਨ-ਫਿਰਨ ਵਿੱਚ ਅਸਮਰੱਥ ਜ਼ਮੀਨ 'ਤੇ ਡਿੱਗ ਕੇ ਵਿਰਲਾਪ ਕਰ ਰਿਹਾ ਸੀ। ਕਦੇ ਚੁੱਪ ਹੋ ਕੇ ਡਰਿਆ ਹੋਇਆ ਗ਼ਲੀ ਵੱਲ ਦੇਖ ਰਿਹਾ ਸੀ। ਮਨ ਵਿੱਚ ਸੋਚ ਰਿਹਾ ਸੀ ਕਿ ਕਿਤੇ ਉਹ ਫਿਰ ਵਾਪਸ ਨਾ ਆ ਜਾਣ ਅਤੇ ਮੈਨੂੰ ਜਾਨੋਂ ਨਾ ਮਾਰ ਦੇਣ। ਫਿਰ ਬੱਚੇ ਨੂੰ ਯਾਦ ਕਰਕੇ ਵਿਰਲਾਪ ਕਰਨ ਲੱਗਦਾ। ਮੇਰੇ ਪੁੱਤਰ ਨੂੰ ਨਾ ਮਾਰੋ-ਨਾ ਮਾਰੋ ਇਸਨੇ ਕੀ ਵਿਗਾੜਿਆ ਹੈ ਤੁਹਾਡਾ। ਇਸ ਤਰ੍ਹਾਂ ਪਾਗਲ ਵਰਗੀ ਸਥਿਤੀ ਨੀਰੂ ਦੀ ਹੋ ਗਈ ਸੀ। ਨੀਮਾ ਹੋਸ਼ ਵਿੱਚ ਆਉਂਦੀ ਸੀ ਫਿਰ ਆਪਣੇ ਬੱਚੇ ਨਾਲ ਹੋ ਰਹੇ ਅੱਤਿਆਚਾਰ ਦੀ ਕਲਪਨਾ ਕਰਕੇ ਬੇਹੋਸ਼ (ਅਚੇਤ) ਹੋ ਜਾਂਦੀ ਸੀ। ਮੁਹੱਲੇ (ਕਲੋਨੀ)

ਦੇ ਇਸਤਰੀ ਪੁਰਸ਼ ਉਨ੍ਹਾਂ ਦੀ ਹਾਲਤ ਦੇਖ ਕੇ ਬਹੁਤ ਦੁਖੀ ਸਨ।

ਸਵੇਰ ਦਾ ਸਮਾਂ ਸੀ। ਸਵਾਮੀ ਰਾਮਾਨੰਦ ਜੀ ਗੰਗਾ ਨਦੀ ਤੋਂ ਇਸ਼ਨਾਨ ਕਰਕੇ ਵਾਪਸ ਆਏ ਹੀ ਸਨ। ਆਪਣੀ ਕੁਟੀਆ (Hut) ਵਿੱਚ ਬੈਠੇ ਸਨ। ਜਦ ਉਹਨਾਂ ਨੂੰ ਪਤਾ ਲੱਗਾ ਕਿ ਉਸ ਬੱਚੇ ਕਬੀਰ ਨੂੰ ਫੜ੍ਹ ਕੇ ਰਿਸ਼ੀ ਵਿਵੇਕਾਨੰਦ ਦੀ ਟੀਮ ਲਿਆ ਰਹੀ ਹੈ ਤਾਂ ਸਵਾਮੀ ਰਾਮਾਨੰਦ ਜੀ ਨੇ ਆਪਣੀ ਕੁਟੀਆ ਦੇ ਦਰਵਾਜ਼ੇ ਤੇ ਕੱਪੜੇ ਦਾ ਪਰਦਾ ਲਗਾ ਲਿਆ। ਇਹ ਦਿਖਾਉਣ ਦੇ ਲਈ ਕਿ ਮੈਂ ਪਵਿੱਤਰ ਜਾਤੀ ਦਾ ਬ੍ਰਾਹਮਣ ਹਾਂ ਅਤੇ ਸ਼ੂਦਰਾਂ ਨੂੰ ਦੀਖਿਆ ਦੇਣਾ ਤਾਂ ਦੂਰ ਦੀ ਗੱਲ ਹੈ, ਸਵੇਰੇ-2 ਤਾਂ ਦਰਸ਼ਨ ਵੀ ਨਹੀਂ ਕਰਦਾ।

ਰਿਸ਼ੀ ਵਿਵੇਕਾਨੰਦ ਜੀ ਨੇ ਬੱਚੇ ਕਬੀਰ ਦੇਵ ਜੀ ਨੂੰ ਕੁਟੀਆ ਦੇ ਸਾਹਮਣੇ ਖੜ੍ਹਾ ਕਰਕੇ ਕਿਹਾ ਹੇ ਗੁਰੂਦੇਵ। ਇਹ ਰਿਹਾ ਉਹ ਝੂਠਾ ਬੱਚਾ ਕਬੀਰ ਜੁਲਾਹਾ। ਉਸ ਸਮੇਂ ਰਿਸ਼ੀ ਵਿਵੇਕਾਨੰਦ ਜੀ ਨੇ ਆਪਣੇ ਪ੍ਰਚਾਰ ਖੇਤਰ ਦੇ ਵਿਅਕਤੀਆਂ ਨੂੰ ਖਾਸ ਕਰ ਬੁਲ-ਾਇਆ ਹੋਇਆ ਸੀ। ਇਹ ਦਿਖਾਉਣ ਲਈ ਕਿ ਇਹ ਕਬੀਰ ਝੂਠ ਬੋਲਦਾ ਹੈ। ਸਵਾਮੀ ਰਾਮਾਨੰਦ ਜੀ ਕਹਿਣਗੇ ਮੈਂ ਇਸਨੂੰ ਕਦੇ ਦੀਖਿਆ ਨਹੀਂ ਦਿੱਤੀ। ਜਿਸ ਨਾਲ ਸਭ ਮੌਜੂਦ ਵਿਅਕਤੀਆਂ ਨੂੰ ਇਹ ਗੱਲ ਜੱਚ ਜਾਵੇਗੀ ਕਿ ਕਬੀਰ ਪੁਰਾਣਾਂ ਦੇ ਵਿਸ਼ੇ ਵਿੱਚ ਵੀ ਝੂਠ ਬੋਲ ਰਿਹਾ ਸੀ ਜਿਨ੍ਹਾਂ ਬਾਰੇ ਕਬੀਰ ਜੀ ਨੇ ਲਿਖਿਆ ਦੱਸਿਆ ਸੀ ਕਿ ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵ ਜੀ ਅਤੇ ਬ੍ਰਹਮਾ ਜੀ ਨਾਸ਼ਵਾਨ ਹਨ। ਇਹਨਾਂ ਦਾ ਜਨਮ ਹੁੰਦਾ ਹੈ ਅਤੇ ਮੌਤ ਵੀ ਹੁੰਦੀ ਹੈ ਅਤੇ ਇਨ੍ਹਾਂ ਦੀ ਮਾਂ ਦਾ ਨਾਮ ਪ੍ਰਕਿਰਤੀ ਦੇਵੀ (ਦੁਰਗਾ) ਹੈ ਅਤੇ ਪਿਤਾ ਦਾ ਨਾਮ ਸਦਾਸ਼ਿਵ ਅਰਥਾਤ ਕਾਲ ਬ੍ਰਹਮ ਹੈ। ਉਨ੍ਹਾਂ ਸਭ ਵਿਅਕਤੀਆਂ ਨੇ ਆਪਣੇ ਹੱਥ ਮਿੱਟੀ ਨਾਲ ਰਗੜ-ਰਗੜ ਕੇ ਧੋਏ ਜਿਨ੍ਹਾਂ ਹੱਥਾਂ ਨਾਲ ਕਬੀਰ ਪਰਮੇਸ਼ਵਰ ਨੂੰ ਫੜ੍ਹ ਕੇ ਲਿਆਏ ਸਨ ਅਤੇ ਸਭ ਮੌਜੂਦ ਵਿਅਕਤੀਆਂ ਦੇ ਸਾਹਮਣੇ ਬਾਲਟੀ ਵਿੱਚ ਪਾਣੀ ਭਰ ਕੇ ਇਸ਼ਨਾਨ ਕੀਤਾ ਸਾਰੇ ਕੱਪੜੇ ਜੋ ਸਰੀਰ 'ਤੇ ਪਹਿਨੇ ਹੋਏ ਸਨ ਉਹ ਵੀ ਕੁੱਟ-2 ਕੇ ਧੋਏ।

ਸਵਾਮੀ ਰਾਮਾਨੰਦ ਜੀ ਨੇ ਆਪਣੀ ਕੁਟੀਆ ਦੇ ਦਰਵਾਜ਼ੇ 'ਤੇ ਖੜ੍ਹੇ ਪੰਜ ਸਾਲ ਦੇ ਬਾਲਕ ਕਬੀਰ ਨੂੰ ਉੱਚੀ ਆਵਾਜ਼ ਵਿੱਚ ਪ੍ਰਸ਼ਨ ਕੀਤਾ। ਹੇ ਬਾਲਕ ! ਤੁਹਾਡਾ ਕੀ ਨਾਮ ਹੈ? ਕੌਣ ਜਾਤੀ ਵਿੱਚ ਜਨਮ ਹੈ? ਤੁਹਾਡਾ ਭਗਤੀ ਪੰਥ (ਮਾਰਗ) ਕੀ ਹੈ? ਉਸ ਸਮੇਂ ਲਗਭਗ ਹਜ਼ਾਰ ਦੀ ਸੰਖਿਆ ਵਿੱਚ ਦਰਸ਼ਕ ਮੌਜੂਦ ਸਨ। ਬਾਲਕ ਕਬੀਰ ਜੀ ਨੇ ਵੀ ਅਧੀਨੀ ਨਾਲ ਉੱਚੀ ਆਵਾਜ਼ ਵਿੱਚ ਉੱਤਰ ਦਿੱਤਾ:-

ਜਾਤੀ ਮੇਰੀ ਜਗਦਗੁਰੂ, ਪਰਮੇਸ਼ਵਰ ਹੈ ਪੰਥ।<br>
ਗਰੀਬਦਾਸ ਲਿਖਿਤ ਪੜ੍ਹੇ, ਮੇਰਾ ਨਾਮ ਨਿਰੰਜਨ ਕੰਤ ॥<br>
ਹੇ ਸਵਾਮੀ ਸ੍ਰਿਸ਼ਟਾ ਮੈਂ ਸ੍ਰਿਸ਼ਟੀ ਮੇਰੇ ਤੀਰ।<br>
ਦਾਸ ਗਰੀਬ ਅਧਰ ਬਸੂੰ ਅਵਿਗਤ ਸਤ੍ ਕਬੀਰ ॥<br>
ਗੋਤਾ ਮਾਰੂੰ ਸਵਰਗ ਮੇਂ ਜਾ ਪੈਠੂੰ ਪਾਤਾਲ।<br>
ਗਰੀਬ ਦਾਸ ਢੂੰਢਤ ਫਿਰੂ ਹੀਰੇ ਮਾਣਿਕ ਲਾਲ ॥

ਭਾਵਅਰਥ :- ਕਬੀਰ ਜੀ ਨੇ ਕਿਹਾ ਹੇ ਸਵਾਮੀ ਰਾਮਾਨੰਦ ਜੀ! ਪਰਮੇਸ਼ਵਰ ਦੇ ਘਰ ਕੋਈ ਜਾਤੀ ਨਹੀਂ ਹੈ। ਤੁਸੀਂ ਵਿਦਵਾਨ ਪੁਰਸ਼ ਹੁੰਦੇ ਹੋਏ ਵਰਣ ਭੇਦ ਨੂੰ ਮਹੱਤਵ ਦੇ ਰਹੇ ਹੋ। ਧਿੱਕਾਰ ਹੈ ਅਜਿਹੀ ਵਿਦਵਾਨਤਾ ਨੂੰ। ਮੇਰੀ ਜਾਤੀ, ਨਾਮ ਅਤੇ ਭਗਤੀ ਪੰਥ ਜਾਨਣਾ ਚਾਹੁੰਦੇ ਹੋ ਤਾਂ ਸੁਣੋਂ। ਮੇਰਾ ਨਾਮ ਉਹੀ ਕਵੀਰਦੇਵ ਹੈ ਜੋ ਵੇਦਾਂ ਵਿੱਚ ਲਿਖਿਆ ਹੈ ਜਿਸਨੂੰ ਤੁਸੀਂ ਪੜ੍ਹਦੇ ਹੋ। ਮੈਂ ਉਹ ਨਿਰੰਜਨ (ਮਾਇਆ ਰਹਿਤ),

ਕੰਤ (ਸਭ ਦਾ ਪਤੀ) ਭਾਵ ਸਭ ਦਾ ਸਵਾਮੀ ਹਾਂ। ਮੈਂ ਹੀ ਸਾਰੀ ਸ੍ਰਿਸ਼ਟੀ ਰਚਨਹਾਰ (ਸ੍ਰਿਸ਼ਟਾ) ਹਾਂ। ਇਹ ਸ੍ਰਿਸ਼ਟੀ ਮੇਰੇ ਤੇ ਹੀ ਨਿਰਭਰ (ਤੀਰ) ਹੈ। ਮੈਂ ਉੱਪਰ ਸਤਲੋਕ ਵਿੱਚ ਨਿਵਾਸ ਕਰਦਾ ਹਾਂ। ਮੈਂ ਉਹ ਅਮਰ ਅਵਿਯਕਤ (ਅਵਿਗਤ ਸਤ੍) ਕਬੀਰ ਹਾਂ। {ਜਿਸਦਾ ਵਰਨਣ ਗੀਤਾ ਅਧਿਆਇ 8 ਸ਼ਲੋਕ ਨੰ: 20 ਤੋ 22 ਵਿੱਚ ਹੈ। ਹੇ ਸਵਾਮੀ ਜੀ ਗੀਤਾ ਅਧਿਆਇ 7 ਸ਼ਲੋਕ 24 ਵਿੱਚ ਗੀਤਾ ਗਿਆਨ ਦਾਤਾ ਅਰਥਾਤ ਕਾਲ ਬ੍ਰਹਮ (ਸ਼ਰ ਪੁਰਸ਼) ਆਪਣੇ ਵਿਸ਼ੇ ਵਿੱਚ ਦੱਸਦਾ ਹੈ ਕਿ! ਇਹ ਮੂਰਖ ਮਨੁੱਖ ਸਮੂਹ ਮੈਨੂੰ ਅਵਿਅਕਤ ਨੂੰ ਕ੍ਰਿਸ਼ਨ ਰੂਪ ਵਿੱਚ ਵਿਅਕਤੀ ਮੰਨ ਰਹੇ ਹਨ। ਮੈਂ ਸਭ ਦੇ ਸਾਹਮਣੇ ਪ੍ਰਗਟ ਨਹੀਂ ਹੁੰਦਾ, ਇਹ ਮਨੁੱਖ ਮੇਰੇ ਇਸ ਅਤਿ ਘਟੀਆ ਅਟਲ ਨਿਯਮ ਤੋਂ ਅਨ-ਜਾਣ ਹਨ (24) ਗੀਤਾ ਅ. 7 ਸ਼ਲੋਕ 25 ਵਿੱਚ ਕਿਹਾ ਹੈ ਕਿ ਮੈਂ (ਗੀਤਾ ਗਿਆਨ ਦਾਤਾ ) ਆਪਣੀ ਯੋਗ ਮਾਇਆ (ਸਿੱਧੀ ਸ਼ਕਤੀ) ਨਾਲ ਲੁਕਿਆ ਹੋਇਆ ਆਪਣੇ ਅਸਲੀ ਰੂਪ ਵਿੱਚ ਸਭ ਦੇ ਸਾਹਮਣੇ ਪ੍ਰਤੱਖ ਨਹੀਂ ਹੁੰਦਾ। ਇਹ ਅਗਿਆਨੀ ਜਨ ਸਮੂਹ ਮੈਨੂੰ ਕ੍ਰਿਸ਼ਨ ਅਤੇ ਰਾਮ ਆਦਿ ਦੀ ਤਰ੍ਹਾਂ ਮਾਂ ਤੋ ਜਨਮ ਨਾ ਲੈਣ ਵਾਲੇ ਭਗਵਾਨ ਨੂੰ ਅਤੇ ਅਵਿਨਾਸ਼ੀ (ਜੋ ਹੋਰ ਅਵਿਅਕਤ ਪਰਮੇਸ਼ਵਰ ਹੈ) ਨੂੰ ਨਹੀਂ ਜਾਣਦੇ।

ਹੇ ਸਵਾਮੀ ਰਾਮਾਨੰਦ ਜੀ! ਗੀਤਾ ਅਧਿਆਇ 7 ਸ਼ਲੋਕ 24-25 ਵਿੱਚ ਗੀਤਾ ਗਿਆਨ ਦਾਤਾ ਕਾਲ ਬ੍ਰਹਮ (ਸ਼ਰ ਪੁਰਸ਼ ) ਨੇ ਖੁਦ ਨੂੰ ਅਵਿਅਕਤ ਕਿਹਾ ਹੈ। ਇਹ ਪਹਿਲਾ ਅਵਿਅਕਤ ਪ੍ਰਭੂ ਹੋਇਆ। ਹੁਣ ਸੁਣੋ ਦੂਸਰੇ ਅਤੇ ਤੀਸਰੇ ਅਵਿਅਕਤ ਪ੍ਰਭੂਆਂ ਦੇ ਵਿਸ਼ੇ ਵਿੱਚ। ਗੀਤਾ ਅਧਿਆਇ 8 ਸ਼ਲੋਕ 18-19 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੇ ਤੋਂ ਹੋਰ ਅਵਿਅਕਤ ਪਰਮਾਤਮਾ ਦਾ ਵਰਨਣ ਕੀਤਾ ਹੈ ਕਿਹਾ ਹੈ :- ਇਹ ਸਾਰੇ ਚਰਾਚਰ ਪ੍ਰਾਣੀ ਦਿਨ ਦੇ ਸਮੇਂ ਅਵਿਅਕਤ ਪਰਮਾਤਮਾ ਤੋਂ ਪੈਦਾ ਹੁੰਦੇ ਹਨ ਅਤੇ ਰਾਤ ਦੇ ਸਮੇਂ ਉਸ ਵਿੱਚ ਹੀ ਲੀਨ ਹੋ ਜਾਂਦੇ ਹਨ। ਇਹ ਜਾਣਕਾਰੀ ਕਾਲ ਬ੍ਰਹਮ ਨੇ ਆਪਣੇ ਤੋਂ ਹੋਰ ਅਵਿਅਕਤ ਪ੍ਰਭੂ (ਪਰਬ੍ਰਹਮ) ਭਾਵ ਅਕਸ਼ਰ ਬ੍ਰਹਮ ਦੇ ਵਿਸ਼ੇ ਵਿੱਚ ਦਿੱਤੀ ਹੈ। ਉਹ ਦੂਸਰਾ ਅਵਿਅਕਤ (ਅਵਿਗਤ) ਪ੍ਰਭੂ ਹੋਇਆ ਤੀਜੇ ਅਵਿਅਕਤ (ਅਵਿਗਤ) ਪਰਮਾਤਮਾ ਅਰਥਾਤ ਪਰਮ ਅਕਸ਼ਰ ਬ੍ਰਹਮ ਦੇ ਵਿਸ਼ੇ ਵਿੱਚ ਗੀਤਾ ਅਧਿਆਇ 8 ਸ਼ਲੋਕ 20 ਤੋਂ 22 ਵਿੱਚ ਕਿਹਾ ਹੈ ਕਿ ਜਿਸ ਅਵਿਅਕਤ ਪ੍ਰਭੂ ਦਾ ਗੀਤਾ ਅਧਿਆਇ 8 ਸ਼ਲੋਕ 18-19 ਵਿੱਚ ਵਰਣਨ ਕੀਤਾ ਹੈ ਉਹ ਪੂਰਣ ਪ੍ਰਭੂ ਨਹੀਂ ਹੈ। ਉਹ ਵੀ ਅਸਲ ਵਿੱਚ ਅਵਿਨਾਸ਼ੀ ਪ੍ਰਭੂ ਨਹੀਂ ਹੈ। ਪ੍ਰੰਤੂ ਉਸ ਅਵਿਅਕਤ (ਜਿਸ ਦਾ ਵਿਵਰਣ ਉਪਰੋਕਤ ਸ਼ਲੋਕ 18-19 ਵਿੱਚ ਹੈ) ਤੋਂ ਵੀ ਅਤਿ ਪਰੇ ਦੂਸਰਾ ਜੋ ਸਨਾਤਨ ਅਵਿਅਕਤ ਭਾਵ ਹੈ ਉਹ ਪਰਮ ਦਿਵਯ ਪਰਮੇਸ਼ਵਰ ਸਭ ਭੂਤਾਂ (ਪ੍ਰਾਣੀ-ਆਂ) ਦੇ ਨਸ਼ਟ ਹੋਣ ਤੇ ਵੀ ਨਸ਼ਟ ਨਹੀਂ ਹੁੰਦਾ। ਉਹ ਅਕਸ਼ਰ ਅਵਿਅਕਤ ਅਵਿਨਾਸ਼ੀ ਅਵਿਗਤ ਅਰਥਾਤ ਅਸਲ ਵਿੱਚ ਅਵਿਨਾਸ਼ੀ ਅਵਿਅਕਤ ਪ੍ਰਭੂ ਇਸ ਨਾਮ ਨਾਲ ਕਿਹਾ ਗਿਆ ਹੈ। ਉਸੇ ਅਕਸ਼ਰ ਅਵਿਅਕਤ ਦੀ ਪ੍ਰਾਪਤੀ ਨੂੰ ਪਰਮ ਗਤੀ ਕਹਿੰਦੇ ਹਨ। ਜਿਸ ਦਿਵਯ ਪਰਮ ਪਰਮਾਤਮਾ ਨੂੰ ਪ੍ਰਾਪਤ ਹੋ ਕੇ ਸਾਧਕ ਵਾਪਸ ਮੁੜ ਕੇ ਇਸ ਸੰਸਾਰ ਵਿੱਚ ਨਹੀਂ ਆਉਂਦੇ। (ਇਸੇ ਦਾ ਵਿਵਰਣ ਗੀਤਾ ਅਧਿਆਇ 15 ਸ਼ਲੋਕ 1 ਤੋਂ 4 ਅਤੇ ਸ਼ਲੋਕ 16-17 ਵਿੱਚ ਵੀ ਹੈ) ਉਹ ਧਾਮ ਅਰਥਾਤ ਜਿਸ ਲੋਕ (ਧਾਮ) ਵਿੱਚ ਉਹ ਅਵਿਨਾਸ਼ੀ (ਅਵਿਅਕਤ) ਪਰਮਾਤਮਾ ਰਹਿੰਦਾ ਹੈ ਉਹ ਧਾਮ (ਸਥਾਨ) ਮੇਰੇ ਵਾਲੇ ਲੋਕ (ਬ੍ਰਹਮਲੋਕ) ਤੋਂ ਉੱਤਮ ਹੈ। ਹੇ ਪਾਰਥ! ਜਿਸ ਅਵਿਨਾਸ਼ੀ ਪਰਮਾਤਮਾ ਦੇ ਅੰਤਰਗਤ ਸਭ ਪ੍ਰਾਣੀ ਹਨ। ਜਿਸ ਸੱਚਿਦਾਨੰਦ ਘਨ ਪਰਮਾਤਮਾ ਤੋਂ ਇਹ ਸਾਰਾ

**ਜਗਤ ਸੰਪੂਰਣ ਹੈ, ਉਹ ਸਨਾਤਨ ਅਵਿਅਕਤ ਪਰਮੇਸ਼ਵਰ ਤਾਂ ਅਨੰਨਯ ਭਗਤੀ ਨਾਲ ਪ੍ਰਾਪਤ ਹੋਣ ਯੋਗ ਹੈ (ਗੀਤਾ ਅਧਿਆਇ 8 ਸ਼ਲੋਕ 20, 21,22) ਹੇ ਸਵਾਮੀ ਰਾਮਾਨੰਦ ਜੀ! ਮੈਂ ਓਹੀ ਤੀਸਰੀ ਸ਼੍ਰੇਣੀ ਵਾਲ਼ਾ ਅਵਿਗਤ (ਅਵਿਅਕਤ) ਸਤ੍ (ਸਨ-ਾਤਨ ਅਵਿਨਾਸ਼ੀ ਭਾਵ ਵਾਲ਼ਾ ਪਰਮੇਸ਼ਵਰ) ਕਬੀਰ ਹਾਂ ਜਿਸਨੂੰ ਵੇਦਾਂ ਵਿੱਚ ਕਵੀਰਦੇਵ ਕਿਹਾ ਹੈ। ਉਹੀ ਕਬੀਰਦੇਵ ਮੈਂ ਕਹਾਉਂਦਾ ਹਾਂ।}**

**ਹੇ ਸਵਾਮੀ ਰਾਮਾਨੰਦ ਜੀ! ਸਾਰੀ ਸ੍ਰਿਸ਼ਟੀ ਨੂੰ ਰਚਨ ਵਾਲ਼ਾ (ਸਿਰਜਣਹਾਰ) ਮੈਂ ਹੀ ਹਾਂ। ਮੈਂ ਹੀ ਆਤਮਾ ਦਾ ਅਧਾਰ ਜਗਤਗੁਰੂ ਜਗਤ ਪਿਤਾ, ਬੰਧੂ ਅਤੇ ਜੋ ਸੱਚੀ ਸਾਧਨਾ ਕਰਕੇ ਸਤਲੋਕ ਜਾ ਚੁੱਕੇ ਹਨ ਉਹਨਾਂ ਨੂੰ ਸਤਲੋਕ ਲੈ ਕੇ ਜਾਣ ਵਾਲ਼ਾ ਕਾਲ ਬ੍ਰਹਮ ਦੀ ਤਰ੍ਹਾਂ ਧੋਖਾ ਨਾ ਦੇਣ ਵਾਲ਼ੇ ਸੁਭਾਅ ਵਾਲ਼ਾ ਕਬੀਰ ਦੇਵ (ਕਵੀਰਦੇਵ) ਮੈਂ ਹੀ ਹਾਂ। {ਜਿਸਦਾ ਪ੍ਰਮਾਣ ਅਥਰਵਵੇਦ ਕਾਂਡ 4 ਅਨੁਵਾਕ 1 ਮੰਤਰ 7 ਵਿੱਚ ਲਿਖਿਆ ਹੈ। ਕਾਂਡ ਨੰ.4 ਅਨੁਵਾਕ ਨੰ. 1 ਮੰਤਰ 7**

ਯੋਅਥਰਵਾਣੰ ਪਿੱਤਰੰ ਦੇਵਬੰਧੁੰ ਬ੍ਰਹਸਪਤਿੰ ਨਮਸਾਵ ਚ ਗੱਛਾਤ੍।
ਤਵੰ ਵਿਸ਼ਵੇਸ਼ਾਮ ਜਨਿਤਾ ਯਥਾਸਹ ਕਵਿਰਦੇਵੋ ਨ ਦਭਾਯਤ੍ ਸ੍ਵਧਾਵਾਨ॥7॥

ਯਹ ਅਥਰਵਾਣੰ ਪਿੱਤਰਮ ਦੇਵਬੰਧੁਮ੍ ਬ੍ਰਹਸਪਤਿਮ੍ ਨਮਸਾ ਅਵ ਚ ਗੱਛਾਤ੍ ਤ੍ਵਮ੍ ਵਿਸ਼ਵੇਸ਼ਾਮ੍ ਜਨਿਤਾ ਯਥਾ ਸਹ ਕਵਿਰਦੇਵਹ ਨ ਦਭਾਯਤ ਸ੍ਵਧਾਵਾਨ੍

ਅਨੁਵਾਦ :- (ਯਹ) ਜੋ (ਅਥਰਵਾਣਮ) ਅਚਲ ਅਰਥਾਤ ਅਵਿਨਾਸ਼ੀ (ਪਿੱਤਰਮ) ਜਗਤ ਪਿਤਾ (ਦੇਵ ਬੰਧੁਮ) ਭਗਤਾਂ ਦਾ ਅਸਲ ਸਾਥੀ ਅਰਥਾਤ ਆਤਮਾ ਦਾ ਆਧਾਰ (ਬ੍ਰਹਸਪਤਿਮ) ਵੱਡਾ ਸਵਾਮੀ ਅਰਥਾਤ ਪਰਮੇਸ਼ਵਰ ਜਾਂ ਜਗਤਗੁਰੂ (ਚ) ਅਤੇ (ਨਮਸਾਵ) ਨਿਮਰ ਪੁਜਾਰੀ ਅਰਥਾਤ ਵਿਧੀਵਤ ਸਾਧਕ ਨੂੰ ਸੁਰੱਖਿਆ ਦੇ ਨਾਲ (ਗੱਛਾਤ੍) ਸਤਲੋਕ ਗਏ ਹੋਇਆਂ ਨੂੰ ਸਤਲੋਕ ਲੈ ਜਾਣ ਵਾਲ਼ਾ (ਵਿਸ਼ਵੇਸ਼ਾਮ) ਸਾਰੇ ਬ੍ਰਹਿਮੰਡਾਂ ਦੀ (ਜਨਿਤਾ) ਰਚਨਾ ਕਰਨ ਵਾਲ਼ਾ ਜਗਦੰਬਾ ਅਰਥਾਤ ਮਾਂ ਵਾਲ਼ੇ ਗੁਣਾਂ ਨਾਲ ਵੀ ਭਰਿਆ ਹੋਇਆ (ਨਾ ਦਭਾਯਤ) ਕਾਲ ਦੀ ਤਰ੍ਹਾਂ ਧੋਖਾ ਨਾ ਦੇਣ ਵਾਲ਼ੇ (ਸ੍ਵਧਾਵਾਨ) ਸੁਭਾਅ ਅਰਥਾਤ ਗੁਣਾਂ ਵਾਲ਼ਾ (ਯਥਾ) ਜਿਉਂ ਦਾ ਤਿਉਂ ਅਰਥਾਤ ਓਹੋ ਜਿਹਾ ਹੀ (ਸਹ) ਉਹ (ਤ੍ਵਮ) ਖ਼ੁਦ (ਕਵਿਰਦੇਵ) ਕਵੀਰਦੇਵ ਹੈ ਅਰਥਾਤ ਭਾਸ਼ਾ ਦੇ ਫ਼ਰਕ ਨਾਲ ਇਸਨੂੰ ਕਬੀਰ ਪਰਮੇਸ਼ਵਰ ਵੀ ਕਹਿੰਦੇ ਹਨ।

**ਸਿਰਫ਼ ਪੰਜਾਬੀ ਅਨੁਵਾਦ:- ਜੋ ਅਚਲ ਅਰਥਾਤ ਅਵਿਨਾਸ਼ੀ ਜਗਤ ਪਿਤਾ ਭਗਤਾਂ ਦਾ ਸੱਚਾ ਸਾਥੀ ਅਰਥਾਤ ਆਤਮਾ ਦਾ ਆਧਾਰ ਵੱਡਾ ਸਵਾਮੀ ਅਰਥਾਤ ਪਰਮੇਸ਼ਵਰ ਜਾਂ ਜਗਤਗੁਰੂ ਅਤੇ ਨਿਮਰ ਪੁਜਾਰੀ ਅਰਥਾਤ ਵਿਧੀ ਵਾਲ਼ੇ ਸਾਧਕ ਨੂੰ ਸੁਰੱਖਿਆ ਦੇ ਨਾਲ ਸਤਲੋਕ ਗਏ ਹੋਇਆਂ ਨੂੰ ਸਤਲੋਕ ਲੈ ਕੇ ਜਾਣ ਵਾਲ਼ਾ ਸਾਰੇ ਬ੍ਰਹਿਮੰਡਾਂ ਦੀ ਰਚਨਾ ਕਰਨ ਵਾਲ਼ਾ ਜਗਦੰਬਾ ਅਰਥਾਤ ਮਾਤਾ ਵਾਲ਼ੇ ਗੁਣਾਂ ਨਾਲ ਵੀ ਭਰਿਆ ਹੋਇਆ ਕਾਲ ਦੀ ਤਰ੍ਹਾਂ ਧੋਖਾ ਨਾ ਦੇਣ ਵਾਲ਼ੇ ਸੁਭਾਅ ਅਰਥਾਤ ਗੁਣਾਂ ਵਾਲ਼ਾ ਜਿਉਂ ਦਾ ਤਿਉਂ ਅਰਥਾਤ ਓਹੋ ਜਿਹਾ ਹੀ ਉਹ ਖ਼ੁਦ ਕਵਿਰਦੇਵ ਹੈ ਅਰਥਾਤ ਭਾਸ਼ਾ ਭਿੰਨ ਹੋਣ ਕਾਰਨ ਇਸਨੂੰ ਕਬੀਰ ਪਰਮੇਸ਼ਵਰ ਵੀ ਕਹਿੰਦੇ ਹਨ।**

**ਭਾਵਅਰਥ:-ਇਸਮੰਤਰਵਿੱਚਇਹਵੀਸਪੱਸ਼ਟਕਰਦਿੱਤਾਕਿਉਸਪਰਮੇਸ਼ਵਰ ਦਾ ਨਾਮ ਕਵਿਰਦੇਵ ਅਰਥਾਤ ਕਬੀਰ ਪਰਮੇਸ਼ਵਰ ਹੈ, ਜਿਸਨੇ ਸਾਰੀ ਰਚਨਾ ਕੀਤੀ ਹੈ।**

**ਜੋ ਪਰਮੇਸ਼ਵਰ ਅਚੱਲ ਅਰਥਾਤ ਅਸਲ ਵਿੱਚ ਅਵਿਨਾਸ਼ੀ (ਗੀਤਾ ਅਧਿਆਇ 15 ਸ਼ਲੋਕ 16-17 ਵਿੱਚ ਵੀ ਪ੍ਰਮਾਣ ਹੈ) ਜਗਤ ਗੁਰੂ, ਪਰਮੇਸ਼ਵਰ ਆਤਮਆਧਾਰ, ਜੋ ਪੂਰਣ ਮੁਕਤ ਹੋ ਕੇ ਸਤਲੋਕ ਗਏ ਹਨ ਉਹਨਾਂ ਨੂੰ ਸਤਲੋਕ ਲੈ**

**ਜਾਣ ਵਾਲਾ, ਸਾਰੇ ਬ੍ਰਹਿਮੰਡਾਂ ਦਾ ਰਚਨਹਾਰ, ਕਾਲ (ਬ੍ਰਹਮ) ਦੀ ਤਰ੍ਹਾਂ ਧੋਖਾ ਨਾ ਦੇਣ ਵਾਲਾ ਜਿਉਂ ਦਾ ਤਿਉਂ ਉਹ ਖੁਦ ਕਬੀਰਦੇਵ ਅਰਥਾਤ ਕਬੀਰ ਪ੍ਰਭੂ ਹੈ। ਉਹੀ ਪਰਮੇਸ਼ਵਰ ਸਾਰੇ ਬ੍ਰਹਿਮੰਡਾਂ ਅਤੇ ਪ੍ਰਾਣੀਆਂ ਨੂੰ ਆਪਣੀ ਸ਼ਬਦ ਸ਼ਕਤੀ ਤੋਂ ਉਤਪੰਨ ਕਰਨ ਦੇ ਕਾਰਣ (ਜਨਿਤਾ) ਮਾਂ ਵੀ ਕਹਾਉਂਦਾ ਹੈ ਅਤੇ (ਪਿਤਰਮ) ਪਿਤਾ ਅਤੇ (ਬੰਧੂ) ਭਾਈ ਵੀ ਅਸਲ ਵਿੱਚ ਇਹੀ ਹੈ ਅਤੇ ਅਤੇ (ਦੇਵ) ਪਰਮੇਸ਼ਵਰ ਵੀ ਇਹੀ ਹੈ। ਇਸ ਲਈ ਇਸੇ ਕਵੀਰਦੇਵ (ਕਬੀਰ ਪਰਮੇਸ਼ਵਰ) ਦੀ ਉਸਤੱਤ ਕਰਿਆ ਕਰਦੇ ਹਨ। ਤਵਮੇਵ ਮਾਤਾ ਚ ਪਿਤਾ ਤਵਮੇਵ ਤਵਮੇਵ ਬੰਧੂ ਚ ਸਖਾ ਤਵਮੇਵ, ਤਵਮੇਵ ਵਿੱਦਿਆ ਚ ਦਵ੍ਰਿਣਿਮ ਤਵਮੇਵ, ਤਵਮੇਵ ਸਰਵ ਮ੍ਮ ਦੇਵ ਦੇਵ। ਇਸੇ ਪਰਮੇਸ਼ਵਰ ਦੀ ਮਹਿਮਾ ਦਾ ਪਵਿੱਤਰ ਰਿਗਵੇਦ ਮੰਡਲ ਨੰ. 1 ਸੁਕਤ ਨੰ. 24 ਵਿੱਚ ਸੰਖੇਪ ਵਿਵਰਣ ਹੈ।}**

**ਪੰਜ ਸਾਲ ਦੇ ਬਾਲਕ ਦੇ ਮੁੱਖ ਤੋਂ ਵੇਦਾਂ ਅਤੇ ਗੀਤਾਂ ਦੇ ਡੂੰਘੇ ਰਹੱਸਾਂ ਨੂੰ ਸੁਣ ਕੇ ਰਿਸ਼ੀ ਰਾਮਾਨੰਦ ਜੀ ਹੈਰਾਨ ਰਹਿ ਗਏ ਅਤੇ ਗੁੱਸੇ ਵਿੱਚ ਆ ਕੇ ਗਾਲਾਂ ਦੇਣ ਲੱਗੇ।**

**ਬਾਣੀ :-** ਰਾਮਾਨੰਦ ਅਧਿਕਾਰ ਸੁਨ, ਜੁਲਹਾ ਅਕ ਜਗਦੀਸ਼।
ਦਾਸ ਗਰੀਬ ਬਿਲੰਬ ਨਾ, ਤਾਹਿ ਨਵਾਵਤ ਸ਼ੀਸ਼॥407॥
ਰਾਮਾਨੰਦ ਕੂੰ ਗੁਰੂ ਕਹੈ, ਤਨ ਸੇ ਨਹੀਂ ਮਿਲਾਤ।
ਦਾਸ ਗਰੀਬ ਦਰਸ਼ਨ ਭਯੇ, ਪੈੜੇ ਲਗੀ ਜੂੰ ਲਾਤ॥408॥
ਪੰਥ ਚਲਤ ਠੋਕਰ ਲਗੀ, ਰਾਮ ਨਾਮ ਕਹਿ ਦੀਨ।
ਦਾਸ ਗਰੀਬ ਕਸਰ ਨਹੀਂ, ਸੀਖ ਲਈ ਪ੍ਰਵੀਨ॥409॥
ਆਡਾ ਪੜਦਾ ਲਾਏ ਕਰ, ਰਾਮਾਨੰਦ ਬਝੂੰਤ।
ਦਾਸ ਗਰੀਬ ਕੁਲੰਗ ਛਵਿ, ਅਧਰ ਡਾਕ ਕੁਦੰਤ ॥410॥
ਕੌਨ ਜਾਤਿ ਕੁਲਪੰਥ ਹੈ, ਕੌਣ ਤੁਮਹਾਰਾ ਨਾਮ ।
ਦਾਸ ਗਰੀਬ ਅਧੀਨ ਗਤਿ, ਬੋਲਤ ਹੈ ਬਲਿ ਜਾਂਵ॥411॥

**ਉੱਤਰ ਕਬੀਰ ਜੀ ਦਾ :-**

ਜਾਤਿ ਹਮਾਰੀ ਜਗਤਗੁਰੂ, ਪ੍ਰਮੇਸ਼ਵਰ ਪਦ ਪੰਥ ।
ਦਾਸ ਗਰੀਬ ਲਿਖਤ ਪਰੈ, ਨਾਮ ਨਿਰੰਜਨ ਕੰਤ॥412॥

**ਰਾਮਾਨੰਦ ਜੀ ਬੋਲੇ :-**

ਰੇ ਬਾਲਕ ਸੁਨ ਦੁਰਬੁੱਧੀ, ਘਟ ਮਠ ਤਨ ਆਕਾਰ ।
ਦਾਸ ਗਰੀਬ ਦਰਦ ਲਗਯਾ, ਹੋ ਬੋਲੇ ਸਿਰਜਨਹਾਰ ॥413॥
ਤੁਮ ਮੋਮਨ ਕੇ ਪਾਲਵਾ, ਜੁਲਹੇ ਕੇ ਘਰ ਵਾਸ ।
ਦਾਸ ਗਰੀਬ ਅਗਿਆਨ ਗਤਿ, ਏਤਾ ਦ੍ਰਿੜ ਵਿਸ਼ਵਾਸ ॥414॥
ਮਾਨ ਬਡਾਈ ਛਾਡਿ ਕਰ, ਬੋਲੋ ਬਾਲਕ ਬੈਂਨ ।
ਦਾਸ ਗਰੀਬ ਅਧਮ ਮੁਖੀ, ਏਤਾ ਤੁਮ ਘਟ ਫੈਂਨ॥415॥
ਤਰਕ ਤਲੂ ਸੇ ਬੋਲਤੇ, ਰਾਮਾਨੰਦ ਸੁਰ ਗਿਆਨ ।
ਦਾਸ ਗਰੀਬ ਕੁਜਾਤਿ ਹੈ, ਆਖਰ ਨੀਚ ਨਿਦਾਨ॥423॥

**ਪ੍ਰਮੇਸ਼ਵਰ ਕਬੀਰ ਜੀ (ਕਵਿਰਦੇਵ) ਨੇ ਪਿਆਰ ਨਾਲ ਉੱਤਰ ਦਿੱਤਾ-**

ਮਹਕੇ ਬਦਨ ਖੁਲਾਸ ਕਰਿ, ਸੁਨਿ ਸਵਾਮੀ ਪ੍ਰਵੀਨ।
ਦਾਸ ਗਰੀਬ ਮਨੀ ਮਰੈ, ਮੈਂ ਆਜਿਜ ਆਧੀਨ ॥428॥
ਮੈਂ ਅਵਿਗਤ ਗਤਿ ਸੇ ਪਰੇ, ਚਯਾਰਿ ਬੇਦ ਸੇ ਦੂਰ।

ਦਾਸ ਗਰੀਬ ਦਸੌਂ ਦਿਸ਼ਾ, ਸਕਲ ਸਿੰਧ ਭਰਪੂਰ ॥429॥
ਸਕਲ ਸਿੰਧ ਭਰਪੂਰ ਹੂੰ, ਖਾਲਿਕ ਹਮਰਾ ਨਾਮ ।
ਦਾਸ ਗਰੀਬ ਅਜਾਤਿ ਹੂੰ, ਤੈਂ ਜੂੰ ਕਹ੍ਯਾ ਬਲਿ ਜਾਂਵ॥430॥
ਜਾਤਿ ਪਾਤਿ ਮੇਰੇ ਨਹੀਂ, ਬਸਤੀ ਹੈ ਬਿਨ ਥਾਮ ।
ਦਾਸ ਗਰੀਬ ਅਨਿਨ ਗਤਿ, ਤਨ ਮੇਰਾ ਬਿਨ ਚਾਮ ॥431॥
ਨਾਦ ਬਿੰਦ ਮੇਰੇ ਨਹੀਂ, ਨਹੀਂ ਗੁਦਾ ਨਹੀਂ ਗਾਤ ।
ਦਾਸ ਗਰੀਬ ਸ਼ਬਦ ਸਜਾ, ਨਹੀਂ ਕਿਸੀ ਕਾ ਸਾਥ॥432॥
ਸਬ ਸੰਗੀ ਬਿਛਰੂੰ ਨਹੀਂ, ਆਦਿ ਅੰਤ ਬਹੁ ਜਾਹਿ ।
ਦਾਸ ਗਰੀਬ ਸਕਲ ਬਸੂੰ, ਬਾਹਰ ਭੀਤਰ ਮਾਂਹਿ॥433॥
ਏ ਸਵਾਮੀ ਸ੍ਰਿਸ਼ਟਾ ਮੈਂ, ਸ੍ਰਿਸ਼ਟੀ ਹਮਾਰੇ ਤੀਰ ।
ਦਾਸ ਗਰੀਬ ਅਧਰ ਬਸੂੰ, ਅਵਿਗਤ ਸਤਯ ਕਬੀਰ ॥434॥
ਪੌਹਮੀ ਧਰਣਿ ਆਕਾਸ਼ ਮੇਂ, ਮੈਂ ਵਿਆਪਕ ਸਬ ਠੋਰ ।
ਦਾਸ ਗਰੀਬ ਨ ਦੂਸਰਾ, ਹਮ ਸਮਤੁਲ ਨਹੀਂ ਔਰ ॥436॥
ਹਮ ਦਾਸਨ ਕੇ ਦਾਸ ਹੈਂ, ਕਰਤਾ ਪੁਰਸ਼ ਕਰੀਮ ।
ਦਾਸ ਗਰੀਬ ਅਵਧੂਤ ਹਮ, ਹਮ ਬ੍ਰਹਮਚਾਰੀ ਸੀਮ ॥439॥
ਸੁਨ ਰਾਮਾਨੰਦ ਰਾਮ ਮੈਂ, ਮੈਂ ਬਾਵਨ ਨਰਸਿੰਹ ।
ਦਾਸ ਗਰੀਬ ਸਰਵ ਕਲਾ, ਮੈਂ ਹੀ ਵਿਆਪਕ ਸਰਬੰਗ ॥440॥
ਹਮ ਸੇ ਹੀ ਇੰਦਰ ਕੁਬੇਰ ਹੈਂ, ਬ੍ਰਹਮਾ ਵਿਸ਼ਨੂੰ ਮਹੇਸ਼ ।
ਦਾਸ ਗਰੀਬ ਧਰਮ ਧਵੱਜਾ, ਧਰਣਿ ਰਸਾਤਲ ਸ਼ੇਸ਼ ॥447॥
ਸੁਨਿ ਸਵਾਮੀ ਸਤਿ ਭਾਖ ਹੂੰ, ਝੂਠ ਨ ਹਮਰੈ ਰਿੰਚ ।
ਦਾਸ ਗਰੀਬ ਹਮ ਰੂਪ ਬਿਨ, ਔਰ ਸਕਲ ਪ੍ਰਪੰਚ ॥453॥
ਗੋਤਾ ਲਾਉਂ ਸਵਰਗ ਸੇਂ, ਫਿਰ ਪੈਠੂੰ ਪਾਤਾਲ ।
ਦਾਸ ਗਰੀਬ ਢੂਢੰਤ ਫਿਰੂੰ ਹੀਰੇ ਮਾਣਿਕ ਲਾਲ॥476॥
ਇਸ ਦਰੀਆ ਕੰਕਰ ਬਹੁਤ, ਲਾਲ ਕਹੀਂ ਕਹੀਂ ਠਾਵ ।
ਗਰੀਬ ਦਾਸ ਮਾਣਿਕ ਚੁਗੈਂ, ਹਮ ਮੁਰਜੀਵਾ ਨਾਮ ॥477॥
ਮਨ ਸੋਚਤ ਰਾਮਾਨੰਦ, ਯਹ ਬਾਲਕ ਨਹੀਂ ਕੋਈ ਦੇਵ।
ਪ੍ਰਥਮ ਨਿਤ ਨੇਮ ਕਰੂੰ, ਫਿਰ ਪੂਛੂੰ ਸਭ ਭੇਵ ॥478॥

**ਸਵਾਮੀ ਰਾਮਾਨੰਦ ਜੀ ਨੇ ਕਿਹਾ ਓ ਕੁਜਾਤ! ਅਰਥਾਤ ਸ਼ੂਦਰ! ਛੋਟਾ ਮੂੰਹ ਬੜੀ ਬਾਤ, ਤੂੰ ਆਪਣੇ ਆਪ ਨੂੰ ਪਰਮਾਤਮਾ ਕਹਿੰਦਾ ਹੈ। ਤੇਰਾ ਸਰੀਰ ਤਾਂ ਹੱਡ-ਮਾਸ ਅਤੇ ਖੂਨ ਨਾਲ ਬਣਿਆ ਹੈ। ਤੂੰ ਆਪਣੇ ਆਪ ਨੂੰ ਅਵਿਨਾਸ਼ੀ ਪਰਮਾਤਮਾ ਕਹਿੰਦਾ ਹੈ। ਤੇਰਾ ਜੁਲਾਹੇ ਦੇ ਘਰ ਜਨਮ ਹੈ। ਫਿਰ ਵੀ ਆਪਣੇ ਆਪ ਨੂੰ ਅਜਨਮਾ ਅਵਿਨਾਸ਼ੀ ਕਹਿੰਦਾ ਹੈ ਤੂੰ ਕਪਟੀ ਬਾਲਕ ਹੈ।**

**ਪਰਮੇਸ਼ਵਰ ਕਬੀਰ ਜੀ ਨੇ ਕਿਹਾ :-**

ਨਾ ਮੈਂ ਜਨਮੂੰ ਨਾ ਮਰੂੰ, ਜਿਓਂ ਮੈਂ ਆਊਂ ਤਯੋਂ ਜਾਊਂ।
ਗਰੀਬਦਾਸ ਸਤਿਗੁਰੂ ਭੇਦ ਸੇ ਲਖੋ ਹਮਾਰਾ ਢਾਂਵ॥
ਸੁਣ ਰਾਮਾਨੰਦ ਰਾਮ ਮੈਂ, ਮੁਝਸੇ ਹੀ ਬਾਵਨ ਨ੍ਰਿਸਿੰਹ।
ਦਾਸ ਗਰੀਬ ਯੁਗ-2 ਹਮ ਸੇ ਹੀ ਹੁਏ ਕ੍ਰਿਸ਼ਨ ਅਭੰਗ॥

ਭਾਵਅਰਥ :– ਕਬੀਰ ਜੀ ਨੇ ਉੱਤਰ ਦਿੱਤਾ ਹੇ ਰਾਮਾਨੰਦ ਜੀ, ਮੈਂ ਨਾ ਤਾਂ ਜਨਮ ਲੈਂਦਾ ਹਾਂ, ਨਾ ਮੌਤ ਨੂੰ ਪ੍ਰਾਪਤ ਹੁੰਦਾ ਹਾਂ। ਮੈਂ ਚੌਰਾਸੀ ਲੱਖ ਪ੍ਰਾਣੀਆਂ ਦੇ ਸਰੀ–ਰਾਂ ਵਿੱਚ ਆਉਣ (ਜਨਮ ਲੈਣ) ਅਤੇ ਜਾਣ (ਮੌਤ ਹੋਣ) ਦੇ ਚੱਕਰ ਤੋਂ ਰਹਿਤ ਹਾਂ। ਮੇਰੀ ਵਿਸ਼ੇਸ਼ ਜਾਣਕਾਰੀ ਕਿਸੇ ਤੱਤਵਦਰਸ਼ੀ ਸੰਤ (ਸਤਿਗੁਰੂ) ਦੇ ਗਿਆਨ ਨੂੰ ਸੁਣ ਕੇ ਪ੍ਰਾਪਤ ਕਰੋ। ਗੀਤਾ ਅਧਿਆਇ 4 ਸ਼ਲੋਕ 34 ਅਤੇ ਯਜੁਰਵੇਦ ਅਧਿਆਇ 40 ਮੰਤਰ 10–13 ਵਿੱਚ ਵੇਦ ਗਿਆਨ ਦਾਤਾ ਖ਼ੁਦ ਕਹਿ ਰਿਹਾ ਹੈ ਕਿ ਉਸ ਪੂਰਣ ਪਰਮ–ਾਤਮਾ ਦੇ ਤੱਤਵ (ਵਾਸਤਵਿਕ) ਗਿਆਨ ਤੋਂ ਮੈਂ ਅਣਜਾਣ ਹਾਂ। ਉਸ ਤੱਤਵਗਿਆਨ ਨੂੰ ਤੱਤਵਦਰਸ਼ੀ ਸੰਤਾਂ ਤੋਂ ਸੁਣੋਂ ਉਹਨਾਂ ਨੂੰ ਦੰਡਵਤ ਪ੍ਰਣਾਮ ਕਰੋ, ਬਹੁਤ ਨਿਮਰ ਭਾਵ ਨਾਲ ਪਰਮਾਤਮਾ ਦੇ ਪੂਰਣ ਮੋਕਸ਼ ਮਾਰਗ ਬਾਰੇ ਗਿਆਨ ਪ੍ਰਾਪਤ ਕਰੋ। ਜਿਵੇਂ ਦੀ ਭਗਤੀ ਵਿਧੀ ਤੱਤਵਦ੍ਰਸ਼ਟਾ ਸੰਤ ਦੱਸਣ ਉਵੇਂ ਸਾਧਨਾ ਕਰੋ। ਗੀਤਾ ਅਧਿਆਇ 15 ਸ਼ਲੋਕ 17 ਵਿੱਚ ਲਿਖਿਆ ਹੈ ਕਿ ਸ਼ਲੋਕ 16 ਵਿੱਚ ਜਿਹਨਾਂ ਦੋ ਪੁਰਸ਼ਾਂ (ਭਗਵਾਨਾਂ) 1. ਸ਼ਰਪੁਰਸ਼ ਅਕਥਾਤ ਕਾਲ ਬ੍ਰਹਮ ਅਤੇ 2. ਅਕਸ਼ਰ ਪੁਰਸ਼ ਅਰਥਾਤ ਪਰਬ੍ਰਹਮ ਦਾ ਜ਼ਿਕਰ ਹੈ ਅਸਲ ਵਿੱਚ ਅਵਿਨਾਸ਼ੀ ਪਰਮੇਸ਼ਵਰ ਅਤੇ ਸਭ ਦਾ ਪਾਲਣ ਪੋਸ਼ਣ ਅਤੇ ਧਾਰਣ ਕਰਨ ਵਾਲਾ ਪਰਮਾਤਮਾ ਤਾਂ ਉਹਨਾਂ ਉਪਰੋਕਤ ਦੋਨਾਂ ਤੋਂ ਅਲਗ ਹੀ ਹੈ। ਹੇ ਸਵਾਮੀ ਰਾਮਾਨੰਦ ਜੀ ! ਉਹ ਉੱਤਮ ਪੁਰਸ਼ ਅਰਥਾਤ ਸਭ ਤੋਂ ਉੱਤਮ ਪ੍ਰਭੂ ਮੈਂ ਹੀ ਹਾਂ।

ਇਸ ਗੱਲ ਨੂੰ ਸੁਣ ਕੇ ਸਵਾਮੀ ਰਾਮਾਨੰਦ ਜੀ ਬਹੁਤ ਗੁੱਸੇ ਹੋ ਗਏ ਅਤੇ ਕਿਹਾ ਕਿ ਹੇ ਬਾਲਕ ! ਤੂੰ ਨੀਚ ਜਾਤਿ ਦਾ ਅਤੇ ਛੋਟਾ ਮੂੰਹ ਵੱਡੀ ਗੱਲ। ਤੂੰ ਆਪਣੇ ਆਪ ਭਗਵਾਨ ਬਣ ਬੈਠਿਆ। ਬੁਰੀਆਂ ਗਾਲ੍ਹਾਂ ਵੀ ਕੱਢੀਆਂ। ਕਬੀਰ ਸਾਹਿਬ ਕਹਿੰਦੇ ਕਿ ਗੁਰੂਦੇਵ ! ਤੁਸੀਂ ਮੇਰੇ ਗੁਰੂ ਜੀ ਹੋ। ਤੁਸੀਂ ਮੈਨੂੰ ਗਾਲ੍ਹਾਂ ਦੇ ਰਹੇ ਹੋ ਤਾਂ ਵੀ ਮੈਨੂੰ ਆਨੰਦ ਆ ਰਿਹਾ ਹੈ। ਲੇਕਿਨ ਮੈਂ ਜੋ ਤੁਹਾਨੂੰ ਕਹਿ ਰਿਹਾ ਹਾਂ ਮੈਂ ਜਿਉਂ ਦਾ ਤਿਉਂ ਪੂਰਣ ਬ੍ਰਹਮ ਹੀ ਹਾਂ, ਇਸ ਵਿੱਚ ਕੋਈ ਵੀ ਸ਼ੱਕ ਨਹੀਂ ਹੈ। ਇਸ ਗੱਲ ਨੂੰ ਸੁਣ ਕੇ ਰਾਮਾਨੰਦ ਜੀ ਨੇ ਕਿਹਾ ਕਿ ਠਹਿਰ ਜਾ ਤੇਰੀ ਤਾਂ ਲੰਬੀ ਕਹਾਣੀ ਬਣੇਗੀ, ਤੂੰ ਇਸ ਤਰ੍ਹਾਂ ਨਹੀਂ ਮੰਨੇਗਾ। ਮੈਂ ਪਹਿਲਾਂ ਆਪਣੀ ਪੂਜਾ ਕਰ ਲੈਂਦਾ ਹਾਂ। ਰਾਮਾਨੰਦ ਜੀ ਨੇ ਕਿਹਾ ਕਿ ਇਸ ਨੂੰ ਬਿਠਾਓ। ਮੈਂ ਪਹਿਲਾਂ ਆਪਣੀ ਕੁਝ ਕਿਰਿਆ ਰਹਿੰਦੀ ਹੈ ਉਹ ਕਰ ਲੈਂਦਾ ਹਾਂ, ਬਾਅਦ ਵਿੱਚ ਇਸ ਨਾਲ ਨਜਿੱਠਾਂਗਾ। ਸਵਾਮੀ ਰਾਮਾਨੰਦ ਜੀ ਕੀ ਕਿਰਿਆ ਕਰਦੇ ਸਨ? ਭਗਵਾਨ ਵਿਸ਼ਨੂੰ ਜੀ ਦੀ ਇੱਕ ਕਾਲਪਨਿਕ ਮੂਰਤੀ ਬਣ–ਾਉਂਦੇ ਸਨ। ਸਾਹਮਣੇ ਮੂਰਤੀ ਦਿਖਾਈ ਦੇਣ ਲੱਗ ਜਾਂਦੀ ਸੀ (ਜਿਵੇਂ ਕਰਮਕਾਂਡ ਕਰਦੇ ਹਨ, ਭਗਵਾਨ ਦੀ ਮੂਰਤੀ ਦੇ ਪਹਿਲਾਂ ਵਾਲੇ ਸਾਰੇ ਕੱਪੜੇ ਉਤਾਰ ਕੇ, ਉਸਨੂੰ ਪਾਣੀ ਨਾਲ ਇਸ਼ਨਾਨ ਕਰਵਾ ਕੇ, ਫਿਰ ਸਾਫ਼ ਕੱਪੜੇ ਭਗਵਾਨ ਠਾਕੁਰ ਨੂੰ ਪਵਾ ਕੇ ਗਲੇ ਵਿੱਚ ਮਾਲਾ ਪਾ ਕੇ, ਤਿਲਕ ਲਗਾ ਕੇ ਮੁਕਟ ਰੱਖ ਦਿੰਦੇ ਸਨ।) ਰਾਮਾਨੰਦ ਜੀ ਕਲਪਨਾ ਕਰ ਰਹੇ ਸਨ। ਕਲਪਨਾ ਕਰਕੇ ਭਗਵਾਨ ਦੀ ਕਾਲਪਨਿਕ ਮੂਰਤੀ ਬਣਾਈ। ਸ਼ਰਧਾ ਨਾਲ ਜਿਵੇਂ ਨੰਗੇ ਪੈਰੀ ਜਾ ਕੇ ਆਪ ਹੀ ਗੰਗਾ ਜਲ ਲਿਆਏ ਹੋਣ, ਅਜਿਹੀ ਆਪਣੀ ਭਾਵਨਾ ਬਣਾ ਕੇ ਠਾਕੁਰ ਜੀ ਦੀ ਮੂਰਤੀ ਦੇ ਕੱਪੜੇ ਉਤਾਰੇ, ਫਿਰ ਇਸ਼ਨਾਨ ਕਰਵਾਇਆ ਅਤੇ ਨਵੇਂ ਕੱਪੜੇ ਪਹਿਨਾ ਦਿੱਤੇ। ਤਿਲਕ ਲਗਾ ਦਿੱਤਾ, ਮੁਕਟ ਰੱਖ ਦਿੱਤਾ ਅਤੇ ਮਾਲਾ (ਕੰਠੀ) ਪਾਉਣੀ ਭੁੱਲ ਗਏ। ਕੰਠੀ ਨਾ ਪਾਈ ਜਾਵੇ ਤਾਂ ਪੂਜਾ ਅਧੂ–ਰੀ ਅਤੇ ਮੁਕਟ ਰੱਖ ਦਿੱਤਾ ਤਾਂ ਉਸ ਦਿਨ ਮੁਕਟ ਉਤਾਰਿਆ ਨਹੀਂ ਜਾ ਸਕਦਾ। ਉਸ ਦਿਨ ਮੁਕਟ ਉਤਾਰ ਦੇਵੇ ਤਾਂ ਪੂਜਾ ਖੰਡਿਤ। ਸਵਾਮੀ ਰਾਮਾਨੰਦ ਜੀ ਆਪਣੇ ਆਪ ਨੂੰ

ਕੋਸ ਰਹੇਂ ਹਨ ਕਿ ਇੰਨਾ ਜੀਵਨ ਹੋ ਗਿਆ ਮੇਰਾ ਕਦੇ, ਵੀ ਅਜਿਹੀ ਗ਼ਲਤੀ ਜ਼ਿੰਦਗੀ ਵਿੱਚ ਨਹੀਂ ਹੋਈ ਸੀ। ਪ੍ਰਭੂ ਅੱਜ ਕੀ ਗ਼ਲਤੀ ਬਣ ਗਈ ਮੇਰੇ ਪਾਪੀ ਤੋਂ? ਜੇਕਰ ਮੁਕਟ ਉਤਾਰਿਆ ਤਾਂ ਪੂਜਾ ਖੰਡਿਤ। ਉਸਨੇ ਸੋਚਿਆ ਕਿ ਮੁਕਟ ਦੇ ਉਪਰੋਂ ਕੰਠੀ (ਮਾਲਾ) ਪਾ ਕੇ ਦੇਖਦਾ ਹਾਂ (ਕਲਪਨਾ ਨਾਲ ਕਰ ਰਹੇ ਹਨ ਕੋਈ ਸਾਹਮਣੇ ਮੂਰਤੀ ਨਹੀਂ ਹੈ ਅਤੇ ਪਰਦਾ ਲੱਗਿਆ ਹੈ ਕਬੀਰ ਸਾਹਿਬ ਦੂਜੇ ਪਾਸੇ ਬੈਠੇ ਹਨ)। ਮੁਕਟ ਵਿੱਚ ਮਾਲਾ ਫਸ ਗਈ ਹੈ ਅੱਗੇ ਨਹੀਂ ਜਾ ਰਹੀ ਸੀ। ਰਾਮਾਨੰਦ ਜੀ ਨੇ ਸੋਚਿਆ ਹੁਣ ਕੀ ਕਰਾਂ? ਹੇ ਭਗਵਾਨ! ਅੱਜ ਤਾਂ ਮੇਰਾ ਸਾਰਾ ਦਿਨ ਹੀ ਵਿਅਰਥ ਗਿਆ। ਅੱਜ ਦੀ ਮੇਰੀ ਭਗਤੀ ਕਮਾਈ ਵਿਅਰਥ ਗਈ (ਕਿਉਂਕਿ ਜਿਸਨੂੰ ਪ੍ਰਮਾਤਮਾ ਦੀ ਕਸਕ ਹੁੰਦੀ ਹੈ ਉਸਦਾ ਇੱਕ ਨਿੱਤ ਨਿਯਮ ਵੀ ਰਹਿ ਜਾਵੇ ਤਾਂ ਉਸਨੂੰ ਦਰਦ ਬਹੁਤ ਹੁੰਦਾ ਹੈ। ਜਿਵੇਂ ਇਨਸਾਨ ਦੀ ਜੇਬ ਕੱਟ ਜਾਵੇ ਅਤੇ ਫਿਰ ਬਹੁਤ ਪਛਤਾਉਂਦਾ ਹੈ। ਪ੍ਰਭੂ ਦੇ ਸੱਚੇ ਭਗਤਾਂ ਨੂੰ ਇੰਨੀ ਲਗਨ ਹੁੰਦੀ ਹੈ।) ਇੰਨੇ ਵਿੱਚ ਬਾਲਕ ਰੂਪਧਾਰੀ ਕਬੀਰ ਪਰਮੇਸ਼ਵਰ ਜੀ ਨੇ ਕਿਹਾ ਕਿ ਸਵਾਮੀ ਜੀ ਮਾਲਾ ਦੀ ਗੰਢ ਖੋਲੋ ਅਤੇ ਮਾਲਾ ਗ਼ਲ ਵਿੱਚ ਪਾ ਦਿਓ। ਫਿਰ ਗੰਢ ਲਗਾ ਦਿਓ, ਮੁਕਟ ਉਤਾਰਨਾ ਨਹੀਂ ਪਵੇਗਾ। ਰਾਮਾਨੰਦ ਜੀ ਨੇ ਕਿਹੜਾ ਤਾਂ ਮੁਕਟ ਉਤਾਰਨਾ ਸੀ, ਕਿਹੜੀ ਤਾਂ ਗੰਢ ਖੋਲ੍ਹਣੀ ਸੀ। ਕੁਟੀਆ ਦੇ ਸਾਹਮਣੇ ਲੱਗਿਆ ਪਰਦਾ ਸਵਾਮੀ ਰਾਮਾਨੰਦ ਜੀ ਨੇ ਆਪਣੇ ਹੱਥਾਂ ਨਾਲ ਸੁੱਟ ਦਿੱਤਾ ਅਤੇ ਬ੍ਰਾਹਮਣ ਸਮਾਜ ਦੇ ਸਾਹਮਣੇ ਉਸ ਕਬੀਰ ਪਰਮੇਸ਼ਵਰ ਜੀ ਨੂੰ ਸੀਨੇ ਨਾਲ ਲਾ ਲਿਆ। ਰਾਮਾਨੰਦ ਜੀ ਨੇ ਕਿਹਾ ਕਿ ਹੇ ਭਗਵਾਨ! ਤੁਹਾਡਾ ਤਾਂ ਇੰਨਾ ਕੋਮਲ ਸਰੀਰ ਹੈ ਜਿਵੇਂ ਰੂੰ ਹੋਵੇ, ਤੁਹਾਡੇ ਸਰੀਰ ਦੀ ਤੁਲਨਾ ਵਿੱਚ ਮੇਰਾ ਤਾਂ ਪੱਥਰ ਵਰਗਾ ਸਰੀਰ ਹੈ। ਇੱਕ ਪਾਸੇ ਤਾਂ ਪ੍ਰਭੂ ਖੜ੍ਹੇ ਹਨ ਅਤੇ ਦੂਜੇ ਪਾਸੇ ਜਾਤੀ ਅਤੇ ਧਰਮ ਦੀ ਦੀਵਾਰ ਹੈ। ਪ੍ਰਭੂ ਚਾਹੁਣ ਵਾਲੀਆਂ ਪੁੰਨ ਆਤਮਾਵਾਂ ਧਰਮ ਦੀ ਬਨਾਵਟੀ ਦੀਵਾਰ ਨੂੰ ਤੋੜਨਾ ਠੀਕ ਸਮਝਦੀਆਂ ਹਨ। ਅਜਿਹਾ ਹੀ ਸਵਾਮੀ ਰਾਮਾਨੰਦ ਜੀ ਨੇ ਕੀਤਾ। ਸਾਹਮਣੇ ਪੂਰਣ ਪਰਮਾਤਮਾ ਨੂੰ ਪਾ ਕੇ ਨਾ ਜਾਤੀ ਦੇਖੀ ਨਾ ਧਰਮ ਦੇਖਿਆ, ਨਾ ਛੂਆ-ਛਾਤ, ਸਿਰਫ਼ ਆਤਮ ਕਲਿਆਣ ਦੇਖਿਆ। ਇਸ ਨੂੰ ਬ੍ਰਾਹਮਣ ਕਹਿੰਦੇ ਹਨ।

ਬੋਲਤ ਰਾਮਾਨੰਦ ਜੀ, ਹਮ ਘਰ ਬੜਾ ਸੁਕਾਲ । ਗਰੀਬਦਾਸ ਪੂਜਾ ਕਰੈਂ, ਮੁਕਟ ਫਹੀ ਜਦਿ ਮਾਲ॥
ਸੇਵਾਕਰੋਸੰਭਾਲਕਰ,ਸੁਨਸਵਾਮੀਸੁਰਗਿਆਨ।ਗਰੀਬਦਾਸਸਿਰਮੁਕਟਧਰਿ,ਮਾਲਾਅਟਕੀਜਾਨ॥
ਸਵਾਮੀਘੁੰਡੀਖੋਲਿਕਰਿ, ਫਿਰਮਾਲਾਗਲਡਾਰ।ਗਰੀਬਦਾਸਇਸਭਜਨਕੂੰ,ਜਾਨਤਹੈਕਰਤਾਰ॥
ਡਯੋਢੀਪੜਦਾਦੂਰਿਕਰਿ,ਲੀਯਾਕੰਠਲਗਾਯ।ਗਰੀਬਦਾਸਗੁਜਰੀਬੌਹਤ,ਬਦਨੇਬਦਨਮਿਲਾਯ॥


## " ਕਬੀਰ ਦੇਵ ਦੁਆਰਾ ਰਿਸ਼ੀ ਰਾਮਾਨੰਦ ਦੇ ਆਸ਼ਰਮ ਵਿੱਚ ਦੋ ਰੂਪ ਧਾਰਣ ਕਰਨਾ "

ਸਵਾਮੀ ਰਾਮਾਨੰਦ ਜੀ ਨੇ ਪਰਮੇਸ਼ਵਰ ਕਬੀਰ ਜੀ ਨੂੰ ਕਿਹਾ ਕਿ"ਤੁਸੀਂ ਝੂਠ ਕਿਉਂ ਬੋਲਿਆ?" ਕਬੀਰ ਪਰਮੇਸ਼ਵਰ ਜੀ ਬੋਲੇ! ਕਿਹੜਾ ਝੂਠ ਸਵਾਮੀ ਜੀ? ਸਵਾ-ਮੀ ਰਾਮਾਨੰਦ ਜੀ ਨੇ ਕਿਹਾ ਕਿ ਤੁਸੀਂ ਕਹਿ ਰਹੇ ਸੀ ਕਿ ਤੁਸੀਂ ਮੇਰੇ ਤੋਂ ਨਾਮ ਲਿਆ ਹੋਇਆ ਹੈ। ਤੁਸੀਂ ਮੇਰੇ ਤੋਂ ਉਪਦੇਸ਼ ਕਦੋਂ ਲਿਆ? ਬਾਲਕ ਰੂਪਧਾਰੀ ਕਬੀਰ ਜੀ ਬੋਲੇ ਇੱਕ ਸਮੇਂ ਤੁਸੀਂ ਇਸ਼ਨਾਨ ਕਰਨ ਲਈ ਪੰਚਗੰਗਾ ਘਾਟ ਗਏ ਸੀ। ਮੈਂ ਉੱਥੇ ਲੇਟਿਆ ਹੋਇਆ ਸੀ। ਤੁਹਾਡੇ ਪੈਰ੍ਹਾਂ ਦੀ ਖੜ੍ਹਾਊਂ ਮੇਰੇ ਸਿਰ ਵਿੱਚ ਲੱਗੀ ਸੀ! ਤੁਸੀਂ ਕਿਹਾ ਸੀ ਕਿ ਬੇਟਾ ਰਾਮ ਨਾਮ ਬੋਲੋ। ਰਾਮਾਨੰਦ ਜੀ ਨੇ ਕਿਹਾ-ਹਾਂ, ਹੁਣ ਕੁੱਝ ਯਾਦ ਆਇਆ।

ਪਰ ਉਹ ਬਹੁਤ ਛੋਟਾ ਬੱਚਾ ਸੀ (ਕਿਉਂਕਿ ਉਸ ਸਮੇਂ ਪੰਜ ਸਾਲ ਦੀ ਉਮਰ ਦੇ ਬੱਚੇ ਬਹੁਤ ਵੱਡੇ ਹੋ ਜਾਂਦੇ ਸਨ ਅਤੇ ਪੰਜ ਸਾਲ ਦੇ ਬੱਚੇ ਦੇ ਸਰੀਰ ਅਤੇ ਢਾਈ ਸਾਲ ਦੇ ਬੱਚੇ ਦੇ ਸਰੀਰ ਵਿੱਚ ਦੁੱਗਣਾ ਫਰਕ ਹੋ ਜਾਂਦਾ ਹੈ।) ਕਬੀਰ ਪਰਮੇਸ਼ਵਰ ਜੀ ਨੇ ਕਿਹਾ, ਸਵਾਮੀ ਜੀ ਦੇਖੋ, ਮੈਂ ਅਜਿਹਾ ਸੀ। ਸਵਾਮੀ ਰਾਮਾਨੰਦ ਜੀ ਦੇ ਸਾਹਮਣੇ ਵੀ ਖੜ੍ਹੇ ਹਨ ਅਤੇ ਇੱਕ ਢਾਈ ਸਾਲ ਦੇ ਬੱਚੇ ਦਾ ਦੂਸਰਾ ਰੂਪ ਬਣਾ ਕੇ ਕਿਸੇ ਸੇਵਕ ਦੀ ਉੱਥੇ ਚਾਰਪਾਈ ਵਿਛੀ ਸੀ ਉਸਦੇ ਉੱਪਰ ਵਿਰਾਜਮਾਨ ਹੋ ਗਏ।

ਰਾਮਾਨੰਦ ਜੀ ਨੇ ਛੇ ਵਾਰ ਤਾਂ ਇੱਧਰ ਅਤੇ ਛੇ ਵਾਰ ਉੱਧਰ ਦੇਖਿਆ। ਫਿਰ ਅੱਖਾਂ ਨੂੰ ਮਲ਼ ਮਲ਼ ਕੇ ਦੇਖਿਆ ਕਿ ਕਿਤੇ ਤੇਰੀਆਂ ਅੱਖਾਂ ਧੋਖਾ ਤਾਂ ਨਹੀਂ ਖਾ ਰਹੀਆਂ ਹਨ। ਇਸ ਤਰ੍ਹਾਂ ਦੇਖ ਹੀ ਰਹੇ ਸਨ ਕਿ ਇੰਨੇ ਨੂੰ ਕਬੀਰ ਪਰਮੇਸ਼ਵਰ ਜੀ ਦਾ ਛੋਟੇ ਵਾਲਾ ਰੂਪ ਹਵਾ ਵਿੱਚ ਉੱਡਿਆ ਅਤੇ ਕਬੀਰ ਪਰਮੇਸ਼ਵਰ ਜੀ ਦੇ ਵੱਡੇ ਪੰਜ ਸਾਲ ਵਾ਼ਲੇ ਸਵਰੂਪ ਵਿੱਚ ਸਮਾ ਗਿਆ। ਪੰਜ ਸਾਲ ਵਾਲੇ ਸਵਰੂਪ ਵਿੱਚ ਕਬੀਰ ਪਰਮੇਸ਼ਵਰ ਜੀ ਰਹਿ ਗਏ।

ਮਨ ਕੀ ਪੂਜਾ, ਤੁਮ ਲਖੀ, ਮੁਕੁਟ ਮਾਲ ਪ੍ਰਵੇਸ਼, ਗਰੀਬਦਾਸ ਗਤਿ ਕੋ ਲਖੈ, ਕੌਣ ਵਰਣ ਕਯਾ ਭੇਸ਼ ॥
ਯਹ ਤੋਂ ਤੁਮ ਸ਼ਿਕਸ਼ਾ ਦਈ, ਮਾਨਿ ਲਈ ਮਨ ਮੋਰ। ਗਰੀਬਦਾਸ ਕੋਮਲ ਪੁਰੁਸ਼ ਹਮਰਾ ਬਦਨ ਕਠੋਰ ॥



(ਪਰਮੇਸ਼ਵਰ ਕਬੀਰ ਜੀ ਦੁਆਰਾ ਸਵਾਮੀ ਰਾਮਾਨੰਦ ਜੀ ਦੇ ਆਸ਼ਰਮ ਵਿੱਚ ਦੋ ਰੂਪ ਧਾਰਨ ਕਰਨਾ)

ਰਾਮਾਨੰਦ ਜੀ ਨੇ ਕਿਹਾ ਕਿ ਮੇਰਾ ਸੰਦੇਹ ਮਿਟ ਗਿਆ ਕਿ ਤੁਸੀਂ ਹੀ ਪੂਰਣ ਬ੍ਰਹਮ ਹੋ। ਹੇ ਪਰਮੇਸ਼ਵਰ! ਤੁਹਾਨੂੰ ਕਿਵੇਂ ਪਹਿਚਾਣ ਸਕਦੇ ਹਾਂ। ਤੁਸੀਂ ਕਿਸ ਜਾਤੀ ਵਿੱਚ ਪੈਦਾ ਹੋਏ ਅਤੇ ਕਿਸ ਭੇਸ ਵਿੱਚ ਖੜ੍ਹੇ ਹੋ। ਅਸੀਂ ਨਾਦਾਨ ਪ੍ਰਾਣੀ ਤੁਹਾਡੇ ਨਾਲ ਵਾਦ-ਵਿ-

ਵਾਦ ਕਰਕੇ ਦੋਸ਼ੀ ਹੋ ਗਏ, ਮੁਆਫ਼ ਕਰਨਾ ਪਰਮੇਸ਼ਵਰ ਕਵਿਰਦੇਵ, ਮੈਂ ਤੁਹਾਡਾ ਅਣਜਾਣ ਬੱਚਾ ਹਾਂ। ਰਾਮਾਨੰਦ ਜੀ ਨੇ ਫ਼ਿਰ ਆਪਣੀਆਂ ਹੋਰ ਸ਼ੰਕਾਵਾਂ ਦਾ ਨਿਵਾਰਣ ਕਰਵਾਇਆ।

ਸ਼ੰਕਾ :- ਹੇ ਕਵਿਰਦੇਵ! ਮੈਂ ਰਾਮ-ਰਾਮ ਕੋਈ ਮੰਤਰ ਆਪਣੇ ਸ਼ਿਸ਼ਾਂ ਨੂੰ ਜਾਪ ਕਰਨ ਲਈ ਨਹੀਂ ਦਿੰਦਾ। ਜੇਕਰ ਤੁਸੀਂ ਮੇਰੇ ਤੋਂ ਦੀਖਿਆ ਲਈ ਹੈ ਤਾਂ ਉਹ ਮੰਤਰ ਦੱਸੋ ਜੋ ਮੈਂ ਸ਼ਿਸ਼ ਨੂੰ ਜਾਪ ਕਰਨ ਲਈ ਦਿੰਦਾ ਹਾਂ।

ਉੱਤਰ ਕਬੀਰ ਦੇਵ ਦਾ:- ਹੇ ਸਵਾਮੀ ਜੀ! ਤੁਸੀਂ ਓਮ ਨਾਮ ਜਾਪ ਕਰਨ ਲਈ ਦਿੰਦੇ ਹੋ ਅਤੇ ਓਮ ਨਮੋਂ ਭਗਵਤੇ ਵਾਸੁਦੇਵਾਯ ਦਾ ਜਾਪ ਅਤੇ ਵਿਸ਼ਨੂੰ ਸਤੋਤ੍ਰ ਦੀ ਆਵਰਤੀ ਦੀ ਵੀ ਆਗਿਆ ਦਿੰਦੇ ਹੋ।

ਸ਼ੰਕਾ:- ਤੁਸੀਂ ਜੋ ਮੰਤਰ ਦੱਸਿਆ ਉਹ ਤਾਂ ਸਹੀ ਹੈ। ਇੱਕ ਸ਼ੰਕਾ ਹੋਰ ਹੈ ਉਸਦਾ ਵੀ ਨਿਵਾਰਣ ਕਰੋ। ਮੈਂ ਜਿਸਨੂੰ ਸ਼ਿਸ਼ ਬਣਾਉਂਦਾ ਹਾਂ ਉਸਨੂੰ ਇੱਕ ਚਿੰਨ੍ਹ ਦਿੰਦਾ ਹਾਂ। ਉਹ ਤੁਹਾਡੇ ਕੋਲ ਨਹੀਂ ਹੈ।

ਉੱਤਰ:- ਬੰਦੀ ਛੋੜ ਕਬੀਰ ਦੇਵ ਬੋਲੇ ਹੇ ਗੁਰੂਦੇਵ! ਤੁਸੀਂ ਇੱਕ ਰੁਦ੍ਰਾਕਸ਼ ਦੀ ਕੰਠੀ (ਮਾਲਾ) ਦਿੰਦੇ ਹੋ ਗ਼ਲੇ ਵਿੱਚ ਪਹਿਣਨ ਦੇ ਲਈ। ਇਹ ਦੇਖੋ ਗੁਰੂ ਜੀ ਉਸੇ ਦਿਨ ਤੁਸੀਂ ਆਪਣੀ ਕੰਠੀ ਗ਼ਲੇ ਵਿੱਚੋਂ ਕੱਢ ਕੇ ਮੇਰੇ ਗ਼ਲੇ ਵਿੱਚ ਪਹਿਨਾਈ ਸੀ। ਇਹ ਕਹਿੰਦੇ ਹੋਏ ਕਵਿਰਦੇਵ ਨੇ ਆਪਣੇ ਕੁੜਤੇ ਦੇ ਹੇਠਾਂ ਗ਼ਲੇ ਵਿੱਚ ਪਾਈ ਉਹੀ ਕੰਠੀ (ਮਾਲਾ) ਜਨਤਕ ਕਰ ਦਿੱਤੀ। ਰਾਮਾਨੰਦ ਜੀ ਸਮਝ ਗਏ ਇਹ ਕੋਈ ਸਾਧਾਰਨ ਬੱਚਾ ਨਹੀਂ ਹੈ। ਇਹ ਪ੍ਰਭੂ ਦਾ ਭੇਜਿਆ ਹੋਇਆ ਕੋਈ ਤੱਤਵਦਰਸ਼ੀ ਆਤਮਾ ਹੈ। ਇਸ ਨਾਲ ਗਿਆਨ ਚਰਚਾ ਕਰਨੀ ਚਾਹੀਦੀ ਹੈ। ਚਰਚਾ ਦੇ ਵਿਸ਼ੇ ਨੂੰ ਅੱਗੇ ਵਧਾਉਂਦੇ ਹੋਏ ਸਵਾਮੀ ਰਾਮਾਨੰਦ ਜੀ ਬੋਲੇ ਹੇ ਬਾਲਕ ਕਬੀਰ! ਤੁਸੀਂ ਆਪਣੇ ਆਪ ਨੂੰ ਪਰਮੇਸ਼ਵਰ ਕਹਿੰਦੇ ਹੋ ਪਰਮਾਤਮਾ ਅਜਿਹਾ ਅਰਥਾਤ ਮਨੁੱਖ ਵਰਗਾ ਥੋੜ੍ਹਾ ਹੈ।

ਹੇ ਕਬੀਰ ਜੀ! ਉਸ ਸਥਾਨ (ਪਰਮ ਧਾਮ) ਨੂੰ ਜੇਕਰ ਇੱਕ ਵਾਰ ਦਿਖਾ ਦਿਓ ਤਾਂ ਮਨ ਸ਼ਾਂਤ ਹੋ ਜਾਵੇਗਾ। ਮੈਂ ਕਈ ਸਾਲਾਂ ਤੋਂ ਧਿਆਨ ਯੋਗ ਅਰਥਾਤ ਹੱਠਯੋਗ ਕਰਦਾ ਹਾਂ। ਮੈਂ ਆਕਾਸ਼ ਵਿੱਚ ਬਹੁਤ ਉੱਪਰ ਤੱਕ ਸੈਰ ਕਰ ਆਉਂਦਾ ਹਾਂ। ਪਰਮੇਸ਼ਵਰ ਕਬੀਰ ਜੀ ਨੇ ਕਿਹਾ ਹੇ ਸਵਾਮੀ ਜੀ! ਤੁਸੀਂ ਸਮਾਧੀ ਲਗਾਓ।

ਸਵਾਮੀ ਰਾਮਾਨੰਦ ਜੀ ਦਾ ਹੱਠਯੋਗ ਧਿਆਨ ਕਰਨਾ (ਮੈਡੀਟੇਸ਼ਨ ਕਰਨਾ) ਹਰ ਰੋਜ਼ ਦਾ ਅਭਿਆਸ ਸੀ, ਜਲਦੀ ਹੀ ਸਮਾਧੀ ਵਿੱਚ ਲੀਨ ਹੋ ਗਏ। ਸਮਾਧੀ ਦਸ਼ਾ ਵਿੱਚ ਸਵਾਮੀ ਜੀ ਦੀ ਸੁਰਤੀ (ਧਿਆਨ) ਤ੍ਰਿਵੈਣੀ ਤੱਕ ਜਾਂਦੀ ਸੀ। ਤ੍ਰਿਵੈਣੀ 'ਤੇ ਤਿੰਨ ਰਸਤੇ ਹੋ ਜਾਂਦੇ ਹਨ। ਖੱਬਾ ਰਸਤਾ ਧਰਮਰਾਜ ਦੇ ਲੋਕ ਅਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਦੇ ਲੋਕਾਂ ਅਤੇ ਸਵਰਗ ਲੋਕ ਆਦਿ ਨੂੰ ਜਾਂਦਾ ਹੈ। ਸੱਜਾ ਰਸਤਾ ਅਠਾਸੀ ਹਜ਼ਾਰ ਖੇੜਿਆਂ (ਨਗਰੀਆਂ) ਦੇ ਵੱਲ ਜਾਂਦਾ ਹੈ। ਸਾਹਮਣੇ ਵਾਲਾ ਰਸਤਾ ਬ੍ਰਹਮ ਲੋਕ ਨੂੰ ਜਾਂਦਾ ਹੈ। ਉਸਨੂੰ ਬ੍ਰਹਮਰੰਦ੍ਰ ਵੀ ਕਿਹਾ ਜਾਂਦਾ ਹੈ। ਸਵਾਮੀ ਰਾਮਾਨੰਦ ਜੀ ਕਈ ਜਨਮਾਂ ਤੋਂ ਸਾਧਨਾ ਕਰਦੇ ਹੋਏ ਆ ਰਹੇ ਸਨ। ਇਸ ਕਾਰਣ ਇਹਨਾਂ ਦਾ ਧਿਆਨ ਤੁਰੰਤ ਲੱਗ ਜਾਂਦਾ ਸੀ। ਬਾਲਕ ਰੂਪਧਾਰੀ ਪਰਮੇਸ਼ਵਰ ਕਬੀਰ ਜੀ ਸਵਾਮੀ ਰਾਮਾਨੰਦ ਜੀ ਨੂੰ ਧਿਆਨ ਵਿੱਚ ਅੱਗੇ ਮਿਲੇ ਅਤੇ ਉੱਥੇ ਦਾ ਸਾਰਾ ਭੇਦ ਰਾਮਾਨੰਦ ਜੀ ਨੂੰ ਦੱ-ਸਆ। ਹੇ ਸਵਾਮੀ ਜੀ! ਤੁਹਾਡੀ ਭਗਤੀ ਸਾਧਨਾ ਕਈ ਜਨਮਾਂ ਦੀ ਸੰਚਿਤ ਹੈ। ਜਿਸ ਸਮੇਂ ਤੁਸੀਂ ਸਰੀਰ ਤਿਆਗ ਕੇ ਜਾਓਗੇ ਇਸ ਖੱਬੇ ਰਸਤੇ ਤੋਂ ਜਾਓਗੇ ਇਸ ਰਸਤੇ

ਵਿੱਚ ਸਵੈਚਾਲਿਤ ਦਰਵਾਜ਼ੇ (ਆਟੋਮੈਟਿਕ ਖੁੱਲ੍ਹਣ ਵਾਲੇ ਗੇਟ) ਲੱਗੇ ਹਨ। ਜਿਸ ਸਾਧਕ ਦੀ ਜਿਸ ਵੀ ਲੋਕ ਦੀ ਸਾਧਨਾ ਹੁੰਦੀ ਹੈ ਉਹ ਧਰਮਰਾਏ ਦੇ ਕੋਲ ਜਾ ਕੇ ਇਸੇ ਰਸਤੇ ਤੋਂ ਅੱਗੇ ਚੱਲਦਾ ਹੈ ਉਸੇ ਲੋਕ ਦਾ ਦਰਵਾਜ਼ਾ ਆਪਣੇ ਆਪ ਖੁੱਲ੍ਹ ਜਾਂਦਾ ਹੈ ਉਹ ਦਰਵਾਜ਼ਾ ਤੁਰੰਤ ਬੰਦ ਹੋ ਜਾਂਦਾ ਹੈ। ਉਹ ਪ੍ਰਾਣੀ ਦੁਬਾਰਾ ਉਸ ਰਸਤੇ ਤੋਂ ਵਾਪਸ ਨਹੀਂ ਆ ਸਕਦਾ।

ਧਰਮਰਾਏ ਦਾ ਲੋਕ ਵੀ ਉਸੇ ਖੱਬੇ ਪਾਸੇ ਜਾਣ ਵਾਲੇ ਰਸਤੇ ਵਿੱਚ ਸਭ ਤੋਂ ਪਹਿਲਾਂ ਹੈ। ਉਸ ਧਰਮਰਾਏ ਦੇ ਲੋਕ ਵਿੱਚ ਹਰੇਕ ਦੀ ਭਗਤੀ ਅਨੁਸਾਰ ਸਥਾਨ ਨਿ-ਰਧਾਰਤ ਹੁੰਦਾ ਹੈ। ਆਪ (ਸਵਾਮੀ ਰਾਮਾਨੰਦ) ਜੀ ਦੀ ਭਗਤੀ ਦਾ ਆਧਾਰ ਵਿਸ਼ਨੂੰ ਜੀ ਦਾ ਲੋਕ ਹੈ। ਤੁਸੀਂ ਆਪਣੇ ਪੁੰਨਾਂ ਨੂੰ ਇਸ ਲੋਕ ਵਿੱਚ ਖ਼ਤਮ ਕਰਕੇ ਦੁਬਾਰਾ ਪ੍ਰਿਥਵੀ ਲੋਕ ਵਿੱਚ ਸਰੀਰ ਧਾਰਣ ਕਰੋਗੇ। ਇਹ ਹਲਟ ਦੇ ਖੂਹ ਵਰਗਾ ਚੱਕਰ ਤੁਹਾਡੀ ਸਾਧਨਾ ਨਾਲ ਕਦੇ ਵੀ ਖ਼ਤਮ ਨਹੀਂ ਹੋਵੇਗਾ। ਇਹ ਜਨਮ-ਮਰਣ ਦਾ ਚੱਕਰ ਤਾਂ ਸਿਰਫ਼ ਮੇਰੇ ਦੁਆਰਾ ਦੱਸੇ ਤੱਤਵਗਿਆਨ ਦੁਆਰਾ ਹੀ ਖ਼ਤਮ ਹੋਣਾ ਸੰਭਵ ਹੈ। ਪਰਮੇਸ਼ਵਰ ਕਬੀਰ ਜੀ ਨੇ ਫਿਰ ਕਿਹਾ ਹੇ ਸਵਾਮੀ ਜੀ ! ਜੋ ਸਾਹਮਣੇ ਵਾਲਾ ਦਰਵਾਜ਼ਾ ਹੈ ਇਹ ਬ੍ਰਹਮਰੰਦ੍ਰ ਹੈ। ਇਹ ਵੇਦਾਂ ਵਿੱਚ ਲਿਖੇ ਕਿਸੇ ਵੀ ਮੰਤਰ ਜਾਪ ਨਾਲ ਨਹੀਂ ਖੁੱਲ੍ਹਦਾ ਇਹ ਤਾਂ ਮੇਰੇ ਦੁਆਰਾ ਦੱਸੇ ਸਤਿਨਾਮ (ਜੋ ਦੋ ਮੰਤਰ ਦਾ ਹੁੰਦਾ ਹੈ ਇੱਕ ਓਮ ਮੰਤਰ ਅਤੇ ਦੂਸਰਾ ਤਤ੍ ਇਹ ਤਤ੍ ਸੰਕੇਤਿਕ ਹੈ ਅਸਲ ਨਾਮ ਮੰਤਰ ਤਾਂ ਉਪਦੇਸ਼ ਲੈਣ ਵਾਲੇ ਨੂੰ ਦੱਸਿਆ ਜਾਵੇਗਾ) ਦੇ ਜਾਪ ਨਾਲ ਖੁੱਲ੍ਹਦਾ ਹੈ। ਅਜਿਹਾ ਕਹਿ ਕੇ ਪਰਮੇਸ਼ਵਰ ਕਬੀਰ ਜੀ ਨੇ ਸਤਿਨਾਮ (ਦੋ ਮੰਤਰਾਂ ਦੇ ਨਾਮ) ਦਾ ਜਾਪ ਕੀਤਾ। ਤੁਰੰਤ ਹੀ ਸਾਹਮਣੇ ਵਾਲਾ ਦਰਵਾਜ਼ਾ (ਬ੍ਰਹਮਰੰਦ੍ਰ) ਖੁੱਲ੍ਹ ਗਿਆ। ਪਰਮੇਸ਼ਵਰ ਕਬੀਰ ਜੀ ਆਪਣੇ ਨਾਲ ਸਵਾਮੀ ਰਾਮਾਨੰਦ ਜੀ ਦੀ ਆਤਮਾ ਨੂੰ ਲੈ ਕੇ ਉਸ ਬ੍ਰਹਮਰੰਦ੍ਰ ਵਿੱਚ ਪ੍ਰਵੇਸ਼ ਕਰ ਗਏ। ਫਿਰ ਉਹ ਦਰਵਾਜ਼ਾ ਤੁਰੰਤ ਬੰਦ ਹੋ ਗਿਆ। ਉਸ ਦਰਵਾਜ਼ੇ ਤੋਂ ਨਿਕ਼ਲ ਕੇ ਲੰਬਾ ਸਫ਼ਰ ਤੈਅ ਕੀਤਾ ਬ੍ਰਹਮ-ਲੋਕ ਵਿੱਚ ਗਏ ਅੱਗੇ ਫਿਰ ਤਿੰਨ ਰਸਤੇ ਹਨ। ਖੱਬੇ ਪਾਸੇ ਇੱਕ ਰਸਤਾ ਮਹਾਂਸਵਰਗ ਵਿੱਚ ਜਾਂਦਾ ਹੈ। ਉਸ ਮਹਾਂਸਵਰਗ ਵਿੱਚ ਨਕਲੀ (Dupilcate) ਸਤਲੋਕ, ਅਲ਼ਖ ਲੋਕ, ਅਗਮ ਲੋਕ ਅਤੇ ਅਨਾਮੀ ਲੋਕਾਂ ਦੀ ਰਚਨਾ ਕਾਲ ਬ੍ਰਹਮ ਨੇ ਆਪਣੀ ਪਤਨੀ ਦੁਰਗਾ ਤੋਂ ਕਰਵਾਈ ਹੋਈ ਹੈ। ਪ੍ਰਾਣੀਆਂ ਨੂੰ ਧੋਖਾ ਦੇਣ ਲਈ। ਉਹਨਾਂ ਸਭ ਨਕਲੀ ਲੋਕਾਂ ਨੂੰ ਦਿਖਾ ਕੇ ਵਾਪਸ ਆਏ। ਸੱਜੇ ਪਾਸੇ ਸਪਤਪੁਰੀ, ਧਰੁਵ ਲੋਕ ਆਦਿ ਹਨ। ਸਾਹਮਣੇ ਵਾਲਾ ਦਰਵਾਜ਼ਾ ਉੱਥੇ ਜਾਂਦਾ ਹੈ ਜਿੱਥੇ ਗੀਤਾ ਗਿਆਨ ਦਾਤਾ ਕਾਲ ਬ੍ਰਹਮ ਆਪਣੀ ਯੋਗ ਮਾਇਆ ਨਾਲ ਛਿਪਿਆ ਰਹਿੰਦਾ ਹੈ। ਉੱਥੇ ਤਿੰਨ ਸਥਾਨ ਬਣਾਏ ਹਨ। ਇੱਕ ਰਜੋਗੁਣ ਪ੍ਰਧਾਨ ਖੇਤਰ ਹੈ। ਜਿਸ ਵਿੱਚ ਕਾਲ ਬ੍ਰਹਮ ਅਤੇ ਦੁਰਗਾ (ਪ੍ਰਕਿਰਤੀ) ਦੇਵੀ ਪਤੀ-ਪਤਨੀ ਰੂਪ ਵਿਚ ਸਕਾਰ ਰੂਪ ਵਿੱਚ ਰਹਿੰਦੇ ਹਨ। ਉਸ ਸਮੇਂ ਜਿਸ ਪੁੱਤਰ ਦਾ ਜਨਮ ਹੁੰਦਾ ਹੈ ਉਹ ਰਜੋਗੁਣ ਯੁਕਤ ਹੁੰਦਾ ਹੈ। ਉਸਦਾ ਨਾਮ ਬ੍ਰਹਮਾ ਰੱਖ ਦਿੰਦਾ ਹੈ ਉਸ ਬੱਚੇ ਨੂੰ ਜਵਾਨ ਹੋਣ ਤੱਕ ਬੇਹੋਸ਼ ਰੱਖ ਕੇ ਪਾਲਣ-ਪੋਸ਼ਣ ਕਰਦੇ ਹਨ। ਜਵਾਨ ਹੋਣ ਤੇ ਕਾਲ ਬ੍ਰਹਮ ਖ਼ੁਦ ਵਿਸ਼ਨੂੰ ਰੂਪ ਧਾਰਣ ਕਰਕੇ ਆਪਣੀ ਨਾਭੀ ਤੋਂ ਕਮਲ ਦਾ ਫੁੱਲ ਪ੍ਰਗਟ ਕਰਦਾ ਹੈ। ਉਸ ਕਮਲ ਦੇ ਫੁੱਲ ਉੱਪਰ ਜਵਾਨ ਅਵਸਥਾ ਪ੍ਰਾਪਤ ਹੋਣ ਤੇ ਬ੍ਰਹਮਾ ਜੀ ਨੂੰ ਰੱਖ ਕੇ ਸਚੇਤ ਕਰ ਦਿੰਦਾ ਹੈ। ਇਸੇ ਤਰ੍ਹਾਂ ਇੱਕ ਸਤੋਗੁਣ ਪ੍ਰਧਾਨ ਖੇਤਰ ਬਣਾਇਆ ਹੈ। ਉਸ ਵਿੱਚ (ਦੁਰਗਾ ਅਤੇ ਕਾਲ ਬ੍ਰਹਮ) ਪਤੀ-ਪਤਨੀ ਰੂਪ ਵਿੱਚ ਰਹਿ ਕੇ ਹੋਰ ਪੁੱਤਰ ਸਤੋਗੁਣ ਪ੍ਰਧਾਨ ਪੈਦਾ ਕਰਦੇ ਹਨ। ਉਸਦਾ ਨਾਮ ਵਿਸ਼ਨੂੰ ਰੱਖਦੇ

ਹਨ। ਉਸਨੂੰ ਵੀ ਜਵਾਨ ਹੋਣ ਤੱਕ ਬੇਹੋਸ਼ ਰੱਖਦੇ ਹਨ। ਸ਼ੇਸ਼ ਸੇਜ ਉੱਪਰ ਸਚੇਤ ਕਰਦੇ ਹਨ। ਹੋਰ ਸ਼ੇਸ਼ਨਾਗ ਬ੍ਰਹਮ ਹੀ ਆਪਣੀ ਸ਼ਕਤੀ ਨਾਲ ਪੈਦਾ ਕਰਦਾ ਹੈ। ਇਸੇ ਤਰ੍ਹਾਂ ਇੱਕ ਤਮੋਗੁਣ ਪ੍ਰਧਾਨ ਖੇਤਰ ਬਣਾਇਆ ਹੈ। ਉਸ ਵਿੱਚ ਉਹ ਦੋਵੇਂ (ਦੁਰਗਾ ਅਤੇ ਕਾਲ ਬ੍ਰਹਮ) ਪਤੀ-ਪਤਨੀ ਵਿਵਹਾਰ ਨਾਲ ਤਮੋਗੁਣ ਪ੍ਰਧਾਨ ਪੁੱਤਰ ਪੈਦਾ ਕਰਦੇ ਹਨ। ਉਸਦਾ ਨਾਮ ਸ਼ਿਵ ਰੱਖਦੇ ਹਨ। ਉਸਨੂੰ ਵੀ ਜਵਾਨ ਹੋਣ ਤੱਕ ਬੇਹੋਸ਼ ਰੱਖਦੇ ਹਨ। ਜਵਾਨ ਹੋਣ ਤੇ ਤਿੰਨਾਂ ਨੂੰ ਸਚੇਤ ਕਰਕੇ ਇਹਨਾਂ ਦਾ ਵਿਆਹ, ਪ੍ਰਕ੍ਰਿਤੀ (ਦੁਰਗਾ) ਦੁਆਰਾ ਉੱਤਪੰਨ ਤਿੰਨਾਂ ਲੜਕੀਆਂ ਨਾਲ ਕਰਦੇ ਹਨ। ਇਸ ਤਰ੍ਹਾਂ ਇਹ ਕਾਲ ਬ੍ਰਹਮ ਆਪਣਾ ਸ੍ਰਿਸ਼ਟੀ ਚੱਕਰ ਚਲਾਉਂਦਾ ਹੈ।

ਪਰਮੇਸ਼ਵਰ ਕਬੀਰ ਜੀ ਨੇ ਸਵਾਮੀ ਰਾਮਾਨੰਦ ਜੀ ਨੂੰ ਉਹ ਰਸਤਾ ਦਿਖ-ਾਇਆ ਅਤੇ ਇੱਕੀਵੇਂ ਬ੍ਰਾਹਮੰਡ ਵਿੱਚ ਫਿਰ ਤਿੰਨ ਰਸਤੇ ਹਨ ਖੱਬੇ ਪਾਸੇ ਫਿਰ ਨਕਲੀ ਸਤਲੋਕ ਅਲ਼ਖ ਲੋਕ, ਅਗਮ ਲੋਕ ਅਤੇ ਅਨਾਮੀ ਲੋਕ ਦੀ ਰਚਨਾ ਕੀਤੀ ਹੋਈ ਹੈ। ਸੱਜੇ ਪਾਸੇ ਬਾਰਾਂ ਭਗਤਾਂ ਦਾ ਨਿਵਾਸ ਸਥਾਨ ਬਣਾਇਆ ਹੈ, ਜਿਹਨਾਂ ਨੂੰ ਆਪਣਾ ਗਿਆਨ ਪ੍ਰਚਾਰਕ ਬਣਾ ਕੇ ਜਨਤਾ ਨੂੰ ਸ਼ਾਸਤਰ ਵਿਰੁੱਧ ਗਿਆਨ 'ਤੇ ਆਧਾਰਿਤ ਕਰਾਉਂਦਾ ਹੈ। ਸਾਹਮਣੇ ਵਾਲਾ ਦਰਵਾਜ਼ਾ ਤਪਤ ਸ਼ਿਲਾ ਵੱਲ ਜਾਂਦਾ ਹੈ। ਜਿੱਥੇ ਇਹ ਕਾਲ ਬ੍ਰਹਮ ਇੱਕ ਲੱਖ ਮਨੁੱਖ ਸਰੀਰ ਧਾਰੀ ਪ੍ਰਾਣੀਆਂ ਦੇ ਸੂਖਮ ਸਰੀਰਾਂ ਨੂੰ ਤਪਾ ਕੇ ਉਹਨਾਂ ਵਿੱਚੋਂ ਮੈਲ ਕੱਢ ਕੇ ਖਾਂਦਾ ਹੈ। ਉਸ ਕਾਲ ਬ੍ਰਹਮ ਦੇ ਉਸ ਲੋਕ ਦੇ ਉੱਪਰ ਇੱਕ ਦਰਵਾਜ਼ਾ ਹੈ ਜੋ ਪਰਬ੍ਰਹਮ (ਅਕਸ਼ਰ ਪੁਰਸ਼) ਦੇ ਸੱਤ ਸੰਖ ਬ੍ਰਹਿਮੰਡਾਂ ਵਿੱਚ ਖੁੱਲ੍ਹਦਾ ਹੈ। ਪਰਬ੍ਰਹਮ ਦੇ ਬ੍ਰਹਿਮੰਡਾਂ ਦੇ ਆਖਰੀ ਸਿਰੇ ਤੇ ਇੱਕ ਦਰਵਾਜ਼ਾ ਹੈ ਜੋ ਸਤਪੁਰਸ਼ (ਪਰਮ ਅਕਸ਼ਰ ਬ੍ਰਹਮ) ਦੇ ਲੋਕ ਸਤਲੋਕ ਦੀ ਭੰਵਰ ਗੁਫ਼ਾ ਵਿੱਚ ਖੁੱਲ੍ਹਦਾ ਹੈ। ਫਿਰ ਅੱਗੇ ਸਤਲੋਕ ਹੈ ਜੋ ਅਸਲ ਸਤਲੋਕ ਹੈ। ਸਤਲੋਕ ਵਿੱਚ ਪੂਰਣ ਪਰਮਾਤਮਾ ਕਬੀਰ ਜੀ ਅਲੱਗ ਤੇਜੋਮਯ ਮਨੁੱਖ ਸਦ੍ਰਿਸ਼ ਸਰੀਰ ਵਿੱਚ ਇੱਕ ਗੁੰਬਦ (ਗੁੰਮਜ਼) ਵਿੱਚ ਇੱਕ ਉੱਚੇ ਸਿੰਘਾਸਨ 'ਤੇ ਵਿਰਾਜਮਾਨ ਹਨ। ਉੱਥੇ ਸਤਲੋਕ ਦੀ ਸਭ ਚੀਜ਼ਾਂ ਅਤੇ ਸਤਲੋਕ ਵਾਸੀ ਸਫ਼ੈਦ ਪ੍ਰਕਾਸ਼ ਯੁਕਤ ਹਨ। ਸਤਪੁਰਸ਼ ਦੇ ਸਰੀਰ ਦਾ ਪ੍ਰਕਾਸ਼ ਬਹੁਤ ਜ਼ਿਆਦਾ ਸਫ਼ੈਦ ਹੈ। ਸਤਪੁਰਸ਼ ਦੇ ਇੱਕ ਰੋਮ ਕੂਪ ਦਾ ਪ੍ਰਕਾਸ਼ ਇੱਕ ਲੱਖ ਸੂਰਜਾਂ ਅਤੇ ਇੰਨੇ ਹੀ ਚੰਦਰਮਾਂਵਾਂ ਦੇ ਮਿਲੇ ਜੁਲੇ ਪ੍ਰਕਾਸ਼ ਤੋਂ ਵੀ ਵੱਧ ਹੈ।

ਪਰਮੇਸ਼ਵਰ ਕਬੀਰ ਜੀ ਸਵਾਮੀ ਰਾਮਾਨੰਦ ਜੀ ਦੀ ਆਤਮਾ ਨੂੰ ਨਾਲ ਲੈ ਕੇ ਸਤਲੋਕ ਵਿੱਚ ਗਏ। ਉੱਥੇ ਸਭ ਆਤਮਾਵਾਂ ਦਾ ਵੀ ਮਨੁੱਖ ਵਾਂਗ ਸਰੀਰ ਹੈ। ਉਹਨਾਂ ਦੇ ਸਰੀਰ ਦਾ ਵੀ ਸਫ਼ੈਦ ਪ੍ਰਕਾਸ਼ ਹੈ। ਪ੍ਰੰਤੂ ਸਤਲੋਕ ਨਿਵਾਸੀਆਂ ਦੇ ਸਰੀਰ ਦਾ ਪ੍ਰਕ-ਾਸ਼ ਸੋਲਾਂ ਸੂਰਜਾਂ ਦੇ ਪ੍ਰਕਾਸ਼ ਦੇ ਸਮਾਨ ਹੈ। ਬਾਲਕ ਰੂਪਧਾਰੀ ਕਵੀਰਦੇਵ ਨੇ ਆਪਣੇ ਹੀ ਦੂਜੇ ਸਰੂਪ ਉੱਤੇ ਚੰਵਰ ਕੀਤਾ। ਜੋ ਸਰੂਪ ਬਹੁਤ ਜ਼ਿਆਦਾ ਤੇਜੋਮਯ ਸੀ ਅਤੇ ਸਿੰਘਾਸਨ 'ਤੇ ਇੱਕ ਸਫ਼ੈਦ ਗੁੰਬਜ਼ ਵਿੱਚ ਵਿਰਾਜਮਾਨ ਸੀ। ਸਵਾਮੀ ਰਾਮਾਨੰਦ ਜੀ ਨੇ ਸੋਚਿਆ ਕਿ ਪੂਰਣ ਪਰਮਾਤਮਾ ਤਾਂ ਇਹ ਹੈ ਜੋ ਤੇਜੋਮਯ ਸਰੀਰ ਯੁਕਤ ਹਨ। ਇਹ ਬਾਲ ਰੂਪਧਾਰੀ ਆਤਮਾ ਕਬੀਰ ਇੱਥੋਂ ਦਾ ਅਨੁਚਰ ਅਰਥਾਤ ਸੇਵਕ ਹੋਵੇਗਾ। ਸਵਾਮੀ ਰਾਮਾਨੰਦ ਜੀ ਨੇ ਇੰਨਾ ਵਿਚਾਰ ਹੀ ਕੀਤਾ ਸੀ। ਉਸੇ ਸਮੇਂ ਸਿੰਘਾਸਨ 'ਤੇ ਵਿਰਾਜਮਾਨ ਤੇਜੋਮਯ ਸਰੀਰ ਯੁਕਤ ਪਰਮਾਤਮਾ ਸਿੰਘਾਸਨ ਤਿਆਗ ਕੇ ਖੜ੍ਹਾ ਹੋ ਗਿਆ ਅਤੇ ਬੱਚੇ ਕਬੀਰ ਜੀ ਨੂੰ ਸਿੰਘਾਸਨ 'ਤੇ ਬੈਠਣ ਦੇ ਲਈ ਪ੍ਰਾਰਥਨਾ ਕੀਤੀ। ਹੇਠਾਂ ਤੋਂ ਰਾਮਾਨੰਦ ਜੀ ਦੇ ਨਾਲ ਗਏ ਬਾਲਕ ਕਬੀਰ ਜੀ ਉਸ ਸਿੰਘਾਸਨ 'ਤੇ ਵਿਰਾਜਮਾਨ ਹੋ ਗਏ ਅਤੇ

ਉਹ ਤੇਜੋਮਯ ਸਰੀਰ ਧਾਰੀ ਪ੍ਰਭੂ ਬੱਚੇ ਦੇ ਸਿਰ ਉੱਪਰ ਸ਼ਰਧਾ ਨਾਲ ਚੌਰ ਕਰਨ ਲੱਗਾ । ਰਾਮਾਨੰਦ ਜੀ ਨੇ ਸੋਚਿਆ ਇਹ ਪਰਮਾਤਮਾ ਇਸ ਬੱਚੇ ਉੱਪਰ ਚੰਵਰ ਕਰਨ ਲੱਗਾ। ਇਹ ਬਾਲਕ ਇੱਥੇ ਦਾ ਨੌਕਰ (ਸੇਵਕ) ਨਹੀਂ ਹੋ ਸਕਦਾ। ਇੰਨੇ ਵਿੱਚ ਤੇਜੋਮਯ ਸਰੀਰ ਵਾਲਾ ਪਰਮਾਤਮਾ ਉਸ ਬਾਲਕ ਕਬੀਰ ਜੀ ਦੇ ਸਰੀਰ ਵਿੱਚ ਸਮਾ ਗਿਆ। ਬਾਲਕ ਕਬੀਰ ਜੀ ਦਾ ਸਰੀਰ ਉਸੇ ਤਰ੍ਹਾਂ ਓਨਾ ਹੀ ਪ੍ਰਕਾਸ਼ ਯੁਕਤ ਹੋ ਗਿਆ ਜਿੰਨਾ ਪਹਿਲਾਂ ਸਿੰਘਾਸਨ 'ਤੇ ਬੈਠੇ ਪੁਰਸ਼ (ਪਰਮੇਸ਼ਵਰ) ਦਾ ਸੀ।

ਇੰਨੀ ਲੀਲਾ ਕਰਕੇ ਸਵਾਮੀ ਰਾਮਾਨੰਦ ਜੀ ਦੀ ਆਤਮਾ ਨੂੰ ਵਾਪਸ ਸਰੀਰ ਵਿੱਚ ਭੇਜ ਦਿੱਤਾ। ਮਹਾਂਰਿਸ਼ੀ ਰਾਮਾਨੰਦ ਜੀ ਨੇ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਬੱਚੇ ਰੂਪ-ਧਾਰੀ ਪਰਮੇਸ਼ਵਰ ਕਬੀਰ ਜੀ ਨੂੰ ਸਾਹਮਣੇ ਵੀ ਬੈਠੇ ਪਾਇਆ। ਮਹਾਂਰਿਸ਼ੀ ਰਾਮਾਨੰਦ ਜੀ ਨੂੰ ਪੂਰਣ ਵਿਸ਼ਵਾਸ ਹੋ ਗਿਆ ਕਿ ਇਹ ਬੱਚਾ ਕਬੀਰ ਜੀ ਹੀ ਪਰਮ ਅਕਸ਼ਰ ਬ੍ਰਹਮ ਅਰਥਾਤ ਵਾਸੁਦੇਵ (ਕੁਲ ਦਾ ਮਾਲਿਕ) ਹੈ। ਦੋਵੇਂ ਥਾਂਵਾਂ (ਉੱਪਰ ਸਤਲੋਕ ਵਿੱਚ ਅਤੇ ਹੇਠਾਂ ਪ੍ਰਿਥਵੀ ਲੋਕ ਵਿੱਚ) 'ਤੇ ਖ਼ੁਦ ਹੀ ਲੀਲਾ ਕਰ ਰਿਹਾ ਹੈ। ਇਹੀ ਪਰਮ ਦਿਵਯ ਪੁਰਸ਼ ਅਰਥਾਤ ਆਦਿ ਪੁਰਸ਼ ਹੈ। ਸਤਲੋਕ ਵਿੱਚ ਜਿੱਥੇ ਇਹ ਪਰਮਾਤਮਾ ਮੂਲ ਰੂਪ ਵਿੱਚ ਰਹਿੰਦਾ ਹੈ ਉਹ ਸਨਾਤਨ ਪਰਮ ਧਾਮ ਹੈ। ਪਰਮੇਸ਼ਵਰ ਕਬੀਰ ਜੀ ਨੇ ਇਸੇ ਤਰ੍ਹਾਂ ਸੰਤ ਗਰੀਬਦਾਸ ਜੀ ਮਹਾਰਾਜ ਛੁਡਾਨੀ (ਹਰਿਆਣਾ) ਵਾਲੇ ਨੂੰ ਸਾਰੇ ਬ੍ਰਹਿਮੰਡਾਂ ਨੂੰ ਪ੍ਰਤੱਖ ਦਿਖਾਇਆ ਸੀ। ਉਹਨਾਂ ਦਾ ਗਿਆਨ ਯੋਗ ਖੋਲ੍ਹ ਦਿੱਤਾ ਸੀ ਅਤੇ ਪਰਮੇਸ਼ਵਰ ਨੇ ਗਰੀਬਦਾਸ ਜੀ ਮਹਾਰਾਜ ਨੂੰ ਸਵਾਮੀ ਰਾਮਾਨੰਦ ਜੀ ਦੇ ਵਿਸ਼ੇ ਵਿੱਚ ਦੱਸਿਆ ਸੀ ਕਿ ਕਿਸ ਤਰ੍ਹਾਂ ਮੈਂ ਸਵਾਮੀ ਜੀ ਨੂੰ ਸ਼ਰਣ ਵਿੱਚ ਲਿਆ ਸੀ। ਮਹਾਰਾਜ ਗਰੀਬਦਾਸ ਜੀ ਨੇ ਆਪਣੀ ਅਮ੍ਰਿਤਬਾਣੀ ਵਿੱਚ ਜ਼ਿਕਰ ਕੀਤਾ ਹੈ।

ਤਹਾਂ ਵਹਾਂ ਚਿਤ ਚਕ੍ਰਿਤ ਭਯਾ, ਦੇਖਿ ਫ਼ਜ਼ਲ ਦਰਬਾਰ । ਗਰੀਬਦਾਸ ਸਿਜਦਾ ਕੀਆ, ਹਮ ਪਾਯੇ ਦੀਦਾਰ॥
ਬੋਲਤ ਰਾਮਾਨੰਦ ਜੀ ਸੁਣ ਕਬੀਰ ਕਰਤਾਰ । ਗਰੀਬਦਾਸ ਸਬ ਰੂਪ ਮੇਂ ਤੁਮ ਹੀ ਬੋਲਨਹਾਰ॥
ਦੋਹੂ ਠੋਰ ਹੈ ਏਕ ਤੂੰ, ਭਯਾ ਏਕ ਸੇ ਦੋਯ । ਗਰੀਬਦਾਸ ਹਮ ਕਾਰਣੇਂ ਉਤਰੇ ਹੋ ਮਗ ਜੋਯ॥
ਤੁਮ ਸਾਹੇਬ ਤੁਮ ਸੰਤ ਹੋ ਤੁਮ ਸਤਿਗੁਰੂ ਤੁਮ ਹੰਸ । ਗਰੀਬਦਾਸ ਤੁਮ ਰੂਪ ਬਿਨ ਔਰ ਨਾ ਦੂਜਾ ਅੰਸ॥
ਤੁਮ ਸਵਾਮੀ ਮੈਂ ਬਾਲ ਬੁੱਧੀ ਭਰਮ ਕਰਮ ਕੀਯੇ ਨਾਸ਼ ।
ਗਰੀਬਦਾਸ ਨਿਜ ਬ੍ਰਹਮ ਤੁਮ, ਹਮਰੈ ਦ੍ਰਿੜ ਵਿਸ਼ਵਾਸ॥
ਸੁਨ ਬੇ ਸੁਨ ਸੇ ਤੁਮ ਪਰੇ, ਉਰੈ ਸੇ ਹਮਰੇ ਤੀਰ । ਗਰੀਬਦਾਸ ਸਰਬੰਗ ਮੇਂ, ਅਵਿਗਤ ਪੁਰਸ਼ ਕਬੀਰ॥
ਕੋਟਿ-2 ਸਿਜਦਾ ਕੀਏ, ਕੋਟਿ-2 ਪ੍ਰਣਾਮ । ਗਰੀਬਦਾਸ ਅਨਹਦ ਅਧਰ, ਹਮ ਪਰਸੇ ਤੁਮ ਧਾਮ॥
ਬੋਲੇ ਰਾਮਾਨੰਦ ਜੀ, ਸੁਣੋ ਕਬੀਰ ਸੁਭਾਨ । ਗਰੀਬਦਾਸ ਮੁਕਤਾ ਭਏ, ਉਧਰੇ ਪਿੰਡ ਅਰੂ ਪ੍ਰਾਣ॥

ਉਪਰੋਕਤ ਬਾਣੀ ਦਾ ਭਾਵਾਰਥ :- ਸਤਲੋਕ ਵਿੱਚ ਅਤੇ ਕਾਸ਼ੀ ਨਗਰ ਵਿੱਚ ਧਰਤੀ 'ਤੇ ਦੋਵੇਂ ਥਾਂਵਾਂ ਤੇ ਪਰਮਾਤਮਾ ਕਬੀਰ ਜੀ ਨੂੰ ਦੇਖ ਕੇ ਸਵਾਮੀ ਰਾਮਾਨੰਦ ਜੀ ਨੇ ਕਿਹਾ ਹੈ ਕਬੀਰ ਪਰਮਾਤਮਾ ਤੁਸੀਂ ਦੋਵੇਂ ਥਾਂਵਾਂ ਤੇ ਲੀਲਾ ਕਰ ਰਹੇ ਹੋ। ਤੁਸੀਂ ਹੀ ਨਿਜ ਬ੍ਰਹਮ ਅਰਥਾਤ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਕਿਹਾ ਹੈ ਕਿ ਉੱਤਮ ਪੁਰਸ਼ ਅਰਥਾਤ ਅਸਲ ਪਰਮੇਸ਼ਵਰ ਤਾਂ ਸ਼ਰ ਪੁਰਸ਼ (ਕਾਲ ਬ੍ਰਹਮ) ਅਤੇ ਅਕਸ਼ਰ ਪੁਰਸ਼ (ਪਰਬ੍ਰਹਮ) ਤੋਂ ਅਲੱਗ ਹੀ ਹੈ। ਉਸਨੂੰ ਹੀ ਪਰਮਾਤਮਾ ਕਿਹਾ ਜਾਂਦਾ ਹੈ। ਜੋ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭ ਦਾ ਧਾਰਣ ਪੋਸ਼ਣ ਕਰਦਾ ਹੈ ਉਹ ਪਰਮ ਅਕਸ਼ਰ ਬ੍ਰਹਮ ਤੁਸੀਂ ਹੀ ਹੋ। ਤੁਹਾਡੀ ਹੀ ਸ਼ਕਤੀ ਨਾਲ ਸਾਰੇ ਪ੍ਰਾਣੀ ਗਤੀ ਕਰ ਰਹੇ ਹਨ। ਮੈਂ ਤੁਹਾਡਾ ਉਹ ਸਨਾਤਨ ਪਰਮ ਧਾਮ ਅੱਖੀਂ ਦੇਖਿਆ ਹੈ ਅਤੇ ਵਾਸਤਵਿਕ

ਅਨਹਦ ਧੁੰਨ ਤਾਂ ਉੱਪਰ ਸਤਲੋਕ ਵਿੱਚ ਹੈ। ਇਸ ਤਰ੍ਹਾਂ ਕਹਿ ਕੇ ਸਵਾਮੀ ਰਾਮਾਨੰਦ ਜੀ ਨੇ ਕਬੀਰ ਪਰਮੇਸ਼ਵਰ ਦੇ ਚਰਣਾਂ ਵਿੱਚ ਕੋਟਿ-2 ਪ੍ਰਣਾਮ ਕੀਤਾ ਅਤੇ ਕਿਹਾ ਆਪ ਪਰਮੇਸ਼ਵਰ ਹੋ ਆਪ ਹੀ ਸਤਿਗੁਰੂ ਅਤੇ ਆਪ ਹੀ ਤੱਤਵਦਰਸ਼ੀ ਸੰਤ ਹੋ ਆਪ ਹੀ ਹੰਸ ਅਤੇ ਨੀਰ-ਸ਼ੀਰ ਨੂੰ ਭਿੰਨ-2 ਕਰਨ ਵਾਲੇ ਸੱਚੇ ਭਗਤ ਦੇ ਗੁਣਾਂ ਯੁਕਤ ਹੋ। ਕਬੀਰ ਭਗਤ ਨਾਮ ਨਾਲ ਇੱਥੇ ਪ੍ਰਸਿੱਧ ਹੋ ਅਸਲ ਵਿੱਚ ਤੁਸੀਂ ਪ੍ਰਮਾਤਮਾ ਹੋ। ਮੈ ਤੁਹਾਡਾ ਭਗਤ ਤੁਸੀਂ ਮੇਰੇ ਗੁਰੂ ਜੀ।

ਪਰਮੇਸ਼ਵਰ ਕਬੀਰ ਜੀ ਨੇ ਕਿਹਾ ਹੇ ਸਵਾਮੀ ਜੀ! ਗੁਰੂ ਜੀ ਤਾਂ ਆਪ ਹੀ ਰਹੋ। ਮੈ ਆਪ ਦਾ ਸ਼ਿਸ਼ ਹਾਂ। ਇਹ ਗੁਰੂ ਪਰੰਪਰਾ ਬਣਾ ਕੇ ਰੱਖਣ ਦੇ ਲਈ ਬਹੁਤ ਜ਼ਰੂਰੀ ਹੈ। ਜੇਕਰ ਆਪ ਮੇਰੇ ਗੁਰੂ ਜੀ ਰੂਪ ਵਿੱਚ ਨਹੀ ਰਹੋਗੇ ਤਾਂ ਭਵਿੱਖ ਵਿੱਚ ਸੰਤ ਅਤੇ ਭਗਤ ਕਿਹਾ ਕਰਨਗੇ ਕਿ ਗੁਰੂ ਬਣਾਉਣ ਦੀ ਕੋਈ ਜ਼ਰੂਰਤ ਨਹੀ ਹੈ। ਸਿੱਧਾ ਹੀ ਪ੍ਰਮਾਤਮਾ ਨਾਲ ਹੀ ਸਪੰਰਕ ਕਰੋ। "ਕਬੀਰ" ਨੇ ਵੀ ਗੁਰੂ ਨਹੀਂ ਬਣਾਇਆ ਸੀ।

ਹੇ ਸਵਾਮੀ ਜੀ! ਕਾਲ ਪ੍ਰੇਰਿਤ ਵਿਅਕਤੀ ਅਜਿਹੀਆਂ ਗੱਲਾਂ ਬਣਾ ਕੇ ਸ਼ਰਧ-ਾਲੂਆਂ ਨੂੰ ਭਗਤੀ ਦੀ ਦਿਸ਼ਾ ਤੋਂ ਭ੍ਰਸ਼ਟ ਕਰਿਆ ਕਰਨਗੇ ਅਤੇ ਕਾਲ ਦੇ ਜਾਲ ਵਿੱਚ ਫਸਾ ਕੇ ਰੱਖਣਗੇ। ਇਸ ਲਈ ਸੰਸਾਰ ਦੀ ਦ੍ਰਿਸ਼ਟੀ ਵਿੱਚ ਆਪ ਮੇਰੇ ਗੁਰੂ ਜੀ ਦੀ ਭੂਮਿਕਾ ਕਰੋ ਅਤੇ ਅਸਲ ਵਿੱਚ ਜੋ ਸਾਧਨਾ ਵਿਧੀ ਮੈਂ ਦੱਸਾਂ ਆਪ ਉਸ ਤਰ੍ਹਾਂ ਭਗਤੀ ਕਰੋ। ਸਵਾਮੀ ਰਾਮਾਨੰਦ ਜੀ ਨੇ ਕਬੀਰ ਪਰਮੇਸ਼ਵਰ ਜੀ ਦੀ ਗੱਲ ਨੂੰ ਸਵੀਕਾਰ ਕੀਤਾ। ਕਬੀਰ ਪਰਮੇਸ਼ਵਰ ਜੀ ਇੱਕ ਰੂਪ ਵਿੱਚ ਸਵਾਮੀ ਰਾਮਾਨੰਦ ਜੀ ਨੂੰ ਤੱਤਵਗਿਆਨ ਸੁਣਾ ਰਹੇ ਸਨ ਅਤੇ ਹੋਰ ਰੂਪ ਧਾਰਣ ਕਰਕੇ ਕੁੱਝ ਹੀ ਸਮੇਂ ਬਾਅਦ ਆਪਣੇ ਘਰ ਆ ਗਏ। ਕਿਉਂਕਿ ਉੱਥੇ ਨੀਰੂ ਅਤੇ ਨੀਮਾ ਬਹੁਤ ਪਰੇਸ਼ਾਨ ਸਨ। ਬੱਚੇ ਦੇ ਠੀਕ-ਠਾਕ ਘਰ ਮੁੜ ਆਉਣ ਤੇ ਨੀਰੂ ਅਤੇ ਨੀਮਾ ਨੇ ਪਰਮੇਸ਼ਵਰ ਦਾ ਧੰਨਵਾਦ ਕੀਤਾ। ਆਪਣੇ ਬੱਚੇ ਕਬੀਰ ਨੂੰ ਛਾਤੀ ਨਾਲ ਲਗਾ ਕੇ ਨੀਮਾ ਰੋਣ ਲੱਗੀ ਅਤੇ ਬੱਚੇ ਨੂੰ ਆਪਣੇ ਪਤੀ ਨੀਰੂ ਦੇ ਕੋਲ ਲੈ ਗਈ। ਨੀਰੂ ਨੇ ਵੀ ਬੱਚੇ ਕਬੀਰ ਨੂੰ ਪਿਆਰ ਕੀਤਾ। ਨੀਰੂ ਨੇ ਪੁੱਛਿਆ ਪੁੱਤਰ! ਆਪ ਨੂੰ ਉਹਨਾਂ ਬ੍ਰਾਹਮਣਾਂ ਨੇ ਮਾਰਿਆ ਤਾਂ ਨਹੀ? ਕਬੀਰ ਜੀ ਬੋਲੇ ਨਹੀਂ ਪਿਤਾ ਜੀ! ਸਵਾਮੀ ਰਾਮਾਨੰਦ ਜੀ ਬਹੁਤ ਚੰਗੇ ਹਨ। ਮੈ ਉਹਨਾਂ ਨੂੰ ਗੁਰੂ ਬਣਾ ਲਿਆ ਹੈ। ਉਹਨਾਂ ਨੇ ਮੈਨੂੰ ਸਾਰੇ ਬ੍ਰਾਹਮਣ ਸਮਾਜ ਦੇ ਸਾਹਮਣੇ ਛਾਤੀ ਨਾਲ ਲਗਾ ਕੇ ਕਿਹਾ ਇਹ ਮੇਰਾ ਸ਼ਿਸ਼ ਹੈ। ਅੱਜ ਤੋਂ ਮੈਂ ਸਾਰੇ ਹਿੰਦੂ ਸਮਾਜ ਦੇ ਸਭ ਜਾਤੀਆਂ ਦੇ ਵਿਅਕਤੀਆਂ ਨੂੰ ਸ਼ਿਸ਼ ਬਣਾਇਆ ਕਰਾਂਗਾ। ਮਾਤਾ- ਪਿਤਾ (ਨੀਰੂ ਅਤੇ ਨੀਮਾ) ਬਹੁਤ ਖੁਸ਼ ਹੋਏ ਅਤੇ ਘਰ ਦੇ ਕੰਮਾਂ ਵਿੱਚ ਰੁੱਝ ਗਏ।

ਸਵਾਮੀ ਰਾਮਾਨੰਦ ਜੀ ਨੇ ਕਿਹਾ ਹੇ ਕਬੀਰ ਜੀ! ਸਾਡੀ ਸਭ ਦੀ ਬੁੱਧੀ 'ਤੇ ਪੱਥਰ ਪਏ ਹੋਏ ਸੀ ਤੁਸੀਂ ਹੀ ਅਗਿਆਨ ਰੂਪੀ ਪੱਥਰਾਂ ਨੂੰ ਹਟਾਇਆ ਹੈ। ਬਹੁਤ ਹੀ ਪੁੰਨਕਰਮਾਂ ਨਾਲ ਆਪ ਜੀ ਦਾ ਦਰਸ਼ਨ ਸੁਲਭ ਹੋਇਆ ਹੈ।

## "ਸ਼ੇਖਤਕੀ ਪੀਰ ਨੇ ਨਹੀਂ ਪਹਿਚਾਨਿਆ ਪਰਮੇਸ਼ਵਰ ਨੂੰ"

ਇੱਕ ਵਾਰ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੂੰ ਜਲਣ ਦਾ ਰੋਗ ਹੋ ਗਿਆ। ਜਲਣ ਦਾ ਰੋਗ ਅਜਿਹਾ ਹੁੰਦਾ ਹੈ ਜਿਵੇਂ ਕਿਸੇ ਦਾ ਅੱਗ ਵਿੱਚ ਹੱਥ ਸੜ ਜਾਵੇ ਉਸ ਵਿੱਚ ਦਰਦ ਬਹੁਤ ਹੁੰਦਾ ਹੈ। ਜਲਣ ਦੇ ਰੋਗ ਵਿੱਚ ਕਿਤੇ ਤੋਂ ਸਰੀਰ ਜਲ਼ਿਆ ਦਿਖਾਈ ਨਹੀਂ ਦਿੰਦਾ ਹੈ ਪਰ ਦਰਦ ਬਹੁਤ ਹੁੰਦਾ ਹੈ। ਉਸਨੂੰ ਜਲਣ ਦਾ ਰੋਗ ਕਹਿੰਦੇ ਹਨ। ਜਦ ਪ੍ਰਾਣੀ ਦੇ ਪਾਪ ਵੱਧ ਜਾਂਦੇ ਹਨ ਤਾਂ ਦਵਾਈ ਵੀ ਬੇਅਸਰ ਹੋ ਜਾਂਦੀ ਹੈ। ਦਿੱਲੀ ਦੇ ਬਾਦ-

ਸ਼ਾਹ ਸਿਕੰਦਰ ਲੋਧੀ ਦੇ ਨਾਲ ਵੀ ਅਜਿਹਾ ਹੀ ਹੋਇਆ। ਸਭ ਤਰ੍ਹਾਂ ਦੀ ਦਵਾਈ ਖਾਧੀ। ਵੱਡੇ-ਵੱਡੇ ਵੈਦ ਬੁਲਾ ਲਏ ਅਤੇ ਮੂੰਹ ਬੋਲਿਆ ਇਨਾਮ ਰੱਖ ਦਿੱਤਾ ਕਿ ਮੈਨੂੰ ਠੀਕ ਕਰ ਦਿਉ, ਜੋ ਮੰਗੋਗੇ ਉਹੀ ਦੇਵਾਂਗਾਂ। ਦੁੱਖ ਵਿੱਚ ਵਿਅਕਤੀ ਪਤਾ ਨਹੀਂ ਕੀ ਸੰਕਲਪ ਕਰ ਲੈਂਦਾ ਹੈ? ਸਭ ਉਪਾਅ ਨਿਸ਼ਫਲ ਹੋਏ। ਉਸਦੇ ਬਾਅਦ ਆਪਣੇ ਧਾਰਮਿਕ ਕਾਜ਼ੀ, ਮੁੱਲ੍ਹਾ, ਸੰਤਾਂ ਆਦਿ ਸਭ ਤੋਂ ਆਪਣਾ ਆਧਿਆਤਮਿਕ ਇਲਾਜ਼ ਕਰਵਾਇਆ। ਪ੍ਰੰਤੂ ਸਭ ਅਸਫ਼ਲ ਰਿਹਾ। {ਜਦੋਂ ਅਸੀ ਦੁੱਖੀ ਹੋ ਜਾਂਦੇ ਹਾਂ ਤਾਂ ਹਿੰਦੂ ਅਤੇ ਮੁਸਲਮਾਨ ਨਹੀਂ ਰਹਿੰਦੇ। ਫਿਰ ਤਾਂ ਕਿਤੇ ਵੀ ਰੋਗ ਕੱਟ ਜਾਵੇ, ਉੱਥੇ ਹੀ ਚਲੇ ਜਾਂਦੇ ਹਾਂ। ਵੈਸੇ ਤਾਂ ਹਿੰਦੂ ਕਹਿੰਦੇ ਹਨ ਕਿ ਮੁਸਲਮਾਨ ਬੁਰੇ ਅਤੇ ਮੁਸਲਮਾਨ ਕਹਿੰਦੇ ਹਨ ਕਿ ਹਿੰਦੂ ਬੁਰੇ ਅਤੇ ਬੀਮਾਰੀ ਹੋ ਜਾਵੇ ਤਾਂ ਫਿਰ ਹਿੰਦੂ ਅਤੇ ਮੁਸਲਮਾਨ ਨਹੀਂ ਦੇਖਦੇ। ਜਦੋਂ ਕਸ਼ਟ ਆਵੇ ਤਾਂ ਕੋਈ ਬੁਰਾ ਨਹੀਂ।ਬੁਰਾ ਕੋਈ ਨਹੀਂ ਹੈ। ਜੋ ਮੁਸਲਮਾਨ ਬੁਰੇ ਹਨ, ਉਹ ਬੁਰੇ ਹਨ ਅਤੇ ਜੋ ਹਿੰਦੂ ਬੁਰੇ ਹਨ, ਉਹ ਬੁਰੇ ਵੀ ਹਨ ਅਤੇ ਦੋਵਾਂ ਵਿੱਚ ਚੰਗੇ ਵੀ ਹਨ। ਹਰ ਮਜ਼ਹਬ ਵਿੱਚ ਚੰਗੇ ਅਤੇ ਬੁਰੇ ਵਿਅਕਤੀ ਹੁੰਦੇ ਹਨ। ਪਰ ਅਸੀਂ ਜੀਵ ਹਾਂ। ਸਾਡੀ ਕੋਈ ਜਾਤੀ ਵਿਵਸਥਾ ਨਹੀਂ ਹੈ। ਸਾਡੀ ਜੀਵ ਜਾਤੀ ਹੈ ਸਾਡਾ ਧਰਮ ਮਾਨਵ ਹੈ- ਪ੍ਰਮਾਤਮਾ ਨੂੰ ਪਾਉਣਾ ਹੈ।} ਹਿੰਦੂ ਵੈਦ ਅਤੇ ਅਧਿਆਤਮਿਕ ਸੰਤ ਵੀ ਬੁਲਾਏ, ਖੁਦ ਵੀ ਉਹਨਾਂ ਨੂੰ ਜਾ ਕੇ ਮਿਲਿਆ ਅਤੇ ਸਭ ਤੋਂ ਆਸ਼ੀਰਵਾਦ ਅਤੇ ਜੰਤਰ-ਮੰਤਰ ਕਰਵਾਏ ਪ੍ਰੰਤੂ ਸਾਰੀ ਕੋਸ਼ਿਸ਼ ਨਿਸ਼ਫਲ ਰਹੀ।

ਕਿਸੇ ਨੇ ਦੱਸਿਆ ਕਿ ਕਾਸ਼ੀ ਸ਼ਹਿਰ ਵਿੱਚ ਇੱਕ ਕਬੀਰ ਨਾਂ ਦਾ ਮਹਾਂਪੁਰਸ਼ ਹੈ। ਜੇਕਰ ਉਹ ਕਿਰਪਾ ਕਰ ਦੇਣ ਤਾਂ ਤੁਹਾਡਾ ਦੁੱਖ ਨਿਵਾਰਣ ਜ਼ਰੂਰ ਹੋ ਜਾਵੇਗਾ।

ਜਦੋਂ ਬਾਦਸ਼ਾਹ ਸਿਕੰਦਰ ਨੇ ਸੁਣਿਆ ਕਿ ਕਾਸ਼ੀ ਦੇ ਅੰਦਰ ਇੱਕ ਮਹਾਂਪੁਰਸ਼ ਰਹਿੰਦਾ ਹੈ ਤਾਂ ਉਸਨੂੰ ਕੁੱਝ-ਕੁੱਝ ਯਾਦ ਆਇਆ ਕਿ ਉਹ ਤਾਂ ਨਹੀਂ ਹੈ ਜਿਸਨੇ ਗਾਂ ਨੂੰ ਵੀ ਜਿਉਂਦਾ ਕਰ ਦਿੱਤਾ ਸੀ। ਹਜ਼ਾਰਾਂ ਅੰਗਰੱਖਿਅਕਾਂ ਨਾਲ ਦਿੱਲੀ ਤੋਂ ਕਾਸ਼ੀ ਦੇ ਲਈ ਚੱਲ ਪਿਆ। ਬੀਰ ਸਿੰਘ ਬਘੇਲਾ ਕਾਸ਼ੀ ਨਰੇਸ਼ ਪਹਿਲਾਂ ਹੀ ਕਬੀਰ ਸਾਹਿਬ ਦੀ ਮਹਿਮਾ ਅਤੇ ਗਿਆਨ ਸੁਣ ਕੇ ਕਬੀਰ ਸਾਹਿਬ ਦੇ ਸ਼ਿਸ਼ ਹੋ ਚੁੱਕੇ ਸਨ ਅਤੇ ਪੂਰਣ ਰੂਪ ਵਿੱਚ ਆਪਣੇ ਗੁਰੂਦੇਵ ਵਿੱਚ ਆਸਥਾ ਰੱਖਦੇ ਸਨ। ਉਹਨਾਂ ਨੂੰ ਕਬੀਰ ਸਾਹਿਬ ਦੀ ਮਹਿਮਾ ਦਾ ਗਿਆਨ ਸੀ ਕਿਉਂਕਿ ਕਬੀਰ ਪ੍ਰਮੇਸ਼ਵਰ ਉੱਥੇ ਬਹੁਤ ਲੀਲਾਂਵਾਂ ਕਰ ਚੁੱਕੇ ਸਨ। ਜਦੋਂ ਸਿਕੰਦਰ ਲੋਧੀ ਬਨਾਰਸ (ਕਾਸ਼ੀ) ਗਿਆ ਅਤੇ ਬੀਰ ਸਿੰਘ ਨੂੰ ਕਿਹਾ ਕਿ ਬੀਰ ਸਿੰਘ ਮੈਂ ਬਹੁਤ ਦੁੱਖੀ ਹੋ ਗਿਆ ਹਾਂ। ਹੁਣ ਤਾਂ ਆਤਮ ਹੱਤਿਆ ਹੀ ਬਾਕੀ ਰਹਿ ਗਈ ਹੈ। ਇੱਥੇ ਕੋਈ ਕਬੀਰ ਨਾਂ ਦਾ ਸੰਤ ਹੈ? ਤੁਸੀਂ ਤਾਂ ਜਾਣਦੇ ਹੋਵੋਂਗੇ ਕਿ ਉਹ ਕਿਹੋ ਜਿਹਾ ਹੈ? ਇੰਨੀ ਗੱਲ ਸਿਕੰਦਰ ਬਾਦਸ਼ਾਹ ਦੇ ਮੂੰਹੋਂ ਸੁਣੀ ਸੀ। ਕਾਸ਼ੀ ਨਰੇਸ਼ ਬੀਰ ਸਿੰਘ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ ਅਤੇ ਕਿਹਾ ਕਿ ਹੁਣ ਤੁਸੀਂ ਠੀਕ ਜਗ੍ਹਾ ਤੇ ਆ ਗਏ ਹੋ। ਹੁਣ ਤੁਹਾਡੇ ਦੁੱਖਾਂ ਦਾ ਅੰਤ ਹੋ ਜਾਵੇਗਾ। ਬਾਦਸ਼ਾਹ ਸਿਕੰਦਰ ਨੇ ਪੁੱਛਿਆ ਕਿ ਅਜਿਹੀ ਕੀ ਗੱਲ ਹੈ? ਬੀਰ ਸਿੰਘ ਨੇ ਕਿਹਾ ਕਿ ਉਹ ਕਬੀਰ ਜੀ ਖੁਦ ਭਗਵਾਨ ਆਏ ਹੋਏ ਹਨ। ਪਰਮੇਸ਼ਵਰ ਸਵਰੂਪ ਹਨ। ਜੇਕਰ ਉਹਨਾਂ ਦੀ ਦਯਾ ਦ੍ਰਿਸ਼ਟੀ ਹੋ ਗਈ ਤਾਂ ਤੁਹਾਡਾ ਰੋਗ ਠੀਕ ਹੋ ਜਾਵੇਗਾ। ਰਾਜਾ ਸਿਕੰਦਰ ਨੇ ਕਿਹਾ ਕਿ ਜਲਦੀ ਬੁਲਾ ਦਿਉ। ਕਾਸ਼ੀ ਨਰੇਸ਼ ਬੀਰਦੇਵ ਸਿੰਘ ਬਘੇਲ ਨੇ ਨਿਮਰਤਾ ਨਾਲ ਪ੍ਰਾਰਥਨਾ ਕੀਤੀ ਕਿ ਤੁਹਾਡੀ ਆਗਿਆ ਸਿਰਮੱਥੇ ਹੈ, ਆਦੇਸ਼ ਭਿਜਵਾ ਦਿੰਦਾਂ ਹਾਂ। ਪਰ ਅਜਿਹਾ ਸੁਣਿਆ ਹੈ ਕਿ ਸੰਤਾਂ ਨੂੰ ਬੁਲਾਇਆ ਨਹੀਂ ਕਰਦੇ। ਜੇਕਰ ਉਹ ਆ ਵੀ ਗਏ ਅਤੇ ਰਜ਼ਾ ਨਾ ਬਖ਼ਸ਼ੀ ਤਾਂ

ਵੀ ਆਉਣ ਦਾ ਕੋਈ ਲਾਭ ਨਹੀਂ। ਬਾਕੀ ਤੁਹਾਡੀ ਇੱਛਾ। ਸਿਕੰਦਰ ਨੇ ਕਿਹਾ ਠੀਕ ਹੈ ਮੈਂ ਆਪ ਹੀ ਚੱਲਦਾ ਹਾਂ। ਇੰਨੀ ਦੂਰ ਆ ਗਿਆ ਹਾਂ ਉੱਥੇ ਵੀ ਜ਼ਰੂਰ ਚਲਾਂਗਾਂ।

## "ਸਿਕੰਦਰ ਲੋਧੀ ਬਾਦਸ਼ਾਦ ਦਾ ਲਾਇਲਾਜ਼ ਜਲਨ ਦਾ ਰੋਗ ਠੀਕ ਕਰਨਾ"

ਸ਼ਾਮ ਦਾ ਸਮਾਂ ਹੋ ਗਿਆ ਸੀ। ਬੀਰ ਸਿੰਘ ਨੂੰ ਪਤਾ ਸੀ ਕਿ ਇਸ ਸਮੇਂ ਸਾਹਿਬ ਕਬੀਰ ਜੀ ਆਪਣੇ ਰਸਮੀ ਗੁਰੂਦੇਵ ਸੁਆਮੀ ਰਾਮਾਨੰਦ ਜੀ ਦੇ ਆਸ਼ਰਮ ਵਿੱਚ ਹੀ ਹੁੰਦੇ ਹਨ। ਇਹ ਸਮਾਂ ਪਰਮੇਸ਼ਵਰ ਕਬੀਰ ਜੀ ਦਾ ਉੱਥੇ ਮਿਲਣ ਦਾ ਹੈ। ਬੀਰਦੇਵ ਸਿੰਘ ਬਘੇਲ ਕਾਸ਼ੀ ਨਰੇਸ਼ ਅਤੇ ਸਿਕੰਦਰ ਲੋਧੀ ਦਿੱਲੀ ਦੇ ਬਾਦਸ਼ਾਹ ਦੋਵੇਂ, ਸਵਾਮੀ ਰਾਮਾਨੰਦ ਜੀ ਦੇ ਆਸ਼ਰਮ ਦੇ ਸਾਹਮਣੇ ਖੜ੍ਹੇ ਹੋ ਗਏ। ਉੱਥੇ ਜਾ ਕੇ ਪਤਾ ਲੱਗਾ ਕਿ ਕਬੀਰ ਸਾਹਿਬ ਹਲੇ ਨਹੀਂ ਆਏ ਹਨ, ਆਉਣ ਹੀ ਵਾਲ਼ੇ ਹਨ। ਬੀਰ ਸਿੰਘ ਅੰਦਰ ਨਹੀਂ ਗਏ। ਬਾਹਰ ਸੇਵਕ ਖੜ੍ਹਾ ਸੀ ਉਸਨੂੰ ਹੀ ਪੁੱਛਿਆ। ਸਿਕੰਦਰ ਨੇ ਕਿਹਾ ਕਿ "ਤਦ ਤੱਕ ਆਸ਼ਰਮ ਵਿੱਚ ਆਰਾਮ ਕਰ ਲੈਂਦੇ ਹਾਂ।" ਰਾਜਾ ਬੀਰ ਸਿੰਘ ਨੇ ਸਵਾਮੀ ਰਾਮਾਨੰਦ ਜੀ ਦੇ ਦਰਬਾਨ ਸੇਵਕ ਨੂੰ ਕਿਹਾ ਕਿ ਰਾਮਾਨੰਦ ਜੀ ਨੂੰ ਪ੍ਰਾਰਥਨਾ ਕਰੋ ਕਿ ਦਿੱਲੀ ਦੇ ਬਾਦਸ਼ਾਹ ਸਿੰਕਦਰ ਲੋਧੀ ਤੁਹਾਡੇ ਦਰਸ਼ਨ ਵੀ ਕਰਨਾ ਚਾਹੁੰਦੇ ਹਨ ਅਤੇ ਸਾਹਿਬ ਕਬੀਰ ਦਾ ਇੰਤਜ਼ਾਰ ਵੀ ਤੁਹਾਡੇ ਆਸ਼ਰਮ ਵਿੱਚ ਹੀ ਕਰਨਾ ਚਾਹੁੰਦੇ ਹਨ। ਸੇਵਕ ਨੇ ਅੰਦਰ ਜਾ ਕੇ ਰਾਮਾਨੰਦ ਜੀ ਨੂੰ ਦੱਸਿਆ ਕਿ ਦਿੱਲੀ ਦੇ ਬਾਦਸ਼ਾਹ ਸਿੰਕਦਰ ਲੋਧੀ ਆਏ ਹਨ। ਰਾਮਾਨੰਦ ਜੀ ਮੁਸਲਮਾਨਾਂ ਨਾਲ ਨਫ਼ਰਤ ਕਰਦੇ ਸਨ। ਰਾਮਾਨੰਦ ਜੀ ਨੇ ਕਿਹਾ ਕਿ ਮੈਂ ਇਹਨਾਂ ਮਲੇਛਾਂ (ਮੁਸਲਮਾਨਾਂ) ਦੀ ਸ਼ਕਲ ਵੀ ਨਹੀਂ ਦੇਖਦਾ। ਕਹਿ ਦਉ ਕਿ ਬਾਹਰ ਬੈਠ ਜਾਵੇਗਾ। ਜਦ ਸਿਕੰਦਰ ਲੋਧੀ ਨੇ ਇਹ ਸੁਣਿਆ ਤਾਂ ਗੁੱਸੇ ਵਿੱਚ ਭਰ ਕੇ (ਕਿਉਂਕਿ ਰਾਜੇ ਵਿੱਚ ਹੰਕਾਰ ਬਹੁਤ ਹੁੰਦਾ ਹੈ ਅਤੇ ਉਹ ਦਿੱਲੀ ਦਾ ਬਾਦਸ਼ਾਹ) ਕਿਹਾ ਕਿ ਇਹ ਦੋ ਕੌੜੀ ਦਾ ਮਹਾਤਮਾ ਦਿੱਲੀ ਦੇ ਬਾਦਸ਼ਾਹ ਦਾ ਅਨਾਦਰ ਕਰ ਸਕਦਾ ਹੈ ਤਾਂ ਸਾਧਾਰਣ ਮੁਸਲਮਾਨ ਦੇ ਨਾਲ ਇਹ ਕਿਹੋ ਜਿਹਾ ਵਿਵਹਾਰ ਕਰਦਾ ਹੋਵੇਗਾ? ਇਸਨੂੰ ਮਜ਼ਾ ਚਖਾ ਦਵਾਂ। ਰਾਮਾਨੰਦ ਜੀ ਅਲੱਗ ਆਸਣ ਤੇ ਬੈਠੇ ਸਨ। ਸਿਕੰਦਰ ਲੋਧੀ ਨੇ ਜਾ ਕੇ ਰਾਮਾਨੰਦ ਜੀ ਦੀ ਗਰਦਨ ਤਲ਼ਵਾਰ ਨਾਲ ਕੱਟ ਦਿੱਤੀ। ਵਾਪਿਸ ਚੱਲ ਪਿਆ ਅਤੇ ਫਿਰ ਉਸਨੂੰ ਯਾਦ ਆਇਆ ਕਿ ਮੈਂ ਜਿਹੜੇ ਕੰਮ ਲਈ ਆਇਆ ਸੀ? ਉਹ ਕੰਮ ਹੁਣ ਪੂਰਾ ਨਹੀਂ ਹੋਵੇਗਾ। ਕਿਹਾ ਕਿ ਬੀਰ ਸਿੰਘ ਦੇਖ ਮੈਂ ਕੀ ਜ਼ੁਲਮ ਕਰ ਬੈਠਿਆ? ਮੇਰੇ ਬਹੁਤ ਬੁਰੇ ਦਿਨ ਹਨ। ਚਾਹੁੰਦਾ ਹਾਂ ਚੰਗਾ ਕਰਨਾ ਅਤੇ ਹੁੰਦਾ ਹੈ ਬੁਰਾ। ਕਬੀਰ ਸਾਹਿਬ ਦੇ ਗੁਰੂਦੇਵ ਦੀ ਹੱਤਿਆ ਕਰ ਦਿੱਤੀ। ਹੁਣ ਉਹ ਕਦੇ ਵੀ ਮੇਰੇ ਉੱਪਰ ਦਯਾ ਦ੍ਰਿਸ਼ਟੀ ਨਹੀਂ ਕਰਨਗੇ। ਮੈਨੂੰ ਤਾਂ ਇਹ ਦੁੱਖ ਭੋਗ ਕੇ ਹੀ ਮਰਨਾ ਪਵੇਗਾ। ਮੈਂ ਬਹੁਤ ਪਾਪੀ ਜੀਵ ਹਾਂ। ਇਹ ਕਹਿੰਦਾ ਹੋਇਆ ਆਸ਼ਰਮ ਦੇ ਬਾਹਰ ਵੱਲ ਚੱਲ ਪਿਆ। ਬੀਰ ਸਿੰਘ ਆਪਣੇ ਬਾਦ-ਸ਼ਾਹ ਦੇ ਅੱਗੇ ਕੀ ਬੋਲਦਾ। ਜਿਉਂ ਹੀ ਆਸ਼ਰਮ ਤੋਂ ਬਾਹਰ ਆਏ, ਕਬੀਰ ਸਾਹਿਬ ਆਉਂਦੇ ਦਿਖਾਈ ਦਿੱਤੇ।

ਬੀਰ ਸਿੰਘ ਨੇ ਕਿਹਾ ਕਿ ਮਹਾਰਾਜ ਜੀ ਮੇਰੇ ਗੁਰੂਦੇਵ ਕਬੀਰ ਸਾਹਿਬ ਆ ਗਏ। ਜਿਉਂ ਹੀ ਕਬੀਰ ਸਾਹਿਬ ਥੋੜ੍ਹੀ ਦੂਰ ਰਹਿ ਗਏ ਬੀਰ ਸਿੰਘ ਨੇ ਜ਼ਮੀਨ ਤੇ ਲੰਮਾ ਪੈ ਕੇ ਉਹਨਾਂ ਨੂੰ ਦੰਡਵਤ ਪ੍ਰਣਾਮ ਕੀਤਾ। ਹੁਣ ਸਿੰਕਦਰ ਬਹੁਤ ਘਬਰਾਇਆ ਹੋਇਆ ਸੀ। {ਜੇਕਰ

ਉਸਨੇ ਇਹ ਜ਼ੁਲਮ ਨਾ ਕੀਤਾ ਹੁੰਦਾ ਤਾਂ ਉਹ ਦੰਡਵਤ ਨਾ ਕਰਦਾ ਅਤੇ ਦੰਡਵਤ ਨਾ ਕਰਦਾ ਤਾਂ ਸਾਹਿਬ ਉਸ ਉੱਤੇ ਰਜ਼ਾ ਵੀ ਨਾ ਬਖ਼ਸ਼ ਪਾਉਂਦੇ। ਕਿਉਂਕਿ ਇਹ ਨਿਯਮ ਹੁੰਦਾ ਹੈ।

'ਅਤਿ ਆਧੀਨ ਦੀਨ ਹੋ ਪ੍ਰਾਣੀ, ਤਾਤੇ ਕਹੀਏ ਯੇ ਅਕਥ ਕਹਾਣੀ।'
ਉੱਚੇ ਪਾਤਰ ਜਲ ਨਾ ਜਾਈ, ਤਾਤੇ ਨੀਚਾ ਹੂਜੈ ਭਾਈ।
ਆਧੀਨੀ ਕੇ ਪਾਸ ਹੈਂ ਪੂਰਣ ਬ੍ਰਹਮ ਦਿਆਲ, ਮਾਨ ਬੜਾਈ ਮਾਰਿਏ ਬੇ ਅਦਬੀ ਸਿਰ ਕਾਲ॥

ਕਬੀਰ ਪਰਮੇਸ਼ਵਰ ਨੇ ਇੱਥੇ ਇੱਕ ਤੀਰ ਨਾਲ ਦੋ ਸ਼ਿਕਾਰ ਕੀਤੇ। ਸਵਾਮੀ ਰਾਮਾਨੰਦ ਜੀ ਵਿੱਚ ਧਰਮ ਭੇਦ-ਭਾਵ ਦੀ ਭਾਵਨਾ ਬਾਕੀ ਸੀ, ਉਹ ਵੀ ਕੱਢਣੀ ਸੀ। ਰਾਮਾਨੰਦ ਜੀ ਮੁਸਲਮਾਨਾਂ ਨੂੰ ਹਿੰਦੂਆਂ ਨਾਲੋਂ ਹਲੇ ਵੀ ਵੱਖਰਾ ਅਤੇ ਘਟੀਆ ਸਮ-ਝਦੇ ਸਨ। ਸਿੰਕਦਰ ਵਿੱਚ ਹੰਕਾਰ ਦੀ ਭਾਵਨਾ ਸੀ। ਜੇਕਰ ਉਹ ਨਿਮਰ ਨਾ ਹੁੰਦਾ ਤਾਂ ਕਬੀਰ ਸਾਹਿਬ ਕਿਰਪਾ ਨਾ ਕਰਦੇ ਅਤੇ ਸਿੰਕਦਰ ਸਿਹਤਮੰਦ ਨਾ ਹੁੰਦਾ} ਬੀਰ ਸਿੰਘ ਨੂੰ ਦੇਖ ਕੇ ਅਤੇ ਡਰਦੇ ਹੋਏ ਸਿੰਕਦਰ ਲੋਧੀ ਨੇ ਵੀ ਦੰਡਵਤ ਪ੍ਰਣਾਮ ਕੀਤਾ। ਕਬੀਰ ਪਰਮੇਸ਼ਵਰ ਜੀ ਨੇ ਦੋਹਾਂ ਦੇ ਸਿਰ 'ਤੇ ਹੱਥ ਰੱਖਿਆ ਅਤੇ ਕਿਹਾ ਕਿ ਦੋ-ਦੋ ਰਾਜੇ ਅੱਜ ਮੇਰੇ ਗਰੀਬ ਦੇ ਕੋਲ ਕਿਵੇਂ ਆਏ ਹਨ? ਮੈਨੂੰ ਗ਼ਰੀਬ ਨੂੰ ਕਿਵੇਂ ਦਰਸ਼ਨ ਦਿੱਤੇ? ਪਰਮੇਸ਼ਵਰ ਕਬੀਰ ਜੀ ਨੇ ਆਪਣਾ ਹੱਥ ਚੁੱਕਿਆ ਵੀ ਨਹੀਂ ਸੀ ਕਿ ਸਿਕੰਦਰ ਦਾ ਜਲਣ ਦਾ ਰੋਗ ਸਮਾਪਤ ਹੋ ਗਿਆ। ਸਿਕੰਦਰ ਲੋਧੀ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। (ਸੰਤ ਦੇ ਸਾਹਮਣੇ ਇਹ ਮਨ ਭੱਜ ਜਾਂਦਾ ਹੈ ਅਤੇ ਇਹ ਆਤਮਾ ਉੱਪਰ ਆ ਜਾਂਦੀ ਹੈ। ਕਿਉਂਕਿ ਪਰਮਾਤਮਾ ਆਤਮਾ ਦਾ ਸਾਥੀ ਹੈ। "ਅੰਤਰਯਾਮੀ ਏਕ ਤੂੰ ਆਤਮ ਕੇ ਆਧਾਰ।" ਆਤਮਾ ਦਾ ਆਧਾਰ ਕਬੀਰ ਭਗਵਾਨ ਹੈ।) ਸਿਕੰਦਰ ਲੋਧੀ ਨੇ ਪੈਰ ਫੜ ਕੇ ਛੱਡੇ ਨਹੀਂ ਅਤੇ ਰੋਂਦਾ ਹੀ ਰਿਹਾ। ਪਰਮੇਸ਼ਵਰ ਜਾਣੀ ਜਾਨ ਹੁੰਦੇ ਹੋਏ ਵੀ ਕਬੀਰ ਸਾਹਿਬ ਨੇ ਸਿਕੰਦਰ ਲੋਧੀ ਦਿੱਲੀ ਦੇ ਬਾਦਸ਼ਾਹ ਨੂੰ ਪੁੱਛਿਆ ਕੀ ਗੱਲ ਹੈ? ਸਿਕੰਦਰ ਨੇ ਕਿਹਾ ਕਿ ਦਾਤਾ ਮੈਂ ਘੋਰ ਅਪਰਾਧ ਕਰ ਦਿੱਤਾ। ਤੁਸੀਂ ਮੈਨੂੰ ਮਾਫ਼ ਨਹੀਂ ਕਰ ਸਕਦੇ। ਜਿਸ ਕੰਮ ਲਈ ਮੈਂ ਆਇਆ ਸੀ ਉਹ ਲਾਇਲਾਜ ਰੋਗ ਤਾਂ ਆਪ ਦੀ ਛੂਹ ਨਾਲ ਠੀਕ ਹੋ ਗਿਆ। ਇਸ ਪਾਪੀ ਨੂੰ ਮਾਫ਼ ਕਰ ਦਿਓ। ਕਬੀਰ ਸਾਹਿਬ ਨੇ ਕਿਹਾ ਮਾਫ਼ ਕਰ ਦਿੱਤਾ। ਇਹ ਤਾਂ ਦੱਸ ਕਿ ਕੀ ਹੋਇਆ? ਸਿਕੰਦਰ ਨੇ ਕਿਹਾ ਕਿ ਤੁਸੀਂ ਮਾਫ਼ ਨਹੀਂ ਕਰ ਸਕਦੇ। ਮੈਂ ਅਜਿਹਾ ਪਾਪ ਕੀਤਾ ਹੈ। ਕਬੀਰ ਸਾਹਿਬ ਨੇ ਕਿਹਾ ਕਿ ਮਾਫ਼ ਕਰ ਦਿੱਤਾ। ਸਿਕੰਦਰ ਨੇ ਫਿਰ ਕਿਹਾ ਕਿ ਸੱਚ ਵਿੱਚ ਮਾਫ਼ ਕਰ ਦਿੱਤਾ? ਕਬੀਰ ਸਾਹਿਬ ਨੇ ਕਿਹਾ ਕਿ ਹਾਂ ਮਾਫ਼ ਕਰ ਦਿੱਤਾ। ਹੁਣ ਦੱਸੋ ਕੀ ਕਸ਼ਟ ਹੈ? ਸਿਕੰਦਰ ਨੇ ਕਿਹਾ ਕਿ ਦਾਤਾ, ਮੈਂ ਪਾਪੀ ਨੇ ਗੁੱਸੇ ਵਿੱਚ ਆ ਕੇ ਤੁਹਾਡੇ ਗੁਰੂਦੇਵ ਦਾ ਸਿਰ ਕ਼ਲਮ ਕਰ ਦਿੱਤਾ ਅਤੇ ਫਿਰ ਸਾਰੀ ਕਹਾਣੀ ਦੱਸੀ। ਕਬੀਰ ਸਾਹਿਬ ਬੋਲੇ ਕੋਈ ਗੱਲ ਨਹੀਂ। ਜੋ ਹੋਇਆ ਪ੍ਰਭੂ ਇੱਛਾ ਨਾਲ ਹੀ ਹੋਇਆ ਹੈ, ਤੁਸੀਂ ਸਵਾਮੀ ਰਾਮਾਨੰਦ ਜੀ ਦਾ ਅੰਤਿਮ ਸੰਸਕਾਰ ਕਰਵਾ ਕੇ ਜਾਣਾ, ਨਹੀਂ ਤਾਂ ਤੁਸੀ ਨਿੰਦਾ ਦੇ ਪਾਤਰ ਬਣੋਗੇ। ਪਰਮੇਸ਼ਵਰ ਕਬੀਰ ਸਾਹਿਬ ਜੀ ਨਾਰਾਜ਼ ਨਹੀਂ ਹੋਏ। ਸਿਕੰਦਰ ਲੋਧੀ ਨੇ ਬੀਰ ਸਿੰਘ ਦੇ ਮੂੰਹ ਵੱਲ ਦੇਖਿਆ ਅਤੇ ਕਿਹਾ ਕਿ ਬੀਰ ਸਿੰਘ ਇਹ ਤਾਂ ਅਸਲ ਵਿੱਚ ਭਗਵਾਨ ਹੈ। ਦੇਖੋ, ਮੈਂ ਗੁਰੂਦੇਵ ਦਾ ਸਿਰ ਕੱਟ ਦਿੱਤਾ ਅਤੇ ਕਬੀਰ ਜੀ ਨੂੰ ਗੁੱਸਾ ਵੀ ਨਹੀਂ ਆਇਆ। ਬੀਰ ਸਿੰਘ ਚੁੱਪ ਰਿਹਾ ਅਤੇ ਨਾ਼ਲ-ਨਾ਼ਲ ਹੋ ਲਿਆ ਅਤੇ ਮਨ ਹੀ ਮਨ ਵਿੱਚ ਸੋਚਦਾ ਹੈ ਕਿ ਹਾਲੇ ਕੀ ਹੈ, ਹਾਲੇ ਤਾਂ ਹੋਰ ਦੇਖਣਾ। ਇਹ ਤਾਂ

ਸ਼ੁਰੂਆਤ ਹੈ।

## ''ਸਵਾਮੀ ਰਾਮਾਨੰਦ ਜੀ ਨੂੰ ਜੀਵਤ ਕਰਨਾ''

ਪਰਮੇਸ਼ਵਰ ਕਬੀਰ ਜੀ ਨੇ ਅੰਦਰ ਜਾ ਕੇ ਦੇਖਿਆ ਰਾਮਾਨੰਦ ਜੀ ਦਾ ਧੜ ਕਿਤੇ ਅਤੇ ਸਿਰ ਕਿਤੇ ਪਿਆ ਸੀ। ਸਰੀਰ ਉੱਤੇ ਚਾਦਰ ਪਾਈ ਹੋਈ ਸੀ। ਕਬੀਰ ਸਾਹਿਬ ਨੇ ਆਪਣੇ ਗੁਰੂਦੇਵ ਦੇ ਮ੍ਰਿਤ ਸਰੀਰ ਨੂੰ ਦੰਡਵਤ ਪ੍ਰਣਾਮ ਕੀਤਾ ਅਤੇ ਚਰਣ ਛੂਹੇ ਅਤੇ ਕਿਹਾ ਕਿ ਗੁਰੂਦੇਵ ਉੱਠੋ। ਦਿੱਲੀ ਦੇ ਬਾਦਸ਼ਾਹ ਤੁਹਾਡੇ ਦਰਸ਼ਨ ਲਈ ਆਏ ਹਨ। ਇੱਕ ਵਾਰ ਉੱਠਣਾ। ਦੂਜੀ ਵਾਰ ਹੀ ਕਿਹਾ ਸੀ, ਸਿਰ ਆਪਣੇ ਆਪ ਉੱਠ ਕੇ ਧੜ ਨਾਲ਼ ਲੱਗ ਗਿਆ ਅਤੇ ਰਾਮਾਨੰਦ ਜੀ ਜੀਵਤ ਹੋ ਗਏ ''ਬੋਲੋ ਸਤਿਗੁਰੂ ਦੇਵ ਕੀ ਜੈ''

## "ਸਾਰੇ ਮਨੁੱਖ ਇੱਕ ਪ੍ਰਭੂ ਦੇ ਬੱਚੇ ਹਨ। ਜੋ ਦੋ ਮੰਨਦਾ ਹੈ, ਉਹ ਅਗਿਆਨੀ ਹੈ"

ਰਾਮਾਨੰਦ ਜੀ ਦੇ ਸਰੀਰ ਵਿੱਚੋਂ ਅੱਧਾ ਖ਼ੂਨ ਅਤੇ ਅੱਧਾ ਦੁੱਧ ਨਿਕਲਿਆ ਹੋਇਆ ਸੀ। ਜਦੋਂ ਕਬੀਰ ਸਾਹਿਬ ਤੋਂ ਸਵਾਮੀ ਰਾਮਾਨੰਦ ਜੀ ਨੇ ਕਾਰਣ ਪੁੱਛਿਆ ਤਾਂ ਸਾਹਿਬ ਨੇ ਦੱਸਿਆ ਕਿ ਸਵਾਮੀ ਜੀ ਤੁਹਾਡੇ ਅੰਦਰ ਇਹ ਥੋੜ੍ਹੀ- ਜਿਹੀ ਕਸਰ ਹੋਰ ਰਹਿ ਗਈ ਹੈ ਕਿ ਹੁਣ ਤੱਕ ਤੁਸੀਂ ਹਿੰਦੂ ਅਤੇ ਮੁਸਲਮਾਨ ਨੂੰ ਦੋ ਸਮਝਦੇ ਹੋ। ਇਸਲਈ ਅੱਧਾ ਖ਼ੂਨ ਅਤੇ ਅੱਧਾ ਦੁੱਧ ਨਿਕਲਿਆ ਹੈ। ਤੁਸੀਂ ਦੂਜੀ ਜਾਤ ਵਾਲਿਆਂ ਨੂੰ ਆਪਣਾ ਸਾਥੀ ਸਮਝ ਚੁੱਕੇ ਹੋ। ਇਹ ਜੀਵ ਸਭ ਇੱਕ ਹਨ। ਤੁਸੀਂ ਤਾਂ ਜਾਣੀਜਾਣ ਹੋ। ਤੁਸੀਂ ਤਾਂ ਲੀਲਾ ਕਰ ਰਹੇ ਹੋ ਅਰਥਾਤ ਉਸਨੂੰ ਗੋ.ਲ-ਮੋ.ਲ ਵੀ ਕਰ ਦਿੱਤਾ ਅਤੇ ਸਮਝਾ ਵੀ ਗਏ।

ਕਬੀਰ-ਅਲਖ਼ ਅਲਾਹੀ ਏਕ ਹੈ, ਨਾਮ ਧਰਾਯਾ ਦੋਯ।
ਕਹੈ ਕਬੀਰ ਦੋ ਨਾਮ ਸੁਨਿ, ਭਰਮ ਪਰੋ ਮਤਿ ਕੋਯ ॥1॥
ਕਬੀਰ-ਰਾਮ ਰਹੀਮਾ ਏਕ ਹੈ, ਨਾਮ ਧਰਾਯਾ ਦੋਯ।
ਕਹੈ ਕਬੀਰ ਦੋ ਨਾਮ ਸੁਨਿ, ਭਰਮ ਪਰੋ ਮਤਿ ਕੋਯ ॥2॥
ਕਬੀਰ-ਕ੍ਰਿਸ਼ਣ ਕਰੀਮਾ ਏਕ ਹੈ, ਨਾਮ ਧਰਾਯਾ ਦੋਯ।
ਕਹੈ ਕਬੀਰ ਦੋ ਨਾਮ ਸੁਨਿ, ਭਰਮ ਪਰੋ ਮਤਿ ਕੋਯ ॥3॥
ਕਬੀਰ-ਕਾਸ਼ੀ ਕਾਬਾ ਏਕ ਹੈ, ਏਕੈ ਰਾਮ ਰਹੀਮ।
ਮੈਦਾ ਏਕ ਪਕਵਾਨ ਬਹੁ, ਬੈਠਿ ਕਬੀਰਾ ਜੀਮ ॥4॥
ਕਬੀਰ-ਏਕ ਵਸਤੂ ਕੇ ਨਾਮ ਬਹੁ, ਲੀਜੈ ਵਸਤੂ ਪਹਿਚਾਨ।
ਨਾਮ ਪਕਸ਼ ਨਹੀਂ ਕੀਜਿਏ, ਸਾਰ ਤੱਤਵ ਲੇ ਜਾਨ ॥5॥
ਕਬੀਰ-ਸਭ ਕਾਹੂ ਕਾ ਲੀਜੀਏ, ਸਾਚਾ ਸ਼ਬਦ ਨਿਹਾਰ।
ਪਕਸ਼ਪਾਤ ਨਾ ਕੀਜੀਏ, ਕਹੈ ਕਬੀਰ ਵਿਚਾਰ ॥6॥
ਕਬੀਰ-ਰਾਮ ਕਬੀਰਾ ਏਕ ਹੈ, ਦੂਜਾ ਕਬਹੂ ਨਾ ਹੋਯ।
ਅੰਤਰ ਟਾਟੀ ਕਪਟ ਕੀ, ਤਾਤੈ ਦੀਖੈ ਦੋਯ ॥7॥
ਕਬੀਰ-ਰਾਮ ਕਬੀਰ ਏਕ ਹੈ, ਕਹਨ ਸੁਨਨ ਕੋ ਦੋਯ।
ਦੋ ਕਰਿ ਸੋਈ ਜਾਨਈ, ਸਤਿਗੁਰੂ ਮਿਲਾ ਨ ਹੋਯ ॥8॥

ਰਾਮਾਨੰਦ ਜੀ ਨੇ ਸਿਕੰਦਰ ਨੂੰ ਸੀਨੇ ਨਾਲ ਲਾਇਆ ਅਤੇ ਉਸਤੋਂ ਬਾਅਦ

ਹਿੰਦੂ ਅਤੇ ਮੁਸਲਮਾਨ ਨੂੰ ਅਤੇ ਸਭ ਜਾਤ ਅਤੇ ਧਰਮਾਂ ਦੇ ਵਿਅਕਤੀਆਂ ਨੂੰ ਪ੍ਰਭੂ ਦੇ ਬੱਚੇ ਜਾਣ ਕੇ ਪਿਆਰ ਦੇਣ ਲੱਗੇ ਅਤੇ ਆਪਣੇ ਰਸਮੀ ਸ਼ਿਸ਼ ਅਸਲ ਵਿੱਚ ਪਰਮੇਸ਼ਵਰ ਕਬੀਰ ਸਾਹਿਬ ਜੀ ਦਾ ਧੰਨਵਾਦ ਕੀਤਾ ਕਿ ਤੁਸੀਂ ਮੇਰਾ ਅਗਿਆਨ ਪੂਰੀ ਤਰ੍ਹਾਂ ਦੂਰ ਕਰ ਦਿੱਤਾ। ਅਸੀਂ ਇੱਕ ਪਿਤਾ ਪ੍ਰਭੂ ਦੀ ਸੰਤਾਨ ਹਾਂ, ਮੈਨੂੰ ਦ੍ਰਿੜ੍ਹ ਵਿਸ਼ਵਾਸ਼ ਹੋ ਗਿਆ। ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਦੇ ਨਾਲ ਉਹਨਾਂ ਦਾ ਧਾਰਮਿਕ ਗੁਰੂ ਸੇਖ਼ਤਕੀ ਵੀ ਬਨਾਰਸ ਗਿਆ ਸੀ। ਉਹ ਰੈਸਟ ਹਾਊਸ (ਵਿਸ਼ਰਾਮ ਘਰ) ਵਿੱਚ ਹੀ ਰੁਕਿਆ ਸੀ। ਕਿਉਂਕਿ ਸੇਖ਼ਤਕੀ ਹਿੰਦੂ ਸੰਤਾਂ ਤੋਂ ਬਹੁਤ ਈਰਖ਼ਾ ਕਰਦਾ ਸੀ ਅਤੇ ਉਨ੍ਹਾਂ ਤੇ ਉਹਨਾਂ ਦੇ ਸ਼ਿਸ਼ਾਂ ਨੂੰ ਕਾਫ਼ਿਰ ਕਹਿੰਦਾ ਸੀ। ਇਸਲਈ ਸਵਾਮੀ ਰਾਮਾਨੰਦ ਜੀ ਦੇ ਆਸ਼ਰਮ ਵਿੱਚ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ। ਰਾਜਾ ਸਿਕੰਦਰ ਲੋਧੀ ਦੇ ਨਾਲ ਸਵਾਮੀ ਰਾਮਾਨੰਦ ਜੀ ਦੇ ਆਸ਼ਰਮ ਵਿੱਚ ਨਹੀਂ ਗਿਆ ਸੀ।

ਮਹਾਰਾਜਾ ਸਿਕੰਦਰ ਨੇ ਵਿਸ਼ਰਾਮ ਘਰ ਵਿੱਚ ਆ ਕੇ ਪਰਮੇਸ਼ਵਰ ਕਬੀਰ ਜੀ ਦੁਆਰਾ ਆਪਣੇ ਲਾਇਲਾਜ਼ ਰੋਗ ਦਾ ਇਲਾਜ ਸਿਰਫ਼ ਆਸ਼ੀਰਵਾਦ ਮਾਤਰ ਨਾਲ ਕਰਨ ਅਤੇ ਸੁਆਮੀ ਰਾਮਾਨੰਦ ਜੀ ਨੂੰ ਮੁੜ ਜਿਊਂਦੇ ਕਰਨ ਦੀ ਕਥਾ ਖ਼ੁਸ਼ੀ ਦੇ ਨਾਲ ਆਪਣੇ ਧਾਰਮਿਕ ਪੀਰ ਸ਼ੇਖ਼ਤਕੀ ਨੂੰ ਦੱਸੀ ਅਤੇ ਕਿਹਾ ਕਿ ਪੀਰ ਜੀ ਮੈਂ ਪੂਰੀ ਤਰ੍ਹਾਂ ਤੰਦਰੁਸਤ ਹਾਂ। ਮੇਰੇ ਕਿਸੇ ਅੰਗ ਵਿੱਚ ਕੋਈ ਦਰਦ ਨਹੀਂ ਹੈ। ਰਾਤ ਦਾ ਸਮਾਂ ਸੀ। ਪ੍ਰਭੂ ਕਬੀਰ ਸਾਹਿਬ ਜੀ ਸਵੇਰੇ ਆਉਣ ਦੀ ਕਹਿ ਕੇ ਆਪਣੀ ਕੁਟੀਆ ਤੇ ਚਲੇ ਗਏ ਸਨ।

ਸ਼ੇਖ਼ਤਕੀ ਨੇ ਬਾਦਸ਼ਾਹ ਦੇ ਮੂੰਹ ਤੋਂ ਹੋਰ ਸੰਤ ਦੀ ਭਿੰਨੀ-ਭਿੰਨੀ ਪ੍ਰਸ਼ੰਸਾ ਸੁਣੀ ਤਾਂ ਅੰਦਰ ਹੀ ਅੰਦਰ ਸੜ-ਭੁੱਝ ਗਿਆ। ਸਾਰੀ ਰਾਤ ਪਾਸੇ ਬਦਲਦਾ ਰਿਹਾ। ਪਰਮੇਸ਼ਵਰ ਕਬੀਰ ਸਾਹਿਬ ਜੀ ਨੂੰ ਨੀਵਾਂ ਦਿਖਾਉਣ ਦੀ ਯੋਜਨਾ ਬਣਾਉਂਦਾ ਰਿਹਾ।

## "ਪਵਿੱਤਰ ਮੁਸਲਮਾਨ ਧਰਮ ਦੀ ਸੰਖੇਪ ਜਾਣ-ਪਛਾਣ"

ਅਗਲੇ ਦਿਨ ਪੂਜਯ ਕਬੀਰ ਪਰਮੇਸ਼ਵਰ ਰਾਜ ਦਰਬਾਰ ਵਿੱਚ ਪਹੁੰਚੇ। ਕਾਸ਼ੀ ਨਰੇਸ਼ ਬੀਰਦੇਵ ਸਿੰਘ ਬਘੇਲ ਅਤੇ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੇ ਦੰਡਵਤ ਪ੍ਰਣਾਮ (ਜ਼ਮੀਨ 'ਤੇ ਲੰਬੇ ਲਿਟ ਕੇ) ਕੀਤੀ ਅਤੇ ਕਬੀਰਦੇਵ ਨੂੰ ਆਸਣ 'ਤੇ ਬਿਠਾਇਆ ਅਤੇ ਖੁਦ ਹੇਠਾਂ ਜ਼ਮੀਨ 'ਤੇ ਵਿਛੇ ਗਲੀਚੇ 'ਤੇ ਵਿਰਾਜਮਾਨ ਹੋ ਗਏ। ਬਾਦਸ਼ਾਹ ਸਿਕੰਦਰ ਨੇ ਪ੍ਰਾਰਥਨਾ ਕੀਤੀ ਕਿ ਹੇ ਪਰਵਰਦਿਗਾਰ! ਮੇਰਾ ਰੋਗ ਨਾ ਤਾਂ ਹਿੰਦੂ ਸੰਤਾਂ ਕੋਲੋਂ ਸ਼ਾਂਤ ਹੋਇਆ ਅਤੇ ਨਾ ਹੀ ਮੁਸਲਮਾਨ ਪੀਰਾਂ, ਕਾਜ਼ੀ ਅਤੇ ਮੁੱਲਿਆਂ ਤੋਂ। ਕੀ ਕਾਰਨ ਸੀ ਹੇ ਦੀਨ ਦਿਆਲ! ਤੁਹਾਡੇ ਅਸ਼ੀਰਵਾਦ ਮਾਤਰ ਨਾਲ ਹੀ ਮੇਰਾ ਜਾਨਲੇਵਾ ਰੋਗ ਛੂ ਮੰਤਰ ਹੋ ਗਿਆ। ਕੱਲ੍ਹ ਰਾਤ ਮੈਂ ਪੇਟ ਭਰ ਕੇ ਖਾਣਾ ਖਾਧਾ। ਕਈ ਸਾਲਾਂ ਤੋਂ ਇਹ ਕਸ਼ਟ ਮੈਨੂੰ ਸਤਾ ਰਿਹਾ ਸੀ। ਤੁਹਾਡੀ ਕਿਰਪਾ ਨਾਲ ਮੈਂ ਤੰਦਰੁਸਤ ਹੋ ਗਿਆ ਹਾਂ।

ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਨੇ ਦੱਸਿਆ ਕਿ ਰਾਜਨ੍ ਪੂਰਣ ਪਰਮ-ਾਤਮਾ ਅੱਲਾਹੁ ਅਕਬਰ (ਅੱਲਾਹੁ ਕਬੀਰੁ) ਹੀ ਸਭ ਪਾਪ ਨਾਸ਼ (ਮਾਫ਼) ਕਰ ਸਕਦਾ ਹੈ। ਹੋਰ ਪ੍ਰਭੂ ਤਾਂ ਸਿਰਫ਼ ਕੀਤੇ ਕਰਮਾਂ ਦਾ ਫ਼ਲ ਹੀ ਦੇ ਸਕਦੇ ਹਨ। ਜਿਵੇਂ ਪ੍ਰਾਣੀ ਨੂੰ ਦੁੱਖ ਤਾਂ ਪਾਪ ਨਾਲ਼ ਹੁੰਦਾ ਹੈ ਅਤੇ ਸੁੱਖ ਪੁੰਨ ਨਾਲ਼। ਤੁਹਾਨੂੰ ਪਾਪ ਕਰਮ ਦੇ ਕਾਰਨ ਕਸ਼ਟ ਸੀ। ਇਹ ਤੁਹਾਡੇ ਪ੍ਰਾਰੱਬਧ ਵਿੱਚ ਲਿਖਿਆ ਸੀ। ਇਹ ਕਿਸੇ ਹੋਰ ਭਗਵਾਨ ਤੋਂ ਠੀਕ ਨਹੀਂ ਹੋ ਸਕਦਾ ਸੀ। ਕਿਉਂਕਿ ਪਾਪ ਨਾਸ਼ਕ (ਮਾਫ਼ ਕਰਨ ਵਾਲੇ) ਪੂਰਣ ਪਰਮ-

ਾਤਮਾ ਕਵਿਰਦੇਵ/ਅੱਲਾਹੁ ਅਕਬਰ (ਅੱਲਾਹੁ ਕਬੀਰੁ) ਦੇ ਅਸਲੀ ਗਿਆਨ ਅਤੇ ਭਗਤੀ ਵਿਧੀ ਨੂੰ ਨਾ ਤਾਂ ਹਿੰਦੂ ਸੰਤ, ਗੁਰੂਜਨ ਜਾਣਦੇ ਹਨ ਅਤੇ ਨਾ ਹੀ ਮੁਸਲਮਾਨ ਪੀਰ, ਕਾਜ਼ੀ ਅਤੇ ਮੁੱਲਾ ਹੀ ਜਾਣੂ ਹਨ। ਉਸ ਸਰਵ ਸ਼ਕਤੀਮਾਨ ਪਰਮੇਸ਼ਵਰ ਦੀ ਪੂਜਾ ਵਿਧੀ ਅਤੇ ਪੂਰਣ ਗਿਆਨ ਸਿਰਫ਼ ਇਹ ਦਾਸ (ਸੰਤ ਰਾਮਪਾਲ ਦਾਸ) ਜਾਣਦਾ ਹੈ। ਨਾ ਸ਼੍ਰੀ ਰਾਮ ਅਤੇ ਸ਼੍ਰੀ ਕ੍ਰਿਸ਼ਨ ਅਰਥਾਤ ਸ਼੍ਰੀ ਵਿਸ਼ਨੂੰ ਜੀ ਜਾਣਦੇ ਹਨ ਅਤੇ ਨਾ ਹੀ ਸ਼੍ਰੀ ਬ੍ਰਹਮਾ ਜੀ ਅਤੇ ਸ਼੍ਰੀ ਸ਼ਿਵ ਜੀ ਅਤੇ ਨਾ ਬ੍ਰਹਮ (ਜਿਸਨੂੰ ਤੁਸੀਂ ਨਿਰਾਕਾਰ ਪ੍ਰਭੂ ਕਹਿੰਦੇ ਹੋ) ਜਾਣਦਾ ਹੈ। ਨਾ ਹਜ਼ਰਤ ਮੁਹੰਮਦ ਜਾਣਦਾ ਸੀ, ਨਾ ਹੋਰ ਮੁਸਲਮਾਨ ਪੀਰ, ਕਾਜ਼ੀ ਅਤੇ ਮੁੱਲਾ ਹੀ ਜਾਣਦੇ ਹਨ।

## "ਸ਼ੇਖਤਕੀ ਨਾਮਕ ਮੁਸਲਮਾਨ ਪੀਰ ਨਾਲ ਵਾਰਤਾ"

ਪਰਮੇਸ਼ਵਰ ਕਬੀਰ ਸਾਹਿਬ ਜੀ ਦੇ ਮੁੱਖ ਕਮਲ ਤੋਂ ਉਪਰੋਕਤ ਵਚਨ ਸੁਣ ਕੇ ਸ਼ੇਖਤਕੀ ਵਿਅੰਗਾਤਮਕ ਤਰੀਕੇ ਨਾਲ ਬੋਲਿਆ ਕਿ ਤੂੰ ਜਾਣਦਾ ਹੈ ਸਾਰੇ ਗਿਆਨ ਨੂੰ। ਸਾਡੇ ਹਜ਼ਰਤ ਮੁਹੰਮਦ ਜੀ ਨੂੰ ਵੀ ਅਗਿਆਨੀ ਦੱਸ ਰਿਹਾ ਹੈਂ। ਵਿਚਕਾਰ ਬਚਾਅ ਕਰਦੇ ਹੋਏ ਬੀਰ ਸਿੰਘ ਬਘੇਲ ਕਾਸ਼ੀ ਨਰੇਸ਼ ਨੇ ਕਿਹਾ, "ਪੀਰ ਜੀ, ਇਸ ਵਿੱਚ ਨਾਰਾਜ਼ ਹੋਣ ਦੀ ਕਿਹੜੀ ਗੱਲ ਹੈ, ਪ੍ਰੇਮ ਪੂਰਵਕ ਸ਼ੰਕਾ ਦਾ ਸਮਾਧਾਨ ਕਰਵਾਓ।" ਕਾਸ਼ੀ ਨਰੇਸ਼ ਜਾਣਦਾ ਸੀ ਕਿ ਸਰਵ ਗਿਆਨ ਸੰਪੰਨ ਪੂਜਯ ਕਬੀਰ ਸਾਹਿਬ ਜੀ ਗਿਆਨ ਗੋਸ਼ਠੀ ਕਰਕੇ ਪੀਰ ਜੀ ਦਾ ਭਰਮ ਨਿਵਾਰਣ ਕਰਨਾ ਚਾਹੁੰਦੇ ਹਨ। ਕਾਸ਼ੀ ਨਰੇਸ਼ ਨੇ ਸ਼ੇਖਤਕੀ ਨੂੰ ਕਿਹਾ ਕਿ ਕਬੀਰ ਜੀ ਨੇ ਕਿਸ ਕਾਰਣ ਹਜ਼ਰਤ ਮੁਹੰਮਦ ਜੀ ਪੂਰਣ ਗਿਆਨ ਤੋਂ ਵਾਂਝੇ ਕਿਹਾ ਹੈ ਤੁਸੀਂ ਕਾਰਨ ਪੁੱਛੋ? ਸ਼ੇਖਤਕੀ ਨੇ ਕਿਹਾ ਕਿ ਪ੍ਰਸ਼ਨ ਹੀ ਤਾਂ ਪੁੱਛ ਰਿਹਾ ਹਾਂ। ਕਬੀਰ ਜੀ ਕਾਰਨ ਦੱਸਣ ਕਿਸ ਆਧਾਰ ਤੇ ਸਾਡੇ ਪਰਮ ਪੂਜਯ ਹਜ਼ਰਤ ਮੁਹੰਮਦ ਜੀ ਨੂੰ ਅਗਿਆਨੀ ਕਿਹਾ ਹੈ ?

## "ਪਵਿੱਤਰ ਕੁਰਾਨ ਸ਼ਰੀਫ ਨੇ ਪ੍ਰਭੂ ਬਾਰੇ ਕੀ ਦੱਸਿਆ ਹੈ?

ਪਰਮ ਪੂਜਯ ਕਬੀਰ ਪਰਮੇਸ਼ਵਰ ਨੇ ਦੱਸਣਾ ਸ਼ੁਰੂ ਕੀਤਾ। ਪਵਿੱਤਰ ਕੁਰਾਨ ਸ਼ਰੀਫ ਸੂਰਤ ਫੁਰਕਾਨਿ ਸ. 25 ਆਇਤ 52, 58, 59 ਵਿੱਚ ਜਿਸ ਕਬੀਰ ਅੱਲਾਹ ਦਾ ਜ਼ਿਕਰ ਹੈ, ਉਹ ਪੂਰਣ ਪਰਮਾਤਮਾ ਹੈ। ਜਿਸ ਨੂੰ ਅੱਲਾਹੁ ਅਕਬਰ (ਅਕਬੀਰੁ) ਕਹਿੰਦੇ ਹੋ। ਕੁਰਾਨ ਸ਼ਰੀਫ ਦਾ ਗਿਆਨ ਦਾਤਾ ਅੱਲਾਹ ਕਿਸੇ ਹੋਰ ਕਬੀਰ ਨਾਮਕ ਅੱਲਾਹ ਦੀ ਮਹਿਮਾ ਦਾ ਗੁਣਗਾਨ ਕਰ ਰਿਹਾ ਹੈ। ਆਇਤ ਨੰ. 52 ਤੋਂ 58 ਅਤੇ 59 ਵਿੱਚ ਹਜ਼ਰਤ ਮੁਹੰਮਦ ਜੀ ਨੂੰ ਕੁਰਾਨ ਸ਼ਰੀਫ ਦੇ ਗਿਆਨ ਦਾਤਾ ਪ੍ਰਭੂ ਨੇ ਕਿਹਾ ਹੈ ਕਿ ਹੇ ਨਬੀ ਮੁਹੰਮਦ! ਜੋ ਕਬੀਰ ਨਾਮਕ ਅੱਲਾਹ ਹੈ ਉਸਨੇ ਸਾਰੇ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ।

ਉਹ ਹੀ ਸਾਰੇ ਪਾਪ ਨਾਸ਼ (ਮਾਫ਼) ਕਰਨ ਵਾਲਾ ਹੈ ਅਤੇ ਸਭ ਦੇ ਪੂਜਾ ਕਰਨ ਦੇ ਯੋਗ ਹੈ (ਇਬਾਦਹੀ ਕਬੀਰਾ ਅਰਥਾਤ ਪੂਜਾ ਦੇ ਯੋਗ ਕਬੀਰ)। ਉਸੇ ਨੇ ਜ਼ਮੀਨ ਤੇ ਆਸਮਾਨ ਦੇ ਵਿਚਕਾਰ ਜੋ ਕੁੱਝ ਵੀ ਹੈ ਸਭ ਦੀ ਰਚਨਾ ਛੇ ਦਿਨਾਂ ਵਿੱਚ ਕੀਤੀ ਹੈ ਅਤੇ 7ਵੇਂ ਦਿਨ ਅਸਮਾਨ ਵਿੱਚ ਤਖ਼ਤ ਤੇ ਜਾ ਬਿਰਾਜਿਆ। ਕਾਫਿਰ ਲੋਕ ਉਸ ਕਬੀਰ ਪ੍ਰਭੂ (ਅੱਲਾਹੁ ਅਕਬਰ) ਨੂੰ ਸਰਵ ਸ਼ਕਤੀਮਾਨ ਪ੍ਰਭੂ ਨਹੀਂ ਮੰਨਦੇ। ਤੁਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਉਣਾ। ਉਨ੍ਹਾਂ ਦਾ ਕਿਹਾ ਨਾ ਮੰਨਣਾ। ਮੇਰੇ ਦੁਆਰਾ

ਦਿੱਤੇ ਕੁਰਾਨ ਸ਼ਰੀਫ ਦੀਆਂ ਦਲੀਲਾਂ ਉੱਤੇ ਵਿਸ਼ਵਾਸ ਰੱਖਣਾ ਅਤੇ ਅਹਿੰਸਾ ਦੇ ਨਾਲ ਕਬੀਰ ਅੱਲਾਹ ਦੇ ਲਈ ਸੰਘਰਸ਼ (ਜਿਹਾਦ) ਕਰਨਾ, ਲੜਾਈ ਨਾ ਕਰਨਾ (ਸੂਰਤ ਫੁਰਕਾਨਿ ਆਇਤ 52)। ਉਸ ਪਰਮਾਤਮਾ ਕਬੀਰ (ਅੱਲਾਹੁ ਅਕਬਰ) ਦੀ ਭਗਤੀ ਵਿਧੀ ਅਤੇ ਉਸਦੇ ਵਿਸ਼ੇ ਵਿੱਚ ਪੂਰਣ ਗਿਆਨ ਮੈਨੂੰ ਨਹੀਂ ਹੈ। ਉਸ ਸਰਵ ਸ਼ਕਤੀਮ-ਾਨ, ਸਭ ਬ੍ਰਹਿਮੰਡਾਂ ਦੇ ਰਚਨਹਾਰ, ਸਭ ਪਾਪ ਨਾਸ਼ਕ, ਸਭ ਦੇ ਪੂਜਾ ਯੋਗ ਕਬੀਰ ਅੱਲਾਹ ਦੀ ਪੂਜਾ ਦੇ ਵਿਸ਼ੇ ਵਿੱਚ ਕਿਸੇ ਤੱਤਵਦਰਸ਼ੀ (ਬਾਖ਼ਬਰ) ਸੰਤ ਨੂੰ ਪੁੱਛੋ। ਕਬੀਰ ਪਰਮੇਸ਼ਵਰ ਨੇ ਕਿਹਾ ਸ਼ੇਖਤਕੀ ਜੀ ਤੁਹਾਡੇ ਅੱਲਾਹ ਨੂੰ ਹੀ ਗਿਆਨ ਨਹੀਂ ਹੈ ਤਾਂ ਤੁਹਾਡੇ ਹਜ਼ਰਤ ਮੁਹੰਮਦ ਜੀ ਨੂੰ ਕਿਵੇਂ ਪੂਰਣ ਗਿਆਨ ਹੋ ਸਕਦਾ ਹੈ? ਅਤੇ ਹੋਰ ਕਾਜ਼ੀ, ਮੁੱਲਾ ਅਤੇ ਪੀਰ ਵੀ ਸਤ ਸਾਧਨਾ ਅਤੇ ਤੱਤਵਗਿਆਨ ਤੋਂ ਵਾਂਝੇ ਹਨ। ਜਿਸ ਕਾਰਨ ਸਾਧਕ ਦੇ ਕਸ਼ਟਾਂ ਦਾ ਨਿਵਾਰਣ ਨਹੀਂ ਹੁੰਦਾ। ਹੋਰ ਸਾਧਨਾ ਜਿਵੇਂ ਪੰਜ ਸਮੇਂ ਨਮਾਜ਼, ਬੰਗ ਆਦਿ ਦੇਣ ਨਾਲ ਮੋਕਸ਼ ਅਤੇ ਕਸ਼ਟ ਨਿਵਾਰਣ ਨਹੀਂ ਹੁੰਦਾ। ਜਨਮ-ਮਰਣ ਅਤੇ ਸਵਰਗ-ਨਰਕ ਅਤੇ ਹੋਰ ਪ੍ਰਾਣੀਆਂ ਦੇ ਸਰੀਰਾਂ ਵਿੱਚ ਵੀ ਕੀਤੇ ਕਰਮਾਂ ਦੇ ਆਧਾਰ ਤੇ ਕਸ਼ਟ ਭੋਗਣਾ ਪੈਂਦਾ ਹੈ।

ਉਪਰੋਕਤ ਵਾਰਤਾ ਸੁਣ ਕੇ ਸ਼ੇਖਤਕੀ ਨੇ ਤੁਰੰਤ ਕੁਰਾਨ ਸ਼ਰੀਫ ਨੂੰ ਖੋਲ੍ਹਿਆ ਅਤੇ ਸੂਰਤ ਫੁਰਕਾਨਿ-25 ਆਇਤ 52-59 ਨੂੰ ਪੜ੍ਹਿਆ ਜਿਸ ਵਿਚ ਉਪਰੋਕਤ ਵਿਵਰਣ ਸਹੀ ਸੀ। ਅਸਲੀਅਤ ਨੂੰ ਅੱਖੀਂ ਦੇਖ ਕੇ ਵੀ ਮਾਣ ਹਾਨੀ ਦੇ ਡਰ ਨਾਲ ਕਿਹਾ ਕਿ ਅਜਿਹਾ ਕਿਤੇ ਨਹੀਂ ਲਿਖਿਆ ਹੈ। ਇਹ ਕਾਫ਼ਿਰ ਝੂਠ ਬੋਲ ਰਿਹਾ ਹੈ। ਉਸ ਸਮੇਂ ਸਿੱਖਿਆ ਦੀ ਘਾਟ ਸੀ। ਮੁਸਲਮਾਨ ਸਮਾਜ ਅਰਬੀ ਭਾਸ਼ਾ ਤੋਂ ਜਾਣੂ ਨਹੀਂ ਸੀ। ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿੱਚ ਲਿਖੀ ਸੀ। ਬਾਦਸ਼ਾਹ ਸਿਕੰਦਰ ਨੂੰ ਵੀ ਸ਼ੰਕਾ ਹੋ ਗਈ ਕਿ ਪਰਮੇਸ਼ਵਰ ਕਬੀਰ ਸਾਹਿਬ ਜੀ ਭਾਵੇਂ ਸ਼ਕਤੀ ਯੁਕਤ ਹਨ, ਪਰ ਅਣਪੜ੍ਹ ਹੋਣ ਦੇ ਕਾਰਨ ਕੁਰਾਨ ਸ਼ਰੀਫ ਦੇ ਵਿਸ਼ੇ ਵਿਚ ਨਹੀਂ ਜਾਣ ਸਕਦੇ।

ਸ਼ੇਖਤਕੀ ਨੇ ਸੜੇ ਭੁੱਝੇ ਵਚਨ ਬੋਲੇ, ਕੀ ਤੂੰ ਹੀ ਹੈਂ ਉਹ ਬਾਖ਼ਬਰ? ਫਿਰ ਦੱਸ ਦੇ ਉਹ ਅੱਲਾਹੁ ਅਕਬਰ ਕਿਹੋ ਜਿਹਾ ਹੈ? ਜੇਕਰ ਪਰਮਾਤਮਾ ਨੂੰ ਸਾਕਾਰ ਕਹਿੰਦਾ ਹੈਂ ਤਾਂ ਕੌਣ ਹੈ? ਕਿੱਥੇ ਰਹਿੰਦਾ ਹੈ?

ਪਰਮੇਸ਼ਵਰ ਕਬੀਰ ਸਾਹਿਬ ਜੀ ਨੇ ਕਿਹਾ :- ਉਹ ਕਬੀਰ ਅੱਲਾਹ ਜਿਸ ਨੂੰ ਤੁਸੀਂ ਅੱਲਾਹੁ ਅਕਬਰ ਕਹਿੰਦੇ ਹੋ, ਮੈਂ ਹੀ ਹਾਂ। ਮੈਂ ਉਪਰ ਸਤਲੋਕ ਵਿੱਚ ਰਹਿੰਦਾ ਹਾਂ। ਮੈਂ ਹੀ ਸਾਰੇ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ। ਮੈਂ ਹਜ਼ਰਤ ਮੁਹੰਮਦ ਜੀ ਨੂੰ ਵੀ ਜਿੰਦਾ ਸੰਤ ਦਾ ਰੂਪ ਧਾਰਣ ਕਰਕੇ ਮਿਲਿਆ ਸੀ ਅਤੇ ਉਸ ਪਿਆਰੀ ਆਤਮਾ ਨੂੰ ਸਤਲੋਕ ਦਿਖਾ ਕੇ ਵਾਪਸ ਛੱਡਿਆ ਸੀ। ਹਜ਼ਰਤ ਮੁਹੰਮਦ ਨੂੰ ਕਿਹਾ ਸੀ ਕਿ ਤੁਸੀਂ ਹੁਣ ਮੇਰੀ ਮਹਿਮਾ ਸਾਰੇ ਅਨੁਯਾਈਆਂ ਨੂੰ ਸੁਣਾਓ। ਪ੍ਰੰਤੂ ਜ਼ਿਬਰਾਈਲ ਫਰਿਸ਼ਤੇ ਦੇ ਡਰ ਦੇ ਕਾਰਣ ਤੱਤਵ ਗਿਆਨ ਦਾ ਪ੍ਰਚਾਰ ਨਹੀਂ ਕੀਤਾ ਅਤੇ ਨਾ ਮੇਰੀ ਗੱਲਾਂ 'ਤੇ ਵਿਸ਼ਵਾਸ ਕੀਤਾ। ਕਿਉਂਕਿ ਉਸਤੋਂ ਪਹਿਲਾਂ ਜ਼ਿਬਰਾਈਲ ਦੇਵਤਾ ਹਜ਼ਰਤ ਮੁਹੰਮਦ ਜੀ ਨੂੰ ਪਿੱਤਰ ਲੋਕ ਵਿੱਚ ਘੁੰਮਾ ਲਿਆਇਆ ਸੀ। ਜਿੱਥੇ ਹਜ਼ਰਤ ਮੁਹੰਮਦ ਜੀ ਨੇ ਆਪਣੇ ਪੂਰਵਜ਼ ਬਾਬਾ ਆਦਮ ਨੂੰ ਦੇਖਿਆ ਜੋ ਸੱਜੇ ਪਾਸੇ ਮੂੰਹ ਕਰਕੇ ਹੱਸ ਰਿਹਾ ਸੀ ਅਤੇ ਖੱਬੇ ਪਾਸੇ ਮੂੰਹ ਕਰਕੇ ਰੋ ਰਿਹਾ ਸੀ। ਜ਼ਬਰਾਇਲ ਤੋਂ ਹਜ਼ਰਤ ਮੁਹੰਮਦ ਜੀ ਨੇ ਪੁੱਛਿਆ ਕਿ ਇਹ ਵਿਅਕਤੀ ਕੌਣ ਹੈ, ਜੋ ਇੱਕ ਵਾਰ ਹੱਸ ਰਿਹਾ ਹੈ ਇੱਕ ਵਾਰ ਰੋ ਰਿਹਾ ਹੈ ? ਜ਼ਬਰਾਈਲ ਦੇ ਦੱਸਿਆ ਇਹ ਬਾਬਾ ਆਦਮ ਹੈ। ਸੱਜੇ ਪਾਸੇ ਸਵਰਗ

ਵਿੱਚ ਇਹਨਾਂ ਦੀ ਪੁੰਨ ਕਰਮੀ ਸੰਤਾਨ ਹੈ ਅਤੇ ਖੱਬੇ ਪਾਸੇ ਨਰਕ ਵਿੱਚ ਬੁਰੀ ਸੰਤਾਨ ਕਸ਼ਟ ਉਠਾ ਰਹੀ ਹੈ। ਇਸਲਈ ਜਦ ਨੇਕ ਸੰਤਾਨ ਨੂੰ ਸਵਰਗ ਵਿੱਚ ਸੁਖੀ ਦੇਖਦਾ ਹੈ ਤਾਂ ਹੱਸਦਾ ਹੈ। ਜਦ ਖੱਬੇ ਪਾਸੇ ਬੁਰੀ ਸੰਤਾਨ ਨੂੰ ਮਹਾਂਕਸ਼ਟ ਵਿੱਚ ਨਰਕ ਵਿੱਚ ਪੀੜਿਤ ਦੇਖਦਾ ਹੈ ਤਾਂ ਬੁਰੀ ਤਰ੍ਹਾਂ ਰੋਂਦਾਂ ਹੈ। ਇਸ ਲੋਕ ਵਿੱਚ ਹੋਰ ਜਗ੍ਹਾ ਤੇ ਹਜ਼ਰਤ ਮੂਸਾ ਅਤੇ ਹਜ਼ਰਤ ਈਸਾ ਜੀ ਆਦਿ ਨੂੰ ਵੀ ਦੇਖਿਆ। ਉਨ੍ਹਾਂ ਨਾਲ ਹਜ਼ਰਤ ਮੁਹੰਮਦ ਜੀ ਦੀ ਵਾਰਤਾ ਹੋਈ। ਇਸ ਕਾਰਣ ਹਜ਼ਰਤ ਮੁਹੰਮਦ ਜੀ ਕਾਲ ਦੇ ਜਾਲ ਨੂੰ ਨਾ ਸਮਝ ਕੇ ਉਸੇ ਸਥਾਨ ਨੂੰ ਅਸਲ ਠਿਕਾਣਾ ਮੰਨ ਚੁੱਕਿਆ ਸੀ ਕਿਉਂਕਿ ਉੱਥੇ ਪਿੱਤਰ ਲੋਕ ਵਿੱਚ ਪਵਿੱਤਰ ਇਸਾਈ ਧਰਮ ਅਤੇ ਪੱਵਿਤਰ ਮੁਸਲਮਾਨ ਧਰਮ ਦੇ ਪੂਜਯ ਬਾਬਾ ਆਦਮ ਵੀ ਸਨ ਅਤੇ ਹੋਰ ਨਬੀ ਵੀ ਵਿਰਾਜਮਾਨ ਸਨ।

ਪ੍ਰਸ਼ਨ :- ਪਰਮੇਸ਼ਵਰ ਕਬੀਰ ਜੀ ਨੇ ਸ਼ੇਖਤਕੀ ਨੂੰ ਪ੍ਰਸ਼ਨ ਕੀਤਾ ਕਿ ਕੀ ਤੁਸੀਂ ਪੁਨਰਜਨਮ ਨੂੰ ਮੰਨਦੇ ਹੋ?

ਉੱਤਰ :- ਸ਼ੇਖਤਕੀ ਨੇ ਕਿਹਾ ਕਿ ਨਹੀਂ ਮੰਨਦਾ। ਅਸੀਂ ਮੰਨਦੇ ਹਾਂ ਕਿ "ਬਾਬਾ ਆਦਮ ਤੋਂ ਸਾਡਾ ਵੰਸ਼ ਚੱਲਿਆ ਹੈ। ਸਾਡੇ ਅੱਲਾਹ ਦਾ ਵਿਧਾਨ ਹੈ ਕਿ ਇੱਕ ਵਾਰ ਸ੍ਰਿਸ਼ਟੀ ਰਚਨਾ ਹੋ ਚੁੱਕੀ ਹੈ। ਫਿਰ ਇਸਦਾ ਅੰਤ ਹੋਵੇਗਾ, ਇਸਦੇ ਬਾਅਦ ਕੁਝ ਨਹੀਂ ਹੈ। ਇਸੇ ਦੌਰਾਨ ਜੋ ਮਨੁੱਖ ਜਨਮ ਲੈਣਗੇ ਜੋ ਅੱਲਾਹ ਦੇ ਆਦੇਸ਼ ਅਨੁਸਾਰ ਚੱਲੇਗਾ, ਇਬਾਦਤ (ਪੂਜਾ) ਕਰੇਗਾ, ਉਹ ਜੰਨਤ ਵਿੱਚ ਜਾਵੇਗਾ। ਜੋ ਅੱਲਾਹ ਦੀ ਆਗਿਆ ਦਾ ਪਾਲਣ ਨਹੀਂ ਕਰੇਗਾ ਉਹ ਨਰਕ (ਜਹੰਨੁਮ) ਵਿੱਚ ਜਾਵੇਗਾ।ਦੋਵੇਂ ਤਰ੍ਹਾਂ ਦੇ ਵਿਅਕਤੀ ਮਰਦੇ ਜਾਣਗੇ। ਉਹਨਾਂ ਨੂੰ ਕਬਰ ਵਿੱਚ ਰੱਖਿਆ ਜਾਵੇਗਾ। ਜਿਸ ਸਮੇਂ ਆਖਰ (ਸ੍ਰਿਸ਼ਟੀ ਦਾ ਨਾਸ਼ ਹੋਵੇਗਾ ਉਸ ਸਮੇਂ) ਵਿੱਚ ਸਭ ਨੂੰ ਕਬਰਾਂ ਵਿੱਚੋਂ ਕੱਢਿਆ ਜਾਵੇਗਾ, ਜਿੰਦਾ ਕੀਤਾ ਜਾਵੇਗਾ। ਭਗਤਾਂ ਨੂੰ ਜੰਨਤ (ਸਵਕਗ) ਵਿੱਚ ਅਤੇ ਪਾਪੀਆਂ ਨੂੰ ਜਹੰਨੁਮ (ਨਰਕ) ਵਿੱਚ ਰੱਖਿਆ ਜਾਵੇਗਾ। ਬੱਸ! ਅੱਗੇ ਕੁਝ ਨਹੀਂ।

ਪ੍ਰਸ਼ਨ :- ਕਬੀਰ ਜੀ ਨੇ ਪੁੱਛਿਆ ਹੇ ਸ਼ੇਖਤਕੀ ਜੀ! ਕੀ ਆਖਰ (ਸ੍ਰਿਸ਼ਟੀ ਵਿਨਾਸ਼) ਤੱਕ ਬਾਬਾ ਆਦਮ ਤੋਂ ਲੈ ਕੇ ਅੱਜ ਤੱਕ ਦੇ ਸਭ ਪੈਗੰਬਰ ਅਤੇ ਸਾਧਾਰਣ ਵਿਅਕਤੀ ਕਬਰਾਂ ਵਿੱਚ ਰਹਿਣਗੇ?

ਉੱਤਰ :- ਸ਼ੇਖਤਕੀ ਨੇ ਕਿਹਾ ਹਾਂ, ਅਜਿਹਾ ਹੀ ਵਿਧਾਨ ਹੈ।

ਪ੍ਰਸ਼ਨ :- ਪਰਮੇਸ਼ਵਰ ਕਬੀਰ ਜੀ ਨੇ ਕਿਹਾ ਕਿ ਜਿਵੇਂ ਤੁਸੀਂ ਦੱਸਦੇ ਹੋ ਕਿ ਹਜ਼ਰਤ ਮੁਹੰਮਦ ਜੀ ਜਦ ਇੱਕ ਗਧੇ ਵਰਗਾ ਜਾਨਵਰ ਬੁਰਾਕ ਉੱਤੇ ਬੈਠ ਕੇ ਜੰਨਤ (ਸਵਰਗ) ਵਿੱਚ ਗਏ। ਉਸ ਸਮੇਂ ਉਹਨਾਂ ਨੇ ਬਾਬਾ ਆਦਮ ਅਤੇ ਉਹਨਾਂ ਦੀ ਚੰਗੀ ਸੰਤਾਨ (ਸਵਰਗ ਵਿੱਚ ਸੁਖੀ) ਅਤੇ ਬੁਰੀ ਸੰਤਾਨ (ਨਰਕ ਵਿੱਚ ਦੁੱਖੀ) ਦੇਖੀ। ਬਾਬਾ ਆਦਮ ਨੂੰ ਹੱਸਦੇ-ਰੋਂਦੇ ਦੇਖਿਆ। ਹਜ਼ਰਤ ਮੁਹੰਮਦ ਜੀ ਨੇ ਉੱਪਰ ਸਵਰਗ ਵਿੱਚ ਸਾਰੇ ਨਬੀਆਂ ਦਾ ਸਮੂਹ (ਜ਼ਮਾਤ) ਦੇਖਿਆ। ਜਿਨ੍ਹਾਂ ਵਿੱਚ ਮੂਸਾ ਜੀ, ਈਸਾ ਜੀ, ਅਬਰਾਹਿਮ ਆਦਿ ਨੂੰ ਵੀ ਉੱਪਰ ਸਵਰਗ ਵਿੱਚ ਦੇਖਿਆ। ਉਨ੍ਹਾਂ ਨੂੰ ਉੱਥੇ ਨਮਾਜ਼ ਪੜ੍ਹਾਈ। ਉਹ ਉੱਥੇ ਕਿਵੇਂ ਚਲੇ ਗਏ? ਉਨ੍ਹਾਂ ਨੂੰ ਤਾਂ ਤੁਹਾਡੇ ਅਗਿਆਨ ਵਿਧਾਨ ਅਨੁਸਾਰ ਤਾਂ ਕਬਰਾਂ ਵਿੱਚ ਰਹਿਣਾ ਚਾਹੀਦਾ ਸੀ। ਜੇਕਰ ਤੁਹਾਡੇ ਵਿਧਾਨ ਨੂੰ ਠੀਕ ਮੰਨਿਏ ਤਾਂ ਸ੍ਰਿਸ਼ਟੀ ਅੰਤ (ਆਖਰ) ਤਾਂ ਅਰਬਾਂ ਸਾਲਾਂ ਬਾਅਦ ਹੋਵੇਗੀ। ਤਦ ਤੱਕ ਤਾਂ ਭਗਤ ਵੀ ਉਨ੍ਹਾਂ ਕਬਰਾਂ ਵਿੱਚ ਭੁੱਖੇ-ਪਿਆਸੇ ਤੜ੍ਹਫਦੇ ਹੋਣਗੇ। ਫਿਰ ਕਦੇ ਕਿਆਮਤ (ਵਿਨਾਸ਼) ਸਮਾਂ ਅਰਬਾਂ ਸਾਲਾਂ ਬਾਅਦ ਆਵੇਗਾ ਤਦ ਉਹ ਜੰਨਤ

(ਸਵਰਗ) ਨੂੰ ਪ੍ਰਾਪਤ ਹੋਣਗੇ। ਧਿੱਕਾਰ ਹੈ ਅਜਿਹੀ ਜੰਨਤ ਨੂੰ।

ਇਸ ਵਾਰਤਾ ਨੂੰ ਸੁਣ ਕੇ ਮੌਜੂਦ ਬੁੱਧੀਮਾਨ ਨਿਰਪੱਖ ਮੁਸਲਮਾਨ ਹੈਰਾਨ ਰਹਿ ਗਏ ਅਤੇ ਕਬੀਰ ਜੀ ਤੋਂ ਨਾਮ ਉਪਦੇਸ਼ ਲਿਆ। ਪ੍ਰੰਤੂ ਸ਼ੇਖਤਕੀ ਪੀਰ ਦੀ ਬੋਲਤੀ ਬੰਦ ਹੋ ਗਈ। ਸੱਚ ਸਵੀਕਾਰ ਨਹੀਂ ਕੀਤਾ, ਉਲਟਾ ਗੁੱਸੇ ਵੱਸ ਉੱਠ ਕੇ ਚਲਾ ਗਿਆ ਅਤੇ ਬਦਲੇ ਦੀ ਯੋਜਨਾ ਬਣਾਉਣ ਲੱਗਾ। ਕਬੀਰ ਪਰਮੇਸ਼ਵਰ ਜੀ ਨੇ ਕਿਹਾ ਹੈ :-

ਜਾਨ ਬੁਝ ਸਾਚੀ ਤਜੈ, ਕਰੈ ਝੁਠ ਸੇ ਨੇਹ।
ਤਾਕਿ ਸੰਗਤਿ ਹੇ ਪ੍ਰਭੂ, ਸਵਪਨ ਮੇਂ ਭੀ ਨਾ ਦੇ॥

## "ਮਾਸ-ਮਦਿਰਾ ਨਿਸ਼ੇਧ ਦਾ ਉਪਦੇਸ਼"

ਹਜ਼ਰਤ ਮੁਹੰਮਦ ਜੀ ਜਿਹੜੀ ਸਾਧਨਾ ਨੂੰ ਕਰਦਾ ਸੀ ਉਹੀ ਸਾਧਨਾ ਹੋਰ ਮੁਸਲਿਮ ਸਮਾਜ ਵੀ ਕਰ ਰਿਹਾ ਹੈ। ਵਰਤਮਾਨ ਵਿੱਚ ਸਾਰੇ ਮੁਸਲਮਾਨ ਸ਼ਰਧਾਲੂ ਮਾਸ ਵੀ ਖਾ ਰਹੇ ਹਨ। ਪ੍ਰੰਤੂ ਨਬੀ ਮੁਹੰਮਦ ਜੀ ਨੇ ਕਦੇ ਮਾਸ ਨਹੀਂ ਖਾਧਾ ਅਤੇ ਨਾ ਹੀ ਉਨ੍ਹਾਂ ਦੇ ਸਿੱਧੇ ਅਨੁਯਾਈਆਂ (ਇੱਕ ਲੱਖ ਅੱਸੀ ਹਜ਼ਾਰ) ਨੇ ਮਾਸ ਖਾਧਾ। ਸਿਰਫ ਰੋਜ਼ਾ ਤੇ ਬੰਗ ਅਤੇ ਨਮਾਜ਼ ਕਰਿਆ ਕਰਦੇ ਸਨ। ਗਾਂ ਆਦਿ ਨੂੰ ਬਿਸਮਿਲ (ਹੱਤਿਆ) ਨਹੀਂ ਕਰਦੇ ਸਨ।

ਨਬੀ ਮੁਹੰਮਦ ਨਮਸਕਾਰ ਹੈ, ਰਾਮ ਰਸੂਲ ਕਹਾਇਆ।
ਏਕ ਲਾਖ ਅੱਸੀ ਕੂੰ ਸੌਗੰਧ, ਜਿਨ ਨਹੀਂ ਕਰਦ ਚਲਾਇਆ ॥
ਅਰਸ ਕੁਰਸ ਪਰ ਅੱਲਹ ਤਖ਼ਤ ਹੈ, ਖ਼ਾਲਿਕ ਬਿਨ ਨਹੀਂ ਖਾਲੀ।
ਵੇ ਪੈਗ਼ੰਬਰ ਪਾਖ ਪੁਰਸ਼ ਥੇ, ਸਾਹਿਬ ਕੇ ਅਬਦਾਲੀ॥

ਭਾਵਅਰਥ:- ਨਬੀ ਮੁਹੰਮਦ ਤਾਂ ਸਤਿਕਾਰਯੋਗ ਹਨ, ਜੋ ਪ੍ਰਭੂ ਦੇ ਅਵਤਾਰ ਕਹਾਏ ਹਨ। ਸਹੁੰ ਹੈ ਇੱਕ ਲੱਖ ਅੱਸੀ ਹਜ਼ਾਰ ਨੂੰ ਜੋ ਉਹਨਾਂ ਦੇ ਅਨੁਯਾਈ ਸਨ, ਉਨ੍ਹਾਂ ਨੇ ਵੀ ਕਦੇ ਬੱਕਰੇ, ਮੁਰਗੇ ਅਤੇ ਗਾਂ ਆਦਿ 'ਤੇ ਕਰਦ ਨਹੀਂ ਚਲਾਈ ਅਰਥਾਤ ਜੀਵ ਹਿੰਸਾ ਨਹੀਂ ਕੀਤੀ ਅਤੇ ਮਾਸ ਨਹੀਂ ਖਾਧਾ। ਉਹ ਹਜ਼ਰਤ ਮੁਹੰਮਦ, ਹਜ਼ਰਤ ਮੂਸਾ, ਹਜ਼ਰਤ ਈਸਾ ਆਦਿ ਪੈਗ਼ੰਬਰ (ਸੰਦੇਸ਼ਵਾਹਕ) ਤਾਂ ਪਵਿੱਤਰ ਵਿਅਕਤੀ ਸਨ ਅਤੇ ਬ੍ਰਹਮ (ਜਯੋਤੀ ਨਿਰੰਜਨ/ਕਾਲ) ਦੇ ਕਿਰਪਾ ਪਾਤਰ ਸਨ, ਪ੍ਰੰਤੂ ਜੋ ਆਸਮਾਨ ਦੇ ਆਖਰੀ ਸਿਰੇ (ਸਤਲੋਕ) ਵਿੱਚ ਪੂਰਣ ਪਰਮਾਤਮਾ (ਅੱਲਾਹੁ ਅਕਬਰ ਅਰਥਾਤ ਅੱਲਾਹ ਕਬੀਰ) ਹੈ ਉਸ ਸ੍ਰਿਸ਼ਟੀ ਦੇ ਮਾਲਕ ਦੀ ਨਜ਼ਰ ਤੋਂ ਕੋਈ ਨਹੀਂ ਬਚਿਆ।

ਮਾਰੀ ਗਊ ਸ਼ਬਦ ਕੇ ਤੀਰੰ, ਐਸੇ ਥੇ ਮੁਹੰਮਦ ਪੀਰੰ ॥
ਸ਼ਬਦੈ ਫਿਰ ਜਿਵਾਈ, ਹੰਸਾ ਰਾਖਿਆ ਮਾਸ ਨਹੀਂ ਭਾਖਯਾ,
ਐਸੇ ਪੀਰ ਮੁਹੰਮਦ ਭਾਈ॥

ਭਾਵਅਰਥ: ਇੱਕ ਵਾਰ ਪੈਗ਼ੰਬਰ ਮੁਹੰਮਦ ਨੇ ਇੱਕ ਗਾਂ ਨੂੰ ਸ਼ਬਦ (ਵਚਨ ਸਿੱਧੀ) ਨਾਲ ਮਾਰ ਕੇ ਸਭ ਦੇ ਸਾਹਮਣੇ ਜੀਵਿਤ ਕਰ ਦਿੱਤਾ ਸੀ। ਉਹਨਾਂ ਨੇ ਗਾਂ ਦਾ ਮਾਸ ਨਹੀਂ ਖਾਧਾ। ਹੁਣ ਮੁਸਲਿਮ ਸਮਾਜ ਅਸਲੀਅਤ ਤੋਂ ਜਾਣੂ ਨਹੀਂ ਹੈ। ਜਿਸ ਦਿਨ ਗਾਂ ਨੂੰ ਜ਼ਿੰਦਾ ਕੀਤਾ ਸੀ ਉਸ ਦਿਨ ਦੀ ਯਾਦ ਬਣਾ ਕੇ ਰੱਖਣ ਲਈ ਗਾਂ ਨੂੰ ਮਾਰ ਦਿੰਦੇ ਹੋ। ਤੁਸੀਂ ਜੀਵਿਤ ਨਹੀਂ ਕਰ ਸਕਦੇ ਤਾਂ ਮਾਰਨ ਦੇ ਵੀ ਅਧਿਕਾਰੀ ਨਹੀਂ ਹੋ। ਤੁਸੀਂ ਮਾਸ ਨੂੰ ਪ੍ਰਸਾਦ ਰੂਪ ਸਮਝ ਕੇ ਖਾਂਦੇ ਅਤੇ ਖਿਲਾਉਂਦੇ ਹੋ। ਤੁਸੀਂ ਖੁਦ ਵੀ ਪਾਪ

**ਦੇ ਭਾਗੀ ਬਣਦੇ ਹੋ ਅਤੇ ਅਨੁਯਾਈਆਂ ਨੂੰ ਵੀ ਗੁੰਮਰਾਹ ਕਰ ਰਹੇ ਹੋ। ਤੁਸੀਂ ਦੋਜ਼ਖ਼ (ਨਰਕ) ਦੇ ਪਾਤਰ ਬਣ ਰਹੇ ਹੋ।**

ਕਬੀਰ-ਮਾਂਸ ਅਹਾਰੀ ਮਾਨਈ, ਪ੍ਰਤਯਕਸ਼ ਰਾਕਸ਼ਸ ਜਾਨਿ।
ਤਾਕਿ ਸੰਗਤਿ ਮਤਿ ਕਰੈ, ਹੋਈ ਭਗਤੀ ਮੇਂ ਹਾਨਿ ॥1॥
ਕਬੀਰ-ਮਾਂਸ ਖਾਂਯ ਤੇ ਢੇਡ ਸਭ, ਮਦ ਪੀਵੈਂ ਸੋ ਨੀਚ।
ਕੁਲਕੀ ਦੁਰਮਤਿ ਪਰ ਹਰੈ, ਰਾਮ ਕਹੈ ਸੋ ਊਂਚ ॥2॥
ਕਬੀਰ-ਮਾਂਸ ਭਖੈ ਔ ਮਦ ਪੀਯੇ, ਧਨ ਵੇਸ਼ਯਾ ਸੋਂ ਖਾਯੇ।
ਜੁਆ ਖੇਲਿ ਚੋਰੀ ਕਰੈ, ਅੰਤ ਸਮੂਲਾ ਜਾਯ ॥5॥
ਕਬੀਰ-ਮਾਂਸ ਮਾਂਸ ਸਬ ਏਕ ਹੈ, ਮੁਰਗੀ ਹਿਰਨੀ ਗਾਯ।
ਆਂਖਿ ਦੇਖਿ ਨਰ ਖਾਤ ਹੈ, ਤੇ ਨਰ ਨਰਕਹਿਂ ਜਾਯ ॥6॥
ਕਬੀਰ-ਯਹ ਕੁਕਰ ਕੋ ਭਕਸ਼ ਹੈ, ਮਨੁਸ਼ ਦੇਹ ਕਿਓਂ ਖਾਯ।
ਮੁਖਮੇਂ ਆਮਿਖ ਮੇਲਿ ਕੇ, ਨਰਕ ਪਰੰਗੇ ਜਾਯ॥7॥
ਕਬੀਰ-ਪਾਪੀ ਪੂਜਾ ਬੈਠਿ ਕੈ, ਭਖੈ ਮਾਂਸ ਮਦ ਦੋਇ।
ਤਿਨਕੀ ਦੀਕਸ਼ਾ ਮੁਕਤੀ ਨਹੀਂ, ਕੋਟਿ ਨਰਕ ਫਲ ਹੋਇ॥10॥
ਕਬੀਰ-ਜੀਵ ਹਨੈ ਹਿੰਸਾ ਕਰੈ, ਪ੍ਰਗਟ ਪਾਪ ਸਿਰ ਹੋਯ।
ਨਿਗਮ ਪੁਨਿ ਏਸੇ ਪਾਪ ਤੇਂ. ਭਿਸਤ ਗਯਾ ਨਹਿਂ ਕੋਯ ॥14॥
ਕਬੀਰ-ਤਿਲ ਭਰ ਮਛਲੀ ਖਾਯ ਕਰ, ਕੋਟਿ ਗਊ ਦੈ ਦਾਨ।
ਕਾਸ਼ੀ ਕਰੌਂਤ ਲੇ ਮਰੈ, ਤੋ ਭੀ ਨਰਕ ਨਿਦਾਨ ॥16॥
ਕਬੀਰ-ਬਕਰੀ ਪਾਤੀ ਖਾਤ ਹੈ, ਤਾਕੀ ਕਾਢੀ ਖਾਲ।
ਜੋ ਬਕਰੀ ਕੋ ਖਾਤ ਹੈ, ਤਿਨਕਾ ਕੌਨ ਹਵਾਲ॥18॥
ਕਬੀਰ-ਮੁੱਲਾ ਤੁਝੈ ਕਰੀਮ ਕਾ, ਕਬ ਆਯਾ ਫਰਮਾਨ।
ਘਟ ਫੋਰਾ ਘਰ ਘਰ ਬਾਂਟਾ, ਸਾਹਬ ਕਾ ਨੀਸਾਨ॥21॥
ਕਬੀਰ ਕਾਜ਼ੀ ਕਾ ਬੇਟਾ ਮੁਆ, ਉਰ ਮੇ ਸਾਲੈ ਪੀਰ।
ਵਹ ਸਾਹਬ ਸਬਕਾ ਪਿਤਾ, ਭਲਾ ਨਾ ਮਾਨੈ ਬੀਰ ॥22॥
ਕਬੀਰ-ਪੀਰ ਸਬਨ ਕੋ ਏਕ ਸੀ, ਮੂਰਖ ਜਾਨੈਂ ਨਾਹਿਂ।
ਅਪਨਾ ਗਲਾ ਕਟਾਯ ਕੈ, ਕਿਉਂ ਨ ਬਸੋ ਭਿਸ਼ਤ ਕੇ ਮਾਂਹਿ ॥23॥
ਕਬੀਰ-ਮੁਰਗੀ ਮੁੱਲਾਸੋਂ ਕਹੈ, ਜਬਹ ਕਰਤ ਹੈ ਮੋਹਿਂ।
ਸਾਹਬ ਲੇਖਾ ਮਾਂਗਸੀ, ਸੰਕਟ ਪਰਿ ਹੈ ਤੋਹਿਂ ॥24॥
ਕਬੀਰ-ਜੋਰ ਕਰਿ ਜਬਹ ਕਰੈ, ਮੁਖ ਸੋਂ ਕਹੈ ਹਲਾਲ।
ਸਾਹਬ ਲੇਖਾ ਮਾਂਗਸੀ, ਤਬ ਹੋਸੀ ਕੌਣ ਹਵਾਲ ॥28॥
ਕਬੀਰ-ਜੋਰ ਕੀਯਾਂ ਜੁਲਮ ਹੈ, ਮਾਂਗੈ ਜਵਾਬ ਖੁਦਾਯ।
ਖਾਲਿਕ ਦਰ ਖੂਨੀ ਖੜਾ, ਮਾਰ ਮੁਹੀਂ ਮੁੰਹ ਖਾਯ ॥29॥
ਕਬੀਰ-ਗਲਾ ਕਾਟਿ ਕਲਮਾ ਭਰੈ, ਕੀਯਾ ਕਹੈ ਹਲਾਲ।
ਸਾਹਬ ਲੇਖਾ ਮਾਂਗਸੀ, ਤਬ ਹੋਸੀ ਜਵਾਬ-ਸਵਾਲ ॥30॥

ਕਬੀਰ-ਗਲਾ ਗੁਸਾਕੋਂ ਕਾਟਿਏ, ਮੀਆਂ ਕਹਰ ਕੋ ਮਾਰ।
ਜੋ ਪਾਂਚੂ ਬਿਸਮਿਲ ਕਰੈ, ਤਬ ਪਾਵੈ ਦੀਦਾਰ ॥31॥
ਕਬੀਰ-ਯੇ ਸਬ ਝੂਠੀ ਬੰਦਗੀ, ਬੇਰਿਯਾ ਪਾਂਚ ਨਿਮਾਜ।
ਸਾਂਚਹਿ ਮਾਰੈ ਝੂਠ ਪੜ੍ਹਿ, ਕਾਜ਼ੀ ਕਰੈ ਅਕਾਜ ॥32॥
ਕਬੀਰ-ਦਿਨ ਕੋ ਰੋਜ਼ਾ ਰਹਿਤ ਹੈਂ, ਰਾਤ ਹਨਤ ਹੈ ਗਾਯ।
ਯਹ ਖ਼ੂਨ ਵਹ ਬੰਦਗੀ, ਕਹੁੰ ਕਿਉਂ ਖੁਸ਼ੀ ਖੁਦਾਯ ॥33॥
ਕਬੀਰ-ਕਬੀਰਾ ਤੇਈ ਪੀਰ ਹੈ, ਜੋ ਜਾਨੈ ਪਰ ਪੀਰ।
ਜੋ ਪਰ ਪੀਰ ਨਾ ਜਾਨਿ ਹੈ, ਸੋ ਕਾਫਿਰ ਬੇਪੀਰ ॥36॥
ਕਬੀਰ-ਖੂਬ ਖਾਨਾ ਹੈ ਖੀਚੜੀ, ਮਾਂਹੀ ਪਰੀ ਟੂਕ ਲੌਨ।
ਮਾਂਸ ਪਰਾਯਾ ਖਾਏਕੈ, ਗਲਾ ਕਟਾਵੈ ਕੌਨ ॥37॥
ਕਬੀਰ-ਕਹਿਤਾ ਹੂੰ ਕਹਿ ਜਾਤ ਹੂੰ, ਕਹਾ ਜੋ ਮਾਨ ਹਮਾਰ।
ਜਾਕਾ ਗਲਾ ਤੁਮ ਕਾਟਿ ਹੋ, ਸੋ ਫਿਰ ਕਾਟੈ ਤੁਮਹਾਰ ॥38॥
ਕਬੀਰ-ਹਿੰਦੂ ਕੇ ਦਯਾ ਨਹੀਂ, ਮਿਹਰ ਤੁਰਕ ਕੇ ਨਾਂਹਿ।
ਕਹੈ ਕਬੀਰ ਦੋਨੂੰ ਗਯਾ, ਲਖ ਚੌਰਾਸੀ ਮਾਂਹਿ ॥39॥
ਕਬੀਰ-ਮੁਸਲਮਾਨ ਮਾਰੈ ਕਰਦ ਸੋ, ਹਿੰਦੂ ਮਾਰੇ ਤਰਵਾਰ।
ਕਹੈ ਕਬੀਰ ਦੋਨੂੰ ਮਿਲਿ, ਜੈਹੈਂ ਯਮ ਦੇ ਦ੍ਵਾਰ ॥40॥

ਉਪਰੋਕਤ ਅਮ੍ਰਿਤਬਾਣੀ ਵਿੱਚ ਪੂਜਯ ਕਬੀਰ ਪਰਮੇਸ਼ਵਰ ਨੇ ਸਮਝਾਇਆ ਹੈ ਕਿ ਜੋ ਵਿਅਕਤੀ ਮਾਂਸ ਖਾਂਦੇ ਹਨ, ਸ਼ਰਾਬ ਪੀਂਦੇ ਹਨ, ਸਤਿਸੰਗ ਸੁਣਕੇ ਵੀ ਬੁਰਾਈ ਨਹੀਂ ਤਿਆਗ ਦੇ, ਉਪਦੇਸ਼ ਪ੍ਰਾਪਤ ਨਹੀਂ ਕਰਦੇ, ਉਨ੍ਹਾਂ ਨੂੰ ਤਾਂ ਸਾਕਸ਼ਾਤ ਰਾਕਸ਼ਸ ਜਾਣੋਂ। ਅਣਜਾਣੇ ਵਿੱਚ ਗ਼ਲਤੀ ਨਾ ਜਾਣੇ ਕਿਸ ਤੋਂ ਹੋ ਜਾਏ। ਜੇਕਰ ਉਹ ਬੁਰਾਈ ਕਰਨ ਵਾਲਾ ਵਿਅਕਤੀ ਸਤਿਸੰਗ ਵਿਚਾਰ ਸੁਣਕੇ ਬੁਰਾਈ ਤਿਆਗ ਕੇ ਭਗਵਾਨ ਦੀ ਭਗਤੀ ਕਰਨ ਲੱਗ ਜਾਂਦਾ ਹੈ ਉਹ ਤਾਂ ਨੇਕ ਆਤਮਾ ਹੈ, ਉਹ ਚਾਹੇ ਕਿਸੇ ਜਾਤੀ ਜਾਂ ਧਰਮ ਦਾ ਹੋਵੇ। ਜੋ ਮਾਂਸ ਆਹਾਰ ਅਤੇ ਸੁਰਾ ਪਾਨ ਤਿਆਗ ਕੇ ਪ੍ਰਭੂ ਭਗਤੀ ਨਹੀਂ ਕਰਦਾ ਉਹ ਤਾਂ ਢੇਡ (ਨੀਚ) ਵਿਅਕਤੀ ਹੈ, ਚਾਹੇ ਕਿਸੇ ਜਾਤ ਜਾਂ ਧਰਮ ਦਾ ਹੋਵੇ। ਭਾਵਅਰਥ ਹੈ ਕਿ ਉੱਚ ਕਰਮ ਕਰਨ ਵਾਲਾ ਉੱਚ ਹੈ ਅਤੇ ਨੀਚ ਕਰਮ ਕਰਨ ਵਾਲਾ ਨੀਚ ਹੈ। ਜਾਤੀ ਜਾਂ ਧਰਮ ਵਿਸ਼ੇਸ਼ ਵਿੱਚ ਜਨਮ ਲੈਣ ਨਾਲ ਉੱਚ-ਨੀਚ ਨਹੀਂ ਹੁੰਦਾ। ਜਿਨ੍ਹਾਂ ਸਾਧਕਾਂ ਨੇ ਉਪਦੇਸ਼ ਲਿਆ ਹੋਇਆ ਹੈ ਉਨ੍ਹਾਂ ਨੂੰ ਉਪਰੋਕਤ ਪ੍ਰਕਾਰ ਦੀ ਬੁਰਾਈ ਕਰਨ ਵਾਲਿਆਂ ਦੇ ਕੋ਼ਲ ਨਹੀਂ ਬੈਠਣਾ ਚਾਹੀਦਾ, ਜਿਸ ਨਾ਼ਲ ਤੁਹਾਡੀ ਭਗਤੀ ਵਿੱਚ ਬਾਧਾ ਪਵੇਗੀ (ਸਾਖੀ 1-2)

ਜੋ ਵਿਅਕਤੀ ਮਾਸ ਖਾਂਦੇ ਹਨ, ਸ਼ਰਾਬ ਪੀਂਦੇ ਹਨ, ਜੋ ਇਸਤਰੀ ਵੇਸ਼ਵਾਵਿਰਤੀ ਕਰਦੀ ਹੈ ਅਤੇ ਜੋ ਵਿਅਕਤੀ ਉਸ ਤੋਂ ਵੇਸ਼ਵਾਵਿਰਤੀ ਕਰਵਾ ਕੇ ਧਨ ਪ੍ਰਾਪਤ ਕਰਦੇ ਹਨ, ਜੂਆ ਖੇਡਦੇ ਹਨ ਅਤੇ ਚੋਰੀ ਕਰਦੇ ਹਨ, ਸਮਝਾਉਣ ਤੇ ਵੀ ਨਹੀਂ ਮੰਨਦੇ, ਉਹ ਤਾਂ ਮਹਾਂਪਾਪ ਦੇ ਭਾਗੀ ਹਨ ਅਤੇ ਘੋਰ ਨਰਕ ਵਿੱਚ ਡਿੱਗਣਗੇ (ਸਾਖੀ 5)

ਮਾਸ ਚਾਹੇ ਗਾਂ, ਹਿਰਨੀ ਅਤੇ ਮੁਰਗੀ ਆਦਿ ਕਿਸੇ ਪ੍ਰਾਣੀ ਦਾ ਹੈ ਜੋ ਵਿਅਕਤੀ ਮਾਸ ਖਾਂਦੇ ਹਨ ਉਹ ਨਰਕ ਦੇ ਭਾਗੀ ਹਨ। ਜੋ ਵਿਅਕਤੀ ਅਣਜਾਣੇ

ਵਿੱਚ ਮਾਸ ਖਾਂਦੇ ਹਨ (ਜਿਵੇਂ ਤੁਸੀਂ ਕਿਸੇ ਰਿਸ਼ਤੇਦਾਰੀ ਵਿੱਚ ਗਏ, ਤੁਹਾਨੂੰ ਪਤਾ ਨਹੀਂ ਲੱਗਾ ਕਿ ਸਬਜ਼ੀ ਹੈ ਜਾਂ ਮਾਸ, ਤੁਸੀਂ ਖਾ ਲਿਆ) ਤਾਂ ਤੁਹਾਨੂੰ ਦੋਸ਼ ਨਹੀਂ, ਪ੍ਰੰਤੂ ਅੱਗੇ ਤੋਂ ਸਾਵਧਾਨ ਰਹਿਣਾ। ਜੋ ਵਿਅਕਤੀ ਅੱਖੀਂ ਦੇਖ ਕੇ ਵੀ ਖਾ ਜਾਂਦੇ ਹਨ ਉਹ ਦੋਸ਼ੀ ਹਨ। ਇਹ ਮਾਸ ਤਾਂ ਕੁੱਤੇ ਦਾ ਆਹਾਰ ਹੈ, ਮਨੁੱਖ ਸਰੀਰ ਧਾਰੀ ਦੇ ਲਈ ਮਨ੍ਹਾ ਹੈ (ਸਾਖੀ 6-7)।

ਜੋ ਗੁਰੂਜਨ ਮਾਸ ਖਾਂਦੇ ਹਨ ਅਤੇ ਸ਼ਰਾਬ ਪੀਂਦੇ ਹਨ ਉਨ੍ਹਾਂ ਤੋਂ ਨਾਮ ਉਪਦੇਸ਼ ਪ੍ਰਾਪਤ ਕਰਨ ਵਾਲਿਆਂ ਦੀ ਮੁਕਤੀ ਨਹੀਂ ਹੁੰਦੀ ਬਲਕਿ ਮਹਾਂ ਨਰਕ ਦੇ ਭਾਗੀ ਹੋਣਗੇ (ਸਾਖੀ 10)।

ਜੋ ਵਿਅਕਤੀ ਜੀਵ ਹਿੰਸਾ ਕਰਦੇ ਹਨ (ਚਾਹੇ ਗਾਂ, ਸੂਰ, ਬਕਰੀ, ਮੁਰਗੀ, ਮਨੁੱਖ, ਆਦਿ ਕਿਸੇ ਵੀ ਪ੍ਰਾਣੀ ਨੂੰ ਸੁਆਰਥ ਵੱਸ ਮਾਰਦੇ ਹਨ) ਉਹ ਮਹਾਂਪਾਪੀ ਹਨ, (ਭਲੇ ਹੀ ਜਿਨ੍ਹਾਂ ਨੇ ਪੂਰਣ ਸੰਤ ਤੋਂ ਪੂਰਣ ਪਰਮਾਤਮਾ ਦਾ ਉਪਦੇਸ਼ ਵੀ ਪ੍ਰਾਪਤ ਹੈ) ਉਹ ਕਦੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ। (ਸਾਖੀ 10-14)

ਥੋੜ੍ਹਾ-ਜਿਹਾ (ਤਿਲ ਦੇ ਸਮਾਨ) ਵੀ ਮਾਸ ਖਾ ਕੇ ਭਗਤੀ ਕਰਦਾ ਹੈ, ਚਾਹੇ ਕਰੋੜ ਗਾਂ ਵੀ ਦਾਨ ਕਰਦਾ ਹੈ, ਉਸ ਸਾਧਕ ਦੀ ਸਾਧਨਾ ਵਿਅਰਥ ਹੈ। ਮਾਸ ਖਾਣ ਵਾਲਾ ਵਿਅਕਤੀ ਚਾਹੇ ਕਾਸ਼ੀ ਵਿੱਚ ਕਰੋਂਤ ਤੋਂ ਗਰਦਨ ਵੀ ਕਟਵਾ ਲਵੇ ਤਾਂ ਵੀ ਉਹ ਨਰਕ ਹੀ ਜਾਵੇਗਾ। (ਨੋਟ-ਕਾਸ਼ੀ/ ਬਨਾਰਸ ਵਿੱਚ ਹਿੰਦੂਆਂ ਦੇ ਸੁਆਰਥੀ ਗੁਰੂਆਂ ਨੇ ਭਗਤ ਸਮਾਜ ਵਿੱਚ ਭਰਮ ਫੈਲਾ ਰੱਖਿਆ ਸੀ ਕਿ ਜੋ ਕਾਸ਼ੀ ਵਿੱਚ ਮਰਦਾ ਹੈ ਉਹ ਸਵਰਗ ਜਾਂਦਾ ਹੈ। ਜ਼ਿਆਦਾ ਭੀੜ ਹੋਣ ਲੱਗੀ ਤਦ ਇੱਕ ਹੋਰ ਘਾਤਕ ਯੋਜਨਾ ਬਨਾਈ ਉਸਦੇ ਤਹਿਤ ਕਿਹਾ ਕਿ ਜੋ ਜ਼ਲਦੀ ਸਵਰਗ ਜਾਣਾ ਚਾਹੁੰਦਾ ਹੈ ਉਸਦੇ ਲਈ ਗੰਗਾ ‘ਤੇ ਇੱਕ ਕਰੋਂਤ ਭਗਵਾਨ ਦਾ ਭੇਜਿਆ ਆਉਂਦਾ ਹੈ। ਉਸਤੋਂ ਗਰਦਨ ਕਟਵਾਉਣ ਵਾਲਿਆਂ ਦੇ ਲਈ ਸਵਰਗ ਦੇ ਕਪਾਟ ਖੁੱਲ੍ਹੇ ਰਹਿੰਦੇ ਹਨ। ਉਨ੍ਹਾਂ ਸੁਆਰਥੀ ਗੁਰੂਜਨਾਂ ਨੇ ਮਨੁੱਖ ਹੱਤਿਆ ਦੇ ਲਈ ਇੱਕ ਹੱਥਾ ਖੋਲ੍ਹ ਦਿੱਤਾ। ਸ਼ਰਧਾਲੂ ਭਗਤਾਂ ਨੇ ਆਤਮ ਕਲਿਆਣ ਦੇ ਲਈ ਉੱਥੇ ਗਰਦਨ ਕਟਵਾਉਣਾ ਵੀ ਸਵੀਕਾਰ ਕਰ ਲਿਆ। ਪ੍ਰੰਤੂ ਗਿਆਨਹੀਨ ਗੁਰੂਆਂ ਦੁਆਰਾ ਦੱਸੀ ਸਾਧਨਾ ਤੋਂ ਕੋਈ ਲਾਭ ਨਹੀਂ ਹੁੰਦਾ)। ਇਸ ਲਈ ਕਿਹਾ ਹੈ ਕਿ ਮਾਸ ਖਾਣ ਵਾਲਾ ਚਾਹੇ ਕਿੰਨਾ ਵੀ ਭਗਤੀ ਅਤੇ ਪੁੰਨ ਜਾਂ ਦਾਨ ਅਤੇ ਬਲਿਦਾਨ ਕਰੇ ਉਸਦਾ ਕੋਈ ਲਾਭ ਨਹੀਂ (ਸਾਖੀ 16)

ਬਕਰੀ ਜੋ ਤੁਸੀਂ ਮਾਰ ਦਿੱਤੀ ਉਹ ਤਾਂ ਘਾਹ-ਫੂਸ, ਪੱਤੇ ਆਦਿ ਖਾ ਕੇ ਢਿੱਡ ਭਰ ਰਹੀ ਸੀ। ਇਸ ਕਾਲ ਲੋਕ ਵਿੱਚ ਅਜਿਹੇ ਸ਼ਾਕਾਹਾਰੀ ਪਸ਼ੂ ਦੀ ਵੀ ਹੱਤਿਆ ਹੋ ਗਈ ਤਾਂ ਜੋ ਬਕਰੀ ਦਾ ਮਾਸ ਖਾਂਦੇ ਹਨ ਉਨ੍ਹਾਂ ਦਾ ਤਾਂ ਜ਼ਿਆਦਾ ਬੁਰਾ ਹਾਲ ਹੋਵੇਗਾ (ਸਾਖੀ 18)

ਪਸ਼ੂ ਆਦਿ ਨੂੰ ਹਲਾਲ, ਬਿਸਮਿਲ ਆਦਿ ਕਰਕੇ ਮਾਸ ਖਾਣ ਅਤੇ ਪ੍ਰਸਾਦ ਰੂਪ ਵਿੱਚ ਵੰਡਣ ਕਰਨ ਦਾ ਆਦੇਸ਼ ਦਿਆਲੂ (ਕਰੀਮ) ਪ੍ਰਭੂ ਦਾ ਕਦੋਂ ਪ੍ਰਾਪਤ ਹੋਇਆ {ਕਿਉਂਕਿ ਪਵਿੱਤਰ ਬਾਈਬਲ ਉਤਪੱਤੀ ਗ੍ਰੰਥ ਵਿੱਚ ਪੂਰਣ ਪਰਮਾਤਮਾ ਨੇ ਛੇ ਦਿਨਾਂ ਵਿੱਚ ਸ੍ਰਿਸ਼ਟੀ ਰਚੀ, ਸੱਤਵੇਂ ਦਿਨ ਉਪਰ ਤਖ਼ਤ ‘ਤੇ ਜਾ ਬੈਠਾ ਅਤੇ ਸਰਵ ਮਨੁੱਖਾਂ ਦੇ ਖਾਣ ਦੇ ਲਈ ਆਦੇਸ਼ ਕੀਤਾ ਸੀ ਕਿ ਤੁਹਾਡੇ ਖਾਣ ਲਈ ਫ਼ਲਦਾਰ ਦਰੱਖਤ ਅਤੇ ਬੀਜਦਾਰ ਪੌਦੇ ਦਿੱਤੇ ਹਨ। ਉਸ ਕਰੀਮ (ਦਿਆਲੂ ਪ੍ਰਭੂ ਪੂਰਣ ਪਰਮਾਤਮਾ) ਦੇ

ਵਲੋਂ ਤੁਹਾਨੂੰ ਦੁਬਾਰਾ ਕਦੋਂ ਆਦੇਸ਼ ਹੋਇਆ? ਉਹ ਕਿਹੜੀ ਕੁਰਾਨ ਵਿੱਚ ਲਿਖਿਆ ਹੈ ? ਪੂਰਣ ਪਰਮਾਤਮਾ ਸਭ ਮਨੁੱਖਾਂ ਆਦਿ ਦੀ ਸ੍ਰਿਸ਼ਟੀ ਰਚ ਕੇ ਬ੍ਰਹਮ (ਜਿਸਨੂੰ ਅਵਿਅਕਤ ਕਹਿੰਦੇ ਹੋ, ਜੋ ਕਦੇ ਕਿਸੇ ਦੇ ਸਾਹਮਣੇ ਪ੍ਰਗਟ ਨਹੀਂ ਹੁੰਦਾ, ਗੁਪਤ ਕੰਮ ਕਰਦਾ ਅਤੇ ਕਰਵਾਉਂਦਾ ਰਹਿੰਦਾ ਹੈ) ਨੂੰ ਦੇ ਗਿਆ। ਬਾਅਦ ਵਿੱਚ ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸ਼ਰੀਫ ਆਦਿ ਗ੍ਰੰਥਾਂ ਵਿੱਚ ਜੋ ਵਿਵਰਣ ਹੈ ਉਹ ਬ੍ਰਹਮ (ਕਾਲ/ਜਯੋਤੀ ਨਿਰੰਜਨ) ਦਾ ਅਤੇ ਉਸਦੇ ਫਰਿਸ਼ਤਿਆਂ ਦਾ ਹੈ, ਜਾਂ ਭੂਤਾਂ-ਪ੍ਰੇ-ਤਾਂ ਦਾ ਹੈ। ਕਰੀਮ ਅਰਥਾਤ ਪੂਰਣ ਬ੍ਰਹਮ ਦਿਆਲੂ ਅੱਲਾਹੁ ਕਬੀਰੁ ਦਾ ਨਹੀਂ ਹੈ। ਉਸ ਪੂਰਣ ਬ੍ਰਹਮ ਦੇ ਆਦੇਸ਼ ਦੀ ਉਲੰਘਣਾ ਕਿਸੇ ਵੀ ਫਰਿਸ਼ਤੇ ਜਾਂ ਬ੍ਰਹਮ ਆਦਿ ਦੇ ਕਹਿਣ ਤੇ ਕਰਨ ਦੀ ਸਜ਼ਾ ਭੋਗਣੀ ਪਵੇਗੀ।}

ਇੱਕ ਸਮੇਂ ਇੱਕ ਵਿਅਕਤੀ ਦੀ ਦੋਸਤੀ ਇੱਕ ਪੁਲਿਸ ਥਾਣੇਦਾਰ ਨਾਲ ਹੋ ਗਈ। ਉਸ ਵਿਅਕਤੀ ਨੇ ਆਪਣੇ ਦੋਸਤ ਥਾਣੇਦਾਰ ਨੂੰ ਕਿਹਾ ਕਿ ਮੇਰਾ ਗੁਆਂਢੀ ਮੈਨੂੰ ਬਹੁਤ ਪਰੇਸ਼ਾਨ ਕਰਦਾ ਹੈ। ਥਾਣੇਦਾਰ (S.H.O) ਨੇ ਕਿਹਾ ਕਿ ਮਾਰ ਡਾਂਗ, ਮੈਂ ਆਪ ਨਿਪਟ ਲਵਾਂਗਾ। ਥਾਣੇਦਾਰ ਦੋਸਤ ਦੀ ਆਗਿਆ ਦਾ ਪਾਲਣ ਕਰਕੇ ਉਸ ਵਿਅਕਤੀ ਨੇ ਆਪਣੇ ਗੁਆਂਢੀ ਨੂੰ ਡਾਂਗ ਮਾਰੀ, ਸਿਰ ਵਿੱਚ ਸੱਟ ਲੱਗਣ ਕਾਰਣ ਗੁਆਂਢੀ ਦੀ ਮੌਤ ਹੋ ਗਈ। ਉਸੇ ਖੇਤਰ ਦਾ ਅਧਿਕਾਰੀ ਹੋਣ ਦੇ ਕਾਰਣ ਉਹ ਥਾਣਾ ਮੁੱਖੀ ਆਪਣੇ ਦੋਸਤ ਨੂੰ ਫੜ੍ਹ ਕੇ ਲਿਆਇਆ, ਕੈਦ ਵਿੱਚ ਪਾ ਦਿੱਤਾ ਅਤੇ ਉਸ ਵਿਅਕਤੀ ਨੂੰ ਮੌਤ ਦੀ ਸਜ਼ਾ ਮਿਲੇਗੀ। ਉਸ ਨਾਦਾਨ ਵਿਅਕਤੀ ਨੇ ਆਪਣੇ ਮਿੱਤਰ ਥਾਣੇਦਾਰ ਦੀ ਆਗਿਆ ਮੰਨ ਕੇ ਰਾਜੇ ਦਾ ਸੰਵਿਧਾਨ ਭੰਗ ਕਰ ਦਿੱਤਾ। ਜਿਸ ਨਾਲ ਜੀਵਨ ਤੋਂ ਹੱਥ ਧੋ ਬੈਠਾ।

ਠੀਕ ਇਸੇ ਤਰ੍ਹਾਂ ਪੂਰਣ ਪਰਮਾਤਮਾ ਦੀ ਆਗਿਆ ਦੀ ਉਲੰਘਣਾ ਕਰਨ ਵਾਲਾ ਪਾਪ ਦਾ ਭਾਗੀ ਹੋਵੇਗਾ। ਕਿਉਂਕਿ ਕੁਰਾਨ ਸ਼ਰੀਫ (ਮਜ਼ੀਦ) ਦਾ ਸਾਰਾ ਗਿਆਨ ਬ੍ਰਹਮ (ਕਾਲ/ਜਯੋਤੀ ਨਿਰੰਜਨ, ਜਿਸਨੂੰ ਤੁਸੀਂ ਅਵਿਅਕਤ ਕਹਿੰਦੇ ਹੋ) ਦਾ ਦਿੱਤਾ ਹੋਇਆ ਹੈ। ਇਸ ਵਿੱਚ ਉਸੇ ਦਾ ਆਦੇਸ਼ ਹੈ ਅਤੇ ਪਵਿੱਤਰ ਬਾਈਬਲ ਵਿੱਚ ਸਿਰਫ ਉਤਪੱਤੀ ਗ੍ਰੰਥ ਵਿੱਚ ਸ਼ੁਰੂ ਵਿੱਚ ਪੂਰਣ ਪ੍ਰਭੂ ਦਾ ਆਦੇਸ਼ ਹੈ। ਪਵਿੱਤਰ ਬਾਈਬਲ ਵਿੱਚ ਹਜ਼ਰਤ ਆਦਮ ਅਤੇ ਉਸਦੀ ਪਤਨੀ ਹੱਵਾਹ ਨੂੰ ਉਸ ਪੂਰਣ ਪਰਮਾਤਮਾ ਨੇ ਬਣਾਇਆ। ਬਾਬਾ ਆਦਮ ਦੀ ਵੰਸ਼ਜ ਸੰਤਾਨ ਹਜ਼ਰਤ ਇਸ੍ਰਾਈਲ, ਰਾਜਾ ਦਾਉਦ, ਹਜ਼ਰਤ ਮੂਸਾ, ਹਜ਼ਰਤ ਈਸਾ ਅਤੇ ਹਜ਼ਰਤ ਮੁਹੰਮਦ ਆਦਿ ਨੂੰ ਮੰਨਿਆ ਹੈ। ਪੂਰਣ ਪਰਮਾਤਮਾ ਤਾਂ ਛੇ ਦਿਨ ਵਿੱਚ ਸ੍ਰਿਸ਼ਟੀ ਰਚ ਕੇ ਤਖ਼ਤ 'ਤੇ ਵਿਰਾਜਮਾਨ ਹੋ ਗਿਆ। ਬਾਅਦ ਦਾ ਸਭ ਕਤੇਬਾਂ (ਕੁਰਾਨ ਸ਼ਰੀਫ ਆਦਿ) ਦਾ ਗਿਆਨ ਬ੍ਰਹਮ (ਕਾਲ/ਜਯੋਤੀ ਨਿਰੰਜਨ) ਦਾ ਦਿੱਤਾ ਹੋਇਆ ਹੈ। ਪਵਿੱਤਰ ਕੁਰਾਨ ਦਾ ਗਿਆਨ ਦਾਤਾ ਖੁਦ ਕਹਿੰਦਾ ਹੈ ਕਿ ਪੂਰਣ ਪਰਮਾਤਮਾ ਜਿਸਨੂੰ ਕਰੀਮ, ਅੱਲਾਹ ਕਿਹਾ ਜਾਂਦਾ ਹੈ ਉਸਦਾ ਨਾਮ ਕਬੀਰ ਹੈ, ਉਹੀ ਪੂਜਾ ਦੇ ਯੋਗ ਹੈ। ਉਸਦੇ ਤੱਤਵਗਿਆਨ ਅਤੇ ਵਿਧੀ ਨੂੰ ਕਿਸੇ ਬਾਖ-ਬਰ (ਤੱਤਵਦਰਸ਼ੀ ਸੰਤ) ਤੋਂ ਪਤਾ ਕਰੋ। ਇਸਤੋਂ ਸਿੱਧ ਹੈ ਕਿ ਜੋ ਗਿਆਨ ਕੁਰਾਨ ਸ਼ਰੀਫ ਆਦਿ ਦਾ ਹੈ ਉਹ ਪੂਰਣ ਪ੍ਰਭੂ ਦਾ ਨਹੀਂ ਹੈ। (ਸਾਖੀ 21)

ਜਦ ਕਾਜ਼ੀ ਦੇ ਪੁੱਤਰ ਦੀ ਮੌਤ ਹੋ ਜਾਂਦੀ ਹੈ ਤਾਂ ਕਾਜ਼ੀ ਨੂੰ ਕਿੰਨਾ ਕਸ਼ਟ ਹੁੰਦਾ ਹੈ। ਪੂਰਣ ਬ੍ਰਹਮ (ਅੱਲਾਹ ਕਬੀਰ) ਸਭ ਦਾ ਪਿਤਾ ਹੈ। ਉਸਦੇ ਪ੍ਰਾਣੀਆਂ ਨੂੰ ਮਾਰਨ ਵਾਲੇ ਤੋਂ ਅੱਲਾਹ ਖੁਸ਼ ਨਹੀਂ ਹੁੰਦਾ (ਸਾਖੀ 22)

ਦਰਦ ਸਭ ਨੂੰ ਇੱਕੋ ਜਿਹਾ ਹੀ ਹੁੰਦਾ ਹੈ। ਅਣਜਾਨ ਨਹੀਂ ਜਾਣਦੇ। ਜੇਕਰ ਬਕਰੇ ਆਦਿ ਦਾ ਗਲਾ ਕੱਟ ਕੇ (ਹਲਾਲ ਕਰਕੇ) ਉਸਨੂੰ ਸਵਰਗ ਭੇਜ ਦਿੰਦੇ ਹੋ ਤਾਂ ਕਾਜ਼ੀ ਅਤੇ ਮੁੱਲਾ ਆਪਣਾ ਗਲਾ ਵੱਢ (ਹਲਾਲ ਕਰ ਕੇ) ਸਵਰਗ ਪ੍ਰਾਪਤੀ ਕਿਉਂ ਨਹੀਂ ਕਰਦੇ ? (ਸਾਖੀ 23)

ਜਿਸ ਸਮੇਂ ਬਕਰੀ ਨੂੰ ਮੁੱਲਾ ਮਾਰਦਾ ਹੈ ਤਾਂ ਉਹ ਬੇਜ਼ੁਬਾਨ ਪ੍ਰਾਣੀ ਅੱਖਾਂ ਵਿੱਚ ਹੰਝੂ ਭਰ ਕੇ ਮਯਾਂ-ਮਯਾਂ ਕਰਕੇ ਸਮਝਾਉਣਾ ਚਾਹੁੰਦਾ ਹੈ ਕਿ ਹੇ ਮੁੱਲਾ ਮੈਨੂੰ ਮਾਰ ਕੇ ਪਾਪ ਦਾ ਭਾਗੀ ਨਾ ਬਣ। ਜਦ ਪਰਮੇਸ਼ਵਰ ਦੇ ਨਿਆਂ ਅਨੁਸਾਰ ਲੇਖਾ ਕੀਤਾ ਜਾਵੇਗਾ ਉਸ ਸਮੇਂ ਤੈਨੂੰ ਬਹੁਤ ਸੰਕਟ ਦਾ ਸਾਹਮਣਾ ਕਰਨਾ ਪਵੇਗਾ। (ਸਾਖੀ24)

ਜ਼ਬਰਦਸਤੀ (ਬਲਾਤ) ਬੇਰਹਿਮੀ ਨਾਲ ਬਕਰੀ ਆਦਿ ਪ੍ਰਾਣੀ ਨੂੰ ਮਾਰਦੇ ਹੋ, ਕਹਿੰਦੇ ਹੋ ਹਲਾਲ ਕਰ ਰਹੇ ਹਾਂ। ਇਸ ਦੋਗਲੀ ਨੀਤੀ ਦਾ ਤੁਹਾਨੂੰ ਮਹਾਂ ਕਸ਼ਟ ਭੋਗਣਾ ਹੋਵੇਗਾ। ਕਾਜ਼ੀ, ਮੁੱਲਾ ਅਤੇ ਕੋਈ ਵੀ ਜੀਵ ਹਿੰਸਾ ਕਰਨ ਵਾਲਾ ਪ੍ਰਭੂ ਦੇ ਕਾਨੂੰਨ ਦਾ ਉਲੰਘਣ ਕਰ ਰਿਹਾ ਹੈ, ਜਿਸ ਕਾਰਣ ਉੱਥੇ ਧਰਮਰਾਜ ਦੇ ਦਰਬਾਰ ਵਿੱਚ ਖੜ੍ਹਾ-ਖੜ੍ਹਾ ਪਿਟੇਗਾ। ਜੇਕਰ ਹਲਾਲ ਹੀ ਕਰਨ ਦਾ ਸ਼ੌਂਕ ਹੈ ਤਾਂ ਕਾਮ, ਕਰੋਧ, ਮੋਹ, ਹੰਕਾਰ, ਲੋਭ ਆਦਿ ਨੂੰ ਕਰ।

ਪੰਜ ਸਮੇਂ ਨਮਾਜ਼ ਵੀ ਪੜ੍ਹਦੇ ਹੋ ਅਤੇ ਰੋਜ਼ਿਆਂ ਦੇ ਸਮੇਂ ਰੋਜ਼ੇ (ਵਰਤ) ਵੀ ਰੱਖਦੇ ਹੋ। ਸ਼ਾਮ ਨੂੰ ਗਾਂ, ਬੱਕਰੀ , ਮੁਰਗੀ ਆਦਿ ਨੂੰ ਮਾਰ ਕੇ ਮਾਂਸ ਖਾਂਦੇ ਹੋ। ਇੱਕ ਪਾਸੇ ਤਾਂ ਪਰਮਾਤਮਾ ਦੀ ਉਸਤਤ ਕਰਦੇ ਹੋ ਦੂਜੇ ਪਾਸੇ ਉਸੇ ਦੇ ਪ੍ਰਾਣੀਆਂ ਦੀ ਹੱਤਿਆ ਕਰਦੇ ਹੋ। ਇਸ ਤਰ੍ਹਾਂ ਪ੍ਰਭੂ ਕਿਵੇਂ ਖੁਸ਼ ਹੋਵੇਗਾ ? ਅਰਥਾਤ ਤੁਸੀਂ ਖੁਦ ਵੀ ਪਾਪ ਦੇ ਭਾਗੀ ਹੋ ਰਹੇ ਹੋ ਅਤੇ ਅਨੁਯਾਈਆਂ ਨੂੰ ਵੀ ਗੁੰਮਰਾਹ ਕਰਨ ਦੇ ਦੋਸ਼ੀ ਹੋ ਕੇ ਨਰਕ ਵਿੱਚ ਡਿੱਗੋਗੇ। (ਸਾਖੀ 28-33)

ਕਬੀਰ ਪਰਮੇਸ਼ਵਰ ਕਹਿ ਰਹੇ ਹਨ ਕਿ ਹੇ ਕਾਜ਼ੀ, ਮੁੱਲਾ ਤੁਸੀਂ ਪੀਰ (ਗੁਰੂ) ਵੀ ਕਹਾਉਂਦੇ ਹੋ। ਪੀਰ ਤਾਂ ਉਹ ਹੁੰਦਾ ਹੈ ਜੋ ਦੂਜਿਆਂ ਦੇ ਦੁੱਖ ਨੂੰ ਸਮਝੇ, ਉਸਨੂੰ ਸੰਕਟ ਵਿੱਚ ਡਿੱਗਣ ਤੋਂ ਬਚਾਏ। ਕਿਸੇ ਨੂੰ ਕਸ਼ਟ ਨਾ ਪਹੁੰਚਾਏ। ਜੋ ਦੂਸਰੇ ਦੇ ਦੁੱਖ ਵਿੱਚ ਦੁਖੀ ਨਹੀਂ ਹੁੰਦਾ ਉਹ ਤਾਂ ਕਾਫ਼ਿਰ (ਨੀਚ) ਬੇਪੀਰ (ਬੇਰਹਿਮ) ਹੈ। ਉਹ ਪੀਰ (ਗੁਰੂ) ਦੇ ਯੋਗ ਨਹੀਂ ਹੈ। (ਸਾਖੀ 36)

ਉੱਤਮ ਖਾਣਾ ਨਮਕੀਨ ਖਿਚੜੀ ਹੈ ਉਸਨੂੰ ਖਾਓ। ਦੂਸਰੇ ਦਾ ਗਲਾ ਕੱਟਣ ਵਾਲੇ ਨੂੰ ਉਸਦਾ ਬਦਲਾ ਦੇਣਾ ਪੈਂਦਾ ਹੈ। ਇਹ ਜਾਣ ਕੇ ਸਮਝਦਾਰ ਵਿਅਕਤੀ ਪ੍ਰਤੀਫ਼ਲ ਵਿੱਚ ਆਪਣਾ ਗ਼ਲਾ ਨਹੀਂ ਕਟਵਾਉਂਦਾ। ਦੋਵਾਂ ਹੀ ਧਰਮਾਂ ਦੇ ਮਾਰਗ ਦਰਸ਼ਕ ਬੇਰਹਿਮ ਹੋ ਚੁੱਕੇ ਹਨ। ਹਿੰਦੂਆਂ ਦੇ ਗੁਰੂ ਕਹਿੰਦੇ ਹਨ ਅਸੀਂ ਤਾਂ ਇੱਕ ਝਟਕੇ ਨਾਲ ਬੱਕਰੇ ਆਦਿ ਦਾ ਗਲਾ ਵੱਢਦੇ ਹਾਂ, ਜਿਸ ਨਾਲ ਪ੍ਰਾਣੀ ਨੂੰ ਕਸ਼ਟ ਨਹੀਂ ਹੁੰਦਾ, ਇਸਲਈ ਅਸੀਂ ਦੋਸ਼ੀ ਨਹੀਂ ਹਾਂ ਅਤੇ ਮੁਸਲਮਾਨ ਧਰਮ ਦੇ ਮਾਰਗ ਦਰਸ਼ਕ ਕਹਿੰਦੇ ਹਨ ਅਸੀਂ ਹੌ਼ਲੀ-ਹੌ਼ਲੀ ਹਲਾਲ ਕਰਦੇ ਹਾਂ ਜਿਸ ਕਾਰਣ ਅਸੀਂ ਦੋਸ਼ੀ ਨਹੀਂ। ਪਰਮ-ਾਤਮਾ ਕਬੀਰ ਸਾਹਿਬ ਜੀ ਨੇ ਕਿਹਾ ਜੇਕਰ ਤੁਹਾਡਾ ਅਤੇ ਤੁਹਾਡੇ ਪਰਿਵਾਰ ਦੇ ਜੀਆਂ ਦਾ ਗ਼ਲਾ ਕਿਸੇ ਵੀ ਤਰੀਕੇ ਨਾਲ ਕੱਟਿਆ ਜਾਵੇ ਤਾਂ ਤੁਹਾਨੂੰ ਕਿਵੇਂ ਲੱਗੇਗਾ?

ਬਾਤ ਕਰਤੇ ਹੈਂ ਪੁੰਨਯ ਕੀ, ਕਰਤੇ ਹੈਂ ਘੋਰ ਅਧਰਮ।
ਦੋਨੋਂ ਦੀਨ ਨਰਕ ਮੇਂ ਪੜਹੀਂ, ਕੁਛ ਤੋ ਕਰੋ ਸ਼ਰਮ॥

ਕਬੀਰ ਪਰਮੇਸ਼ਵਰ ਨੇ ਕਿਹਾ -

ਹਮ ਮੁਹੰਮਦ ਕੋ ਸਤਲੋਕ ਲੇ ਗਯਾ। ਇੱਛਾ ਰੂਪ ਵਹਾਂ ਨਹੀਂ ਰਹਯੋ।
ਉਲਟ ਮੁਹੰਮਦ ਮਹਲ ਪਠਾਯਾ । ਗੁਜ ਬੀਰਜ ਏਕ ਕਲਮਾ ਲਾਯਾ॥
ਰੋਜ਼ਾ, ਬੰਗ, ਨਮਾਜ਼ ਦਈ ਰੇ। ਬਿਸਮਿਲ ਕੀ ਨਹੀਂ ਬਾਤ ਕਹੀ ਰੇ॥

**ਭਾਵਅਰਥ: – ਨਬੀ ਮੁਹੰਮਦ ਨੂੰ ਮੈਂ (ਕਬੀਰ ਪਰਮੇਸ਼ਵਰ) ਸਤਲੋਕ ਲੈ ਕੇ ਗਿਆ ਸੀ, ਪ੍ਰੰਤੂ ਉੱਥੇ ਨਾ ਰਹਿਣ ਦੀ ਇੱਛਾ ਵਿਅਕਤ ਕੀਤੀ, ਵਾਪਸ ਮੁਹੰਮਦ ਜੀ ਨੂੰ ਸਰੀਰ ਵਿੱਚ ਭੇਜ ਦਿੱਤਾ। ਨਬੀ ਮੁਹੰਮਦ ਜੀ ਨੇ ਰੋਜ਼ਾ (ਵਰਤ), ਬੰਗ (ਉੱਚੀ ਅਵਾਜ਼ ਵਿੱਚ ਪਰਮਾਤਮਾ ਦੀ ਉਸਤਤ ਕਰਨਾ) ਅਤੇ ਪੰਜ ਸਮੇਂ ਦੀ ਨਮਾਜ਼ ਕਰਨਾ ਤਾਂ ਕਿਹਾ ਸੀ ਪ੍ਰੰਤੂ ਗਾਂ ਆਦਿ ਪ੍ਰਾਣੀਆਂ ਨੂੰ ਬਿਸਮਿਲ ਕਰਨ (ਮਾਰਨ) ਨੂੰ ਨਹੀਂ ਕਿਹਾ।**

**ਉਪਰੋਕਤ ਵਾਰਤਾ ਸੁਣ ਕੇ ਸ਼ੇਖਤਕੀ ਪੀਰ ਨੇ ਗੁੱਸਾ ਕਰਦੇ ਹੋਏ ਕਿਹਾ ਕਿ ਤੂੰ ਕੀ ਜਾਣੇ ਕੁਰਾਨ ਸ਼ਰੀਫ਼ ਅਤੇ ਸਾਡੇ ਨਬੀ ਦੇ ਵਿਸ਼ੇ ਵਿੱਚ ਤੂੰ ਤਾਂ ਅਨਪੜ੍ਹ ਹੈਂ। ਸਾਡੇ ਧਰਮ ਦੇ ਵਿਸ਼ੇ ਵਿੱਚ ਝੂਠਾ ਪ੍ਰਚਾਰ ਕਰਕੇ ਭਰਮ ਫ਼ੈਲਾ ਰਿਹਾ ਹੈ। ਮੈਂ ਦੱਸਦਾ ਹਾਂ ਪਵਿੱਤਰ ਕੁਰਾਨ ਸ਼ਰੀਫ਼ ਦੀ ਅੰਮ੍ਰਿਤ ਬਾਣੀ ਕਿਵੇਂ ਪ੍ਰਾਪਤ ਹੋਈ। ਇਹ ਕੋਈ ਬਾਅਦ ਵਿੱਚ ਲਿਖਿਆ ਗ੍ਰੰਥ ਨਹੀਂ ਹੈ। ਇਹ ਤਾਂ ਅੱਲਾਹ (ਪ੍ਰਭੂ) ਦੁਆਰਾ ਬੋਲੀ ਬਾਣੀ ਨਾ.ਲ ਦੀ ਨਾ.ਲ ਲਿਖੀ ਗਈ ਹੈ। ਸ਼ੇਖਤਕੀ (ਜੋ ਦਿੱਲੀ ਦੇ ਮਹਾਰਾਜਾ ਸਿਕੰਦਰ ਲੋਧੀ ਦਾ ਧਾਰਮਿਕ ਗੁਰੂ ਅਤੇ ਪੂਰੇ ਭਾਰਤ ਦੇ ਮੁਸਲਮਾਨ ਸੇਖ਼ਤਕੀ ਦੀ ਹਰ ਇੱਕ ਆਗਿਆ ਦਾ ਪਾਲਣ ਕਰਦੇ ਸਨ) ਨੇ ਕਿਹਾ ਕਿ ਸੁਣ ਗੰਵਾਰ! ਸਾਡੇ ਮੁਹੰਮਦ ਨਬੀ ਦਾ ਜੀਵਨ ਵਿਰਤਾਂਤ।**

## "ਹਜ਼ਰਤ ਮੁਹੰਮਦ ਜੀ ਦਾ ਜੀਵਨ ਚਰਿੱਤਰ"

## "ਹਜ਼ਰਤ ਮੁਹੰਮਦ ਜੀ ਦੇ ਬਾਰੇ ਵਿੱਚ ਸ਼੍ਰੀ ਮੁਹੰਮਦ ਇਨਾਏਤੁੱਲਾਹ ਸੁਬਹਾਨੀ ਦੇ ਵਿਚਾਰ"

ਜੀਵਨੀ ਹਜ਼ਰਤ ਮੁਹੰਮਦ (ਸੱਲਾਹੁ ਅਲੈਹਿ ਵਸੱਲਮ)
ਲੇਖਕ ਹਨ – ਮੁਹੰਮਦ ਇਨਾਯਤੁੱਲਾਹ ਸੁਬਹਾਨੀ,
ਮੂਲ ਕਿਤਾਬ – ਮੁਹੰਮਦੇ (ਅਰਬੀ) ਤੋਂ, ਅਨੁਵਾਦਕ – ਨਸੀਮ ਗਾਜ਼ੀ ਫਲਾਹੀ,
ਪ੍ਰਕਾਸ਼ਕ – ਇਸਲਾਮੀ ਸਾਹਿਤ ਟ੍ਰਸਟ ਪ੍ਰਕਾਸ਼ਨ ਨੰਬਰ 81 ਦੇ ਆਦੇਸ਼ ਨਾਲ ਪ੍ਰਕ–ਾਸ਼ਨ ਕਾਰਜ ਕੀਤਾ ਹੈ।
ਮਕਰਜ਼ੀ ਮਕਤਬਾ ਇਸਲਾਮੀ ਪਬਲਿਸ਼ਰਜ਼, ਡੀ–307, ਦਾਵਤ ਨਗਰ, ਅਬੁਲ ਫਜ਼ਲ ਇੰਨਕਲੇਵ ਜਾਮਿਆਂ ਨਗਰ, ਨਵੀਂ ਦਿੱਲੀ – 1110025,

**ਸ਼੍ਰੀ ਹਾਸ਼ਿਮ ਦੇ ਪੁੱਤਰ ਸ਼ੌਬਾ ਸਨ । ਉਹਨਾਂ ਦਾ ਹੀ ਨਾਮ ਅਬਦੁਲ ਮੁੱਤਲਿਬ ਪਿਆ ਕਿਉਂਕਿ ਜਦੋਂ ਮੁੱਤਲਿਬ ਆਪਣੇ ਭਤੀਜੇ ਸ਼ੌਬਾ ਨੂੰ ਆਪਣੇ ਪਿੰਡ ਲਿਆਇਆ ਤਾਂ ਲੋਕਾਂ ਨੇ ਸੋਚਿਆ ਕਿ ਮੁੱਤਲਿਬ ਕੋਈ ਦਾਸ ਲਿਆਇਆ ਹੈ। ਇਸਲਈ ਸ਼੍ਰੀ ਸ਼ੌਬਾ ਜੀ ਨੂੰ ਸ਼੍ਰੀ ਅਬਦੁਲ ਮੁਤੱਲਿਬ ਦੇ ਉਰਫ਼ ਨਾਂ ਤੋਂ ਜ਼ਿਆਦਾ ਜਾਣਿਆਂ ਜਾਣ ਲੱਗਾ। ਸ਼੍ਰੀ ਅਬਦੁਲ ਮੁੱਤਲਿਬ ਨੂੰ ਦਸ ਪੁੱਤਰ ਪ੍ਰਾਪਤ ਹੋਏ। ਕਿਸੇ ਕਾਰਣ ਤੋਂ ਅਬਦੁਲ ਮੁੱਤਲਿਬ ਨੇ ਆਪਣੇ ਦਸ ਪੁੱਤਰਾਂ ਵਿੱਚੋਂ ਇੱਕ ਪੁੱਤਰ ਦੀ ਕੁਰਬਾਨੀ ਅੱਲਾਹ ਦੇ ਨਿਮਿਤ ਦੇਣ ਦਾ ਪ੍ਰਣ ਲਿਆ।**

**ਦੇਵਤਾ ਨੂੰ ਦਸ ਪੁੱਤਰਾਂ ਵਿਚੋਂ ਕਿਹੜਾ ਪੁੱਤਰ ਕੁਰਬਾਨੀ ਦੇ ਲਈ ਪਸੰਦ ਹੈ। ਇਸਦੇ ਲਈ ਇੱਕ ਮੰਦਿਰ (ਕਾਬਾ) ਵਿੱਚ ਰੱਖੀਆਂ ਮੂਰਤੀਆਂ ਵਿੱਚੋਂ ਵੱਡੇ ਦੇਵ ਦੀ ਮੂਰਤੀ ਦੇ ਸਾਹਮਣੇ ਦਸ ਤੀਰ ਰੱਖ ਦਿੱਤੇ ਅਤੇ ਹਰੇਕ ਦੇ ਉੱਤੇ ਇੱਕ ਪੁੱਤਰ ਦਾ ਨਾਮ**

ਲਿੱਖ ਦਿੱਤਾ। ਜਿਸ ਤੀਰ ਉੱਤੇ ਸਭ ਤੋਂ ਛੋਟੇ ਪੁੱਤਰ ਅਬਦੁੱਲਾ ਦਾ ਨਾਮ ਲਿਖਿਆ ਸੀ ਉਹ ਤੀਰ ਮੂਰਤੀ ਵੱਲ ਹੋ ਗਿਆ। ਮੰਨਿਆ ਗਿਆ ਕਿ ਦੇਵਤਾ ਨੂੰ ਇਹੀ ਪੁੱਤਰ ਕੁਰਬ–ਾਨੀ ਦੇ ਲਈ ਸਵੀਕਾਰ ਹੈ। ਸ਼੍ਰੀ ਅਬਦੁੱਲਾ (ਨਬੀ ਮੁਹੰਮਦ ਦੇ ਪਿਤਾ) ਦੀ ਕੁਰਬਾਨੀ ਦੇਣ ਦੀ ਤਿਆਰੀ ਹੋਣ ਲੱਗੀ। ਸਾਰੇ ਇਲਾਕੇ ਦੇ ਧਾਰਮਿਕ ਲੋਕਾਂ ਨੇ ਅਬਦੁਲ ਮੁੱਤਲਿਬ ਨੂੰ ਕਿਹਾ ਅਜਿਹਾ ਨਾ ਕਰੋ। ਹਾਹਾਕਾਰ ਮੱਚ ਗਈ। ਇੱਕ ਪੁਜਾਰੀ ਵਿੱਚ ਕੋਈ ਹੋਰ ਆਤਮਾ ਬੋਲੀ। ਉਸਨੇ ਕਿਹਾ ਕਿ ਊਠਾਂ ਦੀ ਕੁਰਬਾਨੀ ਦੇਣ ਨਾਲ ਵੀ ਕੰਮ ਚੱਲੇਗਾ। ਇਸ ਨਾਲ ਸੁੱਖ ਦਾ ਸਾਹ ਆਇਆ। ਉਸ ਸ਼ਕਤੀ ਨੇ ਉਸਦੇ ਲਈ ਇੱਕ ਹੋਰ ਪਿੰਡ ਵਿੱਚ ਇੱਕ ਔਰਤ ਜੋ ਹੋਰ ਮੰਦਿਰਾਂ ਦੇ ਪੁਜਾਰੀਆਂ ਦੀ ਦਲਾਲ ਸੀ ਦੇ ਬਾਰੇ ਵਿੱਚ ਦੱਸਿਆ ਕਿ ਉਹ ਫੈਸਲਾ ਕਰੇਗੀ ਕਿ ਕਿੰਨੇ ਊਠਾਂ ਦੀ ਕੁਰਬਾਨੀ ਤੋਂ ਅਬਦੁੱਲਾ ਦੀ ਜਾਨ ਅੱਲਾਹ ਮਾਫ਼ ਕਰੇਗਾ। ਉਸ ਔਰਤ ਨੇ ਕਿਹਾ ਜਿੰਨੇ ਊਠ ਇੱਕ ਜਾਨ ਦੀ ਰੱਖਿਆ ਲਈ ਲਈ ਦਿੰਦੇ ਹੋ ਉਸ ਚ ਹੋਰ ਦਸ ਜੋੜ ਕੇ ਅਤੇ ਅਬਦੁੱਲਾ ਦੇ ਨਾਮ ਦੀ ਪਰਚੀ ਅਤੇ ਦਸ ਊਠਾਂ ਦੀ ਪਰਚੀ ਪਾ ਕੇ ਜਾਂਚ ਕਰਦੇ ਰਹੋ। ਜਦੋਂ ਤੱਕ ਊਠਾਂ ਵਾਲੀ ਪਰਚੀ ਨਾ ਨਿਕਲੇ, ਤਦ ਤੱਕ ਕਰਦੇ ਰਹੋ। ਇਸ ਤਰਾਂ ਦਸ–ਦਸ ਊਠਾਂ ਦੀ ਗਿਣਤੀ ਵਧਾਉਂਦੇ ਰਹੇ ਤਦ 100 ਊਠਾਂ ਦੇ ਬਾਅਦ ਊਠਾਂ ਦੀ ਪਰਚੀ ਨਿਕਲੀ, ਉਸਤੋਂ ਪਹਿਲਾਂ ਅਬਦੁੱਲਾ ਦੀ ਪਰਚੀ ਨਿਕਲਦੀ ਰਹੀ। ਇਸ ਤਰ੍ਹਾਂ ਸੌ ਊਠਾਂ ਦੀ ਕੁਰਬਾਨੀ (ਹੱਤਿਆ) ਕਰਕੇ ਪੁੱਤਰ ਅਬਦੁੱਲਾ ਦੀ ਜਾਨ ਬਚਾਈ। ਜਵਾਨ ਹੋਣ ਤੇ ਸ਼੍ਰੀ ਅਬਦੁੱਲਾ ਦਾ ਵਿਆਹ ਭਗਤਮਤੀ ਆਮਿਨੀ ਦੇਵੀ ਨਾਲ ਹੋਇਆ। ਜਦੋਂ ਹਜ਼ਰਤ ਮੁਹੰਮਦ ਮਾਤਾ ਆਮਿਨੀ ਜੀ ਦੇ ਗਰਭ ਵਿੱਚ ਸਨ ਪਿਤਾ ਸ਼੍ਰੀ ਅਬਦੁੱਲਾ ਜੀ ਦੀ ਮੌਤ ਕਿਸੇ ਦੂਰ ਜਗ੍ਹਾ ਤੇ ਹੋ ਗਈ। ਉੱਥੇ ਹੀ ਉਨ੍ਹਾਂ ਦੀ ਕਬਰ ਬਣਵਾ ਦਿੱਤੀ। ਜਦੋਂ ਬਾਲਕ ਮੁਹੰਮਦ ਛੇ ਸਾਲ ਦਾ ਸੀ ਤਾਂ ਮਾਂ ਆਮਿਨੀ ਦੇਵੀ ਆਪਣੇ ਪਤੀ ਦੀ ਕਬਰ ਦੇਖਣ ਗਈ ਸੀ। ਉਸਦੀ ਵੀ ਮੌਤ ਰਾਹ ਵਿੱਚ ਹੀ ਹੋ ਗਈ। ਛੇ ਸਾਲ ਦਾ ਬੱਚਾ ਮੁਹੰਮਦ ਜੀ ਯਤੀਮ (ਅਨਾਥ) ਹੋ ਗਏ। (ਉਪਰੋਕਤ ਵੇਰਵਾ ਪਹਿਲਾਂ ਦੱਸੀ ਪੁਸਤਕ 'ਜੀਵਨੀ ਹਜ਼ਰਤ ਮੁਹੰਮਦ' ਦੇ ਪੰਨਾ 21 ਤੋਂ 29 ਅਤੇ 33–34 ਉੱਤੇ ਲਿਖਿਆ ਹੈ)।

ਹਜ਼ਰਤ ਮੁਹੰਮਦ ਜੀ ਦੀ ਜਦੋਂ 25 ਸਾਲਾਂ ਦੇ ਹੋਏ ਤਾਂ ਚਾਲ਼ੀ ਸਾਲ ਦੀ ਵਿਧ–ਵਾ ਖਦੀਜਾ ਨਾਮ ਦੀ ਔਰਤ ਨਾਲ ਵਿਆਹ ਹੋਇਆ । ਖਦੀਜਾ ਪਹਿਲਾਂ ਵੀ ਦੋ ਵਾਰ ਵਿਧਵਾ ਹੋ ਚੁੱਕੀ ਸੀ। ਤੀਜੀ ਵਾਰ ਹਜ਼ਰਤ ਮੁਹੰਮਦ ਨਾਲ ਵਿਆਹ ਹੋਇਆ। ਉਹ ਬਹੁਤ ਵੱਡੇ ਅਮੀਰ ਘਰਾਣੇ ਦੀ ਔਰਤ ਸੀ। (ਇਹ ਵੇਰਵਾ ਪਹਿਲਾਂ ਦੱਸੀ ਪੁਸਤਕ ਦੇ ਪੰਨਾ 46, 51–52 ਤੇ ਲਿਖਿਆ ਹੈ।)

ਹਜ਼ਰਤ ਮੁਹੰਮਦ ਜੀ ਨੂੰ ਸੰਤਾਨ ਰੂਪ ਵਿੱਚ ਖਦੀਜਾ ਜੀ ਤੋਂ ਤਿੰਨ ਪੁੱਤਰ ਅਤੇ ਚਾਰ ਲੜਕੀਆਂ ਪ੍ਰਾਪਤ ਹੋਈਆਂ । ਤਿੰਨੇ ਪੁੱਤਰ 1. ਕਾਸਿਮ, 2 ਤਯੱਬ 3. ਤਾਹਿਰ ਆਪ (ਹਜ਼ਰਤ ਮੁਹੰਮਦ ਜੀ) ਦੀਆਂ ਅੱਖਾਂ ਸਾਹਮਣੇ ਮਰ ਗਏ। ਸਿਰਫ਼ ਚਾਰ ਲੜਕੀਆਂ ਬਾਕੀ ਰਹੀਆਂ। (ਪਹਿਲਾਂ ਦੱਸੀ ਪੁਸਤਕ ਦੇ ਪੰਨਾ 64 ਉੱਤੇ ਇਹ ਉਪਰੋਕਤ ਵੇਰਵਾ ਲਿਖਿਆ ਹੈ)।

ਇੱਕ ਸਮੇਂ ਪ੍ਰਭੂ ਪ੍ਰਾਪਤੀ ਦੀ ਤੜਫ਼ ਵਿੱਚ ਹਜ਼ਰਤ ਮੁਹੰਮਦ ਜੀ ਸ਼ਹਿਰ ਤੋਂ ਬਾਹਰ ਇੱਕ ਗੁਫ਼ਾ ਵਿੱਚ ਸਾਧਨਾ ਕਰ ਰਹੇ ਸਨ।

ਇੱਕ ਜ਼ਿਬਰਾਈਲ ਨਾਂ ਦੇ ਫਰਿਸ਼ਤੇ ਨੇ ਹਜ਼ਰਤ ਮੁਹੰਮਦ ਜੀ ਦਾ ਗਲਾ ਘੁੱਟ–ਘੁੱਟ ਕੇ ਜ਼ਬਰਦਸਤੀ ਕੁਰਾਨ ਸ਼ਰੀਫ ਦਾ ਗਿਆਨ ਸਮਝਾਇਆ। (ਹਜ਼ਰਤ ਮੁਹੰਮਦ ਜੀ ਨੂੰ ਡਰਾ ਧਮਕਾ ਕੇ ਅਵਿਅਕਤ ਮੰਨੇ ਜਾਣ ਵਾਲੇ ਪ੍ਰਭੂ ਦਾ ਗਿਆਨ ਦਿੱਤਾ

ਗਿਆ। ਉਸ ਜ਼ਿਬਰਾਈਲ ਦੇਵਤਾ ਦੇ ਡਰ ਨਾ.ਲ ਹਜ਼ਰਤ ਮੁਹੰਮਦ ਜੀ ਨੇ ਉਸ ਗਿਆਨ ਨੂੰ ਯਾਦ ਕੀਤਾ। ਇਸ ਤਰ੍ਹਾਂ ਮੁਹੰਮਦ ਸਾਹਿਬ ਜੀ ਨੂੰ ਕਾਲ ਦੇ ਭੇਜੇ ਫਰਿਸ਼ਤੇ ਦੁਆਰਾ ਇਸ ਗਿਆਨ ਨੂੰ ਜਨਤਾ ਵਿੱਚ ਦੱਸਣ ਨੂੰ ਮਜ਼ਬੂਰ ਕੀਤਾ ਗਿਆ। ਹਜ਼ਰਤ ਮੁਹੰਮਦ ਜੀ ਨੇ ਆਪਣੀ ਪਤਨੀ ਖਦੀਜਾ ਜੀ ਨੂੰ ਦੱਸਿਆ ਕਿ ਮੈਂ ਜਦੋਂ ਗੁਫ਼ਾ ਵਿੱਚ ਬੈਠਾ ਸੀ ਤਾਂ ਇੱਕ ਫਰਿਸ਼ਤਾ ਆਇਆ। ਉਸਦੇ ਹੱਥ ਵਿੱਚ ਇੱਕ ਰੇਸ਼ਮ ਦਾ ਰੁਮਾਲ ਸੀ। ਉਸ ਉੱਤੇ ਕੁੱਝ ਲਿਖਿਆ ਹੋਇਆ ਸੀ। ਫਰਿਸ਼ਤੇ ਨੇ ਮੇਰਾ ਗਲਾ ਘੁੱਟ ਕੇ ਕਿਹਾ ਇਸਨੂੰ ਪੜ੍ਹੋ। ਮੈਨੂੰ ਇੰਝ ਲੱਗਿਆ ਜਿਵੇਂ ਮੇਰੇ ਪ੍ਰਾਣ ਨਿਕਲਣ ਵਾਲੇ ਹਨ। ਸਾਰੇ ਸਰੀਰ ਨੂੰ ਝੰਝੋੜ ਕੇ ਜ਼ਬਰਦਸਤੀ ਮੈਨੂੰ ਪੜ੍ਹਾਉਣਾ ਚਾਹਿਆ। ਅਜਿਹਾ ਦੋ ਵਾਰ ਕੀਤਾ। ਤੀਜੀ ਵਾਰ ਫਿਰ ਕਿਹਾ ਪੜ੍ਹੋ, ਮੈਂ ਅਨਪੜ੍ਹ ਹੋਣ ਕਾਰਣ ਪੜ੍ਹ ਨਹੀਂ ਸਕਿਆ। ਇਸ ਵਾਰ ਮੈਨੂੰ ਲੱਗਿਆ ਕਿ ਇਹ ਮੈਨੂੰ ਹੋਰ ਜ਼ਿਆਦਾ ਤਕਲੀਫ ਦੇਵੇਗਾ। ਮੈਂ ਕਿਹਾ ਕੀ ਪੜ੍ਹਾਂ। ਤਦ ਉਸਨੇ ਮੈਨੂੰ ਕੁਰਾਨ ਦੀ ਇੱਕ ਆਇਤ ਪੜ੍ਹਾਈ। (ਇਹ ਵੇਰਵਾ ਉਪਰੋਕਤ ਪੁਸਤਕ ਦੇ ਪੰਨਾ 67 ਤੋਂ 75 ਤੱਕ ਲਿਖਿਆ ਹੈ ਅਤੇ ਪੰਨਾ 157 ਤੋਂ 165 ਤੱਕ ਲਿਖਿਆ ਹੈ) ।

ਫਰਿਸ਼ਤੇ ਜ਼ਿਬਰਾਇਲ ਨੇ ਨਬੀ ਮੁਹੰਮਦ ਜੀ ਦੀ ਛਾਤੀ ਨੂੰ ਚੀਰਿਆ ਉਸ ਵਿੱਚ ਸ਼ਕਤੀ ਢੇਰੀ ਕਰ ਦਿੱਤੀ ਅਤੇ ਫਿਰ ਸੀਂ ਦਿੱਤਾ ਅਤੇ ਇੱਕ ਖੱਚਰ ਵਰਗੇ ਜਾਨਵਰ ਉੱਤੇ ਬਿਠਾ ਕੇ ਉੱਪਰ ਲੈ ਗਿਆ। ਉੱਥੇ ਨਬੀਆਂ ਦੀ ਜਮਾਤ ਆਈ, ਉਹਨਾਂ ਵਿੱਚ ਹਜ਼ਰਤ ਮੂਸਾ ਜੀ, ਈਸਾ ਜੀ ਅਤੇ ਇਬ੍ਰਾਹਿਮ ਜੀ ਆਦਿ ਵੀ ਸਨ। ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਜੀ ਨੇ ਨਮਾਜ਼ ਪੜ੍ਹਾਈ।

ਉੱਥੇ ਹਜ਼ਰਤ ਆਦਮ ਜੀ ਵੀ ਸਨ ਜੋ ਕਦੇ ਹੱਸ ਰਹੇ ਸਨ ਅਤੇ ਕਦੇ ਰੋ ਰਹੇ ਸਨ। ਫਰਿਸ਼ਤੇ ਜ਼ਿਬਰਾਈਲ ਨੇ ਹਜ਼ਰਤ ਮੁਹੰਮਦ ਜੀ ਨੂੰ ਦੱਸਿਆ ਇਹ ਬਾਬਾ ਆਦਮ ਜੀ ਹਨ। ਰੋਣ ਅਤੇ ਹੱਸਣ ਦਾ ਕਾਰਣ ਸੀ ਕਿ ਸੱਜੇ ਪਾਸੇ ਸਵਰਗ ਵਿੱਚ ਨੇਕ ਸੰਤਾਨ ਸੀ ਜੋ ਸੁੱਖੀ ਸੀ ਜਿਨ੍ਹਾਂ ਨੂੰ ਦੇਖ ਕੇ ਬਾਬਾ ਆਦਮ ਹੱਸ ਰਹੇ ਸਨ ਅਤੇ ਖੱਬੇ ਪਾਸੇ ਨਿਕੰਮੀ ਸੰਤਾਨ ਨਰਕ ਵਿੱਚ ਕਸ਼ਟ ਭੋਗ ਰਹੀ ਸੀ ਜਿਨ੍ਹਾਂ ਨੂੰ ਦੇਖ ਕੇ ਰੋ ਰਹੇ ਸਨ। ਜਿਸਦੇ ਕਾਰਣ ਬਾਬਾ ਆਦਮ ਉੱਪਰ ਦੇ ਲੋਕ ਵਿੱਚ ਵੀ ਪੂਰਣ ਸੁੱਖੀ ਨਹੀਂ ਸਨ।

ਫਿਰ ਸੱਤਵੇਂ ਅਸਮਾਨ ਉੱਤੇ ਗਏ । ਪਰਦੇ ਦੇ ਪਿੱਛੋਂ ਅਵਾਜ਼ ਆਈ ਕਿ ਹਰ ਰੋਜ਼ ਪੰਜਾਹ ਨਮਾਜ਼ ਕਰਿਆ ਕਰੋ। ਉੱਥੋਂ ਪੰਜਾਹ ਨਮਾਜਾਂ ਤੋਂ ਘੱਟ ਕਰਵਾ ਕੇ ਸਿਰਫ ਪੰਜ ਨਮਾਜ਼ ਹੀ ਅੱਲਾਹ ਤੋ ਪ੍ਰਾਪਤ ਕਰਕੇ ਨਬੀ ਮੁਹੰਮਦ ਵਾਪਿਸ ਆ ਗਏ।

(ਪੰਨਾ ਨੰਬਰ 307 ਤੋਂ 315) ਹਜ਼ਰਤ ਮੁਹੰਮਦ ਜੀ ਦੁਆਰਾ ਮੁਸਲਮਾਨਾਂ ਨੂੰ ਕਿਹਾ ਕਿ ਖੂਨ-ਖਰਾਬਾ ਨਾ ਕਰਨਾ, ਵਿਆਜ ਤੱਕ ਵੀ ਨਾ ਲੈਣਾ ਅਤੇ 63 ਸਾਲ ਦੀ ਉਮਰ ਵਿੱਚ ਸਖਤ ਬਿਮਾਰ ਹੋ ਕੇ ਤੜਫਦੇ-ਤੜਫਦੇ ਵੀ ਨਮਾਜ਼ ਕੀਤੀ ਅਤੇ ਘਰ ਆ ਕੇ ਅਸਹਿ ਦਰਦ ਵਿੱਚ ਸਾਰੀ ਰਾਤ ਤੜਫ਼ ਕੇ ਪ੍ਰਾਣ ਤਿਆਗ ਦਿੱਤੇ।

(ਪੰਨਾ ਨੰਬਰ 319) ਬਾਅਦ ਵਿੱਚ ਉੱਤਰਾਧਿਕਾਰੀ ਦਾ ਝਗੜਾ ਪਿਆ। ਫਿਰ ਹਜ਼ਰਤ ਅਬੂ ਬੱਕਰ ਨੂੰ ਖ਼ਲੀਫ਼ਾ ਚੁਣਿਆ ਗਿਆ।

ਸ਼ੇਖਤਕੀ ਪੀਰ ਨੇ ਦੱਸਿਆ ਕਿ ਅੱਲਾਹ ਤਾਂ ਸੱਤਵੇਂ ਅਸਮਾਨ ਉੱਤੇ ਰਹਿੰਦਾ ਹੈ ਉਹ ਤਾਂ ਨਿਰਾਕਾਰ ਹੈ। ਕਬੀਰ ਸਾਹਿਬ ਨੇ ਕਿਹਾ ਸੇਖ ਜੀ ਇੱਕ ਪਾਸੇ ਤਾਂ ਤੁਸੀਂ ਭਗਵਾਨ ਨੂੰ ਨਿਰਾਕਾਰ ਕਹਿ ਰਹੇ ਹੋ। ਦੂਜੇ ਪਾਸੇ ਪ੍ਰਭੂ ਨੂੰ ਸੱਤਵੇਂ ਅਸਮਾਨ ਉੱਤੇ ਇੱਕ ਦੇਸ਼ੀ ਸਿੱਧ ਕਰ ਰਹੇ ਹੋ। ਜਦੋਂ ਪਰਮਾਤਮਾ ਸੱਤਵੇਂ ਅਸਮਾਨ ਉੱਤੇ ਰਹਿੰਦਾ ਹੈ ਤਾਂ ਉਹ

ਸਾਕਾਰ ਹੋਇਆ।

ਸ਼ੇਖਤਕੀ ਤੋਂ ਉਪਰੋਕਤ ਜੀਵਨ ਪਰਿਚਯ ਹਜ਼ਰਤ ਮੁਹੰਮਦ ਸਾਹਿਬ ਜੀ ਦਾ ਸੁਣ ਕੇ ਪਰਮੇਸ਼ਵਰ ਕਬੀਰ ਸਾਹਿਬ ਜੀ ਨੇ ਕਿਹਾ ਸੇਖਤਕੀ ਜੀ ਤੁਸੀਂ ਦੱਸਿਆ ਹੈ ਕਿ ਹਜ਼ਰਤ ਮੁਹੰਮਦ ਜੀ ਜਦੋਂ ਮਾਤਾ ਦੇ ਗਰਭ ਵਿੱਚ ਸਨ ਉਸ ਸਮੇਂ ਉਹਨਾਂ ਦੇ ਪਿਤਾ ਸ਼੍ਰੀ ਅਬਦੁੱਲਾ ਜੀ ਦੀ ਮੌਤ ਹੋ ਗਈ, ਛੇ ਸਾਲ ਦੇ ਹੋਏ ਤਾਂ ਮਾਤਾ ਜੀ ਦੀ ਮੌਤ। ਅੱਠ ਸਾਲ ਦੇ ਹੋਏ ਤਾਂ ਦਾਦਾ ਅਬਦੁਲ ਮੁੱਤਲਿਬ ਚੱਲ ਵਸੇ। ਯਤੀਮੀ ਦਾ ਜੀਵਨ ਜਿਉਂਦੇ ਹੋਏ ਹਜ਼ਰਤ ਮੁਹੰਮਦ ਜੀ ਦਾ 25 ਸਾਲ ਦੀ ਉਮਰ ਵਿੱਚ ਵਿਆਹ ਦੋ ਵਾਰ ਪਹਿਲਾਂ ਵਿਧ-ਵਾ ਹੋ ਚੁੱਕੀ 40 ਸਾਲਾ ਖਦੀਜਾ ਨਾਲ ਹੋਇਆ। ਤਿੰਨ ਪੁੱਤਰ ਅਤੇ ਚਾਰ ਪੁੱਤਰੀਆਂ ਸੰਤਾਨ ਰੂਪ ਵਿੱਚ ਹੋਈਆਂ। ਹਜ਼ਰਤ ਮੁਹੰਮਦ ਜੀ ਨੂੰ ਜ਼ਿਬਰਾਇਲ ਨਾਮਕ ਫਰਿਸ਼ਤੇ ਨੇ ਗ.ਲਾ ਘੁੱਟ-ਘੁੱਟ ਕੇ ਜ਼ਬਰਦਸਤੀ ਡਰਾ ਧਮਕਾ ਕੇ ਕੁਰਾਨ ਸ਼ਰੀਫ਼ (ਮਜੀਦ) ਦਾ ਗਿਆਨ ਅਤੇ ਭਗਤੀ ਵਿਧੀ (ਨਮਾਜ਼ ਆਦਿ) ਦੱਸੀ ਜੋ ਤੁਹਾਡੇ ਅੱਲਾਹ ਦੁਆਰਾ ਦੱਸੀ ਗਈ ਸੀ। ਫਿਰ ਵੀ ਹਜ਼ਰਤ ਮੁਹੰਮਦ ਜੀ ਦੇ ਅੱਖਾਂ ਦੇ ਤਾਰੇ ਤਿੰਨੇ ਪੁੱਤਰ (ਕਾਸਿਮ, ਤੱਯਬ ਅਤੇ ਤਾਹਿਰ) ਚੱਲ ਵਸੇ। ਵਿਚਾਰ ਕਰੋ ਜਿਸ ਅੱਲਾਹ ਦੇ ਭੇਜੇ ਰਸੂਲ (ਨਬੀ) ਦੇ ਜੀਵਨ ਵਿੱਚ ਕਹਿਰ ਹੀ ਕਹਿਰ (ਮਹਾਨ ਕਸ਼ਟ) ਰਿਹਾ। ਤਾਂ ਹੋਰ ਅਨੁਯਾਈਆਂ ਨੂੰ ਕੁਰਾਨ ਸ਼ਰੀਫ ਅਤੇ ਮਜ਼ੀਦ ਵਿੱਚ ਦੱਸੀ ਗਈ ਸਾਧਨਾ ਤੋਂ ਕੀ ਲਾਭ ਹੋ ਸਕਦਾ ਹੈ? ਹਜ਼ਰਤ ਮੁਹੰਮਦ 63 ਸਾਲ ਦੀ ਉਮਰ ਵਿੱਚ ਦੋ ਦਿਨ ਅਸਹਿ ਦਰਦ ਨਾਲ ਬੇਹਾਲ ਹੋ ਕੇ ਮੌਤ ਨੂੰ ਪ੍ਰਾਪਤ ਹੋਏ। ਜਿਸ ਪਿਤਾ ਦੇ ਸਾਹਮਣੇ ਤਿੰਨੇ ਪੁੱਤਰ ਮੌਤ ਨੂੰ ਪ੍ਰਾਪਤ ਹੋ ਜਾਣ, ਉਸ ਪਿਤਾ ਨੂੰ ਜੀਵਨ ਭਰ ਸੁੱਖ ਨਹੀਂ ਹੁੰਦਾ। ਪ੍ਰਭੂ ਦੀ ਭਗਤੀ ਇਸਲਈ ਕਰਦੇ ਹਾਂ ਕਿ ਪਰਿਵਾਰ ਵਿੱਚ ਸੁੱਖ ਰਹੇ ਅਤੇ ਕੋਈ ਪਾਪ ਦੰਡ ਭੋਗਣਾ ਹੋਵੇ, ਉਹ ਵੀ ਟਲ ਜਾਵੇ। ਤੁਹਾਡੇ ਅੱਲਾਹ ਦੁਆਰਾ ਦਿੱਤਾ ਭਗਤੀ ਗਿਆਨ ਅਧੂਰਾ ਹੈ। ਇਸੇ ਲਈ ਸੂਰਤ ਫੁਰਕਾਨੀ 25, ਆਇਤ 52 ਤੋਂ 59 ਤੱਕ ਵਿੱਚ ਕਿਹਾ ਗਿਆ ਹੈ ਕਿ ਜੋ ਗੁਨਾਹਾਂ ਨੂੰ ਮਾਫ਼ ਕਰਨ ਵਾਲਾ ਕਬੀਰ ਨਾਮਕ ਅੱਲਾਹ ਹੈ ਉਸਦੀ ਪੂਜਾ ਵਿਧੀ ਕਿਸੇ ਤੱਤਵਦਰਸ਼ੀ (ਬਾਖਬਰ) ਤੋਂ ਪੁੱਛ ਦੇਖੋ। ਕਬੀਰ ਪਰਮੇਸ਼ਵਰ ਨੇ ਕਿਹਾ ਸ਼ੇਖਤਕੀ ਮੈਂ ਖ਼ੁਦ ਉਹੀ ਕਬੀਰ ਅੱਲਾਹ ਹਾਂ। ਮੇਰੇ ਕੋਲ ਪੂਰਣ ਮੋਕਸ਼ ਦਾਇਕ, ਸਭ ਪਾਪ ਨਾਸ਼ਕ ਭਗਤੀ ਵਿਧੀ ਹੈ। ਇਸ ਲਈ ਤੁਹਾਡੇ ਸਾਹਮਣੇ ਬਾਦਸ਼ਾਹ ਸਿਕੰਦਰ ਲੋਧੀ ਜੀ ਪਾਪ ਦੇ ਕਾਰਣ ਭੋਗ ਰਹੇ ਕਸ਼ਟ ਤੋਂ ਮੁਕਤ ਹੋ ਕੇ ਸੁੱਖ ਦਾ ਸਾਹ ਲੈ ਰਹੇ ਹਨ। ਜੋ ਤੁਹਾਡੀ ਭਗਤੀ ਪੱਦਤੀ ਨਾਲ ਨਹੀਂ ਹੋ ਸਕਿਆ।

ਜਿਵੇਂ ਕਿ ਸ਼ੇਖਤਕੀ ਜੀ ਤੁਸੀਂ ਦੱਸਿਆ ਹੈ ਕਿ ਸਭ ਮੱਨੁਖਾਂ ਦਾ ਪਿਤਾ ਹਜ਼ਰਤ ਆਦਮ ਉੱਪਰ ਆਸਮਾਨ ਵਿੱਚ (ਜਿੱਥੇ ਜਿਸ ਲੋਕ ਵਿੱਚ ਜ਼ਿਬਰਾਇਲ ਫ਼ਰਿਸ਼ਤਾ ਹਜ਼ਰਤ ਮੁਹੰਮਦ ਨੂੰ ਲੈ ਕੇ ਗਿਆ ਸੀ) ਕਦੇ ਰੋ ਰਿਹਾ ਸੀ ਅਤੇ ਕਦੇ ਹੱਸ ਰਿਹਾ ਸੀ। ਕਿਉਂਕਿ ਉਸਦੀ ਨਿਕੰਮੀ ਸੰਤਾਨ ਨਰਕ ਵਿੱਚ ਕਸ਼ਟ ਉੱਠਾ ਰਹੀ ਸੀ। ਉਨ੍ਹਾਂ ਨੂੰ ਦੇਖ ਕੇ ਰੋ ਰਿਹਾ ਸੀ ਅਤੇ ਚੰਗੀ ਸੰਤਾਨ ਜੋ ਸਵਰਗ ਵਿੱਚ ਸੁੱਖੀ ਸੀ, ਉਹਨਾਂ ਨੂੰ ਦੇਖ ਕੇ ਜ਼ੋਰ-ਜ਼ੋਰ ਨਾਲ ਹੱਸ ਰਿਹਾ ਸੀ।

ਵਿਚਾਰਣਯੋਗ ਵਿਸ਼ਾ ਹੈ ਕਿ ਪਵਿੱਤਰ ਇਸਾਈ ਧਰਮ ਅਤੇ ਪਵਿੱਤਰ ਮੁਸਲਿਮ ਧਰਮ ਦੇ ਮੁੱਖੀ ਬਾਬਾ ਆਦਮ ਨੇ ਜੋ ਸਾਧਨਾ ਕੀਤੀ ਉਸਦੇ ਬਦਲੇ ਉਹ ਜਿਸ ਲੋਕ ਵਿੱਚ ਪਹੁੰਚਿਆ ਹੈ, ਉੱਥੇ ਵੀ ਚੈਨ ਨਾਲ ਨਹੀਂ ਰਹਿ ਰਿਹਾ। ਇਸ ਲੋਕ ਵਿੱਚ ਵੀ ਬਾਬਾ ਆਦਮ ਵਰਗੇ ਪੁੰਨ ਆਤਮਾਵਾਂ ਦੇ ਪਹਿਲੇ ਦੋਵੇਂ ਪੁੱਤਰਾਂ ਵਿੱਚ ਰਾਗ-ਦਵੇਸ਼

ਭਰਿਆ ਸੀ ਜਿਸ ਕਾਰਣ ਵੱਡੇ ਭਰਾ ਨੇ ਛੋਟੇ ਦੀ ਹੱਤਿਆ ਕਰ ਦਿੱਤੀ। ਇੱਥੇ ਧਰਤੀ ਉੱਤੇ ਵੀ ਬਾਬਾ ਆਦਮ ਮਹਾਂ ਦੁੱਖੀ ਹੀ ਰਹੇ ਕਿਉਂਕਿ ਵੱਡੇ ਭਰਾ ਨੇ ਛੋਟੇ ਨੂੰ ਮਾਰ ਦਿੱਤਾ, ਵੱਡਾ ਘਰ ਤਿਆਗ ਕੇ ਚਲਾ ਗਿਆ। ਸੈਂਕੜੇ ਸਾਲਾਂ ਬਾਅਦ ਬਾਬਾ ਆਦਮ ਨੂੰ ਇੱਕ ਪੁੱਤਰ ਹੋਇਆ। ਜਿਸਤੋਂ ਭਗਤੀ ਮਾਰਗ ਚੱਲਿਆ ਹੈ। ਜਿਸ ਕਿਸੇ ਦੇ ਦੋਵੇਂ ਪੁੱਤਰ ਵਿੱਛੜ ਜਾਣ, ਉਹ ਪਿਤਾ ਸੁੱਖੀ ਨਹੀਂ ਹੋ ਸਕਦਾ ਇਹੀ ਹਾਲਤ ਬਾਬਾ ਆਦਮ ਜੀ ਦੀ ਹੋਈ ਸੀ। ਸੈਂਕੜੇ ਸਾਲ ਦੁੱਖ ਝੱਲਣ ਤੋਂ ਬਾਅਦ ਇੱਕ ਨੇਕ ਪੁੱਤਰ ਪ੍ਰਾਪਤ ਹੋਇਆ। ਫਿਰ ਬਾਬਾ ਆਦਮ ਉਸ ਲੋਕ ਵਿੱਚ ਵੀ ਇਸੇ ਕਸ਼ਟ ਨੂੰ ਝੱਲ ਰਹੇ ਹਨ। ਸਾਰੇ ਨਬੀ ਜੋ ਪਹਿਲਾਂ ਧਰਤੀ ਉੱਤੇ ਅੱਲਾਹ ਦੇ ਭੇਜੇ ਆਏ ਸਨ, ਉਹ (ਹਜ਼ਰਤ ਈਸਾ, ਹਜ਼ਰਤ ਇਬਰਾਹਿਮ, ਹਜ਼ਰਤ ਮੂਸਾ ਆਦਿ) ਵੀ ਉਸੇ ਸਥਾਨ (ਲੋਕ) ਵਿੱਚ ਆਪਣੀ ਸਾਧਨਾ ਨਾਲ ਪਹੁੰਚੇ। ਅਸਲ ਵਿੱਚ ਉਹ ਪਿੱਤਰ ਲੋਕ ਹੈ। ਉਸ ਵਿੱਚ ਆ-ਪੋ-ਆਪਣੇ ਪੂਰਵਜਾਂ ਕੋਲ ਚਲੇ ਜਾਂਦੇ ਹਨ। ਇਸੇ ਤਰ੍ਹਾਂ ਹਿੰਦੂਆਂ ਦਾ ਵੀ ਉੱਪਰ ਉਹੀ ਪਿੱਤਰ ਲੋਕ ਹੈ। ਜਿਨ੍ਹਾਂ ਦਾ ਸੰਸਕਾਰ ਪਿੱਤਰ ਬਣਨ ਦਾ ਹੁੰਦਾ ਹੈ, ਉਹ ਪਿੱਤਰ ਜੂਨੀ ਧਾਰਣ ਕਰਕੇ ਉਸ ਪਿੱਤਰ ਲੋਕ ਵਿੱਚ ਰਹਿੰਦਾ ਹੈ। ਫਿਰ ਪਿੱਤਰ ਵਾਲਾ ਜੀਵਨ ਭੋਗ ਕੇ ਫਿਰ ਭੂਤ ਅਤੇ ਹੋਰ ਪਸ਼ੂ-ਪੰਛੀਆਂ ਦੀਆਂ ਜੂਨਾਂ ਵੀ ਭੋਗਦਾ ਹੈ। ਇਹ ਤਾਂ ਪੂਰਣ ਮੋਕਸ਼ ਅਤੇ ਸੁੱਖ ਪ੍ਰਾਪਤੀ ਨਹੀਂ ਹੋਈ। ਹੋਰ ਵਰਤਮਾਨ ਦੇ ਸਾਧਕਾਂ ਨੂੰ ਕੀ ਉਪਲਬਧੀ ਹੋਵੇਗੀ?

ਪਵਿੱਤਰ ਬਾਈਬਲ ਵਿੱਚ ਲਿਖਿਆ ਹੈ ਕਿ ਹਜ਼ਰਤ ਆਦਮ ਦੇ ਕਾਈਨ ਅਤੇ ਹਾਬਿਲ ਦੋ ਪੁੱਤਰ ਸਨ। ਹਾਬਿਲ ਭੇਡ ਬੱਕਰਿਆਂ ਪਾਲ ਕੇ ਗੁਜ਼ਾਰ ਕਰ ਰਿਹਾ ਸੀ ਅਤੇ ਕਾਇਨ ਖੇਤੀ ਕਰਦਾ ਸੀ। ਇੱਕ ਦਿਨ ਕਾਇਨ ਆਪਣੀ ਪਹਿਲੀ ਫ਼ਸਲ ਦਾ ਕੁਝ ਹਿੱਸਾ ਪ੍ਰਭੂ ਦੇ ਲਈ ਲੈ ਗਿਆ। ਪ੍ਰਭੂ ਨੇ ਕਾਇਨ ਦਾ ਤੋਹਫ਼ਾ ਸਵੀਕਾਰ ਨਹੀਂ ਕੀਤਾ ਕਿਉਂਕਿ ਕਾਇਨ ਦਾ ਦਿਲ ਸਾਫ਼ ਨਹੀਂ ਸੀ। ਹਾਬਿਲ ਆਪਣੀ ਭੇਡ ਦਾ ਜੇਠਾ ਮੇਮਣਾਂ (ਬੱਚਾ) ਤੋਹਫ਼ੇ ਦੇ ਲਈ ਲੈ ਕੇ ਪ੍ਰਭੂ ਦੇ ਕੋਲ ਗਿਆ, ਜੋ ਪ੍ਰਭੂ ਨੇ ਸਵੀਕਾਰ ਕਰ ਲਿਆ। ਇਸ ਗੱਲ ਨਾਲ ਕਾਇਨ ਗੁੱਸੇ ਹੋ ਗਿਆ। ਉਹ ਆਪਣੇ ਛੋਟੇ ਭਰਾ ਹਾਬਿਲ ਨੂੰ ਬਹਿਕਾ ਕੇ ਜੰਗਲ ਵਿੱਚ ਲੈ ਗਿਆ, ਉੱਥੇ ਉਸਦੀ ਹੱਤਿਆ ਕਰ ਦਿੱਤੀ। ਪ੍ਰਭੂ ਨੇ ਪੁੱਛਿਆ ਕਾਇਨ ਤੇਰਾ ਭਰਾ ਕਿੱਥੇ ਗਿਆ, ਕਾਇਨ ਨੇ ਕਿਹਾ ਮੈਂ ਕੀ ਉਸਦੇ ਪਿੱਛੇ-ਪਿੱਛੇ ਫਿਰਦਾਂ ਹਾਂ, ਮੈਨੂੰ ਕੀ ਪਤਾ?

ਤਦ ਪ੍ਰਭੂ ਨੇ ਕਿਹਾ ਕਿ ਤੂੰ ਆਪਣੇ ਭਰਾ ਦੇ ਖ਼ੂਨ ਨਾਲ ਧਰਤੀ ਨੂੰ ਰੰਗਿਆ ਹੈ। ਹੁਣ ਮੈਂ ਤੈਨੂੰ ਸਰਾਪ ਦਿੰਦਾ ਹਾਂ ਕਿ ਤੂੰ ਰੋਜ਼ੀ ਲਈ ਭਟਕਦਾ ਰਹੇਗਾ।

ਵਿਚਾਰ ਕਰੋ :- ਵਿਚਾਰ ਕਰਨ ਯੋਗ ਹੈ ਕਿ ਜਿੱਥੋਂ ਦੋਵਾਂ ਪਵਿੱਤਰ ਧਰਮਾਂ (ਮੁਸਲਮਾਨ ਅਤੇ ਇਸਾਈ) ਦੇ ਪੂਰਵਜ ਮੋਢੀਆਂ ਦੀ ਜੀਵਨੀ ਸ਼ੁਰੂ ਹੁੰਦੀ ਹੈ ਉਥੋਂ ਹੀ ਦਿਲ ਕੰਬਾਊ ਘਟਨਾਵਾਂ ਸ਼ੁਰੂ ਹੋ ਗਈਆਂ।

ਅਸਲ ਵਿੱਚ ਹਜ਼ਰਤ ਆਦਮ ਦੇ ਸਰੀਰ ਵਿੱਚ ਕੋਈ ਪਿੱਤਰ ਆ ਕੇ ਪ੍ਰਵੇਸ਼ ਕਰਦਾ ਸੀ। ਉਹੀ ਮਾਸ ਖਾਣ ਦਾ ਆਦੀ ਹੋਣ ਕਾਰਣ ਪਵਿੱਤਰ ਆਤਮਾਵਾਂ ਨੂੰ ਗੁੰਮਰਾਹ ਕਰਦਾ ਸੀ ਕਿ ਅੱਲਾਹ (ਪ੍ਰਭੂ) ਨੂੰ ਭੇਡ ਦੇ ਬੱਚੇ ਦਾ ਤੋਹਫ਼ਾ ਸਵੀਕਾਰ ਹੈ। ਦੋਵੇਂ ਭਰਾਵਾਂ ਦਾ ਝਗੜਾ ਕਰਵਾ ਦਿੱਤਾ। ਹਜ਼ਰਤ ਆਦਮ ਜੀ ਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ।

## "ਹਜ਼ਰਤ ਮੁਹੰਮਦ ਜੀ ਵਿੱਚ ਕਾਲ (ਬ੍ਰਹਮ) ਅਤੇ ਹੋਰ ਦੇਵ ਅਤੇ ਪਿੱਤਰ ਪ੍ਰਵੇਸ਼ ਕਰਕੇ ਬੋਲਦੇ ਸਨ ਦਾ ਪ੍ਰਮਾਣ"

ਸਭ ਪਵਿੱਤਰ ਧਰਮਾਂ ਦੇ ਸ਼ਰਧਾਲੂ ਅਸਲ ਗਿਆਨ ਅਤੇ ਭਗਤੀ ਵਿਧੀ ਤੋਂ ਵਾਂਝੇ ਹਨ। ਉਹ ਅਸਲ ਤੱਤਵਗਿਆਨ ਅਤੇ ਭਗਤੀ ਵਿਧੀ ਮੈਂ (ਕਬੀਰ ਪਰਮੇਸ਼ਵਰ ਕਾਸ਼ੀ ਵਾਲਾ ਜੁਲਾਹਾ/ਧਾਣਕ) ਖੁਦ ਹੀ ਦੱਸਣ ਆਇਆ ਹਾਂ। ਮੇਰੇ ਤੇ ਵਿਸ਼ਵਾਸ ਕਰੋ। ਅਤੇ ਦੱਸਦਾ ਹਾਂ (ਪਰਮੇਸ਼ਵਰ ਕਬੀਰ ਸਾਹਿਬ ਜੀ ਨੇ ਆਪਣੇ ਅਮ੍ਰਿਤ ਵਚਨਾਂ ਨੂੰ ਜਾਰੀ ਰੱਖਦੇ ਹੋਏ ਕਿਹਾ)-

ਮੈਂ ਇੱਕ ਮੁੱਲਾ ਦੁਆਰਾ ਕੁਰਾਨ ਸ਼ਰੀਫ ਦੀ ਕੁਝ ਸੂਰਤਾਂ ਦਾ ਵੇਰਵਾ ਸੁਣਿ-ਆ ਸੀ, ਉਨ੍ਹਾਂ ਵਿੱਚੋਂ ਹੇਠਾਂ ਵੇਰਵਾ ਲਿਖਿਆ ਹੈ - ਕੁਰਾਨ ਸ਼ਰੀਫ ਅਰਥਾਤ ਕੁਰਾਨ ਮਜ਼ੀਦ ਦੀ ਪ੍ਰਾਪਤੀ ਕਿਵੇਂ ਹੋਈ? (ਕੁਰਾਨ ਸ਼ਰੀਫ ਵਾਲਾ ਜਿਉਂ ਦਾ ਤਿਉਂ ਵਿਵਰਣ ਕੁਰਾਨ ਮਜ਼ੀਦ ਵਿੱਚ ਹੈ)। ਕੁਰਾਨ ਮਜੀਦ - ਤਰਜੁਮਾ, ਫਤੇਹ ਮੁਹੰਮਦ ਖ਼ਾਂ ਸਾਹਬ ਜਾਲੰ-ਧਰੀ, ਪ੍ਰਕਾਸ਼ਕ: ਮਹਮੂਦ ਐਂਡ ਕੰਪਨੀ, ਮਰੋਲ ਪਾਈਪ ਲਾਈਨ, ਬੰਬਈ-59, ਸੋਲ ਏਜੰਟ, ਫਰੀਦ ਬੁਕ ਡਿਪੋ, ਦੇਹਲੀ -6

ਉਪਰੋਕਤ ਪੁਸਤਕ ਦੇ: ਮੁਕੱਦਮਾ ਦੇ ਪੰਨਾ 6-7 ਤੇ ਲਿਖਿਆ ਹੈ: -

## "ਕੁਰਾਨ ਮਜ਼ੀਦ ਦੇ ਉੱਤਰਣ ਤੇ ਸੰਗ੍ਰਹਿ ਅਤੇ ਸੰਕਲਨ ਕਰਨ ਦੇ ਹਾਲਾਤ"

ਉਪਰੋਕਤ ਪੁਸਤਕ ਕੁਰਾਨ ਮਜ਼ੀਦ ਦੇ ਮੁਕੱਦਮਾ ਪੰਨਾ 6-7 ਤੇ ਲਿਖੇ ਲੇਖਕ ਦੇ ਲੇਖ ਦਾ ਸਿੱਟਾ: -

ਕੁਰਾਨ ਮਜ਼ੀਦ (ਸ਼ਰੀਫ਼) 23 ਸਾਲਾਂ ਵਿੱਚ ਪੂਰੀ ਲਿਖੀ ਗਈ। ਜਦ ਹਜ਼ਰਤ ਮੁਹੰਮਦ ਜੀ ਦੀ ਉਮਰ 40 ਸਾਲ ਸੀ ਉਸ ਸਮੇਂ ਤੋਂ ਸ਼ੁਰੂ ਹੋਈ ਅਤੇ ਆਖਰ ਸਮੇਂ 63 ਸਾਲ ਦੀ ਉਮਰ ਤੱਕ 23 ਸਾਲ ਲਗਾਤਾਰ ਕਦੀ ਇੱਕ ਆਇਤ, ਕਦੀ ਅੱਧੀ, ਕਦੀ ਦੋ ਆਇਤ, ਕਦੀ 10 ਆਇਤ, ਕਦੀ ਪੂਰੀ ਸੂਰਤਾਂ ਉੱਤਰੀਆਂ ਹਨ। ਇਸੀ ਨੂੰ ਸ਼ਰੀਅਤ ਵਿੱਚ "ਬਹਯ" ਕਹਿੰਦੇ ਹਨ।

ਵਿਦਵਾਨਾਂ ਨੇ ਲਿਖਿਆ ਹੈ "ਵਹਯ, (ਵੇਹਯ)" ਉੱਤਰਣ ਦੇ ਭਿੰਨ-ਭਿੰਨ ਤਰੀਕੇ ਹਦੀਸਾਂ ਵਿੱਚ ਪੇਸ਼ ਕੀਤੇ ਹਨ।

1. ਫਰਿਸ਼ਤਾ "ਵਹਯ (ਵੇਹਯ)" ਤੋਂ ਲੈ ਕੇ ਆਉਂਦਾ ਸੀ ਤਾਂ ਘੰਟੀਆਂ ਜਿਹੀਆਂ ਵਜਦੀਆਂ ਸਨ। ਨਬੀ ਮੁਹੰਮਦ ਜੀ ਦੀ ਜਾਨ ਨਿਕਲਣ ਨੂੰ ਹੋ ਜਾਂਦੀ ਸੀ। ਇਹ ਤਰੀਕਾ ਜ਼ਿਆਦਾ ਦਰਦਨਾਕ ਨਬੀ ਮੁਹੰਮਦ ਜੀ ਦੇ ਲਈ ਹੁੰਦਾ ਸੀ।

ਇਹ ਵੀ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਜੀ ਨੁਬੂਬਤ ਦੇ ਬਾਅਦ (40 ਸਾਲ ਦੀ ਉਮਰ ਤੋਂ ਨਬੀ ਬਣਨ ਦੇ ਬਾਅਦ) ਰਮਜ਼ਾਨ ਦੇ ਦਿਨਾਂ ਵਿੱਚ ਪੂਰਾ ਕੁਰ-ਾਨ ਮਜ਼ੀਦ (ਸ਼ਰੀਫ਼) ਅੱਲਾਹ ਦੇ ਕੋਲੋਂ ਉਸ ਆਸਮਾਨ ਤੋਂ ਜਿਸਨੂੰ ਅਸੀਂ ਦੇਖ ਨਹੀਂ ਸਕਦੇ ਹਾਂ ਅੱਲਾਹ (ਪ੍ਰਭੂ) ਦੇ ਹੁਕਮ (ਆਗਿਆ) ਤੋਂ ਉਤਾਰਿਆ ਗਿਆ ਅਰਥਾਤ ਉਸ ਹੀ ਅੱਲਾਹ ਦੁਆਰਾ ਬੋਲਿਆ ਗਿਆ। ਇਸ ਦੇ ਬਾਅਦ ਹਜ਼ਰਤ ਜ਼ਿਬਰਾਇਲ ਨੂੰ ਜਿਸ ਸਮੇਂ, ਜਿਸ ਤਰਾਂ ਹੁਕਮ (ਆਗਿਆ) ਹੋਇਆ, ਉਹਨਾਂ ਨੇ ਪਵਿੱਤਰ ਕਲਾਮ ਨੂੰ ਬਿਲਕੁਲ ਓਹੋ ਜਿਹਾ ਹੀ ਬਿਨਾਂ ਕਿਸੇ ਬਦਲਾਅ ਦੇ ਨਬੀ ਮੁਹੰਮਦ ਜੀ ਤੱਕ ਪਹੁੰਚਾਇਆ।

2. ਕਦੇ ਫ਼ਰਿਸ਼ਤਾ ਦਿਲ ਵਿਚ ਕੋਈ ਗੱਲ ਪਾ ਦੇਵੇ।

3. ਫਰਿਸ਼ਤਾ ਆਦਮੀ ਦੇ ਰੂਪ ਵਿਚ ਆ ਕੇ ਗੱਲ ਕਰੇ।

{ਨੋਟ – ਹਜ਼ਰਤ ਮੁਹੰਮਦ ਦੀ ਜੀਵਨੀ ਵਿੱਚ ਲਿਖਿਆ ਹੈ ਕਿ ਜਿਸ ਸਮੇਂ ਜ਼ਿਬਰਾਈਲ ਫਰਿਸ਼ਤਾ ਪਹਿਲੀ ਬਾਰ ਵੇਹਯ (ਵਹਯ) ਲੈ ਕੇ ਆਇਆ ਮਨੁੱਖ ਰੂਪ ਵਿੱਚ ਦਿਖਾਈ ਦਿੱਤਾ, ਤਾਂ ਉਸਨੇ ਮੁਹੰਮਦ ਜੀ ਦਾ ਗਲਾ ਘੁੱਟ ਕੇ ਕਿਹਾ ਇਹਨੂੰ ਪੜ੍ਹੋ। ਹਜ਼ਰਤ ਮੁਹੰਮਦ ਜੀ ਨੇ ਦੱਸਿਆ ਕਿ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਮੇਰਾ ਗ਼ਲਾ ਘੁੱਟ ਰਿਹਾ ਹੋਵੇ। ਮੇਰੇ ਸਰੀਰ ਨੂੰ ਦਬਾ ਰਿਹਾ ਹੋਵੇ। ਅਜਿਹਾ ਦੋ ਵਾਰ ਕੀਤਾ ਫਿਰ ਤੀਜੀ ਵਾਰ ਫਿਰ ਕਿਹਾ ਪੜ੍ਹੋ। ਮੈਨੂੰ ਅਜਿਹਾ ਲੱਗਿਆ ਕਿ ਉਹ ਫਿਰ ਗਲਾ ਘੁੱਟੇਗਾ, ਇਸ ਵਾਰ ਹੋਰ ਜ਼ੋਰ ਨਾਲ ਦੱਬੇਗਾ, ਮੈਂ ਕਿਹਾ ਕੀ ਪੜ੍ਹਾਂ? ਕੁਰਾਨ ਦੀ ਪਹਿਲੀ ਆਇਤ ਪੜ੍ਹਾਈ, ਉਹ ਮੈਨੂੰ ਯਾਦ ਹੋ ਗਈ। ਫਿਰ ਫਰਿਸ਼ਤਾ ਚਲਾ ਗਿਆ, ਮੈਂ ਘਬਰਾ ਗਿਆ। ਦਿਲ ਬੈਠਦਾ ਜਾ ਰਿਹਾ ਸੀ। ਸਾਰਾ ਸਰੀਰ ਥਰ-ਥਰ ਕੰਬਣ ਲੱਗਾ। ਗੁਫ਼ਾ ਤੋਂ ਬਾਹਰ ਆ ਕੇ ਸੋਚਿਆ ਇਹ ਕੌਣ ਸੀ। ਫਿਰ ਉਹੀ ਫਰਿਸ਼ਤਾ ਆਦਮੀ ਦੀ ਸੂਰਤ ਵਿੱਚ ਦਿਖਾਈ ਦਿੱਤਾ, ਜਿੱਥੇ ਦੇਖਾਂ ਉਹ ਹੀ ਦਿਖਾਈ ਦੇਣ ਲੱਗਾ। ਉੱਪਰ, ਹੇਠਾਂ, ਖੱਬੇ, ਸੱਜੇ ਸਾਰੇ ਪਾਸੇ। ਘਰ ਆ ਕੇ ਚਾਦਰ ਲੈ ਕੇ ਲੇਟ ਗਿਆ। ਸਾਰਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਸੀ। ਮੈਨੂੰ ਡਰ ਹੈ ਕਿ ਖਦੀਜਾ, ਕਿਤੇ ਮਰ ਨਾ ਜਾਵਾਂ। ਫਿਰ ਹਜ਼ਰਤ ਮੁਹੰਮਦ ਜੀ ਨੇ ਆਪਣੀ ਪਤਨੀ ਖਦੀਜਾ ਨੂੰ ਸਾਰੀ ਗੱਲ ਦੱਸੀ, ਫਿਰ ਇੱਕ 'ਬਰਕਾ' ਨਾਮ ਦੇ ਵਿਅਕਤੀ ਨੇ ਹਜ਼ਰਤ ਮੁਹੰਮਦ ਜੀ ਤੋਂ ਸਾਰੀ ਗੱਲ ਸੁਣ ਕੇ ਕਿਹਾ ਤੁਸੀਂ 'ਨਬੀ' ਬਣੋਗੇ। ਉਹੀ ਫਰਿਸ਼ਤਾ ਮੂਸਾ ਜੀ ਦੇ ਕੋਲ਼ ਵੀ ਆਉਂਦਾ ਸੀ। ਉਪਰੋਕਤ ਵਿਵਰਣ ਤੋ ਤਾਂ ਸਿੱਧ ਹੁੰਦਾ ਹੈ ਕਿ ਫਰਿਸ਼ਤਾ ਆਦਮੀ ਰੂਪ ਵਿੱਚ ਵਹਯ ਲੈ ਕੇ ਆਉਂਦਾ ਸੀ ਤਾਂ ਵੀ ਹਜ਼ਰਤ ਮੁਹੰਮਦ ਜੀ ਨੂੰ ਬਹੁਤ ਕਸ਼ਟ ਹੋਇਆ ਕਰਦਾ ਸੀ।}

4. ਅੱਲਾਹ ਤਾ਼ਲਾ ਜਾਗਦੇ ਵਿੱਚ ਨਬੀ ਮੁਹੰਮਦ (ਸੱਲ) ਤੋਂ ਕਲਾਮ ਫਰਮਾਏ। ਭਾਵਾਰਥ ਇਹ ਹੈ ਕਿ ਅਕਾਸ਼ਵਾਣੀ ਕਰ ਕੇ ਬ੍ਰਹਮ ਖੁਦ ਬੋਲਦਾ ਸੀ।

5. ਅੱਲਾਹ ਤਾ਼ਲਾ ਸੁਪਨੇ ਦੀ ਹਾਲਤ ਵਿੱਚ ਕਲਾਮ ਫਰਮਾਏ।

6. ਫਰਿਸ਼ਤਾ ਸੁਪਨੇ ਦੇ ਹਾਲਤ ਵਿੱਚ ਆ ਕੇ ਕਲਾਮ ਕਰੇ (ਇਸ ਛੇਵੀਂ ਅਤੇ ਪੰਜਵੀਂ ਤਰ੍ਹਾਂ 'ਤੇ ਵਿਵਾਦ ਹੈ, ਬਾਕੀ ਉਪਰੋਕਤ ਕੁਰਾਨ ਮਜ਼ੀਦ (ਸ਼ਰੀਫ) ਉੱਤਰਨ ਦੀ 4 ਸਹੀ ਹਨ।) ਪੰਨਾ 29 ਤੇ ਲਿਖਿਆ ਹੈ ਕੀ ਕਦੇ ਖੁਦ "ਵਹਯ (ਵੇਹਯ)" ਆਉਂਦੀ ਸੀ। ਭਾਵਅਰਥ ਹੈ ਕਿ ਜਿਵੇਂ ਕੋਈ ਪ੍ਰੇਤ ਪ੍ਰਵੇਸ਼ ਕਰ ਕੇ ਬੋਲਦਾ ਹੈ। ਕਦੇ ਨਬੀ ਮੁਹੰਮਦ ਚਾਦਰ ਲਪੇਟ ਕੇ ਲੇਟ ਜਾਂਦੇ ਸਨ, ਫਿਰ ਚਾਦਰ ਦੇ ਅੰਦਰੋਂ ਬੋਲਦੇ ਸਨ।

ਪਵਿੱਤਰ ਕੁਰਾਨ ਮਜ਼ੀਦ (ਸ਼ਰੀਫ) ਦੇ ਮੁਕੱਦਮਾ ਦੇ ਪੰਨਾ 6-7 ਦੇ ਲਿਖੇ ਲੇਖ ਤੋਂ ਸਪੱਸ਼ਟ ਹੈ ਕਿ ਜ਼ਿਬਰਾਈਲ ਨਾਮਕ ਫਰਿਸ਼ਤੇ ਨੇ ਤਾਂ ਸਿਰਫ ਸੰਦੇਸ਼ ਵਾਹਕ ਦਾ ਕੰਮ ਕੀਤਾ ਹੈ। ਗਿਆਨ ਅਤੇ ਆਦੇਸ਼ ਦੇਣ ਵਾਲਾ ਪ੍ਰਭੂ ਅਰਥਾਤ ਕਾਲ ਭਗਵਾਨ ਇੱਕ ਦੇਸ਼ੀ ਸਾਕਾਰ ਸਿੱਧ ਹੋਇਆ ਜੋ ਸੱਤਵੇਂ ਆਸਮਾਨ ਤੇ ਅਵਿਅਕਤ ਰੂਪ ਵਿੱਚ ਹੈ, ਜਿਸਨੂੰ ਦੇਖਿਆ ਨਹੀਂ ਜਾ ਸਕਦਾ। ਅਵਿਅਕਤ ਦਾ ਉਦਾਹਰਣ ਹੈ ਜਿਵੇਂ ਸੂਰਜ ਬੱਦਲਾਂ ਦੇ ਪਾਰ ਹੋਣ ਕਾਰਣ ਅਦ੍ਰਿਸ਼ (ਅਵਿਅਕਤ) ਹੁੰਦਾ ਹੈ। ਦਿਨ ਹੁੰਦੇ ਹੋਏ ਵੀ ਦਿਖਾਈ ਨਹੀਂ ਦਿੰਦਾ। ਇਸੇ ਤਰ੍ਹਾਂ ਪਰਮਾਤਮਾ ਇੱਕ ਦੇਸ਼ੀ ਜਾਣੋ ਅਤੇ ਆਪਣੀ ਸ਼ਕਤੀ ਨਾਲ ਛੁੱਪਿਆ ਹੈ। ਜਿਸ ਕਾਰਣ ਉਸਨੂੰ ਨਿਰਾਕਾਰ ਮੰਨਿਆ ਹੈ। ਪ੍ਰੰਤੂ ਭਗਤੀ ਦੀ ਸਤ ਸਾਧਨਾ ਦੁਆਰਾ ਦੇਖਿਆ ਜਾ ਸਕਦਾ ਹੈ। ਉਹ ਸਤ ਭਗਤੀ ਵਿਧੀ ਕੁਰਾਨ ਸ਼ਰੀਫ ਵਿੱਚ ਨਹੀਂ ਹੈ ਕਿਉਂਕਿ ਉਸ ਦੇ ਲਈ ਕਿਸੇ ਬਾਖਬਰ (ਤੱਤਵਦਰਸ਼ੀ) ਤੋਂ ਜਾਣਨ ਲਈ ਕਿਹਾ ਹੈ। ਕੁਰਾਨ ਸ਼ਰੀਫ (ਮਜੀਦ) ਦੇ ਗਿਆਨ ਦਾਤਾ ਨੇ ਕਿਸੇ ਹੋਰ

ਕਬੀਰ ਨਾਮਕ ਅੱਲਾਹ (ਪ੍ਰਭੂ) ਨੂੰ ਸਭ ਦਾ ਪਾਲਣ ਕਰਤਾ, ਸਭ ਬ੍ਰਹਿਮੰਡਾਂ ਦਾ ਰਚਨ-ਹਾਰ, ਸਭ ਦੇ ਪੂਜਾ ਦੇ ਯੋਗ ਕਿਹਾ ਹੈ। ਕੁਰਾਨ ਸ਼ਰੀਫ (ਮਜ਼ੀਦ) ਸੁਰਤ ਫੁਰਕਾਨਿ 25 ਆਯਤ 52 ਤੋਂ 58 ਅਤੇ 59 ਵਿੱਚ ਵਰਣਨ ਹੈ। ਜਿਸ ਵਿੱਚ ਕੁਰਾਨ ਗਿਆਨ ਦਾਤਾ ਅੱਲਾਹ ਨੇ ਕਿਹਾ ਹੈ ਕਿ ਉਸ ਉਪਰੋਕਤ ਅੱਲਾਹ ਕਬੀਰ ਜਾਂ ਖਬੀਰ ਜਿਸਨੂੰ ਅੱਲਾਹੂ ਅਕਬਰ ਵੀ ਕਿਹਾ ਜਾਂਦਾ ਹੈ। ਉਸਦੇ ਵਿਸ਼ੇ ਵਿੱਚ ਮੈਂ (ਕੁਰਾਨ ਦਾ ਗਿਆਨ ਦਾਤਾ) ਨਹੀਂ ਜਾਣਦਾ। ਉਸਦੇ ਵਿਸ਼ੇ ਵਿੱਚ ਕਿਸੇ ਬਾਖਬਰ (ਤੱਤਵਦਰਸ਼ੀ ਸੰਤ) ਤੋਂ ਪੁੱਛੋ। ਉਹ ਕਬੀਰ ਅੱਲਾਹ ਛੇ ਦਿਨ ਵਿੱਚ ਸ਼੍ਰਿਸ਼ਟੀ ਦੀ ਉਤਪੱਤੀ ਕਰਕੇ ਸੱਤਵੇਂ ਦਿਨ ਤਖ਼ਤ ਉੱਤੇ ਜਾ ਵਿਰਾਜਿਆ। ਇਸਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਪੂਰਣ ਪਰਮਾਤਮਾ ਕਬੀਰ ਸਾਕਾਰ ਹੈ।

ਇਹੀ ਪ੍ਰਮਾਣ ਪਵਿੱਤਰ ਬਾਈਬਲ "ਉਤਪੱਤੀ ਗ੍ਰੰਥ" ਵਿੱਚ ਵੀ ਹੈ। ਹਜ਼ਰਤ ਆਦਮ ਦੇ ਅੱਲਾਹ (ਪ੍ਰਭੂ) ਨੇ ਪੂਰਣ ਪਰਮਾਤਮਾ ਦੇ ਦੁਆਰਾ ਰਚੀ ਸ੍ਰਿਸ਼ਟੀ ਦਾ ਵਰਣਨ ਕੀਤਾ ਹੈ। ਛੇਵੇਂ ਦਿਨ ਪਰਮੇਸ਼ਵਰ ਨੇ ਕਿਹਾ ਕਿ ਅਸੀਂ ਮਨੁੱਖ ਨੂੰ ਆਪਣੇ ਸਵਰੂਪ ਵਿੱਚ ਬਣਾਈਏ। ਪ੍ਰਭੂ ਨੇ ਮਨੁੱਖ ਨੂੰ ਆਪਣੇ ਸਵਰੂਪ ਦੇ ਅਨੁਸਾਰ ਬਣ-ਾਇਆ। ਫਿਰ ਉਹਨਾਂ ਦੇ ਖਾਣ ਦੇ ਲਈ ਸਿਰਫ ਫ਼ਲਦਾਰ ਦਰਖਤ ਅਤੇ ਬੀਜਦਾਰ ਪੌਦੇ ਦਿੱਤੇ। ਮਾਸ ਖਾਣ ਦੀ ਆਗਿਆ ਨਹੀਂ ਦਿੱਤੀ ਅਤੇ ਸੱਤਵੇਂ ਦਿਨ ਵਿਸ਼ਰਾਮ ਕੀਤਾ।

## "ਪਵਿੱਤਰ ਈਸਾਈ ਅਤੇ ਮੁਸਲਮਾਨ ਧਰਮਾਂ ਦੇ ਅਨੁਯਾਈਆਂ ਨੂੰ ਕਰਮ ਆਧਾਰ ਨਾਲ ਲਾਭ-ਹਾਨੀ ਕਰਨ ਵਾਲੇ ਵੀ (ਸ਼੍ਰੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਤਿੰਨ ਹੀ ਦੇਵਤਾ"

ਹਜ਼ਰਤ ਆਦਮ ਅਤੇ ਉਨ੍ਹਾਂ ਦੀ ਪਤਨੀ ਹਵਾ ਅਤੇ ਹੋਰ ਪ੍ਰਾਣੀਆਂ ਅਤੇ ਸਾਰੇ ਬ੍ਰਹਿਮੰਡਾਂ ਦੀ ਉਤਪੱਤੀ ਕਰਕੇ ਕੁਰਾਨ ਅਤੇ ਬਾਈਬਲ ਬੋਲਣ ਵਾਲੇ ਪ੍ਰਭੂ ਨੂੰ ਸੌਂਪ ਦਿੱਤਾ। ਬਾਈਬਲ ਦੇ ਉਤਪੱਤੀ ਗ੍ਰੰਥ ਤੋਂ ਵੀ ਸਿੱਧ ਹੁੰਦਾ ਹੈ ਕਿ ਪਰਮਾਤਮਾ ਮਨੁੱਖ ਵਰਗਾ ਹੈ। ਕਿਉਂਕਿ ਪ੍ਰਭੂ ਨੇ ਮਨੁੱਖ ਨੂੰ ਆਪਣੇ ਵਰਗਾ ਬਣਾਇਆ ਅਤੇ ਸੱਤ ਦਿਨਾਂ ਦੇ ਬਾਅਦ ਦਾ ਵਰਨਣ ਕੁਰਾਨ ਸ਼ਰੀਫ ਅਤੇ ਬਾਈਬਲ ਗਿਆਨ ਦਾਤਾ (ਕਾਲ/ਜਯੋਤੀ ਨਿਰੰਜਨ) ਦੀ ਲੀਲਾ ਦਾ ਹੈ। ਪਵਿੱਤਰ ਬਾਈਬਲ ਵਿੱਚ ਲਿਖਿਆ ਹੈ ਕਿ ਫਿਰ ਯਹੋਵਾ ਪਰਮੇਸ਼ਵਰ ਨੇ ਕਿਹਾ, ਮਨੁੱਖ ਭਲੇ-ਬੁਰੇ ਦਾ ਗਿਆਨ ਪਾ ਕੇ ਸਾਡੇ ਵਿੱਚੋ ਇੱਕ ਦੇ ਸਮਾਨ ਹੋ ਗਿਆ ਹੈ। ਇਸ ਲਈ ਹੁਣ ਅਜਿਹਾ ਨਾ ਹੋਵੇ ਕਿ ਉਹ ਹੱਥ ਵਧਾ ਕੇ ਜੀਵਨ ਦੇ ਰੁੱਖ ਦਾ ਫਲ ਤੋੜ ਕੇ ਖਾ ਲਵੇ ਅਤੇ ਸਦਾ ਜੀਵਿਤ ਰਹੇ। ਪਰਮੇਸ਼ਵਰ ਨੇ ਉਸਨੂੰ ਅਦਨ ਦੇ ਬਾਗ ਵਿੱਚੋਂ ਕੱਢ ਦਿੱਤਾ।

ਉਪਰੋਕਤ ਵਿਵਰਣ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਜੋ ਆਦਮ ਦਾ ਪ੍ਰਭੂ ਹੈ ਅਜਿਹਾ ਕੋਈ ਹੋਰ ਵੀ ਹੈ ਅਤੇ ਸਾਕਾਰ ਹੈ। ਇਸ ਲਈ ਤਾਂ ਕਿਹਾ ਹੈ ਕਿ ਮਨੁੱਖ ਜੀਵਨ ਫ਼ਲ ਨੂੰ ਖਾ ਕੇ ਸਾਡੇ ਵਿੱਚੋਂ ਇੱਕ ਦੇ ਸਮਾਨ ਹੋ ਗਿਆ ਹੈ। ਕਿਉਂਕਿ ਬਾਈਬਲ ਦੇ ਉਤਪੱਤੀ ਗ੍ਰੰਥ ਵਿੱਚ ਹੀ ਲਿਖਿਆ ਹੈ ਕਿ ਆਦਮ ਨੇ ਭਲੇ-ਬੁਰੇ ਦੇ ਗਿਆਨ ਵਾਲਾ ਫਲ ਤੋੜ ਕੇ ਖਾ ਲਿਆ ਤਾਂ ਉਸਨੂੰ ਪਤਾ ਲੱਗਾ ਕਿ ਉਹ ਨੰਗਾ ਹੈ। ਯਹੋਵਾ ਪਰਮੇਸ਼ਵਰ ਟਹਿਲਦੇ ਹੋਏ ਆ ਗਿਆ। ਉਸਨੇ ਆਦਮ ਨੂੰ ਬੁਲਾਇਆ ਤੂੰ ਕਿੱਥੇ ਹੈਂ? ਤਦ ਆਦਮ ਨੇ ਕਿਹਾ ਮੈਂ ਤੇਰੀ ਅਵਾਜ਼ ਸੁਣ ਕੇ ਲੁਕ ਗਿਆ ਹਾਂ ਕਿਉਂਕਿ ਮੈਂ ਨੰਗਾ ਹਾਂ। ਫਿਰ ਪਰਮੇਸ਼ਵਰ ਨੇ ਆਦਮ ਅਤੇ ਉਸਦੀ ਪਤਨੀ ਹਵਾ ਦੇ ਕੱਪੜੇ ਬਣਵਾਏ।

ਵਿਚਾਰ ਕਰੋ ਕਿ ਉਪਰੋਕਤ ਵਿਵਰਣ ਸਵੈ-ਸਿੱਧ ਕਰ ਰਿਹਾ ਹੈ ਕਿ ਪੂਰਣ ਪਰਮਾਤਮਾ ਵੀ ਸਹਿਸਰੀਰ ਮਨੁੱਖ ਵਰਗੇ ਆਕਾਰ ਦਾ ਹੈ ਅਤੇ ਹੋਰ ਪ੍ਰਭੂ ਵੀ ਮਨੁੱਖ ਵਰਗੇ ਆਕਾਰ ਦੇ ਹਨ, ਜਿਸ ਨੂੰ ਪਵਿੱਤਰ ਈਸਾਈ ਅਤੇ ਮੁਸਲਮਾਨ ਧਰਮ ਨਿਰ-ੇਕਾਰ ਮੰਨਦਾ ਹੈ ਅਤੇ ਪ੍ਰਭੂ ਇੱਕ ਤੋਂ ਵੱਧ ਵੀ ਹਨ।

ਕਿਉਂਕਿ ਕਾਲ ਬ੍ਰਹਮ ਆਪ ਸਾਹਮਣੇ ਨਹੀਂ ਆਉਂਦਾ, ਉਸਨੇ ਆਪਣੇ ਤਿੰਨ ਪੁੱਤਰਾਂ (ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂੰ ਜੀ, ਤਮਗੁਣ ਸ਼ਿਵ ਜੀ) ਦੇ ਦੁਆਰਾ ਇੱਕ ਬ੍ਰਹਿਮੰਡ ਦਾ ਕੰਮ ਚਲਾ ਰੱਖਿਆ ਹੈ। ਹਜ਼ਰਤ ਆਦਮ ਜੀ ਭਗਵਾਨ ਬ੍ਰਹਮਾ ਦੇ ਅਵਤਾਰ ਹਨ। ਹਜ਼ਰਤ ਆਦਮ ਨੂੰ ਸ਼੍ਰੀ ਬ੍ਰਹਮਾ ਨੇ ਬਹਿਕਾ ਕੇ ਰੱਖਿਆ ਸੀ, ਉਸੇ ਨੇ ਉਸਨੂੰ ਉੱਥੋਂ ਕੱਢਿਆ ਸੀ। ਇਸੇ ਲਈ ਕਿਹਾ ਹੈ ਕਿ ਭਲੇ-ਬੁਰੇ ਦੇ ਗਿਆਨ ਵਾਲਾ ਫਲ ਖਾ ਕੇ ਆਦਮ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ਹੈ। ਕਿਉਂਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨੋਂ ਦੇਵਤੇ ਹਨ, ਹਜ਼ਰਤ ਈਸਾ ਦੇ ਅਵਤਾਰ ਧਾਰਣ ਕਰਨ ਦੇ ਬਾਰੇ ਪਵਿੱਤਰ ਬਾਈਬਲ ਵਿੱਚ ਲਿਖਿਆ ਹੈ ਕਿ ਪ੍ਰਭੂ ਈਸ਼ਵਰ ਨੇ ਧਰਤੀ ਉੱਤੇ ਵੱਧ ਰਹੇ ਦੁਰਾਚਾਰ ਦੇ ਅੰਤ ਦੇ ਲਈ ਆਪਣੇ ਪੁੱਤਰ ਨੂੰ ਭੇਜਿਆ ਸੀ ਕਿਉਂਕਿ ਹਜ਼ਰਤ ਈਸਾ ਜੀ ਭਗਵਾਨ ਵਿਸ਼ਨੂੰ ਦੇ ਅਵਤਾਰ ਹਨ। ਵਿਸ਼ਨੂੰ ਦੇ ਲੋਕ ਤੋਂ ਕੋਈ ਦੇਵ ਆਤਮਾ ਦਾ ਜਨਮ ਮਰੀਅਮ ਦੇ ਗਰਭ ਤੋਂ ਫਰਿਸ਼ਤੇ (ਦੇਵ) ਦੁਆਰਾ ਹੋਇਆ ਸੀ।

## "ਮਾਮਰੇ ਤੇ ਤਿੰਨੇ ਦੇਵਤਿਆਂ ਦੇ ਦੇਖਣ ਦਾ ਪ੍ਰਮਾਣ"

### (ਇਸਹਾਕ ਦੇ ਜਨਮ ਦੀ ਪ੍ਰਤਿਗਿਆ)

ਇਸ ਵਿੱਚ ਲਿਖਿਆ ਹੈ ਕਿ ਅਬ੍ਰਾਹਿਮ ਮਮ੍ਰੇ (ਮਾਮਰੇ) ਦੇ ਬਾਜਾਂ ਦੇ ਵਿਚਕਾਰ ਤੇਜ਼ ਧੁੱਪ ਦੇ ਸਮੇਂ ਤੰਬੂ ਦੇ ਦਰਵਾਜੇ ਉੱਤੇ ਬੈਠਾ ਸੀ, ਤਦ ਯਹੋਵਾ ਨੇ ਉਸਨੂੰ ਦਰਸ਼ਨ ਦਿੱਤਾ ਅਤੇ ਉਸਨੇ ਅੱਖ ਚੁੱਕ ਕੇ ਦੇਖਿਆ ਤਾਂ ਤਿੰਨ ਪੁਰਸ਼ ਉਸਦੇ ਸਾਹਮਣੇ ਖੜ੍ਹੇ ਹਨ। ਉਹਨਾਂ ਨੇ ਅਬ੍ਰਾਹਿਮ ਦੀ ਪ੍ਰਾਰਥਨਾ ਉੱਤੇ ਖਾਣਾ ਖਾਧਾ ਅਤੇ ਬੁੱਢਾਪੇ ਵਿੱਚ ਪੁੱਤਰ ਹੋਣ ਦਾ ਆਸ਼ੀਰਵਾਦ ਦੇ ਕੇ ਚਲੇ ਗਏ ਅਤੇ ਜਾਂਦੇ ਸਮੇਂ ਕਿਹਾ ਕਿ ਅਸੀਂ ਸਦੋਮ ਆਦਿ ਸ਼ਹਿਰਾਂ ਨੂੰ ਤਬਾਹ ਕਰਨ ਜਾ ਰਹੇ ਹਾਂ। ਉੱਥੇ ਦੇ ਲੋਕ ਅਧਰਮੀ ਹੋ ਗਏ ਹਨ। ਅਬ੍ਰਾਹਿਮ ਨੇ ਪੁੱਛਿਆ ਕੀ ਤੁਸੀਂ ਅਧਰਮੀਆਂ ਦੇ ਨਾਲ ਧਰਮੀਆਂ ਨੂੰ ਵੀ ਮਾਰ ਦਿ-ਓਗੇ। ਪ੍ਰਭੂ ਨੇ ਕਿਹਾ ਕਿ ਜੇਕਰ 100 ਵਿਅਕਤੀ ਵੀ ਧਰਮੀ ਹੋਣਗੇ ਤਾਂ ਵੀ ਅਸੀਂ ਉਸ ਨਗਰੀ ਦਾ ਨਾਸ਼ ਨਹੀਂ ਕਰਾਂਗੇ। "ਸਦੋਮ ਆਦਿ ਨਗਰਾਂ ਦਾ ਵਿਨਾਸ਼" ਨਾਮਕ ਵਿਸ਼ੇ ਵਿੱਚ ਲਿਖਿਆ ਹੈ ਕਿ ਉਹਨਾਂ ਵਿੱਚੋਂ ਦੋ ਦੂਤ "ਸਦੋਮ" ਵਿੱਚ ਪਹੁੰਚੇ। ਸਦੋਮ ਵਿੱਚ ਲੂਤ (ਲੋਟ) ਨਾਮਕ ਵਿਅਕਤੀ ਰਹਿੰਦਾ ਸੀ। ਉਸ ਪਿੰਡ ਦੇ ਵਿਅਕਤੀ ਬਹੁਤ ਨਿਕੰਮੇ ਸਨ। ਲੂਤ (ਲੋਟ) ਨੇ ਉਹਨਾਂ ਨੂੰ ਸਤਿਕਾਰ ਪੂਰਵਕ ਰੋਕਿਆ। ਪਿੰਡ ਵਾਲਿਆਂ ਨੇ ਉਹਨਾਂ ਫ਼ਰਿਸ਼ਤਿਆਂ ਨੂੰ ਸਾਧਾਰਣ ਵਿਅਕਤੀ ਜਾਣ ਕੇ ਉਹਨਾਂ ਦੇ ਨਾਲ ਮਾੜੇ ਕਰਮ (ਪੁਰਸ਼ ਨਾਲ ਪੁਰਸ਼ ਬਲਾਤਕਾਰ ਕਰਨਾ) ਕਰਨ ਦੇ ਲਈ ਬਾਹਰ ਨਿਕਲਣ ਨੂੰ ਕਿਹਾ। ਪ੍ਰੰਤੂ ਲੂਤ (ਲੋਟ) ਨੇ ਕਿਹਾ ਇਹ ਮੇਰੇ ਮਹਿਮਾਨ ਹਨ, ਮੈਂ ਇਨ੍ਹਾਂ ਨੂੰ ਤੁਹਾਨੂੰ ਨਹੀਂ ਦੇ ਸਕਦਾ। ਤੁਸੀਂ ਮੇਰੀ ਲੜਕੀ ਨੂੰ ਲੈ ਲਓ। ਇਸ ਗੱਲ ਤੋਂ ਖੁਸ਼ ਫ਼ਰਿਸ਼ਤਿਆਂ ਨੇ ਸਾਰੇ ਨਿਕੰਮੇ ਵਿਅਕਤੀਆਂ ਨੂੰ ਅੰਨ੍ਹਾ ਕਰ ਦਿੱਤਾ ਅਤੇ ਲੂਤ (ਲੋਟ) ਨੂੰ ਉਸਦੇ ਪਰਿਵਾਰ ਸਹਿਤ ਉਸ ਪਿੰਡ ਵਿੱਚੋਂ ਕੱਢ ਕੇ ਪੂਰੇ ਪਿੰਡ ਨੂੰ ਨਸ਼ਟ ਕਰ ਦਿੱਤਾ। ਇਸ ਤੋਂ ਸਿੱਧ ਹੋਇਆ ਕਿ ਤਿੰਨੇਂ ਦੇਵਤਾ ਹਨ, ਜੋ ਬ੍ਰਹਮ ਦੇ ਆਦੇਸ਼ ਨਾਲ ਸਭ ਨੂੰ ਕੀਤੇ ਕਰਮ ਦਾ

ਫ਼ਲ ਦਿੰਦੇ ਹਨ।

ਉਪਰੋਕਤ ਵਿਵਰਣ ਤੋਂ ਸਿੱਧ ਹੋਇਆ ਕਿ ਤਿੰਨ ਦੇਵਤਾ ਹਨ। ਉਹਨਾਂ ਵਿੱਚੋ ਕਦੇ ਦੋ ਕਦੇ ਇੱਕ ਆਪਣੇ-ਆਪਣੇ ਸਾਧਕ ਦੇ ਕੋ.ਲ ਜਾਂਦੇ ਹਨ। ਜੇਕਰ ਕੋਈ ਤਿੰਨਾਂ ਦਾ ਸਾਧਕ ਹੈ ਤਾਂ ਤਿੰਨੇ ਵੀ ਇਕੱਠੇ ਜਾਂਦੇ ਹਨ, ਜੇਕਰ ਕੋਈ ਦੋ ਦਾ ਸਾਧਕ ਹੈ ਤਾਂ ਦੋ ਵੀ ਦਰਸ਼ਨ ਦਿੰਦੇ ਹਨ। ਉਪਰੋਕਤ ਪ੍ਰਮਾਣ ਤੋਂ ਵੀ ਸਿੱਧ ਹੁੰਦਾ ਹੈ ਕਿ ਤਿੰਨੇਂ ਦੇਵਤਾ (ਬ੍ਰਹਮਾ, ਵਿਸ਼ਨੂੰ, ਮਹੇਸ਼) ਹੀ ਆਪਣੇ ਪਿਤਾ ਬ੍ਰਹਮ ਦੇ ਆਦੇਸ਼ ਅਨੁਸਾਰ ਇੱਕ ਬ੍ਰਹਿਮੰਡ ਵਿੱਚ ਸਾਰੇ ਕੰਮ ਕਰਦੇ ਹਨ। ਭਗਤੀ ਭਾਵ ਵਾਲੇ ਵਿਅਕਤੀਆਂ ਦੀ ਕਰਮ ਅਨੁਸਾਰ ਰੱਖਿਆ ਅਤੇ ਬੁਰਾ ਕਰਮ ਕਰਨ ਵਾਲਿਆਂ ਦਾ ਕਰਮ ਅਨੁਸ-ਾਰ ਨਾਸ਼ ਕਰਦੇ ਹਨ। ਬ੍ਰਹਮ (ਅਵਿਅਕਤ ਕਦੇ ਸਾਹਮਣੇ ਦਰਸ਼ਨ ਨਾ ਦੇਣ ਵਾਲਾ) ਉਪਰੋਕਤ ਤਿੰਨਾਂ ਫ਼ਰਿਸ਼ਤਿਆਂ (ਦੇਵਤਿਆਂ) ਦੁਆਰਾ ਆਪਣਾ ਆਦੇਸ਼ ਨਬੀਆਂ ਦੇ ਕੋ.ਲ ਭਿਜਵਾਉਂਦਾ ਹੈ ਅਤੇ ਆਕਾਸ਼ਬਾਣੀ ਦੁਆਰਾ ਜਾਂ ਪ੍ਰੇਤਵਸ਼ ਪ੍ਰਵੇਸ਼ ਕਰਕੇ ਖ਼ੁਦ ਵੀ ਆਦੇਸ਼ ਦਿੰਦਾ ਹੈ। ਫ਼ਰਿਸ਼ਤੇ ਤਾਂ ਉਸਦਾ ਜਿਉਂ ਦਾ ਤਿਉਂ ਆਦੇਸ਼ ਸੁਣਾਉਦੇ ਹਨ। ਆਦੇਸ਼ ਵਿੱਚ ਕੋਈ ਬਦਲਾਅ ਨਹੀਂ ਕਰਦੇ। ਇਸ ਤੋਂ ਸਪੱਸ਼ਟ ਹੋਇਆ ਕਿ ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸਮੇਤ ਚਾਰੇ ਕਤੇਬਾਂ ਦਾ ਗਿਆਨ ਦਾਤਾ ਪ੍ਰਭੂ ਕਿਸੇ ਹੋਰ ਕਬੀਰ ਨਾਮਕ ਪ੍ਰਭੂ ਦੇ ਵੱਲ ਸੰਕੇਤ ਕਰ ਰਿਹਾ ਹੈ।

ਵਿਸ਼ੇਸ਼:- ਕੁਰਾਨ ਸ਼ਰੀਫ਼ (ਮਜ਼ੀਦ) ਸ਼ੂਰ: ਬਕਰ: 2(87) ਆਯਤ 21 ਤੋਂ 33 ਤੱਕ ਉਸ ਪੂਰਣ ਪਰਮਾਤਮਾ ਦੀ ਮਹਿਮਾ ਦੇ ਵਿਸ਼ੇ ਵਿੱਚ ਵਰਣਨ ਹੈ ਅਤੇ ਆ-ਇਤ 34 ਦੇ ਅੰਤ ਤੱਕ ਆਪਣੀ ਮਹਿਮਾ ਦੱਸੀ ਹੈ ਅਤੇ ਆਪਣੇ ਗਿਆਨ ਅਨੁਸਾਰ ਪੂਜਾ ਵਿਧੀ ਦੱਸੀ ਹੈ। ਇਹ ਵੀ ਸਪੱਸ਼ਟ ਕੀਤਾ ਹੈ ਕਿ ਮੈਂ (ਕੁਰਾਨ ਗਿਆਨ ਦਾਤਾ ਨੇ) ਆਦਮ ਅਤੇ ਉਸਦੀ ਪਤਨੀ ਹੱਵਾਹ ਨੂੰ ਸਵਰਗ ਦੇ ਬਗੀਚੇ ਵਿੱਚ ਠਹਿਰਾਇਆ ਅਤੇ ਉਹਨਾਂ ਨੂੰ ਵਿਚਕਾਰ ਵਾਲੇ ਦਰਖ਼ਤਾਂ ਦੇ ਫ਼ਲ ਛੱਡ ਕੇ ਬਾਕੀ ਦਰਖ਼ਤਾਂ ਦੇ ਫ਼ਲ ਖਾਣ ਨੂੰ ਕਿਹਾ। ਪ੍ਰੰਤੂ ਉਹਨਾਂ ਨੇ ਸੱਪ ਦੇ ਬਹਿਕਾਉਣ ਨਾਲ ਵਿਚਕਾਰ ਵਾਲੇ ਦਰਖ਼ਤਾਂ ਦੇ ਫ਼ਲ ਖਾ ਲਏ। ਮੈਂ ਉਹਨਾਂ ਨੂੰ ਜ਼ਮੀਨ ਤੇ ਦੁਖੀ ਹੋਣ ਦੇ ਲਈ ਭੇਜ ਦਿੱਤਾ। (ਸੂਰ: ਬਕਰ: 2(87) ਆਯਤ 35 ਤੋਂ 39 ਤੱਕ।)

ਕੁਰਾਨ ਗਿਆਨ ਦਾਤਾ ਅੱਲਾਹ ਨੇ ਸਪੱਸ਼ਟ ਕੀਤਾ ਹੈ ਕਿ ਮੈਂ ਹੀ ਹਜ਼ਰਤ ਮੂਸਾ ਨੂੰ "ਤੌਰੇਤ" ਕਿਤਾਬ ਉਤਾਰੀ ਸੀ ਅਤੇ ਮੂਸਾ ਦੇ ਲਈ ਪੱਥਰ ਤੋਂ ਪਾਣੀ ਦੇ ਝਰਨੇ ਕੱਢੇ ਸਨ । (ਆਇਤ 41, 53, 60)। ਅਸੀਂ ਹੀ ਮੂਸਾ ਦੇ ਬਾਅਦ ਇੱਕ ਦੇ ਬਾਅਦ ਦੂਸਰਾ ਪੈਗੰਬਰ ਭੇਜਦੇ ਰਹੇ ਅਤੇ ਈਸਾ ਬਿਨ ਮਰਿਯਮ ਨੂੰ ਖੁਲ੍ਹੀਆਂ ਨਿਸ਼ਾਨੀਆਂ ਬਖ-ਸ਼ੀਆਂ ਅਤੇ ਰੂਹੁਲ ਕੁਦਸ (ਯਾਨਿ ਜ਼ਬ੍ਰਿਲ) ਤੋਂ ਉਨ੍ਹਾਂ ਨੂੰ ਮਦਦ ਦਿੱਤੀ। (ਆਇਤ 87)

ਸਾਰ ਵਿਚਾਰ: ਉਪਰੋਕਤ ਪਵਿੱਤਰ ਕੁਰਾਨ ਸ਼ਰੀਫ਼ ਦੇ ਵਿਵਰਣ ਤੋਂ ਸਪੱਸ਼ਟ ਹੋਇਆ ਕਿ ਬਾਬਾ ਆਦਮ ਤੋਂ ਲੈ ਕੇ ਹਜ਼ਰਤ ਈਸਾ, ਹਜ਼ਰਤ ਅਬ੍ਰਾਹਿਮ, ਹਜ਼ਰਤ ਦਾਊਦ, ਹਜ਼ਰਤ ਮੂਸਾ, ਹਜ਼ਰਤ ਮੁਹੰਮਦ ਸਾਹਿਬ ਤੱਕ ਨੂੰ ਪੈਗੰਬਰ ਬਣਾ ਕੇ ਭੇਜਣ ਵਾ.ਲਾ ਖ਼ੁਦਾ (ਅੱਲਾਹ/ਪ੍ਰਭੂ) ਇੱਕ ਹੀ ਹੈ। ਉਸੇ ਨੇ ਕੁਰਾਨ ਸ਼ਰੀਫ਼ ਅਰਥਾਤ ਮਜ਼ੀਦ ਦਾ ਗਿਆਨ ਬ੍ਰਹਮ ਦੇ ਦੁਆਰਾ ਖੁਦ ਪ੍ਰੇਤਵਤ ਪ੍ਰਵੇਸ਼ ਕਰ ਕੇ ਜਾਂ ਆਕਾਸ਼ਬਾਣੀ ਕਰਕੇ ਕਿਹਾ ਹੈ ਜਾਂ ਫ਼ਰਿਸ਼ਤਿਆਂ ਦੇ ਮਾਧਿਅਮ ਤੋਂ ਹਜ਼ਰਤ ਮੁਹੰਮਦ ਤੱਕ ਜਿਉਂ ਦਾ ਤਿਉਂ ਪਹੁੰਚਾਇਆ ਹੈ। ਉਹੀ ਖ਼ੁਦਾ ਸੂਰਤ ਫੁਰਕਾਨਿ 25 ਆਯਤ 52 ਤੋਂ 58 ਅਤੇ 59 ਵਿੱਚ ਕਹਿ ਰਿਹਾ ਹੈ ਕਿ ਹੇ ਪੈਗੰਬਰ (ਹਜ਼ਰਤ ਮੁਹੰਮਦ)

ਪੂਰਣ ਪਰਮਾਤਮਾ ਕਬੀਰ ਹੈ, ਪ੍ਰੰਤੂ ਕਾਫ਼ਿਰ ਲੋਕ ਮੇਰੀ ਇਸ ਗੱਲ ਤੇ ਵਿਸ਼ਵਾਸ਼ ਨਹੀਂ ਕਰਦੇ। ਤੁਸੀਂ ਉਨ੍ਹਾਂ ਦੀ ਕਹੀ ਗੱਲ ਨੂੰ ਨਾ ਮੰਨਣਾ ਮੇਰੇ ਦੁਆਰਾ ਦਿੱਤਾ ਇਹ ਕੁਰਾਨ ਸ਼ਰੀਫ਼ ਵਾਲੇ ਗਿਆਨ ਦੀਆਂ ਦਲੀਲਾਂ ਤੇ ਵਿਸ਼ਵਾਸ਼ ਕਰਨਾ ਕਿ ਕਬੀਰ ਅੱਲਾਹ ਉਸੇ ਨੂੰ ਅੱਲਾਹੂ ਅਕਬਰ ਕਹਿੰਦੇ ਹਨ। ਇਸ ਗਿਆਨ ਦੇ ਸਮਰਥਨ ਵਿੱਚ ਕਾਫਿਰਾਂ ਦੇ ਨਾਲ ਸੰਘਰਸ਼ ਕਰਨਾ ਭਾਵਾਰਥ ਹੈ ਕਿ ਕਾਫ਼ਿਰ ਲੋਕ ਕਹਿੰਦੇ ਹਨ ਕਿ ਕਬੀਰ ਅੱਲਾਹ ਨਹੀਂ ਹੈ। ਆਪ (ਹਜ਼ਰਤ ਮੁਹੰਮਦ) ਕਹਿਣਾ ਕਿ ਕਬੀਰ ਅੱਲਾਹ ਹੈ। ਲੜਨਾ ਨਹੀਂ ਹੈ। ਉਨ੍ਹਾਂ ਦੀ ਗੱਲਾਂ ਵਿੱਚ ਨਹੀਂ ਆਉਣਾ ਹੈ। (ਆਇਤ 52) ਉਹ (ਕਬੀਰ ਅੱਲਾਹ) ਉਹੀ ਹੈ ਜਿਸਨੇ ਜ਼ਮੀਨ ਅਤੇ ਆਸਮਾਨ ਦੇ ਵਿਚਕਾਰ ਸਭ ਰਚਿਆ, ਦਿਨ-ਰਾਤ ਬਣਾਏ, ਪਰਿਵਾਰ, ਰਿਸ਼ਤੇਦਾਰ, ਆਦਿ ਇਨਸਾਨ ਦੇ ਲਈ ਬਣਾਏ ਅਤੇ ਜ਼ਮੀਨ ਵਿੱਚ ਮਿੱਠਾ ਪਾਣੀ ਆਦਿ ਪਦਾਰਥ ਪ੍ਰਦਾਨ ਕੀਤੇ। (ਆਇਤ 53 ਤੋਂ 55) ਹੇ ਪੈਗੰਬਰ (ਹਜ਼ਰਤ ਮੁਹੰਮਦ)! ਮੈਂ ਜੋ ਕੁਰਾਨ ਦੀ ਆਇਤਾਂ ਦੁਆਰਾ ਗਿਆਨ ਦਿੱਤਾ ਹੈ ਉਸ ਵਿੱਚ ਜੋ ਕਬੀਰ ਹੈ ਉਹ ਪੂਰਣ ਪਰਮਾਤਮਾ ਹੈ ਉਸ 'ਤੇ ਵਿਸ਼ਵਾਸ ਰੱਖਣਾ। ਕਾਫ਼ਿਰ ਲੋਕ ਉਸ ਕਬੀਰ ਨੂੰ ਪਰਮਾਤਮਾ (ਅੱਲਾਹ) ਨਹੀਂ ਮੰਨਦੇ। ਉਨ੍ਹਾਂ ਦੀਆਂ ਗੱਲਾਂ ਨਾ ਮੰਨਣਾ, ਉਨ੍ਹਾਂ ਦੇ ਨਾਲ ਗਿਆਨ ਦਾ ਸੰਘਰਸ਼ ਕਰਨਾ ਲੜਨਾ ਨਹੀਂ ਪ੍ਰੰਤੂ ਉਨ੍ਹਾਂ ਦੀਆਂ ਗੱਲਾਂ ਨੂੰ ਸਵੀਕਾਰ ਨਾ ਕਰਨਾ। (ਆਯਤ 52) ਉਹ ਕਬੀਰ ਪਰਮਾਤਮਾ ਉਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਜਿਸਨੇ ਪਰਿਵਾਰ ਦੇ ਜੀਅ ਉਤਪੰਨ ਕੀਤੇ ਨਾਤੇ-ਰਿਸ਼ਤੇ ਬਣਾਏ। ਸਭ ਦਾ ਪਾਲਣ ਕਰਦਾ ਹੈ। (ਆਇਤ 53 ਤੋਂ 55) ਅਸੀਂ ਤੁਹਾਨੂੰ ਖ਼ੁਸ਼ਖਬਰੀ ਸੁਣਾਉਣ (ਸਿਰਫ ਅਜ਼ਾਬ ਤੋਂ) ਡਰਾਉਣ ਦੇ ਲਈ ਭੇਜਿਆ ਹੈ। (ਆਇਤ 56) ਅਤੇ (ਏ ਪੈਗੰਬਰ) ਉਸ ਜਿੰਦਾ 'ਤੇ ਭਰੋਸਾ ਰੱਖੋ ਜੋ ਕਦੇ ਮਰਨ ਵਾਲ਼ਾ ਨਹੀਂ ਹੈ। {ਕਿਉਂਕਿ ਪੂਰਣ ਪਰਮਾਤਮਾ (ਅੱਲਾਹ ਕਬੀਰ) ਇੱਕ ਜਿੰਦਾ ਮਹਾਤਮਾ ਦੇ ਭੇਸ ਵਿੱਚ ਹਜ਼ਰਤ ਮੁਹੰਮਦ ਜੀ ਨੂੰ ਮਿਲਿਆ ਸੀ ਅਤੇ ਸਤਲੋਕ ਆਦਿ ਨੂੰ ਦਿਖਾਇਆ ਸੀ, ਪ੍ਰੰਤੂ ਹਜ਼ਰਤ ਮੁਹਮੰਦ ਜੀ ਨੇ ਪੂਰਣ ਪਰਮਾਤਮਾ ਦੀ ਗੱਲ 'ਤੇ ਵਿਸ਼ਵਾਸ ਨਹੀਂ ਕੀਤਾ ਸੀ। ਉਸੇ ਦਾ ਵਰਣਨ ਹੈ।} ਤਾਰੀਫ਼ ਦੇ ਨਾਲ ਉਸਦੀ ਪਾਕੀ ਬਿਆਨ ਕਰਦੇ ਰਹੋ ਅਤੇ ਉਹ ਕਬੀਰ ਅੱਲਾਹ ਆਪਣੇ ਬੰਦਿਆਂ ਦੇ ਗੁਨਾਹਾਂ ਤੋਂ ਖ਼ਬਰਦਾਰ ਹੈ ਅਤੇ ਉਹੀ (ਈਬਾਦਹੀ ਖਬੀਰਾ/ਕਬੀਰਾ) ਕਬੀਰ ਪਰਮਾਤਮਾ ਅਰਥਾਤ ਅੱਲਾਹੂ ਅਕਬਰ ਪੂਜਾ ਦੇ ਯੋਗ ਹੈ। (58) ਉਹ ਕਬੀਰ ਅੱਲਾਹ ਉਹੀ ਹੈ ਜਿਸਨੇ ਛੇ ਦਿਨਾਂ ਵਿੱਚ ਸਭ ਬ੍ਰਹਿਮੰਡਾਂ ਨੂੰ ਰਚਿਆ ਅਤੇ ਸੱਤਵੇਂ ਦਿਨ ਤਖ਼ਤ ਤੇ ਵਿਰਾਜਿਆ। ਅਸਲ ਵਿੱਚ ਉਹ ਅੱਲਾਹ ਕਬੀਰ ਰਹਿਮਾਨ (ਸ਼ਮਾ ਸ਼ੀਲ) ਹੈ। ਉਸਦੇ ਵਿਸ਼ੇ ਵਿੱਚ ਮੈਂ (ਕੁਰਾਨ ਸ਼ਰੀਫ਼/ਮਜ਼ੀਦ ਦਾ ਗਿਆਨ ਦਾਤਾ) ਨਹੀਂ ਜਾਣਦਾ। ਉਸਦੀ ਖ਼ਬਰ ਅਰਥਾਤ ਪੂਰਣ ਗਿਆਨ ਜਾਂ ਭਗਤੀ ਦੀ ਵਿਧੀ ਕਿਸੇ ਬਾਖ਼ਬਰ (ਤੱਤਵਦਰਸ਼ੀ ਸੰਤ) ਤੋਂ ਪੁੱਛੋ। (ਆਇਤ 59)

ਉਪਰੋਕਤ ਵਿਵਰਣ ਤੋਂ ਇਹ ਵੀ ਸਿੱਧ ਹੋਇਆ ਕਿ ਪ੍ਰਭੂ ਇੱਕ ਨਹੀਂ ਅਨੇਕ ਹਨ ਅਤੇ ਤਿੰਨੇ ਦੇਵਤਾ (ਸ਼੍ਰੀ ਬ੍ਰਹਮਾ ਜੀ,ਸ਼੍ਰੀ ਵਿਸ਼ਨੂੰ ਅਤੇ ਸ਼੍ਰੀ ਸ਼ਿਵ ਜੀ) ਹੀ ਤਿੰਨਾਂ ਲੋਕਾਂ ਦੇ ਪ੍ਰਾਣੀਆਂ ਨੂੰ ਸੰਸਕਾਰ ਵੱਸ ਲਾਭ ਜਾਂ ਹਾਨੀ ਅਤੇ ਉਤਪੱਤੀ, ਸਥਿਤੀ ਅਤੇ ਸੰਹਾਰ ਦੇ ਕਾਰਣ ਹਨ ਅਤੇ ਬ੍ਰਹਮ (ਕਾਲ) ਸਭ ਨੂੰ ਧੋਖਾ ਦੇ ਕਰ ਰੱਖਦਾ ਹੈ। ਪੂਰਣ ਪਰਮਾਤਮਾ ਕਬੀਰ ਹੀ ਸਭ ਸੁੱਖਦਾਇਕ, ਸਭ ਦੀ ਪੂਜਾ ਦੇ ਯੋਗ ਅਤੇ ਪੂਰਣ ਮੋਕਸ਼ ਦਾਇਕ ਹੈ।

ਪੂਜਯ ਕਬੀਰ ਪਰਮੇਸ਼ਵਰ ਦੱਸ ਰਹੇ ਹਨ ਕਿ ਮੈਂ ਉਸ ਮੁੱਲਾ ਜੀ ਨੂੰ ਕਿਹਾ ਕਿ ਜਿਸ ਬਾਖ਼ਬਰ (ਤੱਤਵਦ੍ਰਸ਼ਟਾ) ਸੰਤ ਦੇ ਲਈ ਤੁਹਾਡਾ ਅੱਲਾਹ ਇਸ਼ਾਰਾ ਕਰ ਰਿਹਾ ਹੈ। ਉਸ ਤੱਤਵਦ੍ਰਸ਼ਟਾ ਸੰਤ ਦੁਆਰਾ ਦਿੱਤਾ ਗਿਆਨ ਹੀ ਪੂਰਣ ਮੋਕਸ਼ ਦਾਇਕ ਹੈ। ਉਹ ਵਾਸਤਵਿਕ ਭਗਤੀ ਮਾਰਗ ਨਾ ਤਾਂ ਹਜ਼ਰਤ ਮੁਹੰਮਦ ਜੀ ਨੂੰ ਪ੍ਰਾਪਤ ਹੋਇਆ, ਨਾ ਤੁਸੀਂ ਮੁੱਲਾ, ਕਾਜ਼ੀਆਂ ਅਤੇ ਪੀਰਾਂ ਨੂੰ। ਇਸ ਲਈ ਅੱਜ ਤੱਕ ਜੋ ਵੀ ਸਾਧਨਾ ਤੁਸੀਂ ਕਰ ਰਹੇ ਹੋ ਉਹ ਅਧੂਰੀ ਹੈ। ਸਿਰਫ ਬ੍ਰਹਮ (ਕਾਲ/ਜਯੋਤੀ ਨਿਰੰਜਨ) ਦਾ ਫੈਲਾਇਆ ਭਰਮ ਜਾਲ਼ ਹੈ। ਇਹ ਨਹੀਂ ਚਾਹੁੰਦਾ ਕਿ ਸਾਧਕ ਉਸਦੇ ਜਾਲ਼ ਤੋਂ ਨਿੱਕਲ ਜਾਵੇ। ਪੂਜਯ ਕਬੀਰ ਪਰਮੇਸ਼ਵਰ ਨੇ ਦੱਸਿਆ ਉਹ ਬਾਖ਼ਬਰ (ਅਰਥਾਤ ਤੱਤਵਦਰਸ਼ੀ ਸੰਤ) ਮੈਂ ਹਾਂ। ਤੁਸੀਂ ਮੇਰੇ ਤੋਂ ਉਪਦੇਸ਼ ਲਓ ਅਤੇ ਇਹ ਤੱਤਵ ਗਿਆਨ ਜੋ ਮੈਂ ਤੁਹਾਨੂੰ ਦੱਸਾਂਗਾ ਹੋਰ ਭਗਤੀ ਚਾਹੁਣ ਵਾਲਿਆਂ ਨੂੰ ਵੀ ਸਮਝਾਓ। ਇਹ ਤਾਂ ਕਾਲ ਹੈ ਜਿਸ ਨੂੰ ਵੇਦਾਂ ਵਿੱਚ ਬ੍ਰਹਮ (ਸ਼ਰ ਪੁਰਸ਼/ਜਯੋਤੀ ਨਿਰੰਜਨ) ਕਿਹਾ ਜਾਂਦਾ ਹੈ। ਪੂਰਣ ਪਰਮ-ਾਤਮਾ ਕੋਈ ਹੋਰ ਹੈ ਜਿਸ ਨੂੰ ਵੇਦਾਂ ਵਿੱਚ ਕਵੀਰਦੇਵ ਕਿਹਾ ਹੈ ਅਤੇ ਕੁਰਾਨ ਸ਼ਰੀਫ (ਮਜ਼ੀਦ) ਵਿੱਚ ਕਬੀਰਨ੍, ਕਬੀਰਾ, ਖਬੀਰਨ੍, ਖਬੀਰਾ ਆਦਿ ਕਿਹਾ ਹੈ ਅਤੇ ਜਿਸ ਨੂੰ ਹਜ਼ਰਤ ਮੁਹੰਮਦ ਜੀ ਨੇ ਅੱਲ੍ਹਾਹੂ ਅਕਬਰ ਕਿਹਾ ਹੈ। ਉਹ ਕਬੀਰ ਅੱਲਾਹ ਮੈਂ ਹਾਂ। ਤੁਸੀ ਸਭ ਮੇਰੀ ਆਤਮਾ ਹੋ। ਤੁਹਾਨੂੰ ਕਾਲ (ਬ੍ਰਹਮ) ਨੇ ਭਰਮਿਤ ਕੀਤਾ ਹੈ।

ਬੰਦੀ ਛੋੜ ਕਬੀਰ ਪਰਮੇਸ਼ਵਰ ਨੇ ਅੱਗੇ ਦੱਸਿਆ - ਇਹ ਵਾਰਤਾ ਸੁਣ ਕੇ ਉਹ ਮੁੱਲਾ ਮੇਰੇ ਨਾਲ ਬਹੁਤ ਨਾਰਾਜ਼ ਹੋ ਗਿਆ ਅਤੇ ਅੱਗੇ ਤੋਂ ਉਸਦੀ ਕਥਾ ਵਿੱਚ ਨਾ ਆਉਣ ਲਈ ਕਿਹਾ। ਪੂਜਯ ਕਬੀਰ ਪਰਮੇਸ਼ਵਰ ਜੀ ਤੋਂ ਉਪਰੋਕਤ ਵੇਰਵੇ ਨੂੰ ਜਾਣਨ ਤੋਂ ਬਾਅਦ ਬਾਦਸ਼ਾਹ ਸਿਕੰਦਰ ਲੋਧੀ ਨੇ ਆਪਣੇ ਧਾਰਮਿਕ ਗੁਰੂ ਸ਼ੇਖਤਕੀ ਨੂੰ ਕਿਹਾ, "ਪੀਰ ਜੀ, ਕੀ ਕੁਰਾਨ ਸ਼ਰੀਫ ਵਿੱਚ ਮਹਾਰਾਜ ਕਬੀਰ ਸਾਹਿਬ ਜੀ ਦੁਆਰਾ ਦੱਸਿਆ ਵੇਰਵਾ ਹੈ?" ਸ਼ੇਖਤਕੀ ਨੇ ਕੁਰਾਨ ਸ਼ਰੀਫ ਵਿੱਚ ਸੂਰਤ ਫੁਰਕਾਨੀ 25 ਆ-ਇਤ 52 ਤੋਂ 59 ਨੂੰ ਧਿਆਨ ਨਾਲ ਪੜ੍ਹਿਆ ਅਤੇ ਸੱਚ ਨੂੰ ਜਾਣਿਆ ਪ੍ਰੰਤੂ ਮਾਨ ਵੱਸ ਕਹਿ ਦਿੱਤਾ ਕਿ ਕਬੀਰ ਜੀ ਤਾਂ ਝੂਠਾ ਹੈ। ਇਹ ਕੀ ਜਾਣੇ ਪਵਿੱਤਰ ਕੁਰਾਨ ਸ਼ਰੀਫ ਦੇ ਡੂੰਘੇ ਭੇਦ ਨੂੰ। ਇਹ ਕਹਿ ਕੇ ਬੇਹੱਦ ਨਾਰਾਜ਼ਗੀ ਵਿਅਕਤ ਕਰਦਾ ਹੋਇਆ ਉੱਠ ਕੇ ਆਪਣੇ ਕਮਰੇ ਵਿੱਚ ਚਲਾ ਗਿਆ। ਬਾਦਸ਼ਾਹ ਸਿਕੰਦਰ ਲੋਧੀ ਵੀ ਕੁਰਾਨ ਸ਼ਰੀਫ਼ ਨੂੰ ਸੁਣਿਆ ਕਰਦਾ ਸੀ ਤਾਂ ਉਸ ਨੂੰ ਯਾਦ ਆਇਆ ਕਿ ਅਜਿਹਾ ਵਰਣਨ ਜ਼ਰੂਰ ਆਉਂ-ਦਾ ਹੈ। ਫਿਰ ਵੀ ਭਗਤੀ ਮਾਰਗ ਅਤੇ ਅਰਬੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਪੂਰਣ ਵਿਸ਼ਵਾਸ ਨਹੀਂ ਹੋਇਆ। ਪ੍ਰੰਤੂ ਹਜ਼ਰਤ ਮੁਹੰਮਦ ਜੀ ਦੇ ਜੀਵਨ ਚਰਿੱਤਰ ਤੋਂ ਪੂਰੀ ਤਰ੍ਹਾਂ ਜਾਣੂ ਸੀ। ਉਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਕਿਹਾ ਕਿ ਸੱਚ-ਮੁੱਚ ਹਜ਼ਰਤ ਮੁਹੰਮਦ ਜੀ ਦੇ ਜੀਵਨ ਵਿੱਚ ਕਸ਼ਟ ਹੀ ਕਸ਼ਟ ਰਹੇ ਹਨ।

## "ਬਾਦਸ਼ਾਹ ਸਿਕੰਦਰ ਦੀ ਸ਼ੰਕਾਵਾਂ ਦਾ ਸਮਾਧਾਨ"

ਪ੍ਰਸ਼ਨ - ਬਾਦਸ਼ਾਹ ਸਿਕੰਦਰ ਲੋਧੀ ਨੇ ਪੁੱਛਿਆ, ਹੇ ਪਰਵਰਦਿਗਾਰ! (ੳ) ਇਹ ਬ੍ਰਹਮ (ਕਾਲ) ਕੌਣ ਸ਼ਕਤੀ ਹੈ? (ਅ) ਇਹ ਸਭ ਦੇ ਸਾਹਮਣੇ ਕਿਉਂ ਨਹੀਂ ਆਉਂਦਾ?

ਉੱਤਰ - ਪਰਮੇਸ਼ਵਰ ਕਬੀਰ ਸਾਹਿਬ ਜੀ ਨੇ ਸਿਕੰਦਰ ਲੋਧੀ ਬਾਦਸ਼ਾਹ ਦੇ ਸਵਾਲ 'ੳ-ਅ' ਦੇ ਜਵਾਬ ਵਿੱਚ ਸ੍ਰਿਸ਼ਟੀ ਰਚਨਾ ਸੁਣਾਈ । (ਕਿਰਪਾ ਕਰਕੇ ਦੇਖੋ

ਇਸੇ ਪੁਸਤਕ ਦੇ ਪੰਨਾ 263 ਤੋਂ 321 ਤੱਕ)

(ਏ). ਕੀ ਬਾਬਾ ਆਦਮ ਵਰਗੇ ਮਹਾਂਪੁਰਖ ਵੀ ਇਸੇ ਦੇ ਜਾ.ਲ ਵਿੱਚ ਫਸੇ ਸਨ? ਏ ਦੇ ਜਵਾਬ ਵਿੱਚ ਦੱਸਿਆ ਕਿ ਪਵਿੱਤਰ ਬਾਈਬਲ ਵਿੱਚ ਉਤਪੱਤੀ ਵਿਸ਼ੇ ਵਿੱਚ ਲਿਖਿਆ ਹੈ ਕਿ ਪੂਰਣ ਪਰਮਾਤਮਾ ਮਨੁੱਖਾਂ ਅਤੇ ਹੋਰ ਜੀਵਾਂ ਦੀ ਰਚਨਾ ਛੇ ਦਿਨਾਂ ਵਿੱਚ ਕਰਕੇ ਤਖ਼ਤ ਅਰਥਾਤ ਸਿੰਘਾਸਣ 'ਤੇ ਚਲਾ ਗਿਆ। ਉਸ ਤੋਂ ਬਾਅਦ ਇਸ ਸੰਸਾਰ ਦੀ ਬਾਗਡੋਰ ਬ੍ਰਹਮ ਨੇ ਸੰਭਾਲੀ। ਇਸਨੇ ਸਹੁੰ ਖਾਧੀ ਹੈ ਕਿ ਸਾਰਿਆਂ ਦੇ ਸਾਹਮਣੇ ਕਦੇ ਨਹੀਂ ਆਵੇਗਾ। ਇਸੇ ਲਈ ਸਾਰੇ ਕੰਮ ਆਪਣੇ ਤਿੰਨਾਂ ਪੁੱਤਰਾਂ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਰਾਹੀਂ ਕਰਵਾਉਂਦਾ ਰਹਿੰਦਾ ਹੈ ਜਾਂ ਖੁਦ ਕਿਸੇ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਪ੍ਰੇਤ ਵਾਂਗ ਬੋਲਦਾ ਹੈ ਜਾਂ ਆਕਾਸ਼ਬਾਣੀ ਕਰਕੇ ਹੁਕਮ ਦਿੰਦਾ ਹੈ। ਪ੍ਰੇਤ, ਪਿੱਤਰ ਅਤੇ ਹੋਰ ਦੇਵਤਿਆਂ (ਫਰਿਸ਼ਤਿਆਂ) ਦੀਆਂ ਆਤਮਾਵਾਂ ਵੀ ਕਿਸੇ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਆਪਣਾ ਆਦੇਸ਼ ਕਰਦੀਆਂ ਹਨ। ਪ੍ਰੰਤੂ ਸ਼ਰਧਾਲੂਆਂ ਨੂੰ ਪਤਾ ਨਹੀਂ ਹੁੰਦਾ ਕਿ ਕੌਣ ਸ਼ਕਤੀ ਬੋਲ ਰਹੀ ਹੈ। ਪੂਰਣ ਪਰਮਾਤਮਾ ਨੇ ਮਾਸ ਖਾਣ ਦਾ ਹੁਕਮ ਨਹੀਂ ਦਿੱਤਾ। ਪਵਿੱਤਰ ਬਾਈਬਲ ਉਤਪੱਤੀ ਵਿਸ਼ੇ ਵਿੱਚ ਸਭ ਪ੍ਰਾਣੀਆਂ ਦੇ ਖਾਣ ਦੇ ਵਿਸ਼ੇ ਵਿੱਚ ਪੂਰਣ ਪਰਮਾਤਮਾ ਦਾ ਪਹਿਲਾ ਅਤੇ ਆਖਰੀ ਆਦੇਸ਼ ਹੈ ਕਿ ਮਨੁੱਖਾਂ ਦੇ ਲਈ ਫ਼ਲਦਾਰ ਦਰੱਖਤ ਅਤੇ ਬੀਜਦਾਰ ਪੌਦੇ ਦਿੱਤੇ ਹਨ ਜੋ ਤੁਹਾਡੇ ਖਾਣ ਦੇ ਲਈ ਹਨ ਅਤੇ ਹੋਰ ਪ੍ਰਾਣੀਆਂ ਨੂੰ ਜਿਨ੍ਹਾਂ ਵਿੱਚ ਜੀਵਨ ਦੇ ਪ੍ਰਾਣ ਹਨ ਉਨ੍ਹਾਂ ਲਈ ਛੋਟੇ-ਛੋਟੇ ਰੁੱਖ ਭਾਵ ਘਾਹ, ਝਾੜੀਆਂ ਅਤੇ ਬਿਨਾਂ ਫ਼ਲ ਵਾਲੇ ਦਰੱਖਤ ਆਦਿ ਖਾਣ ਨੂੰ ਦਿੱਤੇ ਹਨ। ਇਸ ਤੋਂ ਬਾਅਦ ਪੂਰਣ ਪ੍ਰਭੂ ਦਾ ਆਦੇਸ਼ ਨਾ ਪਵਿੱਤਰ ਬਾਈਬਲ ਵਿੱਚ ਹੈ ਅਤੇ ਨਾ ਹੀ ਕਿਸੇ ਕਤੇਬ (ਤੌਰੇਤ, ਇੰਜ਼ਿਲ, ਜਬੂਰ ਅਤੇ ਕੁਰਾਨ ਸ਼ਰੀਫ) ਵਿੱਚ ਹੈ। ਇਹਨਾਂ ਕਤੇਬਾਂ ਵਿੱਚ ਬ੍ਰਹਮ ਅਤੇ ਉਸਦੇ ਫਰਿਸ਼ਤਿਆਂ ਅਤੇ ਪਿੱਤਰਾਂ ਅਤੇ ਪ੍ਰੇਤਾਂ ਦਾ ਮਿਲਿਆ-ਜੁਲਿਆ ਆਦੇਸ਼ ਰੂਪ ਗਿਆਨ ਹੈ।

(ਸ) ਕੀ ਬਾਬਾ ਆਦਮ ਤੋਂ ਪਹਿਲਾਂ ਵੀ ਸ੍ਰਿਸ਼ਟੀ ਸੀ ?

ਉੱਤਰ- ਸੂਰਜਵੰਸ਼ ਵਿੱਚ ਰਾਜਾ ਨਾਭਿਰਾਜ ਹੋਇਆ। ਉਸਦਾ ਪੁੱਤਰ ਰਾਜਾ ਰਿਸ਼ਭਦੇਵ ਹੋਇਆ ਜੋ ਜੈਨ ਧਰਮ ਦਾ ਪਰਵਰਤਕ ਅਤੇ ਪਹਿਲਾ ਤੀਰਥੰਕਰ ਮੰਨਿਆ ਜਾਂਦਾ ਹੈ। ਉਹੀ ਰਿਸ਼ਭਦੇਵ ਹੀ ਬਾਬਾ ਆਦਮ ਹੋਇਆ। (ਇਹ ਵੇਰਵਾ ਜੈਨ ਧਰਮ ਦੀ ਕਿਤਾਬ "ਆਓ ਜੈਨ ਧਰਮ ਕੋ ਜਾਨੇ" ਦੇ ਪੰਨਾ 154 'ਤੇ ਲਿਖਿਆ ਹੈ।)

ਇਸ ਤੋਂ ਸਪੱਸ਼ਟ ਹੈ ਕਿ ਬਾਬਾ ਆਦਮ ਤੋਂ ਪਹਿਲਾਂ ਵੀ ਸ੍ਰਿਸ਼ਟੀ ਸੀ। ਧਰਤੀ ਦਾ ਬਹੁਤਾ ਇਲਾਕਾ ਬੇਅਬਾਦ ਸੀ। ਇੱਕ ਦੂਜੇ ਇਲਾਕੇ ਦੇ ਵਿਅਕਤੀ ਵੀ ਆਪਸ ਵਿੱਚ ਨਹੀਂ ਜਾਣਦੇ ਸੀ ਕਿ ਕੌਣ ਕਿੱਥੇ ਰਹਿੰਦਾ ਹੈ। ਅਜਿਹੇ ਸਥਾਨ 'ਤੇ ਬ੍ਰਹਮ ਨੇ ਫਿਰ ਮਨੁੱਖ ਆਦਿ ਦੀ ਸ੍ਰਿਸ਼ਟੀ ਕੀਤੀ।ਹਜ਼ਰਤ ਆਦਮ ਅਤੇ ਹੱਵਾਹ ਦੀ ਉਤਪੱਤੀ ਅਜਿਹੇ ਸਥਾਨ ਤੇ ਕੀਤੀ ਜੋ ਦੂਜੇ ਲੋਕਾਂ ਤੋਂ ਕੱਟਿਆ ਹੋਇਆ ਸੀ। ਕਾਲ ਦੇ ਪੁੱਤਰ ਬ੍ਰਹਮਾ ਦੇ ਲੋਕ ਤੋਂ ਇਹ ਪੁੰਨਆਤਮਾ (ਬਾਬਾ ਆਦਮ) ਆਪਣਾ ਕਰਮ ਸੰਸਕਾਰ ਭੋਗਣ ਆ-ਇਆ ਸੀ। ਫਿਰ ਸਾਸ਼ਤਰ-ਅਨੁਕੂਲ ਭਗਤੀ ਨਾ ਮਿਲਣ ਕਾਰਨ, ਪਿੱਤਰ ਜੂਨੀ ਨੂੰ ਪ੍ਰਾਪਤ ਹੋ ਕੇ ਪਿੱਤਰ ਲੋਕ ਵਿੱਚ ਚਲਾ ਗਿਆ। ਬਾਬਾ ਆਦਮ ਤੋਂ ਪਹਿਲਾਂ ਫਰਿਸ਼ਤੇ ਸਨ। ਪਵਿੱਤਰ ਬਾਈਬਲ ਗ੍ਰੰਥ ਵਿੱਚ ਲਿਖਿਆ ਹੈ।

(ਹ) ਜੇਕਰ ਅੱਲਾਹ ਦਾ ਆਦੇਸ਼ ਮਨੁੱਖਾਂ ਨੂੰ ਮਾਸ ਨਾ ਖਾਣ ਦਾ ਹੈ ਤਾਂ ਬਾਈਬਲ ਅਤੇ ਕੁਰਾਨ ਸ਼ਰੀਫ ਵਿੱਚ ਕਿਵੇਂ ਲਿਖਿਆ ਗਿਆ?

ਉੱਤਰ – ਪਵਿੱਤਰ ਬਾਈਬਲ ਵਿੱਚ ਉੱਤਪਤੀ ਵਿਸ਼ੇ ਵਿੱਚ ਲਿਖਿਆ ਹੈ ਕਿ ਪੂਰਣ ਪਰਮਾਤਮਾ ਨੇ ਛੇ ਦਿਨਾਂ ਵਿੱਚ ਸ਼੍ਰਿਸਟੀ ਰਚ ਕੇ ਸੱਤਵੇਂ ਦਿਨ ਵਿਸ਼ਰਾਮ ਕੀਤਾ। ਉਸ ਤੋਂ ਬਾਅਦ ਬਾਬਾ ਆਦਮ ਅਤੇ ਹੋਰ ਨਬੀਆਂ ਨੂੰ ਅਵਿਅਕਤ ਅੱਲਾਹ (ਕਾਲ) ਦੇ ਫ਼ਰਿਸ਼ਤੇ ਅਤੇ ਪਿੱਤਰ ਆਦਿ ਨੇ ਆਪਣੇ ਆਦੇਸ਼ ਦਿੱਤੇ ਹਨ। ਜੋ ਬਾਅਦ ਵਿੱਚ ਕੁਰਾਨ ਸ਼ਰੀਫ ਅਤੇ ਬਾਈਬਲ ਵਿੱਚ ਲਿਖੇ ਗਏ ਹਨ।

(ਕ) ਅਵਿਅਕਤ ਪ੍ਰਭੂ ਕਾਲ ਨੇ ਇਹ ਸਾਰਾ ਵਾਸਤਵਿਕ ਗਿਆਨ ਛੁਪਾਇਆ ਹੈ, ਤਾਂ ਪੂਰਣ ਪਰਮਾਤਮਾ ਦਾ ਸੰਕੇਤ ਕਿਸ ਲਈ ਕੀਤਾ ?

ਉੱਤਰ– ਜਯੋਤੀ ਨਿਰੰਜਨ (ਅਵਿਅਕਤ ਮੰਨਿਆ ਜਾਣ ਵਾਲਾ ਪ੍ਰਭੂ) ਪੂਰਣ ਪਰਮਾਤਮਾ ਦੇ ਡਰ ਕਾਰਣ ਇਹ ਨਹੀਂ ਛਿਪਾ ਸਕਦਾ ਕਿ ਪੂਰਣ ਪਰਮਾਤਮਾ ਕੋਈ ਹੋਰ ਹੈ। ਇਹ ਪੂਰਣ ਪ੍ਰਭੂ ਦੀ ਵਾਸਤਵਿਕ ਪੂਜਾ ਦੀ ਵਿਧੀ ਤੋਂ ਅਣਜਾਣ ਹੈ। ਇਸਲਈ ਇਹ ਸਿਰਫ ਆਪਣੀ ਸਾਧਨਾ ਦਾ ਗਿਆਨ ਹੀ ਪ੍ਰਦਾਨ ਕਰਦਾ ਹੈ ਅਤੇ ਮਹਿਮਾ ਗਾਉਂਦਾ ਹੈ ਪੂਰਣ ਪ੍ਰਭੂ ਦੀ ਵੀ।

ਸਿਕੰਦਰ ਨੇ ਸੋਚਿਆ ਕਿ ਅਜਿਹੇ ਭਗਵਾਨ ਨੂੰ ਦਿੱਲੀ ਵਿੱਚ ਲੈ ਚੱਲਦਾ ਹਾਂ ਅਤੇ ਹੋ ਸਕਦਾ ਹੈ ਕਿ ਉੱਥੋਂ ਦੇ ਲੋਕ ਵੀ ਇਸ ਪਰਮਾਤਮਾ ਦੇ ਚਰਨਾਂ ਵਿੱਚ ਆ ਕੇ ਇੱਕ ਹੋ ਜਾਣ। ਇਹ ਹਿੰਦੂ ਅਤੇ ਮੁਸਲਮਾਨ ਦਾ ਝਗੜਾ ਖ਼ਤਮ ਹੋ ਜਾਵੇ। ਕਬੀਰ ਸਾਹਿਬ ਦੇ ਵਿਚਾਰ ਕੋਈ ਸੁਣੇਗਾ ਤਾਂ ਉਸ ਦਾ ਵੀ ਕਲਿਆਣ ਹੋਵੇਗਾ। ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੇ ਪ੍ਰਾਰਥਨਾ ਕੀਤੀ ਕਿ ਹੇ “ ਸਤਿਗੁਰੂਦੇਵ ! ਇੱਕ ਵਾਰ ਸਾਡੇ ਨਾਲ ਦਿੱਲੀ ਚੱਲਣ ਦੀ ਕਿਰਪਾ ਕਰੋ।” ਕਬੀਰ ਸਾਹਿਬ ਨੇ ਸਿਕੰਦਰ ਲੋਧੀ ਨੂੰ ਕਿਹਾ ਕਿ ਪਹਿਲਾਂ ਤੁਸੀਂ ਮੇਰੇ ਤੋਂ ਉਪਦੇਸ਼ ਲਓ, ਫਿਰ ਤੁਹਾਡੇ ਨਾਲ ਜਾ ਸਕਦਾ ਹਾਂ। ਇਸ ਤਰ੍ਹਾਂ ਨਹੀਂ ਜਾਵਾਂਗਾ। ਸਿੰਕਦਰ ਨੇ ਕਿਹਾ ਕਿ ਦਾਤਾ ਜਿਵੇਂ ਤੁਸੀਂ ਕਹੋਗੇ ਓਵੇਂ ਹੀ ਕਰਾਂਗਾ। ਕਬੀਰ ਸਾਹਿਬ ਨੇ ਕਿਹਾ ਕਿ ਇੱਕ ਤਾਂ ਹਿੰਦੂ ਤੋਂ ਮੁਸਲਮਾਨ ਨਹੀਂ ਬਣਾਏਗਾ। ਸਿੰਕਦਰ ਨੇ ਕਿਹਾ ਕਿ ਨਹੀਂ ਬਣਾਵਾਂਗਾ। ਕੋਈ ਜੀਵ ਹਿੰਸਾ ਨਹੀਂ ਕਰਵਾਏਗਾ। ਸਿੰਕਦਰ ਨੇ ਕਿਹਾ ਪ੍ਰਭੂ ਮੈਂ ਜੀਵ ਹਿੰਸਾ ਨਹੀਂ ਕਰਾਂਗਾ ਅਤੇ ਨਾ ਕਿਸੇ ਨੂੰ ਜੀਵ ਹਿੰਸਾ ਕਰਨ ਲਈ ਕਹਾਂਗਾ। ਪਰੰਤੂ ਇਹ ਮੁੱਲਾ ਅਤੇ ਕਾਜ਼ੀ ਮੇਰੇ ਬਸ ਤੋਂ ਬਾਹਰ ਹਨ। ਕਬੀਰ ਸਾਹਿਬ ਨੇ ਕਿਹਾ ਠੀਕ ਹੈ ਤੁਸੀਂ ਆਪਣੇ ਮੂੰਹ ਨਾਲ ਨਹੀਂ ਕਹੋਗੇ। ਸਿੰਕਦਰ ਨੇ ਕਿਹਾ ਕਿ ਠੀਕ ਹੈ ਦਾਤਾ ਭਾਵ ਸਾਰੇ ਨਿਯਮ ਦੱਸ ਦਿੱਤੇ ਅਤੇ ਸਿੰਕਦਰ ਨੇ ਸਾਰੇ ਸਵੀਕਾਰ ਕਰ ਲਏ। ਪਰਮੇਸ਼ਵਰ ਕਬੀਰ ਸਾਹਿਬ ਜੀ ਤੋਂ ਦੀਖਿਆ ਲੈ ਲਈ ਅਤੇ ਸਾਰੇ ਨਿਯਮਾਂ ਦਾ ਸਾਰੀ ਉਮਰ ਪਾਲਣ ਕਰਨ ਦਾ ਪ੍ਰਣ ਲਿਆ।

ਤਦ ਸਤਿਗੁਰੂਦੇਵ ਸਿਕੰਦਰ ਲੋਧੀ ਨੂੰ ਪ੍ਰਥਮ ਮੰਤਰ ਦੇ ਕੇ ਉੱਥੋਂ ਉਸਦੇ ਨਾਲ ਦਿੱਲੀ ਨੂੰ ਰਵਾਨਾ ਹੋਏ। ਬਾਦਸ਼ਾਹ ਸਿੰਕਦਰ ਨੇ ਪਰਮੇਸ਼ਵਰ ਕਬੀਰ ਸਾਹਿਬ ਨੂੰ ਆਪਣੇ ਨਾਲ ਹਾਥੀ ਉੱਪਰ ਅੰਬਾਰੀ ਵਿੱਚ ਬਿਠਾਇਆ। ਉਸ ਵਿੱਚ ਰਾਜੇ ਤੋਂ ਇਲਾਵਾ ਹੋਰ ਕੋਈ ਨਹੀਂ ਬੈਠ ਸਕਦਾ ਸੀ। ਪ੍ਰੰਤੂ ਸਿੰਕਦਰ ਨੂੰ ਭਗਵਾਨ ਸਾਹਮਣੇ ਦਿਖਾਈ ਦਿੱਤਾ ਜਿਸਨੇ ਉਸਦੀ ਲਾਇਲਾਜ਼ ਬਿਮਾਰੀ ਤੋਂ ਰੱਖਿਆ ਕੀਤੀ ਉਸਦੇ ਸਾਹਮਣੇ ਮੁਰਦਾ ਸਵਾਮੀ ਰਾਮਾਨੰਦ ਜੀਵਿਤ ਕਰ ਦਿੱਤਾ।

ਜਦ ਸਿਕੰਦਰ ਲੋਧੀ ਦੇ ਧਾਰਮਿਕ ਗੁਰੂ ਸ਼ੇਖਤਕੀ ਨੂੰ ਪਤਾ ਲੱਗਾ ਕਿ ਰਾਜਾ ਠੀਕ ਹੋ ਗਿਆ ਅਤੇ ਇਸਦੇ ਸਾਹਮਣੇ ਕਬੀਰ ਪਰਮੇਸ਼ਵਰ ਨੇ ਸਵਾਮੀ ਰਾਮਾਨੰਦ ਜੀ

ਦਾ ਕੱਟਿਆ ਸਿਰ ਜੋੜ ਕੇ ਜੀਵਿਤ ਕਰ ਦਿੱਤਾ। ਉਸਨੇ ਸੋਚਿਆ ਕਿ ਹੁਣ ਨੰਬਰ ਕੱਟੇ ਜਾਣਗੇ ਭਾਵ ਮੇਰੀ ਮਹਿਮਾ ਘੱਟ ਹੋ ਜਾਵੇਗੀ ਅਤੇ ਮੇਰੀ ਕਮਾਈ ਤੇ ਪ੍ਰਭੂਤਾ ਗਈ। ਸ਼ੇਖਤਕੀ ਨੂੰ ਸਾਹਿਬ ਕਬੀਰ ਤੋਂ ਈਰਖਾ ਹੋ ਗਈ। ਉਹ ਵਿਚਾਰ ਕਰਨ ਲੱਗਾ ਕਿ ਕਿਸ ਤਰ੍ਹਾਂ ਇਸਨੂੰ ਨੀਵਾਂ ਦਿਖਾਵਾਂ ਅਤੇ ਸਿਕੰਦਰ ਦੇ ਦਿਲ ਤੋਂ ਇਹ ਉੱਤਰ ਜਾਵੇ ਅਤੇ ਮੇਰੀ ਪ੍ਰਭੂਤਾ ਬਣੀ ਰਹਿ ਜਾਵੇ। ਸਾਰੇ ਉੱਥੋਂ ਦਿੱਲੀ ਦੇ ਲਈ ਚੱਲ ਪਏ। ਰਸਤੇ ਵਿੱਚ ਰਾਤ ਨੂੰ ਇੱਕ ਦਰਿਆ ਤੇ ਰੁਕ ਗਏ। ਸੋਚਿਆ ਕਿ ਰਾਤ ਨੂੰ ਆਰਾਮ ਕਰਾਂਗੇ। ਸਵੇਰੇ ਚੱਲਣ ਦਾ ਇਰਾਦਾ ਕਰਕੇ ਉੱਥੇ ਪੜਾਅ ਲਗਾ ਦਿੱਤਾ।

## "ਮਰੇ ਹੋਏ ਲੜਕੇ ਕਮਾਲ ਨੂੰ ਜੀਵਿਤ ਕਰਨਾ"

ਸ਼ੇਖਤਕੀ ਮਹਾਰਾਜਾ ਸਿੰਕਦਰ ਤੋਂ ਮੂੰਹ ਚੜ੍ਹਾ ਕੇ ਫਿਰ ਰਿਹਾ ਸੀ। ਸਿੰਕਦਰ ਨੇ ਪੁੱਛਿਆ ਕੀ ਗੱਲ ਹੈ ਪੀਰ ਜੀ? ਸ਼ੇਖਤਕੀ ਨੇ ਕਿਹਾ ਕਿ ਕੀ ਤੈਨੂੰ ਗੱਲ ਨਹੀਂ ਪਤਾ? ਸਿੰਕਦਰ ਨੇ ਪੁੱਛਿਆ ਕਿ ਕੀ ਗੱਲ ਹੈ? ਸ਼ੇਖਤਕੀ ਨੇ ਕਿਹਾ ਕਿ ਇਸ ਕਬੀਰ ਕਾਫ਼ਿਰ ਨੂੰ ਨਾਲ ਕਿਉਂ ਰੱਖਿਆ ਹੈ? ਸਿੰਕਦਰ ਨੇ ਕਿਹਾ ਕਿ ਇਹ ਤਾਂ ਭਗਵਾਨ (ਅੱਲਾਹ) ਹਨ। ਸ਼ੇਖਤਕੀ ਨੇ ਕਿਹਾ ਕਿ ਅੱਛਾ ਅੱਲਾਹ ਹੁਣ ਆਕਾਰ ਵਿੱਚ ਆਉਣ ਲੱਗ ਪਿਆ। ਅੱਲਾਹ ਕਿਵੇਂ ਹੈ? ਸਿੰਕਦਰ ਨੇ ਕਿਹਾ ਕਿ ਪਹਿਲਾਂ ਤਾਂ ਅੱਲਾਹ ਇਸ ਤਰ੍ਹਾਂ ਹਨ ਕਿ ਮੇਰਾ ਰੋਗ ਅਜਿਹਾ ਸੀ ਕਿ ਕਿਸੇ ਤੋਂ ਠੀਕ ਨਹੀਂ ਹੋ ਰਿਹਾ ਸੀ। ਇਸ ਕਬੀਰ ਪ੍ਰਭੂ ਨੇ ਹੱਥ ਹੀ ਲਗਾਇਆ ਸੀ, ਮੈਂ ਠੀਕ ਹੋ ਗਿਆ। ਸ਼ੇਖਤਕੀ ਨੇ ਕਿਹਾ ਕਿ ਇਹ ਜਾਦੂਗਰ ਹੁੰਦੇ ਹਨ। ਸਿੰਕਦਰ ਨੇ ਫਿਰ ਕਿਹਾ ਕਿ ਦੂਸਰਾ ਭਗਵਾਨ ਇਸ ਤਰ੍ਹਾਂ ਕਿ ਮੈਂ ਉਹਨਾਂ ਦੇ ਗੁਰੂਦੇਵ ਦਾ ਸਿਰ ਕੱਟ ਦਿੱਤਾ ਸੀ ਅਤੇ ਉਹਨਾਂ ਨੇ ਉਸਨੂੰ ਮੇਰੀ ਅੱਖਾਂ ਸਾਹਮਣੇ ਤੁਰੰਤ ਜੀਵਿਤ ਕਰ ਦਿੱਤਾ। ਸ਼ੇਖਤਕੀ ਨੇ ਕਿਹਾ ਕਿ ਜੇਕਰ ਇਹ ਕਬੀਰ ਅੱਲਾਹ ਹੈ ਤਾਂ ਮੈਂ ਇਸਦੀ ਪ੍ਰੀਖਿਆ ਲਵਾਂਗਾ। ਜੇਕਰ ਕਬੀਰ ਜੀ ਮੇਰੇ ਸਾਹਮਣੇ ਕੋਈ ਮੁਰਦਾ ਜੀਵਿਤ ਕਰੇ ਤਾਂ ਇਸਨੂੰ ਅੱਲਾਹ ਮੰਨ ਲਵਾਗਾਂ। ਨਹੀਂ ਤਾਂ ਦਿੱਲੀ ਜਾ ਕੇ ਮੈਂ ਪੂਰੇ ਮੁਸਲਮਾਨ ਸਮਾਜ ਨੂੰ ਕਹਾਂਗਾ ਕਿ ਇਹ ਰਾਜਾ ਹਿੰਦੂ ਹੋ ਗਿਆ ਹੈ। ਸਿਕੰਦਰ ਲੋਧੀ ਡਰ ਗਿਆ ਕਿ ਕਿਤੇ ਇਹ ਨਾ ਹੋਵੇ ਕਿ ਇਹ ਜਾਂਦੇ ਹੀ ਰਾਜ ਪਲਟ ਦੇਵੇ। (ਰਾਜ ਨੂੰ ਦੇਣ ਵਾਲਾ ਕੋਲ਼ ਬੈਠਾ ਹੈ ਅਤੇ ਉਸ ਮੂਰਖ ਤੋਂ ਡਰ ਲਗਦਾ ਹੈ।) ਰਾਜਾ ਨੇ ਸ਼ੇਖਤਕੀ ਨੂੰ ਕਿਹਾ ਕਿ ਤੁਸੀਂ ਕਿਵੇਂ ਖੁਸ਼ ਹੋਵੋਂਗੇ? ਸ਼ੇਖਤਕੀ ਨੇ ਕਿਹਾ ਕਿ ਮੈਂ ਉਦੋਂ ਖੁਸ਼ ਹੋਵਾਂਗਾ ਜਦ ਮੇਰੇ ਸਾਹਮਣੇ ਇਹ ਕਬੀਰ ਕੋਈ ਮੁਰਦਾ ਜੀਵਿਤ ਕਰ ਦੇਵੇ। ਸਾਹਿਬ ਨੂੰ ਪ੍ਰਾਰਥਨਾ ਹੋਈ ਤਾਂ ਕਬੀਰ ਸਾਹਿਬ ਨੇ ਕਿਹਾ ਕਿ ਠੀਕ ਹੈ। (ਕਬੀਰ ਸਾਹਿਬ ਨੇ ਸੋਚਿਆ ਕਿ ਇਹ ਅਨਾੜੀ ਆਤਮਾ ਸ਼ੇਖਤਕੀ ਹੈ। ਜੇਕਰ ਇਹ ਮੇਰੀ ਗੱਲ ਮੰਨ ਗਿਆ ਤਾਂ ਅੱਧੇ ਤੋਂ ਜ਼ਿਆਦਾ ਮੁਸਲਮਾਨ ਇਸਦੀ ਗੱਲ ਸਵੀਕਾਰ ਕਰਦੇ ਹਨ। ਕਿਉਂਕਿ ਇਹ ਦਿੱਲੀ ਦੇ ਬਾਦਸ਼ਾਹ ਦਾ ਪੀਰ ਹੈ ਅਤੇ ਅਗਰ ਇਹ ਸਹੀ ਢੰਗ ਨਾਲ ਮੁਸਲਮਾਨਾਂ ਨੂੰ ਦੱਸ ਦਵੇਗਾ ਕਿਉਂਕਿ ਬੇਚਾਰੀ ਭੋਲੀ ਆਤਮਾਵਾਂ ਇਨ੍ਹਾਂ ਗੁਰੂਆਂ 'ਤੇ ਅਧਾਰਿਤ ਹੁੰਦੀਆਂ ਹਨ।)

ਇਸ ਲਈ ਕਿਹਾ ਕਿ ਠੀਕ ਹੈ ਸ਼ੇਖਤਕੀ ਲੱਭ ਲੈ ਕੋਈ ਮੁਰਦਾ । ਸਵੇਰੇ ਇੱਕ 10-12 ਸਾਲ ਦੀ ਉਮਰ ਦੇ ਲੜਕੇ ਦੀ ਲਾਸ਼ ਤੈਰਦੀ ਹੋਈ ਆ ਰਹੀ ਸੀ। ਸ਼ੇਖਤਕੀ ਨੇ ਕਿਹਾ ਕਿ ਉਹ ਆ ਰਿਹਾ ਹੈ ਮੁਰਦਾ, ਇਸ ਨੂੰ ਜਿਉਂਦਾ ਕਰ ਦਵੋ। ਕਬੀਰ ਸਾਹਿਬ ਨੇ ਕਿਹਾ ਪਹਿਲਾਂ ਤੁਸੀਂ ਕੋਸ਼ਿਸ਼ ਕਰੋ, ਕਿਤੇ ਫਿਰ ਪਿਛੋਂ ਨੰਬਰ ਬਣਾਓ। ਮੌ-

ਜੂਦ ਮੰਤਰੀਆਂ ਅਤੇ ਸਿਪਾਹੀਆਂ ਨੇ ਕਿਹਾ ਕਿ ਪੀਰ ਜੀ ਤੁਸੀਂ ਕੋਸ਼ਿਸ਼ ਕਰਕੇ ਦੇਖ ਲਵੋ। ਸ਼ੇਖਤਕੀ ਜੰਤਰ-ਮੰਤਰ ਕਰਦਾ ਰਿਹਾ। ਇੰਨੇ ਵਿੱਚ ਉਹ ਮੁਰਦਾ ਤਿੰਨ ਫਰਲਾਂਗ ਅੱਗੇ ਚਲਾ ਗਿਆ। ਸ਼ੇਖਤਕੀ ਨੇ ਕਿਹਾ ਕਿ ਇਹ ਕਬੀਰ ਚਾਹੁੰਦਾ ਸੀ ਇਹ ਬਲਾ ਸਿਰ ਤੋਂ ਟ਼ਲ ਜਾਵੇ। ਕਿਤੇ ਮੁਰਦੇ ਜ਼ਿੰਦਾ ਹੁੰਦੇ ਹਨ? ਮੁਰਦੇ ਤਾਂ ਕਿਆਮਤ ਦੇ ਸਮੇਂ ਹੀ ਜ਼ਿੰਦਾ ਹੁੰਦੇ ਹਨ। ਕਬੀਰ ਸਾਹਿਬ ਬੋਲੇ ਮਹਾਤਮਾ ਜੀ! ਤੁਸੀ ਬੈਠ ਜਾਓ, ਸ਼ਾਂਤੀ ਰੱਖੋ। ਕਬੀਰ ਸਾਹਿਬ ਨੇ ਉਸ ਮੁਰਦੇ ਨੂੰ ਹੱਥ ਨਾਲ ਵਾਪਸ ਆਉਣ ਦਾ ਇਸ਼ਾਰਾ ਕੀਤਾ। ਬਾਰਾਂ ਸਾਲਾਂ ਦੇ ਬੱਚੇ ਦਾ ਮੁਰਦਾ ਸਰੀਰ ਦਰਿਆ ਦੇ ਪਾਣੀ ਦੇ ਵਹਾ ਦੇ ਉਲਟ ਚੱਲ ਕੇ ਕਬੀਰ ਜੀ ਦੇ ਸਾਹਮਣੇ ਆ ਕੇ ਰੁਕ ਗਿਆ। ਪਾਣੀ ਦੀ ਲਹਿਰ ਹੇਠਾਂ-ਹੇਠਾਂ ਜਾ ਰਹੀ ਅਤੇ ਲਾਸ਼ ਉੱਤੇ ਰੁਕੀ ਸੀ। ਕਬੀਰ ਸਾਹਿਬ ਨੇ ਕਿਹਾ ਕਿ ਹੇ ਜੀਵ ਆਤਮਾ ਜਿੱਥੇ ਵੀ ਹੈਂ ਕਬੀਰ ਹੁਕਮ ਨਾਲ ਮੁਰਦੇ ਵਿੱਚ ਪ੍ਰਵੇਸ਼ ਕਰ ਅਤੇ ਬਾਹਰ ਆ। ਕਬੀਰ ਸਾਹਿਬ ਨੇ ਇੰਨਾ ਹੀ ਕਿਹਾ ਸੀ ਕਿ ਲਾਸ਼ ਵਿੱਚ ਕੰਬਨੀ ਹੋਈ ਅਤੇ ਜੀਵਿਤ ਹੋ ਕੇ ਬਾਹਰ ਆ ਗਿਆ। ਕਬੀਰ ਸਾਹਿਬ ਦੇ ਚਰਣਾਂ ਵਿੱਚ ਦੰਡਵਤ ਪ੍ਰਣਾਮ ਕੀਤੀ।

"ਬੋਲੋ ਕਬੀਰ ਪਰਮੇਸ਼ਵਰ ਦੀ ਜੈ"



(ਮ੍ਰਿਤ ਲੜਕੇ ਕਮਾਲ ਨੂੰ ਜੀਵਿਤ ਕਰਨਾ)

ਸਭ ਮੌਜੂਦ ਲੋਕਾਂ ਨੇ ਕਿਹਾ ਕਿ ਕਬੀਰ ਸਾਹਿਬ ਨੇ ਤਾਂ ਕਮਾਲ ਕਰ ਦਿੱਤਾ। ਉਸ ਲੜਕੇ ਦਾ ਨਾਮ ਕਮਾਲ ਰੱਖ ਦਿੱਤਾ। ਲੜਕੇ ਨੂੰ ਆਪਣੇ ਨਾ਼ਲ ਰੱਖਿਆ। ਆਪਣੇ ਬੱਚੇ ਦੀ ਤਰ੍ਹਾਂ ਪਾਲਣ-ਪੋਸ਼ਣ ਕੀਤਾ ਅਤੇ ਨਾਮ ਦਿੱਤਾ। ਉਸ ਦੇ ਬਾਅਦ ਦਿੱਲੀ ਵਿੱਚ ਆ ਗਏ। ਸਭ ਨੂੰ ਪਤਾ ਚੱਲਿਆ ਕਿ ਇਹ ਲੜਕਾ ਜੋ ਇਨ੍ਹਾਂ ਦੇ ਨਾਲ ਹੈ ਇਹ ਪਰਮੇਸ਼ਵਰ ਕਬੀਰ ਸਾਹਿਬ ਨੇ ਜੀਵਿਤ ਕੀਤਾ ਹੈ। ਦੂਰ ਤੱਕ ਗੱਲ ਫੈਲ ਗਈ। ਸ਼ੇਖਤਕੀ ਦੀ ਤਾਂ ਮਾਂ ਜਿਹੀ ਮਰ ਗਈ ਸੋਚਿਆ ਇਹ ਕਬੀਰ ਚੰਗਾ ਦੁਸ਼ਮਣ

ਹੋਇਆ। ਇਸਦੀ ਤਾਂ ਹੋਰ ਜ਼ਿਆਦਾ ਮਹਿਮਾ ਹੋ ਗਈ।

ਸ਼ੇਖਤਕੀ ਦੀ ਈਰਖਾ ਵੱਧਦੀ ਹੀ ਚਲੀ ਗਈ। ਉਸ ਦੀ 13 ਸਾਲਾਂ ਦੀ ਲੜਕੀ ਨੂੰ ਮੌਤ ਤੋਂ ਬਾਅਦ ਕਬਰ ਵਿੱਚ ਜ਼ਮੀਨ ਵਿੱਚ ਦੱਬ ਰੱਖਿਆ ਸੀ। ਸ਼ੇਖਤਕੀ ਨੇ ਕਿਹਾ ਕਿ ਜੇਕਰ ਕਬੀਰ ਮੇਰੀ ਲੜਕੀ ਨੂੰ ਜੋ ਕਬਰ ਵਿੱਚ ਦਫ਼ਨਾ ਰੱਖੀ ਹੈ।ਜੇਕਰ ਉਸਨੂੰ ਜੀਵਿਤ ਕਰੇਗਾ ਤਾਂ ਮੈਂ ਇਸਨੂੰ ਅੱਲਾਹ ਮੰਨ ਲਵਾਂਗਾ।

## ''ਸ਼ੇਖਤਕੀ ਦੁਆਰਾ ਕਬੀਰ ਜੀ ਦੀਆਂ ਹੋਰ ਪ੍ਰੀਖਿਆਵਾਂ''

### ''ਕਮਾਲੀ ਦੇ ਪਹਿਲਾਂ ਦੇ ਜਨਮਾਂ ਦੀ ਜਾਣਕਾਰੀ''

### (ਪੂਰਣ ਮੁਕਤੀ ਪੂਰਣ ਸੰਤ ਬਿਨਾਂ ਅਸੰਭਵ)

ਸਤਯੁਗ ਵਿੱਚ ਕਮਾਲੀ ਵਾਲਾ ਜੀਵ ਵਿੱਦਿਆਧਰ ਪੰਡਤ ਦੀ ਪਤਨੀ ਦੀਪਿਕਾ ਸੀ। ਫਿਰ ਤ੍ਰੇਤਾਯੁਗ ਵਿੱਚ ਰਿਸ਼ੀ ਵੇਦਵਿੱਗਯ (ਜੋ ਵਿੱਦਿਆਧਰ ਵਾਲੀ ਹੀ ਆਤਮਾ ਸੀ) ਦੀ ਪਤਨੀ ਸੂਰਯਾ ਸੀ। ਸਤਯੁਗ ਅਤੇ ਤ੍ਰੇਤਾ ਵਿੱਚ ਪਰਮਾਤਮਾ ਕਬੀਰ ਜੀ ਬਾਲਕ ਰੂਪ ਵਿੱਚ ਇਨ੍ਹਾਂ ਨੂੰ ਪ੍ਰਾਪਤ ਹੋਏ ਸਨ। ਉਸਤੋਂ ਬਾਅਦ ਹੋਰ ਜੀਵਨ ਧਾਰਣ ਕੀਤੇ ਅਤੇ ਕਲਯੁਗ ਵਿੱਚ ਮੁਸਲਮਾਨ ਧਰਮ ਵਿੱਚ ਰਾਬੀਆ ਲੜਕੀ ਦਾ ਜਨਮ, ਫਿਰ ਬੰਸੂਰੀ ਨਾਮਕ ਲੜਕੀ ਦਾ ਜਨਮ, ਉਸ ਤੋਂ ਬਾਅਦ ਇੱਕ ਜੀਵਨ ਵੈਸ਼ਯਾ ਦਾ, ਫਿਰ ਕਮਾਲੀ ਨਾਮਕ ਲੜਕੀ ਦਾ ਜੀਵਨ ਪ੍ਰਾਪਤ ਹੋਇਆ। ਰਾਬੀਆ ਦੇ ਪ੍ਰਮਾਣ ਵਿੱਚ ਸਾਖੀਆਂ ਸੰਤ ਗਰੀਬਦਾਸ ਸਾਹਿਬ ਰਚਿਤ ਗ੍ਰੰਥ ਸਾਹਿਬ ਵਿੱਚ ਪਾਰਖ ਦੇ ਅੰਗ ਦੀ ਬਾਣੀ :-

ਗਰੀਬ, ਸੁਲਤਾਨੀ ਮੱਕੇ ਗਯੇ, ਮੱਕਾ ਨਹੀਂ ਮੁਕਾਮ ।
ਗਯਾ ਰਾਂਡ ਕੇ ਲੇਨ ਕੂੰ, ਕਹੈ ਅਧਮ ਸੁਲਤਾਨ॥56॥
ਗਰੀਬ, ਰਾਬੀਆ ਪਰਸੀ ਰੱਬ ਸਜੂੰ, ਮੱਕੇ ਕੀ ਅਸਵਾਰ ।
ਤੀਨ ਮੰਜਿਲ ਮੱਕਾ ਗਿਆ, ਬੀਬੀ ਕੇ ਦੀਦਾਰ॥57॥
ਗਰੀਬ, ਫਿਰ ਰਾਬੀਯਾ ਬੰਸਰੀ ਬਨੀ, ਮੱਕੇ ਚੜ੍ਹਾਯਾ ਸ਼ੀਸ਼ ।
ਪੂਰਬਲੇ ਸੰਸਕਾਰ ਕੁਛ, ਧਨ੍ਯ ਸਤਿਗੁਰੂ ਜਗਦੀਸ਼॥58॥
ਗਰੀਬ, ਬੰਸਰੀ ਸੇ ਵੇਸ਼ਵਾ ਬਨੀ, ਸ਼ਬਦ ਸੁਨਾਯਾ ਰਾਗ ।
ਬਹੁਰਿ ਕਮਾਲੀ ਪੁੱਤਰੀ, ਜੁਗ ਜੁਗ ਤ੍ਯਾਗ ਬੈਰਾਗ॥59॥

ਪ੍ਰਮਾਣ ਦੇ ਲਈ ਗਰੀਬਦਾਸ ਸਾਹਿਬ ਰਚਿਤ ਗ੍ਰੰਥ ਸਾਹਿਬ ਤੋਂ ਅਚਲਾ ਦੇ ਅੰਗ ਤੋਂ ਬਾਣੀ :-

ਗਰੀਬ ਰਾਬੀ ਕੂੰ ਸਤਿਗੁਰੂ ਮਿਲੇ, ਦੀਨਾ ਆਪਣਾ ਤੇਜ ।
ਬਯਾਹੀ ਏਕ ਸਹਾਬ ਸੈਂ, ਬੀਬੀ ਚੜ੍ਹੀ ਨ ਸੇਜ॥363॥
ਗਰੀਬ, ਰਾਬੀ ਮੱਕੇ ਕੂੰ ਚਲੀ, ਧਰਿਆ ਅਲਹ ਕਾ ਧਿਆਨ ।
ਕੁੱਤੀ ਏਕ ਪਯਾਸੀ ਖੜ੍ਹੀ, ਛੂਟੇ ਜਾਤ ਹੈਂ ਪ੍ਰਾਣ॥364॥
ਗਰੀਬ, ਕੇਸ਼ ਉਪਾਰੇ ਸ਼ੀਸ਼ ਕੇ, ਬਾਟੀ ਰੱਸੀ ਬੀਨ ।
ਜਾਕੈ ਵਸਤ੍ਰ ਬਾਂਧਿ ਕਰਿ, ਜਲ ਕਾਢਯਾ ਪ੍ਰਵੀਨ॥365॥

ਗਰੀਬ, ਸੁੰਨਹੀਂ ਕੂੰ ਪਾਨੀ ਪੀਯਾ, ਉਤਰੀ ਅਰਸ ਅਵਾਜ ।
ਤੀਨ ਮਜਲ ਮੱਕਾ ਗਯਾ, ਬੀਬੀ ਤੁਮਹਰੇ ਕਾਜ॥366॥
ਗਰੀਬ, ਬੀਬੀ ਮੱਕੇ ਪਰ ਚੜ੍ਹੀ, ਰਾਬੀ ਰੰਗ ਅਪਾਰ ।
ਏਕ ਲਾਖ ਅੱਸੀ ਜਹਾਂ, ਦੇਖੇ ਸਬ ਸੰਸਾਰ॥367॥
ਗਰੀਬ, ਰਾਬੀ ਪਟਰਾ ਘਾਲਿ ਕਰ, ਕਿਯਾ ਜਹਾਂ ਅਸਨਾਨ ।
ਏਕ ਲਾਖ ਅੱਸੀ ਬਹੇ, ਮੰਗਰ ਮਲਯਾ ਸੁਲਤਾਨ॥368॥

ਇੱਕ ਰਾਬੀਆ ਨਾਮ ਦੀ ਲੜਕੀ ਮੁਸਲਮਾਨ ਧਰਮ ਵਿੱਚ ਪੈਦਾ ਹੋਈ । ਜਦੋਂ ਉਸਦੀ ਉਮਰ 16 ਸਾਲ ਦੀ ਸੀ ਤਾਂ ਉਸਨੂੰ ਪੂਰਣ ਪਰਮਾਤਮਾ ਕਬੀਰ ਸਾਹਿਬ ਮਿਲੇ। ਪ੍ਰਭੂ ਵਿੱਚ ਬਹੁਤ ਪ੍ਰੇਮ ਸੀ। ਰੋਜ਼ਾ ਰੱਖਣਾ, ਨਮਾਜ਼ ਕਰਨਾ, ਈਦ ਮਨਾਉਣਾ ਜੋ ਪਰੰ-ਪਰਾਗਤ ਸਾਧਨਾ ਧਰਮ ਅਨੁਸਾਰ ਸੀ ਉਹ ਪੂਰੀ ਲਗਨ ਨਾਲ ਕਰਿਆ ਕਰਦੀ ਸੀ।

ਉਦੋਂ ਕਬੀਰ ਸਾਹਿਬ ਨੇ ਦੱਸਿਆ ਹੈ ਕਿ ਇਹ ਸਾਧਨਾ ਪ੍ਰਭੂ ਪਾਉਣ ਦੀ ਨਹੀਂ ਹੈ। ਸਾਰੀ ਸ੍ਰਿਸ਼ਟੀ ਰਚਨਾ ਸੁਣਾਈ ਅਤੇ ਸਤ ਭਗਤੀ ਦਾ ਮਾਰਗ ਦੱਸਿਆ। ਉਸ ਲੜਕੀ ਰਾਬੀਆ ਨੇ ਉਪਦੇਸ਼ ਲੈ ਲਿਆ। ਫਿਰ ਚਾਰ ਸਾਲ ਸਤਿ ਸਾਧਨਾ ਕਰਕੇ ਸਮਾਜ ਦੇ ਦਬਾਅ ਨਾਲ ਲੋਕ-ਲਾਜ ਦੇ ਕਾਰਣ ਸਤਿ ਮਾਰਗ ਛੱਡ ਦਿੱਤਾ ਅਤੇ ਉਹੀ ਪਰੰਪਰਾਗਤ ਸਾਧਨਾ ਦੁਬਾਰਾ ਸ਼ੁਰੂ ਕਰ ਦਿੱਤੀ। ਉਸ ਲੜਕੀ ਦੀ ਆਸਥਾ ਪ੍ਰਭੂ ਵਿੱਚ ਇੰਨੀ ਪ੍ਰਬਲ ਸੀ ਕਿ ਵਿਆਹ ਨੂੰ ਮਨ੍ਹਾ ਕਰ ਦਿੱਤਾ। ਮਾਤਾ-ਪਿਤਾ ਰੋਣ ਲੱਗ ਗਏ ਕਿ ਜਵਾਨ ਲੜਕੀ ਨੂੰ ਘਰ ਵਿੱਚ ਕਿਵੇਂ ਰੱਖੀਏ? ਮਾਤਾ-ਪਿਤਾ ਨੂੰ ਜ਼ਰੂਰਤ ਤੋਂ ਜ਼ਿਅ-ਾਦਾ ਪਰੇਸ਼ਾਨ ਦੇਖ ਕੇ ਰਾਬੀਆ ਨੇ ਵਿਆਹ ਲਈ ਹਾਮੀ ਭਰ ਦਿੱਤੀ। ਉਸ ਲੜਕੀ ਰਾਬੀਆ ਦਾ ਵਿਆਹ ਇੱਕ ਬਹੁਤ ਵੱਡੇ ਸਾਹਿਬ (ਅਧਿਕਾਰੀ) ਨਾਲ ਹੋਇਆ। ਪ੍ਰੰਤੂ ਆਪਣੇ ਪਤੀ ਨੂੰ ਸਪੱਸ਼ਟ ਕਹਿ ਦਿੱਤਾ ਕਿ ਮੈਂ ਸੰਤਾਨ ਉਤਪੱਤੀ ਨਹੀਂ ਕਰਾਂਗੀ। ਮੈਂ ਤਾਂ ਮੇਰੇ ਮਾਤਾ-ਪਿਤਾ ਦੇ ਵਿਸ਼ੇਸ਼ ਦਬਾਅ ਅਤੇ ਲੋਕ ਲਾਜ ਦੇ ਕਾਰਣ ਵਿਆਹ ਕੀਤਾ ਹੈ। ਜੇਕਰ ਤੁਸੀਂ ਮੇਰੀ ਗੱਲ ਸਵੀਕਾਰ ਨਹੀਂ ਕਰੋਗੇ ਤਾਂ ਮੈਂ ਆਤਮ ਹੱਤਿਆ ਕਰ ਲਵਾਂਗੀ। ਇਹ ਮੇਰਾ ਆਖਰੀ ਫ਼ੈਸਲਾ ਸਮਝੋ। ਮੈਂ ਸਿਰਫ਼ ਪ੍ਰਭੂ ਭਗਤੀ ਕਰਕੇ ਆਤਮ ਕਲਿਆਣ ਚਾਹੁੰਦੀ ਹਾਂ।

ਰਾਬੀਆ ਦੇ ਪਤੀ ਨੇ ਸੋਚਿਆ ਕਿਉਂ ਮੈਂ ਇਸ ਭਗਤ ਆਤਮਾ ਨੂੰ ਦੁਖੀ ਕਰਾਂ ਅਤੇ ਪਾਪ ਦਾ ਭਾਗੀ ਬਣਾ। ਸੋਚ ਵਿਚਾਰ ਕਰਕੇ ਕਿਹਾ ਕਿ ਰਾਬੀਆ ਜਿਸ ਤਰ੍ਹਾਂ ਤੁਹਾਨੂੰ ਸਮਾਜ ਦਾ ਡਰ ਸੀ ਉਸੇ ਤਰ੍ਹਾਂ ਹੀ ਮੇਰਾ ਵੀ ਆਪਣਾ ਇੱਕ ਸਮਾਜ ਹੈ। ਤੁਹਾਨੂੰ ਸਮਾਜ ਦੀ ਨਜ਼ਰ ਵਿੱਚ ਮੇਰੀ ਪਤਨੀ ਦੇ ਰੂਪ ਵਿੱਚ ਰਹਿਣਾ ਪਵੇਗਾ। ਮੇਰੀ ਨਜ਼ਰ ਵਿਚ ਤੁਸੀਂ ਮੇਰੀ ਭੈਣ ਵਾਂਗ ਹੋਵੋਗੀ। ਤੈਨੂੰ ਘਰ ਤੋਂ ਬਾਹਰ ਨਹੀਂ ਜਾਣ ਦੇਵਾਂਗਾ। ਤੁਸੀਂ ਭਜਨ (ਭਗਤੀ) ਕਰੋ। ਕਹੋਂ ਤਾਂ ਤੁਹਾਡੇ ਲਈ ਦੋ ਨੌਕਰਾਣੀਆਂ ਛੱਡ ਦਿੰਦਾ ਹਾਂ। ਰਾਬੀਆ ਬਹੁਤ ਖੁਸ਼ ਹੋਈ ਅਤੇ ਕਿਹਾ ਕਿ ਹੇ ਪ੍ਰਭੂ! ਤੁਸੀਂ ਮੇਰੀ ਬੜੀ ਸੁਣੀ। ਉਸ ਦਿਨ ਤੋਂ ਬਾਅਦ ਰਾਬੀਆ ਮੁਸਲਮਾਨ ਧਰਮ ਵਿੱਚ ਪ੍ਰਚਲਿਤ ਸਾਧਨਾ ਕਰਦੀ ਰਹੀ।

ਮੁਸਲਮਾਨ ਧਰਮ ਵਿੱਚ ਜਨਮ ਸੀ। ਈਦ ਅਤੇ ਬਕਰੀਦ, ਰੋਜ਼ੇ ਆਦਿ ਸ਼ਰਧਾ ਨਾਲ ਕਰਦੀ ਸੀ। ਜਦੋਂ ਪੰਜਾਹ ਸਾਲ ਤੋਂ ਉੱਪਰ ਦੀ ਉਮਰ ਹੋ ਗਈ, ਉਦੋਂ ਆਪਣੇ ਪਤੀ ਨੂੰ ਕਿਹਾ ਕਿ ਕਹਿੰਦੇ ਹਨ ਮੱਕੇ ਵਿੱਚ ਜਾਣਾ ਬਹੁਤ ਜ਼ਰੂਰੀ ਹੁੰਦਾ ਹੈ। ਹੁਣ ਕੀ ਪਤਾ ਕਦੋਂ ਪ੍ਰਾਣ ਨਿਕਲ ਜਾਣ। ਇੱਕ ਵਾਰ ਮੈਂ ਹੱਜ ਕਰਨਾ ਚਾਹੁੰਦੀ ਹਾਂ। ਉਸ ਦੇ

ਪਤੀ ਨੇ ਕਿਹਾ ਕਿ ਤੁਸੀਂ ਜਾ ਸਕਦੇ ਹੋ। ਕਹੋ ਤਾਂ ਤੁਹਾਡੇ ਲਈ ਊਠ ਦਾ ਪ੍ਰਬੰਧ ਕਰਵਾ ਦਿੰਦਾ ਹਾਂ। ਰਾਬੀਆ ਨੇ ਕਿਹਾ ਕਿ ਮੈਂ ਪੈਦਲ ਯਾਤਰਾ ਕਰਾਂਗੀ। ਹੋਰ ਵੀ ਬਹੁਤ ਯਾਤਰੀ ਜਾ ਰਹੇ ਹਨ। ਉਸਦੇ ਪਤੀ ਨੇ ਕਿਹਾ ਕਿ ਤੁਸੀਂ ਜਾ ਸਕਦੇ ਹੋ।

ਰਾਬੀਆ ਨੇ ਮੱਕੇ ਵਿੱਚ ਹੱਜ ਦੇ ਲਈ ਪ੍ਰਸਥਾਨ ਕੀਤਾ। ਰਸਤੇ ਵਿੱਚ ਦੇਖਿਆ ਇੱਕ ਕੁੱਤੀ ਬਹੁਤ ਪਿਆਸੀ ਸੀ। ਉਹ ਕੁੱਤੀ ਕਦੇ ਰਾਬੀਆ ਦੇ ਪੈਰਾਂ ਵੱਲ ਭੱਜ ਕੇ ਆ ਰਹੀ ਸੀ, ਕਦੇ ਖੂਹ ਵੱਲ ਜਾ ਰਹੀ ਸੀ। ਰਾਬੀਆ ਸਮਝ ਗਈ ਕਿ ਇਹ ਕੁੱਤੀ ਬਹੁਤ ਪਿਆਸੀ ਹੈ। ਨਾਲ ਹੀ ਇਸ ਦੇ ਛੋਟੇ-ਛੋਟੇ ਬੱਚੇ ਵੀ ਨਜ਼ਰ ਆ ਰਹੇ ਸਨ। ਇਸ ਨੂੰ ਪਾਣੀ ਨਾ ਮਿਲਿਆ ਤਾਂ ਇਹ ਪ੍ਰਾਣ ਤਿਆਗ ਜਾਵੇਗੀ, ਇਸਦੇ ਬੱਚੇ ਵੀ ਮਰ ਜਾਣਗੇ। ਭਗਤ ਆਤਮਾ ਵਿੱਚ ਦਯਾ ਬਹੁਤ ਹੁੰਦੀ ਹੈ। ਰਾਬੀਆ ਖੂਹ ਕੋਲ਼ ਗਈ। ਉੱਥੇ ਦੇਖਿਆ ਨਾ ਉੱਥੇ ਬਾਲਟੀ ਸੀ ਅਤੇ ਨਾ ਹੀ ਕੋਈ ਰੱਸਾ ਸੀ। ਆਲੇ ਦੁਆਲੇ ਕੋਈ ਪਿੰਡ ਵੀ ਨਜ਼ਰ ਨਹੀਂ ਆ ਰਿਹਾ ਸੀ। ਰਾਬੀਆ ਨੇ ਅੱਗਾ ਦੇਖਿਆ ਨਾ ਪਿੱਛਾ , ਆਪਣੇ ਸਿਰ ਦੇ ਵਾਲਾਂ ਨੂੰ ਪੱਟ ਕੇ ਇੱਕ ਲੰਬੀ ਰੱਸੀ ਬਣਾਈ। ਆਪਣੇ ਹੀ ਕੱਪੜੇ (ਕਿਉਂਕਿ ਉਸ ਸਮੇਂ ਮੋਟੇ ਖਾਦੀ ਦੇ ਕੱਪੜੇ ਪਾਉਂਦੇ ਸੀ।) ਉਤਾਰ ਕੇ ਰੱਸੀ ਨਾਲ ਬੰਨ੍ਹਕੇ ਖੂਹ ਦੇ ਪਾਣੀ ਵਿੱਚ ਭਿਓਂ ਕੇ ਬਾਹਰ ਕੱਢੇ ਅਤੇ ਇੱਕ ਘੜੇ ਦਾ ਟੁੱਟਿਆ ਹੋਇਆ ਅੱਧਾ ਹਿੱਸਾ ਉੱਥੇ ਪਿਆ ਸੀ ਉਸਨੂੰ ਭਰ ਦਿੱਤਾ। ਕੁੱਤੀ ਨੇ ਬੜੀ ਜਲਦੀ ਨਾਲ ਪਾਣੀ ਪੀਤਾ। ਰਾਬੀ-ਆ ਦਾ ਸਾਰਾ ਸਰੀਰ ਲਹੂ-ਲੁਹਾਨ ਹੋ ਗਿਆ। ਆਪਣੇ ਕੱਪੜਿਆਂ ਨਾਲ ਸਾਰੇ ਸਰੀਰ ਨੂੰ ਪੂੰਝ ਕੇ ਅਤੇ ਉਨ੍ਹਾਂ ਕੱਪੜਿਆਂ ਨੂੰ ਧੋ ਕੇ ਪਾ ਲਿਆ ਅਤੇ ਜਿਵੇਂ ਹੀ ਤੁਰਨ ਲਈ ਤਿਆਰ ਹੋਈ ਇੰਨੇ ਨੂੰ ਉਹ ਮੱਕਾ ਜਿਉਂ ਦਾ ਤਿਉਂ ਮਕਾਨ (ਪਵਿੱਤਰ ਮਸਜਿਦ) ਉੱਥੋਂ ਉੱਠ ਕੇ ਰਾਬੀਆ ਦੇ ਲਈ ਉਸ ਖੂਹ ਦੇ ਕੋਲ ਆ ਗਿਆ। ਅਕਾਸ਼ਵਾਣੀ ਹੋਈ ਕਿ "ਹੇ ਭਗਤਮਤੀ ਤੇਰੇ ਲਈ ਇਹ ਮੱਕਾ ਤਿੰਨ ਮੰਜ਼ਿਲ ਅਰਥਾਤ 60 ਮੀਲ ਤੋਂ ਉੱਡ ਕੇ ਆਇਆ ਹੈ। ਤੁਸੀਂ ਇਸ ਵਿੱਚ ਪ੍ਰਵੇਸ਼ ਕਰੋ। ਰਾਬੀਆ ਨੇ ਉਸ ਵਿੱਚ ਪ੍ਰਵੇਸ਼ ਕੀਤਾ। ਮੱਕਾ ਉੱਥੋਂ ਉੱਠਿਆ। ਹਵਾਈ ਜਹਾਜ਼ ਦੀ ਤਰ੍ਹਾਂ ਉੱਡ ਕੇ ਵਾਪਸ ਯਥਾ ਸਥਾਨ ਤੇ ਆ ਗਿਆ। ਇਸ ਲੀਲਾ ਨੂੰ ਦੇਖ ਕੇ ਸਮਾਜ ਵਿੱਚ ਇੱਕ ਵਿਸ਼ੇਸ਼ ਚਰਚਾ ਹੋ ਗਈ ਕਿ ਜੇਕਰ ਭਗਤੀ ਹੋਵੇ ਤਾਂ ਰਾਬੀਆ ਵਰਗੀ ਮੁਸਲਮਾਨ ਸਮਾਜ ਵਿੱਚ (ਮੀਰਾ ਬਾਈ ਦੀ ਤਰ੍ਹਾਂ) ਰਾਬੀਆ ਦਾ ਨਾਂ ਆਦਰ ਨਾਲ ਲਿਆ ਜਾਣ ਲੱਗਾ। ਸਭ ਉਸਦਾ ਵਿਸ਼ੇਸ਼ ਸਤਿਕਾਰ ਕਰਨ ਲੱਗੇ।

ਕੁੱਝ ਸਮੇਂ ਬਾਅਦ ਰਾਬੀਆ ਨੇ ਪ੍ਰਾਣ ਤਿਆਗ ਦਿੱਤੇ। ਦੂਜਾ ਜਨਮ ਮੁਸ-ਲਮਾਨ ਧਰਮ ਵਿੱਚ ਇੱਕ ਬੰਸੁਰੀ ਨਾਂ ਦੀ ਲੜਕੀ ਦਾ ਹੋਇਆ। ਕਿਉਂਕਿ ਜਿੱਥੇ ਜੀਵ ਦੇ ਸੰਸਕਾਰ ਹੁੰਦੇ ਹਨ ਉੱਥੇ ਹੀ ਉਸਦਾ ਜਨਮ ਹੁੰਦਾ ਰਹਿੰਦਾ ਹੈ। ਇੰਨੀ ਚੰਗੀ ਧਾਰਮਿਕ ਵਿਰਤੀ ਦੀ ਲੜਕੀ ਬਹੁਤ ਚੰਗੇ ਪ੍ਰਭੂ ਦੇ ਗੁਣ-ਗਾਣ ਕਰਦੀ ਸੀ ਅਤੇ ਆ-ਪਣੀ ਧਾਰਮਿਕ ਪੂਜਾ ਮੁਸਲਮਾਨ ਧਰਮ ਦੇ ਅਨੁਸਾਰ ਸਾਰੀ ਉਮਰ ਕਰਦੀ ਰਹੀ। ਉਸ ਲੜਕੀ ਨੇ ਵੀ ਲੋਕਵੇਦ ਦੇ ਆਧਾਰ ਤੋਂ ਇਹੀ ਸੁਣਿਆ ਸੀ ਕਿ ਜੇਕਰ ਮੱਕਾ ਵਿਚ ਪ੍ਰਾਣ ਨਿਕਲ ਜਾਣ ਤਾਂ ਜੀਵ ਸਿੱਧਾ ਸਵਰਗ (ਬਹਿਸ਼ਤ) ਜਾਂਦਾ ਹੈ। ਬਿਰਧ ਹੋਣ ਤੋਂ ਬਾਅਦ ਹੱਜ ਕਰਨ ਲਈ ਮੱਕਾ ਵਿੱਚ ਗਈ।ਸੋਚਿਆ ਕਿ ਇਸ ਤੋਂ ਚੰਗਾ ਮੌਕਾ ਹੋਰ ਕੀ ਹੋਵੇਗਾ? ਜੇਕਰ ਮੱਕਾ ਵਿਚ ਪ੍ਰਾਣ ਨਿਕਲ ਜਾਣ ਤਾਂ ਸਵਰਗ ਪ੍ਰਾਪਤ ਹੋ ਜਾਵੇ। ਲੜਕੀ ਨੇ ਆਪਣਾ ਸਿਰ ਵੱਢ ਕੇ ਮੱਕਾ ਵਿੱਚ ਚੜ੍ਹਾ ਦਿੱਤਾ। ਪੂਰੇ ਮੁਸਲਮਾਨ ਸਮਾਜ ਵਿੱਚ ਇਸ ਗੱਲ ਦੀ ਵਿਸ਼ੇਸ਼ ਚਰਚਾ ਹੋ ਗਈ ਕਿ ਕੁਰਬਾਨੀ ਪ੍ਰਭੂ ਦੇ ਨਾਮ ਤੇ ਅ-

**ਜਹੀ ਹੁੰਦੀ ਹੈ।** (ਹੁਣ ਇੱਥੇ ਨਾਦਾਨ ਵਿਅਕਤੀਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਕੁਰਬਾਨੀ ਆਪਣੀ ਕਰਨੀ ਚਾਹੀਦੀ ਹੈ। ਪ੍ਰਭੂ ਦੇ ਨਾਮ ਤੇ ਬੱਕਰੇ, ਗਾਂ ਜਾ ਮੁਰਗੇ ਦੀ ਨਹੀਂ। ਅਸਲ ਵਿੱਚ ਕੁਰਬਾਨੀ ਪ੍ਰਭੂ ਦੇ ਚਰਣਾਂ ਵਿੱਚ ਸਮਰਪਣ ਅਤੇ ਸਤ ਭਗਤੀ ਹੁੰਦੀ ਹੈ। ਸ਼ੀਸ਼ ਕੱਟਣ ਨਾਲ ਜਾ ਅਵਿਧੀ ਪੂਰਵਕ ਸਾਧਨਾ ਕਰਨ ਨਾਲ ਮੁਕਤੀ ਨਹੀਂ ਹੁੰਦੀ। ਇਹ ਤਾਂ ਕਾਲ ਦਾ ਭੁੱਲ ਭੁਲੇਖਾ ਹੈ। ਕੁਰਬਾਨੀ ਗਰਦਨ ਕੱਟਣ ਨਾਲ ਨਹੀਂ ਹੁੰਦੀ, ਸਮਰਪਣ ਨਾਲ ਹੁੰਦੀ ਹੈ। ਪ੍ਰਭੂ ਦੇ ਨਿਮਤ ਦਿਲੋਂ ਸਮਰਪਣ ਕਰ ਦੇਵੇ ਕਿ ਹੇ ਪ੍ਰਭੂ ਤਨ ਵੀ ਤੇਰਾ, ਧਨ ਵੀ ਤੇਰਾ, ਇਹ ਦਾਸ ਜਾਂ ਦਾਸੀ ਵੀ ਤੇਰੀ, ਇਹ ਕੁਰਬਾਨੀ ਪ੍ਰਭੂ ਨੂੰ ਪਸੰਦ ਹੈ। ਹਿੰਸਾ, ਹੱਤਿਆ ਪ੍ਰਭੂ ਕਦੇ ਪਸੰਦ ਨਹੀਂ ਕਰਦਾ। )

**ਉਸ ਤੋਂ ਬਾਅਦ ਉਸੇ ਲੜਕੀ ਰਾਬੀਆ ਦਾ ਤੀਜਾ ਜਨਮ ਕਿਸੇ ਹੋਰ ਸਮਾਜ ਵਿੱਚ ਹੋਇਆ। ਕਰਮ ਦੇ ਆਧਾਰ ਤੇ ਵੇਸ਼ਵਾ ਬਣੀ। ਪੂਰਣ ਪਰਮੇਸ਼ਵਰ (ਸਤਿਪੁਰਸ਼ ਕਬੀਰ ਸਾਹਿਬ) ਹੀ ਜੀਵ ਦੇ ਪਾਪ ਕਰਮ ਕੱਟ ਸਕਦਾ ਹੈ, ਹੋਰ ਕੋਈ ਨਹੀਂ ਕੱਟ ਸਕਦਾ। ਜਿਵੇਂ ਭਾਰਤ ਦਾ ਰਾਸ਼ਟਰਪਤੀ ਫਾਂਸੀ ਦੀ ਸਜ਼ਾ ਨੂੰ ਵੀ ਮਾਫ਼ ਕਰ ਸਕਦਾ ਹੈ, ਹੋਰ ਸਜ਼ਾਵਾਂ ਬਾਰੇ ਤਾਂ ਕਹਿਣਾ ਹੀ ਕੀ ਹੈ? ਹੋਰ ਕੋਈ ਵੀ ਫਾਂਸੀ ਦੀ ਸਜ਼ਾ ਨੂੰ ਮਾਫ਼ ਨਹੀਂ ਕਰ ਸਕਦਾ। ਇਸੇ ਤਰ੍ਹਾਂ (ਪੂਰਣ ਪਰਮਾਤਮਾ) ਪਰਮ ਸ਼ਕਤੀ ਯੁਕਤ ਕਬੀਰ ਸਾਹਿਬ ਸਾਡੇ ਸਾਰੇ ਦੁੱਖਾਂ ਦਾ ਨਿਵਾਰਣ ਕਰ ਸਕਦੇ ਹਨ। ਇਸਦਾ ਪ੍ਰਮਾਣ ਹੁਣ ਹੇਠਾਂ ਦੇਖੋ।**

ਯਜੁਰਵੇਦ ਅਧਿਆਏ ਨੰਬਰ 5 ਦੇ ਸ਼ਲੋਕ ਨੰਬਰ 32 ਦਾ ਅਨੁਵਾਦ (ਸੰਤ ਰਾਮਪਾਲ ਦਾਸ ਦੁਆਰਾ ਅਨੁਵਾਦਿਤ)

ਉਸ਼ਿਗਸਿ ਕਵਿਰਙ੍ਘਾਰਿਰਸਿ ਬੰਭਾਰਿਰਵਸ੍ਯੂਰਸਿ ਦੁਵਸਵਾਞ੍ਛੁੰਧਯੂਰਸਿ ਮਾਰ-ਜਲੀਏਹ । ਸਮ੍ਰਾਡਸਿ ਕ੍ਰਸ਼ਾਨੁਹ ਪ੍ਰਿਸ਼ਘੋਅਸਿ ਪਵਮਾਨੋ ਨਭੋਸਿ ਪ੍ਰਤਕ੍ਵਾ ਮਸ਼ਟੋਂ ਸਿ ਹਵਯ-ਸੂਦਨਅਰਿਤ - ਧਾਮਾਸਿ ਸ੍ਵਰ੍ਜਯੋਤਿਹ ॥32॥

ਉਸ਼ਿਕ - ਅਸਿ - ਕਵਿਰ - ਅੰਘਾਰਿਹ- ਅਸਿ - ਬੰਭਾਰਿਹ- ਅਵਸਉਹ- ਅਸਿ - ਦੁਵਸਵਾਨ੍- ਸ਼ੁਨਧਯੂਹ - ਅਸਿ- ਮਾਰਜਾਲੀਯਹ - ਸਮਰਾਟ- ਅਸਿ - ਕ੍ਰਸ਼ਾਨੁਹ - ਪਰਿਸ਼ਦ੍ਯ- ਅਸਿ - ਪਵਮਾਨਹ- ਨਭਹ- ਅਸਿ - ਪ੍ਰਤਕ੍ਵਾ - ਮਸ਼ਟਹ- ਅਸਿ - ਹਵਯ - ਸੂਦਨਹ- ਰਿਤ - ਧਾਮਾ - ਅਸਿ - ਸਵਰਜਯੋਤਿਹ।

ਅਨੁਵਾਦ:- (ਉਸ਼ਿਕ) ਜੋ ਪੂਰਣ ਸ਼ਾਂਤੀਦਾਇਕ (ਅਸਿ) ਹੈ। ਉਹ (ਅੰਘਾਰਿਹ) ਪਾਪ ਦਾ ਦੁਸ਼ਮਨ ਅਰਥਾਤ ਪਾਪ ਵਿਨਾਸ਼ਕ (ਕਵਿਰ) ਕਬੀਰ (ਅਸਿ) ਹੈ।(ਦੁਵਸ੍ਵਾਨ) ਦੋ ਸਥਾਨਾਂ ਤੇ ਰਹਿੰਦਾ ਹੋਇਆ ਦੁਖਦਾਈ ਕਾਲ ਦੇ ਲੋਕ ਵਿੱਚ ਰਹਿਣ ਵਾਲਿਆਂ ਦੇ (ਬੰਭਾਰਿਹ) ਕਰਮ ਬੰਧਨ ਦਾ ਦੁਸ਼ਮਣ ਅਰਥਾਤ ਬੰਦੀਛੋੜ (ਅਵਸਯੂਹ) ਰੱਖਿਆ ਦੇ ਲਈ ਤੁਰੰਤ ਆਉਂਣ ਵਾਲਾ (ਅਸਿ) ਹੈ।(ਸ਼ੁਨਧਯੂਹ) ਪਵਿੱਤਰ ਕਰਨ ਵਾਲਾ ਹਵਾ ਦੇ ਤੁੱਲ (ਅਸਿ) ਹੈ।(ਪਰਿਸ਼ਘਹ) ਸਭਾ ਵਿੱਚ ਅਰਥਾਤ ਓਂਕਾਰ ਬ੍ਰਹਮ ਦੇ ਇੱਕੀ ਬ੍ਰਹਿਮੰਡਾਂ ( ਬ੍ਰਹਮ,ਬ੍ਰਹਮਾ,ਵਿਸ਼ਨੂੰ,ਸ਼ਿਵ ਅਤੇ ਦੇਵੀ,ਦੇਵਤਾਵਾਂ ਆਦਿ ਦੀ ਸਭਾ ਹੈ ਵਿੱਚ ਜਿਵੇਂ ਚੂਹਿਆਂ ਦੀ ਸਭਾ ਵਿੱਚ) (ਮਾਰਜਾਲੀਯਹ) ਬਿੱਲੀ ਦੀ ਤਰ੍ਹਾਂ (ਸਮਰਾਟ) ਸ਼ਕਤੀਸ਼ਾਲੀ ਰਾਜਾਧਿਰਾਜ਼ ਅਰਥਾਤ ਕੁਲ ਮਾਲਿਕ (ਅਸਿ) ਹੈ (ਕਸ਼ਾਨੂੰਹ) ਸਰਵ ਊਰਜਾ ਸ੍ਰੋਤ ਪਰਮੇਸ਼੍ਵਰ (ਪਵਮਾਨਹ) ਹਵਾ ਅਰਥਾਤ ਹਰੇਕ ਜੀਵ ਦੀ ਜੀਵਨ ਦਾ ਆਧਾਰ (ਅਸਿ) ਹੈ। (ਨਭਹ) ਆਕਾਸ਼ ਦੇ ਗੁਣ ਸ਼ਬਦ ਰੂਪ ਵਿੱਚ ਅਵਿਨਾਸ਼ੀ (ਅਸਿ) ਹੈ (ਪ੍ਰਤਕਵਾ) ਜਗਤ ਨੂੰ ਤਿਆਗਣ ਵਾਲਾ ਅੰਤਰਯਾਮੀ (ਮਸ਼ਟਹ) ਜਾਨਿਆ ਮੰਨਿਆ ਅਰਥਾਤ ਚੰਗੀ ਤਰ੍ਹਾਂ ਜਾਨਿਆ ਜਾਂਦਾ (ਅਸਿ) ਹੈ ( ਹਵਯਸੂਦਨਹ) ਹਵਨ ਵਿੱਚ ਆਹੂਤੀ ਦਿੱਤੇ ਘੀ ਦਾ ਜਿਵੇਂ ਪ੍ਰਾਰੂਪ ਬਦਲ ਜਾਂਦਾ ਹੈ ਅਰਥਾਤ ਜਿਆਦਾ ਲਾਭਕਾਰੀ ਹੋ ਜਾਂਦਾ ਹੈ। ਐਵੇਂ ਭਗਤੀ ਤੋਂ

ਭਗਤ ਦੇ ਗੁਣ ਬਦਲਣ ਵਾਲਾ( ਸਵਰਜਯੋਤਿਹ) ਖੁਦ ਪ੍ਰਕਾਸ਼ਿਤ (ਰਿਤਧਾਮਾ) ਸਤਲੋਕ ਵਿੱਚ ਰਹਿਣ ਵਾਲਾ (ਅਸਿ) ਹੈ।

**ਭਾਵਅਰਥ:- ਜੋ ਪੂਰਨ ਸ਼ਾਂਤੀਦਾਇਕ ਹੈ ਉਹ ਪਾਪ ਨਾਸ਼ਕ ਪਰਮੇਸ਼ਵਰ ਕਬੀਰ (ਕਵਿਰਦੇਵ) ਹੈ। ਕਰਮਾਂ ਦੇ ਬੰਧਨ ਵਿੱਚ ਬੰਨ੍ਹੇ ਹੋਇਆਂ ਦੇ ਬੰਧਨ ਕੱਟਣ ਵਾਲਾ ਅਰ-ਥਾਤ ਬੰਦੀਛੋੜ ਹੈ। ਜਗਤ ਨੂੰ ਤਿਆਗਣ ਵਾਲਾ ਅੰਤਰਯਾਮੀ ਅਧਿਯਗਯ ਸਵੈ-ਪ੍ਰਕ-ਾਸ਼ਿਤ ਸਤਲੋਕ ਵਿੱਚ ਰਹਿਣ ਵਾਲਾ ਕਬੀਰ ਪ੍ਰਭੂ ਹੈ।**

## (ਬਾਕੀ ਕਥਾ)

**ਰਾਬੀਆ ਵਾਲੀ ਆਤਮਾ ਨੇ ਵੇਸ਼ਵਾ ਦਾ ਜੀਵਨ ਪੂਰਣ ਕਰਕੇ ਪ੍ਰਾਣ ਤਿਆਗ ਦਿੱਤੇ। ਇਸੇ ਰਾਬੀਆ ਦਾ ਚੌਥਾ ਮਨੁੱਖ ਜਨਮ ਸ਼ੇਖਤਕੀ, ਪੀਰ ਦੇ ਘਰ ਲੜਕੀ ਦੇ ਰੂਪ ਵਿੱਚ ਹੋਇਆ। ਜੋ ਸਿਕੰਦਰ ਲੋਧੀ ਦਾ ਧਾਰਮਿਕ ਗੁਰੂ ਦਿੱਲੀ ਵਿੱਚ ਸੀ, ਬਾਰਾਂ ਸਾਲ ਦੀ ਉਮਰ ਪੂਰੀ ਕਰਕੇ ਉਹ ਲੜਕੀ ਆਪਣਾ ਸਰੀਰ ਛੱਡ ਗਈ। ਉਸਨੂੰ ਕਬਰ ਵਿੱਚ ਦਫ਼ਨਾ ਦਿੱਤਾ ਗਿਆ।**

**ਕਬੀਰ ਸਾਹਿਬ ਕਹਿੰਦੇ ਹਨ ਕਿ:-**

ਗਰੀਬ, ਜੋ ਜਨ ਮੇਰੀ ਸ਼ਰਨ ਹੈ,ਤਾਕਾ ਹੂੰ ਮੈਂ ਦਾਸ।
ਗੈਲ ਗੈਲ ਲਾਗਯਾ ਰਹੂੰ, ਜਬ ਲਗ ਧਰਣੀ ਆਕਾਸ਼॥
ਗਰੀਬ, ਜਿਉਂ ਬੱਛਾ ਗਊ ਕੀ ਨਜਰ ਮੇਂ,ਯੌਂ ਸਾਈਂ ਨੇ ਸੰਤ।
ਭਗਤੋਂ ਕੇ ਪੀਛੇ ਫਿਰੇ ਵੋ ਭਗਤ ਵਤ੍ਸਲ ਭਗਵੰਤ॥

**ਉਸ ਪੂਰਣ ਪਰਮਾਤਮਾ ਦੀ ਭਗਤੀ ਅਰਥਾਤ ਕਬੀਰਦੇਵ ਆਪਣੀ ਭਗਤੀ ਜੋ ਖੁਦ ਸੰਤ ਰੂਪ ਵਿੱਚ ਆ ਕੇ ਦੱਸਦਾ ਹੈ ਉਸ ਸਤਿਗੁਰੂ ਰੂਪ ਵਿੱਚ ਪ੍ਰਗਟ ਹੋਏ ਕਬੀਰ ਸਾਹਿਬ ਦੇ ਦੱਸੇ ਅਨੁਸਾਰ ਸਤਿ ਭਗਤੀ ਇਸ ਲੜਕੀ ਨੇ ਚਾਰ-ਪੰਜ ਸਾਲ ਕੀਤੀ ਸੀ। ਉਸ ਤੋਂ ਬਾਅਦ ਛੱਡ ਦਿੱਤੀ ਸੀ। ਉਸ ਭਗਤੀ ਦੇ ਫ਼ਲਸਰੂਪ ਉਸ ਨੂੰ ਲਗਾਤਾਰ ਤਿੰਨ ਮਨੁੱਖ ਸਰੀਰ ਪ੍ਰਾਪਤ ਹੋਏ। ਉਸਦਾ ਅੱਗੇ ਮਨੁੱਖੀ ਜੀਵਨ ਦਾ ਸੰਸਕਾਰ ਬਾਕੀ ਨਹੀਂ ਸੀ। ਹੁਣ ਇਸ ਆਤਮਾ ਨੇ ਚੁਰਾਸੀ ਲੱਖ ਜੂਨਾਂ ਵਿੱਚ ਕਸ਼ਟ ਤੇ ਕਸ਼ਟ ਭੋਗਣਾ ਸੀ। ਕਬੀਰ ਪ੍ਰਭੂ ਦਿਆਲੂ ਹਨ। ਕਾਰਨ ਬਣਾਇਆ, ਉਸ ਲੜਕੀ ਨੂੰ ਉੱਥੇ ਕਬਰ ਵਿੱਚੋਂ ਜ਼ਿੰਦਾ ਕਰਕੇ ਆਪਣੇ ਚਰਣਾਂ ਵਿੱਚ ਲੈ ਕੇ ਕਮਾਲੀ ਨਾਮ ਰੱਖਿਆ ਅਤੇ ਇਸ ਪਿਆ-ਰੀ ਬੇਟੀ ਨੂੰ ਉਪਦੇਸ਼ ਦਿੱਤਾ ਅਤੇ ਮੁਕਤੀ ਪ੍ਰਦਾਨ ਕੀਤੀ। ਇਸੇ ਤਰ੍ਹਾਂ ਸਾਨੂੰ ਵੀ ਇਹ ਸੋਚਣਾ ਪਵੇਗਾ ਕਿ ਜੇਕਰ ਅਸੀਂ ਜੜ੍ਹਾਂ ਵਿੱਚ ਪਾਣੀ ਪਾਵਾਂਗੇ ਤਾਂ ਬੂਟਾ ਹਰਾ-ਭਰਿਆ ਹੋਵੇਗਾ। ਅਸੀਂ ਪੱਤਿਆਂ ਅਤੇ ਟਹਿਣੀਆਂ ਦੀ ਪੂਜਾ ਕਰ ਰਹੇ ਹਾਂ, ਇਹ ਗਲਤ ਹੈ।**

ਕਬੀਰ, ਅਕਸ਼ਰ ਪੁਰੁਸ਼ ਏਕ ਪੇੜ ਹੈ, ਨਿਰੰਜਨ ਵਾਕਿ ਡਾਰ।
ਤੀਨੋਂ ਦੇਵਾ ਸ਼ਾਖਾ ਹੈ, ਪਾਤ ਰੂਪ ਸੰਸਾਰ॥

**ਉਲਟਾ ਲਟਕਿਆ ਹੋਇਆ ਸੰਸਾਰ ਰੂਪੀ ਦਰੱਖਤ ਹੈ। ਇਸ ਦੀਆਂ ਜੜ੍ਹਾਂ ਪਰਮ ਅਕਸ਼ਰ ਪੁਰਸ਼ ਸਤਪੁਰਸ਼ ਪੂਰਣ ਬ੍ਰਹਮ ਹਨ ਅਤੇ ਜ਼ਮੀਨ ਤੋਂ ਬਾਹਰ ਜਿਹੜਾ ਤਣਾ ਦਿਖਾਈ ਦਿੰਦਾ ਹੈ ਉਸਨੂੰ ਅਕਸ਼ਰ ਪੁਰਸ਼ (ਪਰਬ੍ਰਹਮ) ਜਾਣੋਂ। ਉਸ ਤੋਂ ਬਾਅਦ ਤਣੇ ਤੇ ਇੱਕ ਮੋਟਾ ਟਹਿਣਾ ਹੁੰਦਾ ਹੈ। ਉਸ ਟਹਿਣੇ ਨੂੰ ਜੋਤੀ ਨਿਰੰਜਨ (ਬ੍ਰਹਮ) ਜਾਣੋ। ਉਸੇ ਟਾਹਣੇ ਦੀਆਂ ਫਿਰ ਤਿੰਨ ਟਹਿਣੀਆਂ ਬ੍ਰਹਮਾ, ਵਿਸ਼ਨੂੰ, ਮਹੇਸ਼ ਜਾਣੋ ਅਤੇ ਫਿਰ**

ਇਨ੍ਹਾਂ ਦੀਆਂ ਟਹਿਣੀਆਂ ਨੂੰ ਦੇਵੀ-ਦੇਵਤੇ ਅਤੇ ਪੱਤਿਆਂ ਨੂੰ ਸੰਸਾਰ ਜਾਣੋ। ਇਸ ਤਰ੍ਹਾਂ ਕਬੀਰ ਸਾਹਿਬ ਨੇ ਸਾਰੀ ਸ੍ਰਿਸ਼ਟੀ ਰਚਨਾ ਨੂੰ ਇੱਕ ਹੀ ਦੋਹੇ ਵਿੱਚ ਸੁਣਾ ਦਿੱਤਾ।

## "ਸ਼ੇਖਤਕੀ ਦੀ ਮਰੀ ਹੋਈ ਲੜਕੀ ਕਮਾਲੀ ਨੂੰ ਜੀਵਤ ਕਰਨਾ"

ਸ਼ੇਖਤਕੀ ਨੇ ਦੇਖਿਆ ਕਿ ਇਹ ਕਬੀਰ ਤਾਂ ਕਿਸੇ ਤਰ੍ਹਾਂ ਵੀ ਕਾਬੂ ਨਹੀਂ ਆ ਰਿਹਾ ਹੈ। ਤਦ ਸ਼ੇਖਤਕੀ ਨੇ ਜਨਤਾ ਨੂੰ ਦੱਸਿਆ ਕਿ ਇਹ ਕਬੀਰ ਤਾਂ ਜਾਦੂਗਰ ਹੈ। ਅਜਿਹੇ ਹੀ ਜੰਤਰ-ਮੰਤਰ ਦਿਖਾ ਕੇ ਇਸ ਨੇ ਬਾਦਸ਼ਾਹ ਸਿਕੰਦਰ ਦੀ ਬੁੱਧੀ ਭ੍ਰਿਸ਼ਟ ਕੀਤੀ ਹੋਈ ਹੈ। ਸਾਰੇ ਮੁਸਲਮਾਨਾਂ ਨੂੰ ਕਿਹਾ ਕਿ ਤੁਸੀਂ ਮੇਰਾ ਸਾਥ ਦਿਓ, ਨਹੀਂ ਤਾਂ ਗੱਲ ਵਿਗੜ ਜਾਵੇਗੀ। ਭੋਲ਼ੇ ਮੁਸਲਮਾਨਾਂ ਨੇ ਕਿਹਾ, ਪੀਰ ਜੀ ਅਸੀਂ ਤੁਹਾਡੇ ਨਾਲ ਹਾਂ, ਜਿਵੇਂ ਤੂੰ ਕਹੇਗਾਂ ਅਸੀਂ ਕਰਾਂਗੇ। ਸ਼ੇਖਤਕੀ ਨੇ ਕਿਹਾ ਕਿ ਇਸ ਕਬੀਰ ਨੂੰ ਉਦੋਂ ਰੱਬ ਮੰਨਾਗੇ ਜਦੋਂ ਮੇਰੀ ਲੜਕੀ ਨੂੰ ਜੀਵਿਤ ਕਰੇਗਾ ਜੋ ਕਬਰ ਵਿੱਚ ਦੱਬੀ ਹੋਈ ਹੈ।


ਪੂਜਯ ਕਬੀਰ ਸਾਹਿਬ ਨੂੰ ਪ੍ਰਾਰਥਨਾ ਹੋਈ। ਕਬੀਰ ਸਾਹਿਬ ਨੇ ਸੋਚਿਆ ਕਿ ਇਹ ਭੋਲੀ ਆਤਮਾ ਇੰਝ ਹੀ ਮੰਨ ਜਾਵੇ। {ਕਿਉਂਕਿ ਇਹ ਸਭ ਜੀਵ ਆਤਮ-ਾਵਾਂ ਕਬੀਰ ਸਾਹਿਬ ਦੇ ਬੱਚੇ ਹਨ। ਇਹ ਤਾਂ ਕਾਲ ਨੇ (ਮਜ਼ਹਬ) ਧਰਮ ਦਾ ਸਾਡੇ ਉੱਪਰ ਕਵਰ ਚੜ੍ਹਾਇਆ ਹੋਇਆ ਹੈ। ਇੱਕ-ਦੂਜੇ ਦੇ ਦੁਸ਼ਮਣ ਬਣਾਏ ਹੋਏ ਹਨ।} ਸ਼ੇਖਤਕੀ ਦੀ ਲੜਕੀ ਦੀ ਲਾਸ਼ ਨੂੰ ਕਬਰ ਵਿੱਚ ਦਫ਼ਨਾਇਆ ਹੋਇਆ ਸੀ। ਸ਼ੇਖਤਕੀ ਨੇ ਕਿਹਾ ਕਿ ਜੇਕਰ ਮੇਰੀ ਲੜਕੀ ਨੂੰ ਜੀਵਿਤ ਕਰ ਦੇਵੇ ਤਾਂ ਅਸੀਂ ਇਸ ਕਬੀਰ ਨੂੰ ਅੱਲਾਹ ਮੰਨ ਲਵਾਂਗੇ ਅਤੇ ਸਭ ਜਗ੍ਹਾ ਢਿੰਢੋਰਾ ਪਿਟਵਾ ਦਿਆਂਗਾ ਕਿ ਇਹ ਕਬੀਰ ਜੀ ਭਗਵਾਨ ਹਨ। ਕਬੀਰ ਸਾਹਿਬ ਨੇ ਕਿਹਾ ਕਿ ਠੀਕ ਹੈ। ਉਹ ਦਿਨ ਨਿਸ਼ਚਿਤ ਹੋਇਆ। ਕਬੀਰ ਸਾਹਿਬ ਨੇ ਕਿਹਾ ਕਿ ਸਭ ਜਗ੍ਹਾ ਸੂਚਨਾ ਦੇ ਦਿਓ, ਤਾਂ ਜੋ ਕਿਸੇ ਨੂੰ ਸ਼ੰਕਾ ਨਾ ਰਹਿ ਜਾਵੇ। ਹਜ਼ਾਰਾਂ ਦੀ ਗਿਣਤੀ ਵਿੱਚ ਉੱਥੇ ਭਗਤ ਆਤਮਾਵਾਂ ਦਰਸ਼ਨਾਂ ਲਈ ਇਕੱਠੀਆਂ ਹੋਈਆਂ। ਕਬੀਰ ਸਾਹਿਬ ਨੇ ਕਬਰ ਪੁੱਟਵਾਈ। ਉਸ ਵਿੱਚ ਬਾਰਾਂ-ਤੇਰਾਂ ਸਾਲਾਂ ਦੀ ਕੁੜੀ ਦੀ ਲਾਸ਼ ਰੱਖੀ ਹੋਈ ਸੀ। ਕਬੀਰ ਸਾਹਿਬ ਨੇ ਸ਼ੇਖਤਕੀ ਨੂੰ ਕਿਹਾ ਕਿ ਪਹਿਲਾਂ ਤੁਸੀਂ ਜੀਵਿਤ ਕਰ ਲਓ। ਸਾਰੇ ਮੌਜੂਦ ਲੋਕਾਂ ਨੇ ਕਿਹਾ ਕਿ ਮਹਾਰਾਜ ਜੀ, ਜੇਕਰ ਇਸ ਕੋਲ਼ ਅਜਿਹੀ ਸ਼ਕਤੀ ਹੁੰਦੀ ਤਾਂ ਆਪਣੇ ਬੱਚੇ ਨੂੰ ਕੌਣ ਮਰਨ ਦਿੰਦਾ ਹੈ? ਆਪਣੇ ਬੱਚੇ ਦੀ ਜ਼ਿੰਦਗੀ ਲਈ ਵਿਅਕਤੀ ਆਪਣਾ ਤਨ ਮਨ ਧਨ ਲਗਾ ਦਿੰਦਾ ਹੈ। ਹੇ ਦੀਨ ਦਿਆਲ ਤੁਸੀਂ ਕਿਰਪਾ ਕਰੋ। ਪੂਜਯ ਕਬੀਰ ਪਰਮੇਸ਼ਵਰ ਨੇ ਕਿਹਾ ਕਿ ਹੇ ਸ਼ੇਖਤਕੀ ਦੀ ਲੜਕੀ ਜੀਵਿਤ ਹੋ ਜਾ। ਤਿੰਨ ਵਾਰ ਕਿਹਾ ਪਰ ਲੜਕੀ ਜੀਵਿਤ ਨਹੀਂ ਹੋਈ। ਸ਼ੇਖਤਕੀ ਨੇ ਤਾਂ ਭੰਗੜਾ ਪਾ ਦਿੱਤਾ। ਨੱਚੇ-ਕੁੱਦੇ ਕਿ ਦੇਖਿਆ ਪਖੰਡੀ ਦਾ ਪਖੰਡ ਫੜ੍ਹਿਆ ਗਿਆ। ਕਬੀਰ ਸਾਹਿਬ ਉਸ ਨੂੰ ਨਚਾਉਣਾ ਚਾਹੁੰਦੇ ਸਨ ਕਿ ਇਸਨੂੰ ਨੱਚਣ ਦੇ।

ਕਬੀਰ, ਰਾਜ ਤਜਨਾ ਸਹਜ ਹੈ, ਸਹਜ ਤ੍ਰਿਯਾ ਕਾ ਨੇਹ।
ਮਾਨ ਬੜਾਈ ਈਰਸ਼ਾ, ਦੁਰਲਭ ਤਜਨਾ ਯੇ॥

ਮਾਣ ਵਡਿਆਈ, ਈਰਖਾ ਦੀ ਬਿਮਾਰੀ ਬਹੁਤ ਭਿਆਨਕ ਹੈ। ਆਪਣੀ ਲੜਕੀ ਦੇ ਜੀਵਿਤ ਨਾ ਹੋਣ ਦਾ ਦੁੱਖ ਨਹੀਂ, ਕਬੀਰ ਸਾਹਿਬ ਦੀ ਹਾਰ ਦੀ ਖੁਸ਼ੀ ਮਨਾ ਰਿਹਾ ਸੀ। ਕਬੀਰ ਸਾਹਿਬ ਨੇ ਕਿਹਾ, ਬੈਠ ਜਾਓ ਮਹਾਤਮਾ ਜੀ, ਸ਼ਾਂਤ ਰਹੋ। ਕਬੀਰ

ਸਾਹਿਬ ਨੇ ਹੁਕਮ ਦਿੱਤਾ ਕਿ ਹੇ ਜੀਵ ਆਤਮਾ ਜਿੱਥੇ ਵੀ ਹੈ, ਕਬੀਰ ਹੁਕਮ ਨਾਲ ਇਸ ਲਾਸ਼ ਵਿੱਚ ਪ੍ਰਵੇਸ਼ ਕਰ ਅਤੇ ਬਾਹਰ ਆਜਾ।

ਕਬੀਰ ਸਾਹਿਬ ਦਾ ਕਹਿਣਾ ਹੀ ਸੀ ਕਿ ਇੰਨੇ ਨੂੰ ਲਾਸ਼ ਵਿੱਚ ਕੰਬਣੀ ਹੋਈ ਅਤੇ ਉਹ ਲੜਕੀ ਜੀਵਿਤ ਹੋ ਕੇ ਬਾਹਰ ਆਈ, ਕਬੀਰ ਸਾਹਿਬ ਦੇ ਚਰਣਾਂ ਵਿੱਚ ਦੰਡਵਤ ਪ੍ਰਣਾਮ ਕੀਤਾ। (ਬੋਲੋ ਸਤਿਗੁਰੂ ਦੇਵ ਕੀ ਜੈ।)



(ਮ੍ਰਿਤ ਕਮਾਲੀ ਨੂੰ ਜੀਵਿਤ ਕਰਨਾ)

ਉਸ ਲੜਕੀ ਨੇ ਡੇਢ ਘੰਟੇ ਤੱਕ ਕਬੀਰ ਸਾਹਿਬ ਦੀ ਕਿਰਪਾ ਨਾਲ਼ ਪ੍ਰਵਚਨ ਕੀਤੇ। ਕਿਹਾ ਹੇ ਭੋਲ਼ੀ ਜਨਤਾ ਇਹ ਭਗਵਾਨ ਆਏ ਹੋਏ ਹਨ। ਪੂਰਣ ਬ੍ਰਹਮ ਅਨੰਤ ਕੋਟਿ ਬ੍ਰਹਿਮੰਡ ਦੇ ਪ੍ਰਮੇਸ਼ਵਰ ਹਨ। ਕੀ ਤੁਸੀਂ ਇਸਨੂੰ ਇੱਕ ਆਮ ਜੁਲਾਹਾ (ਧਾਣਕ) ਮੰਨ ਰਹੇ ਹੋ? ਹੇ ਭੁੱਲੇ-ਭਟਕੇ ਪ੍ਰਾਣੀਓ ਇਹ ਤੁਹਾਡੇ ਸਾਹਮਣੇ ਖ਼ੁਦ ਪ੍ਰਮੇਸ਼ਵਰ ਆਏ ਹਨ। ਇਹਨਾਂ ਦੇ ਚਰਣਾਂ ਵਿੱਚ ਪੈ ਕੇ ਆਪਣਾ ਜਨਮ ਮਰਨ ਦਾ ਦੀਰਘ ਰੋਗ ਕੱਟਵਾਓ ਅਤੇ ਸਤਲੋਕ ਚੱਲੋ। ਜਿੱਥੇ ਜਾ ਕੇ ਜੀਵਆਤਮਾ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦੀ ਹੈ। ਕਮਾਲੀ ਨੇ ਦੱਸਿਆ ਕਿ ਇਸ ਕਾਲ ਦੇ ਜਾਲ਼ ਤੋਂ ਬੰਦੀ ਛੋੜ ਕਬੀਰ ਸਾਹਿਬ ਤੋਂ ਬਿਨਾਂ ਕੋਈ ਨਹੀਂ ਛੁੜ-ਵਾ ਸਕਦਾ। ਚਾਹੇ ਹਿੰਦੂ ਵਿਧੀ ਨਾਲ ਤੀਰਥ-ਵਰਤ, ਗੀਤਾ-ਭਾਗਵਤ, ਰਾਮਾਇਣ, ਮਹਾਂਭਾਰਤ, ਪੁਰਾਣ, ਉਪਨਿਸ਼ਦ, ਵੇਦਾਂ ਦਾ ਪਾਠ ਕਰਨਾ, ਰਾਮ, ਕ੍ਰਿਸ਼ਨ, ਬ੍ਰਹਮਾ-ਵਿਸ਼ਨੂੰ-ਸ਼ਿਵ, ਸ਼ੇਰਾਂਵਾਲੀ (ਆਦਿ ਮਾਇਆ, ਆਦਿ ਭਵਾਨੀ, ਪ੍ਰਕ੍ਰਿਤੀ ਦੇਵੀ),

ਜੋਤੀ ਨਿਰੰਜਨ ਦੀ ਪੂਜਾ ਵੀ ਕਿਉਂ ਨਾ ਕਰੋ, ਜੀਵ ਚੁਰਾਸੀ ਲੱਖ ਪ੍ਰਾਣੀਆਂ ਦੇ ਸਰੀਰ ਵਿੱਚ ਕਸ਼ਟ ਤੋਂ ਨਹੀਂ ਬਚ ਸਕਦਾ ਅਤੇ ਮੁਸਲਮਾਨ ਵਿਧੀ ਨਾਲ ਵੀ ਜੀਵ ਕਾਲ ਦੇ ਜਾ.ਲ ਤੋਂ ਨਹੀਂ ਛੁੱਟ ਸਕਦਾ। ਜਿਵੇਂ ਰੋਜ਼ੇ ਰੱਖਣਾ, ਈਦ ਬਕਰੀਦ ਮਨਾਉਣਾ, ਪੰਜ ਸਮੇਂ ਨਮਾਜ਼ ਕਰਨਾ, ਮੱਕਾ-ਮਦੀਨਾ ਵਿੱਚ ਜਾਣਾ, ਮਸਜਿਦ ਵਿਚ ਬੰਗ ਦੇਣਾ ਆਦਿ ਸਭ ਵਿਅਰਥ ਹਨ। ਕਮਾਲੀ ਨੇ ਸਾਰੇ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦਿਆਂ ਹੋਏ ਆ-ਪਣੇ ਪਿਛਲੇ ਜਨਮਾਂ ਦੀ ਕਥਾ ਸੁਣਾਈ ਜੋ ਉਸ ਨੂੰ ਕਬੀਰ ਸਾਹਿਬ ਦੀ ਕਿਰਪਾ ਨਾਲ ਯਾਦ ਆ ਗਈ ਸੀ। ਜੋ ਤੁਸੀਂ ਪਹਿਲਾਂ ਪੜ੍ਹ ਚੁੱਕੇ ਹੋ।

ਕਬੀਰ ਸਾਹਿਬ ਨੇ ਕਿਹਾ ਕਿ ਬੇਟੀ ਆਪਣੇ ਪਿਤਾ ਦੇ ਨਾ.ਲ ਜਾਓ। ਉਸ ਲੜਕੀ ਨੇ ਕਿਹਾ ਮੇਰੇ ਅਸਲੀ ਪਿਤਾ ਤਾਂ ਤੁਸੀਂ ਹੋਂ। ਇਹ ਤਾਂ ਨਕਲੀ ਪਿਤਾ ਹੈ। ਇਸਨੇ ਤਾਂ ਮੈਨੂੰ ਮਿੱਟੀ ਵਿੱਚ ਦੱਬ ਦਿੱਤਾ ਸੀ। ਮੇਰਾ ਅਤੇ ਇਸਦਾ ਹਿਸਾਬ ਬਰਾਬਰ ਹੋ ਚੁੱਕਿਆ ਹੈ। ਸਾਰੇ ਮੌਜੂਦ ਵਿਅਕਤੀਆਂ ਨੇ ਕਿਹਾ ਕਿ ਕਬੀਰ ਪ੍ਰਮੇਸ਼ਵਰ ਨੇ ਕਮਾਲ ਕਰ ਦਿੱਤਾ। ਕਬੀਰ ਸਾਹਿਬ ਨੇ ਲੜਕੀ ਦਾ ਨਾਮ ਕਮਾਲੀ ਰੱਖ ਦਿੱਤਾ ਅਤੇ ਆਪਣੀ ਪੁੱਤਰੀ ਵਾਂਗ ਰੱਖਿਆ ਅਤੇ ਨਾਮ ਦਿੱਤਾ। ਮੌਜੂਦ ਵਿਅਕਤੀਆਂ ਨੇ ਹਜ਼ਾਰਾਂ ਦੀ ਸੰ-ਖਆ ਵਿੱਚ ਕਬੀਰ ਪ੍ਰਮੇਸ਼ਵਰ ਤੋਂ ਉਪਦੇਸ਼ ਪ੍ਰਾਪਤ ਕੀਤਾ। ਹੁਣ ਸ਼ੇਖਤਕੀ ਨੇ ਸੋਚਿਆ ਕਿ ਇਹ ਤਾਂ ਗੱਲ ਹੋਰ ਵੀ ਵਿਗੜ ਗਈ। ਮੇਰੀ ਤਾਂ ਸਾਰੀ ਪ੍ਰਭੂਤਾ ਗਈ।

## ਕਬੀਰ ਸਾਹਿਬ ਨੂੰ ਸਰ੍ਹੋਂ ਦੇ ਗਰਮ ਤੇਲ ਦੇ ਕੜਾਹੇ ਵਿੱਚ ਪਾਉਣਾ

ਸ਼ੇਖਤਕੀ ਨੇ ਦੇਖਿਆ ਕਿ ਕਬੀਰ ਸਾਹਿਬ ਜੀ ਦੀ ਮਹਿਮਾ ਹੋਰ ਜ਼ਿਆਦਾ ਵੱਧ ਗਈ ਹੈ। ਉਹ ਫਿਰ ਸਾਹਿਬ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਨੀਵਾਂ ਦਿਖਾਉਣ ਦੀ ਯੋਜਨਾ ਬਣਾਉਣ ਲੱਗਾ। ਇੰਨੀ ਲੀਲਾ ਦੇਖ ਕੇ ਵੀ ਸ਼ੇਖਤਕੀ ਨੀਚ ਦੀਆਂ ਅੱਖਾਂ ਨਹੀਂ ਖੁੱਲ੍ਹੀਆਂ। ਪਰਮਾਤਮਾ ਸਾਹਮਣੇ ਸਨ, ਪਰ ਮਾਣ-ਵਡਿਆਈ ਵੱਸ ਸਵੀਕਾਰ ਨਹੀਂ ਕਰ ਰਿਹਾ ਸੀ।

ਕੁਝ ਦਿਨਾਂ ਬਾਅਦ ਫਿਰ ਸ਼ੇਖਤਕੀ ਨੇ ਮੁਸਲਮਾਨਾਂ ਨੂੰ ਇਕੱਠਾ ਕੀਤਾ ਅਤੇ ਕਿਹਾ ਕਿ ਇਹ ਕਬੀਰ ਕੋਈ ਜਾਦੂਗਰ ਹੈ। ਅਸੀਂ ਇਸਦੀ ਇੱਕ ਹੋਰ ਪ੍ਰੀਖਿਆ ਲਵਾਂਗੇ। ਹਜ਼ਾਰਾਂ ਦੀ ਸੰਖਿਆ ਵਿੱਚ ਮੁਸਲਮਾਨ ਸ਼ੇਖਤਕੀ ਦੇ ਨਾਲ ਬਾਦਸ਼ਾਹ ਸਿਕ-ੰਦਰ ਕੋ.ਲ ਗਏ ਅਤੇ ਕਿਹਾ ਕਿ ਅਸੀਂ ਇਸ ਕਬੀਰ ਨੂੰ ਉੱਬਲਦੇ ਸਰ੍ਹੋਂ ਦੇ ਤੇਲ ਦੇ ਕੜਾਹੇ ਵਿੱਚ ਪਾਵਾਂਗੇ। ਜੇਕਰ ਇਹ ਨਾ ਮਰੇ, ਤਾਂ ਅਸੀਂ ਇਸ ਨੂੰ ਭਗਵਾਨ ਮੰਨ ਲਾਵਾਂਗੇ। ਸਿਕੰਦਰ ਲੋਧੀ ਘਬਰਾ ਗਿਆ ਕਿ ਕਿਤੇ ਇਹ ਮੇਰੇ ਰਾਜ ਨੂੰ ਨਾ ਪਲਟ ਦੇਣ। ਕਬੀਰ ਸਾਹਿਬ ਕੋ.ਲ ਗਿਆ ਅਤੇ ਪ੍ਰਾਰਥਨਾ ਕੀਤੀ ਕਿ ਮਹਾਰਾਜ ਜੀ ਮੈਂ ਤੁਹਾਨੂੰ ਇੱਥੇ ਲਿਆਇਆ ਤਾਂ ਸੀ ਸੇਵਾ ਕਰਨ ਦੇ ਲਈ। ਪਰ ਮੈਂ ਤਾਂ ਤੁਹਾਨੂੰ ਦੁਖੀ ਕਰ ਦਿੱਤਾ ਦਾਤਾ। ਕਬੀਰ ਸਾਹਿਬ ਨੇ ਪੁੱਛਿਆ ਕੀ ਗੱਲ ਹੈ ਰਾਜਨ? ਸਿਕੰਦਰ ਲੋਧੀ ਨੇ ਕਿਹਾ ਕਿ ਸਾਹਿਬ, ਤੁਸੀਂ ਤਾਂ ਜਾਣੀ-ਜਾਣ ਹੋ, ਸ਼ੇਖਤਕੀ ਐਵੇਂ- ਐਂਵੇ ਕਹਿ ਰਿਹਾ ਹੈ। ਕਬੀਰ ਸਾਹਿਬ ਜੀ ਨੇ ਕਿਹਾ ਰਾਜਨ ਕੋਈ ਗੱਲ ਨਹੀਂ, ਇਹਨਾਂ ਨੇ ਤਾਂ ਮੈਨੂੰ ਖਤਮ ਕਰਨਾ ਹੀ ਹੈ। ਅੱਜ ਨਹੀਂ ਤਾਂ ਕੱਲ੍ਹ ਕਰਨਗੇ। ਅੱਜ ਹੀ ਟੰਟਾ ਕੱਟ ਜਾਵੇ ਤਾਂ ਬਹੁਤ ਵਧੀਆ। ਕਬੀਰ ਸਾਹਿਬ ਨੇ ਕਿਹਾ ਕਿ ਕਹਿ ਦਿਉ ਉਹਨਾਂ ਨੂੰ ਕਿ ਤੇਲ .ਗਰਮ ਕਰ ਲੈਣ। ਕਬੀਰ ਸਾਹਿਬ ਜੀ ਸੋਚਦੇ ਸਨ ਕਿ ਇਹ ਨਾਦਾਨ ਸ਼ੇਖਤਕੀ ਇਵੇਂ ਹੀ ਮੰਨ ਜਾਵੇ। ਸਿਕੰਦਰ ਲੋਧੀ ਨੇ ਸ਼ੇਖਤਕੀ ਨੂੰ ਕਿਹਾ ਕਿ ਕਰ ਲਓ ਤੇਲ ਗਰਮ।

ਸ਼ੇਖਤਕੀ ਨੇ ਬਹੁਤ ਮੋਟੇ-ਮੋਟੇ ਲੱਕੜ ਲਗਾ ਕੇ ਤੇਲ ਦੇ ਕੜਾਹੇ ਨੂੰ ਬਹੁਤ ਉਬਾਲ਼ ਦਿੱਤਾ ਅਤੇ ਕਿਹਾ ਇਸ ਕਬੀਰ ਨੂੰ ਚੁੱਕ ਕੇ ਇਸ ਵਿੱਚ ਪਾ ਦਿਓ। ਕਬੀਰ ਸਾਹਿਬ ਨੇ ਕਿਹਾ ਕਿ ਸ਼ੇਖ ਜੀ ਇਹ ਕਸ਼ਟ ਵੀ ਕਿਉਂ ਕਰ ਰਹੇ ਹੋ, ਮੈਂ ਖ਼ੁਦ ਹੀ ਬੈਠ ਜਾਵਾਂਗਾ। ਪੂਜਯ ਕਬੀਰ ਸਾਹਿਬ ਜੀ ਉਸ ਉੱਬ਼ਲਦੇ ਤੇਲ ਦੇ ਕੜਾਹੇ ਵਿੱਚ ਪ੍ਰਵੇਸ਼ ਕਰ ਗਏ। ਸਿਰਫ਼ ਗਰਦਨ ਬਾਹਰ ਦਿਖਾਈ ਦੇ ਰਹੀ ਸੀ। ਬਾਕੀ ਸਰੀਰ ਉਸ ਉੱਬ਼ਲਦੇ ਹੋਏ ਤੇਲ ਵਿੱਚ ਸੀ। ਕਬੀਰ ਸਾਹਿਬ ਜੀ ਆਰਾਮ ਨਾਲ ਬੈਠੇ ਸਨ ਜਿਵੇਂ ਠੰਡੇ ਪਾਣੀ ਵਿੱਚ ਬੈਠੇ ਹੋਣ। ਸ਼ੇਖਤਕੀ ਨੇ ਕਿਹਾ ਕਿ ਇਹ ਜੰਤਰ-ਮੰਤਰ ਜਾਣਦਾ ਹੈ। ਇਸਨੇ ਇਸ ਤੇਲ ਨੂੰ ਠੰਡਾ ਕਰ ਦਿੱਤਾ ਹੈ। ਇਹ ਵੈਸੇ ਹੀ ਉੱਬ਼ਲਦਾ ਹੋਇਆ ਦਿਖਾਈ ਦੇ ਰਿਹਾ ਹੈ। ਸਿਕੰਦਰ ਲੋਧੀ ਨੇ ਸੋਚਿਆ ਕਿ ਜਾਂਚ ਤਾਂ ਕਰਾਂ ਕਿਤੇ ਸੱਚੀ ਇਹ ਠੰਡਾ ਹੋ ਗਿਆ ਹੋਵੇ। ਸਿਕੰਦਰ ਨੇ ਪ੍ਰੀਖਣ ਦੇ ਲਈ ਉੱਬਲਦੇ ਹੋਏ ਤੇਲ ਦੇ ਕੜ੍ਹਾਹੇ ਵਿੱਚ ਆਪਣੀ ਉਂਗਲੀ ਪਾਉਣੀ ਚਾਹੀ। ਕਬੀਰ ਸਾਹਿਬ ਨੇ ਕਿਹਾ ਕਿ ਰਾਜਾ ਇਸ ਵਿੱਚ ਉਂਗਲ ਨਾ ਪਾਉਣਾ, ਕਿਤੇ ਇਸਦੇ ਚੱਕਰ ਵਿੱਚ ਆ ਕੇ ਆਪਣਾ ਹੱਥ ਨਸ਼ਟ ਕਰਵਾ ਲਵੇ। ਇਹ ਇੰਨਾ ਗਰਮ ਹੈ ਕਿ ਉਂਗਲੀ ਲੱਭਣ ਤੇ ਵੀ ਨਹੀਂ ਮਿਲਣੀ। ਸਿਕੰਦਰ ਨੇ ਸੋਚਿਆ ਕਿ ਜਦੋਂ ਕਬੀਰ ਸਾਹਿਬ ਜੀ ਤੇਲ ਵਿੱਚ ਬੈਠੇ ਹਨ ਤਾਂ ਤੈਨੂੰ ਕੀ ਹੋਵੇਗਾ? ਇਹ ਸੋਚ ਕੇ ਉਸ ਨੇ ਮਨ੍ਹਾਂ ਕਰਦੇ-ਕਰਦੇ ਵੀ ਉੱਬ਼ਲਦੇ ਹੋਏ ਤੇਲ ਦੇ ਕੜਾਹੇ ਵਿੱਚ ਉਂਗਲੀ ਦੇ ਦਿੱਤੀ। ਜਿੰਨੀ ਉਂਗਲੀ ਤੇਲ ਵਿੱਚ ਗਈ ਸੀ ਓਨੀ ਕੱਟ ਕੇ ਅਲੱਗ ਹੋ ਗਈ ਅਤੇ ਰਾਜਾ ਦਰਦ ਕਾਰਨ ਬੇਹੋਸ਼ ਹੋ ਗਿਆ। ਕਬੀਰ ਸਾਹਿਬ ਨੇ ਸੋਚਿਆ ਕਿ ਇਹ ਨਾਦਾਨ ਬਾਦਸ਼ਾਹ ਇਸ ਈਰਖਾਲੂ ਸ਼ੇਖਤਕੀ ਦੇ ਚੱਕਰ ਵਿੱਚ ਮਰ ਜਾਵੇਗਾ। ਕਬੀਰ ਸਾਹਿਬ ਤੇਲ ਦੇ ਕੜਾਹੇ ਵਿੱਚੋਂ ਬਾਹਰ ਆਏ। ਸਿਕੰਦਰ ਨੂੰ ਹੋਸ਼ ਵਿਚ ਲਿਆਂਦਾ ਗਿਆ। ਇੰਨਾ ਦਰਦ ਸੀ ਕਿ ਫਿਰ ਬੇਹੋਸ਼ ਹੋ ਗਿਆ। ਕਬੀਰ ਸਾਹਿਬ ਨੇ ਉਂਗਲੀ ਨੂੰ ਫੜ੍ਹ ਕੇ ਪੂਰਾ ਕਰ ਦਿੱਤਾ। ਬਾਦਸ਼ਾਹ ਸਿਕੰਦਰ ਹੋਸ਼ ਵਿੱਚ ਆ ਗਿਆ। ਸਿਕੰਦਰ ਨੇ ਮਾਫ਼ੀ ਮੰਗਦਿਆਂ ਕਿਹਾ ਕਿ ਮੈਨੂੰ ਮਾਫ਼ ਕਰ ਦਿਓ ਦਾਤਾ, ਮੇਰੇ ਤੋਂ ਗ਼ਲਤੀ ਹੋ ਗਈ। ਕਬੀਰ ਸਾਹਿਬ ਨੇ ਕਿਹਾ ਕਿ ਰਾਜਨ ਤੁਹਾਡਾ ਦੋਸ਼ ਨਹੀਂ ਹੈ। ਕਾਲ ਨਹੀਂ ਚਾਹੁੰਦਾ ਕਿ ਮੇਰੇ ਬੱਚੇ ਮੈਨੂੰ ਪਛਾਣ ਲੈਣ।

## "ਸ਼ੇਖਤਕੀ ਦੁਆਰਾ ਕਬੀਰ ਸਾਹਿਬ ਨੂੰ ਡੂੰਘੇ ਖੂਹ (ਝੇਰੇ) ਵਿੱਚ ਪਾਉਣਾ"

ਸ਼ੇਖਤਕੀ ਨੇ ਦੇਖਿਆ ਕਿ ਇਹ ਤਾਂ ਇਸ ਤਰ੍ਹਾਂ ਵੀ ਨਹੀਂ ਮਰਿਆ। ਮੁਸਲ-ਮਾਨਾਂ ਨੂੰ ਦੁਬਾਰਾ ਇਕੱਠਾ ਕੀਤਾ ਅਤੇ ਕਿਹਾ ਕਿ ਇਸ ਵਾਰ ਇਸ ਕਬੀਰ ਨੂੰ ਖੂਹ ਵਿੱਚ ਪਾ ਕੇ ਉੱਪਰੋਂ ਮਿੱਟੀ, ਇੱਟਾਂ ਅਤੇ ਰੋੜੇ ਪਾ ਦੇਵਾਂਗੇ। ਫਿਰ ਦੇਖਾਂਗੇ ਕਿ ਇਹ ਕਿਵੇਂ ਬਚੇਗਾ। ਭੋਲੀ ਜਨਤਾ ਜਿਵੇਂ ਪੀਰ ਜੀ ਕਹੇ ਉਸੇ ਤਰ੍ਹਾਂ ਕਰਨ ਨੂੰ ਤਿਆਰ ਸੀ।

ਸ਼ੇਖਤਕੀ ਨੇ ਸਿਕੰਦਰ ਲੋਧੀ ਨੂੰ ਕਿਹਾ ਕਿ ਅਸੀਂ ਇਸਦੀ ਇੱਕ ਪ੍ਰੀਖਿਆ ਹੋਰ ਲਵਾਂਗੇ। ਸਿਕੰਦਰ ਨੇ ਪੁੱਛਿਆ ਕਿ ਕੀ ਪ੍ਰੀਖਿਆ ਲਉਗੇ? ਸ਼ੇਖਤਕੀ ਨੇ ਕਿਹਾ ਕਿ ਅਸੀਂ ਇਸ ਨੂੰ ਝੇਰੇ ਖੂਹ ਵਿੱਚ ਪਾਵਾਂਗੇ ਅਤੇ ਫਿਰ ਦੇਖਾਂਗੇ ਕਿ ਉਥੋਂ ਕਿਵੇਂ ਜੀਵਿਤ ਬਚੇਗਾ ?

{ਹੁਣ ਇੰਨੀ ਲੀਲਾ ਦੇਖ ਕੇ ਵੀ ਰਾਜੇ ਦਾ ਆਪਣੇ ਮਾਲਕ ਉੱਤੇ ਵਿਸ਼ਵਾਸ ਨਹੀਂ ਬਣਿਆ। ਨਹੀਂ ਤਾਂ ਧਮਕਾ ਦਿੰਦਾ ਜਾ ਕਰ ਲੈ ਜੋ ਤੂੰ ਕਰਨਾ ਹੈ। ਮੈਂ ਦੁਖੀ ਨਹੀਂ ਕਰਾਂਗਾ ਆਪਣੇ ਭਗਵਾਨ ਨੂੰ। ਫਿਰ ਦੇਖਦਾ ਉਸਦਾ ਰਾਜ ਜਾਂਦਾ ਜਾਂ ਹੋਰ

ਮੌਜ ਹੋ ਜਾਂਦੀ।} ਰਾਜੇ ਨੇ ਸੋਚਿਆ ਕਿ ਕਿਤੇ ਮੇਰਾ ਰਾਜ ਨਾ ਚਲਾ ਜਾਵੇ। ਸਿਕੰਦਰ ਲੋਧੀ ਰਾਜੇ ਨੇ ਸਾਹਿਬ ਨੂੰ ਪ੍ਰਾਰਥਨਾ ਕੀਤੀ ਕਿ ਇਹ ਸ਼ੇਖਤਕੀ ਨਹੀਂ ਮੰਨਦਾ ਅਤੇ ਅੱਜ ਉਹ ਇਸ ਤਰ੍ਹਾਂ ਜਿੱਦ ਕਰ ਰਿਹਾ ਹੈ। ਪੂਜਯ ਕਬੀਰ ਸਾਹਿਬ ਜੀ ਨੇ ਕਿਹਾ ਠੀਕ ਹੈ। ਕਰ ਲੈਣ ਦਿਓ ਇਸ ਨੂੰ ਜੋ ਇਹ ਕਰ ਰਿਹਾ ਹੈ। ਮੇਰਾ ਵੀ ਟੰਟਾ ਕਟੇ। ਮੈਂ ਵੀ ਦੁਖੀ ਹੋ ਗਿਆ। ਕਹਿ ਦਿਓ ਕਿ ਜੋ ਤੂੰ ਕਰਨਾ ਹੈ, ਕਰ ਲੈ।

ਸ਼ੇਖਤਕੀ ਕਬੀਰ ਸਾਹਿਬ ਜੀ ਨੂੰ ਬੰਨ੍ਹ ਕੇ ਲੈ ਗਿਆ ਅਤੇ ਜਾ ਕੇ ਇੱਕ ਡੂੰਘੇ ਝੇਰੇ ਖੂਹ ਵਿੱਚ ਪਵਾ ਦਿੱਤਾ। ਉੱਥੇ ਹਜ਼ਾਰਾਂ ਲੋਕਾਂ ਨੂੰ ਇਕੱਠਾ ਕੀਤਾ ਹੋਇਆ ਸੀ। ਬਹੁਤ ਹੀ ਡੂੰਘਾ ਅੰਨ੍ਹਾ ਖੂਹ ਜਿਸ ਵਿੱਚ ਪਾਣੀ ਗੰਦਾ ਅਤੇ ਥੋੜ੍ਹਾ ਜਿਹਾ ਪਿਆ ਸੀ ਅਤੇ ਉੱਪਰੋਂ ਮਿੱਟੀ, ਕੰਡੇਦਾਰ ਝਾੜੀ, ਗੋਹਾ, ਇੱਟਾਂ ਆਦਿ ਨਾਲ ਡੇਢ ਸੌ ਫੁੱਟ ਉੱਚਾ ਪੂਰਾ ਭਰ ਦਿੱਤਾ। ਫਿਰ ਸ਼ੇਖਤਕੀ ਹੱਥ-ਮੂੰਹ ਧੋ ਕੇ ਸਿਕੰਦਰ ਲੋਧੀ ਕੋਲ਼ ਗਿਆ ਅਤੇ ਕਿਹਾ ਕਿ ਰਾਜਾ ਕਰ ਦਿੱਤਾ ਤੇਰੇ ਸ਼ੇਰ ਨੂੰ ਖ਼ਤਮ। ਉਸਦੇ ਉੱਪਰ ਇੰਨੀ ਮਿੱਟੀ ਪਾ ਦਿੱਤੀ ਹੈ ਕਿ ਹੁਣ ਕਿਸੇ ਵੀ ਤਰ੍ਹਾਂ ਬਾਹਰ ਨਹੀਂ ਆ ਸਕਦਾ। ਸਿਕੰਦਰ ਲੋਧੀ ਨੇ ਪੁੱਛਿਆ, ਪੀਰ ਜੀ, ਤੁਸੀਂ ਕਿਸ ਦੀ ਗੱਲ ਕਰ ਰਹੇ ਹੋ? ਸ਼ੇਖਤਕੀ ਨੇ ਕਿਹਾ ਕਿ ਤੁਹਾਡੇ ਗੁਰੂਦੇਵ ਕਬੀਰ ਦੀ। ਉਸਨੂੰ ਅੱਜ ਅਸੀਂ ਖ਼ਤਮ ਕਰ ਦਿੱਤਾ ਹੈ। ਸਿਕੰਦਰ ਨੇ ਕਿਹਾ ਕਿ ਪੀਰ ਜੀ ਪੂਜਯ ਕਬੀਰ ਸਾਹਿਬ ਜੀ ਤਾਂ ਅੰਦਰ ਕਮਰੇ ਵਿੱਚ ਬੈਠੇ ਹਨ, ਉਹ ਤਾਂ ਕਿਤੇ ਗਏ ਹੀ ਨਹੀਂ। ਸ਼ੇਖਤਕੀ ਨੇ ਅੰਦਰ ਜਾ ਕੇ ਦੇਖਿਆ ਤਾਂ ਪੂਜਯ ਕਬੀਰ ਸਾਹਿਬ ਅੰਦਰ ਕਮਰੇ ਵਿੱਚ ਆਸਣ 'ਤੇ ਆਰਾਮ ਨਾਲ ਬੈਠੈ ਸਨ। ਸ਼ੇਖਤਕੀ ਨੂੰ ਤਾਂ ਹੋਰ ਜ਼ਿਆਦਾ ਈਰਖ਼ਾ ਹੋ ਗਈ ਕਿ ਇਹ ਕਬੀਰ ਤਾਂ ਮਾਰੇ ਤੇ ਵੀ ਨਹੀਂ ਮਰ ਰਿਹਾ। ਹੁਣ ਕੀ ਕੀਤਾ ਜਾਵੇ? ਹੋਰ ਸਮਝਦਾਰ ਲੋਕ ਤਾਂ ਮੰਨ ਗਏ, ਹਜ਼ਾਰਾਂ ਨੇ ਉਪਦੇਸ਼ ਲਿਆ, ਪ੍ਰਭੂ ਕਬੀਰ ਜੀ ਦੇ ਸ਼ਿਸ਼ ਬਣੇ, ਪ੍ਰੰਤੂ ਉਹ ਸ਼ੇਖਤਕੀ ਦੁਸ਼ਟ ਨਾ ਮੰਨਿਆ।

ਸ਼ਾਹਤਕੀ ਨਹੀਂ ਲਿਖੀ, ਨਿਰੰਜਨ ਚਾਲ ਰੇ।
ਇਸ ਪਰਚੇ ਤੈ ਆਗੇ ਮਾਂਗੇ ਜਵਾਲ ਰੇ॥

ਸ਼ੇਖਤਕੀ ਬੰਦੀ ਛੋੜ ਕਬੀਰ ਪ੍ਰਮੇਸ਼ਵਰ ਦੀ ਮਹਿਮਾ ਨੂੰ ਸਮਝ ਨਹੀਂ ਪਾਇਆ। ਉਸਨੂੰ ਚਾਹੀਦਾ ਸੀ ਕਿ ਭਗਵਾਨ ਦੇ ਚਰਣਾਂ ਵਿੱਚ ਡਿੱਗ ਕੇ ਮਾਫ਼ੀ ਮੰਗਦਾ ਅਤੇ ਆਪਣਾ ਆਤਮ ਕਲਿਆਣ ਕਰਵਾਉਂਦਾ, ਪਰੰਤੂ ਮਾਣ ਵਡਿਆਈ ਵੱਸ਼ ਹੋ ਕੇ ਸਾਹਿਬ ਦਾ ਦੁਸ਼ਮਣ ਬਣ ਗਿਆ। ਸ਼ੇਖਤਕੀ ਨੇ ਹੋਰ ਵੀ ਬਹੁਤ ਜ਼ੁਲਮ ਕੀਤੇ। ਕਬੀਰ ਸਾਹਿਬ ਕਾਸ਼ੀ ਮੁੜ ਆਏ।

## "ਸ਼ੇਖਤਕੀ ਦੁਆਰਾ ਕਬੀਰ ਸਾਹਿਬ ਨੂੰ ਗੁੰਡਿਆਂ ਤੋਂ

## ਮਰਵਾਉਣ ਦਾ ਅਸਫ਼ਲ ਕੋਝਾ ਯਤਨ''

ਕਬੀਰ ਸਾਹਿਬ ਦੇ ਕਾਸ਼ੀ ਆਉਣ ਤੋਂ ਬਾਅਦ ਸ਼ੇਖਤਕੀ ਨੇ ਸੋਚਿਆ ਕਿ ਇਹ ਕਬੀਰ ਤਾਂ ਕਿਸੇ ਵੀ ਤਰ੍ਹਾਂ ਨਹੀਂ ਮਰ ਰਿਹਾ ਹੈ। ਉਹ ਕਬੀਰ ਸਾਹਿਬ ਨੂੰ ਮਾਰਨ ਲਈ ਰਾਤ ਨੂੰ ਕੁੱਝ ਗੁੰਡਿਆਂ ਨੂੰ ਨਾਲ ਲੈ ਕੇ ਕਬੀਰ ਸਾਹਿਬ ਦੀ ਝੌਂਪੜੀ ਵਿੱਚ ਗਿਆ। ਕਬੀਰ ਸਾਹਿਬ ਸੌਂ ਰਹੇ ਸਨ। ਸ਼ੇਖਤਕੀ ਨੇ ਗੁੰਡਿਆਂ ਨੂੰ ਕਿਹਾ ਕਿ ਇਸ ਦੇ ਟੁੱਕੜੇ-ਟੁੱਕੜੇ ਕਰ ਦਿਓ। ਗੁੰਡਿਆਂ ਨੇ ਤਲਵਾਰ ਨਾਲ ਪੂਜਯ ਕਬੀਰ ਸਾਹਿਬ ਜੀ ਦੇ ਟੁੱਕੜੇ-ਟੁੱਕੜੇ ਕਰ ਦਿੱਤੇ ਅਤੇ ਆਪਣੇ ਵੱਲੋਂ ਮਰਿਆ ਹੋਇਆ ਸਮਝ ਕੇ ਚੱਲ ਪਏ। ਜਦੋਂ ਉਹ ਝੌਂਪੜੀ ਤੋਂ ਬਾਹਰ ਨਿਕਲੇ ਤਾਂ ਪਿੱਛੇ ਤੋਂ ਕਬੀਰ ਸਾਹਿਬ ਨੇ ਉੱਠ ਕੇ ਕਿਹਾ, ਪੀਰ ਜੀ, ਦੁੱਧ ਪੀ ਕੇ ਜਾਣਾ। ਇੱਦਾਂ ਥੋੜ੍ਹਾ ਹੀ ਜਾਂਦੇ ਹਨ। ਸ਼ੇਖਤਕੀ ਅਤੇ ਉਸਦੇ ਗੁੰਡਿਆਂ ਨੇ ਸੋਚਿਆ ਕਿ ਇਹ ਭੂਤ ਹੈ। ਉਥੋਂ ਭੱਜ ਗਏ। ਉਹਨਾਂ ਗੁੰਡਿਆਂ ਨੂੰ ਤਾਂ ਬੁਖਾਰ ਹੋ ਗਿਆ। ਕਈ ਦਿਨਾਂ ਤੱਕ ਬੁਖਾਰ ਨਹੀਂ ਉਤਰਿਆ। ਕਬੀਰ ਸਾਹਿਬ ਉਹਨਾਂ ਕੋਲ਼ ਗਏ ਅਤੇ ਉਹਨਾਂ ਨੂੰ ਠੀਕ ਕੀਤਾ ਅਤੇ ਕਿਹਾ ਕਿ ਇਹ ਪੀਰ ਤੁਹਾਨੂੰ ਮਰਵਾ ਕੇ ਛੱਡੇਗਾ, ਇਹ ਤੁਹਾਨੂੰ ਗੁੰਮਰਾਹ ਕਰ ਰਿਹਾ ਹੈ। ਫਿਰ ਉਹਨਾਂ ਨੇ ਕਬੀਰ ਸਾਹਿਬ ਤੋਂ ਮਾਫ਼ੀ ਮੰਗੀ।

## ਕੌਣ ਅਤੇ ਕੈਸਾ ਹੈ ਕੁੱਲ ਦਾ ਮਲਿਕ ?

ਜਿਨ੍ਹਾਂ-ਜਿਨ੍ਹਾਂ ਪੁੰਨਆਤਮਾਵਾਂ ਨੇ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ ਉਨ੍ਹਾਂ ਨੇ ਦੱਸਿਆ ਹੈ ਕਿ ਕੁੱਲ ਦਾ ਮਾਲਿਕ ਇੱਕ ਹੈ। ਉਹ ਮਾਨਵ ਸਦ੍ਰਿਸ਼ ਤੇਜੋਮਈ ਸਰੀਰ

ਯੁਕਤ ਹੈ। ਜਿਸਦੇ ਇੱਕ ਰੋਮ ਕੂਪ ਦਾ ਪ੍ਰਕਾਸ਼ ਕਰੋੜ ਸੂਰਜ ਅਤੇ ਕਰੋੜ ਚੰਦਰਮਾ ਦੀ ਰੌਸ਼ਨੀ ਤੋਂ ਵੀ ਜ਼ਿਆਦਾ ਹੈ। ਉਸ ਹੀ ਨੇ ਭਿੰਨ ਭਿੰਨ ਰੂਪ ਬਣਾਏ ਹਨ। ਪ੍ਰਮੇਸ਼ਵਰ ਦਾ ਵਾਸਤਿਵਕ ਨਾਮ ਆਪਣੀ-ਆਪਣੀ ਭਾਸ਼ਾਵਾਂ ਵਿੱਚ ਕਵਿਰਦੇਵ (ਵੇਦਾਂ ਵਿੱਚ ਸੰਸਕ੍ਰਿਤ ਭਾਸ਼ਾ ਵਿੱਚ) ਅਤੇ ਹੱਕਾ ਕਬੀਰ (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ. 721 ਵਿੱਚ ਖੇਤਰੀ ਭਾਸ਼ਾ ਵਿੱਚ) ਅਤੇ ਸਤ ਕਬੀਰ (ਸ਼੍ਰੀ ਧਰਮਦਾਸ ਜੀ ਦੀ ਬਾਣੀ ਵਿੱਚ ਉਨ੍ਹਾਂ ਦੀ ਖੇਤਰੀ ਭਾਸ਼ਾ ਵਿੱਚ) ਅਤੇ ਬੰਦੀਛੋੜ ਕਬੀਰ ਸਾਹਿਬ (ਸੰਤ ਗਰੀਬ-ਦਾਸ ਜੀ ਦੇ ਸਦਗ੍ਰੰਥ ਵਿੱਚ ਉਨ੍ਹਾਂ ਦੀ ਖੇਤਰੀ ਭਾਸ਼ਾ ਵਿੱਚ) ਕਬੀਰਾ, ਕਬੀਰਨ ਤੇ ਖਬੀਰਾ ਜਾਂ ਖਬੀਰਨ (ਸ਼੍ਰੀ ਕੁਰਾਨ ਸ਼ਰੀਫ ਸੂਰਤ ਫੁਰਕਾਨੀ ਨੰ. 25 ਆਇਤ ਨੰ. 19, 21, 52, 58, 59 ਵਿੱਚ ਖੇਤਰੀ ਅਰਬੀ ਭਾਸ਼ਾ ਵਿੱਚ)। ਇਸੇ ਪੂਰਣ ਪ੍ਰਮਾਤਮਾ ਦੇ ਉਪਮਾਤਮਕ ਨਾਮ, ਅਨਾਮੀ ਪੁਰਸ਼, ਅਗਮ ਪੁਰਸ਼, ਅਲਖ ਪੁਰਸ਼, ਸਤਪੁਰਸ਼, ਅਕਾਲ ਮੂਰਤ, ਸ਼ਬਦ ਸਵਰੂਪੀ ਰਾਮ, ਪੂਰਣ ਬ੍ਰਹਮ। ਪਰਮ ਅਕਸ਼ਰ ਬ੍ਰਹਮ ਆਦਿ ਹਨ, ਜਿਵੇਂ ਦੇਸ਼ ਦੇ ਪ੍ਰਧਾਨਮੰਤਰੀ ਦਾ ਵਾਸਤਿਵਕ ਸਰੀਰ ਦਾ ਨਾਮ ਕੁਝ ਹੋਰ ਹੈ ਉਪ-ਮਾਤਮਕ ਨਾਮ ਪ੍ਰਧਾਨ ਮੰਤਰੀ ਜੀ, ਪ੍ਰਾਇਮ ਮਨਿਸਟਰ ਜੀ ਅਲੱਗ ਹੁੰਦਾ ਹੈ। ਜਿਵੇਂ ਭਾਰਤ ਦੇਸ਼ ਦੇ ਪ੍ਰਧਾਨਮੰਤਰੀ ਜੀ ਆਪਣੇ ਕੋਲ਼ ਗ੍ਰਹਿ ਮੰਤਰਾਲੇ ਰੱਖ ਲੈਂਦੇ ਹਨ। ਜਦ ਉਹ ਉਸ ਵਿਭਾਗ ਦੇ ਦਸਤਾਵੇਜਾਂ ਉੱਤੇ ਹਸਤਾਖ਼ਰ ਕਰਦਾ ਹੈ ਤਾਂ ਉੱਥੇ ਗ੍ਰਹਿਮੰਤਰੀ ਦੀ ਭੂਮਿਕਾ ਕਰਦਾ ਹੈ ਆਪਣਾ ਪਦ ਵੀ ਗ੍ਰਹਿ ਮੰਤਰੀ ਲਿਖਦਾ ਹੈ ਹਸਤਾਖ਼ਰ ਉਹੀ ਹੁੰਦੇ ਹਨ। ਇਸ ਪ੍ਰਕਾਰ ਈਸ਼ਵਰ ਦੀ ਸੱਤਾ ਨੂੰ ਸਮਝਣਾ ਚਾਹੀਦਾ ਹੈ।

ਜਿਨ੍ਹਾਂ ਸੰਤਾਂ ਤੇ ਰਿਸ਼ੀਆਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ, ਉਨ੍ਹਾਂ ਨੇ ਆਪਣਾ ਆਖਰੀ ਅਨੁਭਵ ਦੱਸਿਆ ਕਿ ਪ੍ਰਮਾਤਮਾ ਦਾ ਸਿਰਫ ਪ੍ਰਕਾਸ਼ ਹੀ ਦੇਖਿਆ ਜਾ ਸਕਦਾ ਹੈ, ਪ੍ਰਭੂ ਦਿਖਾਈ ਨਹੀਂ ਦਿੰਦਾ ਕਿਉਂਕਿ ਉਸਦਾ ਕੋਈ ਆਕਾਰ ਨਹੀਂ ਹੈ ਅਤੇ ਸਰੀਰ ਵਿੱਚ ਧੁੰਨ ਸੁਣਨਾ ਆਦਿ ਪ੍ਰਭੂ ਭਗਤੀ ਦੀ ਉਪਲੱਬਧੀ ਹੈ।

ਆਉ ਵਿਚਾਰ ਕਰੀਏ:- ਜਿਵੇਂ ਕੋਈ ਅੰਨਾ ਹੋਰ ਅੰਨੇ ਵਿਅਕਤੀਆਂ ਵਿੱਚ ਆਪਣੇ ਆਪ ਨੂੰ ਅੱਖਾਂ ਵਾਲਾ ਸਿੱਧ ਕਰੀ ਬੈਠਾ ਹੋਵੇ ਅਤੇ ਕਹਿੰਦਾ ਹੋਵੇ ਕਿ ਰਾਤ ਨੂੰ ਚੰਦ ਦੀ ਰੌਸ਼ਨੀ ਬਹੁਤ ਸੁਹਾਵਣੀ ਹੁੰਦੀ ਹੈ, ਮਨ ਭਾਉਣੀ ਹੁੰਦੀ ਹੈ, ਮੈਂ ਦੇਖਦਾ ਹਾਂ। ਹੋਰ ਅੰਨੇ ਚੇਲੇ ਨੇ ਪੁੱਛਿਆ ਕਿ ਗੁਰੂ ਜੀ ਚੰਦ ਕਿਹੋ ਜਿਹਾ ਹੁੰਦਾ ਹੈ। ਚਤੁਰ ਅੰਨੇ ਨੇ ਉੱਤਰ ਦਿੱਤਾ ਕਿ ਚੰਦ ਤਾਂ ਨਿਰਾਕਾਰ ਹੈ ਉਹ ਦਿਖਾਈ ਥੋੜ੍ਹਾ ਹੀ ਦੇ ਸਕਦਾ। ਕੋਈ ਕਹੇ ਸੂਰਜ ਨਿਰਾਕਾਰ ਹੈ ਉਹ ਦਿਖਾਈ ਨਹੀਂ ਦਿੰਦਾ ਸੂਰਜ ਖੁਦ ਪ੍ਰਕਾਸ਼ਿਤ ਹੈ ਇਸ ਲਈ ਉਸਦਾ ਸਿਰਫ ਪ੍ਰਕਾਸ਼ ਦਿਖਾਈ ਦਿੰਦਾ ਹੈ। ਗੁਰੂ ਜੀ ਦੇ ਦੱਸੇ ਅਨੁਸਾਰ ਚੇਲਾ ਢਾਈ ਘੰਟੇ ਸਵੇਰੇ ਅਤੇ ਢਾਈ ਘੰਟੇ ਸ਼ਾਮ ਆਕਾਸ਼ ਵਿੱਚ ਦੇਖਦਾ ਹੈ। ਪ੍ਰੰਤੂ ਉਸਨੂੰ ਕੁਝ ਦਿਖਾਈ ਨਹੀਂ ਦਿੰਦਾ।ਖੁਦ ਹੀ ਵਿਚਾਰ ਵਿਟਾਂਦਰਾ ਕਰਦੇ ਹਨ ਕਿ ਗੁਰੂ ਜੀ ਤਾਂ ਸਹੀ ਕਹਿ ਰਹੇ ਹਨ, ਸਾਡੀ ਸਾਧਨਾ ਢਾਈ ਘੰਟੇ ਸਵੇਰੇ ਸ਼ਾਮ ਤਾਂ ਪੂਰੀ ਨਹੀਂ ਹੁੰ-ਦੀ। ਇਸ ਲਈ ਸੂਰਜ ਅਤੇ ਚੰਦ ਦਾ ਪ੍ਰਕਾਸ਼ ਦਿਖਾਈ ਨਹੀਂ ਦੇ ਰਿਹਾ। ਚਤੁਰ ਗੁਰੂ ਜੀ ਦੀ ਵਿਆਖਿਆ ਉੱਤੇ ਆਧਾਰਿਤ ਹੋ ਕੇ ਉਸ ਚਤੁਰ ਅੰਨੇ ਦੀ (ਗਿਆਨਹੀਨ) ਵਿਆਖਿਆ ਦੇ ਪ੍ਰਚਾਰਕ ਕਰੋੜਾਂ ਅੰਨੇ (ਗਿਆਨਹੀਨ) ਹੋ ਚੁੱਕੇ ਹਨ। ਫਿਰ ਉਨ੍ਹਾਂ ਨੂੰ ਅੱਖਾਂ ਵਾਲਾ (ਤੱਤਵਦਰਸ਼ੀ ਸੰਤ) ਦੱਸੇ ਕਿ ਸੂਰਜ ਆਕਾਰ ਵਿੱਚ ਹੈ ਅਤੇ ਉਸ ਤੋਂ ਹੀ ਪ੍ਰਕਾਸ਼ ਨਿਕਲ ਰਿਹਾ ਹੈ। ਇਸੇ ਤਰ੍ਹਾਂ ਹੀ ਚੰਦ ਤੋਂ ਵੀ ਪ੍ਰਕਾਸ਼ ਨਿਕਲ ਰਿਹਾ ਹੈ ਅੰਨਿਓ! ਚੰਦ ਦੇ ਬਿਨਾਂ ਰਾਤ ਨੂੰ ਪ੍ਰਕਾਸ਼ ਕਿਵੇਂ ਹੋ ਸਕਦਾ ਹੈ? ਜਿਵੇਂ ਕੋਈ ਕਹੇ

ਕਿ ਟਿਊਬ ਲਾਇਟ ਦੇਖੀ, ਫਿਰ ਕੋਈ ਪੁੱਛੇ ਕਿ ਟਿਊਬ ਕਿਹੋ ਜਿਹੀ ਹੁੰਦੀ ਹੈ ਜਿਸ ਦੀ ਤੁਸੀਂ ਰੌਸ਼ਨੀ ਦੇਖੀ ਹੈ? ਉੱਤਰ ਮਿਲੇ ਕਿ ਟਿਊਬ ਤਾਂ ਨਿਰਾਕਾਰ ਹੋਣ ਦੇ ਕਾਰਣ ਦਿਖਾਈ ਨਹੀਂ ਦਿੰਦੀ। ਸਿਰਫ ਪ੍ਰਕਾਸ਼ ਦੇਖਿਆ ਜਾ ਸਕਦਾ ਹੈ।

ਵਿਚਾਰ ਕਰੋ:- ਟਿਊਬ ਬਿਨਾਂ ਪ੍ਰਕਾਸ਼ ਕਿਵੇ?

ਜੇ ਕੋਈ ਕਹੇ ਕਿ ਹੀਰਾ ਖੁਦ ਪ੍ਰਕਾਸ਼ਿਤ ਹੁੰਦਾ ਹੈ। ਫਿਰ ਇਹ ਵੀ ਕਹੇ ਕਿ ਹੀਰੇ ਦਾ ਸਿਰਫ ਪ੍ਰਕਾਸ਼ ਦੇਖਿਆ ਜਾ ਸਕਦਾ ਹੈ, ਕਿਉਂਕਿ ਹੀਰਾ ਤਾਂ ਨਿਰਾਕਾਰ ਹੈ, ਉਹ ਦਿਖਾਈ ਨਹੀਂ ਦੇ ਸਕਦਾ, ਤਾਂ ਉਹ ਵਿਅਕਤੀ ਹੀਰੇ ਤੋਂ ਜਾਣੂ ਨਹੀਂ ਹੈ। ਫ਼ੋਕਟ ਜੌਹਰੀ ਬਣਿਆ ਹੈ। ਜੋ ਪ੍ਰਮਾਤਮਾ ਨੂੰ ਨਿਰਾਕਾਰ ਕਹਿੰਦੇ ਹਨ ਅਤੇ ਸਿਰਫ ਪ੍ਰਕਾਸ਼ ਦੇਖਣਾ ਅਤੇ ਧੁੰਨ ਸੁਣਨਾ ਹੀ ਪ੍ਰਭੂ ਪ੍ਰਾਪਤੀ ਮੰਨਦੇ ਹਨ ਉਹ ਪੂਰਣ ਰੂਪ ਵਿੱਚ ਪ੍ਰਭੂ ਅਤੇ ਭਗਤੀ ਤੋਂ ਜਾਣੂੰ ਨਹੀਂ ਹਨ। ਜਦੋਂ ਉਨ੍ਹਾਂ ਨੂੰ ਪ੍ਰਾਰਥਨਾ ਕੀਤੀ ਕਿ ਕੁੱਝ ਨਹੀਂ ਦੇਖਿਆ ਹੈ ਤੁਸੀਂ, ਆਪਣੇ ਚੇਲਿਆਂ ਨੂੰ ਭਰਮਿਤ ਕਰਕੇ ਦੋਸ਼ੀ ਹੋ ਰਹੇ ਹੋ। ਨਾ ਤਾਂ ਤੁਹਾਡੇ ਗੁਰੂਦੇਵ ਦੇ ਤੱਤਵਗਿਆਨ ਰੂਪੀ ਅੱਖਾਂ ਹਨ ਅਤੇ ਨਾ ਹੀ ਤੁਹਾਡੇ। ਇਸਲਈ ਦੁਨੀਆਂ ਨੂੰ ਭਰਮਿਤ ਨਾ ਕਰੋ। ਇਸ ਗੱਲ ਉੱਤੇ ਸਭ ਗਿਆਨ ਰੂਪੀ ਅੱਖਾਂ ਦੇ ਅੰਨਿਆਂ ਨੇ ਡੰਡੇ ਚੁੱਕ ਲਏ ਕਿ ਅਸੀਂ ਤਾਂ ਝੂਠੇ, ਤੂੰ ਇੱਕ ਸੱਚਾ! ਅੱਜ ਉਹੀ ਸਥਿਤੀ ਸੰਤ ਰਾਮਪਾਲ ਜੀ ਮਹਾਰਾਜ ਜੀ ਦੇ ਨਾਲ਼ ਹੈ।

ਇਸ ਵਿਵਾਦ ਦਾ ਫੈਸਲਾ ਕਿਵੇਂ ਹੋਵੇ ਕਿ ਕਿਸ ਸੰਤ ਦੇ ਵਿਚਾਰ ਸਹੀ ਹਨ ਕਿਸਦੇ ਗਲਤ ਹਨ? ਮੰਨ ਲਉ ਜਿਵੇਂ ਕਿਸੇ ਅਪਰਾਧ ਦੇ ਵਿਸ਼ੇ ਵਿੱਚ ਪੰਜ ਵਕੀਲ ਆਪਣਾ-ਆਪਣਾ ਵਿਚਾਰ ਪ੍ਰਗਟ ਕਰ ਰਹੇ ਹਨ। ਇੱਕ ਕਹੇ ਕਿ ਇਸ ਅਪਰਾਧ ਉੱਤੇ ਸੰਵਿਧਾਨ ਦੀ ਧਾਰਾ 301 ਲੱਗੇਗੀ, ਦੂਸਰਾ ਕਹੇ ਕਿ 302, ਤੀਸਰਾ ਕਹੇ 304, ਚੌਥਾ ਕਹੇ 306 ਅਤੇ ਪੰਜਵਾ ਵਕੀਲ 307 ਨੂੰ ਸਹੀ ਦੱਸੇ।

ਇਹ ਪੰਜੇ ਠੀਕ ਨਹੀਂ ਹੋ ਸਕਦੇ, ਸਿਰਫ ਇੱਕ ਹੀ ਠੀਕ ਹੋ ਸਕਦਾ ਹੈ ਜੇ ਉਸਦੀ ਵਿਆਖਿਆ ਆਪਣੇ ਦੇਸ਼ ਦੇ ਪਵਿੱਤਰ ਸੰਵਿਧਾਨ ਦੇ ਨਾਲ ਮਿਲਦੀ ਹੈ। ਜੇ ਉਸਦੀ ਵਿਆਖਿਆ ਵੀ ਸੰਵਿਧਾਨ ਦੇ ਉੱਲਟ ਹੈ ਤਾਂ ਪੰਜੇ ਵਕੀਲ ਗਲਤ ਹਨ। ਇਸਦਾ ਫੈਸਲਾ ਦੇਸ਼ ਦਾ ਪਵਿੱਤਰ ਸੰਵਿਧਾਨ ਕਰੇਗਾ ਜੋ ਸਭ ਨੂੰ ਮੰਨਣਯੋਗ ਹੈ, ਇਸ ਪ੍ਰਕਾਰ ਭਿੰਨ-ਭਿੰਨ ਵਿਚਾਰ ਧਾਰਾਵਾਂ ਵਿੱਚ ਅਤੇ ਸਾਧਨਾਵਾਂ ਵਿੱਚ ਕਿਹੜੀ ਸ਼ਾਸ਼ਤਰ ਅਨੁਕੂਲ ਹੈ ਜਾਂ ਕਿਹੜੀ ਸ਼ਾਸ਼ਤਰ ਵਿਰੁੱਧ ਹੈ? ਇਸਦਾ ਫੈਸਲਾ ਪਵਿੱਤਰ ਸਦਗ੍ਰੰਥ ਹੀ ਕਰਣਗੇ, ਜੋ ਸਭ ਦੇ ਲਈ ਮੰਨਣਯੋਗ ਹੋਣੇ ਚਾਹੀਦੇ ਹਨ (ਇਹੀ ਪ੍ਰਮਾਣ ਪਵਿੱਤਰ ਸ਼੍ਰੀਮਦ ਭਗਵਤ ਗੀਤਾ ਅਧਿਆਏ 16 ਸ਼ਲੋਕ 23-24 ਵਿੱਚ)।

ਜਿਨ੍ਹਾਂ ਅੱਖਾਂ ਵਾਲਿਆਂ (ਪੂਰਣ ਸੰਤਾਂ) ਨੇ ਸੂਰਜ (ਪੂਰਣ ਪ੍ਰਮਾਤਮਾ) ਨੂੰ ਦੇਖਿਆ ਉਨ੍ਹਾਂ ਵਿੱਚੋਂ ਕੁਝ ਦੇ ਨਾਮ ਹਨ :

(1)ਸਤਿਕਾਰਯੋਗ ਧਰਮਦਾਸ ਸਾਹਿਬ ਜੀ (2)ਸਤਿਕਾਰਯੋਗ ਦਾਦੂ ਸਾਹਿਬ ਜੀ (3) ਸਤਿਕਾਰਯੋਗ ਮਲੂਕਦਾਸ ਸਾਹਿਬ ਜੀ (4) ਸਤਿਕਾਰਯੋਗ ਗਰੀਬਦਾਸ ਸਾਹਿਬ ਜੀ (5) ਸਤਿਕਾਰਯੋਗ ਨਾਨਕ ਸਾਹਿਬ ਜੀ (6) ਸਤਿਕਾਰਯੋਗ ਘੀਸਾ ਦਾਸ ਸਾਹਿਬ ਜੀ ਆਦਿ।

1. ਸਤਿਕਾਰਯੋਗ ਧਰਮਦਾਸ ਸਾਹਿਬ ਜੀ, ਬਾਂਧਵਗੜ੍ਹ ਮੱਧ ਪ੍ਰਦੇਸ਼ ਵਾਲੇ, ਜਿਨ੍ਹਾਂ ਨੂੰ ਪੂਰਣ ਪ੍ਰਮਾਤਮਾ ਜਿੰਦਾ ਮਹਾਤਮਾ ਦੇ ਰੂਪ ਵਿੱਚ ਮਥੁਰਾ ਵਿੱਚ ਮਿਲੇ, ਸਤਲੋਕ ਦਿਖਾਇਆ। ਉੱਥੇ ਸਤਲੋਕ ਵਿੱਚ ਦੋ ਰੂਪ ਦਿਖਾ ਕੇ ਜਿੰਦਾ ਵਾਲੇ ਰੂਪ

**ਵਿੱਚ ਪੂਰਣ ਪ੍ਰਮਾਤਮਾ ਵਾਲੇ ਸਿੰਘਾਸਣ ਉੱਤੇ ਵਿਰਾਜਮਾਨ ਹੋ ਗਏ ਅਤੇ ਸਤਿਕ–ਾਰਯੋਗ ਧਰਮਦਾਸ ਸਾਹਿਬ ਜੀ ਨੂੰ ਕਿਹਾ ਕਿ ਮੈ ਕਾਸ਼ੀ (ਬਨਾਰਸ) ਵਿੱਚ ਨੀ–ਰੂ–ਨੀਮਾ ਦੇ ਘਰ ਆਇਆ ਹੋਇਆ ਹਾਂ। ਉੱਥੇ ਧਾਣਕ ਜੁਲਾਹੇ ਦਾ ਕੰਮ ਕਰਦਾ ਹਾਂ ਸਤਿਕਾਰਯੋਗ ਸ਼੍ਰੀ ਰਾਮਾਨੰਦ ਜੀ ਮੇਰੇ ਗੁਰੂ ਜੀ ਹਨ। ਇਹ ਕਹਿ ਕੇ ਸ਼੍ਰੀ ਧਰਮ–ਦਾਸ ਜੀ ਦੀ ਆਤਮਾ ਨੂੰ ਵਾਪਸ ਸਰੀਰ ਵਿੱਚ ਭੇਜ ਦਿੱਤਾ। ਸ਼੍ਰੀ ਧਰਮਦਾਸ ਜੀ ਦਾ ਸਰੀਰ ਦੋ ਦਿਨ ਬੇਹੋਸ਼ ਰਿਹਾ, ਤੀਸਰੇ ਦਿਨ ਹੋਸ਼ ਆਇਆ ਤਾਂ ਕਾਸ਼ੀ ਵਿੱਚ ਖੋਜ ਕਰਨ ਤੇ ਪਾਇਆ ਕਿ ਇਹੀ ਕਾਸ਼ੀ ਵਿੱਚ ਆਇਆ ਧਾਣਕ ਹੀ ਪੂਰਣ ਪ੍ਰਮਾਤਮਾ (ਸਤਪੁਰਸ਼) ਹੈ। ਸਤਿਕਾਰਯੋਗ ਧਰਮਦਾਸ ਜੀ ਨੇ ਪਵਿੱਤਰ ਕਬੀਰ ਸਾਗਰ, ਕਬੀਰ ਸਾਖੀ, ਕਬੀਰ ਬੀਜਕ ਨਾਮਕ ਸਦਗ੍ਰੰਥ ਦੀ ਅੱਖੀਂ ਦੇਖੀ ਅਤੇ ਪੂਰਣ ਪ੍ਰਮਾਤਮਾ ਦੇ ਪਵਿੱਤਰ ਮੁੱਖ ਕਮਲ ਤੋਂ ਨਿਕਲੇ ਅੰਮ੍ਰਿਤ ਵਚਨ ਰੂਪੀ ਵਿਵਰਣ ਨਾਲ ਰਚਨਾ ਕੀਤੀ।**

**ਅੰਮ੍ਰਿਤ ਬਾਣੀ ਵਿੱਚ ਪ੍ਰਮਾਣ:**

ਧੰਨ–ਧੰਨ ਸਤਿਗੁਰੂ ਸਤਿ ਕਬੀਰ ਭਗਤ ਕੀ ਪੀਰ ਮਿਟਾਨੇ ਵਾਲੇ ॥ ਟੇਕ ॥
ਰਹੇ ਨਲ–ਨੀਲ ਯਤਨ ਕਰ ਹਾਰ, ਤਬ ਸਤਗੁਰੂ ਸੇ ਕਰੀ ਪੁਕਾਰ।
ਜਾ ਸਤ ਰੇਖਾ ਲਿਖੀ ਅਪਾਰ, ਸਿੰਧੂ ਪਰ ਸ਼ਿਲਾ ਤਿਰਾਨੇ ਵਾਲੇ ॥ 1 ॥
ਡਸੀ ਸਰਪ ਨੈ ਜਬ ਜਾਯ, ਪੁਕਾਰੀ ਇੰਦਰਮਤੀ ਅਕੁਲਾਯ।
ਆਪਨੇ ਤੁਰੰਤ ਕਰੀ ਸਹਾਯ, ਬਹਰੂਲੀ ਮੰਤ੍ਰ ਸੁਨਾਨੇ ਵਾਲੇ ॥ 2 ॥
ਦਾਮੋਦਰ ਸੇਠ ਕੇ ਹੋਂਵੇ ਥੇ, ਅਕਾਜ ਅਰਜ ਕਰੀ ਡੂਬਤਾ ਦੇਖ ਜਹਾਜ।
ਲਾਜ ਮੇਰੀ ਰਖਿਓ ਗਰੀਬ ਨਿਵਾਜ, ਸਮੁੰਦਰ ਸੇ ਪਾਰ ਲੰਘਾਨੇ ਵਾਲੇ ॥ 3 ॥
ਕਹਿ ਕਰ ਜੋਰ ਦੀਨ ਧਰਮਦਾਸ, ਦਰਸ਼ ਦੇ ਪੂਰਣ ਕਰੀਓ ਆਸ਼।
ਮੇਟੀਓ ਜਨਮ ਮਰਨ ਕੀ ਤ੍ਰਾਸ, ਸਤ੍ਯਪਦ ਪ੍ਰਾਪਤ ਕਰਾਨੇ ਵਾਲੇ ॥3 ॥

**2. ਸਤਿਕਾਰਯੋਗ ਦਾਦੂ ਸਾਹਿਬ ਜੀ (ਅੰਮ੍ਰਿਤਬਾਣੀ ਵਿੱਚ ਪ੍ਰਮਾਣ) ਕਬੀਰ ਪ੍ਰਮੇਸ਼ਵਰ ਦੇ ਸਾਕਸ਼ੀ:–**

**ਸਤਿਕਾਰਯੋਗ ਦਾਦੂ ਸਾਹਿਬ ਜੀ ਜਦ ਸੱਤ ਸਾਲ ਦੇ ਬੱਚੇ ਸੀ ਉਦੋਂ ਪੂਰਣ ਪ੍ਰਮਾਤਮਾ ਜਿੰਦਾ ਮਹਾਤਮਾ ਦੇ ਰੂਪ ਵਿੱਚ ਮਿਲੇ ਤੇ ਸਤਲੋਕ ਲੈ ਗਏ। ਤਿੰਨ ਦਿਨ ਤੱਕ ਦਾਦੂ ਜੀ ਬੇਹੋਸ਼ ਰਹੇ। । ਹੋਸ਼ ਵਿੱਚ ਆਉਣ ਦੇ ਬਾਅਦ ਪਰਮੇਸ਼ਵਰ ਦੀ ਮਹਿਮਾ ਦੀ ਅੱਖੀਂ ਦੇਖੀ ਬਹੁਤ ਸਾਰੀ ਅੰਮ੍ਰਿਤਬਾਣੀ ਉਚਾਰਨ ਕੀਤੀ:**

ਜਿਨ ਮੋਕੂੰ ਨਿਜ ਨਾਮ ਦੀਯਾ, ਸੋਇ ਸਤਿਗੁਰੁ ਹਮਾਰ।
ਦਾਦੂ ਦੂਸਰਾ ਕੋਈ ਨਹੀਂ, ਕਬੀਰ ਸਿਰਜਨ ਹਾਰ॥
ਦਾਦੂ ਨਾਮ ਕਬੀਰ ਕੀ, ਜੈ ਕੋਈ ਲੇਵੇ ਓਟ।
ਉਨਕੋ ਕਬਹੂੰ ਲਾਗੇ ਨਹੀਂ, ਕਾਲ ਵਜ੍ਰ ਕੀ ਚੋਟ॥
ਦਾਦੂ ਨਾਮ ਕਬੀਰ ਕਾ, ਸੁਨ ਕਰ ਕਾਂਪੇ ਕਾਲ।
ਨਾਮ ਭਰੋਸੇ ਜੋ ਨਰ ਚਲੇ, ਹੋਵੇ ਨਾ ਬਾਂਕਾ ਬਾਲ॥
ਜੋ ਜੋ ਸ਼ਰਣ ਕਬੀਰ ਕੇ, ਤਰ ਗਏ ਅਨੰਤ ਅਪਾਰ।
ਦਾਦੂ ਗੁਣ ਕੀਤਾ ਕਹੇ, ਕਹਤ ਨਾ ਆਵੇ ਪਾਰ॥

ਕਬੀਰ ਕਰਤਾ ਆਪ ਹੈ, ਦੂਜਾ ਨਾਂਹਿ ਕੋਯ।
ਦਾਦੂ ਪੂਰਨ ਜਗਤ ਕੋ, ਭਗਤੀ ਦ੍ਰਿੜਾਵਤ ਸੋਯ॥
ਠੇਕਾ ਪੂਰਨ ਹੋਏ ਜਬ, ਸਬ ਕੋਈ ਤਜੇ ਸ਼ਰੀਰ।
ਦਾਦੂ ਕਾਲ ਗੰਜੇ ਨਹੀਂ, ਜਪੇ ਜੋ ਨਾਮ ਕਬੀਰ॥
ਆਦਮੀ ਕੀ ਆਯੂ ਘਟੇ, ਤਬ ਯਮ ਘੇਰੇ ਆਯ।
ਸੁਮਰਨ ਕੀਆ ਕਬੀਰ ਕਾ, ਦਾਦੂ ਲੀਯਾ ਬਚਾਯ॥
ਮੇਟਿ ਦੀਆ ਅਪਰਾਧ ਸਬ, ਆਏ ਮਿਲੇ ਛਿਨ ਮਾਂਹ।
ਦਾਦੂ ਸੰਗ ਲੇ ਚਲੇ, ਕਬੀਰ ਚਰਣ ਕੀ ਛਾਂਹ॥
ਸੇਵਕ ਦੇਵ ਨਿਜ ਚਰਣ ਕਾ, ਦਾਦੂ ਅਪਨਾ ਜਾਨ।
ਭਰੰਗੀ ਸਤ ਕਬੀਰ ਨੇ, ਕੀਨ੍ਹਾ ਆਪ ਸਮਾਨ॥
ਦਾਦੂ ਅੰਤਰਗਤ ਸਦਾ, ਛਿਨ-ਛਿਨ ਸੁਮਿਰਨ ਧਿਆਨ।
ਵਾਰੂ ਨਾਮ ਕਬੀਰ ਪਰ, ਪਲ-ਪਲ ਮੇਰਾ ਪ੍ਰਾਨ॥
ਸੁਨ-ਸੁਨ ਸਾਖਿ ਕਬੀਰ ਕੀ, ਕਾਲ ਨਵਾਵੇ ਮਾਥ।
ਧੰਨ-ਧੰਨ ਹੋ ਤਿਨ ਲੋਕ ਮੇਂ, ਦਾਦੂ ਜੋੜੇ ਹਾਥ॥
ਕੇਹਰੀ ਨਾਮ ਕਬੀਰ ਕਾ, ਵਿਸ਼ਮ ਕਾਲ ਗਜ ਰਾਜ।
ਦਾਦੂ ਭਜਨ ਪ੍ਰਤਾਪਤੇ, ਭਾਗੇ ਸੁਨਤ ਆਵਾਜ॥
ਪਲ ਏਕ ਨਾਮ ਕਬੀਰ ਕਾ, ਦਾਦੂ ਮਨਚਿਤ ਲਾਯ।
ਹਸਤੀ ਕੇ ਅਸ਼ਵਾਰ ਕੋ, ਸ਼ਵਾਨ ਕਾਲ ਨਹੀਂ ਖਾਯ॥
ਸੁਮਰਤ ਨਾਮ ਕਬੀਰ ਕਾ, ਕਟੇ ਕਾਲ ਕੀ ਪੀਰ।
ਦਾਦੂ ਦਿਨ ਦਿਨ ਊਂਚੇ, ਪਰਮਾਨੰਦ ਸੁਖ ਸੀਰ॥
ਦਾਦੂ ਨਾਮ ਕਬੀਰ ਕੀ, ਜੋ ਕੋਈ ਲੇਵੇ ਓਟ।
ਤਿਨਕੋ ਕਬਹੂੰ ਨਾ ਲਗੇ, ਕਾਲ ਬਜ੍ਰ ਕੀ ਚੋਟ॥
ਔਰ ਸੰਤ ਸਬ ਕੂਪ ਹੈਂ, ਕੇਤੇ ਝਰਿਤਾ ਨੀਰ।
ਦਾਦੂ ਅਗਮ ਅਪਾਰ ਹੈਂ, ਦਰੀਆ ਸਤ ਕਬੀਰ॥
ਅਬ ਹੀ ਤੇਰੀ ਸਬ ਮਿਟੇ, ਜਨਮ ਮਰਨ ਕੀ ਪੀਰ।
ਸਵਾਂਸ ਉਸਵਾਂਸ ਸੁਮਿਰਲੇ, ਦਾਦੂ ਨਾਮ ਕਬੀਰ॥
ਕੋਈ ਸਰਗੁਨ ਮੇਂ ਰੀਝ ਰਿਹਾ, ਕੋਈ ਨਿਰਗੁਣ ਠਹਿਰਾਯ।
ਦਾਦੂ ਗਤੀ ਕਬੀਰ ਜੀ, ਮੋਤੇ ਕਹਿ ਨ ਜਾਯ॥
ਜਿਨ ਮੋਕੂ ਨਿੱਜ ਨਾਮ ਦਈ, ਸਦਗੁਰੂ ਸੋਈ ਹਮਾਰ।
ਦਾਦੂ ਦੂਸਰਾ ਕੌਨ ਹੈ, ਕਬੀਰ ਸਿਰਜਨਹਾਰ॥

**3. ਸਤਿਕਾਰਯੋਗ ਮਲੂਕਦਾਸ ਸਾਹਿਬ ਜੀ ਕਵਿਰਦੇਵ ਜੀ ਦੇ ਸ਼ਾਕਸੀ:- 42 ਸਾਲ ਦੀ ਉਮਰ ਵਿੱਚ ਸ਼੍ਰੀ ਮਲੂਕਦਾਸ ਸਾਹਿਬ ਜੀ ਨੂੰ ਪੂਰਣ ਪ੍ਰਮਾਤਮਾ ਮਿਲੇ ਤੇ ਦੋ ਦਿਨ ਤੱਕ ਸ਼੍ਰੀ ਮਲੂਕ ਦਾਸ ਜੀ ਅਚੇਤ ਰਹੇ। ਫਿਰ ਨਿਮਨਬਾਣੀ ਬੋਲੀ :**

ਜਪੋ ਰੇ ਮਨ ਸਤਿਗੁਰੂ ਨਾਮ ਕਬੀਰ॥ਟੇਕ ॥
ਜਪੋ ਰੇ ਮਨ ਪਰਮੇਸ਼ਵਰ ਨਾਮ ਕਬੀਰ॥ਟੇਕ ॥
ਏਕ ਸਮੇ ਗੁਰੂ ਬੰਸੀ ਬਜਾਈ ਕਾਲੰਦ੍ਰੀ ਕੇ ਤੀਰ।
ਸੁਰ-ਨਰ ਮੁਨੀ ਥਕ ਗਏ, ਰੁਕ ਗਿਆ ਦਰੀਆ ਨੀਰ॥
ਕਾਂਸ਼ੀ ਤਜ ਗੁਰੂ ਮਗਹਰ ਆਯੇ, ਦੋਨੋਂ ਦੀਨ ਕੇ ਪੀਰ।
ਕੋਈ ਗਾਡੇ ਕੋਈ ਅਗਨਿ ਜਰਾਵੈ, ਢੂੰਡਾ ਨਾ ਪਾਯਾ ਸ਼ਰੀਰ।
ਚਾਰ ਦਾਗ ਸੇ ਸਤਿਗੁਰੂ ਨਿਯਾਰਾ, ਅਜਰੋ ਅਮਰ ਸ਼ਰੀਰ।
ਦਾਸ ਮਲੂਕ ਸਲੂਕ ਕਹਤ ਹੈਂ, ਖੋਜੋ ਖਸਮ ਕਬੀਰ॥

**4. ਸਤਿਕਾਰਯੋਗ ਗਰੀਬਦਾਸ ਸਾਹਿਬ ਜੀ ਛੁਡਾਣੀ ਜ਼ਿਲ੍ਹਾ- ਝੱਜਰ, ਹਰਿਆਣਾ ਵਾਲੇ (ਅੰਮ੍ਰਿਤਬਾਣੀ ਵਿੱਚ ਪ੍ਰਮਾਣ) ਪ੍ਰਭੂ ਕਬੀਰ (ਕਵਿਰਦੇਵ) ਦੇ ਸਾਕਸ਼ੀ :-**

ਸਤਿਕਾਰਯੋਗ ਗਰੀਬਦਾਸ ਸਾਹਿਬ ਜੀ ਦਾ ਜਨਮ ਸੰਨ 1717 (ਬਿਕ੍ਰਮੀ ਸਵੰਤ 1774) ਵਿੱਚ ਹੋਇਆ ਅਤੇ ਸਾਹਿਬ ਕਬੀਰ ਜੀ ਦੇ ਦਰਸ਼ਨ ਦਸ ਸਾਲ ਦੀ ਉਮਰ ਸੰਨ 1727 ਵਿੱਚ ਨਲ਼ਾ ਨਾਮਕ ਖੇਤ ਵਿੱਚ ਹੋਏ ਅਤੇ ਸਤਲੋਕ ਵਾਸ ਸੰਨ 1778 ਵਿੱਚ ਹੋਇਆ। ਸਤਿਕਾਰਯੋਗ ਗਰੀਬਦਾਸ ਸਾਹਿਬ ਜੀ ਨੂੰ ਵੀ ਪ੍ਰਮਾਤਮਾ ਕਬੀਰ ਸਾਹਿਬ ਜੀ ਸਹਿਸਰੀਰ ਜਿੰਦਾ ਰੂਪ ਵਿੱਚ ਮਿਲੇ। ਸਤਿਕਾਰਯੋਗ ਗਰੀਬਦਾਸ ਜੀ ਸਾਹਿਬ ਆਪਣੇ ਨਲ਼ਾ ਨਾਮਕ ਖੇਤਾਂ ਵਿੱਚ ਹੋਰ ਸਾਥੀ ਗਵਾਲਿਆਂ ਨਾਲ ਗਾਂਵਾਂ ਚਰਾ ਰਹੇ ਸੀ। ਜੋ ਖੇਤ ਕਬਲਾਨਾ ਪਿੰਡ ਦੀ ਸਰਹੱਦ ਦੇ ਨਾਲ਼ ਲੱਗਦਾ ਹੈ। ਗਵਾਲਿਆਂ ਨੇ ਜਿੰਦਾ ਮਹਾਤਮਾ ਦੇ ਰੂਪ ਵਿੱਚ ਪ੍ਰਗਟ ਕਬੀਰ ਪ੍ਰਮੇਸ਼ਵਰ ਜੀ ਨੂੰ ਬੇਨਤੀ ਕੀਤੀ ਕਿ ਆਪ ਭੋਜਨ ਨਹੀਂ ਖਾਂਦੇ ਤਾਂ ਦੁੱਧ ਗ੍ਰਹਿਣ ਕਰੋ ਕਿਉਂਕਿ ਪ੍ਰਮਾਤਮਾ ਨੇ ਕਿਹਾ ਸੀ ਕਿ ਮੈਂ ਆਪਣੇ ਪਿੰਡ ਸਤਲੋਕ ਤੋਂ ਖਾਣਾ ਖਾ ਕੇ ਆਇਆ ਹਾਂ। ਤਦ ਪ੍ਰਮੇਸ਼ਵਰ ਕਬੀਰ ਜੀ ਨੇ ਕਿਹਾ ਕਿ ਮੈਂ ਕੁਆਰੀ ਗਾਂ ਦਾ ਦੁੱਧ ਪੀਂਦਾ ਹਾਂ। ਬਾਲਕ ਗਰੀਬਦਾਸ ਜੀ ਨੇ ਇੱਕ ਕੁਆਰੀ ਗਾਂ ਨੂੰ ਪ੍ਰਮੇਸ਼ਵਰ ਦੇ ਕੋਲ਼ ਲਿਆ ਕੇ ਕਿਹਾ ਕਿ ਬਾਬਾ ਜੀ ਇਹ ਬਿਨਾਂ ਸੂਈ (ਕੁਆਰੀ) ਗਾਂ ਦੁੱਧ ਕਿਵੇਂ ਦੇ ਸਕਦੀ ਹੈ? ਤਦ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਕੁਆਰੀ ਗਾਂ ਅਰਥਾਤ ਵੱਛੀ ਦੀ ਕਮਰ ਉੱਤੇ ਹੱਥ ਰੱਖਿਆ, ਆਪਣੇ ਆਪ ਕੁਆਰੀ ਗਾਂ (ਅਧਨਯਾ ਧੇਨੁ) ਦੇ ਥਣਾਂ ਵਿੱਚੋਂ ਦੁੱਧ ਨਿੱਕਲਣ ਲੱਗਾ। ਪਾਤਰ ਭਰਨ'ਤੇ ਰੁੱਕ ਗਿਆ। ਉਹ ਦੁੱਧ ਪ੍ਰਮੇਸ਼ਵਰ ਕਬੀਰ ਜੀ ਨੇ ਪੀਤਾ ਤੇ ਪ੍ਰਸ਼ਾਦ ਰੂਪ ਵਿੱਚ ਕੁੱਝ ਆਪਣੇ ਬੱਚੇ ਗਰੀਬਦਾਸ ਜੀ ਨੂੰ ਪਿ-ਲਾਇਆ ਤੇ ਸਤਲੋਕ ਦੇ ਦਰਸ਼ਨ ਕਰਵਾਏ। ਸਤਲੋਕ ਵਿੱਚ ਆਪਣੇ ਦੋ ਰੂਪ ਦਿਖਾ ਕੇ ਫਿਰ ਜਿੰਦਾ ਵਾਲੇ ਰੂਪ ਵਿੱਚ ਕੁੱਲ ਮਾਲਿਕ ਰੂਪ ਵਿੱਚ ਸਿੰਘਾਸਣ ਉੱਤੇ ਵਿਰਾਜਮਾਨ ਹੋ ਗਏ ਤੇ ਕਿਹਾ ਕਿ ਮੈਂ ਹੀ 120 ਸਾਲ ਤੱਕ ਕਾਸ਼ੀ ਵਿੱਚ ਧਾਣਕ (ਜੁਲਾਹਾ) ਰੂਪ ਵਿੱਚ ਰਹਿ ਕੇ ਆਇਆ ਹਾਂ। ਮੈਂ ਪਹਿਲਾਂ ਵੀ ਹਜ਼ਰਤ ਮੁਹੰਮਦ ਜੀ ਨੂੰ ਵੀ ਮਿਲਿਆ ਸੀ। ਪਵਿੱਤਰ ਕੁਰਾਨ ਸ਼ਰੀਫ ਵਿੱਚ ਜੋ ਕਬੀਰਾ, ਕਬੀਰਨ, ਖਬੀਰਾ, ਖਬੀਰਨ, ਅੱਲਾਹੂ ਅਕਬਰ ਆਦਿ ਸ਼ਬਦ ਹਨ ਉਹ ਮੇਰਾ ਹੀ ਬੋਧ ਕਰਾਉਂਦੇ ਹਨ ਤੇ ਮੈਂ ਹੀ ਸ਼੍ਰੀ ਨਾਨਕ ਜੀ ਨੂੰ ਬੇਈ ਨਦੀ ਉੱਤੇ ਜ਼ਿੰਦਾ ਮਹਾਤਮਾ ਦੇ ਰੂਪ ਵਿੱਚ ਮਿਲਿਆ ਸੀ। (ਮੁਸਲਮਾਨਾਂ ਵਿੱਚ ਜਿੰਦਾ ਮਹਾਤਮਾ ਹੁੰਦੇ ਹਨ, ਉਹ ਕਾਲ਼ਾ ਚੋਗਾ (ਓਵਰ ਕੋਟ ਜਿਹਾ) ਗੋਡਿਆਂ ਤੋਂ ਹੇਠਾਂ

ਤੱਕ ਤੇ ਸਿਰ ਉੱਤੇ ਚੋਟੇ ਵਾਲਾ ਕਾਲਾ ਟੋਪ ਪਹਿਨਦੇ ਹਨ) ਤੇ ਮੈਂ ਹੀ ਬਲਖ ਸ਼ਹਿਰ ਵਿੱਚ ਬਾਦਸ਼ਾਹ ਸ਼੍ਰੀ ਅਬਰਾਹਿਮ ਸੁਲਤਾਨ ਅਧਮ ਜੀ ਅਤੇ ਸ਼੍ਰੀ ਦਾਦੂ ਜੀ ਨੂੰ ਮਿਲਿਆ ਸੀ ਤੇ ਚਾਰਾਂ ਪਵਿੱਤਰ ਵੇਦਾਂ ਵਿੱਚ ਜੋ ਕਵਿਰਅਗਿਨ, ਕਵਿਰਦੇਵ (ਕਵਿਰੰਘਾਰਿਹ) ਆਦਿ ਨਾਮ ਹਨ ਉਹ ਮੇਰਾ ਹੀ ਬੋਧ ਹਨ।

"ਕਬੀਰ ਬੇਦ ਹਮਾਰਾ ਭੇਦ ਹੈ, ਮੈ ਮਿਲੂੰ ਬੇਦੋਂ ਸੇ ਨਾਹੀਂ।
ਜੌਨ ਬੇਦ ਸੇ ਮੈਂ ਮਿਲੂੰ, ਵੋ ਬੇਦ ਜਾਨਤੇ ਨਾਹੀਂ॥"

ਮੈਂ ਹੀ ਵੇਦਾਂ ਤੋਂ ਪਹਿਲਾਂ ਸਤਲੋਕ ਵਿੱਚ ਵਿਰਾਜਮਾਨ ਸੀ। (ਪਿੰਡ ਛੁਡ-ਾਣੀ ਜ਼ਿਲ੍ਹਾ ਝੱਜਰ (ਹਰਿਆਣਾ) ਵਿੱਚ ਅੱਜ ਵੀ ਉਸ ਜੰਗਲ ਵਿੱਚ ਜਿੱਥੇ ਪੂਰਣ ਪ੍ਰਮਾਤਮਾ ਦਾ ਸੰਤ ਗਰੀਬਦਾਸ ਜੀ ਨੂੰ ਮਾਨਵ ਸਰੀਰ ਵਿੱਚ ਸ਼ਾਖਸ਼ਾਤਕਾਰ ਹੋਇਆ ਸੀ, ਇੱਕ ਯਾਦਗਾਰ ਮੌਜੂਦ ਹੈ।) ਸਤਿਕਾਰਯੋਗ ਗਰੀਬਦਾਸ ਜੀ ਦੀ ਆਤਮਾ ਆਪਣੇ ਪ੍ਰਮਾਤਮਾ ਕਬੀਰ ਬੰਦੀਛੋੜ ਦੇ ਨਾਲ ਚਲੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਮਰਿਆ ਸਮਝ ਕੇ ਚਿਤਾ ਉੱਤੇ ਰੱਖ ਕੇ ਜਲਾਉਣ ਦੀ ਤਿਆਰੀ ਕਰਨ ਲੱਗੇ, ਉਸੇ ਸਮੇਂ ਸਤਿਕਾਰਯੋਗ ਗਰੀਬਦਾਸ ਸਾਹਿਬ ਜੀ ਦੀ ਆਤਮਾ ਨੂੰ ਪੂਰਣ ਪ੍ਰਮੇਸ਼ਵਰ ਨੇ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ। ਦਸ ਸਾਲ ਦੇ ਬੱਚੇ ਗਰੀਬਦਾਸ ਜੀ ਜੀਵਿਤ ਹੋ ਗਏ। ਉਸ ਤੋਂ ਬਾਅਦ ਪੂਰਣ ਪ੍ਰਮਾਤਮਾ ਦਾ ਅੱਖੀਂ ਦੇਖਿਆ ਵਰਨਣ ਆਪਣੀ ਅੰਮ੍ਰਿਤਬਾਣੀ ਵਿੱਚ "ਅਮਰ ਗ੍ਰੰਥ ਸਾਹਿਬ" ਨਾਮ ਤੋਂ ਗ੍ਰੰਥ ਦੀ ਰਚਨਾ ਕੀਤੀ। ਉਸੇ ਅੰਮ੍ਰਿਤਬਾਣੀ ਵਿੱਚ ਪ੍ਰਮਾਣ:

ਅਜਬ ਨਗਰ ਮੇਂ ਲੇ ਗਯਾ, ਹਮਕੂੰ ਸਤਗੁਰੂ ਆਨ।
ਝਿਲਕੇ ਬਿੰਬ ਅਗਾਧ ਗਤੀ, ਸੂਤੇ ਚਾਦਰ ਤਾਨ॥
ਅਨੰਤ ਕੋਟਿ ਬ੍ਰਹਿਮੰਡ ਕਾ, ਏਕ ਰਤਿ ਨਹੀਂ ਭਾਰ।
ਸਤਗੁਰੂ ਪੁਰਸ਼ ਕਬੀਰ ਹੈਂ, ਕੁਲ ਕੇ ਸਿਰਜਨਹਾਰ॥
ਗੈਬੀ ਖਿਆਲ ਵਿਸ਼ਾਲ ਸਤਿਗੁਰੂ, ਅਚਲ ਦਿਗੰਬਰ ਥੀਰ ਹੈਂ।
ਭਗਤੀ ਹੇਤ ਕਾਇਆ ਧਰ ਆਯੇ, ਅਵਿਗਤ ਸਤ ਕਬੀਰ ਹੈਂ॥
ਹਰਦਮ ਖੋਜ ਹਨੋਜ ਹਾਜ਼ਰ, ਤ੍ਰਿਵੈਣੀ ਕੇ ਤੀਰ ਹੈਂ।
ਦਾਸ ਗਰੀਬ ਤਬੀਬ ਸਤਿਗੁਰੂ, ਬੰਦੀ ਛੋੜ ਕਬੀਰ ਹੈਂ॥
ਹਮ ਸੁਲਤਾਨੀ ਨਾਨਕ ਤਾਰੇ, ਦਾਦੂ ਕੂੰ ਉਪਦੇਸ਼ ਦੀਯਾ।
ਜਾਤ ਜੁਲਾਹਾ ਭੇਦ ਨਹੀਂ ਪਾਯਾ, ਕਾਸ਼ੀ ਮਾਹੇ ਕਬੀਰ ਹੂਆ।
ਸਬ ਪਦਵੀ ਕੇ ਮੂਲ ਹੈਂ, ਸਕਲ ਸਿੱਧੀ ਹੈਂ ਤੀਰ।
ਦਾਸ ਗਰੀਬ ਸਤਪੁਰਸ਼ ਭਜੋ, ਅਵਿਗਤ ਕਲਾ ਕਬੀਰ॥
ਜਿੰਦਾ ਜੋਗੀ ਜਗਤ ਗੁਰੂ, ਮਾਲਿਕ ਮੁਰਸ਼ਦ ਪੀਰ।
ਦਹੂੰ ਦੀਨ ਝਗੜਾ ਮੰਡ੍ਯਾ, ਪਾਯਾ ਨਹੀਂ ਸਰੀਰ॥
ਗਰੀਬ ਜਿਸ ਕੂੰ ਕਹਤੇ ਕਬੀਰ ਜੁਲਾਹਾ। ਸਬ ਗਤਿ ਪੂਰਣ ਅਗਮ ਅਗਾਹਾ॥

ਉਪਰੋਕਤ ਬਾਣੀ ਵਿੱਚ ਸਤਿਕਾਰਯੋਗ ਗਰੀਬਦਾਸ ਜੀ ਮਹਾਰਾਜ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਕਾਸ਼ੀ ਵਾਲੇ ਧਾਣਕ (ਜੁਲਾਹਾ) ਨੇ ਮੈਨੂੰ ਵੀ ਨਾਮ ਦੇ ਕੇ ਪਾਰ ਕੀਤਾ, ਇਹੀ ਕਾਸ਼ੀ ਵਾਲਾ ਧਾਣਕ ਹੀ (ਸਤਪੁਰਸ਼) ਪੂਰਣ ਬ੍ਰਹਮ ਹੈ।

ਪ੍ਰਮੇਸ਼ਵਰ ਕਬੀਰ ਹੀ ਸਤਲੋਕ ਵਿੱਚ ਜਿੰਦਾ ਮਹਾਤਮਾ ਰੂਪ ਵਿੱਚ ਆ ਕੇ ਮੈਨੂੰ ਅਜਬ ਨਗਰ (ਅਦਭੁੱਤ ਨਗਰ ਸਤਲੋਕ) ਵਿੱਚ ਲੈ ਕੇ ਗਏ। ਜਿੱਥੇ ਆਨੰਦ ਹੀ

ਆਨੰਦ ਹੈ, ਕੋਈ ਚਿੰਤਾ ਨਹੀਂ, ਜਨਮ-ਮੌਤ, ਹੋਰ ਪ੍ਰਾਣੀਆਂ ਦੇ ਸਰੀਰ ਵਿੱਚ ਕਸ਼ਟ ਆਦਿ ਦਾ ਸੋਗ ਨਹੀਂ ਹੈ।

ਇਸੇ ਕਾਸ਼ੀ ਵਿੱਚ ਧਾਣਕ ਰੂਪ ਵਿੱਚ ਆਏ ਸਤਪੁਰਸ਼ ਨੇ ਭਿੰਨ-ਭਿੰਨ ਸਮੇਂ ਵਿੱਚ ਪ੍ਰਗਟ ਹੋ ਕੇ ਸਤਿਕਾਰਯੋਗ ਸ਼੍ਰੀ ਅਬ੍ਰਾਹਿਮ ਸੁਲਤਾਨ ਅਧਮ ਸਾਹਿਬ ਜੀ ਅਤੇ ਸਤਿਕਾਰਯੋਗ ਦਾਦੂ ਸਾਹਿਬ ਜੀ ਤੇ ਸਤਿਕਾਰਯੋਗ ਨਾਨਕ ਸਾਹਿਬ ਜੀ ਨੂੰ ਵੀ ਸਤਿਨ-ਾਮ ਦੇ ਕੇ ਪਾਰ ਕੀਤਾ। ਉਹੀ ਕਵਿਰਦੇਵ ਜਿਸਦੇ ਇੱਕ ਰੋਮ ਕੂਪ ਵਿੱਚ ਕਰੋੜਾਂ ਸੂਰਜਾਂ ਜਿੰਨਾ ਪ੍ਰਕਾਸ਼ ਹੈ ਅਤੇ ਮਾਨਵ ਸਦ੍ਰਿਸ਼ ਹੈ, ਅਤਿ ਤੇਜੋਮਈ ਆਪਣੇ ਵਾਸਤਿਵਕ ਸਰੀਰ ਦੇ ਉੱਪਰ ਹਲਕੇ ਤੇਜਪੁੰਜ ਦਾ ਚੋਲਾ (ਭੱਦਰਾ ਵਸਤਰਾ ਅਰਥਾਤ ਤੇਜਪੁੰਜ ਦਾ ਸਰੀਰ) ਪਾ ਕੇ ਸਾਨੂੰ ਮ੍ਰਿਤਲੋਕ (ਮਾਨੁਸ਼ ਲੋਕ) ਵਿੱਚ ਮਿਲਦਾ ਹੈ। ਕਿਉਂਕਿ ਉਸ ਪ੍ਰਮੇਸ਼ਵਰ ਦੇ ਵਾਸਤਿਵਕ ਸਵਰੂਪ ਦੇ ਪ੍ਰਕਾਸ਼ ਨੂੰ ਚਰਮ ਦ੍ਰਿਸ਼ਟੀ ਸਹਿਣ ਨਹੀਂ ਕਰ ਸਕਦੀ।

ਸਤਿਕਾਰਯੋਗ ਗਰੀਬਦਾਸ ਸਾਹਿਬ ਜੀ ਨੇ ਆਪਣੀ ਅੰਮ੍ਰਿਤਬਾਣੀ ਵਿੱਚ ਕਿਹਾ ਹੈ ਕਿ "ਸਰਵ ਕਲਾ ਸਤਿਗੁਰੂ ਸਾਹਿਬ ਕੀ, ਹਰੀ ਆਏ ਹਰਿਯਾਣੇ ਨੂੰ।" ਭਾ-ਵਅਰਥ ਹੈ ਕਿ ਪੂਰਣ ਪ੍ਰਮਾਤਮਾ ਕਵਿਰ ਹਰੀ (ਕਵਿਰਦੇਵ) ਜਿਸ ਖੇਤਰ ਵਿੱਚ ਆਏ ਉਸਦਾ ਨਾਮ ਹਰਿਆਣਾ ਅਰਥਾਤ ਪ੍ਰਮਾਤਮਾ ਦੇ ਆਉਣ ਵਾਲਾ ਪਵਿੱਤਰ ਸਥੱਲ, ਜਿਸਦੇ ਕਾਰਣ ਆਸ-ਪਾਸ ਦੇ ਇਲਾਕੇ ਨੂੰ ਹਰਿਆਨਾ (ਹਰਿਆਣਾ) ਕਹਿਣ ਲੱਗੇ। ਸੰਨ 1966 ਨੂੰ ਪੰਜਾਬ ਪ੍ਰਾਂਤ ਦੇ ਵਿਭਾਜਨ ਹੋਣ ਉੱਤੇ ਇਸ ਖੇਤਰ ਦਾ ਨਾਮ ਹਰਿਆਣਾ (ਹਰਿਯਾਣਾ) ਪਿਆ। ਲਗਭਗ 236 ਸਾਲ ਪਹਿਲਾਂ ਕਹੀ ਬਾਣੀ 1966 ਵਿੱਚ ਸਿੱਧ ਹੋਈ ਕਿ ਸਮਾਂ ਆਉਣ ਉੱਤੇ ਇਹ ਖੇਤਰ ਹਰਿਆਣਾ ਪ੍ਰਾਂਤ ਨਾਮ ਤੋਂ ਪ੍ਰਸਿੱਧ ਹੋਵੇਗਾ। ਜੋ ਅੱਜ ਪ੍ਰਤੱਖ ਪ੍ਰਮਾਣ ਹੈ।

ਇਸ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ਨੰਬਰ 721 ਵਿੱਚ ਆਪਣੀ ਅੰਮ੍ਰਿਤਬਾਣੀ ਮਹਲਾ 1 ਵਿੱਚ ਸ਼੍ਰੀ ਗੁਰੂ ਨਾਨਕ ਜੀ ਨੇ ਕਿਹਾ ਹੈ ਕਿ :

"ਹਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ
ਨਾਨਕ ਬੁਗੋਯਦ ਜਨੁ ਤੁਰਾ, ਤੇਰੇ ਚਾਕਰਾਂ ਪਾ ਖਾਕ"

ਇਸੇ ਦਾ ਪ੍ਰਮਾਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਸਿਰੀ ਮਹਲਾ 1 ਪੰਨਾ ਨੰਬਰ 24 ਉੱਤੇ ਸ਼ਬਦ ਨੰਬਰ 29

ਸ਼ਬਦ:- ਏਕੁ ਸੁਆਨੁ ਦੁਇ ਸੁਆਨੀ ਨਾਲਿ, ਭਲਕੇ ਭਉਕਹਿ ਸਦਾ ਬਇਆਲਿ।
ਕੂੜੁ ਛੁਰਾ ਮੁਠਾ ਮੁਰਦਾਰੁ, ਧਾਣਕ ਰੂਪਿ ਰਹਾ ਕਰਤਾਰ॥1॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ। ਹਉ ਬਿਗੜੈ ਰੂਪਿ ਰਹਾ ਬਿਕਰਾਲ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ, ਮੈਂ ਏਹਾ ਆਸ ਏਹੋ ਆਧਾਰੁ।
ਮੁਖਿ ਨਿੰਦਾ ਆਖਾ ਦਿਨੁ ਰਾਤਿ, ਪਰ ਘਰੁ ਜੋਹੀ ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ, ਧਾਣਕ ਰੂਪਿ ਰਹਾ ਕਰਤਾਰ॥2॥
ਫਾਹੀ ਸੁਰਤਿ ਮਲੂਕੀ ਵੇਸੁ, ਹਉ ਠਗਵਾੜਾ ਠਗੀ ਦੇਸੁ॥
ਖਰਾ ਸਿਆਣਾ ਬਹੁਤਾ ਭਾਰੁ, ਧਾਣਕ ਰੂਪਿ ਰਹਾ ਕਰਤਾਰ॥3॥
ਮੈਂ ਕੀਤਾ ਨ ਜਾਤਾ ਹਰਾਮਖੋਰੁ, ਹਉ ਕਿਆ ਮੁਹੁ ਦੇਸਾ ਦੁਸਟੁ ਚੋਰ।
ਨਾਨਕ ਨੀਚੁ ਕਹੇ ਬਿਚਾਰੁ, ਧਾਣਕ ਰੂਪਿ ਰਹਾ ਕਰਤਾਰ ॥4॥

ਸ਼੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾਵਰੀ, ਮਹਲਾ 1 ਦਾ ਕੁਝ ਅੰਸ਼-

ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ।
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕ ਬਪੁੜਾ ਏਵ ਕਹੈ॥ (ਪੰਨਾ ਨੰਬਰ: 350)
ਜੋ ਤਿਨ ਕੀਆ ਸੋ ਸਚੁ ਥੀਆ, ਅੰਮ੍ਰਿਤ ਨਾਮੁ ਸਤਿਗੁਰਿ ਦੀਆ॥ (ਪੰਨਾ ਨੰਬਰ:352)
ਗੁਰੂ ਪੂਰੇ ਤੇ ਗਤਿ ਮਿਤ ਪਾਈ। (ਪੰਨਾ ਨੰਬਰ: 353)
ਬੂਡਤ ਜਗੁ ਦੇਖਿਆ ਤਉ ਡਰਿ ਭਾਗੇ।
ਸਤਿਗੁਰੂ ਰਾਖੇ ਸੇ ਵਡ ਭਾਗੇ, ਨਾਨਕ ਗੁਰ ਕੀ ਚਰਨੋ ਲਾਗੇ॥ (ਪੰਨਾ ਨੰਬਰ: 414)
ਮੈ ਗੁਰੂ ਪੂਛਿਆ ਆਪਣਾ ਸਾਚਾ ਬਿਚਾਰੀ ਰਾਮ। (ਪੰਨਾ ਨੰਬਰ: 439)

**ਉਪਰੋਕਤ ਅੰਮ੍ਰਿਤਬਾਣੀ ਵਿੱਚ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਆਪ ਸਵੀਕਾਰ ਕਰ ਰਹੇ ਹਨ ਕਿ ਸਾਹਿਬ (ਪ੍ਰਭੂ) ਇੱਕ ਹੀ ਹੈ ਅਤੇ ਉਨ੍ਹਾਂ ਦਾ (ਸ਼੍ਰੀ ਨਾਨਕ ਜੀ ਦਾ) ਕੋਈ ਮਨੁੱਖ ਰੂਪ ਵਿੱਚ ਉਸ ਸਮੇਂ ਗੁਰੂ ਵੀ ਸੀ ਜਿਸਦੇ ਵਿਸ਼ੇ ਵਿੱਚ ਕਿਹਾ ਹੈ ਕਿ ਉਹਨਾਂ ਨੂੰ ਪੂਰੇ ਗੁਰੂ ਤੋਂ ਤੱਤਵਗਿਆਨ ਪ੍ਰਾਪਤ ਹੋਇਆ ਅਤੇ ਮੇਰੇ ਗੁਰੂ ਜੀ ਨੇ ਮੈਨੂੰ (ਅੰਮ੍ਰਿਤ ਨਾਮ) ਅਮਰ ਮੰਤਰ ਅਰਥਾਤ ਪੂਰਣ ਮੋਕਸ਼ ਕਰਨ ਵਾਲਾ ਉਪਦੇਸ਼ ਨਾਮ ਮੰਤਰ ਦਿੱਤਾ, ਉਹੀ ਮੇਰਾ ਗੁਰੂ ਭਿੰਨ ਰੂਪ ਧਾਰਣ ਕਰ ਲੈਂਦਾ ਹੈ ਅਰਥਾਤ ਉਹੀ ਸਤਪੁਰਸ਼ ਹੈ ਉਹੀ ਜਿੰਦਾ ਰੂਪ ਬਣਾ ਲੈਂਦਾ ਹੈ। ਉਹੀ ਧਾਣਕ ਰੂਪ ਵਿੱਚ ਵੀ ਕਾਸ਼ੀ ਨਗਰ ਵਿੱਚ ਵਿਰਾਜਮਾਨ ਹੋ ਕੇ ਆਮ ਵਿਅਕਤੀ ਅਰਥਾਤ ਭਗਤ ਦੀ ਭੂਮਿਕਾ ਕਰਦਾ ਹੈ। ਸ਼ਾਸ਼ਤਰ ਵਿਰੁੱਧ ਪੂਜਾ ਕਰਕੇ ਸਾਰੇ ਜਗਤ ਨੂੰ ਜਨਮ-ਮੌਤ ਤੇ ਕਰਮਫ਼ਲ ਦੀ ਅੱਗ ਵਿੱਚ ਜਲਦੇ ਦੇਖ ਕੇ ਜੀਵਨ ਵਿਅਰਥ ਹੋਣ ਦੇ ਡਰ ਤੋਂ ਭੱਜਕੇ ਮੈਂ ਗੁਰੂ ਜੀ ਦੇ ਚਰਣਾਂ ਵਿੱਚ ਸ਼ਰਣ ਲਈ।**

ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦਵਾਰ॥
ਜਿਨ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਆਪੀਨੈ ਆਪੁ ਸਾਜਿਓ ਆਪੀਨੈ ਰਚਿਉ ਨਾਉ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ਕਰਿ ਆਸਣੁ ਡਿਠੋ ਚਾਉ।
(ਪੰਨਾ ਨੰਬਰ: 463)

**ਭਾਵਅਰਥ ਹੈ ਕਿ ਪੂਰਣ ਪ੍ਰਮਾਤਮਾ ਜ਼ਿੰਦਾ ਦਾ ਰੂਪ ਬਣਾ ਕੇ ਬੇਈਂ ਨਦੀ ਉੱਤੇ ਆਏ ਅਰਥਾਤ ਜ਼ਿੰਦਾ ਕਹਾਏ ਤੇ ਆਪ ਹੀ ਦੋ ਦੁਨੀਆਂ ਉੱਪਰ (ਸਤਲੋਕ ਆਦਿ) ਅਤੇ ਨੀਚੇ (ਬ੍ਰਹਮ ਤੇ ਪਰਬ੍ਰਹਮ ਦੇ ਲੋਕ) ਨੂੰ ਰਚਕੇ ਉੱਪਰ ਸਤਲੋਕ ਵਿੱਚ ਆਕੇ ਆਸਣ ਉੱਤੇ ਬੈਠ ਕੇ ਚਾਅ ਨਾਲ ਆਪਣੇ ਦੁਆਰਾ ਰਚੀ ਦੁਨੀਆਂ ਨੂੰ ਦੇਖ ਰਹੇ ਹੋ ਅਤੇ ਆਪ ਹੀ 'ਸਵੈਂਭੂ' ਅਰਥਾਤ ਮਾਤਾ ਦੇ ਗਰਭ ਤੋਂ ਜਨਮ ਨਹੀਂ ਲੈਂਦੇ, ਖੁਦ ਪ੍ਰਗਟ ਹੁੰਦੇ ਹੋ। ਇਹੀ ਪ੍ਰਮਾਣ ਯਜੁਰਵੇਦ ਅਧਿਆਏ:40 ਮੰਡਲ ਨੰ.8 ਵਿੱਚ ਹੈ ਕਿ "ਕਬੀਰ ਮਨੀਸ਼ੀ ਸਵੈਂਭੂੰਹ ਪਰਿਭੂ, ਵਯਵਿਧਾਤਾ, ਭਾਵਅਰਥ ਹੈ ਕਿ ਕਬੀਰ ਪ੍ਰਮਾਤਮਾ ਸਰਵੱਗ ਹੈ (ਮਨੀਸ਼ੀ ਦਾ ਅਰਥ ਸਰਵੱਗ ਹੁੰਦਾ ਹੈ) ਅਤੇ ਆਪਣੇ ਆਪ ਪ੍ਰਗਟ ਹੁੰਦਾ ਹੈ। ਉਹ (ਪਰਿਭੂ) ਸਨਾਤਨ ਅਰ-ਥਾਤ ਸਭ ਤੋਂ ਪਹਿਲਾਂ ਵਾਲਾ ਪ੍ਰਭੂ ਹੈ। ਉਹ ਸਭ ਬ੍ਰਹਿਮੰਡਾਂ ਦਾ (ਵਯਵਿਧਾਤਾ ਹੈ) ਭਿੰਨ-ਭਿੰਨ ਸਰਵ ਲੋਕਾਂ ਦਾ ਰਚਨਹਾਰ ਹੈ।**

ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾਂ ਸਤਿਗੁਰਿ ਸ਼ਬਦ ਸੁਣਾਇਆ॥

(ਪੰਨਾ ਨੰਬਰ:465)

ਭਾਵਅਰਥ ਹੈ ਕਿ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਕਹਿ ਰਹੇ ਹਨ ਕਿ ਮੇਰਾ ਇਹ ਜੀਵ ਬਹੁਤ ਸਮੇਂ ਤੋਂ ਜਨਮ-ਮੌਤ ਦੇ ਚੱਕਰ ਵਿੱਚ ਭਰਮਦਾ ਰਿਹਾ ਹੈ ਹੁਣ ਪੂਰਣ ਸਤਿਗੁਰੂ ਨੇ ਵਾਸਤਿਵਕ ਨਾਮ ਪ੍ਰਦਾਨ ਕੀਤਾ।

ਸ਼੍ਰੀ ਗੁਰੂ ਨਾਨਕ ਜੀ ਦੇ ਪੂਰਵ-ਜਨਮ:- ਸਤਯੁੱਗ ਵਿੱਚ ਰਾਜਾ ਅੰਬਰੀਸ਼, ਤ੍ਰੇਤਾ ਯੁੱਗ ਵਿੱਚ ਰਾਜਾ ਜਨਕ ਹੋਏ ਸੀ ਤੇ ਫਿਰ ਨਾਨਕ ਜੀ ਹੋਏ ਤੇ ਹੋਰ ਯੋਨੀਆਂ ਦੇ ਜਨਮਾਂ ਦੀ ਤਾਂ ਗਿਣਤੀ ਹੀ ਨਹੀਂ ਹੈ।

## "ਪੁਰੀ ਵਿੱਚ ਜਗਨਨਾਥ ਜੀ ਦਾ ਮੰਦਿਰ ਅਰਥਾਤ ਧਾਮ ਕਿਵੇਂ ਬਣਿਆ"

ਉੜੀਸਾ ਪ੍ਰਾਂਤ ਵਿਚ ਇੱਕ ਇੰਦਰਦਮਨ ਨਾਮ ਦਾ ਰਾਜਾ ਸੀ। ਉਹ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਅਨੰਨਯ ਭਗਤ ਸੀ। ਇੱਕ ਰਾਤ ਨੂੰ ਸ਼੍ਰੀ ਕ੍ਰਿਸ਼ਨ ਜੀ ਨੇ ਰਾਜਾ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਅਤੇ ਕਿਹਾ ਕਿ ਜਗਨਨਾਥ ਨਾਮ ਦਾ ਮੇਰਾ ਇੱਕ ਮੰਦਿਰ ਬਣਵਾ ਦੇ। ਸ਼੍ਰੀ ਕ੍ਰਿਸ਼ਨ ਜੀ ਨੇ ਇਹ ਵੀ ਕਿਹਾ ਸੀ ਕਿ ਮੰਦਿਰ ਵਿੱਚ ਮੂਰਤੀ ਪੂਜਾ ਨਹੀਂ ਕਰਨੀ ਹੈ। ਸਿਰਫ ਇੱਕ ਸੰਤ ਛੱਡਣਾ ਹੈ ਜੋ ਦਰਸ਼ਕਾਂ ਨੂੰ ਪਵਿੱਤਰ ਗੀਤਾ ਅਨੁਸਾਰ ਗਿਆਨ ਪ੍ਰਚਾਰ ਕਰੇ। ਸਮੁੰਦਰ ਤੱਟ ਉੱਤੇ ਉਹ ਸਥਾਨ ਵੀ ਦਿਖਾਇਆ ਜਿੱਥੇ ਮੰਦਿਰ ਬਣਾਉਣਾ ਸੀ। ਸਵੇਰੇ ਉੱਠ ਕੇ ਰਾਜਾ ਇੰਦਰਦਮਨ ਨੇ ਆਪਣੀ ਪਤਨੀ ਨੂੰ ਦੱਸਿਆ ਕਿ ਅੱਜ ਰਾਤ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਿਖਾਈ ਦਿੱਤੇ। ਮੰਦਿਰ ਬਣਾਉਣ ਦੇ ਲਈ ਕਿਹਾ ਹੈ। ਰਾਣੀ ਨੇ ਕਿਹਾ ਕਿ ਸ਼ੁੱਭ ਕਾਰਜ ਵਿੱਚ ਦੇਰੀ ਕਿਉਂ? ਸਭ ਸੰਪੱਤੀ ਉਨ੍ਹਾਂ ਦੀ ਹੀ ਦਿੱਤੀ ਹੋਈ ਹੈ। ਉਨ੍ਹਾਂ ਨੂੰ ਹੀ ਸਮਰਪਿਤ ਕਰਨ ਵਿੱਚ ਕੀ ਸੋਚਣਾ ਹੈ? ਰਾਜਾ ਨੇ ਉਸ ਸਥਾਨ ਉੱਤੇ ਮੰਦਿਰ ਬਣਾ ਦਿੱਤਾ ਜੋ ਸ਼੍ਰੀ ਕ੍ਰਿਸ਼ਨ ਜੀ ਨੇ ਸੁਪਨੇ ਵਿੱਚ ਸਮੁੰਦਰ ਦੇ ਕਿਨਾਰੇ ਉੱਤੇ ਦਿਖਾਇਆ ਸੀ। ਮੰਦਿਰ ਬਣਨ ਦੇ ਬਾਅਦ ਸਮੁੰਦਰੀ ਤੂਫਾਨ ਉਠਿਆ, ਮੰਦਿਰ ਨੂੰ ਤੋੜ ਦਿੱਤਾ । ਨਿਸ਼ਾਨ ਵੀ ਨਹੀਂ ਬਚਿਆ ਕਿ ਉੱਥੇ ਮੰਦਿਰ ਸੀ। ਇਸ ਤਰ੍ਹਾਂ ਰਾਜੇ ਨੇ ਪੰਜ ਵਾਰ ਮੰਦਿਰ ਬਣਾਇਆ। ਪੰਜੇ ਵਾਰ ਸਮੁੰਦਰ ਨੇ ਤੋੜ ਦਿੱਤਾ।

ਰਾਜੇ ਨੇ ਨਿਰਾਸ਼ ਹੋ ਕੇ ਮੰਦਿਰ ਨਾ ਬਣਾਉਣ ਦਾ ਨਿਰਣਾ ਲੈ ਲਿਆ। ਇਹ ਸੋਚਿਆ ਕਿ ਪਤਾ ਨਹੀਂ ਸਮੁੰਦਰ ਮੇਰੇ ਤੋਂ ਕਿਹੜੇ ਜਨਮ ਦਾ ਬਦਲਾ ਲੈ ਰਿਹਾ ਹੈ। ਖਜ਼ਾਨਾ ਖਾਲੀ ਹੋ ਗਿਆ, ਮੰਦਿਰ ਨਹੀਂ ਬਣਿਆ। ਕੁੱਝ ਸਮੇਂ ਉਪਰੰਤ ਪੂਰਣ ਪ੍ਰਮੇਸ਼ਵਰ (ਕਵਿਰਦੇਵ) ਜੋਤੀ ਨਿਰੰਜਨ (ਕਾਲ) ਨੂੰ ਦਿੱਤੇ ਵਚਨ ਅਨੁਸਾਰ ਰਾਜਾ ਇੰਦਰਦਮਨ ਦੇ ਕੋ਼ਲ ਆਏ ਅਤੇ ਰਾਜੇ ਨੂੰ ਕਿਹਾ ਕਿ ਤੁਸੀਂ ਮੰਦਿਰ ਬਣਵਾਉ। ਹੁਣ ਇਹ ਸਮੁੰਦਰ ਮੰਦਿਰ (ਮਹਿਲ) ਨਹੀਂ ਤੋੜੇਗਾ। ਰਾਜਾ ਨੇ ਕਿਹਾ ਕਿ ਸੰਤ ਜੀ ਮੈਨੂੰ ਵਿਸ਼ਵਾਸ਼ ਨਹੀਂ ਹੈ। ਮੈਂ ਭਗਵਾਨ ਸ਼੍ਰੀ ਕ੍ਰਿਸ਼ਨ (ਵਿਸ਼ਨੂੰ) ਜੀ ਦੇ ਆਦੇਸ਼ ਨਾਲ ਮੰਦਿਰ ਬਣਾ ਰਿਹਾ ਹਾਂ। ਸ਼੍ਰੀ ਕ੍ਰਿਸ਼ਨ ਜੀ ਸਮੁੰਦਰ ਨੂੰ ਨਹੀਂ ਰੋਕ ਪਾ ਰਹੇ। ਪੰਜ ਵਾਰ ਮੰਦਿਰ ਬਣਾ ਚੁੱਕਾ ਹਾਂ, ਇਹ ਸੋਚ ਕੇ ਕਿ ਕਿਤੇ ਭਗਵਾਨ ਮੇਰੀ ਪ੍ਰੀਖਿਆ ਲੈ ਰਹੇ ਹੋਣ। ਪਰ ਹੁਣ ਤਾਂ ਮੈਂ ਪ੍ਰੀਖਿਆ ਦੇਣਯੋਗ ਵੀ ਨਹੀਂ ਰਿਹਾ ਹਾਂ ਕਿਉਂਕਿ ਖਜ਼ਾਨਾ ਵੀ ਖਾਲੀ ਹੋ ਗਿਆ ਹੈ। ਹੁਣ ਮੰਦਿਰ ਬਣਾਉਣਾ ਮੇਰੇ ਵੱਸ ਦੀ ਗੱਲ ਨਹੀਂ ਰਹੀ। ਪ੍ਰਮੇਸ਼ਵਰ ਨੇ ਕਿਹਾ ਇੰਦਰਦਮਨ ਜਿਸ ਪ੍ਰਮੇਸ਼ਵਰ ਨੇ ਸਭ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ,

ਉਹੀ ਸਭ ਕਾਰਜ ਕਰਨ ਵਿੱਚ ਸਮਰੱਥ ਹੈ, ਹੋਰ ਪ੍ਰਭੂ ਨਹੀਂ। ਮੈਂ ਉਸ ਪ੍ਰਮੇਸ਼ਵਰ ਦੀ ਵਚਨ ਸ਼ਕਤੀ ਪ੍ਰਾਪਤ ਹਾਂ। ਮੈਂ ਸਮੁੰਦਰ ਨੂੰ ਰੋਕ ਸਕਦਾ ਹਾਂ (ਆਪਣੇ ਆਪ ਨੂੰ ਛੁਪਾਉਂਦੇ ਹੋਏ ਸੱਚ ਕਹਿ ਰਹੇ ਸਨ)। ਰਾਜਾ ਨੇ ਕਿਹਾ ਕਿ ਸੰਤ ਜੀ ਮੈਂ ਨਹੀਂ ਮੰਨ ਸਕਦਾ ਕਿ ਸ਼੍ਰੀ ਕ੍ਰਿਸ਼ਨ ਜੀ ਤੋਂ ਕੋਈ ਪ੍ਰਬਲ ਸ਼ਕਤੀ ਯੁਕਤ ਪ੍ਰਭੂ ਹੈ। ਜਦ ਉਹ ਵੀ ਸਮੁੰਦਰ ਨੂੰ ਨਹੀਂ ਰੋਕ ਸਕੇ ਤਾਂ ਤੁਸੀਂ ਕਿਸ ਖੇਤ ਦੀ ਮੂਲੀ ਹੋ। ਮੈਨੂੰ ਵਿਸ਼ਵਾਸ ਨਹੀਂ ਹੁੰਦਾ ਤੇ ਨਾ ਹੀ ਮੇਰੀ ਵਿੱਤੀ ਸਥਿਤੀ ਮੰਦਿਰ (ਮਹਿਲ) ਬਣਵਾਉਣ ਦੀ ਹੈ। ਸੰਤ ਰੂਪ ਵਿੱਚ ਆਏ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਕਿਹਾ ਰਾਜਨ ਜੇ ਮੰਦਿਰ ਬਣਾਉਣ ਦਾ ਮਨ ਹੋਵੇ ਤਾਂ ਮੇਰੇ ਕੋਲ਼ ਆ ਜਾਣਾ ਮੈਂ ਫਲਾਣੇ  ਸਥਾਨ ਉੱਤੇ ਰਹਿੰਦਾ ਹਾਂ। ਹੁਣ ਸਮੁੰਦਰ ਮੰਦਿਰ ਨੂੰ ਨਹੀਂ ਤੋੜੇਗਾ। ਇਹ ਕਹਿ ਕੇ ਪ੍ਰਭੂ ਚਲੇ ਆਏ। ਉਸ ਰਾਤ ਨੂੰ ਪ੍ਰਭੂ ਸ਼੍ਰੀ ਕ੍ਰਿਸ਼ਨ ਜੀ ਨੇ ਫਿਰ ਰਾਜਾ ਇੰਦਰਦਮਨ ਨੂੰ ਦਰਸ਼ਨ ਦਿੱਤੇ ਅਤੇ ਕਿਹਾ ਇੰਦਰਦਮਨ ਇੱਕ ਵਾਰ ਫਿਰ ਮੰਦਿਰ ਬਣਵਾ ਦੇ। ਜੋ ਤੇਰੇ ਕੋਲ਼ ਸੰਤ ਆਇਆ ਸੀ ਉਸ ਨਾਲ ਸੰਪਰਕ ਕਰਕੇ ਸਹਾਇਤਾ ਦੀ ਯਾਚਨਾ ਕਰ ਲੈ। ਉਹ ਐਸਾ ਵੈਸਾ ਸੰਤ ਨਹੀਂ ਹੈ। ਉਸਦੀ ਭਗਤੀ ਸ਼ਕਤੀ ਦਾ ਕੋਈ ਵਾਰ-ਪਾਰ ਨਹੀਂ ਹੈ।

ਰਾਜਾ ਇੰਦਰਦਮਨ ਨੀਂਦ ਤੋਂ ਜਾਗਿਆ, ਸੁਪਨੇ ਦਾ ਪੂਰਾ ਵਿਰਤਾਂਤ ਆਪਣੀ ਰਾਣੀ ਨੂੰ ਦੱਸਿਆ। ਰਾਣੀ ਨੇ ਕਿਹਾ ਪ੍ਰਭੂ ਕਹਿ ਰਹੇ ਹਨ ਤਾਂ ਤੁਸੀਂ ਨਾ ਖੁੰਝੋ। ਪ੍ਰਭੂ ਦਾ ਮਹਿਲ ਫੇਰ ਬਣਵਾ ਦਿਓ। ਰਾਣੀ ਦੀ ਸਦਭਾਵਨਾ ਯੁਕਤ ਬਾਣੀ ਸੁਣ ਕੇ ਰਾਜੇ ਨੇ ਕਿਹਾ ਕਿ ਹੁਣ ਤਾਂ ਖਜ਼ਾਨਾ ਵੀ ਖਾਲੀ ਹੋ ਚੁੱਕਾ ਹੈ। ਜੇ ਮੰਦਿਰ ਨਹੀਂ ਬਣਵਾਂਗਾ ਤਾਂ ਪ੍ਰਭੂ ਨਰਾਜ਼ ਹੋ ਜਾਣਗੇ। ਮੈਂ ਤਾਂ ਧਰਮ ਸੰਕਟ ਵਿੱਚ ਫਸ ਗਿਆ ਹਾਂ। ਰਾਣੀ ਨੇ ਕਿਹਾ ਮੇਰੇ ਕੋਲ਼ ਗਹਿਣੇ ਪਏ ਹਨ। ਉਨ੍ਹਾਂ ਨਾਲ ਆਸਾਨੀ ਨਾਲ ਮੰਦਿਰ ਬਣ ਜਾਵੇਗਾ। ਤੁਸੀਂ ਇਹ ਗਹਿਣੇ ਲਉ ਅਤੇ ਪ੍ਰਭੂ ਦੇ ਆਦੇਸ਼ ਦਾ ਪਾਲਣ ਕਰੋ, ਇਹ ਕਹਿੰਦੇ ਹੋਏ ਰਾਣੀ ਨੇ ਸਾਰੇ ਗਹਿਣੇ ਜੋ ਘਰ ਰੱਖੇ ਸੀ ਅਤੇ ਜੋ ਪਹਿਨੇ ਹੋਏ ਸੀ ਕੱਢ ਕੇ ਪ੍ਰਭੂ ਦੇ ਨਿਮਤ ਆਪਣੇ ਪਤੀ ਦੇ ਚਰਣਾਂ ਵਿੱਚ ਸਮਰਪਿਤ ਕਰ ਦਿੱਤੇ। ਰਾਜਾ ਇੰਦਰਦਮਨ ਉਸ ਸਥਾਨ ਉੱਤੇ ਗਿਆ ਜੋ ਪ੍ਰਮੇਸ਼ਵਰ ਨੇ ਸੰਤ ਰੂਪ ਵਿੱਚ ਆ ਕੇ ਦੱਸਿਆ ਸੀ। ਕਬੀਰ ਪ੍ਰਭੂ ਅਰਥਾਤ ਅਣਜਾਣ ਸੰਤ ਨੂੰ ਖੋਜ ਕੇ ਉਸ ਸਮੁੰ-ਦਰ ਨੂੰ ਰੋਕਣ ਦੀ ਪ੍ਰਾਰਥਨਾ ਕੀਤੀ। ਪ੍ਰਭੂ ਕਬੀਰ ਜੀ (ਕਵਿਰਦੇਵ) ਨੇ ਕਿਹਾ ਕਿ ਜਿਸ ਪਾਸਿਓ ਸਮੁੰਦਰ ਉੱਠ ਕੇ ਆਉਂਦਾ ਹੈ, ਉੱਥੇ ਸਮੁੰਦਰ ਦੇ ਕਿਨਾਰੇ ਇੱਕ ਚੌਰਾ (ਚਬੂਤਰਾ) ਬਣਵਾ ਦਿਓ। ਜਿਸ ਉੱਤੇ ਬੈਠਕੇ ਮੈਂ ਪ੍ਰਭੂ ਦੀ ਭਗਤੀ ਕਰਾਂਗਾ ਅਤੇ ਸਮੁੰਦਰ ਨੂੰ ਰੋਕਾਂਗਾ।ਰਾਜਾ ਨੇ ਇੱਕ ਵੱਡੇ ਪੱਥਰ ਨੂੰ ਕਾਰੀਗਰਾਂ ਤੋਂ ਚਬੂਤਰਾ ਜਿਹਾ ਬਣਵਾਇਆ, ਪ੍ਰਮੇਸ਼ਵਰ ਕਬੀਰ ਸਾਹਿਬ ਉਸ ਉੱਤੇ ਬੈਠ ਗਏ।

ਛੇਵੀਂ ਵਾਰ ਮੰਦਿਰ ਬਣਨਾ ਸ਼ੁਰੂ ਹੋਇਆ। ਉਸੇ ਸਮੇਂ ਇੱਕ ਨਾਥ ਪਰੰਪਰਾ ਦੇ ਸਿੱਧ ਮਹਾਤਮਾ ਆ ਗਏ। ਨਾਥ ਜੀ ਨੇ ਰਾਜਾ ਨੂੰ ਕਿਹਾ ਕਿ ਰਾਜਾ ਬਹੁਤ ਵਧੀਆ ਮੰਦਿਰ ਬਣਵਾ ਰਹੇ ਹੋ, ਇਸ ਵਿੱਚ ਮੂਰਤੀ ਵੀ ਸਥਾਪਿਤ ਕਰਨੀ ਚਾਹੀਦੀ ਹੈ। ਮੂਰਤੀ ਬਿਨਾਂ ਮੰਦਿਰ ਕੈਸਾ? ਇਹ ਮੇਰਾ ਆਦੇਸ਼ ਹੈ। ਰਾਜਾ ਇੰਦਰਦਮਨ ਨੇ ਹੱਥ ਜੋੜਕੇ ਕਿਹਾ ਕਿ ਨਾਥ ਜੀ ਪ੍ਰਭੂ ਸ਼੍ਰੀ ਕ੍ਰਿਸ਼ਨ ਜੀ ਨੇ ਮੈਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਮੰਦਿਰ ਬਣਾਉਣ ਦਾ ਆਦੇਸ਼ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਮਹਿਲ



(ਜਗਨਨਾਥ ਮੰਦਿਰ ਨੂੰ ਬਚਾਉਣ ਲਈ ਸਮੁੰਦਰ ਨੂੰ ਰੋਕਣਾ)

ਵਿੱਚ ਨਾ ਤਾਂ ਮੂਰਤੀ ਰੱਖਣੀ ਹੈ, ਨਾ ਹੀ ਪਾਖੰਡ ਪੂਜਾ ਕਰਨੀ ਹੈ। ਰਾਜਾ ਦੀ ਗੱਲ ਸੁਣਕੇ ਨਾਥ ਨੇ ਕਿਹਾ ਸੁਪਨੇ ਵੀ ਕਦੇ ਸੱਚ ਹੁੰਦੇ ਹਨ। ਮੇਰੇ ਆਦੇਸ਼ ਦਾ ਪਾਲਣ ਕਰੋ ਅਤੇ ਚੰਦਨ ਦੀ ਲੱਕੜੀ ਦੀ ਮੂਰਤੀ ਜ਼ਰੂਰ ਸਥਾਪਿਤ ਕਰੋ। ਇਹ ਕਹਿ ਕੇ ਨਾਥ ਜੀ ਬਿਨਾਂ ਜਲਪਾਨ ਗ੍ਰਹਿਣ ਕੀਤੇ ਉੱਠ ਗਏ । ਰਾਜਾ ਨੇ ਡਰ ਦੇ ਮਾਰੇ ਚੰਦਨ ਦੀ ਲੱਕੜੀ ਮੰਗਵਾਈ ਅਤੇ ਕਾਰੀਗਰ ਨੂੰ ਮੂਰਤੀ ਬਣਾਉਣ ਦਾ ਆਦੇਸ਼ ਦੇ ਦਿੱਤਾ। ਇੱਕ ਮੂਰ-ਤੀ ਸ਼੍ਰੀ ਕ੍ਰਿਸ਼ਨ ਜੀ ਦੀ ਸਥਾਪਿਤ ਕਰਨ ਦਾ ਆਦੇਸ਼ ਨਾਥ ਜੀ ਦਾ ਸੀ। ਫਿਰ ਹੋਰ ਗੁਰੂਆਂ-ਸੰਤਾਂ ਨੇ ਰਾਜੇ ਨੂੰ ਸਲਾਹ ਦਿੱਤੀ ਕਿ ਇਕੱਲੇ ਪ੍ਰਭੂ ਕਿਵੇਂ ਰਹਿਣਗੇ ? ਉਹ ਤਾਂ ਬਲਰਾਮ ਨੂੰ ਸਦਾ ਨਾਲ ਰੱਖਦੇ ਸੀ। ਇੱਕ ਨੇ ਕਿਹਾ ਭੈਣ ਸੁਭੱਦਰਾ ਤਾਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਲਾਡਲੀ ਭੈਣ ਸੀ, ਉਹ ਆਪਣੇ ਭਰਾ ਬਿਨਾਂ ਕਿਵੇਂ ਰਹਿ ਸਕਦੀ ਹੈ ?ਤਿੰਨ ਮੂਰਤੀਆਂ ਬਣਾਉਣ ਦਾ ਨਿਰਣਾ ਲਿਆ ਗਿਆ। ਤਿੰਨ ਕਾਰੀਗਰ ਨਿਯੁਕਤ ਕੀਤੇ। ਮੂਰਤੀਆਂ ਤਿਆਰ ਹੁੰਦੇ ਹੀ ਟੁੱਕੜੇ-ਟੁੱਕੜੇ ਹੋ ਗਈਆਂ। ਇਸ ਤਰ੍ਹਾਂ ਤਿੰਨ ਵਾਰ ਮੂਰਤੀਆਂ ਖੰਡ ਹੋ ਗਈਆਂ। ਰਾਜਾ ਬਹੁਤ ਚਿੰਤਤ ਹੋਇਆ। ਸੋਚਿਆ ਮੇਰੇ ਭਾਗ ਵਿੱਚ ਇਹ ਯਸ਼ ਤੇ ਪੁੰਨ ਕਰਮ ਨਹੀਂ ਹੈ। ਮੰਦਿਰ ਬਣਦਾ ਹੈ ਟੁੱਟ ਜਾਂਦਾ ਹੈ ਹੁਣ ਮੂਰਤੀਆਂ ਟੁੱਟ ਰਹੀਆਂ ਹਨ। ਨਾਥ ਜੀ ਰੁਸ਼ਟ ਹੋ ਕੇ ਗਏ ਹਨ। ਜੇਕਰ ਕਹਾਂਗਾ ਕਿ ਮੂਰਤੀਆਂ ਟੁੱਟ ਜਾਂਦੀਆਂ ਹਨ ਤਾਂ ਸੋਚਣਗੇ ਰਾਜਾ ਬਹਾਨਾ ਬਣਾ ਰਿਹਾ ਹੈ। ਕਿਤੇ ਮੈਨੂੰ ਸ਼ਰਾਪ ਨਾ ਦੇ ਦੇਣ। ਚਿੰਤਾ ਗ੍ਰਸਤ ਰਾਜਾ ਨਾ ਖਾਣਾ ਖਾ ਰਿਹਾ ਹੈ, ਨਾ ਸਾਰੀ ਰਾਤ ਨੀਂਦ ਆਈ। ਸਵੇਰੇ ਬੇਚੈਨ ਅਵਸਥਾ ਵਿੱਚ ਰਾਜ ਦਰਬਾਰ ਗਿਆ। ਉਸੇ ਸਮੇਂ ਪੂਰਣ ਪ੍ਰਮਾਤਮਾ (ਕਵਿਰਦੇਵ) ਕਬੀਰ ਪ੍ਰਭੂ ਇੱਕ 80 ਸਾਲਾ ਕਾਰੀਗਰ ਦਾ ਰੂਪ ਬਣਾ ਕੇ ਰਾਜ ਦਰਬਾਰ ਵਿੱਚ ਹਾਜ਼ਰ ਹੋ ਗਏ। ਕਮਰ ਉੱਤੇ ਇੱਕ ਥੈਲਾ ਲਟਕਾਇਆ ਹੋਇਆ

ਸੀ ਜਿਸ ਵਿੱਚ ਆਰੀ ਬਾਹਰ ਸਪੱਸ਼ਟ ਦਿਖਾਈ ਦੇ ਰਹੀ ਸੀ, ਮੰਨੋ ਬਿਨਾਂ ਦੱਸੇ ਕਾਰੀਗਰ ਦੀ ਪਛਾਣ ਦੱਸ ਰਹੀ ਸੀ ਅਤੇ ਹੋਰ ਬਸੋਲਾ ਬਰਮਾ ਆਦਿ ਥੈਲੇ ਵਿੱਚ ਭਰੇ ਸੀ। ਕਾਰੀਗਰ ਭੇਸ ਵਿੱਚ ਪ੍ਰਭੂ ਨੇ ਰਾਜਾ ਨੂੰ ਕਿਹਾ ਮੈਂ ਸੁਣਿਆ ਹੈ ਕਿ ਪ੍ਰਭੂ ਦੇ ਮੰਦਿਰ ਦੇ ਲਈ ਮੂਰਤੀਆਂ ਪੂਰਣ ਨਹੀਂ ਹੋ ਰਹੀਆਂ ਹਨ। ਮੈਂ 80 ਸਾਲ ਦਾ ਬਿਰਧ ਹੋ ਚੁੱਕਾ ਹਾਂ ਅਤੇ 60 ਸਾਲ ਦਾ ਅਨੁਭਵ ਹੈ। ਚੰਦਨ ਦੀ ਲੱਕੜੀ ਦੀ ਮੂਰਤੀ ਹਰੇਕ ਕਾਰੀਗਰ ਨਹੀਂ ਬਣਾ ਸਕਦਾ। ਜੇ ਆਪ ਦੀ ਆਗਿਆ ਹੋਵੇ ਤਾਂ ਸੇਵਕ ਹਾਜ਼ਰ ਹੈ। ਰਾਜੇ ਨੇ ਕਿਹਾ ਕਿ ਕਾਰੀਗਰ ਤੁਸੀਂ ਮੇਰੇ ਲਈ ਭਗਵਾਨ ਹੀ ਕਾਰੀਗਰ ਬਣਕੇ ਆਏ ਲੱਗਦੇ ਹੋ। ਮੈਂ ਬਹੁਤ ਚਿੰਤਤ ਸੀ। ਸੋਚ ਹੀ ਰਿਹਾ ਸੀ ਕਿ ਕੋਈ ਅਨੁਭਵੀ ਕਾਰੀਗਰ ਮਿਲੇ ਤਾਂ ਸਮੱਸਿਆ ਦਾ ਸਮਾਧਾਨ ਬਣੇ। ਆਪ ਜਲਦੀ ਮੂਰਤੀਆਂ ਬਣਾ ਦਿਓ। ਬਿਰਧ ਕਾਰੀਗਰ ਰੂਪ ਵਿੱਚ ਆਏ ਕਵਿਰਦੇਵ (ਕਬੀਰ ਪ੍ਰਭੂ) ਨੇ ਕਿਹਾ ਰਾਜਨ ਮੈਨੂੰ ਇੱਕ ਕਮਰਾ ਦੇ ਦਿਓ ਜਿਸ ਜਗ੍ਹਾ ਬੈਠ ਕੇ ਮੈਂ ਪ੍ਰਭੂ ਦੀ ਮੂਰਤੀ ਤਿਆਰ ਕਰਾਂਗਾ। ਮੈਂ ਅੰਦਰ ਤੋਂ ਦਰਵਾਜ਼ਾ ਬੰਦ ਕਰਕੇ ਸ਼ੁੱਧਤਾ ਨਾਲ ਮੂਰਤੀ ਬਣਾਵਾਂਗਾ। ਇਹ ਮੂਰਤੀਆਂ ਜਦ ਤਿਆਰ ਹੋ ਜਾਣਗੀਆਂ ਤਦ ਦਰਵਾਜ਼ਾ ਖੋਲ੍ਹਾਂਗਾ, ਜੇ ਵਿੱਚ-ਵਿਚਾਲੇ ਕਿਸੇ ਨੇ ਖੋਲ੍ਹ ਦਿੱਤਾ ਤਾਂ ਜਿੰਨੀ ਮੂਰਤੀ ਬਣੀ ਹੈ ਉਨ੍ਹੀ ਹੀ ਰਹਿ ਜਾਵੇਗੀ। ਰਾਜੇ ਨੇ ਕਿਹਾ ਜਿਵੇਂ ਤੁਸੀਂ ਉਚਿਤ ਸਮਝੋ ਉਸੇ ਤਰ੍ਹਾਂ ਕਰੋ। ਬਾਰਾਂ ਦਿਨ ਮੂਰਤੀਆਂ ਬਣਾਉਂਦਿਆਂ ਹੋ ਗਏ ਤਾਂ ਨਾਥ ਜੀ ਆ ਗਏ। ਨਾਥ ਜੀ ਨੇ ਰਾਜਾ ਜੀ ਤੋਂ ਪੁੱਛਿਆ ਕਿ ਇੰਦਰਦਮਨ ਕੀ ਮੂਰਤੀਆਂ ਬਣਾਈਆਂ? ਰਾਜਾ ਨੇ ਹੱਥ ਜੋੜ ਕੇ ਕਿਹਾ ਕਿ ਆਪਦੀ ਆਗਿਆ ਦਾ ਪੂਰਣ ਪਾਲਣ ਕੀਤਾ ਗਿਆ ਹੈ ਮਹਾਤਮਾ ਜੀ। ਪ੍ਰੰਤੂ ਬਦਕਿਸਮਤੀ ਹੈ ਕਿ ਮੂਰਤੀਆਂ ਬਣ ਨਹੀਂ ਪਾ ਰਹੀਆਂ ਹਨ। ਅੱਧੀਆਂ ਬਣਦੇ ਹੀ ਟੁਕੜੇ-ਟੁਕੜੇ ਹੋ ਜਾਂਦੀਆਂ ਹਨ। ਨੌਕਰਾਂ ਤੋਂ ਮੂਰਤੀਆਂ ਦੇ ਟੁੱਕੜੇ ਮੰਗਵਾ ਕੇ ਨਾਥ ਜੀ ਨੂੰ ਵਿਸ਼ਵਾਸ਼ ਦਿਵਾਉਣ ਲਈ ਦਿਖਾਏ। ਨਾਥ ਜੀ ਨੇ ਕਿਹਾ ਮੂਰਤੀ ਜ਼ਰੂਰ ਬਣਾਉਣੀ ਹੈ। ਹੁਣ ਬਣਾਓ ਮੈਂ ਦੇਖਦਾ ਹਾਂ ਕਿ ਮੂਰਤੀ ਕਿਵੇਂ ਟੁੱਟਦੀ ਹੈ। ਰਾਜੇ ਨੇ ਕਿਹਾ ਕਿ ਨਾਥ ਜੀ ਯਤਨ ਕੀਤਾ ਜਾ ਰਿਹਾ ਹੈ। ਪ੍ਰਭੂ ਦਾ ਭੇਜਿਆ ਇੱਕ ਅਨੁਭਵੀ 80 ਸਾਲ ਦਾ ਕਾਰੀਗਰ ਬੰਦ ਕਮਰੇ ਵਿੱਚ ਮੂਰਤੀ ਬਣਾ ਰਿਹਾ ਹੈ। ਉਸਨੇ ਕਿਹਾ ਹੈ ਕਿ ਮੂਰਤੀ ਬਣ ਜਾਣ ਤੇ ਮੈਂ ਆਪਣੇ ਆਪ ਦੁਆਰ ਖੋਲ੍ਹ ਦੇਵਾਂਗਾ। ਜੇਕਰ ਕਿਸੇ ਨੇ ਵਿੱਚ-ਵਿਚਾਲੇ ਦੁਆਰ ਖੋਲ੍ਹ ਦਿੱਤਾ ਤਾਂ ਜਿੰਨੀਆਂ ਮੂਰਤੀਆਂ ਬਣੀਆਂ ਹੋਣਗੀਆਂ ਉਨ੍ਹੀਆਂ ਹੀ ਰਹਿ ਜਾਣਗੀਆਂ। ਅੱਜ ਉਸਨੂੰ ਮੂਰ-ਤੀਆਂ ਬਣਾਉਂਦੇ ਹੋਏ ਬਾਰਾਂ ਦਿਨ ਹੋ ਗਏ ਹਨ। ਨਾ ਤਾਂ ਬਾਹਰ ਨਿੱਕਲਿਆ ਹੈ, ਨਾ ਹੀ ਜਲ-ਪਾਨ ਅਤੇ ਆਹਾਰ ਹੀ ਕੀਤਾ ਹੈ। ਨਾਥ ਜੀ ਨੇ ਕਿਹਾ ਮੂਰਤੀਆਂ ਦੇਖਣੀਆਂ ਚਾਹੀਦੀਆਂ ਹਨ, ਕਿਵੇਂ ਬਣਾ ਰਿਹਾ ਹੈ ? ਬਣਾਉਣ ਤੋਂ ਬਾਅਦ ਕੀ ਦੇਖਣਾ ਹੈ। ਠੀਕ ਨਹੀਂ ਬਣੀ ਹੋਵੇਗੀ ਤਾਂ ਠੀਕ ਬਣਾਵਾਂਗੇ। ਇਹ ਕਹਿ ਕੇ ਨਾਥ ਜੀ ਰਾਜਾ ਇੰਦਰਦਮਨ ਨੂੰ ਨਾਲ ਲੈ ਕੇ ਉਸ ਕਮਰੇ ਦੇ ਸਾਹਮਣੇ ਗਏ ਜਿੱਥੇ ਮੂਰਤੀ ਬਣਾਈ ਜਾ ਰਹੀ ਸੀ। ਆਵਾਜ ਲਗਾਈ ਕਾਰੀਗਰ ਦੁਆਰ ਖੋਲ੍ਹੋ, ਕਈ ਵਾਰ ਕਿਹਾ ਪ੍ਰੰਤੂ ਨਹੀਂ ਖੁਲ੍ਹਿਆ ਅਤੇ ਜੋ ਖਟ-2 ਦੀ ਆਵਾਜ਼ ਆ ਰਹੀ ਸੀ, ਉਹ ਵੀ ਬੰਦ ਹੋ ਗਈ। ਨਾਥ ਜੀ ਨੇ ਕਿਹਾ ਕਿ 80 ਸਾਲਾ ਬਿਰਧ ਦੱਸ ਰਹੇ ਹੋ, ਬਾਰਾਂ ਦਿਨ ਖਾਣਾ-ਪੀਣਾ ਨਹੀਂ ਕੀਤਾ ਹੈ। ਹੁਣ ਆਵਾਜ਼ ਵੀ ਬੰਦ ਹੈ, ਕਿਤੇ ਮਰ ਨਾ ਗਿਆ ਹੋਵੇ। ਧੱਕਾ ਮਾਰ ਕੇ ਦਰਵਾਜ਼ਾ ਤੋੜ ਦਿੱਤਾ। ਦੇਖਿਆ ਤਾਂ ਤਿੰਨ ਮੂਰਤੀਆਂ ਪਈਆਂ ਸਨ, ਤਿੰਨਾਂ ਦੇ ਹੱਥਾਂ 'ਤੇ ਪੈਰਾਂ ਦੇ ਪੰਜੇ ਨਹੀਂ ਬਣੇ ਸਨ। ਕਾਰੀਗਰ ਅੰਤਰ ਧਿਆਨ ਸੀ।

ਮੰਦਿਰ ਬਣ ਕੇ ਤਿਆਰ ਹੋ ਗਿਆ ਹੈ ਹੋਰ ਚਾਰਾ ਨਾ ਦੇਖਕੇ ਆਪਣੀ ਜਿੱਦ ਉੱਤੇ ਅਡਿੱਗ ਨਾਥ ਜੀ ਨੇ ਕਿਹਾ ਇੰਦਾ ਹੀ ਮੂਰਤੀਆਂ ਸਥਾਪਿਤ ਕਰ ਦਿਓ। ਹੋ ਸਕਦਾ ਹੈ ਪ੍ਰਭੂ ਨੂੰ ਇਹੀ ਮਨਜ਼ੂਰ ਹੋਵੇ, ਲੱਗਦਾ ਹੈ ਸ਼੍ਰੀ ਕ੍ਰਿਸ਼ਨ ਜੀ ਹੀ ਆਪ ਮੂਰਤੀ-ਆਂ ਬਣਾ ਕੇ ਗਏ ਹਨ।

ਮੁੱਖ ਪਾਂਡੇ ਨੇ ਸ਼ੁੱਭ ਮਹੂਰਤ ਕੱਢ ਕੇ ਅਗਲੇ ਦਿਨ ਹੀ ਮੂਰਤੀਆਂ ਦੀ ਸਥਾਪਨਾ ਕਰ ਦਿੱਤੀ। ਸਭ ਪਾਂਡੇ, ਮੁੱਖ ਪਾਂਡਾ 'ਤੇ ਰਾਜਾ ਅਤੇ ਸੈਨਿਕ ਤੇ ਸ਼ਰਧਾਲੂ ਮੂਰਤੀਆਂ ਵਿੱਚ ਪ੍ਰਾਣ ਪ੍ਰਤਿਸ਼ਠਾ ਕਰਨ ਲਈ ਚੱਲ ਪਏ। ਪੂਰਣ ਪ੍ਰਮੇਸ਼ਵਰ (ਕਵਿਰ ਦੇਵ) ਇੱਕ ਸ਼ੂਦਰ ਦਾ ਰੂਪ ਧਾਰਣ ਕਰਕੇ ਮੰਦਿਰ ਦੇ ਮੁੱਖ ਦੁਆਰ ਦੇ ਵਿੱਚਕਾਰ ਮੰਦਿਰ ਦੇ ਵੱਲ ਮੂੰਹ ਕਰਕੇ ਖੜ੍ਹੇ ਹੋ ਗਏ। ਐਸੀ ਲੀਲਾ ਕਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਗਿਆਨ ਹੀ ਨਾ ਹੋਵੇ ਕਿ ਪਿੱਛੇ ਤੋਂ ਪ੍ਰਭੂ ਦੀ ਪ੍ਰਾਣ ਪ੍ਰਤਿਸ਼ਠਾ ਦੀ ਸੈਨਾ ਆ ਰਹੀ ਹੈ। ਅੱਗੇ-ਅੱਗੇ ਮੁੱਖ ਪਾਂਡਾ ਚੱਲ ਰਿਹਾ ਸੀ। ਪ੍ਰਮੇਸ਼ਵਰ ਫਿਰ ਵੀ ਦੁਆਰ ਦੇ ਵਿੱਚਕਾਰ ਹੀ ਖੜ੍ਹੇ ਰਹੇ। ਨੇੜੇ ਆ ਕੇ ਮੁੱਖ ਪਾਂਡੇ ਨੇ ਸ਼ੂਦਰ ਰੂਪ ਵਿੱਚ ਖੜ੍ਹੇ ਪ੍ਰਮੇਸ਼ਵਰ ਨੂੰ ਐਸਾ ਧੱਕਾ ਮਾਰਿਆ ਕਿ ਦੂਰ ਜਾ ਕੇ ਡਿੱਗੇ ਅਤੇ ਇਕਾਂਤ ਸਥਾਨ ਉੱਤੇ ਸ਼ੂਦਰ ਲੀਲਾ ਕਰਦੇ ਹੋਏ ਬੈਠ ਗਏ। ਰਾਜੇ ਸਮੇਤ ਸਭ ਸ਼ਰਧਾਲੂਆਂ ਨੇ ਮੰਦਿਰ ਦੇ ਅੰਦਰ ਜਾ ਕੇ ਦੇਖਿਆ ਤਾਂ ਸਭ ਮੂਰਤੀਆਂ ਨੇ ਉਸ ਦੁਆਰ ਉੱਤੇ ਖੜ੍ਹੇ ਸ਼ੂਦਰ ਰੂਪ ਪ੍ਰਮੇਸ਼ਵਰ ਦਾ ਰੂਪ ਧਾਰਣ ਕਰ ਲਿਆ। ਇਸ ਕੌਤਕ ਨੂੰ ਦੇਖ ਕੇ ਉੱਥੇ ਮੌਜੂਦ ਵਿਅਕਤੀ ਅਚੰਭਿਤ ਹੋ ਗਏ। ਮੁੱਖ ਪਾਂਡਾ ਕਹਿਣ ਲੱਗਾ ਪ੍ਰਭੂ ਨਰਾਜ਼ ਹੋ ਗਏ ਹਨ ਕਿਉਂਕਿ ਮੁੱਖ ਦੁਆਰ ਨੂੰ ਉਸ ਸ਼ੂਦਰ ਨੇ ਅਸ਼ੁੱਧ ਕਰ ਦਿੱਤਾ। ਇਸਲਈ ਸਭ ਮੂਰਤੀਆਂ ਨੇ ਸ਼ੂਦਰ ਰੂਪ ਧਾਰਣ ਕਰ ਲਿਆ ਹੈ। ਵੱਡਾ ਅਨਿਸ਼ਟ ਹੋ ਗਿਆ ਹੈ। ਕੁੱਝ ਸਮੇਂ ਉਪਰੰਤ ਮੂਰਤੀਆਂ ਦਾ ਵਾਸਤਵਿਕ ਰੂਪ ਹੋ ਗਿਆ। ਗੰਗਾ ਜਲ ਨਾਲ ਕਈ ਵਾਰ ਸਾਫ਼ ਕਰਕੇ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ। (ਕਵਿਰਦੇਵ ਨੇ ਕਿਹਾ ਅਗਿਆਨਤਾ ਤੇ ਪਾਖੰਡਵਾਦ ਦੀ ਚਰਮ ਸੀਮਾ ਦੇਖੋ । ਕਾਰੀਗਰ ਮੂਰਤੀ ਦਾ ਭਗਵਾਨ ਬਣਾਉਂਦਾ ਹੈ। ਫਿਰ ਪੁਜਾਰੀ ਜਾਂ ਹੋਰ ਸੰਤ ਉਸ ਮੂਰਤੀ ਰੂਪੀ ਪ੍ਰਭੂ ਵਿੱਚ ਪ੍ਰਾਣ ਪਾਉਂਦਾ ਹੈ ਅਰਥਾਤ ਪ੍ਰਭੂ ਨੂੰ ਜੀਵਨ ਦਿੰਦਾ ਹੈ। ਤਦ ਉਹ ਮਿੱਟੀ ਜਾਂ ਲੱਕੜੀ ਦਾ ਪ੍ਰਭੂ ਕਾਰਜ ਸਿੱਧ ਕਰਦਾ ਹੈ, ਵਾਹ ਉਏ ਪਾਖੰਡੀਓ ! ਖੂਬ ਮੂਰਖ ਬਣਾ ਰਹੇ ਹੋ ਪ੍ਰਭੂ ਪ੍ਰੇਮੀ ਆਤਮਾਂਵਾਂ ਨੂੰ)

ਮੂਰਤੀ ਸਥਾਪਨਾ ਹੋ ਜਾਣ ਦੇ ਕੁੱਝ ਦਿਨ ਬਾਅਦ ਲਗਭਗ 40 ਫੁੱਟ ਉੱਚਾ ਸਮੁੰਦਰ ਦਾ ਜਲ ਉੱਠਿਆ ਜਿਸਨੂੰ ਸਮੁੰਦਰੀ ਤੂਫਾਨ ਕਹਿੰਦੇ ਹਨ ਅਤੇ ਬਹੁਤ ਵੇਗ ਨਾਲ ਮੰਦਿਰ ਵੱਲ ਚਲਿਆ। ਸਾਹਮਣੇ ਕਬੀਰ ਪ੍ਰਮੇਸ਼ਵਰ ਚੌਰੇ (ਚਬੂਤਰੇ) ਉੱਤੇ ਬੈਠੇ ਸਨ। ਆਪਣਾ ਇੱਕ ਹੱਥ ਉਠਾਇਆ ਜਿਵੇਂ ਆਸ਼ੀਰਵਾਦ ਦਿੰਦੇ ਹਨ, ਸਮੁੰਦਰ ਉੱਠੇ ਦਾ ਉੱਠਿਆ ਰਹਿ ਗਿਆ ਪਰਬਤ ਵਾਂਗ ਖੜਾ ਰਿਹਾ, ਅੱਗੇ ਨਹੀਂ ਵਧ ਸਕਿਆ। ਵਿਪਰ ਰੂਪ ਬਣਾ ਕੇ ਸਮੁੰਦਰ ਆਇਆ ਅਤੇ ਚਬੂਤਰੇ ਉੱਤੇ ਬੈਠੇ ਪ੍ਰਭੂ ਨੂੰ ਕਿਹਾ ਕਿ ਭਗਵਾਨ ਆਪ ਮੈਨੂੰ ਰਸਤਾ ਦੇ ਦਿਓ, ਮੈਂ ਮੰਦਿਰ ਤੋੜਨ ਜਾਵਾਂਗਾ। ਪ੍ਰਭੂ ਨੇ ਕਿਹਾ ਕਿ ਇਹ ਮੰਦਿਰ ਨਹੀਂ ਹੈ। ਇਹ ਤਾਂ ਮਹਿਲ (ਆਸ਼ਰਮ) ਹੈ। ਇਸ ਵਿੱਚ ਵਿਦਵਾਨ ਪੁਰਸ਼ ਰਿਹਾ ਕਰੇਗਾ ਅਤੇ ਪਵਿੱਤਰ ਗੀਤਾ ਜੀ ਦਾ ਗਿਆਨ ਦਿਆ ਕਰੇਗਾ। ਤੁਹਾਡਾ ਇਸਨੂੰ ਤੋੜਨਾ ਸ਼ੋਭਾ ਨਹੀਂ ਦਿੰਦਾ। ਸਮੁੰਦਰ ਨੇ ਕਿਹਾ ਕਿ ਮੈਂ ਇਸ ਨੂੰ ਜ਼ਰੂਰ ਤੋੜਾਂਗਾ। ਪ੍ਰਭੂ ਨੇ ਕਿਹਾ ਕਿ ਜਾਓ ਕੌਣ ਰੋਕਦਾ ਹੈ ਸਮੁੰਦਰ ਨੇ ਕਿਹਾ ਕਿ ਮੈਂ ਬੇਵਸ ਹੋ ਗਿਆ ਹਾਂ। ਆਪ ਦੀ ਸ਼ਕਤੀ ਅਪਾਰ ਹੈ। ਮੈਨੂੰ ਰਸਤਾ ਦੇ ਦਿਓ ਪ੍ਰਭੂ। ਪ੍ਰਮੇਸ਼ਵਰ ਕਬੀਰ ਸਾਹਿਬ ਜੀ ਨੇ

ਪੁੱਛਿਆ ਕਿ ਆਪ ਐਸਾ ਕਿਉਂ ਕਰ ਰਹੇ ਹੋ? ਵਿਪ੍ਰ ਰੂਪ ਵਿੱਚ ਮੌਜੂਦ ਸਮੁੰਦਰ ਨੇ ਕਿਹਾ ਜਦ ਇਹ ਸ਼੍ਰੀ ਕ੍ਰਿਸ਼ਨ ਜੀ ਤ੍ਰੇਤਾਯੁੱਗ ਸ਼੍ਰੀ ਰਾਮਚੰਦਰ ਰੂਪ ਵਿੱਚ ਆਏ ਸਨ ਤਦ ਇਸਨੇ ਮੈਨੂੰ ਅਗਨੀ ਬਾਣ ਦਿਖਾ ਕੇ ਬੁਰਾ ਭਲਾ ਕਹਿ ਕੇ ਅਪਮਾਨਿਤ ਕਰਕੇ ਰਾਸਤਾ ਮੰਗਿਆ ਸੀ। ਮੈਂ ਉਹ ਬਦਲਾ ਲੈਣ ਜਾ ਰਿਹਾ ਹਾਂ।

ਪ੍ਰਮੇਸ਼ਵਰ ਕਬੀਰ ਜੀ ਨੇ ਕਿਹਾ ਬਦਲਾ ਤਾਂ ਤੁਸੀਂ ਪਹਿਲਾਂ ਹੀ ਲੈ ਚੁੱਕੇ ਹੋ। ਆਪ ਨੇ ਦੁਆਰਕਾ ਨੂੰ ਡੁਬੋਇਆ ਹੋਇਆ ਹੈ। ਸਮੁੰਦਰ ਨੇ ਕਿਹਾ ਅਜੇ ਪੂਰਾ ਨਹੀਂ ਡੁੱਬੋ ਪਾਇਆ, ਅੱਧੀ ਰਹਿੰਦੀ ਹੈ। ਉੱਥੇ ਵੀ ਕੋਈ ਪ੍ਰਬਲ ਸ਼ਕਤੀ ਯੁਕਤ ਸੰਤ ਸਾਹਮਣੇ ਆ ਗਿਆ ਸੀ ਜਿਸ ਕਾਰਨ ਮੈਂ ਦੁਆਰਕਾ ਨੂੰ ਪੂਰਣ ਰੂਪ ਵਿੱਚ ਨਹੀਂ ਸਮਾ ਪਾਇਆ। ਹੁਣ ਵੀ ਕੋਸ਼ਿਸ਼ ਕਰਦਾ ਹਾਂ ਤਾਂ ਉੱਧਰ ਨਹੀਂ ਜਾ ਪਾ ਰਿਹਾ ਹਾਂ। ਉੱਧਰੋਂ ਮੈਨੂੰ ਬੰਨ੍ਹਿਆ ਹੋਇਆ ਹੈ।

ਤਦ ਪ੍ਰਮੇਸ਼ਵਰ ਕਬੀਰ (ਕਵਿਰਦੇਵ) ਨੇ ਕਿਹਾ ਉੱਥੇ ਵੀ ਮੈਂ ਹੀ ਪਹੁੰਚਿਆ ਸੀ। ਮੈਂ ਹੀ ਉਹ ਅਵਸ਼ੇਸ਼ ਬਚਾਇਆ ਸੀ। ਹੁਣ ਜਾ ਬਾਕੀ ਬਚੀ ਦਵਾਰਕਾ ਵੀ ਨਿਗ਼ਲ ਲੈ, ਪ੍ਰੰਤੂ ਉਸ ਯਾਦਗਾਰ ਨੂੰ ਛੱਡ ਦੇਣਾ, ਜਿੱਥੇ ਸ਼੍ਰੀ ਕ੍ਰਿਸ਼ਨ ਦੇ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ (ਸ਼੍ਰੀ ਕ੍ਰਿਸ਼ਨ ਜੀ ਦੇ ਅੰਤਿਮ ਸੰਸਕਾਰ ਸਥਾਨ ਉੱਤੇ ਵੱਡਾ ਮੰਦਿਰ ਬਣਾ ਦਿੱਤਾ ਗਿਆ। ਇਹ ਯਾਦਗਾਰ ਪ੍ਰਮਾਣ ਬਣਿਆ ਰਹੇਗਾ ਕਿ ਵਾਸਤਵ ਵਿੱਚ ਸ਼੍ਰੀ ਕ੍ਰਿਸ਼ਨ ਜੀ ਦੀ ਮੌਤ ਹੋਈ ਸੀ ਅਤੇ ਪੰਜ ਭੌਤਿਕ ਸਰੀਰ ਛੱਡ ਗਏ ਸੀ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਕਹਿਣਗੇ ਕਿ ਸ਼੍ਰੀ ਕ੍ਰਿਸ਼ਨ ਜੀ ਦੀ ਮੌਤ ਹੀ ਨਹੀਂ ਹੋਈ ਸੀ)। ਆਗਿਆ ਪ੍ਰਾਪਤ ਕਰਕੇ ਬਾਕੀ ਦਵਾਰਕਾ ਨੂੰ ਵੀ ਸਮੁੰਦਰ ਨੇ ਡੋਬ ਲਿਆ। ਪ੍ਰਮੇਸ਼ਵਰ ਕਬੀਰ ਜੀ (ਕਵਿਰਦੇਵ) ਨੇ ਕਿਹਾ ਹੁਣ ਤੁਸੀ ਅੱਗੇ ਤੋਂ ਕਦੇ ਵੀ ਇਸ ਜਗਨਨਾਥ ਮੰਦਿਰ ਨੂੰ ਤੋੜਨ ਦਾ ਯਤਨ ਨਹੀਂ ਕਰਨਾ ਅਤੇ ਇਸ ਮਹਿਲ ਤੋਂ ਦੂਰ ਚਲਿਆ ਜਾ। ਐਸੀ ਆਗਿਆ ਪ੍ਰਭੂ ਦੀ ਮੰਨ ਕੇ ਪ੍ਰਣਾਮ ਕਰਕੇ ਮੰਦਿਰ ਤੋਂ ਡੇਢ ਕਿਲੋਮੀਟਰ ਦੂਰ ਹਟ ਗਿਆ। ਇਸ ਤਰ੍ਹਾਂ ਸ਼੍ਰੀ ਜਗਨਨਾਥ ਮੰਦਿਰ ਅਰਥਾਤ ਧਾਮ ਸਥਾਪਿਤ ਹੋਇਆ।

## "ਸ਼੍ਰੀ ਜਗਨਨਾਥ ਮੰਦਿਰ ਵਿੱਚ ਛੂਆਛਾਤ ਸ਼ੁਰੂ ਤੋਂ ਹੀ ਨਹੀਂ ਹੈ"

ਕੁੱਝ ਦਿਨਾਂ ਪਿੱਛੋਂ ਜਿਸ ਪਾਂਡੇ ਨੇ ਪ੍ਰਭੂ ਕਬੀਰ ਜੀ ਨੂੰ ਸ਼ੂਦਰ ਰੂਪ ਵਿੱਚ ਧੱਕਾ ਮਾਰਿਆ ਸੀ ਉਸਨੂੰ ਕੋਹੜ ਹੋ ਗਿਆ। ਸਭ ਦਵਾ ਦਾਰੂ ਕਰਨ ਤੇ ਵੀ ਠੀਕ ਨਹੀਂ ਹੋਇਆ। ਕੋਹੜ ਦਾ ਕਸ਼ਟ ਹੋਰ ਜ਼ਿਆਦਾ ਵੱਧਦਾ ਹੀ ਚਲਾ ਗਿਆ। ਸਭ ਉਪ-ਾਸਨਾਵਾਂ ਵੀ ਕੀਤੀਆਂ, ਸ਼੍ਰੀ ਜਗਨਨਾਥ ਜੀ ਤੋਂ ਰੋ-ਰੋ ਕੇ ਸੰਕਟ ਨਿਵਾਰਣ ਦੇ ਲਈ ਪ੍ਰਾਰਥਨਾ ਕੀਤੀ, ਪ੍ਰੰਤੂ ਸਭ ਨਿਸ਼ਫ਼ਲ ਰਹੀ। ਸੁਪਨੇ ਵਿੱਚ ਸ਼੍ਰੀ ਕ੍ਰਿਸ਼ਨ ਜੀ ਨੇ ਦਰਸ਼ਨ ਦਿੱਤੇ ਅਤੇ ਕਿਹਾ ਪਾਂਡੇ ਉਸ ਸੰਤ ਦੇ ਚਰਣ ਧੋਕੇ ਚਰਨਾ ਅੰਮ੍ਰਿਤ ਪਾਨ ਕਰ ਜਿਸਨੂੰ ਤੂੰ ਮੰਦਿਰ ਦੇ ਮੁੱਖ ਦੁਆਰ ਤੋਂ ਧੱਕਾ ਮਾਰਿਆ ਸੀ। ਤਦ ਉਸਦੇ ਆਸ਼ੀਰਵਾਦ ਨਾਲ ਤੇਰਾ ਕੁਸ਼ਟ ਰੋਗ ਠੀਕ ਹੋ ਸਕਦਾ ਹੈ। ਜੇਕਰ ਉਸਨੇ ਤੈਨੂੰ ਹਿਰਦੇ ਤੋਂ ਮਾਫ ਕੀਤਾ ਤਾਂ, ਨਹੀਂ ਤਾਂ ਨਹੀਂ। ਮਰਦਾ ਕੀ ਨਹੀਂ ਕਰਦਾ?

ਉਹ ਮੁੱਖ ਪਾਂਡਾ ਸਵੇਰੇ ਉੱਠਿਆ। ਕਈ ਸਹਿਯੋਗੀ ਪਾਂਡਿਆਂ ਨੂੰ ਨਾਲ ਲੈ ਕੇ ਉਸ ਸਥਾਨ ਉੱਤੇ ਗਿਆ ਜਿੱਥੇ ਪ੍ਰਭੂ ਕਬੀਰ ਸ਼ੂਦਰ ਰੂਪ ਵਿੱਚ ਵਿਰਾਜਮਾਨ ਸਨ। ਜਿਉਂ ਹੀ ਪਾਂਡਾ ਪ੍ਰਭੂ ਦੇ ਨੇੜੇ ਆਇਆ ਤਾਂ ਪ੍ਰਮੇਸ਼ਵਰ ਉੱਠ ਕੇ ਚੱਲ ਪਏ ਅਤੇ

ਕਿਹਾ ਕਿ ਹੇ ਪਾਂਡੇ ਮੈਂ ਤਾਂ ਅਛੂਤ ਹਾਂ ਮੇਰੇ ਤੋਂ ਦੂਰ ਰਹਿਣਾ, ਕਿਤੇ ਆਪ ਅਪਵਿ-ਤਰ ਨਾ ਹੋ ਜਾਓ। ਪਾਂਡਾ ਨਿਕਟ ਪਹੁੰਚਿਆ,ਪ੍ਰਮੇਸ਼ਵਰ ਹੋਰ ਅੱਗੇ ਚੱਲ ਪਏ। ਤਦ ਪਾਂਡਾ ਫੁੱਟ-ਫੁੱਟ ਕੇ ਰੋਣ ਲੱਗਾ ਅਤੇ ਕਿਹਾ ਪਰਵਰਦਿਗਾਰ ਮੇਰਾ ਦੋਸ਼ ਮਾਫ ਕਰ ਦਿਓ। ਤਦ ਦਿਆਲੂ ਪ੍ਰਭੂ ਰੁੱਕ ਗਏ। ਪਾਂਡੇ ਨੇ ਆਦਰ ਦੇ ਨਾਲ ਇੱਕ ਸਾਫ ਕੱਪੜਾ ਜਮੀਨ ਉੱਤੇ ਵਿਛਾ ਕੇ ਪ੍ਰਭੂ ਨੂੰ ਬੈਠਣ ਦੀ ਪ੍ਰਾਰਥਨਾ ਕੀਤੀ। ਪ੍ਰਭੂ ਉਸ ਕੱਪੜੇ ਉੱਤੇ ਬੈਠ ਗਏ। ਤਦ ਉਸ ਪਾਂਡੇ ਨੇ ਆਪ ਚਰਣ ਧੋਤੇ ਅਤੇ ਚਰਨਾਅੰਮ੍ਰਿਤ ਨੂੰ ਪਾਤਰ ਵਿੱਚ ਵਾਪਿਸ ਪਾ ਲਿਆ। ਪ੍ਰਭੂ ਕਬੀਰ ਜੀ ਨੇ ਕਿਹਾ ਪਾਂਡੇ ਚਾਲੀ ਦਿਨ ਤੱਕ ਇਸਨੂੰ ਪੀਣਾ ਵੀ ਅਤੇ ਇਸ਼ਨਾਨ ਕਰਨ ਵਾਲ਼ੇ ਜਲ ਵਿੱਚ ਕੁੱਝ ਪਾ ਕੇ ਇਸ਼ਨਾਨ ਕਰਦੇ ਰਹਿਣਾ। ਚਾਲੀਵੇਂ ਦਿਨ ਤੇਰਾ ਕੋਹੜ ਸਮਾਪਤ ਹੋਵੇਗਾ ਅਤੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਜਗਨਨਾਥ ਜੀ ਦੇ ਮੰਦਿਰ ਵਿੱਚ ਕਿਸੇ ਨੇ ਛੂਆਛਾਤ ਕੀਤਾ ਤਾਂ ਉਸਨੂੰ ਵੀ ਦੰਡ ਮਿਲੇਗਾ। ਸਭ ਮੌਜੂਦ ਵਿਅਕਤੀਆਂ ਨੇ ਵਚਨ ਦਿੱਤਾ ਕਿ ਅੱਜ ਤੋਂ ਬਾਅਦ ਇਸ ਪਵਿੱਤਰ ਸਥਾਨ ਉੱਤੇ ਕੋਈ ਛੂਆ-ਛਾਤ ਨਹੀਂ ਕੀਤੀ ਜਾਵੇਗੀ।

ਵਿਚਾਰ ਕਰੋ:- ਹਿੰਦੁਸਤਾਨ ਦਾ ਇੱਕ ਹੀ ਮੰਦਿਰ ਅਜਿਹਾ ਹੈ ਜਿੱਥੇ ਸ਼ੁਰੂ ਤੋਂ ਹੀ ਛੂਆ-ਛਾਤ ਨਹੀਂ ਰਹੀ ਹੈ। ਮੈਨੂੰ ਦਾਸ ਨੂੰ ਵੀ ਉਹ ਸਥਾਨ ਦੇਖਣ ਦਾ ਮੌਕਾ ਪ੍ਰਾਪਤ ਹੋਇਆ। ਕਈ ਸੇਵਕਾਂ ਦੇ ਨਾਲ਼ ਉਸ ਸਥਾਨ ਨੂੰ ਦੇਖਣ ਦੇ ਲਈ ਗਿਆ ਸੀ ਕਿ ਕੁੱਝ ਪ੍ਰਮਾਣ ਪ੍ਰਾਪਤ ਕਰਾਂ। ਉੱਥੇ ਸਭ ਪ੍ਰਮਾਣ ਅੱਜ ਵੀ ਗਵਾਹ ਮਿਲੇ। ਜਿਸ ਪੱਥਰ (ਚੌਰਾ) ਉੱਤੇ ਬੈਠ ਕੇ ਕਬੀਰ ਪ੍ਰਮੇਸ਼ਵਰ ਜੀ ਨੇ ਮੰਦਿਰ ਨੂੰ ਬਚਾਉਣ ਦੇ ਲਈ ਸਮੁੰਦਰ ਨੂੰ ਰੋਕਿਆ ਸੀ ਉਹ ਅੱਜ ਵੀ ਮੌਜੂਦ ਹੈ। ਉਸਦੇ ਉੱਪਰ ਇੱਕ ਯਾਦਗਾਰ ਰੂਪ ਵਿੱਚ ਗੁੰਬਦ ਬਣਾਇਆ ਹੋਇਆ ਹੈ। ਉੱਥੇ ਬਹੁਤ ਪੁਰਾਤਨ ਮਹੰਤ (ਰੱਖਵਾਲਾ) ਪ੍ਰੰਪਰਾ ਤੋਂ ਇੱਕ ਆਸ਼ਰਮ ਵੀ ਮੌਜੂਦ ਹੈ। ਉੱਥੇ ਲਗਭਗ 70 ਸਾਲ ਦੇ ਬਿਰਧ ਮਹੰਤ ਜੀ ਤੋਂ ਉਪਰੋਕਤ ਮੰਦਿਰ ਦੀ ਸਮੁੰਦਰ ਤੋਂ ਰੱਖਿਆ ਦੀ ਜਾਣਕਾਰੀ ਚਾਹੀ ਤਾਂ ਉਸਨੇ ਵੀ ਇਹੀ ਦੱਸਿਆ ਅਤੇ ਕਿਹਾ ਕਿ ਮੇਰੇ ਪੂਰਵਜ ਕਈ ਪੀੜ੍ਹੀਆ ਤੋਂ ਇੱਥੇ ਮਹੰਤ (ਰੱਖਵਾਲੇ) ਰਹੇ ਹਨ। ਇੱਥੇ ਹੀ ਸ਼੍ਰੀ ਧਰਮਦਾਸ ਸਾਹਿਬ ਤੇ ਉਨ੍ਹਾਂ ਦੀ ਪਤਨੀ ਭਗਤਮਤੀ ਆਮਨੀ ਦੇਵੀ ਨੇ ਸਰੀਰ ਤਿਆਗਿਆ ਸੀ। ਦੋਵਾਂ ਦੀਆਂ ਸਮਾਧੀਆਂ ਵੀ ਨਾਲ-2 ਬਣੀਆਂ ਦਿਖਾਈਆਂ।

ਫਿਰ ਅਸੀਂ ਸ਼੍ਰੀ ਜਗਨਨਾਥ ਜੀ ਦੇ ਮੰਦਿਰ ਵਿੱਚ ਗਏ। ਉੱਥੇ ਮੂਰਤੀ ਪੂਜਾ ਅੱਜ ਵੀ ਨਹੀਂ ਹੈ। ਪ੍ਰੰਤੂ ਪ੍ਰਦਰਸ਼ਨੀ ਜ਼ਰੂਰ ਲਗਾਈ ਹੋਈ ਹੈ।

ਜੋ ਤਿੰਨ ਮੂਰਤੀਆਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਅਤੇ ਸ਼੍ਰੀ ਬਲਰਾਮ ਜੀ ਅਤੇ ਭੈਣ ਸੁਭੱਦਰਾ ਜੀ ਦੀਆਂ ਮੰਦਿਰ ਦੇ ਅੰਦਰ ਸਥਾਪਿਤ ਹਨ, ਉਨ੍ਹਾਂ ਦੇ ਦੋਵਾਂ ਹੱਥਾਂ ਦੇ ਪੰਜੇ ਨਹੀਂ ਹਨ, ਦੋਵੇਂ ਹੱਥ ਟੁੰਡੇ ਹਨ। ਉਹਨਾਂ ਮੂਰਤੀਆਂ ਦੀ ਪੂਜਾ ਨਹੀਂ ਹੁੰਦੀ, ਸਿਰਫ ਦਰਸ਼ਨ ਲਈ ਰੱਖੀਆਂ ਹੋਈਆਂ ਹਨ। ਉੱਥੇ ਇੱਕ ਗਾਇਡ ਪਾਂਡੇ ਨੂੰ ਪੁੱਛਿਆ ਕਿ ਸੁਣਿਆ ਹੈ ਕਿ ਇਹ ਮੰਦਿਰ ਪੰਜ ਵਾਰ ਸਮੁੰਦਰ ਨੇ ਤੋੜਿਆ ਸੀ, ਦੁਬਾਰਾ ਬਣਵਾਇਆ ਸੀ।

ਸਮੁੰਦਰ ਨੇ ਕਿਉਂ ਤੋੜਿਆ? ਫਿਰ ਕਿਸਨੇ ਸਮੁੰਦਰ ਨੂੰ ਰੋਕਿਆ। ਪਾਂਡੇ ਨੇ ਕਿਹਾ ਇੰਨਾ ਤਾਂ ਮੈਨੂੰ ਪਤਾ ਨਹੀਂ। ਇਹ ਸਾਰੀ ਕਿਰਪਾ ਜਗਨਨਾਥ ਜੀ ਦੀ ਸੀ, ਉਨ੍ਹਾਂ ਨੇ ਹੀ ਸਮੁੰਦਰ ਨੂੰ ਰੋਕਿਆ ਸੀ, ਸੁਣਿਆ ਤਾਂ ਹੈ ਕਿ ਸਮੁੰਦਰ ਨੇ ਤਿੰਨ ਵਾਰ ਮੰਦਿਰ

ਨੂੰ ਤੋੜਿਆ ਸੀ। ਮੈਂ ਫਿਰ ਪ੍ਰਸ਼ਨ ਕੀਤਾ ਪਹਿਲੀ ਵਾਰ ਹੀ ਕਿਉਂ ਨਾ ਸਮੁੰਦਰ ਨੂੰ ਪ੍ਰਭੂ ਨੇ ਰੋਕਿਆ। ਪਾਂਡੇ ਨੇ ਉੱਤਰ ਦਿੱਤਾ ਲੀਲਾ ਹੈ ਜਗਨਨਾਥ ਦੀ।

ਮੈਂ ਫਿਰ ਪੁੱਛਿਆ ਇਸ ਮੰਦਿਰ ਵਿੱਚ ਛੂਆਛਾਤ ਹੈ ਕਿ ਨਹੀਂ? ਉਸਨੇ ਕਿਹਾ ਕਿ ਜਦੋਂ ਤੋਂ ਮੰਦਿਰ ਬਣਿਆ ਹੈ ਇੱਥੇ ਕੋਈ ਛੂਆਛਾਤ ਨਹੀਂ। ਮੰਦਿਰ ਵਿੱਚ ਸ਼ੂਦਰ ਅਤੇ ਪਾਂਡਾ ਇੱਕ ਥਾਲੀ ਜਾਂ ਪੱਤਲ ਵਿੱਚ ਖਾਣਾ ਖਾ ਸਕਦੇ ਹਨ ਕੋਈ ਮਨ੍ਹਾਂ ਨਹੀਂ ਕਰਦਾ। ਮੈਂ ਪ੍ਰਸ਼ਨ ਕੀਤਾ ਪਾਂਡੇ ਜੀ ਹਿੰਦੂ ਮੰਦਿਰਾਂ ਵਿੱਚ ਤਾਂ ਪਹਿਲਾਂ ਬਹੁਤ ਛੂਆਛਾਤ ਸੀ, ਇਸ ਵਿੱਚ ਕਿਉਂ ਨਹੀਂ? ਪ੍ਰਭੂ ਤਾਂ ਉਹੀ ਹੈ। ਪਾਂਡੇ ਦਾ ਉੱਤਰ ਸੀ ਲੀਲਾ ਹੈ ਜਗਨਨਾਥ ਦੀ।

ਹੁਣ ਪੁੰਨ ਆਤਮਾਵਾਂ ਵਿਚਾਰ ਕਰਨ ਸੱਚ ਨੂੰ ਕਿੰਨਾ ਦਬਾਇਆ ਗਿਆ ਹੈ, ਇੱਕ ਲੀਲਾ ਜਗਨਨਾਥ ਦੀ ਕਹਿ ਕੇ। ਪਵਿੱਤਰ ਯਾਦਗਾਰਾਂ ਸਤਿਕਾਰਯੋਗ ਹਨ, ਪ੍ਰੰਤੂ ਆਤਮ ਕਲਿਆਣ ਤਾਂ ਸਿਰਫ ਪਵਿੱਤਰ ਗੀਤਾ ਜੀ ਤੇ ਪਵਿੱਤਰ ਵੇਦਾਂ ਵਿੱਚ ਵਰਣਿਤ ਅਤੇ ਪ੍ਰਮੇਸ਼ਵਰ ਕਬੀਰ ਜੀ ਦੁਆਰਾ ਦਿੱਤੇ ਤੱਤਵਗਿਆਨ ਦੇ ਅਨੁਸਾਰ ਭਗਤੀ ਸਾਧਨਾ ਕਰਨ ਮਾਤਰ ਨਾਲ ਹੀ ਸੰਭਵ ਹੈ, ਨਹੀਂ ਤਾਂ ਸ਼ਾਸ਼ਤਰ ਵਿਰੁੱਧ ਹੋਣ ਨਾਲ ਮਾਨਵ ਜੀਵਨ ਵਿਅਰਥ ਹੋ ਜਾਵੇਗਾ। ਪ੍ਰਮਾਣ ਗੀਤਾ ਅਧਿਆਇ 16 ਮੰਤਰ 23-24 ਸ਼੍ਰੀ ਜਗਨਨਾਥ ਦੇ ਮੰਦਿਰ ਵਿੱਚ ਪ੍ਰਭੂ ਦੇ ਆਦੇਸ਼ ਅਨੁਸਾਰ ਪਵਿੱਤਰ ਗੀਤਾ ਜੀ ਦੇ ਗਿਆਨ ਦੀ ਮਹਿਮਾ ਦਾ ਗੁਣਗਾਣ ਹੋਣਾ ਹੀ ਵਧੀਆ ਹੈ ਅਤੇ ਜਿਵੇਂ ਸ਼੍ਰੀਮਦ ਭਗਵਤ ਗੀਤਾ ਜੀ ਵਿੱਚ ਭਗਤੀ ਵਿਧੀ ਹੈ ਉਸੇ ਤਰ੍ਹਾਂ ਸਾਧਨਾ ਕਰਨ ਨਾਲ ਹੀ ਆਤਮ ਕਲਿਆਣ ਸੰਭਵ ਹੈ, ਨਹੀਂ ਤਾਂ ਜਗਨਨਾਥ ਜੀ ਦੇ ਦਰਸ਼ਨ ਮਾਤਰ ਜਾਂ ਖਿਚੜੀ ਪ੍ਰਸ਼ਾਦ ਖਾਣ ਮਾਤਰ ਨਾਲ ਹੀ ਕੋਈ ਲਾਭ ਨਹੀਂ, ਕਿਉਂਕਿ ਇਹ ਕਿਰਿਆ ਸ਼੍ਰੀ ਗੀਤਾ ਜੀ ਵਿੱਚ ਵਰਣਿਤ ਨਾ ਹੋਣ ਤੇ ਸ਼ਾਸ਼ਤਰ ਵਿਰੁੱਧ ਹੋਈ, ਜੋ ਅਧਿਆਇ 16 ਮੰਤਰ 23-24 ਵਿੱਚ ਪ੍ਰਮਾਣ ਹੈ।

## "ਜਗਨਨਾਥ ਦੇ ਪਾਂਡੇ ਦੀ ਕਬੀਰ ਜੀ ਦੁਆਰਾ ਰੱਖਿਆ"

ਕਾਸ਼ੀ ਸ਼ਹਿਰ ਵਿਚ ਬੈਠੇ ਕਬੀਰ ਪਰਮੇਸ਼ਵਰ ਜੀ ਨੇ ਜਗਨਨਾਥ ਮੰਦਰ ਦੇ ਪਾਂਡੇ ਦੇ ਪੈਰਾਂ ਨੂੰ ਗਰਮ ਖਿਚੜੀ ਪ੍ਰਸ਼ਾਦ ਨਾਲ ਸੜਨ ਤੋਂ ਬਚਾਇਆ । ਪ੍ਰਕਰਣ ਇਸ ਪ੍ਰਕਾਰ ਹੈ:-

ਇਕ ਸਮੇਂ ਦਿੱਲੀ ਦਾ ਰਾਜਾ ਸਿਕੰਦਰ ਲੋਧੀ ਕਾਸ਼ੀ ਸ਼ਹਿਰ ਵਿੱਚ ਗਿਆ ਹੋਇਆ ਸੀ। ਬੰਦੀ ਛੋੜ ਕਬੀਰ ਪਰਮੇਸ਼ਵਰ ਜੀ ਆਪਣੇ ਨਾਲ ਭਗਤ ਰਵਿਦਾਸ ਜੀ ਨੂੰ ਲੈ ਕੇ ਰਾਜ ਦਰਬਾਰ ਵਿੱਚ ਸੁਭਾਵਿਕ ਪਹੁੰਚ ਗਏ। ਦੋਵਾਂ ਨੂੰ ਵਧੀਆ ਆਸਣ ਬੈਠਣ ਲਈ ਦਿੱਤਾ ਅਤੇ ਰਾਜਾ ਸਿਕੰਦਰ ਲੋਧੀ ਅਤੇ ਕਾਸ਼ੀ ਨਰੇਸ਼ ਵੀਰ ਦੇਵ ਸਿੰਘ ਬਘੇਲ ਵੀ ਕੋਲ਼ ਹੀ ਬੈਠ ਗਏ।


ਕੁੱਝ ਸਮੇਂ ਬਾਅਦ ਪਰਮੇਸ਼ਵਰ ਕਬੀਰ ਜੀ ਨੇ ਆਪਣੇ ਪੈਰ ਉਪਰ ਕਮੰਡਲ ( ਇਕ ਪਾਣੀ ਦਾ ਭਰਿਆ ਲੋਟਾ ਜੋ ਕਬੀਰ ਜੀ ਨਾਲ ਹੀ ਰਖਦੇ ਸੀ) ਤੋਂ ਪਾਣੀ ਪਾਇਆ ਤਾਂ ਸਿਕੰਦਰ ਰਾਜਾ ਅਤੇ ਵੀਰ ਦੇਵ ਸਿੰਘ ਬਘੇਲ ਨੇ ਪੁੱਛਿਆ ਕਿ ਮਹਾਤਮਾ ਜੀ ਤੁਸੀਂ ਆਪਣੇ ਪੈਰ ਉੱਪਰ ਪਾਣੀ ਕਿਉਂ ਪਾਇਆ ? ਪਰਮੇਸ਼ਵਰ ਕਬੀਰ ਜੀ ਨੇ ਉੱਤਰ ਦਿੱਤਾ ਕਿ ਜਗਨਨਾਥ ਪੁਰੀ ਵਿਚ ਇਕ ਰਾਮਸਹਾਯ ਪਾਂਡਾ ਖਿਚੜੀ ਪ੍ਰਸ਼ਾਦ ਉਤਾਰ ਰਿਹਾ ਸੀ। ਗਰਮ ਖਿਚੜੀ ਉਸਦੇ ਪੈਰ ਉਪਰ ਡਿੱਗ ਗਈ। ਉਸ ਦੇ ਪੈਰ ਨੂੰ ਜਲਣ ਤੋਂ ਬਚਾਇਆ ਹੈ। ਇਹ ਪਾਣੀ ਉਸਦੇ ਪੈਰ ਉਪਰ ਪਿਆ ਹੈ।



ਇਸ ਗੱਲ ਦੀ ਸੱਚਾਈ ਨੂੰ ਜਾਣਨ ਲਈ ਰਾਜਿਆਂ ਨੇ ਤੁਰੰਤ ਦੋ ਸਿਪਾਹੀ ਭੇਜੇ ਜਿਹੜੇ ਊਠਾਂ ਉੱਤੇ ਸਵਾਰ ਹੋ ਕੇ ਜਗਨਨਾਥ ਪੁਰੀ ਦੇ ਮੰਦਰ ਵਿੱਚ 10 ਦਿਨਾਂ ਵਿੱਚ ਪਹੁੰਚੇ। ਉੱਥੇ ਜਾ ਕੇ ਪਤਾ ਕੀਤਾ ਅਤੇ ਉਸੇ ਰਾਮਸਹਾਯ ਪਾਂਡੇ ਤੋਂ ਪੁੱਛਿਆ। ਉੱਥੇ ਉਸ ਸਮੇਂ ਮੌਜੂਦ ਕਈ ਪਾਂਡੇ ਵੀ ਘਟਨਾ ਦੇ ਗਵਾਹ ਸਨ। ਉਨ੍ਹਾਂ ਸਾਰਿਆਂ ਨੇ ਦੱਸਿਆ ਕਿ ਕਬੀਰ ਜੀ ਇੱਥੇ ਮੰਦਰ ਵਿੱਚ ਮੌਜੂਦ ਸਨ। ਮੈਂ ਖਿਚੜੀ ਪ੍ਰਸ਼ਾਦ ਦਾ ਮਟਕਾ ਉਤਾਰ ਰਿਹਾ ਸੀ। ਉਬਲਦਾ ਪ੍ਰਸ਼ਾਦ ਮੇਰੇ ਇਸ ਪੈਰ ਉੱਪਰ ਪਿਆ। ਉਸ ਸਮੇਂ ਕਬੀਰ ਜੀ ਨੇ ਆਪਣੇ ਕਮੰਡਲ ਤੋਂ ਹਿਮ ਜਲ ( ਬਰਫ਼ ਜਿਹਾ ਸ਼ੀਤਲ ਜਲ) ਮੇਰੇ ਪੈਰ ਉਪਰ ਪਾਇਆ। ਮੇਰੀ ਚੀਕ ਨਿਕਲ ਗਈ ਸੀ, ਬਹੁਤ ਸਾਰੇ ਵਿਅਕਤੀ ਇੱਥੇ ਇਕੱਠੇ ਹੋ ਗਏ ਸਨ। ਮੈਨੂੰ ਤੁਰੰਤ ਰਾਹਤ ਮਿਲ ਗਈ। ਨਹੀਂ ਤਾਂ ਮੇਰਾ ਪੈਰ ਜ਼ਲ ਜਾਂਦਾ। ਸਿਪ-ਾਹੀਆਂ ਨੇ ਪੁੱਛਿਆ " ਕੌਣ ਕਬੀਰ ਹੈ ਜਿਸ ਨੇ ਤੇਰੇ ਪੈਰ ਉਪਰ ਸ਼ੀਤਲ ਜਲ ਪਾਇਆ ਸੀ।" ਰਾਮਸਹਾਯ ਨੇ ਦੱਸਿਆ ਕਿ ਕਾਸ਼ੀ ਵਾਲਾ ਜੁਲਾਹਾ ਕਬੀਰ ਸੀ। ਉਹ ਪ੍ਰਤੀਦਿਨ ਇੱਥੇ ਆਉਂਦੇ ਹਨ। ਕੁਝ ਸਤਸੰਗ ਕਰਦੇ ਹਨ।

ਇਹ ਸਾਰਾ ਵਿਰਤਾਂਤ ਲਿਖਵਾ ਕੇ ਸਿਪਾਹੀ ਆਏ ਅਤੇ ਘਟਨਾ ਸੱਚੀ ਦੱਸੀ । ਦੋਵਾਂ ਰਾਜਿਆਂ ਨੂੰ ਹੈਰਾਨੀ ਹੋਈ ਅਤੇ ਕਿਹਾ ਧਰਤੀ ਉਤੇ ਰਾਮ ਰਹੀਮ ਖੁਦ ਆਏ ਹਨ। ਇਹ ਕੇਵਲ ਜੁਲਾਹਾ ( ਕੱਪੜਾ ਬੁਣਨ ਵਾਲੇ) ਹੀ ਨਹੀਂ ਹਨ। ਇਹ ਤਾਂ ਸੰਸਾਰ ਦੇ ਵੀ ਨਿਰਮਾਤਾ ਹਨ।

## "ਗੰਗਾ ਵਿੱਚ ਪਿੱਤਰਾਂ ਨੂੰ ਪਾਣੀ ਦੇ ਰਹੇ ਪੰਡਿਤਾਂ ਦਾ ਭਰਮ ਨਿਵਾਰਣ"



ਪਰਮੇਸ਼ਵਰ ਕਬੀਰ ਜੀ ਸਵੇਰੇ ਗੰਗਾ ਦਰਿਆ ਤੇ ਗਏ ਜੋ ਕਾਸ਼ੀ ਨਗਰ ਦੇ ਕੋ.ਲ ਹੀ ਵਹਿੰਦੀ ਸੀ ਉੱਥੇ ਕੁੱਝ ਮਨਮੁਖੀ ਬ੍ਰਾਹਮਣ ਗੰਗਾ ਦੇ ਪਾਣੀ ਨੂੰ ਸੂਰਜ ਦੇ ਵੱਲ ਮੂੰਹ ਕਰਕੇ ਹੱਥਾਂ ਨਾ.ਲ ਅਤੇ ਲੋਟੇ ਨਾਲ ਵਾਪਿਸ ਪਾ ਰਹੇ ਸਨ। ਪਰਮੇਸ਼ਵਰ ਕਬੀਰ ਜੀ ਗੰਗਾ ਦਰਿਆ ਵਿੱਚ ਜਾ ਕੇ ਗੰਗਾ ਦਰਿਆ ਦੇ ਪਾਣੀ ਨੂੰ ਕਿਨਾਰਿਆਂ ਤੋਂ ਬਾਹਰ ਦੋਵਾਂ ਹੱਥਾਂ ਨਾਲ ਸੁੱਟਣ ਲੱਗੇ।

ਬ੍ਰਾਹਮਣਾਂ ਨੇ ਪੁੱਛਿਆ ਕਿ ਹੇ ਕਬੀਰ ਜੀ ! ਤੁਸੀਂ ਕੀ ਕਰ ਰਹੇ ਹੋ। ਪਰਮੇਸ਼ਵਰ ਕਬੀਰ ਜੀ ਨੇ ਬ੍ਰਾਹਮਣਾਂ ਤੋਂ ਪੁੱਛਿਆ ਕਿ ਤੁਸੀਂ ਕੀ ਕਰ ਰਹੇ ਹੋ? ਬ੍ਰਾਹਮਣਾਂ ਨੇ ਉੱਤਰ ਦਿੱਤਾ :- ਅਸੀਂ ਆਪਣੇ ਪਿੱਤਰਾਂ ਨੂੰ ਸਵਰਗ ਵਿੱਚ ਪਾਣੀ ਭੇਜ ਰਹੇ ਹਾਂ। ਪਰਮੇਸ਼ਵਰ ਕਬੀਰ ਸਾਹਿਬ ਜੀ ਨੇ ਕਿਹਾ ਕਿ ''ਮੈਂ ਆਪਣੇ ਘਰ ਦੇ ਸਾਹਮਣੇ ਬਗੀਚੀ ਲਗਾਈ ਹੈ, ਉਸ ਦੀ ਸਿੰਚਾਈ ਕਰ ਰਿਹਾ ਹਾਂ। ਇਹ ਸੁਣ ਕੇ ਸਾਰੇ ਬ੍ਰਾਹਮਣ ਹੱਸਣ ਲੱਗੇ ਅਤੇ ਕਿਹਾ ਕਿ ਪਾਣੀ ਤਾਂ ਇੱਥੇ ਧਰਤੀ ਉੱਤੇ ਡਿੱਗ ਰਿਹਾ ਹੈ ਇਹ ਉੱਥੇ ਕਿਵੇਂ ਜਾਵੇਗਾ? ਕਬੀਰ ਸਾਹਿਬ ਜੀ ਨੇ ਕਿਹਾ ਕਿ ਆਪ ਜੀ ਨੇ ਵੀ ਤਾਂ ਪਾਣੀ ਇਸ ਧਰਤੀ ਉੱਤੇ ਪਾਇਆ ਹੈ। ਜੇਕਰ ਤੁਹਾਡਾ ਪਾਣੀ ਕਰੋੜਾਂ ਕਿਲੋਮੀਟਰ ਦੂਰ ਸਵਰਗ ਵਿੱਚ ਆਕਾਸ਼ ਵਿੱਚ ਜਾ ਸਕਦਾ ਹੈ ਤਾਂ ਮੇਰੇ ਵਾਲੇ ਪਾਣੀ ਨੂੰ ਅੱਧਾ ਕਿਲੋਮੀਟਰ ਜਾਣ ਵਿੱਚ ਕੀ ਔਕੜ ਆਵੇਗੀ। ਇਹ ਤਰਕ ਸੁਣ ਕੇ ਸਾਰੇ ਨਿਰਉੱਤਰ ਹੋ ਗਏ। ਸੱਚ ਨੂੰ ਜਾਣ ਕੇ ਕਬੀਰ ਜੀ ਦੇ ਅਨੁਯਾਈ ਬਣੇ। ਕਬੀਰ ਸਾਹਿਬ ਨੇ ਕਿਹਾ ਕਿ ਤੁਸੀਂ ਇਹ ਵੀ ਕਹਿ ਰਹੇ ਹੋ ਕਿ ਤੁਹਾਡੇ ਪਿੱਤਰ (ਮਾਤਾ ਪਿਤਾ,ਦਾਦਾ ਦਾਦੀ) ਸਵਰਗ ਵਿੱਚ ਹਨ। ਫਿਰ ਤੁਸੀਂ ਇਹ ਵੀ ਮੰਨਦੇ ਹੋ ਕਿ ਉੱਥੇ ਉਹਨਾਂ ਨੂੰ ਪਾਣੀ ਨਹੀਂ ਮਿਲ ਰਿਹਾ। ਤੁਸੀਂ ਇੱਥੋਂ ਭੇਜ ਰਹੇ ਹੋ। ਤੁਸੀਂ ਇਹ ਵੀ ਮੰਨਦੇ ਹੋ ਕਿ ਸਵਰਗ ਵਿੱਚ ਕਿਸੇ ਵੀ ਵਸਤੂ ਦੀ ਘਾਟ ਨਹੀਂ

ਹੈ। ਪਰਮਾਤਮਾ ਕਬੀਰ ਜੀ ਦੱਸ ਰਹੇ ਹਨ ਕਿ ਤੁਹਾਨੂੰ ਭਰਮਿਤ ਗਿਆਨ ਪ੍ਰਾਪਤ ਹੈ। ਤੁਹਾਡੀ ਭਗਤੀ ਵਿਧੀ ਸ਼ਾਸਤਰ ਵਿਰੁੱਧ ਹੈ। ਇਸ ਦੇ ਲਈ ਤੁਹਾਡੇ ਪਿੱਤਰਾਂ ਨੂੰ ਲਾਭ ਤਾਂ ਦੂਰ ਰਿਹਾ ਤੁਹਾਨੂੰ ਵੀ ਲਾਭ ਨਹੀਂ ਮਿਲੇਗਾ ਮੇਰੇ ਕੋ਼ਲ ਉਹ ਸ਼ਾਸਤਰ ਅਨੁਕੂਲ ਭਗਤੀ ਹੈ। ਜਿਸ ਦੇ ਨਾਲ ਤੁਹਾਡਾ ਅਤੇ ਤੁਹਾਡੇ ਪਿੱਤਰਾਂ ਦਾ ਕਲਿਆਣ ਹੋ ਜਾਵੇਗਾ ।

ਜਿਸ ਭਗਤੀ ਦੀ ਸ਼ਕਤੀ ਨਾ਼ਲ ਇੱਥੇ ਪਾਇਆ ਪਾਣੀ ਕਿੱਥੇ ਹੋਰ ਡਿੱਗੇ ਉਹ ਆਪ ਦੇ ਕੋ਼ਲ ਨਹੀਂ ਹੈ। ਮੈਂ ਕਾਸ਼ੀ ਵਿੱਚ ਆਪਣੇ ਪੈਰ ਉੱਤੇ ਪਾਣੀ ਪਾਇਆ ਸੀ।ਉਹ ਜਗਨਨਾਥ ਪੁਰੀ ਦੇ ਪੰਡਿਤ ਦੇ ਪੈਰ ਉੱਤੇ ਪਾਉਣ ਦੇ ਉਦੇਸ਼ ਤੋਂ ਪਾਇਆ ਸੀ।ਮੈਂ ਖੁਦ ਉੱਥੇ ਪਹੁੰਚ ਕੇ ਉਸ ਦੀ ਰੱਖਿਆ ਕੀਤੀ ਸੀ। ਜੇਕਰ ਤੁਸੀਂ ਮੇਰੀ ਦੱਸੀ ਭਗਤੀ ਕਰੋਂਗੇ ਤਾਂ ਤੁਹਾਡੇ ਅਤੇ ਤੁਹਾਡੇ ਪਿੱਤਰਾਂ ਨੂੰ ਮੈਂ ਖੁਦ ਉੱਥੇ ਜਾ ਕੇ ਤ੍ਰਿਪਤ ਕਰਾਂਗਾ। ਤੁਹਾਡਾ ਅਤੇ ਤੁਹਾਡੇ ਪਿੱਤਰਾਂ ਦਾ ਕਲਿਆਣ ਹੋ ਜਾਵੇਗਾ। ਸਾਰੇ ਬ੍ਰਾਹਮਣ ਅਤੇ ਹੋਰ ਮੌਜੂਦ ਵਿਅਕਤੀਆਂ ਨੇ ਪਰਮਾਤਮਾ ਕਬੀਰ ਸਾਹਿਬ ਤੋਂ ਉਪਦੇਸ਼ ਲਿਆ।

## "ਝੋਟੇ ਤੋਂ ਵੇਦ ਮੰਤਰ ਬੁਲਾਉਣਾ"


ਸੁਆਮੀ ਰਾਮਾਨੰਦ ਜੀ ਨੇ ਧਰਤੀ ਉੱਤੇ ਪ੍ਰਗਟ ਕਬੀਰ ਪਰਮੇਸ਼ਵਰ ਨੂੰ ਪਛਾਣ ਲਿਆ ਸੀ। ਪਰ ਪਰਮਾਤਮਾ ਦੇ ਆਦੇਸ਼ਾਂ ਅਨੁਸਾਰ ਉਹਨਾਂ ਨੇ ਇਹ ਗੁਪਤ ਰੱਖਿਆ ਹੋਇਆ ਸੀ ਅਤੇ ਕਬੀਰ ਪਰਮਾਤਮਾ ਜੀ ਦੇ ਗੁਰੂ ਵੀ ਉਹਨਾਂ ਦੀ ਬੇਨਤੀ ਤੋਂ ਬਣੇ ਸੀ। ਸੁਆਮੀ ਰਾਮਾਨੰਦ ਜੀ ਜਿੱਥੇ ਵੀ ਕਿਸੇ ਸਤਿਸੰਗ ਸਮਾਗਮ ਵਿੱਚ ਜਾਂਦੇ ਸੀ ਤਾਂ ਕਬੀਰ ਜੀ ਨੂੰ ਜ਼ਰੂਰ ਨਾਲ ਲੈ ਕੇ ਜਾਂਦੇ ਸੀ। ਇੱਕ ਸਮੇਂ ਇੱਕ ਤੋਤਾਦ੍ਰੀ ਨਾਮ ਦੇ ਸਥਾਨ ਤੇ ਸਤਿਸੰਗ ਸੀ। ਦੂਰ ਦੂਰ ਤੋਂ ਬ੍ਰਾਹਮਣ ਵਿਦਵਾਨ ਸੱਦੇ ਉੱਤੇ ਪਹੁੰਚੇ। ਸੁਆਮੀ ਰਾਮਾਨੰਦ ਜੀ ਵੀ ਪਰਮੇਸ਼ਵਰ ਕਬੀਰ ਜੀ ਦੇ ਨਾ਼ਲ ਉਸ ਸਤਿਸੰਗ ਵਿੱਚ ਸ਼ਾਮਿਲ ਹੋਏ । ਸਤਿਸੰਗ ਵਿੱਚ ਇੱਕ ਬ੍ਰਾਹਮਣ ਜੋ ਉੱਥੋਂ ਦਾ ਪ੍ਰਮੁੱਖ ਮੰਡਲੇਸ਼ਵਰ ਸੀ ਜੋ ਸਮਾਗਮ ਕਰ ਰਿਹਾ ਸੀ। ਉਹ ਪ੍ਰਵਚਨ ਕਰ ਰਿਹਾ ਸੀ ਕਿ ਭਗਵਾਨ ਰਾਮ ਚੰਦਰ ਜੀ ਨੇ ਸ਼ੂਦਰ ਭੀਲਣੀ (ਸਬਰੀ) ਦੇ ਜੂਠੇ ਬੇਰ ਖਾਧੇ, ਥੋੜ੍ਹਾ ਜਿਹਾ ਵੀ ਸੰਕੋਚ ਨਹੀਂ ਕੀਤਾ,ਇਸ ਤਰ੍ਹਾਂ ਹੀ ਸਾਧੂ ਸੰਤਾਂ ਦੀ ਸਮਦ੍ਰਿਸ਼ਟੀ ਹੋਣੀ ਚਾਹੀਦੀ।

ਸਤਿਸੰਗ ਦੇ ਬਾਅਦ ਭੋਜਨ ਭੰਡਾਰਾ ਸ਼ੁਰੂ ਹੋਇਆ। ਪ੍ਰਮੁੱਖ ਪੰਡਿਤਾਂ ਨੂੰ ਪਤਾ ਚੱਲਿਆ ਕਿ ਸੁਆਮੀ ਰਾਮਾਨੰਦ ਜੀ ਦੇ ਨਾਲ ਕਬੀਰ ਜੁਲਾਹਾ ਸ਼ੂਦਰ ਆਇਆ ਹੈ। ਉਹ ਰਾਮਾਨੰਦ ਬ੍ਰਾਹਮਣ ਦੇ ਨਾਲ ਸਾਡੇ ਬ੍ਰਾਹਮਣਾਂ ਵਾਲੇ ਭੰਡਾਰ ਘਰ ਵਿੱਚ ਭੋਜਨ ਕਰਨ ਨਾਲ ਆਵੇਗਾ। ਜੇਕਰ ਮਨ੍ਹਾਂ ਕਰਾਂਗੇ ਤਾਂ ਰਾਮਾਨੰਦ ਜੀ ਨਾਰਾਜ਼ ਹੋ ਜਾਣਗੇ। ਇਸ ਲਈ ਯੁਕਤੀ ਨਾਲ ਕੰਮ ਲਿਆ। ਕਿਹਾ ਕਿ ਜੋ ਬ੍ਰਾਹਮਣਾਂ ਵਾਲੇ ਭੰਡਾਰੇ ਵਿੱਚ ਭੋਜਨ ਕਰਨ ਆਵੇਗਾ, ਉਸ ਨੂੰ ਵੇਦ ਦੇ ਚਾਰ ਮੰਤਰ ਸੁਣਾਣ ਤੇ ਹੀ ਪ੍ਰਵੇਸ਼ ਮਿਲੇਗਾ। ਸਾਰੇ ਬ੍ਰਾਹਮਣ ਚਾਰ ਚਾਰ ਵੇਦ ਮੰਤਰ ਸੁਣਾ ਕੇ ਪ੍ਰਵੇਸ਼ ਪਾ ਰਹੇ ਸੀ। ਜਦੋਂ ਪਰਮੇਸ਼ਵਰ ਕਬੀਰ ਜੀ ਦੀ ਵਾਰੀ ਆਈ ਤਾਂ ਉਹਨਾਂ ਨੂੰ ਵੀ ਕਿਹਾ ਕਿ ਚਾਰ ਵੇਦ ਮੰਤਰ ਸੁਣਾਓ। ਪਰਮੇਸ਼ਵਰ ਨੇ ਦੇਖਿਆ ਕਿ ਥੋੜ੍ਹੀ ਹੀ ਦੂਰੀ ਉੱਤੇ ਇੱਕ ਝੋਟਾ ਘਾਹ ਚੁੱਗ ਰਿਹਾ ਸੀ। ਪਰਮੇਸ਼ਰ ਕਬੀਰ ਸਾਹਿਬ ਜੀ ਨੇ ਮੂਲ ਮੰਤਰ (ਹੁਰਰ ਹੁਰਰ) ਤੇ ਬੁਲਾਇਆ, ਝੋਟਾ ਭੱਜਦਾ ਭੱਜਦਾ ਆਇਆ।ਫਿਰ ਕਬੀਰ ਸਾਹਿਬ ਨੇ ਉਸ ਝੋਟੇ ਦੀ ਪਿੱਠ ਉੱਤੇ ਥਾਪੀ ਹੱਥ ਨਾਲ ਲਾਈ ਅਤੇ ਕਿਹਾ ਕਿ ਝੋਟਾ ਜੀ ਇਹਨਾਂ ਪੰਡਿਤਾਂ ਨੂੰ ਵੇਦ ਦੇ ਚਾਰ ਮੰਤਰ ਸੁਣਾ ਦੇ। ਝੋਟੇ ਨੇ ਛੇ ਮੰਤਰ ਸੁਣਾ ਦਿੱਤੇ।

ਝੋਟੇ ਨੇ ਯਜੁਰਵੇਦ ਅਧਿਆਇ 5 ਮੰਤਰ ਨੰਬਰ 32, ਅਧਿਆਇ 29

ਮੰਤਰ ਨੰਬਰ 25, ਰਿਗਵੇਦ ਮੰਡਲ ਨੰਬਰ 9 ਸੁਕਤ ਨੰਬਰ 86 ਮੰਤਰ ਨੰਬਰ 26, ਰਿਗਵੇਦ ਮੰਡਲ ਨੰਬਰ 9 ਸੁਕਤ 96, ਮੰਤਰ ਨੰਬਰ 17, ਰਿਗਵੇਦ ਮੰਡਲ ਨੰਬਰ 9 ਸੁਕਤ 94 ਮੰਤਰ 1 ਅਤੇ ਸੁਕਤ 95 ਦਾ ਮੰਤਰ 2 ਸੁਣਾ ਦਿੱਤਾ। ਪਰਮੇਸ਼ਵਰ ਕਬੀਰ ਜੀ ਨੇ ਝੋਟੇ ਨੂੰ ਕਿਹਾ ਕਿ ਝੋਟਾ ਰਾਮ! ਪੰਡਿਤਾਂ ਨੂੰ ਇਹਨਾਂ ਸਾਰੇ ਵੇਦ ਮੰਤਰਾਂ ਦਾ ਅਨੁਵਾਦ ਕਰਕੇ ਵੀ ਸੁਣਾ ਦੇ। ਇਹਨਾਂ ਨੂੰ ਵੇਦ ਮੰਤਰਾਂ ਦਾ ਅਨੁਵਾਦ ਵੀ ਠੀਕ ਤਰ੍ਹਾਂ ਪਤਾ ਨਹੀਂ ਹੈ। ਝੋਟਾ ਰਾਮ ਨੇ ਅਨੁਵਾਦ ਸੁਣਾਇਆ:- ਗੀਤਾ ਅਧਿਆਇ 18 ਸਲੋਕ ਨੰਬਰ 62 ਵਿੱਚ ਜਿਸ ਪਰਮਾਤਮਾ ਦੀ ਸ਼ਰਣ ਵਿੱਚ ਗੀਤਾ ਗਿਆਨ ਦਾਤਾ ਨੇ ਜਾਣ ਦੇ ਲਈ ਕਿਹਾ ਹੈ, ਇਹਨਾਂ ਵੇਦ ਮੰਤਰਾਂ ਵਿੱਚ ਉਸ ਦਾ ਨਾਂ ਇੱਥੇ ਸਪੱਸ਼ਟ ਕੀਤਾ ਹੈ ਜੋ ਪਰਮ ਸ਼ਾਂਤੀ ਦਾਇਕ ਹੈ। (ਅੰਘਾਰੀ) ਸਾਰੇ ਪਾਪਾਂ ਦਾ ਦੁਸ਼ਮਣ ਅਰਥਾਤ ਪਾਪਨਾਸ਼ਕ ਹੈ। ਉਹ (ਕਵਿਰ੍) ਕਬੀਰ (ਬੰਭਾਰੀ) ਬੰਧਨਾਂ ਦਾ ਦੁਸ਼ਮਣ ਅਰਥਾਤ ਕਰਮ ਬੰਧਨ ਨੂੰ ਨਾਸ਼ ਕਰਨ ਵਾਲਾ = ਬੰਦੀ ਛੋੜ ਹੈ।

ਭਾਵ ਅਰਥ :- ਉਹ ਪਾਪ ਨਾਸ਼ ਕਰਨ ਵਾਲਾ ਬੰਦੀ ਛੋੜ ਕਬੀਰ ਹੈ। ਉਹ ਪੂਰਣ ਪਰਮਾਤਮਾ ਆਪਣੇ ਤੇਜੋਮਯ ਸਵਰੂਪ ਨੂੰ ਸਰਲ ਕਰਕੇ ਆਪਣੇ ਸਤਲੋਕ ਤੋਂ ਚੱਲ ਕੇ ਆਉਂਦਾ ਹੈ। ਚੰਗੀਆਂ ਆਤਮਾਵਾਂ ਨੂੰ ਮਿਲਦਾ ਹੈ, ਆਪਣੇ ਮੁੱਖ ਕਮਲ ਤੋਂ ਸੱਚੀ ਭਗਤੀ ਦਾ ਗਿਆਨ ਕਰਵਾਉਂਦਾ ਹੈ। ਉਹ ਕਵੀਆਂ ਦੀ ਤਰ੍ਹਾਂ ਆਚਰਣ ਕਰਦਾ ਹੋਇਆ ਧਰਤੀ ਤੇ ਵੀ ਵਿਚਰਣ ਕਰਦਾ ਹੈ। ਭਗਤੀ ਦੇ ਗੁਪਤ ਮੰਤਰ ਵੀ ਉਹ ਹੀ ਦੱਸਦਾ ਹੈ। ਉਹ ਪਰਮੇਸ਼ਵਰ ਮੇਰੇ ਅਤੇ ਆਪ ਦੇ ਕੋਲ ਇਹ ਕਬੀਰ (ਧਾਣਕ) ਜੁਲਾਹਾ ਖੜ੍ਹਾ ਹੈ।




ਕਬੀਰ ਪਰਮੇਸ਼ਵਰ ਜੀ ਨੇ ਕਿਹਾ ਕਿ ਹੇ ਵਿਦਵਾਨ ਝੋਟੇ ! ਤੁਸੀਂ ਬ੍ਰਾਹਮਣਾਂ ਵਾਲੇ ਲੰਗਰ ਵਿੱਚ ਭੋਜਨ ਪ੍ਰਸ਼ਾਦ ਖਾਓ । ਮੈਂ ਤਾਂ ਸਧਾਰਨ ਭੰਡਾਰੇ ਵਿੱਚ ਪ੍ਰਸ਼ਾਦ ਗ੍ਰਹਿਣ ਕਰ ਲਵਾਂਗਾ। ਮੌਜੂਦ ਪੰਡਿਤ ਸ਼ਰਮ ਨਾਲ ਪਾਣੀ ਪਾਣੀ ਹੋ ਗਏ ਅਤੇ ਮਾਫ਼ੀ ਮੰਗੀ। ਪਰਮੇਸ਼ਵਰ ਕਬੀਰ ਸਾਹਿਬ ਨੇ ਕਿਹਾ '' ਹੇ ਵਿਦਵਾਨੋ

! ਆਪ ਸਤਿਸੰਗ ਵਿੱਚ ਕੀ ਪ੍ਰਵਚਨ ਕਰ ਰਹੇ ਸੀ ਕਿ ਸ਼੍ਰੀ ਰਾਮ ਨੇ ਸ਼ਬਰੀ (ਭੀਲਣੀ) ਸ਼ੂਦਰ ਦੇ ਜੂਠੇ ਬੇਰ ਰੁਚੀ-ਰੁਚੀ ਖਾਧੇ ਸੀ। ਥੋੜ੍ਹਾ ਵੀ ਭੇਦ ਭਾਵ ਨਹੀਂ ਕੀਤਾ, ਖੁਦ ਭੇਦ ਭਾਵ ਕਰ ਰਹੇ ਹੋ ''

ਕਬੀਰ:- ਕਰਨੀ ਤਜ ਕਥਨੀ ਕਥੈਂ,ਅਗਿਆਨੀ ਦਿਨ-ਰਾਤ।
ਕੂਕਰ ਜਯੋਂ ਭੌਂਕਤ ਫਿਰੈਂ,ਸੁਨੀ ਸੁਨਾਈ ਬਾਤ॥


ਵੇਦਾਂ ਦੇ ਮੰਤਰ ਤਾਂ ਬ੍ਰਾਹਮਣਾਂ ਨੂੰ ਵੀ ਯਾਦ ਸੀ। ਪਰ ਅਨੁਵਾਦ ਦਾ ਗਿਆਨ ਨਹੀਂ ਸੀ। ਉਸ ਸਮੇਂ ਸਾਰੇ ਵਿਦਵਾਨਾਂ ਅਤੇ ਪਰਮਾਤਮਾ ਨੂੰ ਚਾਹੁਣ ਵਾਲੇ ਬ੍ਰਾਹਮਣਾਂ ਨੇ ਕਬੀਰ ਪਰਮੇਸ਼ਵਰ ਜੀ ਤੋਂ ਉਪਦੇਸ਼ ਲਿਆ। ਇਸ ਤਰ੍ਹਾਂ ਪਰਮੇਸ਼ਵਰ ਕਬੀਰ ਜੀ ਨੇ ਆਪਣੀਆਂ ਪਿਆਰੀਆਂ ਆਤਮਾਵਾਂ ਨੂੰ ਕਾਲ ਦੇ ਜਾਲ਼ ਵਿੱਚੋਂ ਕੱਢ ਕੇ ਆਪਣੀ ਸ਼ਰਣ ਵਿੱਚ ਲਿਆ। ਉਸ ਸਤਿਸੰਗ ਵਿੱਚ ਮੌਜੂਦ ਹਜ਼ਾਰਾਂ ਦੀ ਸੰਖਿਆ ਵਿੱਚ ਹੋਰ ਸਰੋਤਿਆਂ ਨੇ ਵੀ ਇਹ ਲੀਲਾ ਦੇਖੀ ਅਤੇ ਉਪਦੇਸ਼ ਪ੍ਰਾਪਤ ਕਰਕੇ ਆਪਣਾ ਜੀਵਨ ਧੰਨ ਕੀਤਾ।

## '' ਕਬੀਰ ਵਟ (ਬੋਹੜ) ਦੀ ਅਦਭੁੱਤ ਕਹਾਣੀ ''

ਗੁਜਰਾਤ ਰਾਜ ਵਿੱਚ ਭਰੂੰਚ ਸ਼ਹਿਰ ਦੇ ਕੋਲ਼ ਇੱਕ ਅਕਲੇਸ਼ਵਰ ਪਿੰਡ ਹੈ ਉਸ ਦੇ ਕੋਲ਼ "ਸ਼ੁਕਲ ਤੀਰਥ " ਨਾਮ ਦਾ ਪਿੰਡ ਸੀ ਜਿਸ ਵਿੱਚ ਬ੍ਰਾਹਮਣ ਜਾਤੀ ਦੇ ਲੋਕ ਨਿਵਾਸ ਕਰਦੇ ਹਨ ਵਰਤਮਾਨ ਵਿੱਚ ਉਹ ਪਿੰਡ ਨਹੀਂ ਹੈ ਕਿਉਂਕਿ ਨਰਮਦਾ ਨਦੀ ਨੇ ਇਸ ਪਿੰਡ ਨੂੰ ਚਾਰੇ ਪਾਸਿਓਂ ਘੇਰ ਕੇ ਅੰਕਲੇਸ਼ਵਰ ਪਿੰਡ ਨਾਲ ਸੰਪਰਕ ਸਮਾਪਤ ਕਰ ਦਿੱਤਾ। ਜਿਸ ਕਰਕੇ ਉੱਥੇ ਜਾਣ ਦੇ ਲਈ ਕਿਸ਼ਤੀ ਦਾ ਪ੍ਰਯੋਗ ਹੋਣ ਲੱਗਿਆ । ਪਿੰਡ ਕਿਤੇ ਹੋਰ ਸਥਾਨ ਤੇ ਜਾ ਬਸਿਆ।

ਉਸ ਸਮੇਂ ਬਿਕ੍ਰਮੀ ਸੰਮਤ 1465 (ਸੰਨ 1408) ਵਿੱਚ ਇਸ ਸ਼ੁਕਲ ਤੀਰਥ ਪਿੰਡ ਵਿੱਚ ਦੋ ਬ੍ਰਾਹਮਣ ਸਗੇ ਭਰਾ ਰਹਿੰਦੇ ਸਨ ਜਿਨ੍ਹਾਂ ਦੇ ਨਾਂ ਸੀ ਵੱਡੇ ਦਾ ਨਾਮ ਜੀਵਾ ਅਤੇ ਛੋਟੇ ਦਾ ਨਾਂ "ਤਤਵਾ" (ਦੱਤਾ ਵੀ ਕਹਿੰਦੇ ਸਨ ) ਸੀ। ਜੀਵਾ ਨੂੰ ਇੱਕ ਕੁੜੀ ਸੰਤਾਨ ਰੂਪ ਵਿੱਚ ਪ੍ਰਾਪਤ ਸੀ ਅਤੇ ਤਤਵਾ ਦਾ ਇੱਕ ਲੜਕਾ ਸੀ। ਜੀਵਾ ਅਤੇ ਤਤਵਾ ਪ੍ਰਭੂ ਪ੍ਰੇਮੀ ਭਗਤ ਆਤਮਾਵਾਂ ਸਨ, ਇਹਨਾਂ ਨੂੰ ਸਤਿਸੰਗ ਤੋਂ ਪਤਾ ਲੱਗਿਆ ਕਿ ਗੁਰੂ ਦੇ ਬਿਨਾਂ ਮੋਕਸ਼ ਨਹੀਂ ਹੋ ਸਕਦਾ। ਦੋਵਾਂ ਭਰਾਵਾਂ ਨੇ ਬਹੁਤ ਸਤਿਸੰਗ ਰਿਸ਼ੀ ਮੰਡਲੇਸ਼ਵਰਾਂ ਦੇ ਸੁਣੇ। ਜਿਹੜੇ ਵੀ ਸੰਤ ਦਾ ਸਤਿਸੰਗ ਸੁਣਦੇ ਤਾਂ ਲੱਗਦਾ ਕਿ ਉਹ ਪੂਰਣ ਗੁਰੂ ਹੈ। ਫਿਰ ਹੋਰ ਦਾ ਸਤਿਸੰਗ ਸੁਣਦੇ ਸੀ ਤਾਂ ਲੱਗਦਾ ਕਿ ਇਹ ਪੂਰਣ ਗੁਰੂ ਹੈ ਦੋਵਾਂ ਨੇ ਵਿਚਾਰ ਕੀਤਾ ਕਿ ਪੂਰਣ ਗੁਰੂ ਦੀ ਪਹਿਚਾਣ ਕਿਵੇਂ ਕਰੀਏ। ਜਿਸ ਦਾ ਵੀ ਸਤਿਸੰਗ ਸੁਣਦੇ ਹਾਂ ਉਹ ਹੀ ਪੂਰਣ ਲੱਗਦਾ ਹੈ ਉਹਨਾਂ ਨੇ ਫੈਸਲਾ ਕੀਤਾ ਕਿ ਇੱਕ ਬੋਹੜ ਦੇ ਰੁੱਖ ਦੀ ਸੁੱਕੀ ਟਾਹਣੀ ਲਿਆ ਕੇ ਮਿੱਟੀ ਵਿੱਚ ਗੱਡਾਂਗੇ ਅਤੇ ਇਸ ਵਿੱਚ ਸੰਤਾਂ ਦੇ ਚਰਣ ਧੋ ਕੇ ਚਰਨਅੰਮ੍ਰਿਤ ਇਸ ਸੁੱਕੀ ਟਹਿਣੀ ਦੇ ਟੋਏ ਵਿੱਚ ਪਾਵਾਂਗੇ। ਜਿਸ ਸੰਤ ਦੇ ਚਰਣਾਂ ਅੰਮ੍ਰਿਤ ਨਾਲ ਇਹ ਟਾਹਣੀ ਹਰੀ ਭਰੀ ਹੋ ਜਾਵੇਗੀ। ਉਹ ਪੂਰਣ ਸੰਤ ਹੋਵੇਗਾ। ਕਈ ਸਾਲਾਂ ਤੱਕ ਇਹ ਪ੍ਰੀਖਿਆ ਜਾਰੀ ਰਹੀ। ਪ੍ਰੰਤੂ ਨਿਰਾਸ਼ਾ ਹੀ ਹੱਥ ਲੱਗੀ। ਹਤਾਸ਼ ਹੋ ਕੇ ਮੰਨ ਲਿਆ ਕਿ ਧਰਤੀ ‘ਤੇ ਇਸ ਸਮੇਂ ਕੋਈ ਪੂਰਣ ਸੰਤ ਹੈ ਹੀ ਨਹੀਂ। ਕਬੀਰ ਪਰਮੇਸ਼ਵਰ ਜੀ ਉਸ ਸ਼ੁਕਲ ਤੀਰਥ ਪਿੰਡ ਵਿੱਚ ਗਏ। ਸੰਤ ਭੇਸ ਵਿੱਚ ਪਰਮੇਸ਼ਵਰ ਨੂੰ ਤੱਤਵਾ ਨੇ ਦੇਖਿਆ ਅਤੇ ਆਪਣੇ ਵੱਡੇ ਭਰਾ ਜੀਵਾ ਨੂੰ ਦੱਸਿਆ। ਜੀਵਾ ਨੇ ਕਿਹਾ ਕਿ ਇਹ ਸੜਕ ਛਾਪ ਸੰਤ ਹੈ। ਇਸ ਤੋਂ ਕੀ ਲਾਭ ਹੋਵੇਗਾ ? ਜਦ ਵੱਡੇ-ਵੱਡੇ ਮੰਡਲੇਸ਼ਵਰਾਂ ਤੋਂ ਕੁਝ ਨਹੀਂ ਹੋਇਆ। ਦੱਤਾ

ਦੇ ਜ਼ਿਆਦਾ ਕਹਿਣ ਤੇ (ਕਿ ਕਹਿੰਦੇ ਹਨ ਭਗਵਾਨ ਪਤਾ ਨਹੀਂ ਕਿਸ ਭੇਸ ਵਿੱਚ ਮਿਲ ਜਾਵੇ) ਕਬੀਰ ਪਰਮੇਸ਼ਵਰ ਜੀ ਨੂੰ ਆਪਣੇ ਘਰ ਬੁਲਾ ਲਿਆ। ਸਭ ਤੋਂ ਪਹਿਲਾਂ ਚਰਣ ਧੋ ਕੇ ਚਰਣਾਮ੍ਰਿਤ ਨੂੰ ਤੱਤਵਾ ਨੇ ਸੁੱਕੀ ਟਹਿਣੀ ਵਾਲੇ ਟੋਏ ਵਿੱਚ ਪਾਇਆ, ਤੁਰੰਤ ਹੀ ਹਰੀ-ਭਰੀ ਹੋ ਗਈ।



(ਬੋਹੜ ਦੇ ਬੂਟੇ ਦੀ ਟਾਹਣੀ ਚਰਨ ਅੰਮ੍ਰਿਤ ਨਾਲ ਹਰੀ ਭਰੀ ਹੋਈ)

ਪੂਰਣ ਸਤਿਗੁਰੂ ਨੂੰ ਪ੍ਰਾਪਤ ਕਰਕੇ ਦੋਵੇਂ ਭਰਾ ਗਦਗਦ ਹੋ ਗਏ ਅਤੇ ਉਪ-ਦੇਸ਼ ਲਿਆ । ਦੋਵਾਂ ਨੇ ਪਰਮੇਸ਼ਵਰ ਕਬੀਰ ਜੀ ਨੂੰ ਹੱਥ ਜੋੜ੍ਹ ਕੇ ਪ੍ਰਾਰਥਨਾ ਕੀਤੀ ਕਿ ਹੇ ਪ੍ਰਭੂ ! ਤੁਸੀਂ ਪਹਿਲਾਂ ਸਾਨੂੰ ਕਿਉਂ ਨਹੀਂ ਮਿਲੇ, ਸਾਡਾ ਬਹੁਤ ਜੀਵਨ ਵਿਅਰਥ ਹੋ ਗਿਆ । ਕਬੀਰ ਪਰਮੇਸ਼ਵਰ ਜੀ ਨੇ ਉੱਤਰ ਦਿੱਤਾ: ਹੇ ਜੀਵਾ-ਤੱਤਵਾ ! ਮੈਂ ਪਹਿਲਾਂ ਵੀ ਆ ਸਕਦਾ ਸੀ। ਮੇਰੇ ਚਰਣਾਮ੍ਰਿਤ ਨਾਲ ਸੁੱਕੀ ਲੱਕੜੀ ਵੀ ਹਰੀ ਹੋ ਜਾਣੀ ਸੀ। ਪਰੰਤੂ ਤੁਹਾਨੂੰ ਇਹ ਭਰਮ ਰਹਿ ਜਾਂਦਾ ਕਿ ਇਹ ਤਾਂ ਇੱਕ ਗਲ਼ੀਆਂ ਵਿੱਚ ਘੁੰਮਣ ਵਾਲਾ ਸੰਤ ਹੈ। ਹੋ ਸਕਦਾ ਹੈ ਕਿ ਜਿਹਨਾਂ ਦੇ ਵੱਡੇ-ਵੱਡੇ ਮੱਠ ਬਣੇ ਹਨ, ਲੱਖਾਂ ਭਗਤ ਹਨ, ਉਹਨਾਂ ਕੋਲ਼ ਇਸਤੋਂ ਵੀ ਵੱਧ ਭਗਤੀ ਸ਼ਕਤੀ ਹੋਵੇਗੀ। ਤੁਸੀਂ ਉੱਥੇ ਫਿਰ ਵੀ ਭਟਕਦੇ। ਇਹ ਮਨ ਦਾ ਸੁਭਾਅ ਹੈ।

ਮੇਰੇ ਤੋਂ ਉਪਦੇਸ਼ ਲੈ ਕੇ ਤੁਹਾਡੇ ਮਨ ਵਿੱਚ ਇਹ ਸ਼ੰਕਾ ਆਉਣ ਨਾਲ ਹੀ ਤੁਸੀਂ ਨਾਮ ਰਹਿਤ ਹੋ ਜਾਂਦੇ। ਉੱਥੇ ਜਾਣ ਨਾਲ ਤਾਂ ਭਗਤੀ ਨਾਸ਼ ਹੀ ਹੋ ਜਾਂਦਾ। ਇਸਲਈ ਮੈਂ ਉਸ ਸਮੇਂ ਤੁਹਾਨੂੰ ਮਿਲਿਆ ਹਾਂ ਕਿ ਤੁਸੀਂ ਨਿਸ਼ਚਲ ਮਨ ਨਾਲ ਭਗਤੀ ਕਰਕੇ ਮੋਕਸ਼

ਪ੍ਰਾਪਤ ਕਰ ਸਕੋਗੇ। ਪਰਮੇਸ਼ਵਰ ਕਬੀਰ ਜੀ ਨੇ ਫਿਰ ਕਿਹਾ ਹੇ ਜੀਵਾ ਦੱਤਾ! ਪੂਰਣ ਸੰਤ ਦੀ ਇਹੀ ਪਹਿਚਾਣ ਨਹੀਂ ਹੁੰਦੀ।

**ਪ੍ਰਸ਼ਨ :-** ਹੇ ਪਰਮੇਸ਼ਵਰ ਪੂਰਣ ਗੁਰੂ ਦੇ ਲੱਛਣ ਦੱਸਣ ਦੀ ਕਿਰਪਾ ਕਰੋ।

**ਉੱਤਰ :-** ਪਰਮੇਸ਼ਵਰ ਕਬੀਰ ਜੀ ਨੇ ਉੱਤਰ ਦਿੱਤਾ :-

## "ਗੁਰੂ ਦੇ ਲੱਛਣ (ਪਹਿਚਾਣ)"

ਪਰਮੇਸ਼ਵਰ ਕਬੀਰ ਜੀ ਨੇ "ਕਬੀਰ ਸਾਗਰ" ਦੇ ਅਧਿਆਇ "ਜੀਵ ਧਰਮ ਬੋਧ" ਵਿੱਚ ਪੰਨਾ 1960 (2024) ਤੇ ਗੁਰੂ ਦੇ ਲੱਛਣ ਦੱਸੇ ਹਨ।

**ਚੋਪਾਈ**

ਗੁਰੂ ਕੇ ਲਕਸ਼ਣ ਚਾਰ ਬਖਾਨਾ । ਪ੍ਰਥਮ ਵੇਦ ਸ਼ਾਸਤ੍ਰ ਕਾ ਗਿਆਨਾ (ਗਿਆਤਾ)॥
ਦੂਸਰਾ ਹਰਿ ਭਗਤੀ ਮਨ ਕਰਮ ਬਾਨੀ । ਤੀਸਰਾ ਸਮ ਦ੍ਰਿਸ਼ਟਿ ਕਰ ਜਾਨੀ॥
ਚੌਥਾ ਬੇਦ ਵਿਧੀ ਸਬ ਕਰਮਾ । ਯਹ ਚਾਰਿ ਗੁਰੂ ਗੁਨ ਜਾਨੋਂ ਮਰਮਾ॥

**ਭਾਵਾਰਥ :-** ਜੋ ਗੁਰੂ ਅਰਥਾਤ ਪਰਮਾਤਮਾ ਕਬੀਰ ਜੀ ਦਾ ਕਿਰਪਾ ਪਾਤਰ ਦਾਸ ਗੁਰੂ ਪਦ ਨੂੰ ਪ੍ਰਾਪਤ ਹੋਵੇਗਾ, ਉਸਦੇ ਚਾਰ ਗੁਣ ਮੁੱਖ ਹੋਣਗੇ।

"ਪ੍ਰਥਮ ਬੇਦ ਸ਼ਾਸਤਰ ਕਾ ਗਿਆਨਾ (ਗਿਆਤਾ)"

1. ਉਹ ਸੰਤ ਵੇਦਾਂ ਅਤੇ ਸ਼ਾਸਤਰਾਂ ਦਾ ਜਾਣਕਾਰ ਹੋਵੇਗਾ। ਉਹ ਸਾਰੇ ਧਰਮਾਂ ਦੇ ਸ਼ਾਸਤਰਾਂ ਨੂੰ ਠੀਕ-ਠੀਕ ਜਾਣਦਾ ਹੋਵੇਗਾ।

"ਦੂਸਰਾ ਹਰਿ ਭਗਤੀ ਮਨ ਕਰਮ ਬਾਨੀ"

2. ਉਹ ਸਿਰਫ ਗਿਆਨ-ਗਿਆਨ ਹੀ ਨਹੀਂ ਸੁਣਾਵੇਗਾ, ਉਹ ਖ਼ੁਦ ਵੀ ਪਰਮਾਤਮਾ ਦੀ ਭਗਤੀ ਮਨ ਕਰਮ ਵਚਨ ਨਾਲ ਕਰੇਗਾ।

"ਤੀਸਰੇ ਸਮ ਦ੍ਰਿਸ਼ਟਿ ਕਰ ਜਾਨੀ"

3. ਸਾਰੇ ਅਨੁਯਾਈਆਂ ਦੇ ਨਾਲ ਇੱਕ ਜਿਹਾ ਵਿਹਾਰ ਕਰੇਗਾ, ਉਹ ਸਮਦ੍ਰਿਸ਼ਟੀ ਵਾਲਾ ਹੋਵੇਗਾ। ਤੁਸੀਂ ਦੇਖਦੇ ਹੋ ਕਿ ਆਸ਼ਰਮ ਵਿੱਚ ਸਾਰੇ ਸ਼ਰਧਾਲੂਆਂ ਨੂੰ ਇੱਕੋ ਜਿਹਾ ਖਾਣਾ-ਪੀਣਾ, ਇੱਕ ਸਮਾਨ ਬੈਠਣ ਦੀ ਥਾਂ। ਸੰਤ ਰਾਮਪਾਲ ਦਾਸ ਜੀ ਦੇ ਮਾਤਾ-ਪਿ-ਤਾ, ਭੈਣ-ਭਰਾ, ਬੱਚੇ ਜਦ ਕਦੇ ਆਸ਼ਰਮ ਵਿੱਚ ਆਉਂਦੇ ਹਨ ਸਾਧਾਰਣ ਭਗਤ ਦੀ ਤਰ੍ਹਾਂ ਆਸ਼ਰਮ ਵਿੱਚ ਰਹਿੰਦੇ ਹਨ।

"ਚੌਥਾ ਬੇਦ ਵਿਧੀ ਸਬ ਕਰਮਾ"

4. ਚੌਥਾ ਲੱਛਣ ਗੁਰੂ ਦਾ ਦੱਸਿਆ ਹੈ ਕਿ ਉਹ ਸੰਤ ਵੇਦਾਂ ਵਿੱਚ ਦੱਸੀ ਭਗਤੀ ਵਿਧੀ ਅਨੁਸਾਰ ਸਾਧਨਾ ਅਰਥਾਤ ਪ੍ਰਾਰਥਨਾ (ਸਤੁਤਿ) ਯੱਗ ਅਨੁਸ਼ਠਾਨ ਅਤੇ ਮੰਤਰ ਦੱਸੇਗਾ।

ਜਦ ਬ੍ਰਾਹਮਣਾਂ ਨੂੰ ਪਤਾ ਚੱਲਿਆ ਕਿ ਜੀਵਾ-ਦੱਤਾ ਨੇ ਕਬੀਰ ਜੁਲਾਹਾ ਕਾਸ਼ੀ ਵਾਲੇ ਤੋਂ ਦੀਖਿਆ ਲੈ ਕੇ ਧਰਮ ਨਸ਼ਟ ਕਰ ਦਿੱਤਾ ਹੈ ਤਾਂ ਉਹਨਾਂ ਨੂੰ ਜਾਤੀ ਤੋਂ ਬਾਹਰ ਕਰ ਦਿੱਤਾ। ਦੋਵਾਂ ਦੇ ਮੁੰਡਾ-ਕੁੜੀ ਜਵਾਨ ਹੋ ਗਏ। ਉਹਨਾਂ ਦਾ ਵਿਆਹ ਨਹੀਂ ਹੋ ਪਾ ਰਿਹਾ ਸੀ। ਜਦ ਪਰਮੇਸ਼ਵਰ ਕਬੀਰ ਜੀ ਨੂੰ ਪਤਾ ਲੱਗਿਆ ਤਾਂ ਜੀਵਾ-ਤੱਤਵਾ ਨੂੰ ਇੱਕ ਤਰਕੀਬ ਦੱਸੀ। ਤਰਕੀਬ ਅਨੁਸਾਰ ਅਫ਼ਵਾਹ ਫੈਲਾ ਦਿੱਤੀ ਕਿ ਜੀਵਾ ਦੀ ਕੁੜੀ ਦਾ ਤੱਤਵਾ ਦੇ ਮੁੰਡੇ ਨਾਲ ਵਿਆਹ ਹੋਣ ਜਾ ਰਿਹਾ ਹੈ। ਉਸ ਸਮੇਂ ਸਾਰੇ ਬ੍ਰਹਮਣਾਂ ਨੇ ਮਿਲ ਕੇ ਕਿਹਾ ਕਿ ਤੁਸੀਂ ਖੂਹ ਚ ਜਾਓ। ਅਸੀਂ ਦੋਵਾਂ ਬੱਚਿਆਂ ਨਾਲ ਅ-

ਜਹਾ ਨਹੀਂ ਹੋਣ ਦੇਵਾਂਗੇ। ਅਸੀਂ ਆਪਣੇ ਕੋ.ਲ ਲਿਜਾ ਕੇ ਇਹਨਾਂ ਦਾ ਵਿਆਹ ਅਲੱਗ ਬ੍ਰਾਹਮਣਾਂ ਦੇ ਮੁੰਡੇ-ਕੁੜੀ ਨਾਲ ਮਰਿਆਦਾ ਨਾਲ ਕਰਾਂਗੇ। ਅਜਿਹਾ ਹੀ ਹੋ ਗਿਆ। ਕੁੱਝ ਦਿਨ ਬਾਅਦ ਪੂਰੇ ਸ਼ੁਕਲ ਤੀਰਥ ਪਿੰਡ ਦੇ ਬ੍ਰਾਹਮਣਾਂ ਨੇ ਗਿਆਨ ਨੂੰ ਸਮਝ ਕੇ ਪਰਮੇਸ਼ਵਰ ਕਬੀਰ ਜੀ ਤੋਂ ਨਾਮ-ਉਪਦੇਸ਼ ਪ੍ਰਾਪਤ ਕਰਕੇ ਆਪਣਾ ਜੀਵਨ ਧੰਨ ਕੀਤਾ। ਕਬੀਰ ਪਰਮੇਸ਼ਵਰ ਜੀ ਦੇ ਚਰਨ ਅੰਮ੍ਰਿਤ ਨਾਲ ਉਹ ਬੋਹੜ ਦੇ ਦਰੱਖਤ (ਬੜ ਦਰੱਖਤ) ਦੀ ਸੁੱਕੀ ਲੱਕੜ ਹਰੀ ਹੋ ਕੇ ਕੁੱਝ ਸਮੇਂ ਬਾਅਦ ਉਹ ਬੋਹੜ ਦਰੱਖਤ ਦੇ ਰੂਪ ਵਿੱਚ ਫੈਲਣ ਲੱਗੀ। ਇਸ ਘਟਨਾ ਦਾ ਸ਼ੁਕਲ ਤੀਰਥ ਦੇ ਲੋਕਾਂ ਤੇ ਬਹੁਤ ਅਸਰ ਹੋਇਆ ਸੀ। ਜਦ ਉਹ ਪਿੰਡ ਕਿਤੇ ਹੋਰ ਜਾ ਕੇ ਵਸ ਗਿਆ ਤਾਂ ਉਹ ਬੋਹੜ ਦਾ ਦਰੱਖਤ (ਬੜ ਦਾ ਦਰੱਖਤ) 8-9 ਏਕੜ ਵਿੱਚ ਫੈਲ ਗਿਆ। ਵਰਤਮਾਨ ਵਿੱਚ ਉਸਨੂੰ ਕੱਟ ਕੇ ਉੱਥੇ ਖੇਤੀ ਕਰਨ ਲਈ ਜ਼ਮੀਨ ਬਣਾ ਲਈ ਗਈ ਹੈ।



(ਬੋਹੜ ਦੇ ਬੂਟੇ ਦਾ ਵਰਤਮਾਨ ਚਿੱਤਰ)

ਪੰਰਤੂ ਵਰਤਮਾਨ ਵਿੱਚ ਵੀ ਉਹ ਬੋਹੜ ਦਾ ਦਰੱਖਤ ਦੋ-ਤਿੰਨ ਏਕੜ ਵਿੱਚ ਫੈਲਿਆ ਹੈ। ਉਸ ਦੀ ਦੇਖ-ਰੇਖ ਦੇ ਲਈ ਉੱਥੇ ਇੱਕ ਕਬੀਰ ਆਸ਼ਰਮ ਵੀ ਬਣਿਆ ਹੈ। ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਨਾ.ਲ ਕੁਝ ਭਗਤ ਸੰਨ 2000 ਵਿੱਚ ਅੱਖੀਂ ਦੇਖ ਕੇ ਆਏ ਹਨ।

# "ਦਵਾਰਕਾ ਪੁਰੀ ਵਿੱਚ ਕਬੀਰ ਕੋਠਾ"

ਸ਼੍ਰੀ ਕ੍ਰਿਸ਼ਨ ਜੀ ਦੀ ਨਗਰੀ ਦਵਾਰਕਾ ਪੁਰੀ ਸਮੁੰਦਰ ਵਿੱਚ ਡੁੱਬ ਗਈ ਸੀ। ਇਸ ਦਾ ਕਾਰਣ ਆਪ ਜੀ ਪੜ੍ਹੋ ਇਸੇ ਪੁਸਤਕ ਦੇ ਪੰਨਾ 97 ਤੇ "ਪੁਰੀ ਵਿੱਚ ਮੰਦਰ ਅਰਥਾਤ ਜਗਨਨਾਥ ਧਾਮ ਕਿਵੇਂ ਬਣਿਆ?"

ਸ਼੍ਰੀ ਕ੍ਰਿਸ਼ਨ ਜੀ ਦੇ ਸਾਹਮਣੇ ਸਾਰੇ ਯਾਦਵ ਆਪਸ ਵਿੱਚ ਲੜ ਕੇ ਮਰ ਗਏ ਸਨ ਜੋ ਕੁਝ ਬਚੇ ਸਨ, ਉਹ ਖ਼ੁਦ ਸ਼੍ਰੀ ਕ੍ਰਿਸ਼ਨ ਜੀ ਨੇ ਮੁਗਦਰਾਂ ਨਾਲ਼ ਮਾਰ ਦਿੱਤੇ (ਪ੍ਰਮਾਣ: ਵਿਸ਼ਨੂੰ ਪੁਰਾਣ ਅ. 37 ਪੰਜਵਾ ਅੰਸ਼ ਪੰਨਾ 409 ਤੋਂ 414 ਤੱਕ)

ਇੱਕ ਮਛੇਰੇ ਸ਼ਿਕਾਰੀ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਪੈਰ ਦੇ ਤਲ਼ੇ ਵਿੱਚ ਜ਼ਹਿਰੀਲਾ ਤੀਰ ਮਾਰ ਕੇ ਹੱਤਿਆ ਕੀਤੀ। ਸ਼੍ਰੀ ਕ੍ਰਿਸ਼ਨ ਜੀ ਦੇ ਸਰੀਰ ਦਾ ਦਵਾਰਕਾ ਦੇ ਬਾਹਰ ਉੱਥੇ ਹੀ ਅੰਤਿਮ ਸਸਕਾਰ ਕੀਤਾ ਸੀ । ਉਹਨਾਂ ਦੇ ਸਰੀਰ ਨੂੰ ਟੋਆ ਪੁੱਟ ਕੇ ਪਾਂਡਵਾਂ ਨੇ ਦੱਬਿਆ ਸੀ। ਉਸ ਥਾਂ 'ਤੇ ਵਰਤਮਾਨ ਵਿੱਚ ਸ਼੍ਰੀ ਦਵਾਰਕਾਧੀਸ਼ ਦਾ ਮੰਦਰ ਬਣਿਆ ਹੈ।

ਕੁਝ ਸਮੇਂ ਬਾਅਦ ਸ਼ਰਧਾਲੂ ਉਸ ਯਾਦਗਾਰ ਨੂੰ ਦੇਖਣ ਜਾਣ ਲੱਗੇ। ਫਿਰ ਉੱਥੇ ਪੂਜਾ ਸ਼ੁਰੂ ਹੋ ਗਈ। ਵਿ. ਸੰ 1505 (ਸੰਨ੍ 1448) ਵਿੱਚ ਕਬੀਰ ਪਰਮੇਸ਼ਵਰ ਜੀ ਦਵਾਰਕਾ ਵਿੱਚ ਗਏ। ਸਮੁੰਦਰ ਦੇ ਕਿਨਾਰੇ ਜਿੱਥੇ ਗੋਮਤੀ ਨਦੀ ਸਾਗਰ ਵਿੱਚ ਆ ਕੇ ਮਿਲਦੀ ਹੈ, ਉਸਦੇ ਕੋਲ਼ ਇੱਕ ਬਾਲੂ ਰੇਤ ਦੇ ਟੀਲੇ (ਕੋਠਾ) ਉੱਪਰ ਅਰਥਾਤ ਮਿੱਟੀ ਦੇ ਢੇਰ 'ਤੇ ਬੈਠ ਕੇ ਤੀਰਥ ਯਾਤਰਾ ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਤੱਤਵ ਗਿਆਨ ਸੁਣਾਇਆ ਕਰਦੇ ਸਨ।

ਪਰਮੇਸ਼ਵਰ ਕਬੀਰ ਜੀ ਪ੍ਰਸ਼ਨ ਕਰਦੇ ਸਨ ਕਿ ਤੁਸੀਂ ਕਿਸ ਲਈ ਆਏ ਹੋ? ਉੱਤਰ ਹੁੰਦਾ ਸੀ ਕਿ = ਦਵਾਰਕਾਧੀਸ਼ ਦੇ ਦਰਸ਼ਨ ਕਰਨ ਆਏ ਹਾਂ। ਉਹਨਾਂ ਦੀ ਨਗਰੀ ਨੂੰ ਦੇਖਣ ਆਏ ਹਾਂ। ਭਗਵਾਨ ਤੋਂ ਅਸ਼ੀਰਵਾਦ ਲੈਣ ਆਏ ਹਾਂ।

ਪਰਮੇਸ਼ਵਰ ਕਬੀਰ ਜੀ ਕਿਹਾ ਕਰਦੇ :- ਇੱਕ ਵੈਦ ਸੀ। ਉਹ ਨਬਜ਼ ਫੜ੍ਹ ਕੇ ਰੋਗ ਜਾਣ ਲੈਂਦਾ ਸੀ। ਦਵਾਈ ਦੇ ਕੇ ਠੀਕ ਕਰ ਦਿੰਦਾ ਸੀ। ਉਸਦੀ ਮੌਤ ਤੋਂ ਬਾਅਦ ਵੈਦ ਦੇ ਸਰੀਰ ਨੂੰ ਜ਼ਮੀਨ ਵਿੱਚ ਦੱਬ ਕੇ ਅੰਤਿਮ ਸੰਸਕਾਰ ਕਰ ਦਿੱਤਾ। ਉਸ ਥਾਂ ਤੇ ਇੱਕ ਮੰਦਰ ਬਣਾ ਕੇ ਯਾਦਗਾਰ ਬਣਾ ਦਿੱਤੀ। ਜੇਕਰ ਵੈਦ ਦੀ ਮੂਰਤੀ ਤੋਂ ਕੋਈ ਇਲਾਜ ਦੇ ਲਈ ਪ੍ਰਾਰਥਨਾ ਕਰੇ ਤਾਂ ਕੀ ਹੋਵੇਗਾ? ਸਰੋਤਿਆਂ ਦਾ ਇੱਕ ਸੁਰ ਵਿੱਚ ਉੱਤਰ :- ਮੂਰਤੀ ਵੈਦ ਵਾਲਾ ਕੰਮ ਥੋੜ੍ਹਾ ਹੀ ਕਰੇਗੀ।

ਪ੍ਰਸ਼ਨ :- ਪਰਮੇਸ਼ਵਰ ਪ੍ਰਸ਼ਨ ਕਰਦੇ ਸਨ ਤਾਂ ਉਸ ਵਿਅਕਤੀ ਨੂੰ ਕੀ ਕਰਨਾ ਚਾਹੀਦਾ?

ਉੱਤਰ ਸਰੋਤਿਆਂ ਦਾ:- ਕਿਸੇ ਜਿਉਂਦੇ ਵੈਦ ਦੇ ਕੋਲ਼ ਜਾ ਕੇ ਆਪਣੀ ਜੀਵਨ ਰੱਖਿਆ ਕਰਨੀ ਚਾਹੀਦੀ, ਇਹੀ ਸਹੀ ਹੈ।


ਪਰਮੇਸ਼ਵਰ ਕਬੀਰ ਜੀ ਨੇ ਕਿਹਾ ਕਰਦੇ ਕਿ ਓ ਭੋਲ਼ੇ ਸ਼ਰਧਾਲੂਓ ! ਤੁਸੀਂ ਇਸ ਸ਼੍ਰੀ ਕ੍ਰਿਸ਼ਨ ਤ੍ਰਿਲੋਕੀ ਨਾਥ ਦੀ ਮੂਰਤੀ ਤੋਂ ਕੀ ਮੰਗਣ ਆਏ ਹੋ? ਕੀ ਇਹ ਸ਼੍ਰੀ ਕ੍ਰਿਸ਼ਨ ਜੀ ਦੀ ਮੂਰਤੀ ਤੁਹਾਡਾ ਕਲਿਆਣ ਕਰ ਸਕਦੀ ਹੈ?

ਉੱਤਰ :- ਕੁਝ ਹੈਰਾਨ ਹੁੰਦੇ। ਕੁਝ ਕਹਿੰਦੇ ਕਿ ਅਸੀਂ ਗ਼ਲਤ ਕਰ ਰਹੇ ਹਾਂ। ਕੁਝ ਗੁੱਸੇ ਹੋ ਕੇ ਉੱਠ ਜਾਂਦੇ। ਪਰਮਾਤਮਾ ਕਬੀਰ ਜੀ ਕਿਹਾ ਕਰਦੇ ਸਨ ਕਿ ਤੁਸੀਂ ਦਵਾਰਕਾ ਧੀਸ਼ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਦੇ ਦਰਸ਼ਨ ਨਾਲ਼ ਕਲਿਆਣ ਦੀ ਉਮੀਦ ਕਰ ਕੇ ਆਏ ਹੋ। ਇੱਥੇ ਸ਼੍ਰੀ ਕ੍ਰਿਸ਼ਨ ਜੀ ਦਾ ਹੀ ਸਰਵਨਾਸ਼ ਹੋ ਗਿਆ। ਤੁਹਾਨੂੰ ਕੀ ਪ੍ਰਾਪਤੀ


ਹੋਵੇਗੀ ? ਆਤਮ ਕਲਿਆਣ ਅਤੇ ਸੰਸਾਰਿਕ ਸੁੱਖ ਪ੍ਰਾਪਤ ਕਰਨਾ ਹੈ ਤਾਂ ਮੈਂ ਤੁਹਾਨੂੰ ਉਹ ਸ਼ਾਸਤਰ ਅਨੁਕੂਲ ਭਗਤੀ ਦੱਸਾਗਾਂ ਜਿਸ ਨਾਲ ਤੁਹਾਡਾ ਕਲਿਆਣ ਸੰਭਵ ਹੈ। ਇਸ ਤਰ੍ਹਾਂ ਸੱਚ ਨੂੰ ਸਮਝ ਕੇ ਭਰਮਿਤ ਹੋਏ ਸ਼ਰਧਾਲੂਆਂ ਨੂੰ ਯਥਾਰਥ ਭਗਤੀ ਪ੍ਰਾਪਤ ਹੋਈ। ਗਰੀਬਦਾਸ ਜੀ ਨੇ ਆਪਣੀ ਅੰਮ੍ਰਿਤਬਾਣੀ ਵਿੱਚ ਕਿਹਾ ਹੈ ਕਿ:-

ਮੇਲੇ ਠੇਲੇ ਜਾਈਓ, ਮੇਲੇ ਬੜਾ ਮਿਲਾਪ।
ਪੱਥਰ ਪਾਣੀ ਪੂਜਤੇਂ, ਕੋਈ ਸਾਧੂ ਸੰਤ ਮਿਲ ਜਾਤ॥

ਜਿੱਥੇ ਬੈਠ ਕੇ ਪਰਮੇਸ਼ਵਰ ਕਬੀਰ ਜੀ ਸਤ ਉਪਦੇਸ਼ ਕਰਿਆ ਕਰਦੇ ਸਨ। ਉਸ ਸਥਾਨ 'ਤੇ ਇੱਕ ਗੋਲਾਕਾਰ ਚਬੂਤਰਾ (ਕੋਠਾ) ਬਣਾਇਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਅੱਜ ਤੱਕ ਸੰਨ੍ 1448 ਤੋਂ ਸੰਨ੍ 2014 (566 ਸਾਲ) ਤੱਕ ਉਸ ਬਾਲੂ ਰੇਤ ਦੇ ਟੀਲੇ (ਕੋਠੇ = ਚਬੂਤਰੇ ਵਰਗਾ ਗੋਲ ਚੱਕਰ) ਨੂੰ ਸਮੁੰਦਰ ਦੀ ਲਹਿਰਾਂ ਨੇ ਛੂਹਿਆ ਵੀ ਨਹੀਂ। ਸਮੁੰਦਰ ਵਿੱਚ ਜਵਾਰਭਾਟਾ ਆਉਂਦਾ ਹੈ। ਤਦ ਵੀ ਸਮੁੰਦਰ ਦੀਆਂ ਲਹਿਰਾਂ ਉਸ ਪਾਸੇ ਨਹੀਂ ਜਾਂਦੀਆਂ । ਕਿਰਪਾ ਦੇਖੋ ਕਾਲਪਨਿਕ ਚਿੱਤਰ ਅਤੇ ਅਸਲ ਚਿੱਤਰ। ਇਹ ਕਬੀਰ ਕੋਠਾ ਦਵਾਰਕਾ ਧੀਸ਼ ਦੇ ਮੰਦਰ ਦੇ ਕੋ.ਲ ਹੈ



(ਦਵਾਰਕਾ ਕੋਠੇ ਦਾ ਕਾਲਪਨਿਕ ਚਿੱਤਰ)




(ਦਵਾਰਕਾ ਕੋਠੇ ਦਾ ਅਸਲ ਚਿੱਤਰ)

## ''ਗੋਰਖ ਨਾਥ ਨਾਲ ਗੋਸ਼ਟੀ''

**ਇੱਕ ਸਮੇਂ ਗੋਰਖ ਨਾਥ (ਸਿੱਧ ਮਹਾਤਮਾ) ਕਾਸ਼ੀ (ਬਨਾਰਸ) ਵਿੱਚ ਸੁਆਮੀ ਰਾਮਾਨੰਦ ਜੀ (ਜੋ ਸਾਹਿਬ ਕਬੀਰ ਦੇ ਗੁਰੂ ਜੀ ਸਨ) ਨਾਲ ਸ਼ਾਸਤ੍ਰਾਰਥ ਕਰਨ ਲਈ (ਗਿਆਨ ਗੋਸ਼ਟੀ ਲਈ) ਆਏ। ਜਦੋਂ ਗਿਆਨ ਗੋਸ਼ਠੀ ਲਈ ਇਕੱਠੇ ਹੋਏ ਓਦੋਂ ਕਬੀਰ ਸਾਹਿਬ ਵੀ ਆਪਣੇ ਸਤਿਕਾਰਯੋਗ ਗੁਰੂਦੇਵ ਸੁਆਮੀ ਰਾਮਾਨੰਦ ਜੀ ਦੇ ਨਾਲ਼ ਪਹੁੰਚੇ ਸਨ। ਇੱਕ ਉੱਚੇ ਆਸਣ ਉੱਪਰ ਰਾਮਾਨੰਦ ਜੀ ਬੈਠੇ ਉਹਨਾਂ ਦੇ ਚਰਣਾਂ ਵਿੱਚ ਬੱਚੇ ਰੂਪ ਵਿੱਚ ਕਬੀਰ ਸਾਹਿਬ (ਪੂਰਣ ਪਰਮਾਤਮਾ) ਬੈਠੇ ਸਨ। ਗੋਰਖ ਨਾਥ ਜੀ ਵੀ ਇੱਕ ਉੱਚੇ ਆਸਣ ਉੱਪਰ ਬੈਠੇ ਸਨ ਅਤੇ ਆਪਣਾ ਤ੍ਰਿਸ਼ੂਲ ਆਪਣੇ ਆਸਣ ਕੋਲ਼ ਹੀ ਜ਼ਮੀਨ ਵਿੱਚ ਗੱਡਿਆ ਹੋਇਆ ਸੀ। ਗੋਰਖ ਨਾਥ ਜੀ ਨੇ ਕਿਹਾ ਕਿ ਰਾਮਾਨੰਦ ਮੇਰੇ ਨਾਲ਼ ਚਰਚਾ ਕਰੋ। ਉਸੇ ਸਮੇਂ ਬੱਚੇ ਰੂਪ (ਪੂਰਣ ਬ੍ਰਹਮ) ਕਬੀਰ ਜੀ ਨੇ ਕਿਹਾ:- ਨਾਥ ਜੀ ਪਹਿਲਾਂ ਮੇਰੇ ਨਾਲ਼ ਚਰਚਾ ਕਰੋ। ਬਾਅਦ ਵਿੱਚ ਮੇਰੇ ਗੁਰੂ ਜੀ ਨਾਲ਼ ਗੱਲ ਕਰਨਾ।**

ਯੋਗੀ ਗੋਰਖ ਨਾਥ ਪ੍ਰਤਾਪੀ, ਤਾਸੋ ਤੇਜ ਪ੍ਰਿਥਵੀ ਕਾਂਪੀ ।
ਕਾਸ਼ੀ ਨਗਰ ਮੇਂ ਸੋ ਪਗ ਪਰਹੀਂ, ਰਾਮਾਨੰਦ ਸੇ ਚਰਚਾ ਕਰਹੀਂ ।
ਚਰਚਾ ਮੇਂ ਗੋਰਖ ਜਯ ਪਾਵੈ, ਕੰਠੀ ਤੋਰੈ ਤਿਲਕ ਛੁੜਾਵੈ ।
ਸਤ ਕਬੀਰ ਸ਼ਿਸ਼ਯ ਜੋ ਭਯਉ, ਯਹ ਵ੍ਰਤਾਂਤ ਸੋ ਸੁਨਿ ਲਯਉ ।
ਗੋਰਖਨਾਥ ਕੇ ਡਰ ਕੇ ਮਾਰੇ, ਵੈਰਾਗੀ ਨਹੀਂ ਭੇਸ਼ ਸਵਾਰੇ ।
ਤਬ ਕਬੀਰ ਆਗਿਆ ਅਨੁਸਾਰਾ, ਵੈਸ਼ਣਵ ਸਕਲ ਸਵਰੂਪ ਸੰਵਾਰਾ ।
ਸੋ ਸੁਧਿ ਗੋਰਖ ਨਾਥ ਜੋ ਪਾਯੌ, ਕਾਸ਼ੀ ਨਗਰ ਸ਼ੀਘ੍ਰ ਚਲ ਆਯੌ।

ਰਾਮਾਨੰਦ ਕੋ ਖਬਰ ਪਠਾਈ, ਚਰਚਾ ਕਰੋ ਮੇਰੇ ਸੰਗਿ ਆਈ।
ਰਾਮਾਨੰਦ ਕੀ ਪਹਿਲੀ ਪੌਰੀ, ਸਤ੍ਯ ਕਬੀਰ ਬੈਠੇ ਤੀਸ ਠੌਰੀ।
ਕਹ ਕਬੀਰ ਸੁਨ ਗੋਰਖਨਾਥਾ, ਚਰਚਾ ਕਰੋ ਹਮਾਰੇ ਸਾਥਾ।
ਪ੍ਰਥਮ ਚਰਚਾ ਕਰੋ ਸੰਗ ਮੇਰੇ, ਪੀਛੇ ਮੇਰੇ ਗੁਰੂ ਕੋ ਟੇਰੇ।
ਬਾਲਕ ਰੂਪ ਕਬੀਰ ਨਿਹਾਰੀ, ਤਬ ਗੋਰਖ ਤਾਹਿ ਵਚਨ ਉਚਾਰੀ।

**ਇਸ ਤੇ ਗੋਰਖ ਨਾਥ ਜੀ ਨੇ ਕਿਹਾ ਤੂੰ ਬਾਲਕ ਕਬੀਰ ਜੀ ਕਦੋਂ ਤੋਂ ਯੋਗੀ ਬਣ ਗਿਆ? ਕੱਲ ਜੰਮਿਆ ਅਰਥਾਤ ਛੋਟੀ ਉਮਰ ਦਾ ਬੱਚਾ ਅਤੇ ਚਰਚਾ ਮੇਰੇ ( ਗੋਰਖ ਨਾਥ ਦੇ ) ਨਾਲ਼। ਤੇਰੀ ਉਮਰ ਕੀ ਹੈ? ਅਤੇ ਕਦੋਂ ਵੈਰਾਗੀ ( ਸੰਤ ) ਬਣ ਗਏ?**

ਕਬਕੇ ਭਏ ਵੈਰਾਗੀ ਕਬੀਰ ਜੀ, ਕਬਸੇ ਭਏ ਵੈਰਾਗੀ।
ਨਾਥ ਜੀ ਜਬ ਸੇ ਭਏ ਵੈਰਾਗੀ ਮੇਰੀ, ਆਦਿ ਅੰਤ ਸੁਧਿ ਲਾਗੀ॥
ਧੂੰਧੂਕਾਰ ਆਦਿ ਕੋ ਮੇਲਾ, ਨਹੀਂ ਗੁਰੂ ਨਹੀਂ ਥਾ ਚੇਲਾ।
ਜਬ ਕਾ ਤੋ ਹਮ ਯੋਗ ਉਪਾਸਾ, ਤਬਕਾ ਫਿਰਾ ਅਕੇਲਾ॥
ਧਰਤੀ ਨਹੀਂ ਜਦ ਕੀ ਟੋਪੀ ਦੀਨਾ, ਬ੍ਰਹਮਾ ਨਹੀਂ ਜਦ ਕਾ ਟੀਕਾ।
ਸ਼ਿਵ ਸ਼ੰਕਰ ਸੇ ਯੋਗੀ, ਨ ਥੇ ਜਦਕਾ ਝੋਲੀ ਸ਼ਿਕਾ॥
ਦਵਾਪਰ ਕੋ ਹਮ ਕਰੀ ਫਾਵੜੀ, ਤ੍ਰੇਤਾ ਕੋ ਹਮ ਦੰਡਾ।
ਸਤਯੁਗ ਮੇਰੀ ਫਿਰੀ ਦੁਹਾਈ, ਕਲਯੁੱਗ ਫਿਰੌਂ ਨੋ ਖੰਡਾ ।
ਗੁਰੂ ਕੇ ਵਚਨ ਸਾਧੂ ਕੀ ਸੰਗਤ, ਅਜਰ ਅਮਰ ਘਰ ਪਾਯਾ ।
ਕਹੈਂ ਕਬੀਰ ਸੁਨੋਂ ਹੋ ਗੋਰਖ, ਮੈ ਸਭ ਕੋ ਤੱਤਵ ਲਖਾਯਾ।

**ਸਾਹਿਬ ਕਬੀਰ ਜੀ ਗੋਰਖ ਨਾਥ ਜੀ ਨੂੰ ਦੱਸਦੇ ਹਨ ਕਿ ਮੈਂ ਕਦੋਂ ਤੋਂ ਵੈਰਾਗੀ ਬਣਿਆ। ਸਾਹਿਬ ਕਬੀਰ ਨੇ ਉਸ ਸਮੇਂ ਵੈਸ਼ਨੋ ਸੰਤਾਂ ਜਿਹਾ ਭੇਸ ਬਣਾਇਆ ਹੋਇਆ ਸੀ। ਜਿਵੇਂ ਸ਼੍ਰੀ ਰਾਮਾਨੰਦ ਜੀ ਨੇ ਬਾਣਾ (ਭੇਸ) ਬਣਾਇਆ ਹੋਇਆ ਸੀ। ਜਿਵੇਂ ਮੱਥੇ ਤੇ ਚੰਦਨ ਦਾ ਟਿੱਕਾ, ਟੋਪੀ ਅਤੇ ਝੋ਼ਲੀ ਸਿੱਕਾ ਇੱਕ ਫਾਵੜੀ (ਜੋ ਭਜਨ ਕਰਨ ਲਈ ਲੱਕੜੀ ਦੀ ਅੰਗਰੇਜ਼ੀ ਦੇ ਅੱਖਰ "T" ਦੇ ਆਕਾਰ ਦੀ ਹੁੰਦੀ ਹੈ) ਅਤੇ ਇੱਕ ਡੰਡਾ (ਲੱਕੜੀ ਦਾ ਲੱਠ) ਨਾਲ਼ ਲਏ ਹੋਏ ਸਨ। ਉੱਪਰ ਦੇ ਸ਼ਬਦ ਵਿੱਚ ਸਾਹਿਬ ਕਹਿੰਦੇ ਹਨ ਕਿ ਜਦੋਂ ਕੋਈ ਸ੍ਰਿਸ਼ਟੀ (ਕਾਲ ਸ੍ਰਿਸ਼ਟੀ) ਨਹੀਂ ਸੀ ਅਤੇ ਨਾ ਸਤਲੋਕ ਸ੍ਰਿਸ਼ਟੀ ਸੀ ਉਦੋਂ ਮੈਂ (ਕਬੀਰ ) ਅਨਾਮੀ ਰੂਪ ਵਿੱਚ ਸੀ ਅਤੇ ਕੋਈ ਨਹੀਂ ਸੀ। ਕਿਉਂਕਿ ਸਾਹਿਬ ਕਬੀਰ ਜੀ ਨੇ ਹੀ ਸਤਲੋਕ ਸ੍ਰਿਸ਼ਟੀ ਸ਼ਬਦ ਤੋਂ ਰਚੀ ਅਤੇ ਫਿਰ ਕਾਲ ( ਜੋਤੀ ਨਿਰੰਜਨ ਬ੍ਰਹਮ) ਦੀ ਸ੍ਰਿਸ਼ਟੀ ਵੀ ਸਤਪੁਰਸ਼ ਨੇ (ਜੋਤੀ ਨਿਰੰਜਨ- (ਬ੍ਰਹਮ) ਨੇ ਤਪ ਕਰਕੇ ਰਾਜ ਮੰਗਿਆ ਉਦੋਂ) ਰਚੀ। ਜਦੋਂ ਮੈਂ ਇਕੱਲਾ ਰਹਿੰਦਾ ਸੀ ਉਦੋਂ ਧਰਤੀ (ਪ੍ਰਿਥਵੀ) ਵੀ ਨਹੀਂ ਸੀ ਉਦੋਂ ਤੋਂ ਮੇਰੀ ਟੋਪੀ ਜਾਣੋ। ਬ੍ਰਹਮਾ ਜੋ ਗੋਰਖ ਨਾਥ ਅਤੇ ਉਹਨਾਂ ਦੇ ਗੁਰੂ ਮਛੰਦਰ ਨਾਥ ਆਦਿ ਸਭ ਪ੍ਰਾਣੀਆਂ ਦੇ ਸਰੀਰ ਬਣਾਉਣ ਵਾਲਾ ਪੈਦਾ ਵੀ ਨਹੀਂ ਹੋਇਆ ਸੀ। ਉਦੋਂ ਤੋਂ ਮੈਂ ਟੀਕਾ ਲਗਾਇਆ ਹੋਇਆ ਹੈ ਅਰਥਾਤ ਮੈਂ (ਕਬੀਰ) ਉਦੋਂ ਤੋਂ ਸਤਪੁਰਸ਼ ਆਕਾਰ ਰੂਪ ਮੈਂ ਹੀ ਹਾਂ।**

**ਸਤਯੁੱਗ- ਤ੍ਰੇਤਾਯੁੱਗ -ਦਵਾਪਰ ਯੁੱਗ ਅਤੇ ਕਲਯੁੱਗ ਇਹ ਚਾਰ ਯੁੱਗ ਤਾਂ ਮੇਰੇ ਸਾਹਮਣੇ ਅਸੰਖਾਂ ਚਲੇ ਗਏ ਭਾਵ ਖ਼ਤਮ ਹੋ ਗਏ। ਕਬੀਰ ਸਾਹਿਬ ਦੱਸਦੇ ਹਨ ਕਿ ਅਸੀਂ ਸਤਿਗੁਰੂ ਵਚਨ ਵਿੱਚ ਰਹਿ ਕੇ ਅਜਰ-ਅਮਰ ਘਰ (ਸਤਲੋਕ) ਪਾਇਆ।**

**ਇਸਲਈ ਸਭ ਪ੍ਰਾਣੀਆਂ ਨੂੰ ਤੱਤਵ (ਵਾਸਤਵਿਕ ਗਿਆਨ) ਦੱਸਿਆ ਹੈ**

ਕਿ ਪੂਰਣ ਗੁਰੂ ਤੋਂ ਉਪਦੇਸ਼ ਲੈ ਕੇ ਜੀਵਨ ਭਰ ਗੁਰੂ ਬਚਨਾਂ ਤੇ ਚੱਲਦੇ ਹੋਏ ਪੂਰਣ ਪਰਮਾਤਮਾ ਦਾ ਧਿਆਨ ਸਿਮਰਨ ਕਰਕੇ ਉਸੇ ਅਜਰ- ਅਮਰ ਸਤਲੋਕ ਵਿੱਚ ਜਾ ਕੇ ਜਨਮ-ਮਰਣ ਰੂਪੀ ਅਤਿ ਦੁੱਖਮਈ ਸੰਕਟ ਤੋਂ ਬਚ ਸਕਦੇ ਹਾਂ।

ਇਸ ਗੱਲ ਨੂੰ ਸੁਣ ਕੇ ਗੋਰਖਨਾਥ ਜੀ ਨੇ ਪੁੱਛਿਆ ਹੈ ਕਿ ਆਪ ਦੀ ਉਮਰ ਤਾਂ ਬਹੁਤ ਛੋਟੀ ਹੈ ਅਰਥਾਤ ਆਪ ਲੱਗਦੇ ਤਾਂ ਹੋ ਬੱਚੇ ਜਿਹੇ।

ਜੋ ਬੁਝੈ ਸੋਈ ਬਾਵਰਾ, ਕਿਆ ਹੈ ਉਮਰ ਹਮਾਰੀ।
ਅਸੰਖ ਯੁੱਗ ਪਰਲੈ ਗਈ, ਤਬ ਕਾ ਬ੍ਰਹਮਚਾਰੀ॥ ਟੇਕ॥
ਕੋਟੀ ਨਿਰੰਜਨ ਹੋ ਗਏ, ਪਰਲੋਕ ਸਿਧਾਰੀ।
ਹਮ ਤੋ ਸਦਾ ਮਹਿਬੂਬ ਹੈਂ, ਸਵਯੰ ਬ੍ਰਹਮਚਾਰੀ॥
ਅਰਬੋਂ ਤੋਂ ਬ੍ਰਹਮਾ ਗਏ, ਉੱਨਚਾਸ ਕੋਟਿ ਕਨਹੈਯਾ।
ਸਾਤ ਕੋਟਿ ਸ਼ੰਭੂ ਗਏ, ਮੋਰ ਏਕ ਨਹੀ ਪਲੈਯਾ॥
ਕੋਟਿਨ ਨਾਰਦ ਹੋ ਗਏ, ਮੁਹੰਮਦ ਸੇ ਚਾਰੀ।
ਦੇਵਤਨ ਕੀ ਗਿਨਤੀ ਨਹੀਂ ਹੈ, ਕਯਾ ਸ੍ਰਿਸ਼ਟੀ ਵਿਚਾਰੀ॥
ਨਹੀਂ ਬੁਢਾ ਨਹੀਂ ਬਾਲਕ,ਨਾਹੀਂ ਕੋਈ ਭਾਟ ਭਿਖਾਰੀ।
ਕਹੈਂ ਕਬੀਰ ਸੁਨ ਹੋ ਗੋਰਖਨਾਥ, ਯੇਹ ਹੈ ਉਮਰ ਹਮਾਰੀ॥

ਸ਼੍ਰੀ ਗੋਰਖਨਾਥ ਸਿੱਧ ਨੂੰ ਸਤਿਗੁਰੂ ਕਬੀਰ ਸਾਹਿਬ ਆਪਣੀ ਉਮਰ ਦਾ ਵੇਰਵਾ ਦਿੰਦੇ ਹਨ। ਅਸੰਖ ਯੁੱਗ ਪ੍ਰਲਯ ਵਿੱਚ ਗਏ। ਉਦੋਂ ਦਾ ਮੈਂ ਮੌਜੂਦ ਹਾਂ ਅਰਥਾਤ ਅਮਰ ਹਾਂ। ਕਰੋੜਾਂ ਬ੍ਰਹਮ (ਸ਼ਰ-ਕਾਲ) ਭਗਵਾਨ ਮੌਤ ਨੂੰ ਪ੍ਰਾਪਤ ਹੋ ਕੇ ਪੁਨਰ ਜਨਮ ਲੈ ਚੁੱਕੇ ਹਨ।

ਇੱਕ ਬ੍ਰਹਮਾ ਦੀ ਉਮਰ 100 (ਸੌ) ਸਾਲ ਦੀ ਹੁੰਦੀ ਹੈ।

ਬ੍ਰਹਮਾ ਦਾ ਇੱਕ ਦਿਨ = 1000 (ਇੱਕ ਹਜ਼ਾਰ) ਚਤੁਰਯੁੱਗ ਅਤੇ ਇੰਨੀਆਂ ਹੀ ਰਾਤਾਂ ।

ਦਿਨ-ਰਾਤ = 2000 (ਦੋ ਹਜ਼ਾਰ) ਚਤੁਰਯੁੱਗ ।

{ਨੋਟ - ਬ੍ਰਹਮਾ ਦੇ ਇੱਕ ਦਿਨ ਵਿੱਚ 14 ਇੰਦਰਾਂ ਦਾ ਰਾਜ ਖ਼ਤਮ ਹੋ ਜਾਂਦਾ ਹੈ। ਇੱਕ ਇੰਦਰ ਦਾ ਰਾਜ ਕਾਲ ਬਹੱਤਰ ਚਤੁਰਯੁੱਗ ਦਾ ਹੁੰਦਾ ਹੈ। ਇਸ ਲਈ, ਅਸਲ ਵਿੱਚ, ਬ੍ਰਹਮਾ ਜੀ ਦਾ ਇੱਕ ਦਿਨ 72 ਗੁਣਾ 14 = 1008 ਚਤੁਰਯੁੱਗ ਦਾ ਹੁੰਦਾ ਹੈ ਅਤੇ ਇੰਨੀਆਂ ਹੀਂ ਰਾਤਾਂ, ਪਰ ਅਸੀਂ ਇਸਨੂੰ ਇੱਕ ਹਜ਼ਾਰ ਚਤੁਰਯੁੱਗ ਹੀ ਮੰਨ ਕੇ ਚਲਦੇ ਹਾਂ।}

ਮਹੀਨਾ = 30 ਗੁਣਾ 2000 = 60000 (ਸੱਠ ਹਜ਼ਾਰ) ਚਤੁਰਯੁੱਗ ।

ਸਾਲ = 12 ਗੁਣਾ 60000 = 720000 (ਸੱਤ ਲੱਖ ਵੀਹ ਹਜ਼ਾਰ) ਚਤੁਰਯੁੱਗ ।

ਬ੍ਰਹਮਾ ਜੀ ਦੀ ਉਮਰ:-

720000 ਗੁਣਾ 100 ਗੁਣਾ 72000000 (ਸੱਤ ਕਰੋੜ ਵੀਹ ਲੱਖ) ਚਤੁਰਯੁੱਗ ।

ਬ੍ਰਹਮਾ ਤੋਂ ਸੱਤ ਗੁਣਾ ਵਿਸ਼ਨੂੰ ਜੀ ਦੀ ਉਮਰ ਹੈ:-

72000000 ਗੁਣਾ 7 = 504000000 (ਪੰਜਾਹ ਕਰੋੜ ਚਾਲੀ ਲੱਖ) ਚਤੁਰਯੁੱਗ ।

ਵਿਸ਼ਨੂੰ ਤੋਂ ਸੱਤ ਗੁਣਾ ਸ਼ਿਵ ਦੀ ਉਮਰ ਹੈ: -

504000000 ਗੁਣਾ 7 = 3528000000 (ਤਿੰਨ ਅਰਬ ਬਵੰਜਾ ਕਰੋੜ ਅੱਸੀ ਲੱਖ) ਚਤੁਰਯੁੱਗ ਦੀ ਹੋਈ ।

ਅਜਿਹੀ ਉਮਰ ਵਾਲੇ ਸੱਤਰ ਹਜ਼ਾਰ ਸ਼ਿਵ ਵੀ ਮਰ ਜਾਂਦੇ ਹਨ ਫਿਰ ਇੱਕ ਜੋਤੀ ਨਿਰੰਜਨ (ਬ੍ਰਹਮ) ਮਰਦਾ ਹੈ। (ਇਸੇ ਲਈ ਕਾਲ ਬ੍ਰਹਮ ਸ਼੍ਰੀ ਕ੍ਰਿਸ਼ਨ ਵਿੱਚ ਪ੍ਰਵੇਸ਼ ਕਰਕੇ ਗੀਤਾ ਗਿਆਨ ਦਿੰਦੇ ਸਮੇਂ ਗੀਤਾ ਅਧਿਆਇ 2 ਸ਼ਲੋਕ 12, ਅਧਿਆਇ 4 ਸ਼ਲੋਕ 5 ਵਿੱਚ ਅਤੇ ਅਧਿਆਇ 10 ਸ਼ਲੋਕ 2 ਵਿੱਚ ਕਹਿੰਦਾ ਹੈ ਕਿ ਹੇ ਅਰਜੁਨ! ਤੇਰੇ ਅਤੇ ਮੇਰੇ ਕਈ ਜਨਮ ਹੋ ਚੁੱਕੇ ਹਨ, ਤੂੰ ਨਹੀਂ ਜਾਣਦਾ, ਮੈਂ ਜਾਣਦਾ ਹਾਂ। ) ਪੂਰਣ ਪਰਮਾਤਮਾ ਦੁਆਰਾ ਪਹਿਲਾਂ ਨਿਰਧਾਰਤ ਕੀਤੇ ਸਮੇਂ ਤੇ ਇੱਕ ਸ਼ੰਖ (Alarm) ਵੱਜਦਾ ਹੈ ਉਸ ਸਮੇਂ ਇੱਕ ਬ੍ਰਹਿਮੰਡ ਵਿੱਚ ਮਹਾਂਪ੍ਰਲਯ ਹੁੰਦੀ ਹੈ।

ਇਹ ਸਮਾਂ (ਸੱਤਰ ਹਜ਼ਾਰ ਸ਼ਿਵ ਦੀ ਮੌਤ ਅਰਥਾਤ ਇੱਕ ਸਦਾਸ਼ਿਵ/ ਜੋਤੀ ਨਿਰੰਜਨ ਦੀ ਮੌਤ) ਇੱਕ ਯੁੱਗ ਹੁੰਦਾ ਹੈ ਪਰਬ੍ਰਹਮ ਦਾ। ਪਰਬ੍ਰਹਮ ਦਾ ਇੱਕ ਦਿਨ ਇੱਕ ਹਜ਼ਾਰ ਯੁੱਗ ਦਾ ਹੁੰਦਾ ਹੈ ਇੰਨੀ ਹੀ ਰਾਤ ਹੁੰਦੀ ਹੈ ਤੀਹ ਦਿਨ ਰਾਤ ਦਾ ਇੱਕ ਮਹੀਨਾ ਅਤੇ ਬਾਰਾਂ ਮਹੀਨਿਆਂ ਦਾ ਪਰਬ੍ਰਹਮ ਦਾ ਇੱਕ ਸਾਲ ਹੋਇਆ ਅਤੇ ਸੌ ਸਾਲ ਦੀ ਪਰਬ੍ਰਹਮ ਦੀ ਉਮਰ ਹੈ। ਪਰਬ੍ਰਹਮ ਦੀ ਵੀ ਮੌਤ ਹੁੰਦੀ ਹੈ। ਬ੍ਰਹਮ ਅਰਥਾਤ ਜੋਤੀ ਨਿਰੰਜਨ ਦੀ ਮੌਤ ਪਰਬ੍ਰਹਮ ਦੇ ਇੱਕ ਦਿਨ ਦੇ ਬਾਅਦ ਹੁੰਦੀ ਹੈ ਇਸ ਤਰ੍ਹਾਂ ਕਬੀਰ ਪਰਮਾਤਮਾ ਨੇ ਕਿਹਾ ਹੈ ਕਿ ਕਰੋੜਾਂ ਜੋਤੀ ਨਿਰੰਜਨ ਮਰ ਲਏ ਮੇਰੀ ਇੱਕ ਪਲ ਵੀ ਉਮਰ ਘੱਟ ਨਹੀਂ ਹੋਈ ਅਰਥਾਤ ਅਮਰ ਪੁਰਸ਼ ਹਾਂ। ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਅਮਰ ਹਾਂ। ਹੋਰ ਭਗਵਾਨ ਜਿਸਦਾ ਤੁਸੀਂ ਆਸਰਾ ਲੈ ਕੇ ਭਗਤੀ ਕਰ ਰਹੇ ਹੋ ਨਾਸ਼ਵਾਨ ਹਨ। ਫਿਰ ਤੁਸੀਂ ਅਮਰ ਕਿਵੇਂ ਹੋ ਸਕਦੇ ਹੋ? ਅਰਬਾਂ ਤਾਂ ਬ੍ਰਹਮਾ ਗਏ, 49 ਕੋਟਿ ਕਨਹੈਯਾ । ਸਾਤ ਕੋਟਿ ਸ਼ੰਭੂ ਗਏ, ਮੋਰ ਏਕ ਨਹੀਂ ਪਲੈਯਾ।

ਇੱਥੇ ਦੇਖੋ ਅਮਰ ਪੁਰਸ਼ ਕੌਣ ਹੈ? 343 ਕਰੋੜ ਤ੍ਰਿਲੋਕੀ ਬ੍ਰਹਮਾ ਮਰ ਜਾਂਦੇ ਹਨ, 49 ਕਰੋੜ ਤ੍ਰਿਲੋਕੀ ਵਿਸ਼ਨੂੰ ਅਤੇ 7 ਕਰੋੜ ਤ੍ਰਿਲੋਕੀ ਸ਼ਿਵ ਮਰ ਜਾਂਦੇ ਹਨ ਤਦ ਇੱਕ ਜੋਤੀ ਨਿਰੰਜਨ (ਕਾਲ ਬ੍ਰਹਮ) ਮਰਦਾ ਹੈ। ਜਿਸਨੂੰ ਗੀਤਾ ਜੀ ਦੇ ਅਧਿਆਇ 15 ਦੇ ਸਲੋਕ 16 ਵਿੱਚ ਸ਼ਰ (ਨਾਸ਼ਵਾਨ) ਭਗਵਾਨ ਕਿਹਾ ਹੈ ਅਤੇ ਇਸੇ ਸ਼ਲੋਕ ਵਿੱਚ ਜਿਸਨੂੰ ਅਕਸ਼ਰ (ਅਵਿਨਾਸ਼ੀ) ਕਿਹਾ ਹੈ ਉਹ ਪਰਬ੍ਰਹਮ ਹੈ ਜਿਸਨੂੰ ਅਕਸ਼ਰ ਪੁਰਸ਼ ਵੀ ਕਹਿੰਦੇ ਹਨ। ਅਕਸ਼ਰ ਪੁਰਸ਼ ਅਰਥਾਤ ਪਰਬ੍ਰਹਮ ਵੀ ਨਸ਼ਟ ਹੁੰਦਾ ਹੈ। ਇਹ ਕਾਲ ਵੀ ਕਰੋੜਾਂ ਖ਼ਤਮ ਹੋ ਜਾਣਗੇ। ਤਦ ਸਭ ਅੰਡ-ਬ੍ਰਹਿਮੰਡ ਨਾਸ਼ ਵਿੱਚ ਆਉਣਗੇ। ਸਿਰਫ਼ ਸਤਲੋਕ ਬਚੇਗਾ। ਫਿਰ ਅੰਚਿਤ ਸਤਪੁਰਸ਼ ਦੇ ਆਦੇਸ਼ ਨਾਲ ਸ੍ਰਿਸ਼ਟੀ ਰਚੇਗਾ। ਇਹੀ ਸ਼ਰ ਪੁਰਸ਼ ਅਤੇ ਅਕਸ਼ਰ ਪੁਰਸ਼ ਦੀ ਸ੍ਰਿਸ਼ਟੀ ਫਿਰ ਸ਼ੁਰੂ ਹੋ ਜਾਵੇਗੀ।

ਫਿਰ ਜੋ ਗੀਤਾ ਜੀ ਦੇ ਅਧਿਆਇ 15 ਦੇ ਸ਼ਲੋਕ 17 ਵਿੱਚ ਕਿਹਾ ਹੈ ਕਿ ਉਹ ਉੱਤਮ ਪੁਰਸ਼ (ਪੂਰਣ ਪਰਮਾਤਮਾ) ਤਾਂ ਕੋਈ ਹੋਰ ਹੀ ਹੈ ਜਿਸਨੂੰ ਅਵਿਨਾਸ਼ੀ ਪਰਮਾਤਮਾ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਪੂਰਣ ਬ੍ਰਹਮ ਪਰਮੇਸ਼ਵਰ ਸਤਪੁਰਸ਼ ਖ਼ੁਦ ਕਬੀਰ ਸਾਹਿਬ ਹੈ। ਸਿਰਫ਼ ਸਤਪੁਰਸ਼ ਅਜਰ-ਅਮਰ ਪਰਮਾਤਮਾ ਹੈ ਅਤੇ ਉਸ-ਦਾ ਸਤਲੋਕ ਹੀ (ਸਤਧਾਮ) ਅਮਰ ਹੈ ਜਿਸਨੂੰ ਅਮਰ ਲੋਕ ਵੀ ਕਹਿੰਦੇ ਹਨ। ਉੱਥੇ ਦੀ ਭਗਤੀ ਕਰਕੇ ਭਗਤ ਆਤਮਾ ਪੂਰਣ ਮੁਕਤ ਹੁੰਦੀ ਹੈ। ਜਿਸਦੀ ਕਦੇ ਮੌਤ ਨਹੀਂ ਹੁੰਦੀ। ਕਬੀਰ ਸਾਹਿਬ ਨੇ ਕਿਹਾ ਕਿ ਇਹ ਉਪਲਬਧੀ ਸੋਹੰ ਸ਼ਬਦ ਦੇ ਜਾਪ ਨਾਲ ਪ੍ਰਾਪਤ ਹੁੰਦੀ ਹੈ ਜੇ ਉਸਦਾ ਮਰਮ ਭੇਦੀ ਗੁਰੂ ਤੋਂ ਮਿਲੇ ਅਤੇ ਉਸਦੇ ਬਾਅਦ ਸਾਰਨਾਮ ਮਿਲੇ। ਫਿਰ

ਸਤਲੋਕ ਵਿੱਚ ਵਾਸ ਅਤੇ ਸਤਪੁਰਸ਼ ਪ੍ਰਾਪਤੀ ਹੁੰਦੀ ਹੈ। ਕਰੋੜਾਂ ਨਾਰਦ ਅਤੇ ਮੁਹੰਮਦ ਵਰਗੀ ਪਾਕ (ਪਵਿੱਤਰ) ਆਤਮਾ ਵੀ ਆ ਕੇ (ਪੈਦਾ ਹੋ ਕੇ) ਜਾ (ਮਰ) ਚੁੱਕੇ ਹਨ, ਦੇਵਤਿਆਂ ਦੀ ਤਾਂ ਗਿਣਤੀ ਨਹੀਂ। ਫਿਰ ਆਮ ਮਨੁੱਖ ਸਰੀਰ ਧਾਰੀ ਪ੍ਰਾਣੀਆਂ ਅਤੇ ਜੀਵਾਂ ਦਾ ਤਾਂ ਹਿਸਾਬ ਕੀ ਲਗਾਇਆ ਜਾ ਸਕਦਾ ਹੈ? ਮੈਂ (ਕਬੀਰ ਸਾਹਿਬ) ਨਾ ਬੁੱਢਾ ਨਾ ਬੱਚਾ, ਮੈਂ ਤਾਂ ਜਵਾਨ ਰੂਪ ਵਿੱਚ ਰਹਿੰਦਾ ਹਾਂ ਜੋ ਰੂਹਾਨੀ ਸ਼ਕਤੀ ਦਾ ਪ੍ਰਤੀਕ ਹੈ। ਇਹ ਤਾਂ ਮੈਂ ਲੀਲਾਮਈ ਸਰੀਰ ਵਿੱਚ ਤੁਹਾਡੇ ਸਾਹਮਣੇ ਹਾਂ। ਕਹੈ ਕਬੀਰ ਸੁਨੋਂ ਜੀ ਗੋਰਖ, ਮੇਰੀ ਉਮਰ ਇਹ ਹੈ ਜੋ ਤੁਹਾਨੂੰ ਉੱਪਰ ਦੱਸੀ ਹੈ।

ਇਹ ਸੁਣ ਕੇ ਸ਼੍ਰੀ ਗੋਰਖਨਾਥ ਜੀ ਜ਼ਮੀਨ ਵਿੱਚ ਗੱਡੇ ਲਗਭਗ ਸੱਤ ਫੁੱਟ ਉੱਚੇ ਤ੍ਰਿਸ਼ੂਲ ਦੇ ਉੱਪਰ ਵਾਲੇ ਭਾਗ ਤੇ ਆਪਣੀ ਸਿੱਧੀ ਸ਼ਕਤੀ ਨਾਲ ਉੱਡ ਕੇ ਬੈਠ ਗਏ ਅਤੇ ਕਿਹਾ ਕਿ ਜੇਕਰ ਆਪ ਇੰਨੇ ਮਹਾਨ ਹੋ ਤਾਂ ਮੇਰੇ ਬਰਾਬਰ (ਜ਼ਮੀਨ ਤੋਂ ਲਗਭਗ ਸੱਤ ਫੁੱਟ) ਉੱਚਾ ਉੱਠ ਕੇ ਗੱਲ ਕਰੋ। ਇਹ ਸੁਣ ਕੇ ਕਬੀਰ ਸਾਹਿਬ ਬੋਲੇ ਨਾਥ ਜੀ! ਗਿਆਨ ਗੋਸ਼ਟੀ ਦੇ ਲਈ ਆਏ ਹਾਂ ਨਾ ਕਿ ਨਾਟਕਬਾਜ਼ੀ ਕਰਨ ਲਈ।ਤੁਸੀਂ ਹੇਠਾਂ ਆਓ ਅਤੇ ਸਭ ਭਗਤ ਸਮਾਜ ਦੇ ਸਾਹਮਣੇ ਯਥਾਰਤ (ਸੱਚਾ) ਭਗਤੀ ਸੰਦੇਸ਼ ਦਿਉ। ਸ਼੍ਰੀ ਗੋਰਖਨਾਥ ਜੀ ਨੇ ਕਿਹਾ ਕਿ ਤੁਹਾਡੇ ਕੋਲ ਕੋਈ ਸ਼ਕਤੀ ਨਹੀਂ ਹੈ। ਤੁਸੀਂ ਅਤੇ ਤੁਹਾਡੇ ਗੁਰੂ ਜੀ ਦੁਨੀਆਂ ਨੂੰ ਗੁੰਮਰਾਹ ਕਰ ਰਹੇ ਹੋ। ਅੱਜ ਤੁਹਾਡੀ ਪੋਲ ਖੁੱਲੇਗੀ। ਅਜਿਹਾ ਹੈ ਤਾਂ ਆਓ ਬਰਾਬਰ। ਉਦੋਂ ਕਬੀਰ ਸਾਹਿਬ ਦੇ ਵਾਰ-ਵਾਰ ਪ੍ਰਾਰਥਨਾ ਕਰਨ ਤੇ ਵੀ ਨਾਥ ਜੀ ਬਾਜ ਨਹੀਂ ਆਏ ਤਾਂ ਕਬੀਰ ਸਾਹਿਬ ਨੇ ਆਪਣੀ ਪਰਮ ਸ਼ਕਤੀ (ਪੂਰਣ ਸਿੱਧੀ) ਦਾ ਪ੍ਰਦਰਸ਼ਨ ਕੀਤਾ। ਸਾਹਿਬ ਕਬੀਰ ਜੀ ਦੀ ਜ਼ੇਬ ਵਿੱਚ ਇੱਕ ਕੱਚੇ ਧਾਗੇ ਦੀ ਰੀਲ ( ਕੁੱਕੜੀ) ਸੀ ਜਿਸ ਵਿੱਚ ਲਗਭਗ 150 ( ਇੱਕ ਸੌ ਪੰਜਾਹ ) ਫੁੱਟ ਲੰਬਾ ਧਾਗਾ ਲਿਪਟਿਆ ਹੋਇਆ ਸੀ, ਨੂੰ ਕੱਢਿਆ ਅਤੇ ਧਾਗੇ ਦਾ ਇੱਕ ਸਿਰਾ ਫੜ੍ਹਿਆ ਅਤੇ ਅਸਮਾਨ ਵਿੱਚ ਸੁੱਟ ਦਿੱਤਾ। ਉਹ ਸਾਰਾ ਧਾਗਾ ਉਸ ਬੰਡਲ (ਕੁੱਕੜੀ) ਤੋਂ ਉੱਧੜ ਕੇ ਸਿੱਧਾ ਖੜ੍ਹਾ ਹੋ ਗਿਆ। ਸਾਹਿਬ ਕਬੀਰ ਜ਼ਮੀਨ ਤੋਂ ਆਕਾਸ਼ ਵਿੱਚ ਉੱਡੇ ਅਤੇ ਲਗਭਗ 150 (ਇੱਕ ਸੌ ਪੰਜਾਹ) ਫੁੱਟ ਸਿੱਧੇ ਖੜ੍ਹੇ ਧਾਗੇ ਦੇ ਉੱਪਰ ਵਾਲੇ ਸਿਰੇ (ਛੋਰ) ਉੱਤੇ ਸੁੱਖ ਆਸਣ ( ਜਿਸ ਤਰਾਂ ਆਮ ਬੈਠਦੇ ਹਾਂ ) ਵਿੱਚ ਬੈਠ ਕੇ ਕਿਹਾ ਕਿ ਆਓ ਨਾਥ ਜੀ! ਬਰਾਬਰ ਵਿੱਚ ਬੈਠ ਕੇ ਚਰਚਾ ਕਰਦੇ ਹਾਂ। ਗੋਰਖ ਨਾਥ ਜੀ ਨੇ ਉੱਪਰ ਉੱਡਣ ਦੀ ਕੋਸ਼ਿਸ਼ ਕੀਤੀ ਪਰ ਉਲਟਾ ਜ਼ਮੀਨ ਉੱਪਰ ਡਿੱਗ ਗਏ।

ਪੂਰਣ ਪਰਮਾਤਮਾ (ਪੂਰਣ ਬ੍ਰਹਮ) ਦੇ ਸਾਹਮਣੇ ਸਿੱਧੀਆਂ ਅਕਿਰਿਆਸ਼ੀਲ ਹੋ ਜਾਂਦੀਆਂ ਹਨ। ਜਦ ਗੋਰਖ਼ਨਾਥ ਜੀ ਦੀ ਕੋਈ ਕੋਸ਼ਿਸ਼ ਸਫ਼ਲ ਨਾ ਹੋਈ, ਉਸ ਸਮੇਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਇਹ ਕੋਈ ਆਮ ਭਗਤ ਜਾਂ ਸੰਤ ਨਹੀਂ ਹੈ। ਜ਼ਰੂਰ ਕੋਈ ਅਵਤਾਰ (ਬ੍ਰਹਮਾ, ਵਿਸ਼ਨੂੰ, ਮਹੇਸ਼ ਵਿੱਚੋਂ) ਹੈ। ਓਦੋਂ ਸਾਹਿਬ ਕਬੀਰ ਨੂੰ ਕਿਹਾ ਕਿ ਹੇ ਪਰਮ (ਉੱਤਮ) ਪੁਰਸ਼! ਕਿਰਪਾ ਕਰਕੇ ਹੇਠਾਂ ਆਓ ਅਤੇ ਆਪਣੇ ਦਾਸ 'ਤੇ ਦਯਾ ਕਰਕੇ ਆਪਣਾ ਪਰਿਚੈ ਦਿਉ । ਤੁਸੀਂ ਕਿਹੜੀ ਸ਼ਕਤੀ ਹੋ? ਕਿਸ ਲੋਕ ਤੋਂ ਆਏ ਹੋ? ਉਸ ਸਮੇਂ ਸਾਹਿਬ ਕਬੀਰ ਹੇਠਾਂ ਆਏ ਅਤੇ ਕਿਹਾ ਕਿ:-

ਅਵਧੂ ਅਬਿਗਤ ਸੇ ਚਲ ਆਯਾ, ਕੋਈ ਮੇਰਾ ਭੇਦ ਮਰਮ ਨਹੀਂ ਪਾਯਾ ॥ਟੇਕ॥
ਨਾ ਮੇਰਾ ਜਨਮ ਨਾ ਗਰਭ ਬਸੇਰਾ, ਬਾਲਕ ਹੋਏ ਦਿਖਲਾਯਾ ।
ਕਾਸ਼ੀ ਨਗਰ ਜਲ ਕਮਲ ਪਰ ਡੇਰਾ, ਤਹਾਂ ਜੁਲਾਹੇ ਨੇ ਪਾਯਾ ॥
ਮਾਤਾ-ਪਿਤਾ ਮੇਰੇ ਕਛੂ ਨਹੀਂ, ਨਾ ਮੇਰੇ ਘਰ ਦਾਸੀ ।

ਜੁਲਹਾ ਕੋ ਸੁਤ ਆਨ ਕਹਾਯਾ, ਜਗਤ ਕਰੇ ਮੇਰੀ ਹਾਂਸੀ॥
ਪਾਂਚ ਤੱਤਵ ਕਾ ਧੜ ਨਹੀਂ ਮੇਰਾ, ਜਾਨੂੰ ਗਿਆਨ ਅਪਾਰਾ ।
ਸੱਤਯ ਸਵਰੂਪੀ ਨਾਮ ਸਾਹਿਬ ਕਾ, ਸੋ ਹੈ ਨਾਮ ਹਮਾਰਾ॥
ਅਧਰ ਦੀਪ (ਸਤਲੋਕ) ਗਗਨ ਗੁਫ਼ਾ ਮੇਂ, ਤਹਾਂ ਨਿੱਜ ਵਸਤੂ ਸਾਰਾ ।
ਜੋਤ ਸਵਰੂਪੀ ਅਲਖ ਨਿਰੰਜਨ (ਬ੍ਰਹਮ) ਭੀ, ਧਰਤਾ ਧਿਆਨ ਹਮਾਰਾ॥
ਹਾਡ ਚਾਮ ਲੋਹੂ ਨਹੀਂ ਮੋਰੇ, ਜਾਨੇ ਸਤਯਨਾਮ ਉਪਾਸੀ ।
ਤਾਰਨ ਤਰਨ ਅਭੈ ਪਦ ਦਾਤਾ, ਮੈਂ ਹੂੰ ਕਬੀਰ ਅਵਿਨਾਸ਼ੀ॥



ਸਾਹਿਬ ਕਬੀਰ ਨੇ ਕਿਹਾ ਕਿ ਹੇ ਅਵਧੂਤ ਗੋਰਖ਼ਨਾਥ ਜੀ ਮੈਂ ਤਾਂ ਅਵਿਗਤ ਸਥਾਨ (ਜਿਸਦੀ ਗਤੀ ਜਾਂ ਭੇਦ ਕੋਈ ਨਹੀਂ ਜਾਣਦਾ ਉਸ ਸਤਲੋਕ) ਤੋਂ ਆਇਆ ਹਾਂ। ਮੈਂ ਤਾਂ ਖ਼ੁਦ ਆਪਣੀ ਸ਼ਕਤੀ ਨਾਲ਼ ਬੱਚਾ ਰੂਪ ਬਣਾ ਕੇ ਕਾਸ਼ੀ (ਬਨਾਰਸ) ਵਿੱਚ ਇੱਕ ਲਹਿਰ ਤਾਰਾ ਤਲਾਬ ਵਿੱਚ ਕਮਲ ਦੇ ਫੁੱਲ ਉੱਪਰ ਪ੍ਰਗਟ ਹੋਇਆ ਹਾਂ। ਉੱਥੇ ਨੀਰੂ-ਨੀਮਾ ਨਾਮ ਦੇ ਜੁਲਾਹਾ ਪਤੀ-ਪਤਨੀ ਨੂੰ ਮਿਲਿਆ, ਉਹ ਮੈਨੂੰ ਆਪਣੇ ਘਰ ਲੈ ਆਏ। ਮੇਰੇ ਮਾਤਾ-ਪਿਤਾ ਨਹੀਂ ਹਨ। ਨਾ ਹੀ ਮੇਰੇ ਘਰ ਕੋਈ ਦਾਸੀ (ਪਤਨੀ) ਹੈ ਅਤੇ ਜੋ ਉਸ ਪਰਮਾਤਮਾ ਦਾ ਅਸਲ ਨਾਮ ਹੈ, ਉਹੀ ਕਬੀਰ ਨਾਮ ਮੇਰਾ ਹੈ। ਤੁਹਾਡਾ ਜੋਤੀ ਸਵਰੂਪ ਜਿਸਨੂੰ ਅਲਖ ਨਿਰੰਜਨ (ਨਿਰਾਕਾਰ ਭਗਵਾਨ) ਕਹਿੰਦੇ ਹੋ ਉਹ ਬ੍ਰਹਮ ਵੀ ਮੇਰਾ ਹੀ ਜਾਪ ਕਰਦਾ ਹੈ। ਮੈਂ ਸਤਿਨਾਮ ਦਾ ਜਾਪ ਕਰਨ ਵਾਲੇ ਭਗਤ ਨੂੰ ਪ੍ਰਾਪਤ ਹੁੰਦਾ ਹਾਂ ਅਰਥਾਤ ਉਹੀ ਮੇਰੇ ਬਾਰੇ ਵਿੱਚ ਸਹੀ ਜਾਣਦਾ ਹੈ। ਹੱਡ-ਚਮੜੀ ਅਤੇ ਲਹੂ (ਖ਼ੂਨ) ਤੋਂ ਮੇਰਾ ਸਰੀਰ ਨਹੀਂ ਬਣਿਆ ਹੋਇਆ ਹੈ। ਕਬੀਰ ਸਾਹਿਬ ਸਤਿਨਾਮ ਦੀ ਮਹਿਮਾ ਦੱਸਦੇ ਹੋਏ ਕਹਿੰਦੇ ਹਨ ਕਿ ਮੇਰੇ ਮੂਲ ਸਥਾਨ (ਸਤਲੋਕ) ਵਿੱਚ ਸਤਿਨਾਮ ਦੇ ਅਧਾਰ ਤੇ ਜਾਇਆ ਜਾਂਦਾ ਹੈ। ਹੋਰ ਭਗਤਾਂ ਨੂੰ ਇਸ਼ਾਰਾ ਕਰਦੇ ਹੋਏ ਪ੍ਰਭੂ ਕਬੀਰ (ਕਵਿਰਦੇਵ) ਜੀ ਕਹਿ ਰਹੇ ਹਨ ਕਿ ਮੈਂ ਉਸਦਾ ਹੀ ਜਾਪ ਕਰਦਾ ਰਹਿੰਦਾ ਹਾਂ। ਇਹੀ ਮੰਤਰ (ਸਤਿਨਾਮ) ਨਾਲ਼ ਸਤਲੋਕ ਜਾਣ ਯੋਗ ਹੋ ਕੇ ਫਿਰ ਸਾਰਨਾਮ ਪ੍ਰਾਪਤ ਕਰਕੇ ਜਨਮ-ਮਰਣ ਤੋਂ ਛੁੱਟਕਾਰਾ ਮਿਲਦਾ ਹੈ। ਇਹ ਤਾਰਨ ਤਰਨ ਪਦ (ਪੂਜਾ ਵਿਧੀ)

ਮੈਂ (ਕਬੀਰ ਸਾਹਿਬ ਅਵਿਨਾਸ਼ੀ ਭਗਵਾਨ ਨੇ) ਤੁਹਾਨੂੰ ਦੱਸੀ ਹੈ। ਇਸਨੂੰ

ਕੋਈ ਨਹੀਂ ਜਾਣਦਾ। ਗੋਰਖ਼ਨਾਥ ਜੀ ਨੂੰ ਦੱਸਿਆ ਕਿ ਹੇ ਪੁੰਨ ਆਤਮਾ! ਤੁਸੀਂ ਕਾਲ ਸ਼ਰ ਪੁਰਸ਼ (ਜੋਤੀ ਨਿਰੰਜਨ) ਦੇ ਜਾਲ ਵਿੱਚ ਹੀ ਹੋ। ਨਾ ਜਾਣੇ ਕਿੰਨੀ ਵਾਰ ਤੁਹਾਡੇ ਜਨਮ ਹੋ ਚੁੱਕੇ ਹਨ।

ਕਦੇ ਚੌਰਾਸੀ ਲੱਖ ਜੂਨਾਂ ਵਿੱਚ ਦੁੱਖ ਪਾਇਆ। ਤੁਹਾਡੇ ਚਾਰਾਂ ਯੁੱਗਾਂ ਦੀ ਭਗਤੀ ਨੂੰ ਕਾਲ ਹੁਣ (ਕਲਯੁੱਗ ਵਿੱਚ) ਖ਼ਤਮ ਕਰ ਦਿੰਦਾ ਜੇਕਰ ਤੁਸੀਂ ਮੇਰੀ ਸ਼ਰਣ ਵਿੱਚ ਨਾ ਆਉਂਦੇ।

ਇਹ ਕਾਲ ਇੱਕੀ ਬ੍ਰਹਿਮੰਡਾਂ ਦਾ ਮਾਲਕ ਹੈ। ਇਸਨੂੰ ਸਰਾਪ ਲੱਗਿਆ ਹੈ ਕਿ ਇੱਕ ਲੱਖ ਮਨੁੱਖ ਸਰੀਰ ਧਾਰੀ (ਦੇਵ ਅਤੇ ਰਿਸ਼ੀ ਵੀ) ਜੀਵ ਹਰ ਰੋਜ਼ ਖਾਏਗਾ ਅਤੇ ਸਵਾ ਲੱਖ ਪੈਦਾ ਕਰੇਗਾ (ਮਨੁੱਖ ਸਰੀਰ ਵਾਲੇ)। ਇਸ ਤਰ੍ਹਾਂ ਹਰ ਰੋਜ਼ ਪੱਚੀ ਹਜ਼ਾਰ ਵੱਧ ਰਹੇ ਹਨ। ਉਹਨਾਂ ਨੂੰ ਟਿਕਾਣੇ ਲਗਾ ਕੇ ਰੱਖਣ ਲਈ ਅਤੇ ਕਰਮ ਭੁਗਤਾਉਣ ਦੇ ਲਈ ਆਪਣਾ ਕਾਨੂੰਨ ਬਣਾ ਕੇ ਚੌਰਾਸੀ ਲੱਖ ਜੂਨਾਂ ਬਣਾ ਰੱਖੀਆਂ ਹਨ। ਇਨ੍ਹਾਂ ਵਿੱਚ ਜੀਵ ਬਿਲਕੁਲ ਅਣਜਾਣ ਰਹਿੰਦਾ ਹੈ ਅਤੇ ਇਨ੍ਹਾਂ ਵਾਧੂ ਜੀਵਾਂ ਤੋਂ ਹੀ ਸਰੀਰ ਬਣਾਉਂਦਾ ਹੈ ਜਿਵੇਂ ਖ਼ੂਨ ਵਿੱਚ ਜੀਵਾਣੂ, ਹਵਾ ਵਿੱਚ ਜੀਵਾਣੂ ਆਦਿ-2। ਇਸਦੀ ਪਤਨੀ ਆਦਿ ਮਾਇਆ (ਪ੍ਰਕ੍ਰਿਤੀ ਦੇਵੀ) ਅਸ਼ਟੰਗੀ (ਅੱਠ ਬਾਹਾਂ ਵਾਲੀ) ਹੈ। ਇਸ ਨਾਲ ਹੀ ਕਾਲ (ਬ੍ਰਹਮ-ਅਲਖ ਨਿਰੰਜਨ) ਨੇ (ਪਤੀ-ਪਤਨੀ ਦੇ ਸੰਯੋਗ ਨਾਲ) ਤਿੰਨ ਪੁੱਤਰ ਬ੍ਰਹਮਾ-ਵਿਸ਼ਨੂੰ-ਸ਼ਿਵ ਪੈਦਾ ਕੀਤੇ। ਇਨ੍ਹਾਂ ਤਿੰਨਾਂ ਨੂੰ ਆਪਣੇ ਸਹਿਯੋਗੀ ਬਣਾ ਕੇ ਬ੍ਰਹਮਾ ਨੂੰ ਸਰੀਰ ਬਣਾਉਣ ਦਾ, ਵਿਸ਼ਨੂੰ ਨੂੰ ਪਾਲਣ-ਪੋਸ਼ਣ ਦਾ ਅਤੇ ਸ਼ਿਵ ਨੂੰ ਸੰਹਾਰ ਕਰਨ ਦਾ ਕੰਮ ਦੇ ਰੱਖਿਆ ਹੈ। ਇਨ੍ਹਾਂ ਤੋਂ ਪਹਿਲਾਂ ਤਪ ਕਰਵਾਉਂਦਾ ਹੈ ਫਿਰ ਸਿੱਧੀਆਂ ਭਰ ਦਿੰਦਾ ਹੈ ਜਿਸਦੇ ਆਧਾਰ ਤੇ ਇਹਨਾਂ ਤੋਂ ਆਪਣਾ ਉੱਲੂ ਸਿੱਧਾ ਕਰਦਾ ਹੈ ਅਤੇ ਅੰਤ ਵਿੱਚ ਇਨ੍ਹਾਂ ਨੂੰ (ਜਦੋਂ ਇਹ ਸ਼ਕਤੀ ਰਹਿਤ ਹੋ ਜਾਂਦੇ ਹਨ) ਵੀ ਮਾਰ ਕੇ ਨਵੇਂ ਤਿੰਨ ਪੁੱਤਰ ਪੈਦਾ ਕਰਦਾ ਹੈ। ਇਸ ਤਰ੍ਹਾਂ ਆਪਣੇ ਕਾਲ ਲੋਕ ਨੂੰ ਚਲਾ ਰਿਹਾ ਹੈ। ਇਨ੍ਹਾਂ ਸਭ ਤੋਂ ਉੱਪਰ ਪੂਰਣ ਪਰਮਾਤਮਾ ਹੈ। ਉਸਦਾ ਹੀ ਅਵਤਾਰ ਮੈਨੂੰ (ਕਬੀਰ) ਜਾਣ।

ਗੋਰਖਨਾਥ ਦੇ ਮਨ ਵਿੱਚ ਵਿਸ਼ਵਾਸ ਹੋ ਗਿਆ ਕਿ ਕੋਈ ਸ਼ਕਤੀ ਹੈ ਜੋ ਕੁੱਲ ਦਾ ਮਾਲਕ ਹੈ। ਫਿਰ ਗੋਰਖਨਾਥ ਨੇ ਕਿਹਾ ਕਿ ਮੇਰੀ ਇੱਕ ਸ਼ਕਤੀ ਹੋਰ ਦੇਖੋ। ਇਹ ਕਹਿ ਕੇ ਗੰਗਾ ਵੱਲ ਤੁਰ ਪਿਆ। ਸਾਰੇ ਦਰਸ਼ਕਾਂ ਦੀ ਭੀੜ ਨਾਲ ਹੀ ਚੱਲ ਪਈ। ਲਗਭਗ 500 ਫੁੱਟ ਤੇ ਗੰਗਾ ਨਦੀ ਸੀ। ਉਸ ਵਿੱਚ ਜਾ ਕੇ ਛਾਲ ਮਾਰਦੇ ਹੋਏ ਕਿਹਾ ਕਿ ਮੈਨੂੰ ਲੱਭ ਦਿਓ। ਫਿਰ ਮੈਂ (ਗੋਰਖਨਾਥ) ਤੁਹਾਡਾ ਚੇਲਾ ਬਣ ਜਾਵਾਂਗਾ। ਗੋਰਖਨਾਥ ਮੱਛੀ ਬਣ ਗਿਆ। ਸਾਹਿਬ ਕਬੀਰ ਨੇ ਉਸੇ ਮੱਛੀ ਨੂੰ ਪਾਣੀ ਵਿੱਚੋਂ ਬਾਹਰ ਕੱਢ ਕੇ ਸਭ ਦੇ ਸਾਹਮਣੇ ਗੋਰਖਨਾਥ ਬਣਾ ਦਿੱਤਾ। ਤਦ ਗੋਰਖਨਾਥ ਜੀ ਨੇ ਸਾਹਿਬ ਕਬੀਰ ਨੂੰ ਪੂਰਣ ਪਰਮਾਤਮਾ ਸਵੀਕਾਰ ਕੀਤਾ ਅਤੇ ਸ਼ਿਸ਼ ਬਣੇ। ਸਾਹਿਬ ਕਬੀਰ ਤੋਂ ਸਤਿਨਾਮ ਅਤੇ ਸਾਰਨਾਮ ਲੈ ਕੇ ਭਗਤੀ ਕੀਤੀ। ਤਦ ਕਾਲ ਜਾਲ਼ ਤੋਂ ਮੁਕਤ ਹੋਏ।

ਗੀਤਾ ਜੀ ਦੇ ਅਧਿਆਇ 14 ਦੇ ਸ਼ਲੋਕ 26, 27 ਦਾ ਭਾਵ ਹੈ ਕਿ ਸਾਧਕ ਅਵਿਭਿਚਾਰਿਣੀ ਭਗਤੀ ਅਰਥਾਤ ਪੂਰਣ ਆਸ਼ਰਿਤ ਮੇਰੇ (ਕਾਲ-ਬ੍ਰਹਮ) 'ਤੇ ਹੋ ਕੇ (ਹੋਰ ਦੇਵੀ-ਦੇਵਤਿਆਂ ਅਤੇ ਮਾਤਾ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੀ ਪੂਜਾ ਤਿਆਗ ਕੇ) ਭਗਤੀ ਇੱਕ ਮੇਰੇ ਮੰਤਰ "ਓਮ" ਦਾ ਜਾਪ ਕਰਦਾ ਹੈ, ਉਹ ਉਪਾਸਕ ਉਸ ਪਰਮਾਤਮਾ ਨੂੰ ਪ੍ਰਾਪਤ ਕਰਨ ਯੋਗ ਹੋ ਜਾਂਦਾ ਹੈ ਅਤੇ ਅੱਗੇ ਦੀ ਸਾਧਨਾ ਕਰਕੇ ਉਸ ਪਰਮਾਨੰਦ ਦੇ ਪਰਮ ਸੁੱਖ ਨੂੰ ਵੀ ਮੇਰੇ ਮਾਧਿਅਮ ਨਾਲ ਪ੍ਰਾਪਤ ਕਰਦਾ ਹੈ।

ਜਿਵੇਂ ਕੋਈ ਵਿਦਿਆਰਥੀ ਮੈਟ੍ਰਿਕ, ਬੀ.ਏ., ਐਮ.ਏ ਕਰਕੇ ਕਿਸੇ ਕੋਰਸ ਵਿੱਚ ਦਾਖਲਾ ਲੈ ਕੇ ਨੌਕਰੀ ਪ੍ਰਾਪਤ ਕਰਕੇ ਰੋਜੀ ਪ੍ਰਾਪਤ ਕਰਕੇ ਸੁਖੀ ਹੁੰਦਾ ਹੈ ਤਾਂ ਉਹਦੇ ਲਈ ਉਹ ਮੈਟ੍ਰਿਕ, ਬੀ.ਏ ਜਾਂ ਐਮ. ਏ ਜਿਸ ਤੋਂ ਬਾਅਦ ਕੋਰਸ (ਟਰੇਨਿੰਗ) ਵਿੱਚ ਪਰਵੇਸ਼ ਕੀਤਾ । ਉਸ ਨੂੰ ਪ੍ਰਤਿਸ਼ਠਾ (ਅਵਸਥਾ) ਅਰਥਾਤ ਸਹਿਯੋਗੀ ਹੋਈ। ਨੌਕਰੀ ਦੇਣ ਵਾਲੀ ਨਹੀਂ ਹੋਈ । ਠੀਕ ਇਸੇ ਪ੍ਰਕਾਰ ਕਾਲ ਭਗਵਾਨ (ਬ੍ਰਹਮ) ਕਹਿ ਰਿਹਾ ਹੈ ਕਿ ਉਸ ਅਵਿਨਾਸ਼ੀ ਪਰਮਾਤਮਾ ਦੇ ਅਮਰਤਵ ਦਾ ਅਤੇ ਸਦਾ ਰਹਿਣ ਵਾਲੇ ਸੁਭਾਅ ਦਾ ਤੇ ਧਰਮ ਦਾ ਅਤੇ ਅਖੰਡ ਸਥਾਈ ਰਹਿਣ ਦੇ ਆਨੰਦ ਦਾ ਸਹਿਯੋਗੀ ਮੈਂ (ਬ੍ਰਹਮ) ਹਾਂ। ਇਸ ਦਾ ਪ੍ਰਮਾਣ ਗੀਤਾ ਜੀ ਦੇ ਅਧਿਆਇ 18 ਦੇ ਸ਼ਲੋਕ 66 ਵਿੱਚ ਕਿਹਾ ਕਿ ਸਾਰੀਆਂ ਹੋਰ ਸਾਧਨਾਵਾਂ ਨੂੰ ਮੇਰੇ ਵਿੱਚ ਤਿਆਗ ਕੇ ਇੱਕ (ਪੂਰਣ ਬ੍ਰਹਮ) ਦੀ ਸ਼ਰਣ ਨੂੰ ਪ੍ਰਾਪਤ ਕਰ ਤਾਂ ਤੇਰੇ ਸਾਰੇ ਪਾਪ ਮਾਫ਼ ਕਰਵਾ ਦੇਵਾਂਗਾ। ਜਿਵੇਂ ਜਿਨ੍ਹਾਂ ਭਗਤ ਆਤਮਾਵਾਂ ਨੇ ਕਾਲ (ਬ੍ਰਹਮ) ਦੇ "ਓਮ" ਮੰਤਰ ਦਾ ਜਾਪ ਇਕਾਗਰ ਮਨ ਤੋਂ ਕੀਤਾ। ਉਹਨਾਂ ਨੂੰ ਕਬੀਰ ਭਗਵਾਨ ਨੇ ਅੱਗੇ ਦੀ ਉਸ ਪੂਰਣ ਪਰਮਾਤਮਾ ਦੀ ਭਗਤੀ ਦੇ ਕੇ ਕਾਲ ਲੋਕ ਤੋਂ ਪਾਰ ਕੀਤਾ। ਜਿਵੇਂ ਨਾਮਦੇਵ ਨਾਮਕ ਪਰਮ ਭਗਤ ਕੇਵਲ ਇੱਕ ਨਾਮ "ਓਮ" ਦਾ ਜਾਪ ਕਰਦੇ ਸਨ । ਉਸ ਤੋਂ ਉਹਨਾਂ ਨੂੰ ਬਹੁਤ ਸਿੱਧੀਆਂ ਪ੍ਰਾਪਤ ਹੋ ਗਈਆਂ ਸਨ ਫੇਰ ਵੀ ਮੁਕਤੀ ਨਹੀਂ ਸੀ। ਫਿਰ ਕਬੀਰ ਸਾਹਿਬ ਸ਼੍ਰੀ ਨਾਮਦੇਵ ਜੀ ਨੂੰ ਮਿਲੇ ਅਤੇ ਸਤਲੋਕ ਤੇ ਸਤਪੁਰਸ਼ ਦਾ ਗਿਆਨ ਕਰਵਾਇਆ। ਸੋਹੰ ਮੰਤਰ ਦਿੱਤਾ ਜੋ ਪਰਬ੍ਰਹਮ ਦਾ ਜਾਪ ਹੈ। ਫਿਰ ਸਾਰ ਸ਼ਬਦ ਦਿੱਤਾ ਜੋ ਪੂਰਣ ਬ੍ਰਹਮ ਦਾ ਜਾਪ ਹੈ। ਤਾਂ ਨਾਮਦੇਵ ਜੀ ਮੁਕਤ ਹੋਏ।

ਇੰਝ ਹੀ ਗੋਰਖਨਾਥ ਜੀ ਨੇ ਇੱਕ ਮੰਤਰ ਅਲਖ ਨਿਰੰਜਨ ਦਾ ਜਾਪ ਅਤੇ ਚਾਂਚਰੀ ਮੁਦਰਾ ਦੀ ਸਾਧਨਾ ਕੀਤੀ। ਤਾਂ ਸਾਹਿਬ ਕਬੀਰ ਨੇ ਉਹਨਾਂ ਨੂੰ ਓਮ ਤੇ ਸੋਹਮ ਮੰਤਰ ਦਿੱਤਾ। ਪਰ ਸਾਰਨਾਮ- ਸਾਰਸ਼ਬਦ ਨਹੀਂ ਦਿੱਤਾ। ਕਿਸੇ ਹੋਰ ਜਨਮ ਵਿੱਚ ਜਦੋਂ ਇਹ ਹੀ ਆਤਮਾ ਜਨਮ ਲਵੇਗੀ, ਜੇਕਰ ਸੱਚਾ ਗਿਆਨ ਸਵਿਕਾਰ ਕਰੇਗਾ ਤਾਂ ਇਸ ਨੂੰ ਸੰਪੂਰਣ ਨਾਮ ਉਪਦੇਸ਼ ਦਿੱਤਾ ਜਾਵੇਗਾ।

## "ਕਾਸ਼ੀ ਨਗਰ ਵਿੱਚ ਭੋਜਨ-ਭੰਡਾਰਾ (ਲੰਗਰ) ਦੇਣਾ"

❖ **ਪਾਰਖ ਦੇ ਅੰਗ ਦੀ ਬਾਣੀ ਨੰਬਰ. 793-824:-**

ਸਿਮਟਿ ਭੇਸ਼ ਇੱਕਠਾ ਹੁਵਾ, ਕਾਜੀ ਪੰਡਿਤ ਮਾਂਹਿ ।
ਗਰੀਬਦਾਸ ਚਿੱਠਾ ਫਿਰ੍ਯਾ, ਜੰਬੂਦੀਪ ਸਬ ਠਾਂਹਿ॥793॥
ਮਸਲਤਿ ਕਰੀ ਮਿਲਾਪ ਸੇ, ਜੀਵਨ ਜਨਮ ਕਛੁ ਨਾਂਹਿ ।
ਗਰੀਬਦਾਸ ਮੇਲਾ ਸਹੀ, ਭੇਸ਼ ਸਮੇਟੇ ਤਾਂਹਿ॥ 794॥
ਸੇਤਬੰਧ ਰਾਮੇਸ਼ਵਰੰ, ਦਵਾਰਕਾ ਗਢ ਗਿਰਨਾਰ ।
ਗਰੀਬਦਾਸ ਮੁਲਤਾਨ ਮਗ, ਆਯੇ ਭੇਸ਼ ਅਪਾਰ॥ 795॥
ਹਰਿਦਵਾਰ ਬਦਰੀ ਵਿਨੋਦ, ਗੰਗਾ ਔਰ ਕਿਦਾਰ ।
ਗਰੀਬਦਾਸ ਪੂਰਬ ਸਜੇ, ਨਾ ਕਛੁ ਕੀਯਾ ਬਿਚਾਰ॥ 796॥
ਅਠਾਰਹ ਲਾਖ ਦਫਤਰ ਚਢੇ, ਅਸਤਲ ਬੰਧ ਮੁਕਾਮ ।
ਗਰੀਬਦਾਸ ਅਨਾਥ ਜੀਵ, ਔਰ ਕੇਤੇ ਉਸ ਧਾਮ॥ 797॥
ਬਜੈਂ ਨਗਾਰੇ ਨੌਬਤਾਂ, ਤੁਰਹੀ ਔਰ ਰਨਸੀਂਗ ।

ਗਰੀਬਦਾਸ ਝੂਲਨ ਲਗੇ, ਉਰਧਮੁਖੀ ਵੌਹ ਪੀਂਘ ॥ 798॥
ਏਕ ਆਕ ਧਤੂਰਾ ਚਬਤ ਹੈ, ਏਕ ਖਾਵੈ ਖੜ ਘਾਸ ।
ਗਰੀਬਦਾਸ ਏਕ ਮਨ ਮੁਖੀ, ਏਕ ਜੀਮੇਂ ਪੰਚ ਗਿਰਾਸ॥799॥
ਏਕ ਵਿਰਕਤ ਕੰਗਾਲ ਹੈਂ, ਏਕ ਤਾਜੇ ਤਨ ਦੇਹ ।
ਗਰੀਬਦਾਸ ਮੁਹਮੁੰਦਿਯਾਂ ਏਕ ਤਨ ਲਾਵੈ ਖੇਹ ॥ 800॥
ਏਕ ਪੰਚ ਅਗਨਿ ਤਪਤ ਹੈ, ਏਕ ਝਰਨੈਂ ਬੈਠੰਤ ।
ਗਰੀਬਦਾਸ ਏਕ ਉਰਧਮੁਖ, ਨਾਨਾ ਵਿਧਿ ਕੇ ਪੰਥ॥ 801॥
ਏਕ ਨਗਨ ਕੋਪੀਨਿਯਾਂ, ਇੰਦਰੀ ਖੈਂਚਿ ਬਧਾਵ ।
ਗਰੀਬਦਾਸ ਏਸੇ ਬਹੁਤ, ਗਰਦਨ ਪਰ ਧਰਿ ਪਾਂਵ॥802॥
ਏਕ ਕਪਾਲੀ ਕਰਤ ਹੈਂ, ਊਪਰ ਚਰਣ ਅਕਾਸ਼ ।
ਗਰੀਬਦਾਸ ਏਕ ਜਲ ਸਿਜਯਾ, ਨਾਨਾ ਭਾਂਤਿ ਉਪਾਸ॥ 803॥
ਏਕ ਬੈਠੇ ਏਕ ਠਾਡੇਸਰੀ, ਏਕ ਮੌਨੀ ਮਹਮੰਤ ।
ਗਰੀਬਦਾਸ ਬੜ ਬੜ ਕਰੈਂ, ਏਸੇ ਬਹੁਤ ਅਨੰਤ। । 804॥
ਏਕ ਜਿਕਰੀ ਜੰਜਾਲਿਆ, ਏਕ ਗਿਆਨੀ ਧੁੰਨਿ ਵੇਦ ।
ਗਰੀਬਦਾਸ ਐਸੇ ਬਹੁਤ, ਵ੍ਰਕਸ਼ ਕਾਟ ਘਰ ਖੇਦ॥805॥
ਏਕ ਉਂਚੈ ਸੁਰ ਗਾਵਹੀਂ, ਰਾਗ ਬੰਧ ਰਸ ਰੀਤ ।
ਗਰੀਬਦਾਸ ਐਸੇ ਬਹੁਤ,ਆਦਰ ਬਿਨਾ ਅਤੀਤ ॥806॥
ਏਕ ਭਰੜੇ ਸਿਰੜੇ ਫਿਰੈ, ਏਕ ਗਿਆਨੀ ਘਨਸਾਰ ।
ਗਰੀਬਦਾਸ ਉਸ ਪੁਰੀ ਮੇਂ, ਨਹੀਂ ਭੇਸ਼ ਸੁਮਾਰ॥807॥
ਏਕ ਕਮਰਿ ਜ਼ੰਜੀਰ ਕਸ, ਲੋਹੇ ਕੀ ਕੋਪੀਨ ।
ਗਰੀਬਦਾਸ ਦਿਨ ਰੈਂਨ ਸੁਧ, ਪੜੇ ਰਹੈਂ ਬੇਦੀਨ॥808॥
ਏਕ ਮੂੰਜੋਂ ਕੇ ਆੜਬੰਧਿ, ਕੇਲੋਂ ਕੇ ਲੰਗੋਟ ।
ਗਰੀਬਦਾਸ ਲੰਬੀ ਜਟਾ, ਏਕ ਮੁੰਡਾਵੈਂ ਘੋਟ॥809॥
ਏਕ ਰੰਗੀਲੇ ਨਾਚ ਹੀਂ, ਕਰੈਂ ਅਚਾਰ ਵਿਚਾਰ ।
ਗਰੀਬਦਾਸ ਏਕ ਨਗਨ ਹੈਂ, ਏਕੋ ਖਰ ਕਾ ਭਾਰ॥810॥
ਏਕ ਧੂਨੀਂ ਤਾਪੈਂ ਦਿਹੂੰ, ਸਿੰਝ੍ਯਾ ਦੇਹ ਭੁਜਾਯ ।
ਗਰੀਬਦਾਸ ਐਸੇ ਬਹੁਤ, ਅੰਨ ਜਲ ਕਛੁ ਨਾ ਖਾਯ ॥811॥
ਏਕ ਮੂੰਧੇ ਸੂਧੇ ਪੜੇ, ਆਸਨ ਮੋਰ ਅਧਾਰ ।
ਗਰੀਬਦਾਸ ਐਸੇ ਬਹੁਤ, ਕਰਤੇ ਹੈਂ ਜਲਧਾਰ ॥812॥
ਏਕ ਪਲਕ ਮੂੰਦੇ ਨਹੀਂ, ਏਕ ਮੂੰਦੇ ਰਹੇ ਹਮੇਸ਼ ।
ਗਰੀਬਦਾਸ ਨਯੌਲੀ ਕਰਮ, ਏਕ ਤ੍ਰਾਟਿਕ ਧਿਆਨ ਹਮੇਸ਼ ॥813॥
ਏਕ ਬਜਰ ਆਸਨ ਕਰੈ, ਏਕ ਪਦਮ ਪ੍ਰਵੀਨ ।
ਗਰੀਬਦਾਸ ਏਕ ਕਨਫੱਟਾ, ਏਕ ਬਜਾਵੈਂ ਬੀਨ ॥814॥
ਸੰਖ ਤੂਰ ਝਾਲਰ ਬਜੈਂ, ਰਣਸੀਂਗੇ ਘਨਘੋਰ ।
ਗਰੀਬਦਾਸ ਕਾਸ਼ੀਪੁਰੀ, ਦਲ ਆਯੇ ਬੜ ਜ਼ੋਰ॥815॥
ਏਕ ਮਕਰੀ ਫਿਕਰੀ ਬਹੁਤ, ਗਲਰੀ ਗਾਲ ਬਜੰਤ ।
ਗਰੀਬਦਾਸ ਤਿਨ ਕੋ ਗਿਨੇਂ, ਐਸੇ ਬਹੁਤਕ ਪੰਥ॥816॥

ਏਕ ਹਰ ਹਰ ਹੱਕਾ ਕਰੈਂ, ਏਕ ਮਦਾਰੀ ਸੇਖ। ਗਰੀਬਦਾਸ ਗੁਦਰੀ ਲਗੀ, ਆਏ ਭੇਸ਼ ਅਲੇਖ॥817॥
ਏਕ ਚੜੇ ਘੋੜਯੌਂ ਫਿਰੈ, ਏਕ ਲੜਾਵੈਂ ਫੀਲ। ਗਰੀਬਦਾਸ ਕਾਮੀ ਬਹੁਤ, ਏਕ ਰਾਖਤ ਹੈ ਸ਼ੀਲ॥818॥
ਏਕ ਤਨ ਕੌਂ ਧੋਵੈ ਨਹੀਂ, ਏਕ ਤ੍ਰਿਕਾਲੀ ਨਹਾਂਹਿ। ਗਰੀਬਦਾਸ ਏਕ ਸੁਚਿਤੰ, ਏਕ ਉਪਰ ਕੋ ਬਾਂਹਿ॥819॥
ਏਕ ਨਖੀ ਨਿਰਵਾਣੀਯਾਂ, ਏਕ ਖਾਖੀ ਹੈਂ ਖੁਸ਼। ਗਰੀਬਦਾਸ ਪਦ ਨਾ ਲਖਯਾ, ਸਬ ਕੂਟਤ ਹੈਂ ਤੁਸ਼॥820॥
ਤੁਸ਼ ਕੂਟੈਂ ਔਰ ਭੁਸ ਭਰੈਂ, ਆਏ ਭੇਸ਼ ਅਟੰਬ। ਗਰੀਬਦਾਸ ਨਹੀਂ ਬੰਦਗੀ, ਤਪੀ ਬਹੁਤ ਆਰੰਭ॥821॥

ਏਕ ਠੋਡੀ ਕੰਠ ਲਗਾਵ ਹੀਂ, ਆਠ ਬਖਤ ਨਕ ਧਿਆਨ ।
ਗਰੀਬਦਾਸ ਐਸੇ ਬਹੁਤ, ਕਥਾ ਛੰਦ ਸੁਰ ਗਿਆਨ॥822॥

ਏਕ ਸੌਦਾਗਰ ਭੇਸ਼ ਮੇਂ, ਕਸਤੂਰੀ ਵਯੌਪਾਰ। ਗਰੀਬਦਾਸ ਕੇਸਰ ਕਨੀ, ਸਿਮਟਯਾ ਭੇਸ਼ ਅਪਾਰ॥823॥

ਏਕ ਤਿਲਕ ਧੋਤੀ ਕਰੈ, ਦਰਪਨ ਧਿਆਨ ਗਿਆਨ।
ਗਰੀਬਦਾਸ ਏਕ ਅਗਨਿ ਮੇਂ, ਹੋਮਤ ਹੈ ਅੰਨਪਾਨ ॥824॥

❖ **ਪਾਰਖ ਕੇ ਅੰਗ ਦੀ ਬਾਣੀ ਨੰ. 793-824 ਦਾ ਸਰਲ ਅਰਥ :- ਕਬੀਰ ਪਰਮੇਸ਼ਰ ਜੀ ਨੂੰ ਕਾਸ਼ੀ ਸ਼ਹਿਰ ਵਿੱਚੋਂ ਭਜਾਉਣ ਦੇ ਮਕਸਦ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮ ਗੁਰੂਆਂ ਅਤੇ ਧਰਮ ਦੇ ਪ੍ਰਚਾਰਕਾਂ ਨੇ ਇੱਕ ਸਾਜ਼ਿਸ਼ ਦੇ ਤਹਿਤ ਝੂਠੇ ਪੱਤਰ ਵਿੱਚ ਸੱਦਾ ਭੇਜਿਆ ਕਿ ਕਬੀਰ ਜੁਲਾਹਾ ਤਿੰਨ ਦਿਨ ਦਾ ਭੋਜਨ-ਭੰਡਾਰਾ (ਲੰਗਰ) ਕਰੇਗਾ । ਹਰ ਵਾਰ ਭੋਜਨ ਕਰਨ ਤੋਂ ਬਾਅਦ ਦਸ ਗ੍ਰਾਮ ਸੋਨੇ ਦੀ ਮੋਹਰ (ਸੋਨੇ ਦਾ ਸਿੱਕਾ) ਅਤੇ ਇੱਕ ਦੋਹਰ (ਖੱਦਰ ਦੀ ਦੋਹਰੀ ਸੀਤੀ ਹੋਈ ਚਾਦਰ ਜੋ ਸਰਦੀਆਂ ਵਿੱਚ ਕੰਬਲ ਦੀ ਥਾਂ ਤੇ ਵਰਤੀ ਜਾਂਦੀ ਸੀ) ਦੱਛਣਾ ਵਿੱਚ ਦੇਵੇਗਾ। । ਭੋਜਨ ਵਿੱਚ ਸੱਤ ਪ੍ਰਕਾਰ ਦੀਆਂ ਮਠਿਆਈ, ਹਲਵਾ, ਖੀਰ, ਪੂਰੀ, ਮੰਡ, ਰਾਇਤਾ, ਦਹੀਂ ਬੜੇ ਆਦਿ ਮਿਲਣਗੇ । ਸੁੱਕਾ-ਸਿੱਧਾ (ਇੱਕ ਵਿਅਕਤੀ ਲਈ ਭੋਜਨ, ਜੋ ਭੰਡਾਰੇ ਵਿੱਚ ਨਹੀਂ ਆ ਸਕਿਆ, ਉਸਦੇ ਲਈ) ਦਿੱਤਾ ਜਾਵੇਗਾ। ਇਹ ਸੂਚਨਾ ਮਿਲਦੇ ਹੀ ਦੂਰ-ਦੂਰ ਦੇ ਸੰਤ ਆਪਣੇ ਚੇਲਿਆਂ ਸਮੇਤ ਨਿਸ਼ਚਿਤ ਮਿਤੀ 'ਤੇ ਪਹੁੰਚ ਗਏ। ਕਾਜ਼ੀ ਤੇ ਪੰਡਤ ਵੀ ਉਹਨਾਂ ਵਿਚਕਾਰ ਪਹੁੰਚ ਗਏ। ਚਿੱਠੀ ਜੰਬੂਦੀਪ (ਪੁਰਾਣੇ ਭਾਰਤ) ਵਿਚ ਹਰ ਥਾਂ ਪਹੁੰਚ ਗਈ। {ਇਰਾਕ, ਈਰਾਨ, ਗਜ਼ਨਵੀ, ਤੁਰਕੀ, ਪਾਕਿਸਤਾਨ, ਅਫਗਾਨਿਸਤਾਨ, ਬਲੋਚਿਸਤਾਨ, ਪੱਛਮੀ ਪਾਕਿਸਤਾਨ ਆਦਿ-ਆਦਿ ਸਭ ਪੁਰਾਣਾ ਭਾਰਤ ਦੇਸ਼ ਸੀ।} ਸੰਤਜਨ ਕਿੱਥੋਂ-ਕਿੱਥੋਂ ਆਏ? ਸੇਤੁਬੰਧ, ਰਾਮੇਸ਼ਵਰਮ, ਦਵਾਰਕਾ, ਗੜ੍ਹ ਗਿਰਨਾਰ, ਮੁਲਤਾਨ, ਹਰਿਦੁਆਰ, ਬਦਰੀਨਾਥ, ਕੇਦਾਰਨਾਥ, ਗੰਗਾ ਘਾਟ। ਅਠਾਰਾਂ ਲੱਖ ਤਾਂ ਸੰਤ ਅਤੇ ਉਹਨਾਂ ਦੇ ਚੇਲੇ ਆਏ ਸਨ। ਹੋਰ ਬਹੁਤ ਸਾਰੇ ਅਨਾਥ (ਬਿਨਾਂ ਬੁਲਾਏ) ਅਨੇਕਾਂ ਵਿਅਕਤੀ ਭੋਜਨ ਖਾਣ ਅਤੇ ਦੱਛਣਾ ਲੈਣ ਆਏ ਸਨ। ਜਿਹੜੇ ਸਾਧੂ ਜਿਸ ਪੰਥ ਨਾਲ ਸੰਬੰਧ ਰੱਖਦੇ ਸਨ, ਉਹਨਾਂ ਨੇ ਰਵਾਇਤੀ ਪਹਿਰਾਵਾ ਪਾਇਆ ਹੋਇਆ ਸੀ ਤਾਂ ਕਿ ਉਹਨਾਂ ਦੀ ਪਹਿਚਾਣ ਰਹੇ। ਉਹ ਆਪਣੇ ਪੰਥ ਦੀ ਪ੍ਰਚਲਿਤ ਸਾਧਨਾ ਕਰ ਰਹੇ ਸਨ। ਕੋਈ (ਬਾਜੇ) ਸਾਜ ਵਜਾ ਕੇ ਨੱਚ ਨੱਚ ਕੇ ਪਰਮਾਤਮਾ ਦੀ ਪ੍ਰਸ਼ੰਸਾ ਕਰ ਰਹੇ ਸਨ।**

❖ ਕੋਈ ਅੱਕ ਅਤੇ ਧਤੂਰੇ ਨੂੰ ਖਾ ਰਹੇ ਸਨ ਜੋ ਕਿ ਬਹੁਤ ਕੌੜਾ ਅਤੇ ਨਸ਼ੀਲਾ ਹੁੰਦਾ ਹੈ। ਕੋਈ ਖੜ੍ਹ ਘਾਹ ਖਾ ਰਿਹਾ ਸੀ। ਕੋਈ ਉਲਟਾ ਲਟਕ ਕੇ ਰੁੱਖ ਦੇ ਹੇਠਾਂ ਸਾਧਨਾ ਕਰ ਰਿਹਾ ਸੀ। ਕੋਈ ਸਿਰ ਹੇਠਾਂ ਅਤੇ ਪੈਰ ਉੱਪਰ ਨੂੰ ਕਰਕੇ ਸਾਧਨਾ ਯਾਣੀ ਤਪੱਸਿਆ ਕਰ ਰਿਹਾ ਸੀ। ਕੋਈ ਸਿਰਫ਼ ਪੰਜ ਗ੍ਰਾਸ ਭੋਜਨ ਖਾਂਦਾ ਸੀ। ਇਹ ਉਸਦਾ ਨਿਯਮ ਸੀ। ਕੋਈ (ਮੁੰਹਮੁੰਦਿਆ) ਮੂੰਹ 'ਤੇ ਪੱਟੀ ਬੰਨ੍ਹ ਕੇ ਰੱਖਣ ਵਾਲੇ ਸਨ । ਕੁੱਝ ਨੇ ਸਰੀਰ ਦੇ ਉੱਤੇ (ਖੇਹ) ਸੁਆਹ ਲਗਾਈ ਹੋਈ ਸੀ। ਕੋਈ ਪੰਜ ਧੂਣੇ ਲਗਾ ਕੇ ਤਪੱਸਿਆ ਕਰ ਰਿਹਾ ਸੀ ।

ਕਿਸੇ ਨੇ ਤਿਪਾਈ 'ਤੇ ਘੜਾ ਰੱਖ ਕੇ, ਉਸ ਵਿੱਚ ਸੁਰਾਖ ਕਰਕੇ ਪਾਣੀ ਪਾ ਕੇ ਅਤੇ ਥੱਲੇ ਬੈਠ ਕੇ ਜਲ ਧਾਰਾ ਯਾਣੀ ਝਰਨਾ ਸਾਧਨਾ ਕਰ ਰਹੇ ਸਨ । ਕਈ ਨੰਗੇ ਸਨ। ਤੇ ਕਈ ਸਿਰਫ਼ ਕੋਪੀਨ ਬੰਨ੍ਹੇ ਹੋਏ ਸਨ। ਕੋਈ ਆਪਣੀ ਗਰਦਨ ਦੇ ਉੱਪਰ ਦੋਵੇਂ ਲੱਤਾਂ ਰੱਖ ਕੇ ਆਸਣ ਕਰ ਰਿਹਾ ਸੀ। ਕੋਈ (ਠਾਡੇਸਰੀ) ਖੜ੍ਹੇ ਹੋ ਕੇ ਤਪੱਸਿਆ ਕਰ ਰਹੇ ਸਨ। ਕਿਸੇ ਨੇ ਮੌਨ ਧਾਰਣ ਕੀਤਾ ਹੋਇਆ ਸੀ । ਜੋ ਬੁੜ ਬੁੜ ਕਰ ਰਹੇ ਸਨ, ਉਹ ਵੀ ਅਨੇਕਾਂ ਆਏ ਸਨ। ਕੁਝ ਉੱਚੀ ਆਵਾਜ਼ ਵਿੱਚ ਭਗਵਾਨ ਦੇ ਸ਼ਬਦ ਗਾ ਰਹੇ ਸਨ। ਬਹੁਤ ਸਾਰੇ ਅਜਿਹੇ ਸਨ ਜਿਨ੍ਹਾਂ ਦੇ ਨਾ.ਲ ਕੋਈ ਚੇਲਾ ਨਹੀਂ ਸੀ। ਉਹਨਾਂ ਦੀ ਕੋਈ ਇੱਜ਼ਤ ਨਹੀਂ ਕਰ ਰਿਹਾ ਸੀ। ਕੋਈ ਸਿਰੜੇ-ਭਿਰੜੇ (ਬਿਨਾਂ ਨਹਾਏ ਧੋਏ ਗੰਦੇ ਕੱਪੜੇ ਪਹਿਨ ਕੇ) ਰੇਤ ਮਿੱਟੀ ਵਿੱਚ ਪਏ ਸਨ। ਸੰਤ ਗਰੀਬਦਾਸ ਜੀ ਆਪਣੀ ਦਿਵ ਦ੍ਰਿਸ਼ਟੀ ਨਾਲ ਦੇਖ ਕੇ ਕਹਿ ਰਹੇ ਹਨ ਕਿ ਕਾਸ਼ੀਪੁਰੀ ਵਿੱਚ ਰੌਲਾ ਪੈ ਰਿਹਾ ਸੀ । ਕਈਆਂ ਦੇ ਸਿਰਾਂ ਉੱਤੇ ਲੰਮੇ -ਲੰਮੇ ਵਾਲਾਂ ਦੀਆਂ ਜਟਾਂਵਾਂ ਰੱਖੀਆਂ ਹੋਈਆਂ ਸਨ। ਕਈਆਂ ਨੇ ਆਪਣੇ ਸਿਰ ਦੇ ਸਾਰੇ ਵਾਲ ਕਟਵਾਏ ਹੋਏ ਸਨ। ਕਈਆਂ ਦੇ ਪੈਰਾਂ ਵਿਚ ਲੋਹੇ ਦੀਆਂ ਜ਼ੰਜੀਰਾਂ ਬੰਨ੍ਹੀਆਂ ਹੋਈਆਂ ਸਨ। ਕੋਈ ਲੋਹੇ ਕੀ ਕੋਪੀਨ (ਪਰਦੇ ਤੇ ਲੋਹੇ ਦੀ ਪਤਲੀ ਪੱਤੀ ਲਗਾਈ ਹੋਈ ਸੀ) ਬੰਨ੍ਹੀ ਹੋਈ ਸੀ। ਕਿਸੇ ਨੇ ਕੇਲੇ ਦੇ ਪੱਤੇ ਦਾ ਲੰਗੋਟ ਪਾਇਆ ਹੋਇਆ ਸੀ। ਕੋਈ ਵਿਸ਼ੇਸ਼ ਦ੍ਰਿਸ਼ ਤੇ ਧਿਆਨ ਲਗਾ ਰਹੇ ਸਨ। ਕੋਈ ਅੱਖ ਹੀ ਨਹੀਂ ਸੀ ਖੋਲ ਰਿਹਾ। ਕਿਸੇ ਦੇ ਕੰਨ ਵਿੰਨ੍ਹੇ ਹੋਏ ਸਨ । ਇਸ ਪ੍ਰਕਾਰ ਦੇ ਅਨੇਕਾਂ ਪੰਥਾਂ ਦੇ ਸ਼ਾਸਤਰ ਵਿਰੁੱਧ ਸਾਧਨਾ ਕਰਨ ਵਾਲੇ ਤੇ ਪਰਮਾਤਮਾ ਨੂੰ ਚਾਹੁਣ ਵਾਲੇ (ਭੇਸ) ਪੰਥ ਕਾਸ਼ੀ ਵਿੱਚ ਪਰਮੇਸ਼ਵਰ ਕਬੀਰ ਜੀ ਦੁਆਰਾ ਦਿੱਤੇ ਭੰਡਾਰੇ ਦੇ ਸੱਦੇ 'ਤੇ ਇਕੱਠੇ ਹੋਏ ਸਨ। ਅਠਾਰਾਂ ਲੱਖ ਤਾਂ ਸਾਧੂ-ਸ਼ਿਸ਼ ਭੇਸ਼ ਵਾਲੇ ਸਨ। ਕਈ ਹੋਰ ਆਮ ਨਾਗਰਿਕ ਵੀ ਅਨੇਕਾਂ ਆਏ ਸਨ।

❖ ਪਾਰਖ ਕੇ ਅੰਗ ਦੀ ਬਾਣੀ ਨੰ. 825-837 :-

ਭੇਸ਼ ਦੇਖ ਰੈਦਾਸ ਜੀ, ਗਏ ਕਬੀਰਾ ਪਾਸ । ਗਰੀਬਦਾਸ ਰੈਦਾਸ ਕਹੈ, ਛੂਟ੍ਯਾ ਕਾਸ਼ੀ ਵਾਸ। ॥825॥
ਵਿਹੰਸੇਬਦਨਕਬੀਰਤਬ,ਸੁਨਰੈਦਾਸਵਿਚਾਰ।ਗਰੀਬਦਾਸਜੁਲਹਾਕਹੈ,ਲਾਯਧਨੀਸੇਤਾਰ।॥826॥

ਲਾਯ ਤਾਰ ਲਯੌ ਲੀਨ ਹੋਯ, ਰੂਪ ਵਿਹੰਗਮ ਮਾਂਹਿ ।
ਗਰੀਬਦਾਸ ਜੁਲਹਾ ਗਯਾ, ਅਗਮ ਪੁਰਿ ਨਿਜ ਠਾਂਹਿ। ॥827॥
ਜਹਾਂ ਬੋਡੀ ਸੰਖ ਅਸੰਖ ਸੁਰ, ਬਨਜਾਰੇ ਔਰ ਬੈਲ ।
ਗਰੀਬਦਾਸ ਅਵਿਗਤ ਪੁਰੀ, ਹੁਈ ਕਾਸ਼ੀ ਕੂੰ ਸੈਲ॥ 828॥
ਜਰਦ ਸੇਤ ਔਰ ਹਰੇ ਨਗ, ਬੋਡੀ ਭਰੀ ਅਨੰਤ ।
ਗਰੀਬਦਾਸ ਐਸੇ ਕਹ੍ਯਾ, ਲ੍ਯੌਹ ਕਬੀਰ ਭਗਵੰਤ॥ 829 ॥
ਔਹ ਖਾਕੀ ਖੰਜੂਸ ਪੁਰ, ਅੰਨਜਲ ਨਾ ਅਧਿਕਾਰ ।
ਗਰੀਬਦਾਸ ਐਸੇ ਕਹ੍ਯਾ, ਸੁਨ ਤੂੰ ਕਬੀਰ ਸਿਰਜਨਹਾਰ ॥ 830॥
ਅਨੰਤ ਕੋਟਿ ਬਾਲਦ ਸਜੀ, ਤਾਸ ਲਈ ਨੌ ਲਾਖ ।
ਦਾਸ ਗਰੀਬ ਕਬੀਰ ਕੇਸ਼ਵ ਕਲਾ, ਏਕ ਪਲਕ ਪੁਰ ਝਾਂਕ॥ 831॥
ਜਹਾਂ ਕਲਪ ਏਸੀ ਕਰੀ, ਚੌਪੜ ਕੇ ਬੈਜਾਰ ।ਗਰੀਬਦਾਸ ਤੰਬੂ ਤਨੇ, ਪਚਰੰਗ ਝੰਡੇ ਸਾਰ॥ 832॥
ਖੁਲ੍ਯਾ ਭੰਡਾਰਾ ਗੈਬ ਕਾ, ਬਿਨ ਚਿੱਠੀ ਬਿਨ ਨਾਮ ।
ਗਰੀਬਦਾਸ ਮੁਕਤਾ ਤੁਲੇ, ਧਨ੍ਯ ਕੇਸ਼ੋ ਬਲਿ ਜਾਂਵ॥833॥
ਝੀਨੇਂ ਝਨਵਾ ਤੁਲਤ ਹੈਂ, ਬੂਰਾ ਘ੍ਰਿਤ ਔਰ ਦਾਲ ।
ਗਰੀਬਦਾਸ ਨਾ ਆਟੇ ਅਟਕ, ਲੇਵੇ ਮੁਕਤਾ ਮਾਲ॥ 834॥

ਕਸਤੂਰੀ ਪਾਨ ਮਿਠਾਈਆਂ, ਲਡੂ ਜਲੇਬੀ ਚੰਗੇਰ ।
ਗਰੀਬਦਾਸ ਨੁਕਤੀ ਨਿਰਖ, ਜੈਸੇ ਭੰਡਾਰੀ ਕੁਬੇਰ॥ 835॥
ਬਿਨਾ ਪਕਾਯਾ ਪਕਿ ਰਹਯਾ, ਉਤਰੇ ਅਰਸ਼ ਖਮੀਰ ।
ਗਰੀਬਦਾਸ ਮੇਲਾ ਸਰੂ, ਜਯ ਜਯ ਹੋਤ ਕਬੀਰ॥ 836 ॥
ਸਕਲ ਸੰਪ੍ਰਦਾ ਤ੍ਰਿਪਤੀ, ਤੀਨ ਦਿਨ ਜੌਂਨਾਰ ।
ਗਰੀਬਦਾਸ ਸ਼ਟ ਦਰਸ਼ਨੰ, ਸੀਧੇ ਗੰਜ ਅਪਾਰ॥ 837॥
ਕੇਸ਼ੋ ਆਯਾ ਹੈ ਬਨਜਾਰਾ, ਕਾਸ਼ੀ ਲਯਾਯਾ ਮਾਲ ਅਪਾਰਾ॥ ਟੇਕ॥
ਨੌਲਖ ਬੋਡੀ ਭਰੀ ਵਿਸ਼ੰਭਰ, ਦੀਯਾ ਕਬੀਰ ਭੰਡਾਰਾ । ਧਰਤੀ ਉਪਰ ਤੰਬੂ ਤਾਨੇ, ਚੌਪੜ ਕੇ ਬੈਜਾਰਾ॥1॥
ਕੌਨ ਦੇਸ਼ ਤੈਂ ਬਾਲਦ ਆਈ, ਨਾ ਕਹੀਂ ਬੰਧਯਾ ਨਿਵਾਰਾ।
ਅਪਰਮਪਾਰ ਪਾਰ ਗਤਿ ਤੇਰੀ, ਕਿਤ ਉਤਰੀ ਜਲ ਧਾਰਾ॥2॥
ਸ਼ਾਹੂਕਾਰ ਨਹੀ ਕੋਈ ਜਾਕੈ, ਕਾਸ਼ੀ ਨਗਰ ਮੰਝਾਰਾ।
ਦਾਸ ਗਰੀਬ ਕਲਪ ਸੇ ਉਤਰੇ, ਆਪ ਅਲਖ ਕਰਤਾਰਾ॥3॥

❖ **ਰਾਗ ਛੰਦ ਬੰਗਾਲੀ ਤੋਂ ਸ਼ਬਦ ਨੰ. 2 ਤੇ 3 ਦਾ ਕੁਝ ਅੰਸ਼ :-**

ਏਸੇ ਅਗਮ ਅਗਾਧ ਸਤਿਗੁਰੂ, ਏਸੇ ਅਗਮ ਅਗਾਧ॥ ਟੇਕ॥ਅਜਾਮੇਲ ਗਨਿਕਾ ਸੇ ਤਯਾਰੇ, ਏਸੇ ਪਾਪੀ ਅਧਮ ਉਧਾਰੇ, ਛਾਡੋ ਵਾਦ ਵਿਵਾਦ॥ 1॥ ਧਰੂ ਪ੍ਰਹਿਲਾਦ ਗਏ ਸਵਰਗ ਮੰਝਾਰਾ, ਏਕ ਕਲਪ ਨ ਆਵੈਂ ਸੰਸਾਰਾ, ਗੁਰੂ ਦ੍ਰੋਹੀ ਕੂੰ ਖਾਦਿ॥ 2॥ਸਦਨਾ ਸੇਉ ਸੰਮਨ ਤਯਾਰੇ, ਗੁਰੂ ਦ੍ਰੋਹੀ ਤੋ ਚੁਣਿ ਚੁਣਿ ਮਾਰੇ, ਨਿੰਦਤ ਕੂੰ ਨਹੀਂ ਦਾਦਿ॥ 3॥ ਧੰਨਾ ਭਗਤ ਕਾ ਖੇਤ ਨਿਪਾਯਾ, ਨਾਮਦੇਵ ਕੀ ਛਾਨਿ ਛਿਵਾਯਾ, ਸਤਿਗੁਰੂ ਲੀਨਹ ਅਰਾਧ॥ 4॥ ਸ਼ਟਦਰਸ਼ਨ ਕੂੰ ਹਾਂਸੀ ਕਰਿਯਾ, ਭਗਤਿ ਹੇਤ ਕੇਸ਼ੋ ਤਨ ਧਰਿਯਾ, ਲਯਾਯੇ ਬਾਲਦਿ ਲਾਦਿ॥ 5॥ ਜਾ ਕੂੰ ਕਹੈਂ ਕਬੀਰ ਜੁਲਾਹਾ, ਸਬ ਗਤਿ ਪੂਰਣ ਅਗਮ ਅਗਾਹਾ, ਅਵਿਗਤ ਆਦਿ ਅਨਾਦਿ॥ 6॥ ਏਸੀ ਸਤਿਗੁਰੂ ਥਾਪਨਾ ਥਾਪੀ, ਕੋਟਿ ਅਕਰਮੀ ਤਯਾਰੇ ਪਾਪੀ, ਮੇਰੀ ਕਯਾ ਬੁਨਿਯਾਦਿ॥ 7॥ਬਾਹਰ ਭੀਤਰਿ ਕੀ ਸਬ ਜਾਨੈਂ, ਨੌਕਾ ਲਗੀ ਜਿਹਾਜ ਨਿਦਾਨੈ, ਉਤਰਿ ਗਏ ਕਈ ਸਾਧ॥ 8॥ ਦਾਸ ਗਰੀਬ ਕਬੀਰ ਸਮਰਥ ਨਾਥਾ, ਹਮ ਕੂੰ ਭੇਟੇ ਸਤਿਗੁਰੂ ਦਾਤਾ, ਮਿਟ ਗਈ ਕੋਟਿ ਉਪਾਧਿ॥ 9॥ 2 ॥

ਏਸੇ ਹੈਂ ਨਿਜ ਨੇਕ ਸਤਿਗੁਰੂ॥ ਟੇਕ॥ ਚੌਰਾਸੀ ਸੇ ਬੇਗਿ ਉਧਾਰੈਂ, ਜਮ ਕਿੰਕਰ ਕੀ ਤਿਰਾਸ ਨਿਵਾਰੈਂ, ਮੇਟੈ ਕਰਮ ਕੀ ਰੇਖ॥ 1॥ ਸਤ ਕਬੀਰ ਸਰਬੰਗੀ ਸੋਈ, ਆਦਿ ਅਨਾਹਦ ਅਵਿਗਤ ਜੋਈ, ਕਹਾ ਧਰਤ ਹੋ ਭੇਸ਼॥ 2॥

❖ **ਰਾਗ ਆਸਾਵਰੀ ਤੋ ਸ਼ਬਦ ਨੰ. 61:**

ਸ਼ਟਦਰਸ਼ਨ ਚੜ੍ਹ ਆਯਾ । ਦੇਖੌਂ ਏਸੀ ਤੇਰੀ ਮਾਯਾ॥ ਟੇਕ॥ ਚਿੱਠਾ ਫਿਰਯਾ ਸਮੁਦਰਰੌਂ ਤਾਈਂ, ਭੇਸ਼ੌਂ ਤੋਤ ਬਨਾਯਾ। ਠਾਰਹ ਲਾਖ ਚੜ੍ਹੇ ਦਫਤਰ ਮੇਂ, ਕਲਮ ਬੰਧਿ ਲਿਖ ਧਾਯਾ॥ 1॥ਕਰੂਨਾਮਈ ਕਲਪ ਜਦਿ ਕੀਨਹੀਂ, ਦਿਲ ਮੇਂ ਏਸੀ ਧਾਰੀ। ਨੌ ਲਖ ਬੋਡੀ ਭਰੀ ਕਰਿ ਆਈ, ਕੇਸ਼ੋ ਨਾਮ ਮੁਰਾਰੀ॥ 2 ॥ ਚਾਵਲ ਚੂੰਨ ਔਰ ਘਿਰਤ ਮਿਠਾਈ, ਲਾਗਿ ਗਯੇ ਅਟਨਾਲੇ । ਛੱਪਨ ਭੋਗ ਸਿੰਜੋਗ ਸਲੌਂਨੇ,ਭੇਸ਼ ਭਯੇ ਮਤਵਾਲੇ॥ 3॥ ਕਬੀਰ ਗੋਸਾਂਈ ਰਸੋਈ ਦੀਨਹੀਂ, ਆਪੈ ਕੇਸ਼ੋ ਬਨਿ ਕਰਿ ਆਯੇ। ਪਰਾਨੰਦਨੀ ਜਾਕੈ ਦਵਾਰੈ, ਬਹੁ ਵਿਧੀ ਭੇਸ਼ ਛਿਕਾਯੇ॥4॥ ਹਿੰਦੂ ਮੁਸਲਮਾਨ ਕਹਤ ਹੈਂ, ਬ੍ਰਾਹਮਣ ਔਰ ਬੈਰਾਗੀ। ਸਨਜਾਸੀ ਕਾਸ਼ੀ ਕੇ ਗਾਵੈਂ, ਨਾਚੈ ਦੁਨੀਆ ਨਾਗੀ ॥5॥ ਕੋਈ ਕਹੇ ਭੰਡਾਰਾ ਦੀਨਹਾ, ਕੋਈ ਕੋਈ ਕਹੈ ਮਹੌਛਾ। ਬੜੇ ਬੜਾਈ ਦੇਤ ਹੈਂ ਭਾਈ, ਗਾਰੀ ਕਾਢੈ ਓਛਾ॥6॥ ਅਮਰ ਸ਼ਰੀਰ ਕਬੀਰ ਪੁਰਸ਼ ਕਾ, ਜਲ ਰੂਪ ਜਗਦੀਸ਼ੰ । ਗਰੀਬਦਾਸ ਸਤਲੋਕ ਹੈ ਅਸਤਲ, ਸਾਹਿਬ ਬਿਸਵੇ ਬੀਸੰ ॥7॥61॥

❖ **ਰਾਗ ਨਟ ਵਿੱਚੋਂ ਸ਼ਬਦ ਨੰਬਰ 4 ਦਾ ਕੁੱਝ ਅੰਸ਼ :-**

ਨਾਮਦੇਵ ਨੇ ਨਿਰਗੁਣ ਚੀਨ੍ਹ੍ਯਾ, ਦੇਵਲ ਬੇਗ ਫਿਰੀ ਰੇ। ਅਜਾਮੇਲ ਸੇ ਪਾਪੀ ਹੋਤੇ, ਗਨਿਕਾ ਸੰਗ ਉਧਰੀ ਰੇ ॥4॥ ਨਾਮ ਕਬੀਰਾ ਜਾਤਿ ਜੁਲਾਹਾ, ਸ਼ਟ੍ਦਲ ਹਾਂਸੀ ਕਰੀ ਰੇ , ਹੇ ਹਰਿ ਹੇ ਹਰਿ ਹੋਤੀ ਆਈ, ਬਾਲਦਿ ਆਨਿ ਢੁਰੀ ਰੇ॥5॥

❖ **ਰਾਗ ਨਿਹਾਪਲ ਵਿੱਚੋ ਸ਼ਬਦ ਨੰਬਰ 1:-**

ਜਾਲਿਮ ਜੁਲਹੇ ਜਾਰਤਿ ਲਾਈ, ਐਸਾ ਨਾਦ ਬਜਾਯਾ ਹੈ ॥ ਟੇਕ ॥ ਕਾਜ਼ੀ ਪੰਡਿਤ ਪਕਰਿ ਪਛਾਰੇ, ਤਿਨ ਕੂੰ ਜਵਾਬ ਨਾ ਆਇਆ ਹੈ। ਸ਼ਟਦਰਸ਼ਨ ਸਬ ਖਾਰਜ ਕੀਨਹੇ, ਦੋਨਯੌਂ ਦੀਨ ਚਿਤਾਯਾ ਹੈ ॥1॥ ਸੁਰ ਨਰ ਮੁਨਿਜਨ ਭੇਦ ਨਾ ਪਾਵੈਂ, ਦੋਹੁੰ ਕਾ ਪੀਰ ਕਹਾਇਆ ਹੈ। ਸ਼ੇਸ਼ ਮਹੇਸ਼ ਗਣੇਸ਼ਰ ਥਾਕੇ, ਜਿਨ ਕੂੰ ਪਾਰ ਨਾ ਪਾਇਆ ਹੈ ॥2॥ ਨੌਂ ਔਤਾਰ ਹੇਰਿ ਸਬ ਹਾਰੇ, ਜੁਲਹਾ ਨਹੀਂ ਹੇਰਾਯਾ ਹੈ। ਚਰਚਾ ਆਂਨਿ ਪਰਿ ਬ੍ਰਹਮਾ ਸੈਂ, ਚਾਰਯੋਂ ਬੇਦ ਹਰਾਇਆ ਹੈ ॥3॥ ਮਗਹਰ ਦੇਸ਼ ਕੂੰ ਕਿਯਾ ਪਯਾਂਨਾ, ਦੋਨਯੌਂ ਦੀਨ ਡੁਰਾਯਾ ਹੈ। ਘੋਰ ਕਫ਼ਨ ਹਮ ਕਾਠੀ ਦੀਜੋ, ਚੱਦਰਿ ਫੂਲ ਬਿਛਾਯਾ ਹੈ॥4॥ ਗ਼ੈਬੀ ਮੰਜਿਲ ਮਾਰਫ਼ਤਿ ਔਂਢੀ, ਚਾਦਰਿ ਬੀਚ ਨਾ ਪਾਯਾ ਹੈ। ਕਾਸ਼ੀ ਵਾਸੀ ਹੈ ਅਵਿਨਾਸ਼ੀ , ਨਾਦ ਬਿੰਦ ਨਹੀਂ ਆਇਆ ਹੈ ॥5॥ ਨਾ ਗਾਡਯਾ ਨਾ ਜਾਰਯਾ ਜੁਲਹਾ, ਸ਼ਬਦ ਅਤੀਤ ਸਮਾਯਾ ਹੈ। ਚਯਾਰ ਦਾਗ ਸੇ ਰਹਿਤ ਹੈ ਸਤਿਗੁਰੂ, ਸੋ ਹਮਰੈ ਮਨ ਭਾਯਾ ਹੈ॥6॥ ਮੁਕਤੀ ਲੋਕ ਕੇ ਮਿਲੇ ਪ੍ਰਗਨੇਂ, ਅਟਲ ਪਟਾ ਲਿਖਵਾਯਾ ਹੈ। ਫਿਰ ਤਾਗੀਰ ਕਰੈ ਨਾ ਕੋਈ, ਧੁਰ ਕਾ ਚਾਕਰ ਲਾਯਾ ਹੈ॥7॥ ਤਖ਼ਤ ਹਿਜੂਰੀ ਚਾਕਰ ਲਾਗੇ, ਸਤਿ ਕਾ ਦਾਗ ਦਗਾਯਾ ਹੈ। ਸਤਲੋਕ ਮੇਂ ਸੇਜ ਹਮਾਰੀ, ਅਵਿਗਤ ਨਗਰ ਬਸਾਯਾ ਹੈ॥8॥ ਚੰਪਾ ਨੂਰ ਤੂਰ ਬਹੁ ਭਾਂਤੀ, ਆਂਨਿ ਪਦਮ ਝਲਕਾਇਆ ਹੈ। ਧੰਨ ਬੰਦੀਛੋੜ ਕਬੀਰ ਗੋਸਾਂਈ, ਦਾਸ ਗ਼ਰੀਬ ਬਧਾਯਾ ਹੈ॥9॥1॥

❖ **ਰਾਗ ਹੋਰੀ ਵਿੱਚੋਂ ਸ਼ਬਦ ਨੰਬਰ 10 ਦਾ ਕੁੱਝ ਅੰਸ਼:-**

ਕੇਸ਼ੋ ਨਾਮ ਧਰ ਕਬੀਰਾ ਆਏ, ਬਾਲਦਿ ਆਨਿ ਢਹੀ ਰੇ।
ਦਾਸ ਗ਼ਰੀਬ ਕਬੀਰ ਪੁਰਸ਼ ਕੈ, ਉਤਰੀ ਸੌਂਜ ਨਈ ਰੇ ॥6॥

❖ **ਅਰੀਲ ਵਿੱਚੋਂ ਸ਼ਬਦ ਨੰਬਰ 22-25:-**

ਇਕ ਚਦਰੀ ਇਕ ਗੁਦਰੀ ਸਤਗੁਰੂ ਪਾਸ ਰੇ। ਹਮ ਨਹੀਂ ਨਿਕਸੈਂ ਬਾਹਰ ਹੋਯ ਹੈ ਹਾਂਸ ਰੈ॥1॥ ਸ਼ਾਹ ਸਿਕੰਦਰ ਸੁਨ ਕਰ ਡੇਰੇ ਜਾਤ ਹੈ। ਬੋਲੈ ਮਾਯ ਕਬੀਰ ਯਹਾਂ ਕੁੱਛ ਘਾਤ ਹੈ ॥2॥ ਇਨ ਕਪਟੀ ਕੁਲਹੀਨ ਲਗਾਯਾ ਕਾਟ ਰੇ। ਬਨ ਕੇਸ਼ਵ ਬਨਜਾਰਾ ਕਰ ਹੈਂ ਸਾਂਟ ਰੇ॥3॥ ਜਹਾਂ ਸ਼ਾਹ ਸਿਕੰਦਰ ਸਤਗੁਰੂ ਗੋਸ-ਟਿ ਕੀਨਹਿਯਾਂ। ਤੁਮ ਕਰਤਾ ਪੁਰਸ਼ ਕਬੀਰ ਤਿਬੈ ਉਹਾਂ ਚੀਨਹਿਯਾਂ॥4॥ ਹਮ ਰੇਜਾ ਕਪਰਾ ਬੁਨਿ ਹੈਂ ਆਤਮ ਕਾਰਨੈਂ। ਠਾਰਹ ਲਾਖ ਦਲ ਭੇਸ਼ ਪਰਯਾ ਹੈ ਬਾਰਨੈਂ॥5॥ ਖਾਂਨ ਪਾਂਨ ਘਰ ਮਾਹਿੰ ਨਹੀਂ ਹੈ ਮੋਰ ਰੇ। ਸ਼ਟ ਦਲ ਕੀਨਹੀ ਹਾਂਸਿ ਕੀਆ ਬਹੁ ਜ਼ੋਰ ਰੇ ॥6॥ ਮੁਸਕਲ ਕੀ ਆਸਾਨ ਕਰੈਗਾ ਜਾਨਿ ਕਰ। ਏਕ ਕੇਸ਼ਵ ਬਨਜਾਰਾ ਉਤਰਯਾ ਆਨਿ ਕਰ ॥7॥ਕਹ ਸ਼ਾਹ ਸਿਕੰਦਰ ਸਾਚੀ ਭਾਸ਼ਿ ਹੈਂ। ਕਾਸ਼ੀ ਕੇ ਬੈਜਾਰਿ ਦ੍ਰਵਯ ਬਹੁ ਲਾਖ ਹੈਂ ॥8॥ ਗੁਦਰੀ ਗਹਨੇਂ ਧਰ ਕਰ ਸੀਧਾ ਦੇਤ ਹੈਂ। ਗੌੜੀ ਟੋਡੀ ਔਰ ਬਿਲਾਵਲ ਲੇਤ ਹੈਂ॥9॥ ਰਾਸਾ ਨਿਰਗੁਣ ਨਾਮ ਹਮਾਰੇ ਏਕ ਹੈ। ਹਰਿਹਾਂ ਮਹਬੂਬ ਕਹਤਾ ਦਾਸ ਗ਼ਰੀਬ ਮੁਝੇ ਕੋਈ ਦੇਖ ਹੈ॥10॥22॥ ਕੁਟਲ ਭੇਸ਼ ਕੁਲਹੀਨ ਕੁਬੁੱਧੀ ਕੂਰ ਹੈਂ। ਭਾਵ ਭਗਤੀ ਨਹੀਂ ਜਾਨੈਂ ਸ਼ਵਾਨਾ ਸੂਰ ਹੈਂ ॥1॥ ਚਲ ਮੇਲੇ ਕਾ ਭਾਵ ਦੇਖ ਫਿਰ ਆਵਹੀਂ। ਉਹਾਂ ਕੇਸ਼ਵ ਬਨਜਾਰਾ ਭੂਲ ਭੁਲਾਵਹੀਂ॥2॥ ਏਕ ਹਿਲਕਾਰਾ ਆਂਨਿ ਤੰਬੂ ਮੇਂ ਲੇ ਗਿਆ। ਕੇਸ਼ਵ ਔਰ ਕਬੀਰ ਸੁ ਮੇਲਾ ਦੇ ਗਿਆ॥3॥ ਤੀਨ ਦਿਵਸ ਦਰਵੇਸ਼ ਮਹਾਤਮ ਮਾਲਵੈ । ਗੈਬੀ ਫਿਰੇ ਨਕੀਬ ਕੂੰਚ ਕਰ ਚਾਲਵੈ॥4॥ ਗੰਗ ਉਤਰਿ ਕਰ ਗ਼ੈਬ ਹੂਯੇ ਦਲ ਭਿੰਨ ਰੇ। ਕਹਾਂ ਗਏ ਬਨਜਾਰੇ ਬੋਡੀ ਅੰਨ ਰੇ॥5॥ ਕੇਸ਼ਵ ਔਰ ਕਬੀਰ ਮਿਲਤ ਏਕੈ ਭਯੇ। ਹਰਿਹਾਂ ਮਹਬੂਬ ਕਹਤਾ ਦਾਸ ਗ਼ਰੀਬ ਤਕੀ ਰੋਵੈ ਦਹੇ॥6॥23॥ ਸ਼ਾਹ ਤਕੀ ਨਹੀਂ ਲਖੀ ਨਿਰੰਜਨ ਚਾਲ ਰੇ। ਯਾ ਪਰਚੇ ਸੇ ਆਗੇ ਮਾਂਗੈ ਜਵਾਲ ਰੇ॥1॥ ਸ਼ਾਲਾ ਕਰਮ ਸੁਭਾਨ ਸਰੀਕਤ ਦੇਖਿਆ॥ ਸ਼ਾਹ ਤਕੀ ਨਿਰਭਾਗ ਨ ਕਾਗਜ ਛੇਕਿਆ॥2॥ ਸ਼ਾਹ ਸਿਕੰਦਰ ਚਰਣ ਜੁਹਾਰੇ ਜਾਨ ਕਰ।ਤੁਮ ਅਵਿਗਤ ਪੁਰਸ਼ ਕਬੀਰ ਬਸੋ ਉਰ ਆਂਨਿ

ਕਰ॥3॥ ਤੁਮ ਖ਼ਾਲਿਕ ਸਰਬੰਗ ਸਰੂਪ ਕਬੀਰ ਹੈ। ਹਰਿਹਾਂ ਮਹਬੂਬ ਕਹਤਾ ਦਾਸ ਗ਼ਰੀਬ ਪੀਰਨ ਸਿਰ ਪੀਰ ਹੈ॥4॥24॥ ਯੌਹ ਸੌਦਾ ਸਤਿ ਭਾਯ ਕਰੋ ਪ੍ਰਭਾਤਿ ਰੇ। ਤਨ ਮਨ ਰਤਨ ਅਮੋਲ ਬਟਾਉ ਸਾਥ ਰੇ॥1॥ ਬਿਛਰਿ ਜਾਂਹਿਗੇ ਮੀਤ ਮਤਾ ਸੁਨ ਲੀਜਿਯੇ। ਬੌਹਰ ਨ ਮੇਲਾ ਹੋਏ ਕਹੋ ਕਯਾ ਕੀਜਿਯੇ॥2॥ ਸ਼ੀਲ ਸੰਤੋਸ਼ ਵਿਵੇਕ ਦਯਾ ਕੇ ਧਾਮ ਹੈਂ। ਗਿਆਨ ਰਤਨ ਗੁਲਜ਼ਾਰ ਸੰਗਾਂਤੀ ਰਾਮ ਹੈਂ॥3॥ ਧਰਮ ਧਜਾ ਫਰਕੰਤ ਫਰਹਰੈਂ ਲੋਕ ਰੇ। ਤਾ ਮਧਯ ਅਜਪਾ ਨਾਮ ਸੁ ਸੌਦਾ ਰੋਕ ਰੇ॥4॥ ਚਲੇ ਬਨਜੁਵਾ ਉਠਿ ਹੂੰਠ ਗਾਢ ਛਾਡਿ ਰੇ। ਹਰਿਹਾਂ ਮਹਬੂਬ ਕਹਤਾ ਦਾਸ ਗ਼ਰੀਬ ਲਗੈ ਜਮ ਡਾਂਡ ਰੇ॥5॥25॥

**❖ ਪਾਰਖ ਕੇ ਅੰਗ ਕੀ ਬਾਣੀ ਨੰਬਰ 825 - 837 ਦਾ ਸਰਲਾਰਥ:- ਸੰਤ ਰਵਿਦਾਸ ਜੀ ਸਵੇਰੇ ਜੰਗਲ ਫਿਰਨ ਦੇ ਲਈ ਗਏ ਤਾਂ ਇੰਨੇ ਸਾਰੇ ਸੰਤਾਂ-ਮਹਾਂਪੁਰਸ਼ਾਂ ਨੂੰ ਦੇਖ ਕੇ ਹੈਰਾਨ ਹੋਏ ਅਤੇ ਪ੍ਰਸ਼ਨ ਕੀਤਾ ਕਿ ਉਹ ਕਿਸ ਕੰਮ ਲਈ ਆਏ ਹਨ? ਉਨ੍ਹਾਂ ਨੇ ਦੱਸਿਆ ਕਿ ਇਸ ਸ਼ਹਿਰ ਦੇ ਸੇਠ ਕਬੀਰ ਜੁਲਾਹਾ ਯੱਗ ਕਰ ਰਹੇ ਹਨ। ਸਾਡੇ ਕੋਲ ਚਿੱਠੀ ਗਈ ਸੀ, ਅਸੀਂ ਆ ਗਏ ਹਾਂ। ਤਿੰਨ ਦਿਨਾਂ ਦਾ ਭੋਜਨ ਭੰਡਾਰਾ ਹੈ। ਦੇਖੋ ਚਿੱਠੀ ਨਾ.ਲ ਲੈ ਕੇ ਆਏ ਹਾਂ। ਰਵਿਦਾਸ ਜੀ ਨੂੰ ਸਮਝਣ ਵਿੱਚ ਦੇਰ ਨਹੀਂ ਲੱਗੀ। ਪਰਮੇਸ਼ਵਰ ਕਬੀਰ ਜੀ ਦੇ ਕੋ.ਲ ਘਰ ਗਏ। ਦੱਸਿਆ ਕਿ ਹੇ ਪ੍ਰਭੂ ! ਇਸ ਵਾਰ ਤਾਂ ਕਾਸ਼ੀ ਛੱਡ ਕੇ ਕਿਸੇ ਹੋਰ ਸ਼ਹਿਰ ਜਾਣਾ ਪਵੇਗਾ। ਸਾਰੀ ਗੱਲ ਦੱਸੀ । ਪਰਮਾਤਮਾ ਕਬੀਰ ਜੀ ਸੰਤ ਰਵਿਦਾਸ ਜੀ ਦੀ ਗੱਲ ਸੁਣ ਕੇ ਚਿੰਤਤ ਨਹੀਂ ਹੋਏ। ਹੱਸੇ ਅਤੇ ਕਿਹਾ ਕਿ ਹੇ ਰਵਿਦਾਸ! ਗੱਲ ਸੁਣ! ਬੈਠ ਜਾ ਭਗਤੀ ਕਰ। ਪਰਮਾਤਮਾ ਆਪ ਸੰਭਾਲ ਲਵੇਗਾ। ਕਬੀਰ ਪਰਮਾਤਮਾ ਇੱਕ ਰੂਪ ਵਿੱਚ ਤਾਂ ਉੱਥੇ ਕੁਟੀਆ ਵਿੱਚ ਬੈਠੇ ਭਜਨ ਕਰਨ ਦਾ ਦਿਖਾਵਾ ਕਰ ਰਹੇ ਸਨ। ਹੋਰ ਰੂਪ ਵਿੱਚ ਸਤਲੋਕ ਵਿੱਚ ਗਏ। ਉਹਨਾਂ ਨੂੰ ਪਹਿਲਾਂ ਹੀ ਸੁਚੇਤ ਕੀਤਾ ਹੋਇਆ ਸੀ। ਸਤਲੋਕ ਵਾਸੀਆਂ ਨੇ ਅਣਗਿਣਤ ਬੰਜਾਰੇ ਅਤੇ ਬੌਡੀ (ਬਲਦਾਂ ਦੇ ਉੱਤੇ ਬੋਰੇ ਰੱਖ ਕੇ ਭੋਜਨ ਸਮੱਗਰੀ ਭਰ ਰੱਖੀ ਸੀ। ਇੱਕ ਬੈਲ ਨੂੰ ਬੋਰੇ ਸਮੇਤ ਬੰਜਾਰੇ ਲੋਕ 'ਬੋਡੀ' ਕਹਿੰਦੇ ਸਨ) ਤਿਆਰ ਕੀਤੀ ਹੋਈ ਸੀ।**

ਜਦੋਂ ਕਬੀਰ ਜੀ ਸਤਲੋਕ ਵਿੱਚ ਬੋਡੀ ਲੈਣ ਗਏ ਤਾਂ ਸਤਲੋਕ ਦੇ ਸੇਵਕਾਂ ਨੇ ਕਿਹਾ ਕਿ ਹੇ ਕਬੀਰ ਭਗਵਾਨ ! ਲੈ ਜਾਓ ਜਿੰਨੀ ਲੋੜ ਹੈ । ਹੇ ਕਬੀਰ ਸਿਰਜਨਹਾਰ! ਉਹ ਤਾਂ (ਖੰਜੂਸ) ਭੁੱਖਾ .ਗਰੀਬ ਲੋਕ ਹੈ।ਕਬੀਰ ਜੀ ਨੇ ਉਹਨਾਂ ਵਿੱਚੋਂ ਨੌ ਲੱਖ ਬੌਡੀ ਅਤੇ ਕੁਝ ਬੰ-ਜਾਰਿਆਂ ਦੇ ਭੇਸ ਵਿਚ ਭਗਤ ਸੇਵਾਦਾਰ ਨਾਲ ਲਏ ਆਪ ਕੇਸ਼ਵ ਬੰਜਾਰੇ ਦਾ ਰੂਪ ਧਾਰਣ ਕੀਤਾ। ਇੱਕ ਪਲ ਵਿੱਚ ਧਰਤੀ ਦੇ ਉੱਪਰ ਆ ਗਏ। ਕਾਸ਼ੀ ਸ਼ਹਿਰ ਵਿੱਚ ਤੰਬੂ (ਠਇਨਟ) ਲਗਾਏ। ਪੰਜ ਰੰਗਾਂ ਦੇ ਝੰਡੇ ਸਤਲੋਕ ਵਾਲੇ ਲਗਾਏ । ਭੰਡਾਰੇ ਵਿੱਚ ਕੋਈ ਵੀ ਭੋਜਨ ਖਾਓ, ਕੋਈ ਰੋਕ ਟੋਕ ਨਹੀਂ ਸੀ। ਅਜਿਹਾ ਨਹੀਂ ਸੀ ਕਿ ਜਿਨ੍ਹਾਂ ਦੇ ਨਾਮ ਤੇ ਸੱਦਾ ਪੱਤਰ ਗਿਆ ਹੈ, ਉਹ ਆਪਣਾ ਪੱਤਰ ਅਤੇ ਨਾਮ-ਪਤਾ ਦਿਖਾਉਣ ਅਤੇ ਭੋਜਨ ਕਰਨ ਜਿਵੇਂ ਕਿ ਕਾਲ ਲੋਕ ਦੇ ਸਾਧੂ ਕਰਦੇ ਸਨ। ਸੁੱਕਾ ਸਿੱਧਾ ਦੇ ਲਈ ਆਟਾ, ਖੰਡ, ਚਾਵਲ, ਘਿਓ ਅਤੇ ਦਾਲ ਸਭ ਦਿੱਤੀਆਂ ਜਾ ਰਹੀਆਂ ਸਨ। ਮਿਠਾਈ, ਲੱਡੂ, ਜਲੇਬੀ, ਚੰਗੇਰ (ਬਰਫ਼ੀ) ਸਭ ਖਵਾਈ ਜਾ ਰਹੀ ਸੀ । ਜਿਵੇਂ ਕੁਬੇਰ ਭੰਡਾਰੀ ਹੀ ਧਰਤੀ ਤੇ ਆਇਆ ਹੋਵੇ। ਬਿਨਾਂ ਪਕਾਏ ਪਕ ਰਿਹਾ ਸੀ। ਟੈਂਟ - ਤੰਬੂਆਂ ਵਿੱਚ ਢੇਰ ਦੇ ਢੇਰ ਮਠਿਆਈਆਂ ਦੇ ਢੇਰ ਲੱਗੇ ਹੋਏ ਸਨ। ਕੜਾਹੇ ਚਾਵਲ, ਖੀਰ ਅਤੇ ਹਲਵੇ ਨਾਲ ਭਰੇ ਸਨ । ਸਭ ਖਾ ਰਹੇ ਸੀ। ਦੱਛਣਾ ਦਿੱਤੀ ਜਾ ਰਹੀ ਸੀ। ਕਬੀਰ ਪਰਮੇਸ਼ਵਰ ਦੀ ਜੈ-ਜੈਕਾਰ ਹੋ ਰਹੀ ਸੀ। ਬੈਲ ਬਿਨਾਂ ਸਿੰਗਾਂ ਵਾਲੇ ਸਨ। ਬੈਲ ਜ਼ਮੀਨ ਤੋਂ ਛੇ ਇੰਚ ਉੱਪਰ-ਉੱਪਰ ਚੱਲ ਰਹੇ ਸਨ। ਧਰਤੀ ਤੇ ਪੈਰ ਨਹੀਂ ਰੱਖ ਰਹੇ ਸੀ ਕਿਉਂਕਿ ਇਹ ਧਰਤੀ ਕੀਟਾਣੂਆਂ ਨਾਲ ਭਰੀ ਹੈ। ਪੈਰਾਂ ਹੇਠ ਜੀਵ ਮਾਰਨ ਨਾਲ ਪਾਪ

ਲੱਗਦਾ ਹੈ। ਤਿੰਨ ਦਿਨ ਤੱਕ ਸਾਰੀਆਂ ਸੰਪਰਦਾਵਾਂ ਦੇ ਵਿਅਕਤੀ ਭੋਜਨ ਨਾਲ ਸੰਤੁਸ਼ਟ ਕੀਤੇ । ਸ਼ਟਦਰਸ਼ਨ ਪੰਥਾਂ ਵਾਲੇ ਸਾਧੂਆਂ ਨੇ ਅਸੰਖਾਂ ਸਿੱਧੇ (ਇੱਕ ਵਿਅਕਤੀ ਦਾ ਇੱਕ ਸਮੇਂ ਦੀ ਸੁੱਕੀ ਸਮੱਗਰੀ, ਚਾਵਲ, ਖੰਡ, ਦਾਲ, ਆਟਾ, ਘਿਓ, ਆਦਿ -ਆਦਿ) ਲੈ ਲਏ। ਇੱਕ ਸਾਲ ਦਾ ਭੋਜਨ ਇਕੱਠਾ ਕਰਕੇ ਲੈ ਗਏ। ਤਿੰਨ ਦਿਨ ਇੱਥੇ ਛੱਕ ਕੇ ਖਾ ਗਏ।

**❖ ਪਾਰਖ ਕੇ ਅੰਗ ਦੀ ਬਾਣੀ ਨੰਬਰ 838 - 850:-**

ਸ਼ਾਹਸਿਕੰਦਰਕੂੰਸੁਨੀ,ਧੰਨਕਬੀਰਬਲਿਜਾਂਵ।ਗਰੀਬਦਾਸਮੇਲੇਚਲੋ,ਮਮਹਿਰਦੇਧਰਿਪਾਂਵ॥838॥
ਕਹੈਕਬੀਰਸੁਨਸ਼ਾਹਤੂੰ,ਭੇਸ਼ਬਿਗਾੜਾਕਾਮ।ਗਰੀਬਦਾਸਕੈਸੇਚਲੌਂ,ਮੋਗਠਰੀਨਹੀਂਦਾਮ॥839॥
ਨਹੀਂ ਕਾਸ਼ੀ ਮੇਂ ਸ਼ਾਹ ਕੋਈ, ਮੋਹਿ ਉਧਾਰਾ ਦੇਤ ।
ਗਰੀਬਦਾਸ ਤਾਨਾ ਤਨੂੰ, ਜਿਬ ਕੁੰਨਬੇ ਕੀ ਸੁਧਿ ਲੇਤ॥840॥
ਮੈਂਅਧੀਨਅੰਨਕੀਟਹੂੰ,ਉਦਰਭਰੇਨਹੀਂਮੋਹਿ।ਗਰੀਬਦਾਸਮਾਤਾਦੁਖੀ,ਅਰੂਮੋਮਿਨਹੈਛੋਹਿ॥841॥
ਏਕਬੀਰਤੁਮਅਲਹਹੋ,ਪਲਕਬੀਚਪ੍ਰਵਾਹ।ਗਰੀਬਦਾਸਕਰਜੋਰਿਕਰਿ,ਐਸੇਕਹਤਾਸ਼ਾਹ॥842॥
ਤੁਮਦਯਾਲਦਰਵੇਸ਼ਹੋ,ਧਰਿਆਏਨਰਰੂਪ।ਗਰੀਬਦਾਸਐਸੇਕਹੈ,ਸ਼ਾਹਸਿਕੰਦਰਜਹਾਂਭੂਪ॥843॥
ਉਠੇ ਕਬੀਰ ਕਰਮ ਕੀਯਾ, ਬਰਸੇ ਫੂਲ ਅਕਾਸ਼ ।ਗਰੀਬਦਾਸ ਮੇਲੇ ਚਲੇ, ਚੌਂਰ ਕਰਤ ਰੈਦਾਸ॥844॥
ਤੀਨ ਏਕ ਚੰਹਡੋਲ ਮੇਂ, ਰੈਦਾਸ ਸ਼ਾਹ ਕਬੀਰ । ਗਰੀਬਦਾਸ ਚੌਂਰਾ ਕਰੇ, ਬਾਦਸ਼ਾਹ ਬਲਬੀਰ॥845॥
ਮੁਕਟਮਨੋਹਰਬਾਂਧਿਕਰਿ,ਚੜ੍ਹੇਫੀਲਕਬੀਰ।ਗਰੀਬਦਾਸਉਸਪੁਰੀਮੇਂ,ਕੋਈਨਧਰਹੈਧੀਰ॥846॥
ਕੇਸ਼ਵਚਲੇਕਬੀਰਪੈ,ਕਬੀਰਕਸ਼ਟਕਯੋਂਕੀਨ।ਗਰੀਬਦਾਸਹਸਤੀਚੜ੍ਹੇ,ਮੇਲਾਦੇਖਨਤੀਨ॥847॥
ਚੌਪੜ ਕੇ ਬੈਜਾਰ ਫਿਰ, ਆਯੇ ਕੇਸ਼ਵ ਪਾਸ ।
ਗਰੀਬਦਾਸ ਕੁਰਬਾਨ ਗਤੀ, ਕਯਾ ਕਯਾ ਕਹੂੰ ਵਿਲਾਸ॥848॥
ਪਾਟਪਿਟੰਬਰਬਿਛਗਏ,ਊਪਰਿਹੀਰੇਲਾਲ।ਗਰੀਬਦਾਸਸਾਹਿਬਧਨੀ,ਲ੍ਯਾਯੇਮੁਕਤਾਮਾਲ॥849॥
ਕੇਸ਼ਵ ਔਰ ਕਬੀਰ ਕਾ, ਤੰਬੂ ਮਾਂਹਿ ਮਿਲਾਪ ।
ਗਰੀਬਦਾਸ ਆਠ ਪਹਰ ਲਗ, ਗੋਸ਼ਠੀ ਨਿਜ ਗਰਗਾਪ॥850॥

**❖ ਪਾਰਖ ਕੇ ਅੰਗ ਦੀ ਬਾਣੀ ਨੰਬਰ 838 - 850 ਦਾ ਸਰਲਾਰਥ :-** ਉਹਨਾਂ ਸਾਜਿਸ਼ ਕਰਨ ਵਾਲਿਆਂ ਨੇ ਇੱਕ ਯੋਜਨਾਬੱਧ ਢੰਗ ਨਾਲ ਸੋਚੀ ਸਮਝੀ ਚਾਲ ਦੇ ਤਹਿਤ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੂੰ ਵੀ ਭੰਡਾਰੇ ਦਾ ਸੱਦਾ ਭੇਜਿਆ ਸੀ। ਸੋਚਿਆ ਸੀ ਕਿ ਰਾਜਾ ਸਿਕੰਦਰ ਆਵੇਗਾ। ਇੱਥੇ ਕੋਈ ਭੰਡਾਰਾ ਨਹੀਂ ਮਿਲੇਗਾ। ਜਨਤਾ ਕਬੀਰ ਨੂੰ ਗਾਲ਼ਾਂ ਦੇ ਰਹੀ ਹੋਵੇਗੀ। ਅਰਾਜਕਤਾ ਦਾ ਮਾਹੌਲ ਹੋਵੇਗਾ । ਕਬੀਰ ਭੱਜ ਜਾਵੇਗਾ। ਰਾਜਾ ਦੇ ਮਨ ਵਿੱਚੋਂ ਉਸਦੀ ਮਹਿਮਾ ਖ਼ਤਮ ਹੋ ਜਾਵੇਗੀ। ਸ਼ੇਖਤਕੀ ਜੋ ਕਿ ਰਾਜਾ ਸਿਕੰਦਰ ਦਾ ਧਾਰਮਿਕ ਪੀਰ (ਗੁਰੂ) ਸੀ ਅਤੇ ਮੰਤਰੀ ਵੀ ਸੀ, ਉਹ ਇਸ ਸਾਜ਼ਿਸ਼ ਦਾ ਮੁਖੀ ਸੀ। ਜਦ ਰਾਜਾ ਅਤੇ ਸ਼ੇਖਤਕੀ ਭੰਡਾਰੇ ਵਾਲੀ ਥਾਂ ਤੇ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਲੰਗਰ ਲੱਗਿਆ ਹੋਇਆ ਹੈ। ਮੋਹਨ ਭੋਜਨ ਪਰੋਸੇ ਜਾ ਰਹੇ ਹਨ । ਦੱਛਣਾ ਵੀ ਦਿੱਤੀ ਜਾ ਰਹੀ ਹੈ। ਕਬੀਰ ਜੀ ਸੇਠ ਦੀ ਜੈ ਬੁਲਾਈ ਜਾ ਰਹੀ ਹੈ। ਰਾਜਾ ਨੇ ਮੌਜੂਦ ਵਿਅਕਤੀਆਂ ਨੂੰ ਪੁੱਛਿਆ ਕਿ ਭੰਡਾਰਾ ਕੌਣ ਕਰ ਰਿਹਾ ਹੈ? ਜਵਾਬ ਮਿਲਿਆ ਕਿ ਕਬੀਰ ਸੇਠ ਜੁਲਾਹਾ ਕਰ ਰਿਹਾ ਹੈ। ਉਹ ਅਜੇ ਤੱਕ ਆਏ ਨਹੀਂ ਹਨ। ਉਹਨਾਂ ਦਾ ਨੌਕਰ ਸਾਹਮਣੇ ਤੰਬੂ ਵਿੱਚ ਬੈਠਾ ਹੈ। ਉਹ ਸਾਰਾ ਪ੍ਰਬੰਧ ਕਰ ਰਿਹਾ ਹੈ। ਰਾਜਾ ਸਿਕੰਦਰ ਅਤੇ ਸ਼ੇਖ਼ ਤਕੀ ਤੰਬੂ ਦੇ ਨੇੜੇ ਗਏ। ਉਸ ਵਿਅਕਤੀ ਤੋਂ ਉਸਦੀ ਪਹਿਚਾਣ ਪੁੱਛੀ ਤਾਂ ਉਸ ਨੇ ਦੱਸਿਆ ਕਿ ਮੇਰਾ ਨਾਂ ਕੇਸ਼ਵ ਬੰਜਾਰਾ ਹੈ। ਕਬੀਰ ਮੇਰਾ ਪੱਗ ਵੱਟ ਮਿੱਤਰ ਹੈ। ਉਹਨਾਂ ਦਾ ਪੱਤਰ ਮੇਰੇ ਕੋਲ ਗਿਆ ਸੀ ਕਿ ਤੁਸੀਂ ਭੰਡਾਰੇ ਲਈ ਕੁਝ ਸਾਮਾਨ ਲੈ ਆਉਣਾ। ਛੋਟਾ ਜਿਹਾ ਭੰਡਾਰਾ ਕਰਨਾ ਹੈ। ਮੈਂ ਹਾਜ਼ਰ ਹੋ ਗਿਆ। ਕਬੀਰ ਜੀ ਕਿੱਥੇ ਹਨ?

ਰਾਜਾ ਨੇ ਪੁੱਛਿਆ । ਉਹ ਕਿਸ ਕਾਰਣ ਨਹੀਂ ਆਏ ? ਕੇਸ਼ਵ ਨੇ ਕਿਹਾ ਕਿ ਉਹ ਮਾਲਕ ਹਨ। ਮਰਜ਼ੀ ਹੈ ਕਦੇ ਵੀ ਆਉਣ। ਉਹਨਾਂ ਦਾ ਸੇਵਕ ਜੋ ਬੈਠਾ ਹੈ। ਇਹ ਸਾਰੀ ਵਿਵਸਥਾ ਉਹ ਖ਼ੁਦ ਹੀ ਕੁਟੀਆ ਵਿੱਚ ਬੈਠ ਸੰਭਾਲ ਰਹੇ ਹਨ। ਉਹ ਪਰਮਾਤਮਾ ਹਨ। ਰਾਜਾ ਸਿਕੰਦਰ ਹਾਥੀ ਤੇ ਸਵਾਰ ਹੋ ਕੇ ਕਬੀਰ ਜੀ ਦੀ ਕੁਟੀਆ ਤੇ ਪਹੁੰਚਿਆ। ਦਰਵਾਜ਼ਾ ਬੰਦ ਸੀ। ਬੇਨਤੀ ਕਰਕੇ ਦਰਵਾਜ਼ਾ ਖੁਲਵਾਇਆ ਅਤੇ ਕਿਹਾ ਕਿ ਆਪ ਮੇਰੇ ਮਨ ਦੀ ਬੇਨਤੀ ਸਵੀਕਾਰ ਕਰਕੇ ਮੇਰੇ ਨਾਲ ਮੇਲੇ ਵਿੱਚ ਭੰਡਾਰੇ ਵਿੱਚ ਚੱਲੋ, ਤਾਂ ਪ੍ਰਮਾਤਮਾ ਨੇ ਕਿਹਾ ਕਿ ਹੇ ਰਾਜਨ! ਮੇਰੇ ਨਾਲ ਕੋਝਾ ਮਜ਼ਾਕ ਕੀਤਾ ਗਿਆ ਹੈ। ਮੈਂ ਇੱਕ ਗਰੀਬ ਵਿਅਕਤੀ ਕੱਪੜਾ ਬੁਣ ਕੇ ਆਪਣੇ ਪਰਿਵਾਰ ਦਾ ਪੋਸ਼ਣ ਕਰ ਰਿਹਾ ਹਾਂ। ਅਠਾਰਾਂ ਲੱਖ ਸਾਧੂ ਭੋਜਨ-ਭੰਡਾਰਾ ਛਕਣ ਆਏ ਹਨ । ਤਿੰਨ ਦਿਨ ਦਾ ਭੰਡਾਰਾ ਪੱਤਰ ਵਿੱਚ ਲਿਖਿਆ ਹੈ। ਮੈਂ ਕਿਥੋਂ ਖਿਲਾਵਾਂਗਾ ? ਮੈਂ ਤਾਂ ਘਰ ਤੋਂ ਬਾਹਰ ਨਹੀਂ ਨਿਕਲ ਸਕਦਾ। ਰਾਤ ਨੂੰ ਮੈਂ ਆਪਣੇ ਪਰਿਵਾਰ ਸਮੇਤ ਭੱਜ ਜਾਵਾਂਗਾ। ਹੇ ਰਾਜਾ! ਇਹਨਾਂ ਭੇਖਾਂ ਵਾਲਿਆਂ ਨੇ ਕੰਮ ਵਿਗਾੜਿਆ ਹੈ। ਝੂਠੀ ਚਿੱਠੀ ਮੇਰੇ ਨਾਂ ਤੇ ਭੇਜੀ ਹੋਈ ਹੈ। ਮੇਰਾ ਪੇਟ ਵੀ ਨਹੀਂ ਭਰਦਾ। ਮੇਰੇ ਮਾਤਾ ਅਤੇ ਪਿਤਾ (ਮੂੰਹ ਬੋਲੇ ਮਾਤਾ -ਪਿਤਾ) ਮੇਰੇ ਤੇ ਗੁੱਸਾ ਕਰਨਗੇ । ਕੋਈ ਕਾਸ਼ੀ ਨਗਰ ਵਿੱਚ ਸੇਠ (ਸ਼ਾਹ) ਵੀ ਮੈਨੂੰ ਉਧਾਰ ਨਹੀਂ ਦਿੰਦਾ ਕਿਉਂਕਿ ਮੇਰੀ ਆਮਦਨ ਘੱਟ ਹੈ, ਮੈਂ ਗਰੀਬ ਹਾਂ। ਮੈਂ ਕਿਵੇਂ ਤੁਹਾਡੇ ਨਾਲ ਮੇਲੇ ਵਿੱਚ ਭੰਡਾਰੇ ਵਾਲੇ ਸਥਾਨ ਤੇ ਜਾਵਾਂ ? ਰਾਜਾ ਸਿਕੰਦਰ ਜੋ ਦਿੱਲੀ ਦਾ ਸਮਰਾਟ ਸੀ, ਉਸਨੇ ਹੱਥ ਜੋੜ ਕੇ ਕਿਹਾ, ਹੇ ਕਬੀਰ! ਆਪ ਪਰਮਾਤਮਾ (ਅੱਲਾਹ) ਹੋ। ਨਰ ਰੂਪ ਬਣਾ ਕੇ ਆਏ ਹੋ। ਆਪ ਦਿਆਲ (ਦਰਵੇਸ਼) ਸੰਤ ਹੋ।

ਕਬੀਰ ਨੇ (ਕਰਮ)ਰਹਿਮ ਕੀਤਾ। ਚੱਲਣ ਲਈ ਉੱਠੇ ਤਾਂ ਅਕਾਸ਼ ਤੋਂ ਫੁੱਲ ਬਰਸਣ ਲੱਗੇ । ਸਿਕੰਦਰ ਰਾਜਾ ਨੇ ਪਰਮਾਤਮਾ ਕਬੀਰ ਨੂੰ ਹਾਥੀ ਤੇ ਬਿਠਾਇਆ। ਨਾਲ ਰਵਿਦਾਸ ਜੀ ਕਬੀਰ ਜੀ ਦੇ ਸਿਰ ਉੱਤੇ ਚੌਰ ਕਰਦੇ ਹੋਏ ਕਬੀਰ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਨਾਲ ਹਾਥੀ 'ਤੇ ਬੈਠ ਗਏ। ਰਾਜਾ ਵੀ ਹਾਥੀ 'ਤੇ ਉਨ੍ਹਾਂ ਦੇ ਨਾਲ ਬੈਠ ਗਿਆ। ਫਿਰ ਰਵਿਦਾਸ ਜੀ ਨੂੰ ਬੇਨਤੀ ਕਰਕੇ ਰਾਜਾ ਸਿਕੰਦਰ ਨੇ ਚੌਰ ਲੈ ਲਿਆ ਅਤੇ ਕਬੀਰ ਜੀ ਦੇ ਉੱਪਰ ਚੌਰ ਕਰਨ ਲੱਗੇ । ਕਬੀਰ ਪਰਮਾਤਮਾ ਦੇ ਸਿਰ ਦੇ ਉੱਪਰ ਆਪਣੇ ਆਪ ਮਨੋਹਰ ਮੁਕਟ ਆਕੇ ਸੱਜ ਗਿਆ। ਕਾਸ਼ੀ ਪੁਰੀ ਦੇ ਵਿਅਕਤੀ ਬੇਸਬਰੀ ਨਾਲ ਕਬੀਰ ਪਰਮੇਸ਼ਵਰ ਦੇ ਦਰਸ਼ਨ ਕਰਨ ਦੀ ਉਡੀਕ ਕਰ ਰਹੇ ਸਨ। ਭੰਡਾਰੇ ਵਾਲੇ ਸਥਾਨ 'ਤੇ ਆਏ ਤਾਂ ਕੇਸ਼ਵ ਰੂਪ ਉਹਨਾਂ ਦੇ ਹਾਥੀ ਕੋ਼ਲ ਆਇਆ ਅਤੇ ਕਿਹਾ ਹੇ ਕਬੀਰ ਪ੍ਰਭੂ! ਤੁਸੀਂ ਇੱਥੇ ਆਉਣ ਦਾ ਕਸ਼ਟ ਕਿਉਂ ਕੀਤਾ? ਤੁਹਾਡਾ ਦਾਸ ਜੋ ਸੇਵਾ ਵਿੱਚ ਹਾਜ਼ਰ ਹੈ। ਉਸਦੀ ਗੱਲ ਨੂੰ ਅਨਸੁਣੀ ਕਰਕੇ ਤਿੰਨੇ ਹਾਥੀ ਨੂੰ ਅੱਗੇ ਮੇਲੇ ਵਿਚ ਲੈ ਗਏ ਜਿੱਥੇ ਅਠਾਰਾਂ ਲੱਖ ਵਿਅਕਤੀ ਠਹਿਰੇ ਸਨ। ਉਹ ਤਾਂ ਬਹੁਤ ਵੱਡਾ ਮੇਲਾ ਸੀ। ਚੌਂਪੜ ਦੇ ਬਜ਼ਾਰ ਵਿੱਚ ਘੁੰਮ-ਫਿਰ ਕੇ ਕੇਸ਼ਵ ਦੇ ਕੋ਼ਲ ਆ ਗਏ। ਜਦੋਂ ਕਬੀਰ ਜੀ ਹਾਥੀ ਤੋਂ ਉੱਤਰੇ ਅਤੇ ਕੇਸ਼ਵ ਵਾਲੇ ਤੰਬੂ ਵਿੱਚ ਗਏ ਤਾਂ ਆਪਣੇ ਆਪ ਇੱਕ ਸੁੰਦਰ ਤਖ਼ਤ ਆ ਗਿਆ ਅਤੇ ਉਸ ਉੱਤੇ ਇੱਕ ਸੁੰਦਰ ਬਿਸਤਰਾ ਵਿਛ ਗਿਆ। ਬਿਸਤਰੇ ਦੇ ਚਾਰੇ ਪਾਸੇ ਹੀਰੇ, ਲਾਲ ਲੱਗ ਗਏ। ਮਹਾਰਾਜਾ ਜਿਹਾ ਆਸਣ ਲੱਗ ਗਿਆ। ਦੂਜੇ ਪਾਸੇ ਅਜਿਹਾ ਹੀ ਕੇਸ਼ਵ ਦੇ ਲਈ ਲੱਗਿਆ ਸੀ। ਕਬੀਰ ਜੀ ਨੂੰ ਦੇਖਣ ਲਈ ਸਾਰੇ ਸਾਧੂ-ਸੰਤ ਆ ਕੇ ਚਾਰੇ ਪਾਸੇ ਬੈਠ ਗਏ, ਪਿੱਛੇ ਵਾਲੇ ਖੜ੍ਹੇ ਰਹੇ। ਪਰਮਾਤਮਾ ਕਬੀਰ ਜੀ ਨੇ ਕੇਸ਼ਵ ਨਾ਼ਲ (ਅੱਠ ਪਹਿਰ) ਚੌਵੀ ਘੰਟੇ ਲਗਾਤਾਰ ਅਧਿਆਤਮਿਕ ਗੋਸ਼ਠੀ ਕੀਤੀ, ਤੱਤਵਗਿਆਨ ਸੁਣਾਇਆ। ਲਗਭਗ ਦਸ ਲੱਖ ਭਰਮਿਤ ਸਾਧੂਆਂ ਦੇ ਚੇਲਿਆਂ ਨੇ ਕਬੀਰ ਜੀ ਤੋਂ

ਉਪਦੇਸ਼ ਲਿਆ ਅਤੇ ਆਪਣਾ ਜੀਵਨ ਸਫ਼ਲ ਕੀਤਾ।

## ਸੰਪੂਰਣ ਅਧਿਆਤਮ ਗਿਆਨ ਕਿਸਨੇ ਦੱਸਿਆ?

ਕਲਾਮੇ ਕਬੀਰ (ਸੂਕਸ਼ਮਵੇਦ) ਵਿੱਚ ਸੰਪੂਰਣ ਆਧਿਆਤਮ ਗਿਆਨ ਹੈ ਜੋ ਨਾ ਚਾਰਾਂ ਵੇਦਾਂ (ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ) ਵਿੱਚ ਹੈ, ਨਾ ਸ਼੍ਰੀ-ਮਦਭਗਵਤ ਗੀਤਾ ਵਿੱਚ, ਨਾ ਪੁਰਾਣਾਂ ਵਿੱਚ, ਨਾ ਉਪਨਿਸ਼ਦਾਂ ਵਿੱਚ, ਨਾ ਸ਼੍ਰੀਮਦਭਾਗਵਤ (ਸੁਧਾ ਸਾਗਰ) ਵਿੱਚ, ਨਾ ਚਾਰੇ ਕਤੇਬਾਂ (ਜਬੂਰ, ਤੌਰੇਤ, ਇੰਜਿਲ ਅਤੇ ਕੁਰਾਨ ਮਜੀਦ) ਵਿੱਚ। ਇਨ੍ਹਾਂ ਚਾਰੇ ਪੁਸਤਕਾਂ ਨੂੰ ਇੱਕਠਾ ਜ਼ਿਲਦ ਕਰਕੇ ਬਾਈਬਲ ਨਾਮ ਦਿੱਤਾ ਹੈ, ਉਹ ਗਿਆਨ ਬਾਈਬਲ ਵਿੱਚ ਵੀ ਨਹੀਂ ਹੈ। ਪ੍ਰਮਾਣ ਦੇ ਲਈ ਪਹਿਲਾਂ ਪੜ੍ਹੋ :-

## ਅਲ-ਖ਼ਿਜਰ (ਅਲ ਕਬੀਰ) ਦੀ ਵਿਸ਼ੇਸ਼ ਜਾਣਕਾਰੀ

**Quaran Shairf Sura-kafh 18:60-82** (ਕੁਰਾਨ ਸ਼ਰੀਫ ਸੁਰਾ-ਕਾਫ 18 ਆਇਤ 60-82) ਵਿੱਚ ਜ਼ਿਕਰ ਹੈ, ਅੱਲਾਹ ਮੂਸਾ ਨੂੰ ਉਸ ਤੋਂ ਜ਼ਿਆਦਾ ਇਲਮ (ਤੱਤਵਗਿਆਨ) ਰੱਖਣ ਵਾਲੇ ਇੱਕ ਖ਼ਾਸ ਵਿਅਕਤੀ ਨੂੰ ਮਿਲਣ ਦੇ ਲਈ ਭੇਜਦਾ ਹੈ। (ਹਦੀਸ ਵਿੱਚ ਇਹ ਕਹਾਣੀ ਵਿਸਥਾਰ ਨਾਲ ਦੱਸੀ ਗਈ ਹੈ। 55 ਹਦੀਸਾਂ ਵਿੱਚ ਇਸ ਕਹਾਣੀ ਦਾ ਜ਼ਿਕਰ ਮਿਲਦਾ ਹੈ।)

ਇੱਕ ਦਿਨ ਹਜ਼ਰਤ ਮੂਸਾ ਸਤਿਸੰਗ ਫਰਮਾ ਰਹੇ ਸਨ। ਉਹਨਾਂ ਤੋਂ ਇੱਕ ਸਤਿਸੰਗੀ ਨੇ ਪੁੱਛਿਆ ਕਿ ਹੇ ਮੂਸਾ ਅੱਜ ਦੇ ਦਿਨ ਜ਼ਮੀਨ ਤੇ ਸਭ ਤੋਂ ਜਿਆਦਾ ਇ਼ਲਮ ਰੱਖਣ ਵਾਲਾ ਵਿਅਕਤੀ ਕੌਣ ਹੈ?

ਹਜ਼ਰਤ ਮੂਸਾ ਨੇ ਬਹੁਤ ਮਾਣ ਨਾਲ ਜਵਾਬ ਦਿੱਤਾ "ਮੈਂ" ।

ਅੱਲਾਹ ਨੂੰ ਮੂਸਾ ਦਾ ਇਹ ਅੰਦਾਜ਼ ਬਿਲਕੁਲ ਪਸੰਦ ਨਹੀਂ ਆਇਆ ਅਤੇ ਕਿਹਾ ਕਿ ਮੂਸਾ ਤੇਰੀ ਇਹ ਗੱਲ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ । ਤੂੰ ਆਪਣੇ ਆਪ ਨੂੰ ਸਭ ਤੋਂ ਵੱਡਾ ਇਲਮ ਵਾਲਾ ਕਿਵੇਂ ਸਮਝ ਲਿਆ?

ਗੋਡਿਆਂ ਦੇ ਭਾਰ ਬੈਠੇ ਮੂਸਾ ਨੇ ਕਿਹਾ ਕਿ ਮੈਂ ਤੁਹਾਡਾ ਭੇਜਿਆ ਹੋਇਆ ਰਸੂਲ ਹਾਂ ਅਤੇ ਮੈਨੂੰ ਸਾਰਾ ਇਲਮ ਤੁਹਾਡੇ ਤੋਂ ਪ੍ਰਾਪਤ ਹੈ। ਇਸ ਲਈ ਮੈਂ ਇਹ ਕਹਿ ਦਿੱਤਾ ਕਿ ਅੱਜ ਜ਼ਮੀਨ 'ਤੇ ਮੇਰੇ ਤੋਂ ਜ਼ਿਆਦਾ ਇਲਮ ਕਿਸੇ ਕੋ਼ਲ ਨਹੀਂ ਹੈ।

ਅੱਲਾਹ ਨੇ ਕਿਹਾ ਕਿ ਮੂਸਾ ਧਰਤੀ 'ਤੇ ਤੇਰੇ ਤੋਂ ਜ਼ਿਆਦਾ ਇਲਮ ਰੱਖਣ ਵਾਲਾ ਵਿਅਕਤੀ ਮੌਜੂਦ ਹੈ ਅਤੇ ਤੇਰਾ ਇਲਮ ਉਸ ਦੇ ਇਲਮ ਦੇ ਸਾਹਮਣੇ ਕੁੱਝ ਵੀ ਨਹੀਂ ਹੈ।

ਮੂਸਾ ਨੇ ਕਿਹਾ ਕਿ ਹੇ ਅੱਲਾਹ! ਮੈਂ ਉਸ ਵਿਅਕਤੀ ਨੂੰ ਮਿਲਣਾ ਚਾਹੁੰਦਾ ਹਾਂ ਤਾਂ ਜੋ ਮੈਂ ਉਹ ਇਲਮ ਹਾਸਲ ਕਰ ਸਕਾਂ ਜੋ ਮੇਰੇ ਕੋ਼ਲ ਨਹੀਂ ਹੈ। ਉਹ ਸ਼ਖਸ ਕਿੱਥੇ ਰਹਿੰਦਾ ਹੈ ਅਤੇ ਕਿਵੇਂ ਮਿਲੇਗਾ? ਇਹ ਦੱਸਣ ਦੀ ਮਿਹਰਬਾਨੀ ਕਰੋ।

ਅੱਲਾਹ ਨੇ ਕਿਹਾ ਕਿ ਉਹ "ਮਜ਼ਮਾ-ਏ-ਬਾਹਰੇਨ" ਵਿੱਚ ਰਹਿੰਦਾ ਹੈ ਭਾਵ ਜਿੱਥੇ ਮਿੱਠੇ ਅਤੇ ਖਾਰੇ ਪਾਣੀ ਦੇ ਦੋ ਦਰਿਆ ਆਪਸ ਵਿੱਚ ਮਿਲਦੇ ਹਨ। ਮੂਸਾ ਨੇ ਕਿਹਾ ਕਿ ਹੇ ਅੱਲਾਹ! ਮੈਂ ਉਸਨੂੰ ਪਛਾਣਾਗਾਂ ਕਿਵੇਂ?

ਅੱਲਾਹ ਨੇ ਦੱਸਿਆ ਕਿ ਤੂੰ ਆਪਣੇ ਨਾਲ ਇੱਕ ਬਰਤਨ ਵਿੱਚ ਮਰੀ ਹੋਈ ਮੱਛੀ ਲੈ ਜਾ। ਜਿੱਥੇ ਉਹ ਮੱਛੀ ਜਿੰਦਾ ਹੋ ਕੇ ਪਾਣੀ ਵਿੱਚ ਗੋਤਾ ਲਗਾ ਦੇਵੇਗੀ, ਸਮਝ ਲੈਣਾ ਉਹ ਨੇੜੇ ਹੈ।

(ਹਦੀਸ ਪੁਸ਼ਟੀ ਕਰਦੀ ਹੈ ਕਿ ਇਹ ਸ਼ਖਸ ਜੋ ਮੂਸਾ ਤੋਂ ਜ਼ਿਆਦਾ ਇਲਮੀ /

**inteligent** ਹੈ ਅਤੇ ਜਿਸ ਤੋਂ ਅੱਲਾਹ ਨੇ ਮੂਸਾ ਨੂੰ ਕੁਰਾਨ ਸ਼ਰੀਫ ਸੂਰਾ ਕਾਫ 18 ਆ-ਇਤ 60-82 ਵਿੱਚ ਮਿਲਣ ਲਈ ਕਿਹਾ ਹੈ। ਉਸ ਦਾ ਨਾਮ ਅਲ-ਖਿਜ਼੍ਰ ਹੈ ਅਤੇ ਸਾਰਾ ਮੁਸਲਿਮ ਜਗਤ ਇਸ ਨਾਲ ਸਹਿਮਤ ਹੈ।)

ਮੂਸਾ ਆਪਣੇ ਇੱਕ ਸ਼ਾਗਿਰਦ/ਸੇਵਕ ਨੂੰ ਲੈ ਕੇ ਅਲ-ਖਿਜ਼੍ਰ ਦੀ ਤਲਾਸ਼ ਵਿੱਚ ਚੱਲ ਪੈਂਦਾ ਹੈ ਅਤੇ ਸਹੁੰ ਖਾਂਦਾ ਹੈ ਕਿ ਭਾਵੇਂ ਮੈਨੂੰ ਸਦੀਆਂ ਤੱਕ ਕਿਉਂ ਨਾ ਤੁਰਨਾ ਪਵੇ, ਮੈਂ ਅਲ-ਖਿਜ਼੍ਰ ਤੋਂ ਇਲਮ ਪ੍ਰਾਪਤ ਕਰਕੇ ਹੀ ਚੈਨ ਲਵਾਂਗਾ ।

ਕਾਫੀ ਲੰਬਾ ਸਫ਼ਰ ਕਰਨ ਤੋਂ ਬਾਅਦ, ਮੂਸਾ ਅਤੇ ਉਸਦਾ ਸ਼ਾਗਿਰਦ "ਮਜ਼ਮਾ-ਏ-ਬਾਹਰੇਨ" ਦੇ ਇਲਾਕੇ ਵਿੱਚ ਪਹੁੰਚੇ । ਲੰਬੇ ਸਫ਼ਰ ਦੀ ਥਕਾਵਟ ਦੂਰ ਕਰਨ ਲਈ ਮੂਸਾ ਪੱਥਰ ਦਾ ਸਹਾਰਾ ਲੈ ਕੇ ਸੋ ਗਏ। ਇਸ ਦੌਰਾਨ ਸ਼ਾਗਿਰਦ ਨੇ ਦੇਖਿਆ ਕਿ ਉਹ ਮਰੀ ਹੋਈ ਮੱਛੀ, ਜਿਸ ਨੂੰ ਉਹ ਇੱਕ ਬਰਤਨ ਵਿੱਚ ਲੈ ਕੇ ਚੱਲੇ ਸਨ, ਛਟਪਟਾਈ ਅਤੇ ਜ਼ਿੰਦਾ ਹੋ ਕੇ ਪਾਣੀ ਵਿੱਚ ਕੁੱਦ ਗਈ।

ਸ਼ਾਗਿਰਦ ਮੂਸਾ ਨੂੰ ਮੱਛੀ ਦੇ ਜ਼ਿੰਦਾ ਹੋਣ ਵਾਲੀ ਗੱਲ ਦੱਸਣਾ ਭੁੱਲ ਜਾਂਦਾ ਹੈ ਅਤੇ ਮੂਸਾ ਅਲ-ਖਿਜ਼੍ਰ ਦੀ ਭਾਲ ਵਿੱਚ ਆਪਣੇ ਸਫ਼ਰ ਤੇ ਅੱਗੇ ਚੱਲ ਪੈਂਦੇ ਹਨ ।

ਸਾਰਾ ਦਿਨ, ਸਾਰੀ ਰਾਤ ਚੱਲਣ ਤੋਂ ਬਾਅਦ, ਅਗਲੀ ਸਵੇਰ ਮੂਸਾ ਸ਼ਾਗਿਰਦ ਨੂੰ ਕਹਿੰਦਾ ਹੈ ਕਿ ਮੈਂ ਸਫ਼ਰ ਦੀ ਥਕਾਵਟ ਨਾਲ ਚੂਰ-ਚੂਰ ਹੋ ਗਿਆ ਹਾਂ। ਲਿਆ ਮੈਨੂੰ ਕੁਝ ਖਾਣ ਲਈ ਦੇ ਦਿਓ। ਤਦ ਸ਼ਾਗਿਰਦ ਨੂੰ ਧਿਆਨ ਆਉਂਦਾ ਹੈ ਕਿ ਜਿਹੜੀ ਮੱਛੀ ਅਸੀਂ ਆਪਣੇ ਨਾਲ ਲੈ ਕੇ ਆਏ ਸੀ, ਉਹ ਤਾਂ ਕੱਲ੍ਹ ਜਿੱਥੇ ਅਸੀਂ ਟੇਕਾ ਲਿਆ ਸੀ, ਉੱਥੇ ਹੀ ਜਿਉਂਦੀ ਹੋ ਕੇ ਪਾਣੀ ਵਿੱਚ ਕੁੱਦ ਗਈ ਸੀ ਅਤੇ ਸ਼ੈਤਾਨ ਦੇ ਪ੍ਰਭਾਵ ਕਾਰਣ ਮੈਂ ਤੁਹਾਨੂੰ ਦੱਸਣਾ ਭੁੱਲ ਗਿਆ। ਇਹ ਸੁਣ ਕੇ ਮੂਸਾ ਨੇ ਕਿਹਾ ਕਿ ਉਹੀ ਤਾਂ ਉਹ ਮੁਕਾਮ ਸੀ ਜਿੱਥੇ ਅਸੀਂ ਰੁੱਕਣਾ ਸੀ। ਮੂਸਾ ਅਤੇ ਸ਼ਾਗਿਰਦ ਆਪਣੇ ਪੈਰਾਂ ਦੇ ਨਿਸ਼ਾਨਾਂ ਨੂੰ ਦੇਖਦੇ ਹੋਏ ਵਾਪਸ ਉਸੇ ਥਾਂ ਪਹੁੰਚ ਜਾਂਦੇ ਹਨ ਅਤੇ ਉਨ੍ਹਾਂ ਨੂੰ ਚਿੱਟੀ ਚਾਦਰ ਲਪੇਟੇ ਹੋਏ ਚਿੱਟੀ ਦਾੜ੍ਹੀ ਵਾਲਾ ਇੱਕ ਸ਼ਖਸ ਮਿਲਦਾ ਹੈ।

ਮੂਸਾ ਨੇ ਆਪਣਾ ਪਰਿਚੈ ਦਿੱਤਾ ਅਤੇ ਕਿਹਾ ਕਿ ਅੱਲਾਹ ਨੇ ਤੁਹਾਡੇ ਤੋਂ ਇਲਮ ਸਿੱਖਣ ਲਈ ਭੇਜਿਆ ਹੈ। ਮੈਂ ਤੁਹਾਡੀ ਪੈਰਵੀ ਕਰਦਾ ਹਾਂ। ਤੁਸੀਂ ਮੈਨੂੰ ਉਹ ਨੇਕ ਇਲਮ ਸਿਖਾ ਦਿਓ ਜੋ ਤੁਹਾਡੇ ਕੋ਼ਲ ਹੈ।

ਉੱਤਰ ਵਿੱਚ ਅਲ-ਖਿਜ਼੍ਰ ਨੇ ਕਿਹਾ ਕਿ ਮੂਸਾ! ਤੁਸੀਂ ਮੇਰੇ ਨਾਲ ਕਦੇ ਵੀ ਸਬਰ ਨਹੀਂ ਕਰ ਸਕੋਗੇ, ਕਿਉਂਕਿ ਜਿਸ ਚੀਜ਼ ਦੀ ਹਕੀਕਤ ਦਾ ਤੁਹਾਨੂੰ ਇਲਮ ਨਹੀਂ, ਉਸ 'ਤੇ ਤੁਸੀਂ ਸਬਰ ਕਰ ਵੀ ਕਿਵੇਂ ਸਕਦੇ ਹੋ?

ਮੂਸਾ ਨੇ ਕਿਹਾ ਕਿ ਤੁਸੀਂ ਮੈਨੂੰ ਸਬਰ ਕਰਨ ਵਾਲਾ ਪਾਓਗੇ ਅਤੇ ਮੈ ਕਿਸੇ ਗੱਲ ਵਿੱਚ ਤੁਹਾਡੀ ਨਾਫ਼ਰਮਾਨੀ ਨਹੀਂ ਕਰਾਂਗਾ ।

ਅਲ-ਖਿਜ਼੍ਰ ਨੇ ਕਿਹਾ ਕਿ ਚੰਗਾ! ਜੇਕਰ ਤੁਸੀਂ ਮੇਰੇ ਨਾਲ ਜਾਣਾ ਹੀ ਚਾਹੁੰਦੇ ਹੋ, ਤਾਂ ਧਿਆਨ ਰਹੇ ਕਿ ਤੁਸੀਂ ਕਿਸੇ ਚੀਜ਼ ਬਾਰੇ ਮੇਰੇ ਤੋਂ ਸਵਾਲ ਨਹੀਂ ਕਰੋਗੇ, ਜਦੋਂ ਤੱਕ ਮੈਂ ਖ਼ੁਦ ਉਸਦੇ ਬਾਰੇ ਵਿੱਚ ਨਾ ਦੱਸਾਂ।

ਇਸ ਸਥਾਨ ਤੋਂ ਮੂਸਾ ਨੇ ਆਪਣੇ ਸ਼ਾਗਿਰਦ ਨੂੰ ਵਾਪਸ ਭੇਜ ਦਿੱਤਾ ਅਤੇ ਅਲ-ਖਿਜ਼੍ਰ ਨਾਲ ਆਪਣਾ ਸਫ਼ਰ ਸ਼ੁਰੂ ਕੀਤਾ।

ਰਸਤੇ ਵਿੱਚ ਕੁੱਝ ਮਸਕਿਨ ਲੋਕਾਂ ਦੀ ਇੱਕ ਕਿਸ਼ਤੀ ਦੇਖੀ। ਉਹ ਮਿਹਨਤ ਕਰਦੇ ਅਤੇ ਕਿਰਾਇਆ ਲੈ ਕੇ ਲੋਕਾਂ ਨੂੰ ਦਰਿਆ ਪਾਰ ਕਰਵਾਇਆ ਕਰਦੇ ਸਨ।

ਅਲ–ਖਿਜ਼ ਅਤੇ ਮੂਸਾ ਉਸ ਕਿਸ਼ਤੀ 'ਤੇ ਸਵਾਰ ਹੋ ਗਏ। ਸਫ਼ਰ ਦੇ ਦੌਰਾਨ ਅਲ ਖਿਜ਼ ਨੇ ਉਸ ਕਿਸ਼ਤੀ ਦੇ ਤਖਤੇ ਤੋੜ ਦਿੱਤੇ ਅਤੇ ਕਿਸ਼ਤੀ ਵਿੱਚ ਪਾਣੀ ਭਰਨ ਲੱਗਾ। ਲੋਕ ਪਾਣੀ ਬਾਹਰ ਸੁੱਟਣ ਲੱਗੇ ਅਤੇ ਜਿਵੇਂ ਤਿਵੇਂ ਡੁੱਬਣ ਤੋਂ ਬਚੇ। ਇਹ ਦੇਖ ਮੂਸਾ ਨੇ ਇਸ ਨੂੰ ਨਾਪਸੰਦ ਫ਼ਰਮਾਇਆ ਅਤੇ ਅਲ–ਖਿਜ਼ ਨੂੰ ਕਿਹਾ, ਕੀ ਲੋਕਾਂ ਨੂੰ ਡੁਬਾਉਣ ਦਾ ਇਰਾਦਾ ਹੈ? ਇਸ 'ਤੇ ਅਲ–ਖਿਜ਼ ਨੇ ਜਵਾਬ ਦਿੱਤਾ ਕਿ ਮੈਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਤੁਸੀਂ ਮੇਰੇ ਨਾਲ ਸਬਰ ਨਹੀਂ ਕਰ ਸਕੋਗੇ। ਮੂਸਾ ਨੇ ਕਿਹਾ ਕਿ ਮੇਰੀ ਅਕਲ ਨੇ ਕੰਮ ਨਹੀਂ ਕੀਤਾ। ਕਿਰਪਾ ਕਰਕੇ ਮੈਨੂੰ ਮਾਫ਼ ਕਰੋ, ਅੱਗੇ ਤੋਂ ਅਜਿਹੀ ਗਲ਼ਤੀ ਨਹੀਂ ਹੋਵੇਗੀ।

ਫਿਰ ਉਹ ਦੋਵੇਂ ਅੱਗੇ ਵਧੇ ਅਤੇ ਇੱਕ ਲੜਕੇ ਨੂੰ ਮਿਲੇ । ਅਲ–ਖਿਜ਼ ਨੇ ਉਸ ਲੜਕੇ ਨੂੰ ਮਾਰ ਦਿੱਤਾ । ਇਹ ਦੇਖ ਕੇ ਮੂਸਾ ਨੇ ਕਿਹਾ, ਕੀ ਤੁਸੀਂ ਇੱਕ ਬੇਗੁਨਾਹ ਦੀ ਜਾਨ ਲਈ ਹੈ? ਅਤੇ ਉਹ ਵੀ ਕਿਸੇ ਦੇ ਖ਼ੂਨ ਦੇ ਬਦਲੇ ਵਿੱਚ ਨਹੀਂ । ਇਹ ਤਾਂ ਤੁਸੀਂ ਬਹੁਤ ਘਟੀਆ ਅਤੇ ਬੇਹੱਦ ਨਾਪਸੰਦੀਦਾ ਹਰਕਤ ਕੀਤੀ ਹੈ । ਇਸ 'ਤੇ ਅਲ–ਖਿਜ਼ ਨੇ ਕਿਹਾ, ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਮੇਰੇ ਨਾਲ ਰਹਿ ਕੇ ਹਰਗਿਜ਼ ਸਬਰ ਨਹੀਂ ਕਰ ਸਕੋਗੇ । ਮੂਸਾ ਨੇ ਜਵਾਬ ਦਿੱਤਾ ਕਿ ਹੁਣ ਜੇ ਮੈਂ ਤੁਹਾਨੂੰ ਕਿਸੇ ਗੱਲ ਬਾਰੇ ਸਵਾਲ ਕਰਾਂ, ਤਾਂ ਬੇਸ਼ੱਕ ਮੈਨੂੰ ਆਪਣੇ ਨਾਲ਼ ਨਾ ਰੱਖਣਾ, ਯਕੀਨਨ ਤੁਸੀਂ ਮੇਰੇ ਪਾਸੋਂ ਹੱਦ ਉਜ਼ੂਰ ਨੂੰ ਪਹੁੰਚ ਚੁੱਕੇ ਹੋ।

ਇੱਕ ਵਾਰ ਫਿਰ ਸਫ਼ਰ ਸ਼ੁਰੂ ਹੋਇਆ । ਦੋਵੇਂ ਇੱਕ ਪਿੰਡ ਵਿੱਚ ਪਹੁੰਚੇ ਅਤੇ ਮੂਸਾ ਨੇ ਭੋਜਨ ਲਈ ਪੁੱਛਿਆ। ਪਿੰਡ ਵਾਸੀਆਂ ਨੇ ਉਹਨਾਂ ਦੀ ਮਹਿਮਾਨ ਨਵਾਜ਼ੀ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਸ ਪਿੰਡ ਵਿੱਚ ਦੋਹਾਂ ਨੇ ਇੱਕ ਕੰਧ ਦੇਖੀ ਜੋ ਡਿੱਗਣ ਵਾਲੀ ਸੀ। ਅਲ–ਖਿਜ਼ ਨੇ ਉਸਨੂੰ ਠੀਕ ਕਰ ਦਿੱਤਾ। ਇਹ ਦੇਖ ਕੇ ਮੂਸਾ ਬੋਲ ਪਏ, ਤੁਸੀਂ ਚਾਹੁੰਦੇ ਤਾਂ ਇਸਦੀ ਗੁਜ਼ਰਤ/ਕੀਮਤ ਲੈ ਸਕਦੇ ਸੀ, ਜਿਸ ਨੂੰ ਦੇ ਕੇ ਅਸੀਂ ਖਾਣਾ ਖਾ ਸਕਦੇ ਸੀ। ਅਲ–ਖਿਜ਼ ਨੇ ਮੂਸਾ ਨੂੰ ਕਿਹਾ, ਬੱਸ! ਹੁਣ ਤੁਹਾਡੇ ਅਤੇ ਮੇਰੇ ਦਰਮਿਆਨ ਜੁਦਾਈ ਹੈ, ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਉਨ੍ਹਾਂ ਗੱਲਾਂ ਦੀ ਹਕੀਕਤ ਦੱਸਾਂਗਾ, ਜਿਨ੍ਹਾਂ ਉੱਤੇ ਤੁਸੀਂ ਸਬਰ ਨਹੀਂ ਕਰ ਸਕੇ।

1. ਕਿਸ਼ਤੀ ਕੁੱਝ ਗਰੀਬ ਮਸਕਿਨ ਲੋਕਾਂ ਦੀ ਸੀ ਜੋ ਦਰਿਆ ਵਿੱਚ ਕੰਮ–ਕਾਜ ਕਰਦੇ ਸਨ । ਮੈਂ ਉਸ ਵਿੱਚ ਕੁੱਝ ਤੋੜਫੋੜ ਕਰਨ ਦਾ ਇਰਾਦਾ ਕੀਤਾ ਕਿਉਂਕਿ ਉਨ੍ਹਾਂ ਦੇ ਅੱਗੇ ਇੱਕ ਬਾਦਸ਼ਾਹ ਸੀ ਜੋ ਹਰ ਸਹੀ ਕਿਸ਼ਤੀ ਨੂੰ ਜ਼ਬਰਦਸਤੀ ਜ਼ਬਤ ਕਰ ਲੈਂਦਾ ਸੀ, ਮੋਰੀ ਹੋਣ ਕਾਰਨ, ਉਹ ਬਾਦਸ਼ਾਹ ਉਨ੍ਹਾਂ ਦੀ ਕਿਸ਼ਤੀ ਨੂੰ ਜ਼ਬਤ ਨਹੀਂ ਕਰੇਗਾ ਅਤੇ ਉਹ ਮਸਕੀਨ ਕੁੱਝ ਪੈਸੇ ਲਾ ਕੇ ਉਸ ਨੂੰ ਦਰੁੱਸਤ ਕਰ ਲੈਣਗੇ ।

2. ਦੂਜੀ ਘਟਨਾ ਬਾਰੇ ਦੱਸਿਆ ਕਿ ਉਸ ਲੜਕੇ ਦੇ ਮਾਂ–ਬਾਪ ਅੱਲਾਹ ਨੂੰ ਚਾਹੁਣ ਵਾਲੇ ਸਨ । ਸਾਨੂੰ ਡਰ ਸੀ ਕਿ ਕਿਤੇ ਇਹ ਲੜਕਾ ਉਹਨਾਂ ਨੂੰ ਆਪਣੀ ਸਰਕਸ਼ੀ ਅਤੇ ਕੁਫ਼ਰ ਨਾਲ ਆਜਿਸ ਅਤੇ ਪਰੇਸ਼ਾਨ ਨਾ ਕਰ ਦੇਵੇ । ਇਸ ਲਈ ਅਸੀਂ ਚਾਹਿਆ ਕਿ ਉਹਨਾਂ ਨੂੰ ਉਹਨਾਂ ਦਾ ਪਰਵਰਦਿਗਾਰ ਉਸ ਤੋਂ ਬਿਹਤਰ ਪਾਕਿਜ਼ਗੀ ਵਾਲਾ ਅਤੇ ਉਸਤੋਂ ਜ਼ਿਆਦਾ ਪਿਆਰ ਮੁਹੱਬਤ ਵਾਲਾ ਬੱਚਾ ਇਨਾਅਤ ਫਰਮਾਏ ।

3. ਕੰਧ ਦਾ ਕਿੱਸਾ ਇਹ ਹੈ ਕਿ ਉਸ ਪਿੰਡ ਵਿੱਚ ਦੋ ਯਤੀਮ ਬੱਚੇ ਹਨ ਜਿਨ੍ਹਾਂ ਦਾ ਖਜ਼ਾਨਾ ਉਸ ਕੰਧ ਦੇ ਹੇਠਾਂ ਦਫ਼ਨ ਹੈ । ਉਹਨਾਂ ਦਾ ਪਿਤਾ ਬਹੁਤ ਨੇਕ ਸੀ। ਰੱਬ ਦੀ ਇਹ ਚਾਹਤ ਸੀ ਕਿ ਇਹ ਦੋਵੇਂ ਯਤੀਮ ਆਪਣੀ ਜਵਾਨੀ ਦੀ ਉਮਰ ਵਿੱਚ ਆ ਕੇ ਆਪਣਾ ਇਹ ਖਜ਼ਾਨਾ ਉਸ ਰੱਬ ਦੀ ਮਿਹਰਬਾਨੀ ਅਤੇ ਰਹਿਮਤ ਨਾਲ ਕੱਢਣ।

ਇਹਨਾਂ ਤਿੰਨਾਂ ਕਿੱਸਿਆਂ ਦੀ ਮੁਹਮਲਤ ਕਰਨ ਤੋਂ ਬਾਅਦ, ਅਲ-ਖਿਜ਼੍ਰ ਇੱਕ ਅਜ਼ੀਮ ਅਮਲ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੂਸਾ! ਇਹ ਸੀ ਅਸਲ ਹਕੀਕਤ ਉਨ੍ਹਾਂ ਵਾਕਿਯਾਤ ਦੀ ਜਿਨ੍ਹਾਂ 'ਤੇ ਤੁਸੀਂ ਸਬਰ ਨਾ ਕਰ ਸਕੇ ।

## "ਸੰਪੂਰਣ ਅਧਿਆਤਮਿਕ ਗਿਆਨ ਦੇ ਵਿਸ਼ੇ ਵਿੱਚ ਪ੍ਰਮਾਣ"

ਸੂਕਸ਼ਮਵੇਦ (ਕਲਾਮੇ ਕਬੀਰ = ਕਬੀਰ ਬਾਣੀ) ਤੋਂ ਇਲਾਵਾ ਕਿਸੇ ਵੀ ਧਾਰਮਿਕ ਗ੍ਰੰਥ ਵਿੱਚ ਸੰਪੂਰਣ ਅਧਿਆਤਮਿਕ ਗਿਆਨ ਨਹੀਂ ਹੈ।

ਪ੍ਰਮਾਣ:- ਹਿੰਦੂ ਧਰਮ ਦੇ ਮੁੱਖ ਗ੍ਰੰਥ ਚਾਰ ਵੇਦ (ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ) ਹਨ। ਉਹਨਾਂ ਦਾ ਸਾਰ ਜਾਣੀ ਸੰਖੇਪ ਵਿੱਚ ਗਿਆਨ ਸ਼੍ਰੀ-ਮਦਭਗਵਤ ਗੀਤਾ ਹੈ। ਇਹਨਾਂ ਦਾ ਗਿਆਨ ਵੀ ਉਸੇ ਅੱਲਾਹ (ਪ੍ਰਭੂ) ਨੇ ਦਿੱਤਾ ਹੈ ਜਿਸ ਨੇ ਚਾਰੇ ਕਿਤਾਬਾਂ (ਜਬੂਰ, ਤੌਰੇਤ, ਇੰਜਿਲ ਅਤੇ ਕੁਰਾਨ) ਦਾ ਗਿਆਨ ਦਿੱਤਾ ਹੈ।

ਯਜੁਰਵੇਦ ਅਧਿਆਇ 40 ਮੰਤਰ 10 ਵਿੱਚ ਵੇਦ ਗਿਆਨ ਦਾਤਾ ਨੇ ਕਿਹਾ ਹੈ ਕਿ ਕੋਈ ਤਾਂ ਪ੍ਰਮੇਸ਼ਵਰ ਨੂੰ ਕਦੇ ਨਾ ਉਤਪੰਨ ਹੋਣ ਵਾਲਾ ਜਾਣੀ ਨਿਰਾਕਾਰ ਦੱਸਦਾ ਹੈ। ਕੋਈ ਉਤਪੰਨ ਹੋਣ ਵਾਲਾ, ਸਾਕਾਰ ਮੰਨਦਾ ਹੈ, ਜਿਵੇਂ ਰਾਮ, ਕ੍ਰਿਸ਼ਨ ਦਾ ਜਨਮ ਹੋਇਆ, ਇਨ੍ਹਾਂ ਨੂੰ ਪ੍ਰਭੂ ਮੰਨਦੇ ਹਨ। ਪਰਮਾਤਮਾ ਨਿਰਾਕਾਰ ਹੈ ਜਾਂ ਸਾਕਾਰ ਹੈ? ਉਤਪੰਨ ਹੁੰਦਾ ਹੈ ਜਾਂ ਉਤਪੰਨ ਨਹੀਂ ਹੁੰਦਾ? ਅਵਤਾਰ ਧਾਰਣ ਕਰਦਾ ਹੈ ਜਾਂ ਨਹੀਂ ਕਰਦਾ? ਇਸ ਵਿਸ਼ੇ ਵਿੱਚ (ਧੀਰਾਣਾਮ) ਤੱਤਵਦਰਸ਼ੀ ਸੰਤ ਠੀਕ-ਠੀਕ ਦੱਸਦੇ ਹਨ, ਉਹਨਾਂ ਤੋਂ ਸੁਣੋ।

ਵਿਸ਼ੇਸ਼ : ਸਿੱਧ ਹੋਇਆ ਕਿ ਵੇਦਾਂ ਵਿੱਚ ਸੰਪੂਰਣ ਅਧਿਆਤਮਿਕ ਗਿਆਨ ਨਹੀਂ ਹੈ।

ਸ਼੍ਰੀਮਦਭਗਵਤ ਗੀਤਾ ਵਿੱਚ ਵੀ ਸੰਪੂਰਣ ਅਧਿਆਤਮਿਕ ਗਿਆਨ ਨਹੀਂ ਹੈ।

ਪ੍ਰਮਾਣ:- ਹਿੰਦੂ ਸਮਾਜ ਲਈ ਚਾਰੇ ਵੇਦ ਮਹੱਤਵਪੂਰਨ ਅਤੇ ਭਰੋਸੇਯੋਗ ਗ੍ਰੰਥ ਹਨ। ਵੇਦਾਂ ਨਾਲੋਂ ਜ਼ਿਆਦਾ ਗੀਤਾ ਨੂੰ ਪੜ੍ਹਿਆ ਜਾਂਦਾ ਹੈ। ਗੀਤਾ ਦਾ ਗਿਆਨ ਵੀ ਉਸੇ ਪ੍ਰਭੂ (ਅੱਲਹਾ) ਨੇ ਦਿੱਤਾ ਹੈ ਜਿਸ ਨੇ ਚਾਰੇ ਵੇਦਾਂ ਅਤੇ ਚਾਰੇ ਕਿਤਾਬਾਂ (ਜਬੂਰ, ਤੌਰੇਤ, ਇੰਜੀਲ ਅਤੇ ਕੁਰਾਨ) ਦਾ ਗਿਆਨ ਦਿੱਤਾ ਹੈ। ਹਿੰਦੂ ਧਰਮਾਚਾਰੀਆ ਮੰਨਦੇ ਹਨ ਕਿ ਸ਼੍ਰੀਮਦਭਗਵਤ ਗੀਤਾ ਚਾਰਾਂ ਵੇਦਾਂ ਦਾ ਸਾਰ ਹੈ। ਇਸ ਗੀਤਾ ਦੇ ਅਧਿਆਇ 4 ਸ਼ਲੋਕ 32 ਵਿੱਚ ਕਿਹਾ ਗਿਆ ਹੈ ਕਿ (ਬ੍ਰਹਮਣਹ) ਪੂਰਣ ਬ੍ਰਹਮ (ਮੁਖੇ) ਆਪਣੇ ਮੁਖ ਕਮਲ ਵਿਚੋਂ ਬਾਣੀ ਬੋਲ ਕੇ ਯਥਾਰਥ ਗਿਆਨ ਪ੍ਰਚਾਰ ਕਰਦਾ ਹੈ। ਉਹਨਾਂ ਦੀ ਉਸ ਬਾਣੀ ਵਿੱਚ ਦੱਸਿਆ ਗਿਆਨ "ਤੱਤਵਗਿਆਨ" ਕਿਹਾ ਜਾਂਦਾ ਹੈ। ਫਿਰ ਗੀਤਾ ਅਧਿਆਇ 4 ਦੇ ਹੀ ਸ਼ਲੋਕ 34 ਵਿੱਚ ਕਿਹਾ ਹੈ ਕਿ "ਹੇ ਅਰਜੁਨ! ਉਸ ਤੱਤਵ-ਗਿਆਨ ਨੂੰ (ਜੋ ਸਮਰੱਥ ਪ੍ਰਮੇਸ਼ਵਰ ਮੁੱਖ ਤੋਂ ਬਾਣੀ ਬੋਲ ਕੇ ਦੱਸਦਾ ਹੈ) ਤੂੰ ਕਿਸੇ ਤੱਤਦਰਸ਼ੀ ਸੰਤਾਂ ਤੋਂ ਪੁੱਛ। ਦੰਡਵਤ ਪ੍ਰਣਾਮ ਕਰਕੇ ਨਿਮਰਤਾ ਪੂਰਵਕ ਪ੍ਰਸ਼ਨ ਕਰਨ ਨਾਲ ਉਹ ਤੱਤਵਗਿਆਨ ਜਾਣਨ ਵਾਲੇ ਗਿਆਨੀ ਮਹਾਤਮਾ ਤੁਹਾਨੂੰ ਤੱਤਵਗਿਆਨ ਦਾ ਉਪਦੇਸ਼ ਕਰਨਗੇ।{"ਕਿਉਂਕਿ ਉਹੀ ਯਥਾਰਥ ਗਿਆਨ, ਉਹੀ ਸਮਰੱਥ ਪ੍ਰਭੂ ਸਮੇਂ-ਸਮੇਂ ਤੇ ਚੰਗੀਆਂ ਆਤਮਾਂਵਾਂ ਨੇਕ ਬੰਦਿਆਂ ਨੂੰ ਦੱਸਦਾ ਰਹਿੰਦਾ ਹੈ, ਇਸ ਲਈ ਕਿਹਾ ਹੈ। ਉਹ ਗਿਆਨ ਵਰਤਮਾਨ ਵਿੱਚ ਮੇਰੇ ਦਾਸ (ਰਾਮਪਾਲ ਦਾਸ) ਦੇ ਕੋਲ਼ ਹੈ। ਸੰਸਾਰ ਵਿੱਚ ਕਿਸੇ ਨੂੰ ਉਸਦਾ ਗਿਆਨ ਨਹੀਂ ਹੈ।}

ਵਿਸ਼ੇਸ਼:- ਇਹ ਸਿੱਧ ਹੋਇਆ ਕਿ ਸੰਪੂਰਣ ਅਧਿਆਤਮਿਕ ਗਿਆਨ ਸ਼੍ਰੀ-ਮਦਭਗਵਤ ਗੀਤਾ ਵਿੱਚ ਵੀ ਨਹੀਂ ਹੈ। ਬਾਈਬਲ (ਜੋ ਜਬੂਰ, ਤੌਰੇਤ ਅਤੇ ਇੰਜੀਲ

ਤਿੰਨੇ ਕਿਤਾਬਾਂ ਦਾ ਜੋੜ ਹੈ। ਇਸ ਬਾਈਬਲ) ਵਿੱਚ ਅਤੇ ਕੁਰਾਨ ਵਿੱਚ ਵੀ ਸੰਪੂਰਣ ਅਧਿਆਤਮਿਕ ਗਿਆਨ ਨਹੀਂ ਹੈ।

ਪ੍ਰਮਾਣ :- ਉੱਪਰ "ਅਲ-ਖਿਜ਼੍ਰ (ਅਲ-ਕਬੀਰ) ਦੀ ਜਾਣਕਾਰੀ" ਸਿਰਲੇਖ ਵਿੱਚ ਦੱਸਿਆ ਹੈ ਕਿ ਜਿਸ ਅੱਲਾਹ ਨੇ ਪਵਿੱਤਰ ਪੁਸਤਕ "ਜਬੂਰ" ਦਾ, ਪਵਿੱਤਰ ਪੁਸਤਕ ਤੌਰੇਤ ਅਤੇ ਪਵਿੱਤਰ ਪੁਸਤਕ ਇੰਜੀਲ ਦਾ ਗਿਆਨ ਦਿੱਤਾ ਹੈ। ਉਸ ਨੇ ਹਜ਼ਰਤ ਮੁਹੰਮਦ ਜੀ ਨੂੰ ਵੀ ਦੱਸਿਆ (ਜੋ ਪਵਿੱਤਰ ਪੁਸਤਕ ਕੁਰਾਨ ਦੀ ਸੂਰ: ਕਾਫ਼-18, ਆਇਤ 60-82 ਵਿੱਚ ਦਰਜ ਹੈ) ਕਿ ਮੈਂ ਮੂਸਾ ਨੂੰ ਉਹ ਗਿਆਨ ਜਾਣਨ ਲਈ ਇੱਕ ਸ਼ਖਸ ਦੇ ਕੋ.ਲ ਭੇਜਿਆ ਜੋ ਗਿਆਨ ਮੂਸਾ ਨੂੰ ਨਹੀਂ ਸੀ। ਉਸ ਗਿਆਨ ਦੇ ਸਾਹਮਣੇ ਮੂਸਾ ਨੂੰ ਪ੍ਰਾਪਤ ਗਿਆਨ (ਪੁਸਤਕ ਤੌਰੇਤ) ਕੁੱਝ ਵੀ ਅਹਿਮੀਅਤ ਨਹੀਂ ਰੱਖਦਾ।

ਮੂਸਾ ਜੀ ਉਸ ਗਿਆਨ ਨੂੰ ਪ੍ਰਾਪਤ ਕੀਤੇ ਬਿਨਾਂ ਹੀ ਖਾਲੀ ਮੁੜ ਆਇਆ ਸੀ। ਇਸ ਪ੍ਰਕਰਣ ਤੋਂ ਕਈ ਗੱਲਾਂ ਨਿੱਕਲ ਕੇ ਸਾਹਮਣੇ ਆਉਂਦੀਆਂ ਹਨ:-

ਨੰ 1. :- ਉਹ ਗਿਆਨ ਤੌਰੇਤ ਪੁਸਤਕ ਵਿੱਚ ਨਹੀਂ ਹੈ। ਜੇ ਹੁੰਦਾ, ਤਾਂ ਅਲ-ਖਿਜ਼੍ਰ ਕੋ.ਲ ਗਿਆਨ ਪ੍ਰਾਪਤੀ ਦੇ ਲਈ ਭੇਜਣ ਦੀ ਲੋੜ ਹੀ ਨਹੀਂ ਸੀ।

ਨੰ 2. :- ਪਵਿੱਤਰ ਜਬੂਰ, ਪਵਿੱਤਰ ਤੌਰੇਤ ਅਤੇ ਪਵਿੱਤਰ ਇੰਜੀਲ ਦਾ ਗਿਆਨ ਇਸੇ ਅੱਲਾਹ ਨੇ ਲੜੀ ਵਾਰ ਹਜ਼ਰਤ ਦਾਊਦ, ਹਜ਼ਰਤ ਮੂਸਾ ਅਤੇ ਹਜ਼ਰਤ ਈਸ਼ਾ ਨੂੰ ਇੱਕ-ਇੱਕ ਹੀ ਵਾਰ ਵਿੱਚ ਦਿੱਤਾ ਸੀ ਜਾਣੀ ਕੁਰਾਨ ਦੇ ਗਿਆਨ ਵਾਂਗ ਥੋੜ੍ਹਾ-ਥੋੜ੍ਹਾ ਕਰਕੇ ਨਹੀਂ ਉਤਾਰਿਆ ਸੀ।

ਹਜ਼ਰਤ ਮੂਸਾ ਜੀ ਤੌਰੇਤ ਦੇ ਗਿਆਨ ਦਾ ਪ੍ਰਚਾਰ ਕਰ ਰਹੇ ਸਨ। ਉਸੇ ਗਿਆਨ ਦਾ ਸਤਿਸੰਗ ਕਰ ਰਹੇ ਸਨ। ਸਤਿਸੰਗ ਦੌਰਾਨ ਕਿਸੇ ਸਤਸੰਗੀ ਨੇ ਪੁੱਛਿਆ ਸੀ, ਕਿ ਹੇ ਮੂਸਾ! ਵਰਤਮਾਨ ਵਿੱਚ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਵਿਦਵਾਨ ਕੌਣ ਹੈ? ਮੂਸਾ ਨੇ ਖ਼ੁਦ ਨੂੰ ਦੁਨੀਆ ਦਾ ਸਭ ਤੋਂ ਵਿਦਵਾਨ ਦੱਸਿਆ ਸੀ। ਜਿਸ ਨਾਲ ਮੂਸਾ ਜੀ ਦੇ ਅੱਲਾਹ ਜੀ ਨੇ ਕਿਹਾ ਸੀ ਕਿ ਤੇਰਾ ਗਿਆਨ ਅਲ-ਖਿਜ਼੍ਰ ਦੇ ਗਿਆਨ ਦੇ ਸਾਹਮਣੇ ਕੁੱਝ ਵੀ ਮਾਇਨੇ ਨਹੀਂ ਰੱਖਦਾ। ਇਸ ਤੋਂ ਸਿੱਧ ਹੋਇਆ ਕਿ ਤੌਰੇਤ ਦਾ ਗਿਆਨ ਅਧੂਰਾ ਹੈ।

ਨੰ. 3 :- ਜੇਕਰ ਜਬੂਰ ਪੁਸਤਕ ਵਿੱਚ ਸੰਪੂਰਣ ਗਿਆਨ ਹੁੰਦਾ, ਤਾਂ ਅੱਲਾਹ ਕਹਿ ਦਿੰਦਾ ਕਿ ਜ਼ਬੂਰ ਵਾਲਾ ਗਿਆਨ ਤੇਰੇ ਗਿਆਨ ਤੋਂ ਉੱਤਮ ਹੈ। ਉਹ ਉਸ ਅਧਿਆਇ ਵਿੱਚ ਦਰਜ ਹੈ। ਪ੍ਰੰਤੂ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਤੋਂ ਸਿੱਧ ਹੋਇਆ ਕਿ ਜ਼ਬੂਰ ਦਾ ਗਿਆਨ ਵੀ ਅਲ-ਖਿਜ਼੍ਰ (ਅਲ-ਕਬੀਰ) ਦੇ ਗਿਆਨ ਦੇ ਬਰਾਬਰ ਨਹੀਂ ਹੈ।

ਨੰ. 4 :- ਜੇਕਰ ਇੰਜੀਲ ਵਿੱਚ ਸੰਪੂਰਣ ਗਿਆਨ ਹੁੰਦਾ ਤਾਂ ਹਜ਼ਰਤ ਮੁਹੰਮਦ ਨੂੰ ਅੱਲਾਹ ਕਹਿ ਦਿੰਦਾ ਕਿ ਅਲ-ਖਿਜ਼੍ਰ ਵਾਲਾ ਗਿਆਨ ਮਰਿਯਮ ਦੇ ਪੁੱਤਰ ਈਸਾ ਨੂੰ "ਇੰਜਿਲ" ਵਿੱਚ ਦੇ ਰੱਖਿਆ ਹੈ। ਪ੍ਰੰਤੂ ਇਸ ਦਾ ਵੀ ਕਿਤੇ ਪ੍ਰਮਾਣ ਨਹੀਂ ਹੈ। ਇਸ ਤੋਂ ਸਿੱਧ ਹੋਇਆ ਕਿ ਪਵਿੱਤਰ ਪੁਸਤਕ "ਇੰਜਿਲ" ਵਿੱਚ ਵੀ ਅਲ-ਖਿਜ਼੍ਰ (ਅਲ-ਕਬੀਰ) ਵਾਲਾ ਗਿਆਨ ਨਹੀਂ ਹੈ।

ਵਿਸ਼ੇਸ਼:- ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਪੂਰਣ ਅਧਿਆਤਮਿਕ ਗਿਆਨ ਪਵਿੱਤਰ ਬਾਈਬਲ ਵਿੱਚ ਨਹੀਂ ਹੈ। {ਪਵਿੱਤਰ ਬਾਈਬਲ ਵਿੱਚ ਸਿਰਫ਼ ਤਿੰਨ ਪੁਸਤਕਾਂ ਹੀ ਇਕੱਠੀਆਂ ਜ਼ਿਲਦ ਕੀਤੀਆਂ ਗਈਆਂ ਹਨ:-

1. ਜ਼ਬੂਰ, 2. ਤੌਰੇਤ, 3. ਇੰਜੀਲ। ਇਹਨਾਂ ਤਿੰਨਾਂ ਦੇ ਜੋੜ ਨੂੰ ਬਾਈਬਲ

ਨਾਮ ਨਾ.ਲ ਜਾਣਿਆ ਜਾਂਦਾ ਹੈ।}

## ਕੁਰਾਨ ਸ਼ਰੀਫ਼ (ਮਜ਼ੀਦ) ਵਿੱਚ ਵੀ ਸੰਪੂਰਣ ਅਧਿਆਤਮਿਕ ਗਿਆਨ ਨਹੀਂ ਹੈ:-

ਪ੍ਰਮਾਣ:- ਸੁਰਤ ਫੁਰਕਾਨ 25 ਆਇਤ ਨੰ. 52-59 ਵਿੱਚ ਪਵਿੱਤਰ ਕੁਰ-ਾਨ ਮਜ਼ੀਦ (ਸ਼ਰੀ.ਫ) ਦਾ ਗਿਆਨ ਦੇਣ ਵਾਲੇ ਅੱਲਾਹ ਨੇ ਆਪਣੇ ਭੇਜੇ ਨਬੀ ਮੁਹੰਮਦ (ਅਲੈਹੀ ਵਸੱਲਮ) ਨੂੰ ਇਨ੍ਹਾਂ ਆਇਤਾਂ ਵਿੱਚ ਦੱਸਿਆ ਹੈ ਕਿ ਕਬੀਰ ਨਾਮਕ ਅੱਲਾਹ ਅਰਥਾਤ ਅੱਲਾਹ ਅੱਕਬਰ (ਕਾਦਰ) ਸਮਰੱਥ ਪ੍ਰਮੇਸ਼ਵਰ ਹੈ। ਇਸ ਗੱਲ ਤੇ ਕਾ.ਫਰ ਈਮਾਨ (ਵਿਸ਼ਵਾਸ) ਨਹੀਂ ਕਰਦੇ। ਤੁਸੀ ਉਨ੍ਹਾਂ ਦੀਆਂ ਗੱਲਾਂ ਨਾ ਮੰਨਣਾ।

ਮੇਰੇ ਵੱਲੋਂ ਦਿੱਤੀ ਗਈਆਂ ਕੁਰਾਨ ਦੀਆਂ ਦਲੀਲਾਂ ਨਾਲ ਉਸ ਕਬੀਰ ਅੱਲਾਹ ਦੇ ਲਈ ਸੰਘਰਸ਼ ਕਰੋ।ਉਸੇ ਨੇ ਆਦਮੀ ਉਤਪੰਨ ਕੀਤੇ। ਉਸੇ ਨੇ ਮਨੁੱਖ ਨੂੰ ਸਹੁਰੇ, ਧੀ, ਨੂੰਹ ਆਦਿ ਦਿੱਤੇ। ਉਸ ਨੇ ਦੋ ਖਾਰੇ ਅਤੇ ਮਿੱਠੇ ਪਾਣੀ ਦੇ ਦਰਿਆ ਬਹਾਏ। ਉਹਨਾਂ ਦੇ ਵਿੱਚ ਮਜ਼ਬੂਤ ਰੋਕ ਲਗਾਈ। ਅਸੀਂ ਤੈਨੂੰ (ਹਜ਼ਰਤ ਮੁਹੰਮਦ) ਸਿਰਫ਼ ਉਹਨਾਂ ਨੂੰ ਸਮਝਾਉਣ ਅਤੇ ਅਜਾਬ ਤੋਂ ਬਚਾਉਣ ਲਈ ਭੇਜਿਆ ਹੈ। ਉਹਨਾਂ ਨੂੰ ਕਹਿ ਦਿਉ ਕਿ ਮੈਂ ਤੁਹਾਡੇ ਕੋ.ਲੋਂ ਕੋਈ ਪੈਸਾ ਨਹੀਂ ਲੈਂਦਾ। ਕਿਤੇ ਇਹ ਸਮਝਣ ਕਿ ਮੈਂ ਲਾਲਚ ਦੇ ਲਈ ਅਜਿਹਾ ਕਰ ਰਿਹਾ ਹਾਂ। ਅਤੇ ਹੇ ਪੈਗੰਬਰ ! ਉਹ ਕਬੀਰ ਅੱਲਾਹ ਆਪਣੇ ਬੰਦਿਆਂ ਦੇ ਪਾਪਾਂ ਨੂੰ ਮਾਫ਼ ਕਰਨ ਵਾਲਾ ਬੜਾ ਰਹਿਮਾਨ (ਮਿਹਰਬਾਨ) ਹੈ।

ਆਇਤ ਨੰ. 59:- ਅਤੇ ਉਹ ਅੱਲਾਹੂ-ਅਕਬਰ ਉਹੀ ਹੈ ਜਿਸਨੇ ਛੇ ਦਿਨ ਵਿੱਚ ਸ੍ਰਿਸ਼ਟੀ ਦੀ ਉਤਪੱਤੀ ਕੀਤੀ ਅਤੇ ਫਿਰ ਤਖਤ (ਸਿੰਘਾਸਨ) ਤੇ ਜਾ ਬੈਠਿਆ। ਉਸਦੀ ਖ਼ਬਰ (ਪੂਰੀ ਜਾਣਕਾਰੀ) ਕਿਸੇ ਬਾਖ਼ਬਰ (ਤੱਤਵਗਿਆਨੀ) ਤੋਂ ਪੁੱਛੋ।

ਵਿਸ਼ੇਸ਼:- ਇਸ ਤੋਂ ਸਿੱਧ ਹੋਇਆ ਕਿ ਪਵਿੱਤਰ ਕੁਰਾਨ ਪੁਸਤਕ ਵਿੱਚ ਵੀ ਸੰਪੂਰਨ ਆਧਿਆਤਮਿਕ ਗਿਆਨ ਨਹੀਂ ਹੈ। ਪ੍ਰੰਤੂ ਲੇਖਕ ਦੇ ਕਹਿਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਉਪਰੋਕਤ ਸਾਰੇ ਸ਼ਾਸਤਰਾਂ (ਪਵਿੱਤਰ ਵੇਦਾਂ, ਪਵਿੱਤਰ ਸ੍ਰੀਮਦਭਗਵਤ ਗੀਤਾ, ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ) ਦਾ ਗਿਆਨ .ਗਲਤ ਹੈ। ਉਪਰੋਕਤ ਸ਼ਾਸਤਰਾਂ ਦਾ ਗਿਆਨ .ਗਲਤ ਨਹੀਂ ਹੈ, ਪ੍ਰੰਤੂ ਅਧੂਰਾ (incomplete) ਹੈ।

ਉਦਾਹਰਣ ਵਜੋਂ ਜਿਵੇਂ ਦਸਵੀਂ ਕਲਾਸ ਤੱਕ ਦਾ ਪਾਠਕ੍ਰਮ (syllabus) .ਗਲਤ ਨਹੀਂ ਹੈ। ਪ੍ਰੰਤੂ ਬੀ.ਏ., ਬੀ.ਐਸ.ਸੀ, ਪੀ.ਐਚ.ਡੀ., ਇੰਜੀਨੀਅਰਿੰਗ ਅਤੇ ਡਾਕਟਰੀ ਆਦਿ ਦੇ ਲਈ ਅੱਗੇ ਦੀ ਪੜ੍ਹਾਈ ਪੜ੍ਹਨੀ ਪੈਂਦੀ ਹੈ। ਉਹ ਸਿਲੇਬਸ ਦਸਵੀਂ ਤੋਂ ਅੱਗੇ ਦਾ ਹੁੰਦਾ ਹੈ ਜਿਸ ਤੋਂ ਪੜ੍ਹਾਈ ਕਰਨ ਦਾ ਉਦੇਸ਼ ਪੂਰਾ ਹੁੰਦਾ ਹੈ। ਉਹ ਸੰਪੂਰਨ ਆਧਿਆਤਮਿਕ ਗਿਆਨ ਅੱਲਾਹ ਕਬੀਰ ਖ਼ੁਦ ਹੀ ਧਰਤੀ ਤੇ ਪ੍ਰਗਟ ਹੋ ਕੇ ਦੱਸਦਾ ਹੈ। ਪਰਮੇਸ਼ਵਰ ਕਬੀਰ ਮਾਤਾ ਤੋਂ ਜਨਮ ਨਹੀ ਲੈਂਦਾ। ਉਹ ਉੱਪਰ ਸਤਲੋਕ ਵਾਲੇ ਆਪਣੇ ਸਿੰਘਾਸਣ (ਤ.ਖ਼ਤ) ਤੋਂ ਸਹਿ ਸਰੀਰ ਚੱਲ ਕੇ ਆਉਂਦਾ ਹੈ। ਜਿਵੇਂ ਬਾਈਬਲ ਗ੍ਰੰਥ ਵਿੱਚ ਵੀ ਪ੍ਰਮਾਣ ਹੈ ਕਿ ਸ੍ਰਿਸ਼ਟੀ ਕਰਤਾ ਪਰਮੇਸ਼ਵਰ ਦਾ ਨਿੱਜ ਨਿਵਾਸ ਉੱਪਰ ਦੇ ਲੋਕ ਵਿੱਚ ਹੈ ਜੋ ਸਭ ਤੋਂ ਉੱਪਰ ਅਸਮਾਨ ਵਿੱਚ ਹੈ। ਪਰਮੇਸ਼ਵਰ ਨੇ ਉੱਥੋਂ ਹੀ ਆ ਕੇ ਸ੍ਰਿਸ਼ਟੀ ਦੀ ਰਚਨਾ ਛੇ ਦਿਨ ਵਿੱਚ ਸੰਪੂਰਣ ਕੀਤੀ ਅਤੇ ਸੱਤਵੇਂ ਦਿਨ ਉੱਪਰ (ਤ.ਖ਼ਤ) ਸਿੰਘਾਸਣ ਤੇ ਜਾ ਬੈਠਿਆ। ਸੱਤਵੇ ਦਿਨ ਆਰਾਮ ਕੀਤਾ।


ਪਵਿੱਤਰ ਵੇਦਾਂ ਵਿੱਚ ਵੀ ਪ੍ਰਮਾਣ ਹੈ ਕਿ ਪਰਮੇਸ਼ਵਰ ਸਭ ਤੋਂ ਉੱਪਰ ਦੇ ਲੋਕ ਵਿੱਚ ਬੈਠਾ ਹੈ। ਉੱਥੋਂ ਸਹਿ ਸਰੀਰ ਚੱਲ ਕੇ ਧਰਤੀ ਤੇ ਆਉਂਦਾ ਹੈ। ਨੇਕ ਬੰਦਿਆਂ ਨੂੰ

ਜੋ ਪ੍ਰਮਾਤਮਾ ਦੀ ਖੋਜ ਵਿੱਚ ਲੱਗੇ ਰਹਿੰਦੇ ਹਨ, ਉਹਨਾਂ ਨੂੰ ਮਿਲਦਾ ਹੈ। ਕਿਸੇ ਸੰਤ ਜਾਂ ਜ਼ਿੰਦਾ ਬਾਬਾ ਦੇ ਰੂਪ ਵਿੱਚ ਸਾਧਕਾਂ ਦੇ ਆਹਮੋ-ਸਾਹਮਣੇ ਗੱਲ ਕਰਦਾ ਹੈ। ਉਸਨੂੰ ਧਰਤੀ ਤੇ ਪਛਾਣਨਾ ਔਖਾ ਹੁੰਦਾ ਹੈ। ਉਹ ਪੂਰਣ ਬ੍ਰਹਮ (ਕਾਦਰ ਅੱਲਾਹ ਕਬੀਰ) ਕੁਰਾਨ, ਬਾਈਬਲ, ਵੇਦ, ਗੀਤਾ ਆਦਿ ਦੇ ਗਿਆਨ ਦੇਣ ਵਾਲੇ ਦੀ ਤਰ੍ਹਾਂ ਗੁਪਤ ਰਹਿ ਕੇ ਕੰਮ ਨਹੀਂ ਕਰਦਾ। ਜੋ ਪਰਦੇ ਪਿੱਛੋਂ ਯਾਨੀ ਗੁਪਤ ਰਹਿ ਕੇ ਕੰਮ ਕਰਦਾ ਹੈ ਜਾਂ ਕਿਸੇ ਵਿੱਚ ਪ੍ਰਵੇਸ਼ ਕਰਕੇ ਗੱਲ ਕਰਦਾ ਹੈ। ਉਹ ਜੋਤੀ ਨਿਰੰਜਨ ਕਾਲ (ਸ਼ੈਤਾਨ) ਹੈ।

ਇਸਨੇ ਕਦੇ ਵੀ ਕਿਸੇ ਦੇ ਸਾਹਮਣੇ ਪ੍ਰਗਟ ਨਾ ਹੋਣ ਦੀ ਪ੍ਰਤਿੱਗਿਆ ਕੀਤੀ ਹੋਈ ਹੈ। ਪੂਰਣ ਬ੍ਰਹਮ ਭੇਸ ਬਦਲ ਕੇ ਪ੍ਰਗਟ ਹੋ ਕੇ ਗਿਆਨ ਦਿੰਦਾ ਹੈ। ਆਪਣੀ ਜਾਣ-ਪਛਾਣ ਦੱਸਣ ਦੇ ਲਈ ਉਹਨਾਂ ਨੂੰ ਉੱਪਰ ਵਾਲੇ ਲੋਕ ਵਿੱਚ ਲੈ ਜਾ ਕੇ ਵਾਪਸ ਧਰਤੀ ਉੱਤੇ ਸਰੀਰ ਵਿੱਚ ਛੱਡਦਾ ਹੈ। ਫਿਰ ਉਹ ਚਸ਼ਮਦੀਦ ਗਵਾਹ (eye witness) ਅੱਖੀਂ ਵੇਖਿਆ ਵਰਨਣ ਉਸ ਕਾਦਰ ਅੱਲਾਹ ਕਬੀਰ ਦਾ ਕਰਦੇ ਹਨ। ਉਸ ਤੋਂ ਪ੍ਰਾਪਤ ਗਿਆਨ ਦਾ ਪ੍ਰਚਾਰ ਕਰਦੇ ਹਨ ਜਿਸ ਵਿੱਚ ਸੰਦੇਹ ਦੀ ਕੋਈ ਥਾਂ ਨਹੀਂ ਰਹਿੰਦੀ।

ਹੁਣ ਵੇਦ ਮੰਤਰਾਂ ਵਿੱਚ ਪੜ੍ਹੋ ਕਿ ਅੱਲਾਹ ਧਰਤੀ ਤੇ ਆਉਂਦਾ ਹੈ। ਸੱਚਾ ਗਿਆਨ ਭਗਤਾਂ ਨੂੰ ਦੱਸਦਾ ਹੈ। ਸਾਧਨਾ ਦੇ ਸੱਚੇ ਨਾਮਾਂ ਦਾ ਗਿਆਨ ਵੀ ਦੱਸਦਾ ਹੈ:-

ਦੇਖੋ ਫੋਟੋਕਾਪੀ ਰਿਗਵੇਦ ਮੰਡਲ ਨੰ. 9 ਸੁਕਤ 54 ਮੰਤਰ 3 ਦੀ:-



अयं विश्वानि तिष्ठति पुनानो भुवनोपरि ।
सोमो देवो न सूर्यः ॥३॥

पदार्थः—( सूर्यः, न ) सूर्य के समान जगत्प्रेरक ( अयम् ) यह परमात्मा ( सोमः, देवः ) सौम्य स्वभाव वाला और जगत्प्रकाशक है और ( विश्वानि, पुनानः ) सब लोकों को पवित्र करता हुआ ( भुवनोपरि, तिष्ठति ) सम्पूर्ण ब्रह्माण्डों के ऊर्ध्व भाग में भी वर्तमान है ॥३॥

ਵਿਵੇਚਨ :- ਰਿਗਵੇਦ ਮੰਡਲ 9 ਸੁਕਤ 54 ਮੰਤਰ 3 ਦੀ ਫੋਟੋਕਾਪੀ ਵਿੱਚ ਤੁਸੀਂ ਦੇਖੋ, ਇਸਦਾ ਅਨੁਵਾਦ ਆਰੀਆ ਸਮਾਜ ਦੇ ਵਿਦਵਾਨਾਂ ਨੇ ਕੀਤਾ ਹੈ। ਉਨ੍ਹਾਂ ਦੇ ਅਨੁਵਾਦ ਵਿਚ ਵੀ ਸਪੱਸ਼ਟ ਹੈ ਕਿ ਉਹ ਪਰਮਾਤਮਾ (ਭੂਵਨੋਪਰਿ) ਸੰਪੂਰਣ ਬ੍ਰਹਿਮੰਡਾਂ ਦੇ ਉਧਰਵ ਅਰਥਾਤ ਉੱਪਰ (ਤੀਸ਼ਠਤਿ) ਵਿਰਾਜਮਾਨ (ਉਪਰ ਬੈਠਾ) ਹੈ।

ਇਸ ਦਾ ਯਥਾਰਥ ਅਨੁਵਾਦ ਇਸ ਪ੍ਰਕਾਰ ਹੈ :-

(ਅਯੰ) ਏਹ (ਸੋਮ: ਦੇਵ) ਅਮਰ ਪਰਮੇਸ਼ਵਰ (ਸੂਰਯ:) ਸੂਰਜ (ਨ) ਦੇ ਸਮਾਨ (ਵਿਸ਼ਵਾਨੀ) ਸਭ ਨੂੰ (ਪੁਨਾਨ:) ਪਵਿੱਤਰ ਕਰਦਾ ਹੋਇਆ (ਭੁਵਨੋਪਰਿ) ਸਾਰੇ ਬ੍ਰਹਿਮੰਡਾਂ ਦੇ ਉਧਰਵ ਅਰਥਾਤ ਉੱਪਰ (ਤਿਸ਼ਠਤਿ) ਬੈਠਾ ਹੈ।

ਭਾਵਅਰਥ:- ਜਿਵੇਂ ਸੂਰਜ ਉੱਪਰ ਹੈ ਅਤੇ ਆਪਣੇ ਪ੍ਰਕਾਸ਼ ਅਤੇ ਤਾਪ ਨਾਲ ਸਾਰਿਆਂ ਨੂੰ ਲਾਭ ਦੇ ਰਿਹਾ ਹੈ। ਇਸ ਪ੍ਰਕਾਰ ਇਹ ਅਮਰ ਪਰਮੇਸ਼ਵਰ ਜਿਸਦਾ ਵੇਦਾਂ ਦੇ ਮੰਤਰਾਂ ਵਿੱਚ ਵਰਣਨ ਕੀਤਾ ਹੈ। ਸਾਰੇ ਬ੍ਰਹਿਮੰਡਾਂ ਦੇ ਉੱਪਰ ਬੈਠ ਕੇ ਆਪਣੀ ਨਿਰਾਕਾਰ ਸ਼ਕਤੀ ਨਾਲ ਸਾਰੇ ਪ੍ਰਾਣੀਆਂ ਨੂੰ ਲਾਭ ਦੇ ਰਿਹਾ ਹੈ ਅਤੇ ਸਾਰੇ ਬ੍ਰਹਿਮੰਡਾਂ

ਦਾ ਸੰਚਾਲਨ ਕਰ ਰਿਹਾ ਹੈ।

- ਅੱਗੇ ਵੇਦਾਂ ਵਿੱਚ ਪ੍ਰਮਾਣ ਹੈ ਕਿ ਪਰਮੇਸ਼ਵਰ ਉੱਪਰ ਦੇ ਲੋਕਾਂ ਤੋਂ ਚੱਲ ਕੇ ਆਉਂਦਾ ਹੈ। ਚੰਗੀਆਂ ਆਤਮਾਵਾਂ ਨੂੰ ਮਿਲਦਾ ਹੈ। ਉਨ੍ਹਾਂ ਨੂੰ ਸੰਪੂਰਨ ਅਧਿਆਤਮਿਕ ਗਿਆਨ ਆਪਣੇ ਮੁੱਖ ਕਮਲ ਤੋਂ ਬਾਣੀ ਬੋਲ ਕੇ ਦੱਸਦਾ ਹੈ। ਭਗਤੀ ਕਰਨ ਦੀ ਪ੍ਰੇਰਨਾ ਕਰਦਾ ਹੈ। ਸਾਧਨਾ ਦੇ ਅਸਲੀ ਮੰਤਰਾਂ ਦੀ ਕਾਢ ਕੱਢਦਾ ਹੈ। ਧਰਤੀ ਤੇ ਕਵੀ ਵਾਂਗ ਆਚਰਣ ਕਰਦਾ ਹੋਇਆ ਘੁੰਮ ਕੇ ਥਾਂ ਥਾਂ ਤੇ ਜਾਂਦਾ ਹੈ। ਜੋ ਭਗਤੀ ਤੇ ਲੱਗੇ ਨੇਕ ਬੰਦੇ ਹੁੰਦੇ ਹਨ, ਉਨ੍ਹਾਂ ਨੂੰ ਯਥਾਰਥ ਭਗਤੀ ਮਾਰਗ ਦੱਸਦਾ ਹੈ।

ਹੁਣ ਦੇਖੋ ਵੇਦਾਂ ਦੀ ਫੋਟੋ ਕਾਪੀਆਂ ਅਤੇ ਲੇਖ ਦੁਆਰਾ ਕੀਤਾ ਗਿਆ ਵਿਵੇਚਨ –

## (ਦੇਖੋ ਫੋਟੋ ਕਾਪੀ ਵੇਦ ਮੰਤਰਾਂ ਦੀ)

### (ਪ੍ਰਮਾਣ ਰਿਗਵੇਦ ਮੰਡਲ ਨੰਬਰ 9 ਸੁਕਤ 86 ਮੰਤਰ 26–27)

इन्दुः पुनानो अतिं गाहते मृधो विश्वानि कृण्वन्त्सुपथानि यज्यवे ।
गाः कृण्वानो निर्णिजं हर्यतः कविरत्यो न क्रीळन्परि वारमर्षति ॥२६॥

पदार्थः—(यज्यवे) यज्ञ करने वाले यजमानों के लिये परमात्मा (विश्वानि सुपथानि) सब रास्तों को (कृण्वन्) सुगम करता हुआ (मृधः) उनके विघ्नों को (अतिगाहते) मर्दन करता है। और (पुनानः) उनको पवित्र करता हुआ और (निर्णिजं) अपने रूप को (गाः कृण्वानः) सरल करता हुआ (हर्यतः) वह कान्तिमय परमात्मा (कविः) सर्वज्ञ (अत्यो न) विद्युत् के समान (क्रीळन्) क्रीड़ा करता हुआ (वारं) वरणीय पुरुष को (पर्यर्षति) प्राप्त होता है ॥२६॥

ਵਿਆਖਿਆ:– ਇਹ ਫੋਟੋਕਾਪੀ ਰਿਗਵੇਦ ਮੰਡਲ 9, ਸੁਕਤ 86, ਮੰਤਰ 26 ਦੀ ਹੈ ਜੋ ਆਰੀਆ ਸਮਾਜ ਦੇ ਅਚਾਰਿਆਂ ਅਤੇ ਮਹਾਂਰਿਸ਼ੀ ਦਯਾਨੰਦ ਦੇ ਚੇਲਿਆਂ ਵੱਲੋਂ ਅਨੁਵਾਦ ਕੀਤਾ ਗਿਆ ਹੈ ਜਿਸ ਵਿੱਚ ਸਪੱਸ਼ਟ ਹੈ ਕਿ ਯੱਗ ਕਰਨ ਵਾਲੇ ਯਾਣੀ ਧਾਰਮਿਕ ਅਨੁਸ਼ਠਾਨ ਕਰਨ ਵਾਲੇ ਯਜਮਾਨਾਂ ਅਰਥਾਤ ਭਗਤਾਂ ਦੇ ਲਈ ਪਰਮਾਤਮਾ, ਸਾਰੇ ਰਸਤਿਆਂ ਨੂੰ ਸੁਗਮ ਕਰਦਾ ਹੋਇਆ ਅਰਥਾਤ ਜੀਵਨ ਰੂਪੀ ਸਫ਼ਰ ਦੇ ਮਾਰਗ ਨੂੰ ਦੁੱਖਾਂ ਰਹਿਤ ਕਰਕੇ ਆਸਾਨ ਬਣਾਉਂਦਾ ਹੋਇਆ। ਉਨ੍ਹਾਂ ਦੇ ਦੁੱਖਾਂ ਅਤੇ ਕਸ਼ਟਾਂ ਨੂੰ ਖ਼ਤਮ ਕਰਦਾ ਹੈ। ਭਗਤਾਂ ਨੂੰ ਪਵਿੱਤਰ ਅਰਥਾਤ ਪਾਪ ਰਹਿਤ, ਵਿਕਾਰ ਰਹਿਤ ਕਰਦਾ ਹੈ। ਜਿਵੇਂ ਕਿ ਅਗਲੇ ਮੰਤਰ 27 ਵਿੱਚ ਕਿਹਾ ਹੈ ਕਿ "ਜੋ ਪਰਮਾਤਮਾ ਧੁਲੋਕ ਭਾਵ ਸਤਲੋਕ ਦੇ ਤੀਜੇ ਪ੍ਰਿਸ਼ਠ 'ਤੇ ਵਿਰਾਜਮਾਨ ਹੈ, ਉੱਥੇ ਪਰਮਾਤਮਾ ਦੇ ਸਰੀਰ ਦੀ ਰੌਸ਼ਨੀ ਬਹੁਤ ਜ਼ਿਆਦਾ ਹੈ।" ਉਦਾਹਰਣ ਦੇ ਲਈ ਪਰਮਾਤਮਾ ਦੇ ਇੱਕ ਰੋਮ (ਸਰੀਰ ਦੇ ਬਾਲ) ਦਾ ਪ੍ਰਕਾਸ਼ ਕਰੋੜ ਸੂਰਜ ਅਤੇ ਇੰਨੇ ਹੀ ਚੰਦਰਮਾ ਦੇ ਮਿਲੇ–ਜੁਲੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ। ਜੇ ਉਹ ਪਰਮਾਤਮਾ ਉਸੇ ਪ੍ਰਕਾਸ਼ ਵਾਲੇ ਸਰੀਰ ਨਾਲ ਧਰਤੀ 'ਤੇ ਪ੍ਰਗਟ ਹੋ ਜਾਵੇ ਤਾਂ ਸਾਡੀ ਚਰਮ ਦ੍ਰਿਸ਼ਟੀ ਉਨ੍ਹਾਂ ਨੂੰ ਨਹੀਂ ਦੇਖ ਸਕਦੀ। ਜਿਵੇਂ ਉੱਲੂ ਪੰਛੀ ਦਿਨ ਵਿੱਚ ਸੂਰਜ ਦੇ ਪ੍ਰਕਾਸ਼ ਦੇ ਕਾਰਣ ਕੁੱਝ ਵੀ ਨਹੀਂ ਦੇਖ ਪਾਉਂਦਾ। ਇਹੀ ਹਾਲਤ ਮਨੁੱਖਾਂ ਦੀ ਹੋ ਜਾਵੇ। ਇਸ ਲਈ ਉਹ ਪਰਮਾਤਮਾ ਆਪਣੇ ਰੂਪ ਅਰਥਾਤ ਸਰੀਰ ਦੇ ਪ੍ਰਕਾਸ਼ ਨੂੰ ਸਰਲ ਕਰਦਾ ਹੋਇਆ ਉਸ ਸਥਾਨ ਤੋਂ (ਜਿੱਥੇ ਪਰਮਾਤਮਾ ਉੱਪਰ ਰਹਿੰਦਾ ਹੈ) ਗਤੀ ਕਰਕੇ ਬਿਜਲੀ ਦੀ ਤਰ੍ਹਾਂ ਖੇਡ ਅਰਥਾਤ ਲੀਲਾ ਕਰਦਾ

ਹੋਇਆ ਮਤਲਬ ਬਿਜਲੀ ਜਿੰਨੀ ਗਤੀ ਨਾਲ ਤੇਜੀ ਨਾਲ ਚੱਲ ਕੇ ਆਉਂਦਾ ਹੈ, ਮਹਾਨ ਪੁਰਖਾਂ ਨੂੰ ਮਿਲਦਾ ਹੈ। ਇਹ ਵੀ ਸਪੱਸ਼ਟ ਹੈ ਕਿ ਆਪ ਕਵੀ ਅਰਥਾਤ ਕਵੀਰਦੇਵ ਹੋ। ਅਸੀਂ ਉਨ੍ਹਾਂ ਨੂੰ ਕਬੀਰ ਸਾਹਿਬ ਕਹਿੰਦੇ ਹਾਂ। ਮੁਸਲਮਾਨ ਉਨ੍ਹਾਂ ਨੂੰ ਅੱਲਾਹੂ ਅਕਬਰ ਕਹਿੰਦੇ ਹਨ।

असश्चतः शतधारा अभिश्रियो हरिं नवन्तेऽव ता उदन्युवः ।
क्षिपो मृजन्ति परि गोभिरावृतं तृतीये पृष्ठे अधि रोचने दिवः ॥२७॥

पदार्थः—( उदन्युवः ) प्रेम की ( ताः ) वे ( शतधाराः ) सैंकड़ों धाराए ( असश्चतः ) जो नानारूपों में ( अभिश्रियः ) स्थिति को लाभ कर रही हैं । वे ( हरिं ) परमात्मा को ( अवनवन्ते ) प्राप्त होती हैं । ( गोभिरावृतं ) प्रकाशपुञ्ज परमात्मा को ( क्षिपः ) बुद्धिवृत्तियां ( मृजन्ति ) विषय करती हैं । जो परमात्मा ( दिवस्तृतीये पृष्ठे ) द्युलोक के तीसरे पृष्ठ पर विराजमान है और ( रोचने ) प्रकाशस्वरूप है उसको बुद्धिवृत्तियाँ प्रकाशित करती हैं ॥२७॥

ਵਿਵੇਚਨ:- ਇਹ ਫੋਟੋਕਾਪੀ ਰਿੱਗਵੇਦ ਮੰਡਲ 9, ਸੁਕਤ 86 ਦੇ ਮੰਤਰ 27 ਦੀ ਹੈ। ਇਸ ਵਿੱਚ ਸਪੱਸ਼ਟ ਹੈ ਕਿ "ਪਰਮਾਤਮਾ ਧੁਲੋਕ ਅਰਥਾਤ ਅਮਰ ਲੋਕ ਦੇ ਤੀਜੇ ਪ੍ਰਸ਼ਠ ਅਰਥਾਤ ਭਾਗ 'ਤੇ ਵਿਰਾਜਮਾਨ ਹੈ। ਸਤਲੋਕ ਅਰਥਾਤ ਸ਼ਾਸ਼ਵਤ ਸਥਾਨ ਦੇ ਤਿੰਨ ਭਾਗ ਹਨ। ਇੱਕ ਭਾਗ ਵਿੱਚ ਬਾਗ-ਪਹਾੜ-ਝਰਨੇ, ਬਾਗ਼-ਬਗੀਚੇ ਆਦਿ ਹਨ। ਇਹ ਬਾਹਰੀ ਭਾਗ ਹੈ। (ਜਿਵੇਂ ਭਾਰਤ ਦੀ ਰਾਜਧਾਨੀ ਦਿੱਲੀ ਵੀ ਤਿੰਨ ਭਾਗਾਂ 'ਚ ਵੰਡੀ ਹੋਈ ਹੈ। ਬਾਹਰੀ ਦਿੱਲੀ ਜਿਸ ਵਿੱਚ ਪਿੰਡ ਖੇਤ-ਖਲਿਹਾਨ ਅਤੇ ਨਹਿਰਾਂ ਹਨ, ਦੂਸਰਾ ਬਜ਼ਾਰ ਬਣਿਆ ਹੋਇਆ ਹੈ। ਤੀਸਰਾ ਸੰਸਦ ਭਵਨ ਅਤੇ ਦਫਤਰ ਹਨ।)

ਇਸਤੋਂ ਬਾਅਦ ਧੂਲੋਕ ਵਿੱਚ ਬਸਤੀਆਂ ਹਨ। ਪਰਿਵਾਰ ਸਮੇਤ ਮੁਕਤੀ ਪ੍ਰਾਪਤ ਹੰਸ ਆਤਮਾਵਾਂ ਰਹਿੰਦੀਆਂ ਹਨ। (ਧਰਤੀ 'ਤੇ ਜਿਵੇਂ ਭਗਤ ਨੂੰ ਭਗਤ ਆਤਮਾ ਕਹਿੰਦੇ ਹਨ, ਇਸੇ ਪ੍ਰਕਾਰ ਸਤਲੋਕ ਵਿੱਚ ਰਹਿਣ ਵਾਲੇ ਹੰਸਆਤਮਾ ਕਹਾਉਂਦੇ ਹਨ।) (3)ਸਭ ਤੋਂ ਉੱਪਰ ਤੀਸਰੇ ਭਾਗ ਵਿੱਚ ਪਰਮਾਤਮਾ ਦਾ ਸਿੰਘਾਸਣ ਹੈ। ਉਸਦੇ ਆਲੇ-ਦੁਆਲੇ ਸਿਰਫ਼ ਨਰ ਆਤਮਾਵਾਂ ਰਹਿੰਦੀਆਂ ਹਨ,ਉੱਥੇ ਮਰਦ ਅਤੇ ਔਰਤ ਦਾ ਜੋੜਾ ਨਹੀਂ ਹੈ। ਜੇ ਉਹ ਆਪਣਾ ਪਰਿਵਾਰ ਚਾਹੁੰਦੇ ਹਨ, ਤਾਂ ਉਹ ਸ਼ਬਦ (ਵਚਨ) ਨਾਲ ਸਿਰਫ ਪੁੱਤਰ ਪੈਦਾ ਕਰਦੇ ਹਨ।ਇਸ ਤਰ੍ਹਾਂ ਸ਼ਾਸ਼ਵਤ ਸਥਾਨ ਭਾਵ ਸਤਲੋਕ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਉੱਥੇ ਭਾਵ ਸਤਲੋਕ ਵਿੱਚ ਹਰ ਥਾਂ ਰਹਿਣ ਵਾਲੇ ਲੋਕਾਂ ਵਿੱਚ ਬੁਢਾਪਾ ਨਹੀਂ ਹੈ, ਉੱਥੇ ਮੌਤ ਨਹੀਂ ਹੈ। ਇਸ ਲਈ ਗੀਤਾ ਦੇ ਅਧਿਆਇ 7 ਸ਼ਲੋਕ 29 ਵਿੱਚ ਕਿਹਾ ਗਿਆ ਹੈ ਕਿ ਜੋ ਜ਼ਰਾ ਭਾਵ ਬੁਢਾਪੇ ਅਤੇ ਮਰਣ ਅਰਥਾਤ ਮੌਤ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਤੱਤ ਬ੍ਰਹਮ ਅਰਥਾਤ ਪਰਮ ਅਕਸ਼ਰ ਬ੍ਰਹਮ ਨੂੰ ਜਾਣਦੇ ਹਨ। ਉਨ੍ਹਾਂ ਨੂੰ ਇਹ ਵੀ ਗਿਆਨ ਹੁੰਦਾ ਹੈ ਕਿ ਸਤਲੋਕ ਵਿੱਚ ਸਤਪੁਰਸ਼ ਰਹਿੰਦਾ ਹੈ, ਉੱਥੇ ਜ਼ਰਾ-ਮਰਣ ਨਹੀਂ ਹੈ, ਬੱਚੇ ਵੱਡੇ ਹੋ ਕੇ ਹਮੇਸ਼ਾ ਜਵਾਨ ਰਹਿੰਦੇ ਹਨ।

(ਪ੍ਰਮਾਣ ਰਿਗਵੇਦ ਮੰਡਲ ਨੰ: 9 ਸੁਕਤ 82 ਮੰਤਰ 1-2)

असावि सोमो अरुषो वृषा हरी राजेव दस्मो अभि गा अचिक्रदत् ।
पुनानो वारं पर्येत्यव्ययं श्येनो न योनिं घृतवन्तमासदम् ॥१॥

पदार्थः—(सोमः) जो सर्वोत्पादक प्रभु (अरुषः) प्रकाशस्वरूप (वृषा) सद्गुणों की वृष्टि करने वाला (हरिः) पापों के हरण करने वाला है, वह (राजेव) राजा के समान (दस्मः) दर्शनीय है। और वह (गाः) पृथिव्यादि लोक-लोकान्तरों के चारों ओर (अभि अचिक्रदत्) शब्दायमान हो रहा है। वह (वारं) वरणीय पुरुष को जो (अव्ययं) दृढ़भक्त है उसको (पुनानः) पवित्र करता हुआ (पर्येति) प्राप्त होता है। (न) जिस प्रकार (श्येनः) विद्युत् (घृतवन्तं) स्नेहवाले (आसदं) स्थानों को (योनिं) आधार बनाकर प्राप्त होता है। इसी प्रकार उक्त गुण वाले परमात्मा ने (असावि) इस ब्रह्माण्ड को उत्पन्न किया ॥१॥

कविर्वेधस्या पर्येषि माहिनमत्यो न मृष्टो अभि वाजमर्षसि ।
अपसेधन्दुरिता सोम मृळय घृतं वसानः परि यासि निर्णिजम् ॥२॥

पदार्थः—हे परमात्मन्! (वेधस्या) उपदेश करने की इच्छा से आप (माहिनं) महापुरुषों को (पर्येषि) प्राप्त होते हो। और आप (अत्यः) अत्यन्त गतिशील पदार्थ के (न) समान (अभिवाजं) हमारे आध्यात्मिक यज्ञ को (अभ्यर्षसि) प्राप्त होते हैं। आप (कविः) सर्वज्ञ हैं (मृष्टः) शुद्ध स्वरूप हैं (दुरिता) हमारे पापों को (अपसेधन्) दूर करके (सोम) हे सोम! (मृळय) आप हमको सुख दें। और (घृतं वसानः) प्रेम-भाव को उत्पन्न करते हुए (निर्णिजं) पवित्रता को (परियासि) उत्पन्न करें ॥२॥

ਵਿਵੇਚਨ:- ਉਪਰੋਕਤ ਰਿਗਵੇਦ ਮੰਡਲ 9 ਸੁਕਤ 82 ਮੰਤਰ 1-2 ਦੀ ਫੋਟੋ ਕਾਪੀਆਂ ਹਨ , ਇਹ ਅਨੁਵਾਦ ਮਹਾਂਰਿਸ਼ੀ ਦਯਾਨੰਦ ਜੀ ਦੇ ਦਿਸ਼ਾ-ਨਿਰਦੇਸ਼ ਨਾਲ ਉਨ੍ਹਾਂ ਦੇ ਚੇਲਿਆਂ ਦੁਆਰਾ ਕੀਤਾ ਗਿਆ ਹੈ ਅਤੇ ਸਾਰਵਦੇਸ਼ਿਕ ਆਰਿਆ ਪ੍ਰਤੀਨਿਧੀ ਸਭਾ ਦਿੱਲੀ ਤੋਂ ਪ੍ਰਕਾਸ਼ਿਤ ਹੈ।

ਇਸ ਵਿੱਚ ਸਪੱਸ਼ਟ ਹੈ ਕਿ:- ਮੰਤਰ 1 ਵਿੱਚ ਕਿਹਾ ਹੈ "ਸਰਵ ਦੀ ਉਤਪੱਤੀ ਕਰਨ ਵਾਲਾ ਪ੍ਰਭੂ ਤੇਜੋਮਯ ਸਰੀਰ ਯੁਕਤ ਹੈ, ਪਾਪਾਂ ਨੂੰ ਨਾਸ਼ ਕਰਨ ਵਾਲਾ ਅਤੇ ਸੁੱਖਾਂ ਦੀ ਵਰਖਾ ਕਰਨ ਵਾਲਾ ਅਰਥਾਤ ਸੁੱਖਾਂ ਦੀ ਝੜੀ ਲਗਾਉਣ ਵਾਲਾ ਹੈ, ਉਹ ਉੱਪਰ ਸਤਲੋਕ ਵਿੱਚ ਸਿੰਘਾਸਨ (ਤਖ਼ਤ) ਉੱਪਰ ਬੈਠਾ ਹੈ ਜੋ ਦੇਖਣ ਵਿੱਚ ਰਾਜੇ ਵਰਗਾ ਹੈ।

ਇਹੀ ਪ੍ਰਮਾਣ ਸੂਖਮਵੇਦ (ਕਲਾਮੇ ਕਬੀਰ) ਵਿੱਚ ਹੈ ਕਿ:-

ਅਰਸ਼ ਕੁਰਸ਼ ਪਰ ਸਫ਼ੇਦ ਗੁਮਟ ਹੈ, ਜਹਾਂ ਪਰਮੇਸ਼ਵਰ ਕਾ ਡੇਰਾ।
ਸ਼ਵੇਤ ਛਤ੍ਰ ਸਿਰ ਮੁਕੁਟ ਵਿਰਾਜੇ, ਦੇਖਤ ਨ ਉਸ ਚੇਹਰੇ ਨੂੰ॥

ਇਹੀ ਪ੍ਰਮਾਣ ਬਾਈਬਲ ਗ੍ਰੰਥ ਅਤੇ ਕੁਰਾਨ ਸ਼ਰੀਫ ਵਿੱਚ ਹੈ ਕਿ ਪ੍ਰਮਾਤਮਾ ਨੇ ਛੇ ਦਿਨ ਵਿੱਚ ਸ੍ਰਿਸ਼ਟੀ ਰਚੀ ਅਤੇ ਸੱਤਵੇਂ ਦਿਨ ਉੱਪਰ ਅਕਾਸ਼ ਵਿੱਚ ਤਖ਼ਤ ਅਰ-ਥਾਤ ਸਿੰਘਾਸਣ ਤੇ ਜਾ ਬਿਰਾਜਿਆ। (ਬਾਈਬਲ ਦੇ ਉਤਪੱਤੀ ਗ੍ਰੰਥ 2/26- 30 ਅਤੇ ਕੁਰਾਨ ਸ਼ਰੀਫ ਦੀ ਸੁਰਤ ਫੁਰਕਾਨੀ -25 ਆਇਤ 52 ਤੋਂ 59 ਵਿੱਚ ਹੈ।)

ਉਹ ਪ੍ਰਮਾਤਮਾ ਆਪਣੇ ਅਮਰ ਧਾਮ ਤੋਂ ਚੱਲ ਕੇ ਧਰਤੀ ਉੱਤੇ ਸ਼ਬਦ ਬਾਣੀ ਨਾਲ ਗਿਆਨ ਸੁਣਾਉਂਦਾ ਹੈ। ਉਹ ਵਰਨਣੀਯ ਅਰਥਾਤ ਸਤਿਕਾਰਯੋਗ ਸ੍ਰੇਸ਼ਠ ਵਿਅਕਤੀਆਂ ਨੂੰ ਪ੍ਰਾਪਤ ਹੁੰਦਾ ਹੈ, ਉਹਨਾਂ ਨੂੰ ਮਿਲਦਾ ਹੈ। {ਜਿਵੇਂ 1. ਸੰਤ ਧਰਮਦਾਸ ਜੀ ਬਾਂਧਵਗੜ੍ਹ ( ਮੱਧ ਪ੍ਰਦੇਸ਼ ਵਾਲੇ ਨੂੰ ਮਿਲੇ) 2. ਸੰਤ ਮਲੂਕ ਦਾਸ ਜੀ ਨੂੰ ਮਿਲੇ 3. ਸੰਤ ਦਾਦੂ ਦਾਸ ਜੀ ਨੂੰ ਆਮੇਰ (ਰਾਜਸਥਾਨ) ਵਿੱਚ ਮਿਲੇ 4. ਸੰਤ ਨਾਨਕ ਦੇਵ ਜੀ ਨੂੰ ਮਿਲੇ 5. ਸੰਤ ਗਰੀਬ ਦਾਸ ਜੀ ਪਿੰਡ ਛੁਡਾਣੀ ਜ਼ਿਲਾ ਝੱਜਰ ਹਰਿਆਣਾ ਵਾਲੇ ਨੂੰ ਮਿਲੇ 6. ਸੰਤ ਘੀਸਾ ਦਾਸ ਜੀ ਪਿੰਡ ਖੇਖੜਾ ਜ਼ਿਲ੍ਹਾ ਬਾਗਪਤ (ਉੱਤਰ ਪ੍ਰਦੇਸ਼) ਵਾਲੇ ਨੂੰ ਮਿਲੇ 7. ਸੰਤ ਜੰਭੇਸ਼ਵਰ ਜੀ (ਬਿਸ਼ਨੋਈ ਧਰਮ ਦੇ ਪ੍ਰਵਰਤਕ) ਨੂੰ ਪਿੰਡ ਸਮਰਾਥਲ ਰਾਜਸਥਾਨ ਵਾਲੇ ਨੂੰ ਮਿਲੇ ਅਤੇ ਹਜ਼ਰਤ ਮੁਹੰਮਦ ਨੂੰ ਮਿਲੇ। ਇਸ ਤਰ੍ਹਾਂ ਉਹ ਕਾਦਰ ਪ੍ਰਭੂ ਅਨੇਕਾਂ ਚੰਗੀਆਂ ਆਤਮਾਵਾਂ ਨੂੰ ਮਿਲੇ ਹਨ।}

ਉਹ ਪ੍ਰਮਾਤਮਾ ਚੰਗੀਆਂ ਆਤਮਾਵਾਂ ਨੂੰ ਮਿਲਦੇ ਹਨ। ਜੋ ਪ੍ਰਮਾਤਮਾ ਦੇ ਪੱਕੇ ਭਗਤ ਹੁੰਦੇ ਹਨ, ਉਹਨਾਂ ਵੱਲ ਪਰਮਾਤਮਾ ਦੀ ਵਿਸ਼ੇਸ਼ ਖਿੱਚ ਹੁੰਦੀ ਹੈ। ਉਦਾਹਰਣ ਵੀ ਦੱਸਿਆ ਹੈ ਕਿ ਜਿਵੇਂ ਵਿੱਦਯੁਤ ਅਰਥਾਤ ਆਕਾਸ਼ੀ ਬਿਜਲੀ ਸਨੇਹ ਵਾਲ਼ੇ ਥਾਂਵਾਂ ਨੂੰ ਆਧਾਰ ਬਣਾ ਕੇ ਡਿੱਗਦੀ ਹੈ। ਜਿਵੇਂ ਕਾਂਸੀ ਧਾਤੂ ਉੱਤੇ ਬਿਜਲੀ ਡਿੱਗਦੀ ਹੈ, ਪਹਿਲੇ ਕਾਂਸੀ ਧਾਤੂ ਦੇ ਕਟੋਰੇ, ਗਿਲਾਸ - ਥਾਲੀ, ਪਰਾਤ ਆਦਿ-ਆਦਿ ਹੁੰਦੇ ਸਨ। ਵਰਖਾ ਦੇ ਸਮੇਂ ਤੁਰੰਤ ਚੁੱਕ ਕੇ ਘਰ ਦੇ ਅੰਦਰ ਰੱਖਿਆ ਕਰਦੇ ਸਨ। ਬਜ਼ੁਰਗ ਕਹਿੰਦੇ ਸਨ ਕਿ ਆਮ ਤੌਰ ਤੇ ਕਾਂਸੀ ਦੇ ਬਰਤਨ ਉੱਤੇ ਬਿਜਲੀ ਡਿੱਗਦੀ ਹੈ, ਇਸੇ ਤਰ੍ਹਾਂ ਪਰਮਾਤਮਾ ਆਪਣੇ ਪਿਆਰੇ ਭਗਤਾਂ ਤੇ ਆਕਰਸ਼ਿਤ ਹੋ ਕੇ ਉਹਨਾਂ ਨੂੰ ਮਿਲਦੇ ਹਨ।

ਰਿਗਵੇਦ ਮੰਡਲ 9 ਸੁਕਤ 82 ਦੇ ਮੰਤਰ ਨੰ. 2 ਵਿੱਚ ਤਾਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਉਹਨਾਂ ਚੰਗੀ ਆਤਮਾਵਾਂ ਨੂੰ ਉਪਦੇਸ਼ ਕਰਨ ਦੀ ਇੱਛਾ ਨਾਲ ਖ਼ੁਦ ਮਹਾਂਪੁਰਸ਼ਾਂ ਨੂੰ ਮਿਲਦੇ ਹਨ। ਉਪਦੇਸ਼ ਦਾ ਭਾਵਅਰਥ ਹੈ ਕਿ ਪ੍ਰਮਾਤਮਾ ਤੱਤਵਗਿਆਨ ਦੱਸ ਕੇ ਉਹਨਾਂ ਨੂੰ ਉਪਦੇਸ਼ ਵੀ ਦਿੰਦੇ ਹਨ। ਉਹਨਾਂ ਦੇ ਸਤਿਗੁਰੂ ਵੀ ਖ਼ੁਦ ਪਰਮਾਤਮਾ ਹੁੰਦੇ ਹਨ। ਇਹ ਵੀ ਸਪੱਸ਼ਟ ਕੀਤਾ ਹੈ ਕਿ ਪ੍ਰਮਾਤਮਾ ਬਹੁਤ ਹੀ ਗਤੀਸ਼ੀਲ ਪਦਾਰਥ ਅਰਥਾਤ ਬਿਜਲੀ ਦੀ ਤਰ੍ਹਾਂ ਤੇਜ਼ ਗਤੀ ਵਾਲ਼ਾ ਹੋ ਕੇ ਸਾਡੇ ਧਾਰਮਿਕ ਅਨੁਸ਼ਠਾਨਾਂ ਵਿੱਚ ਆਪ ਪਹੁੰਚਦੇ ਹਨ। ਸੰਤ ਧਰਮਦਾਸ ਨੂੰ ਪ੍ਰਮਾਤਮਾ ਨੇ ਇਹੀ ਕਿਹਾ ਸੀ ਕਿ ਮੈਂ ਉੱਥੇ ਜ਼ਰੂਰ ਜਾਂਦਾ ਹਾਂ ਜਿੱਥੇ ਧਾਰਮਿਕ ਅਨੁਸ਼ਠਾਨ ਹੁੰਦੇ ਹਨ ਕਿਉਂਕਿ ਮੇਰੀ ਗੈਰਹਾਜ਼ਰੀ ਵਿੱਚ ਕਾਲ ਕੁੱਝ ਵੀ ਉਤਪਾਤ ਕਰਵਾ ਦਿੰਦਾ ਹੈ। ਜਿਸ ਕਾਰਣ ਸਾਧਕਾਂ ਦੀ ਆਸਥਾ ਪਰਮਾਤਮਾ ਤੋਂ ਟੁੱਟ ਜਾਂਦੀ ਹੈ। ਮੇਰੇ ਰਹਿੰਦੇ ਉਹ ਅਜਿਹੀ ਗੜਬੜ ਨਹੀਂ ਕਰ ਸਕਦਾ। ਇਸਲਈ ਗੀਤਾ ਅਧਿਆਇ 3 ਸ਼ਲੋਕ 15 ਵਿੱਚ ਕਿਹਾ ਹੈ ਕਿ ਉਹ ਅਵਿਨਾਸ਼ੀ ਪਰਮਾਤਮਾ ਜਿਸਨੇ ਬ੍ਰਹਮਾ ਨੂੰ ਵੀ ਉਤਪੰਨ ਕੀਤਾ, ਸਦਾ ਹੀ ਯੱਗਾਂ ਵਿੱਚ ਪ੍ਰਤਿਸ਼ਠਿਤ ਹੈ ਅਰਥਾਤ ਧਾਰਮਿਕ ਅਨੁਸ਼ਠਾਨਾਂ ਵਿੱਚ ਉਸੇ ਨੂੰ ਇਸ਼ਟ ਮੰਨ ਕੇ ਆਰਤੀ ਉਸਤਤਿ ਕਰਨੀ ਚਾਹੀਦੀ ਹੈ।

ਇਸੇ ਰਿਗਵੇਦ ਮੰਡਲ 9 ਸੁਕਤ 82 ਮੰਤਰ 2 ਵਿੱਚ ਇਹ ਵੀ ਸਪੱਸ਼ਟ ਕੀਤਾ

ਹੈ ਕਿ ਤੁਸੀਂ (ਕਵਿਰਵੇਧਸਜ) ਕਵਿਰਦੇਵ ਹੈ ਜੋ ਸਾਰਿਆਂ ਨੂੰ ਉਪਦੇਸ਼ ਦੇਣ ਦੀ ਇੱਛਾ ਨਾਲ ਆਉਂਦੇ ਹੋ, ਆਪ ਪਵਿੱਤਰ ਪਰਮਾਤਮਾ ਹਨ। ਸਾਡੇ ਪਾਪਾਂ ਤੋਂ ਛੁਟਕਾਰਾ ਦਵਾ ਕੇ ਅਰਥਾਤ ਨਾਸ਼ ਕਰਕੇ ਹੇ ਅਮਰ ਪਰਮਾਤਮਾ ! ਤੁਸੀਂ ਸਾਨੂੰ ਸੁੱਖ ਦਿਓ ਅਤੇ (ਧੁਤਮ ਵਸਾਨਹ ਨਿਰਨਿਜਮ੍ ਪਰਿਯਾਸਿ) ਅਸੀਂ ਤੁਹਾਡੇ ਬੱਚੇ ਹਾਂ। ਸਾਡੇ ਲਈ ਉਹ ਵਾਤਸਲਯ ਵਾਲਾ ਪ੍ਰੇਮ ਭਾਵ ਪੈਦਾ ਕਰਦੇ ਹੋਏ ਉਸ ਹੀ (ਨਿਰਨਿਜਮ) ਸੁੰਦਰ ਰੂਪ ਨੂੰ (ਪਰਿਯਾਸਿ) ਧਾਰਣ ਕਰੋ ਅਰਥਾਤ ਸਾਨੂੰ ਆਪਣੇ ਬੱਚੇ ਜਾਣ ਕੇ ਜਿਵੇਂ ਪਹਿਲਾਂ ਅਤੇ ਜਦੋਂ ਚਾਹੋਂ ਓਦੋਂ ਤੁਸੀਂ ਆਪਣੀ ਪਿਆਰੀਆਂ ਆਤਮਾਵਾਂ ਨੂੰ ਪ੍ਰਗਟ ਹੋ ਕੇ ਮਿਲਦੇ ਹੋ, ਉਸੇ ਤਰ੍ਹਾਂ ਸਾਨੂੰ ਵੀ ਦਰਸ਼ਨ ਦਿਓ।

ਹੁਣ ਰਿਗਵੇਦ ਮੰਡਲ 9 ਸੂਕਤ 96 ਮੰਤਰ 17 ਦਾ ਅਨੁਵਾਦ:-

ਅਨੁਵਾਦ:- (ਸ਼ਿਸ਼ੁਮ ਜਗਿਆਨਮ ਹਰਯੰਤਮ) ਪਰਮੇਸ਼ਵਰ ਜਾਣ-ਬੁੱਝ ਕੇ ਮਤਲਬ ਸਥਿਤੀ ਨੂੰ ਸਮਝ ਕੇ ਤੱਤਵਗਿਆਨ ਦੱਸਣ ਦੇ ਉਦੇਸ਼ ਨਾਲ ਬਾਲ ਰੂਪ ਵਿੱਚ ਪ੍ਰਗਟ ਹੁੰਦਾ ਹੈ, ਆਪ ਦੇ ਗਿਆਨ ਨੂੰ ਸੁਣ ਕੇ (ਮਰੂਤੋ ਗਣੇਨ) ਭਗਤਾਂ ਦਾ ਬਹੁਤ ਵੱਡਾ ਸਮੂਹ ਉਸ ਪਰਮਾਤਮਾ ਦਾ ਅਨੁਯਾਈ ਬਣ ਜਾਂਦਾ ਹੈ।

(ਮਰਜੰਤਿ ਸ਼ੁਮਯੰਤਿ ਵਹਿਨ) ਆਪ ਦਾ ਡੂੰਘਾ ਗਿਆਨ ਬੁੱਧੀਮਾਨ ਲੋਕਾਂ ਨੂੰ ਸਮਝ ਆਉਂਦਾ ਹੈ। ਉਹ ਉਸ ਪਰਮੇਸ਼ਵਰ ਦੀ ਭਗਤੀ-ਸਾਧਨਾ ਤੱਤਵ ਗਿਆਨ ਦੇ ਅਧਾਰ ਤੇ ਕਰਦੇ ਹਨ, ਉਹ ਭਗਤੀ (ਵਹਿਨ) ਜਲਦੀ ਲਾਭ ਦੇਣ ਵਾਲੀ ਹੁੰਦੀ ਹੈ ਅਤੇ ਪਰਮਾਤਮਾ ਆਪਣੇ ਤੱਤਵ ਗਿਆਨ ਨੂੰ (ਕਾਵਯੇਨਾ) ਕਵਿਤਵ ਨਾਲ ਅਰਥਾਤ ਕਵੀਆਂ ਦੀ ਤਰ੍ਹਾਂ ਦੋਹਿਆਂ, ਸ਼ਬਦਾਂ, ਲਕੋਕਤੀਆਂ, ਚੌਪਾਈਆਂ ਰਾਹੀਂ (ਕਵਿਰ ਗਿਰਭਿਹ) ਕਵਿਰ ਬਾਣੀ ਦੁਆਰਾ ਅਰਥਾਤ ਕਬੀਰ ਬਾਣੀ ਦੁਆਰਾ (ਪਵਿੱਤਰਮ ਅਤਿਰੇਭਨ) ਸ਼ੁੱਧ ਗਿਆਨ ਨੂੰ ਉੱਚੀ ਅਵਾਜ਼ ਵਿੱਚ ਗਰਜ-ਗਰਜ ਕੇ ਬੋਲਦਾ ਹੈ। ਉਹ (ਕਵਿਹ) ਕਵੀ ਦੀ ਤਰ੍ਹਾਂ ਰਹਿਣ ਵਾਲਾ ਕਵੀਰਦੇਵ, (ਸੰਤ) ਸੰਤ ਜਾਂ ਰਿਸ਼ੀ ਰੂਪ ਵਿੱਚ ਪ੍ਰਗਟ (ਸੋਮ) ਅਮਰ ਪਰਮਾਤਮਾ ਹੁੰਦਾ ਹੈ। (ਰਿਗਵੇਦ ਮੰਡਲ 9 ਸੂਕਤ 96 ਮੰਤਰ 17)

ਵਿਵੇਚਨ :- ਰਿਗਵੇਦ ਮੰਡਲ 9 ਸੂਕਤ 96 ਮੰਤਰ 18:-

ਅਨੁਵਾਦ:- ਮੰਤਰ 17 ਵਿੱਚ ਕਿਹਾ ਹੈ ਕਿ ਰਿਸ਼ੀ ਜਾਂ ਸੰਤ ਰੂਪ ਵਿੱਚ ਪ੍ਰਗਟ ਹੋ ਕੇ ਪਰਮਾਤਮਾ ਅੰਮ੍ਰਿਤਬਾਣੀ ਆਪਣੇ ਮੁੱਖ ਕਮਲ ਤੋਂ ਬੋਲਦਾ ਹੈ ਅਤੇ ਉਸ ਗਿਆਨ ਨੂੰ ਸਮਝ ਕੇ ਅਨੇਕਾਂ ਅਨੁਯਾਈਆਂ ਦਾ ਸਮੂਹ ਬਣ ਜਾਂਦਾ ਹੈ। (ਯ) ਜੋ ਬਾਣੀ ਪਰਮ-ਾਤਮਾ ਤੱਤਵ ਗਿਆਨ ਦੀ ਸੁਣਾਉਂਦਾ ਹੈ। ਉਹ (ਰਿਸ਼ੀਕ੍ਰਿਤ) ਰਿਸ਼ੀ ਰੂਪ ਵਿੱਚ ਪ੍ਰਗਟ ਪਰਮਾਤਮਾ ਕ੍ਰਿਤ (ਸਹੰਸ੍ਰਣੀਥਹ) ਹਜ਼ਾਰਾਂ ਬਾਣੀਆਂ ਅਰਥਾਤ ਕਬੀਰ ਬਾਣੀਆਂ (ਰਿਸ਼ੀਮਨਾ) ਰਿਸ਼ੀ ਸੁਭਾਅ ਵਾਲੇ ਭਗਤਾਂ ਦੇ ਲਈ (ਸਵਰਸ਼ਾਹ) ਅਨੰਦਮਈ ਹੁੰ-ਦੀਆਂ ਹਨ। (ਕਵਿਨਾਮ ਪਦਵੀਹ) ਕਵਿਤਵ ਨਾ.ਲ ਦੋਹਿਆਂ, ਚੌਪਾਈਆਂ ਵਿੱਚ ਬਾਣੀ ਬੋਲਣ ਦੇ ਕਾਰਣ ਉਹ ਪਰਮਾਤਮਾ ਕਵੀਆਂ ਵਿੱਚੋਂ ਇੱਕ ਪ੍ਰਸਿੱਧ ਕਵੀ ਦੀ ਪਦਵੀ ਵੀ ਪ੍ਰਾਪਤ ਕਰਦਾ ਹੈ। ਉਹ (ਸੋਮ) ਅਮਰ ਪਰਮਾਤਮਾ (ਸਿਸ਼ਾਸਨ) ਸਭ ਦੀ ਪਾਲਣ ਦੀ ਇੱਛਾ ਕਰਦਾ ਹੋਇਆ ਪਹਿਲੀ ਸਥਿਤੀ ਵਿੱਚ (ਮਹਿਸ਼ਹ) ਵੱਡੀ ਧਰਤੀ ਅਰਥਾਤ ਉੱਪਰ ਦੇ ਲੋਕਾਂ ਵਿੱਚ (ਤ੍ਰੀਯਮ ਧਾਮ) ਤੀਸਰੇ ਧਾਮ ਅਰਥਾਤ ਸਤਲੋਕ ਦੇ ਤੀਸਰੇ ਭਾਗ ਤੇ (ਅਨੁਰਾਜਤਿ) ਤੇਜੋਮਯ ਸਰੀਰ ਯੁਕਤ (ਸਤੁਪ) ਗੁਬੰਦ ਵਿੱਚ (ਵਿਰਾਜਮ) ਵਿਰਾਜਮਾਨ ਹੈ, ਉੱਥੇ ਬੈਠਾ ਹੈ। ਇਹੀ ਪ੍ਰਮਾਣ ਰਿਗਵੇਦ ਮੰਡਲ 9 ਸੂਕਤ 54 ਮੰਤਰ

3 ਵਿੱਚ ਹੈ ਕਿ ਪਰਮਾਤਮਾ ਸਾਰੇ ਲੋਕਾਂ ਤੋਂ ਉੱਪਰ ਦੇ ਲੋਕ ਵਿੱਚ (ਤਿਸ਼ਠਤਿ) ਬੈਠਾ (ਵਿਰਾਜਮਾਨ) ਹੈ।

ਵਿਵੇਚਨ :- ਰਿਗਵੇਦ ਮੰਡਲ 9 ਸੁਕਤ 96 ਮੰਤਰ 19 ਤੋਂ ਕਿਤਾਬ ਦੇ ਵਿਸਥਾਰ ਦੇ ਕਾਰਣ ਸਿਰਫ਼ ਆਪਣੇ ਮਤਲਬ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ ।

चमूषच्छ्येनः शकुनो विभृत्वा गोविन्दुर्द्रप्स आयुधानि बिभ्रत् ।
अपामूर्मिं सचमानः समुद्रं तुरीयं धाम महिषो विवक्ति ॥१९॥

पदार्थः—( अपामूर्मिम् ) प्रकृति की सूक्ष्म से सूक्ष्म शक्तियों के साथ ( सचमानः ) जो संगत है और ( समुद्रम् ) "सम्यक् द्रवन्ति भूतानि यस्मात् स समुद्रः" जिससे सब भूतों की उत्पत्ति, स्थिति और प्रलय होता है। वह ( तुरीयम् ) चौथा ( धाम ) परमपद परमात्मा है। उसको ( महिषः ) मह्यते इति महिषः महिष इति महन्नामसु पठितम् नि० ३—१३। महापुरुष उक्त तुरीय परमात्मा का ( विवक्ति ) वर्णन करता है। वह परमात्मा ( चमूसत् ) जो प्रत्येक बल में स्थित है ( श्येनः ) सर्वोपरि प्रशंसनीय है और ( शकुनः ) सर्वशक्तिमान् है। ( गोविन्दुः ) यजमानों को तृप्त करके जो ( द्रप्सः ) शीघ्रगति वाला है ( आयुधानि, बिभ्रत् ) अनन्त शक्तियों को धारण करता हुआ इस सम्पूर्ण संसार का उत्पादक है ॥१९॥

ਇਹ ਫੋਟੋਕਾਪੀ ਰਿਗਵੇਦ ਮੰਡਲ 9 ਸੁਕਤ 96 ਮੰਤਰ 19 ਦੀ ਹੈ। ਇਸਦਾ ਅਨੁਵਾਦ ਮਹਾਂਰਿਸ਼ੀ ਦਯਾਨੰਦ ਦੇ ਚੇਲੇ ਆਰੀਆ ਸਮਾਜੀਆਂ ਨੇ ਕੀਤਾ ਹੈ ਜਿਸ ਵਿੱਚ "ਤੁਰੀਯਮ" ਦਾ ਅਰਥ ਚੌਥਾ ਕੀਤਾ ਹੈ ਅਤੇ "ਧਾਮ" ਦਾ ਅਰਥ ਪਰਮਪਦ ਪਰਮਾਤਮਾ ਕੀਤਾ ਹੈ। ਫਿਰ ਅਨੁਵਾਦ ਕਰਤਾ ਨੇ ਸਪੱਸ਼ਟ ਕੀਤਾ ਹੈ ਕਿ ਤੁਰੀਯਮ ਪਰਮਾਤਮਾ ਯਾਣੀ ਚੌਥੇ ਪ੍ਰਮਾਤਮਾ ਦਾ ਮਹਾਂਪੁਰਸ਼ ਵਰਣਨ ਕਰਦਾ ਹੈ।

ਵਿਚਾਰ ਕਰੋ :-ਤੁਰੀਯਮ ਦਾ ਮਤਲਬ ਚੌਥਾ ਠੀਕ ਹੈ, ਪ੍ਰੰਤੂ ਧਾਮ ਦਾ ਅਰਥ ਪਰਮਾਤਮਾ ਗ਼ਲਤ ਹੈ। ਧਾਮ ਦਾ ਅਰਥ ਸਥਾਨ ਹੈ। ਅਸਲ ਵਿੱਚ ਚੌਥੇ ਧਾਮ (ਅਨਾਮੀ ਲੋਕ) ਦੇ ਬਾਰੇ ਵਿੱਚ ਦੱਸਿਆ ਹੈ। ਉਸਨੂੰ ਉਦਾਹਰਣ ਵੱਜੋਂ ਸਮੁੰਦਰ ਦਾ ਨਾਮ ਦਿੱਤਾ ਹੈ। ਜਿਵੇਂ ਸਮੁੰਦਰ ਤੋਂ ਮੀਂਹ ਦਾ ਪਾਣੀ ਹੋਰ ਥਾਂਵਾਂ ਤੇ ਡਿੱਗਦਾ ਹੈ। ਉਸ ਸਾਰੇ ਪਾਣੀ ਦਾ ਉਤਪੱਤੀ ਸਥਾਨ ਸਮੁੰਦਰ ਹੈ। ਇਸੇ ਤਰ੍ਹਾਂ ਚੌਥੇ ਅਨਾਮੀ ਲੋਕ ਵਿੱਚ ਵਿਰਾਜਮਾਨ ਹੋ ਕੇ ਕਬੀਰ ਪਰਮੇਸ਼ਵਰ ਜੀ ਨੇ ਹੋਰ ਸਭ ਲੋਕਾਂ ਅਤੇ ਬ੍ਰਹਿਮੰਡਾਂ ਦੀ ਅਤੇ ਆਤਮਾਵਾਂ ਦੀ ਰਚਨਾ ਕੀਤੀ ਹੈ। ਇਸਲਈ ਸਮੁੰਦਰ ਸ਼ਬਦ ਵਰਤਿਆ ਗਿਆ ਹੈ। ਇਸ ਮੰਤਰ ਵਿੱਚ ਚੌਥੇ ਧਾਮ ਦਾ ਵਰਣਨ ਹੈ। ਤੁਸੀਂ ਸ੍ਰਿਸ਼ਟੀ ਰਚਨਾ ਵਿੱਚ ਪੜ੍ਹੋਗੇ, ਉਸ ਤੋਂ ਪੂਰੀ ਜਾਣਕਾਰੀ ਹੋਵੇਗੀ ਕਿ ਹੇਠਾਂ ਤੋਂ ਚੌਥਾ ਧਾਮ ਅਕਹ (ਅਨਾਮੀ) ਲੋਕ ਹੈ। ਜਿਸ ਧਾਮ ਵਿੱਚ ਵਿਰਾਜਮਾਨ ਹੋ ਕੇ ਪਰਮੇਸ਼ਵਰ ਨੇ ਹੇਠਾਂ ਦੇ ਸਾਰੇ ਧਾਮਾਂ (ਲੋਕਾਂ) ਦੀ ਉਤਪੱਤੀ ਕੀਤੀ ਸੀ। ਉਸਦਾ ਵਰਣਨ ਇਸ ਵੇਦ ਮੰਤਰ ਵਿੱਚ ਹੈ।

ਪਰਮਾਤਮਾ ਨੇ ਉੱਪਰ ਦੇ ਚਾਰ ਲੋਕ ਅਜਰ-ਅਮਰ ਰਚੇ ਹਨ । 1. ਅਨਾਮੀ ਲੋਕ ਜੋ ਸਭ ਤੋਂ ਉੱਪਰ ਹੈ 2. ਅਗਮ ਲੋਕ 3. ਅਲਖ ਲੋਕ 4. ਸਤਲੋਕ ।

ਅਸੀਂ ਧਰਤੀ ਲੋਕ ਤੇ ਹਾਂ, ਇੱਥੋਂ ਉੱਪਰ ਦੇ ਲੋਕਾਂ ਦੀ ਗਿਣਤੀ ਕਰਾਂਗੇ ਤਾਂ 1. ਸਤਲੋਕ 2. ਅਲਖ ਲੋਕ 3. ਅਗਮ ਲੋਕ ਅਤੇ ਚੌਥਾ ਅਨਾਮੀ ਲੋਕ ਉਸ ਧਾਮ ਵਿੱਚ ਬੈਠ ਕੇ ਪਰਮਾਤਮਾ ਨੇ ਸਾਰੇ ਬ੍ਰਹਿਮੰਡਾਂ ਦੀ ਰਚਨਾ ਕੀਤੀ। ਬਾਕੀ ਰਚਨਾ ਸਤਲੋਕ ਵਿੱਚ ਬੈਠ ਕੇ ਕੀਤੀ ਸੀ। ਇਹ (ਤੁਰਿਯਾ) ਚੌਥਾ ਧਾਮ ਹੈ। ਉਸ ਵਿੱਚ ਮੂਲ ਪਾਠ ਮੰਤਰ 19 ਦਾ ਅਰਥ ਹੈ ਕਿ ਤੱਤਵਦਰਸ਼ੀ ਸੰਤ ਚੌਥੇ ਧਾਮ ਅਤੇ ਚੌਥੇ ਪਰਮਾਤਮਾ ਦਾ (ਵਿਵਕਤਿ) ਅਲੱਗ-ਅਲੱਗ ਵਰਣਨ ਕਰਦਾ ਹੈ। ਪਾਠਕ ਜਨ ਕ੍ਰਿਪਾ ਕਰਕੇ ਪੜ੍ਹੋ ਸ੍ਰਿਸ਼ਟੀ ਰਚਨਾ ਇਸੇ ਪੁਸਤਕ ਦੇ ਪੰਨੇ 250 ਤੇ ਜਿਸ ਤੋਂ ਤੁਹਾਨੂੰ ਗਿਆਨ ਹੋਵੇਗਾ ਕਿ ਲੇਖਕ (ਸੰਤ ਰਾਮਪਾਲ ਦਾਸ) ਹੀ ਉਹ ਤੱਤਵਦਰਸ਼ੀ ਸੰਤ ਹੈ ਜੋ ਤੱਤਵਗਿਆਨ ਤੋਂ ਜਾਣੂ ਹੈ।

ਵਿਵੇਚਨ :- ਰਿਗਵੇਦ ਮੰਡਲ 9 ਸੁਕਤ 96 ਮੰਤਰ 20:-

ਮਰਯ ਨ ਸ਼ੁਭ੍ਰਹ ਤਨਵਾ ਮ੍ਰਜਾਨਹ ਅਤਜਹ ਨ ਸ੍ਰਤਵਾ ਸਨਯੇ ਧਨਾਨਾਮ੍ ।
ਵ੍ਰਸ਼ੇਵ ਯੂਥਾ ਪਰਿ ਕੋਸ਼ਮ ਅਰਸ਼ਨ ਕਨਿਕ੍ਰਦਤ ਚਮਵੋਹ ਆਵਿਵੇਸ਼॥ (9:96:20)

ਅਨੁਵਾਦ:- (ਮਰਯ) ਮਨੁੱਖ (ਨ) ਦੇ ਸਮਾਨ ਭਾਵ ਜਿਵੇਂ ਮਨੁੱਖ ਸੁੰਦਰ ਕੱਪੜੇ ਧਾਰਣ ਕਰਦਾ ਹੈ, ਇੰਝ ਹੀ ਪਰਮਾਤਮਾ (ਸ਼ੁਭ੍ਰਹ ਤਨਵ) ਸੁੰਦਰ ਸਰੀਰ (ਮਜਾਨਹ) ਧਾਰਣ ਕਰ ਕੇ (ਅਤਜਹ) ਅਤਿਅੰਤ (ਸ੍ਰਵਾ) ਗਤੀ ਨਾਲ ਚਲਦਾ ਹੋਇਆ (ਧਨਾਨਾਮ੍) ਭਗਤੀ ਧਨ ਦੇ ਧਨੀਆਂ ਅਰਥਾਤ ਪੁੰਨ ਆਤਮਾਵਾਂ ਨੂੰ (ਸਨਯੇ) ਪ੍ਰਾਪਤੀ ਲਈ ਆਉਂਦਾ ਹੈ (ਯੂਥਾ ਵ੍ਰਸ਼ੇਵ) ਜਿਵੇਂ ਕਿ ਇੱਕ ਸਮੂਹ ਨੂੰ ਉਸ ਦਾ ਕਮਾਂਡਰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ, ਉਹ ਪਰਮਾਤਮਾ ਸੰਤ ਅਤੇ ਰਿਸ਼ੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ, ਤਾਂ ਉਸ ਦੇ ਵੱਡੀ ਗਿਣਤੀ ਵਿੱਚ ਅਨੁਯਾਈ ਬਣ ਜਾਂਦੇ ਹਨ ਅਤੇ ਪਰਮਾਤਮਾ ਉਹਨਾਂ ਦਾ ਗੁਰੂ ਦੇ ਰੂਪ ਵਿੱਚ ਮੁਖੀ ਹੁੰਦਾ ਹੈ। ਉਹ ਪਰਮਾਤਮਾ (ਪਰਿ ਕੋਸ਼ਮ੍) ਪਹਿਲੇ ਬ੍ਰਹਿਮੰਡ (ਅਰਸ਼ਨ) ਵਿੱਚ ਪ੍ਰਾਪਤ ਹੋ ਕੇ ਭਾਵ ਆ ਕੇ (ਕਨਿਕ੍ਰਦਤ) ਉੱਚੀ ਆਵਾਜ਼ ਵਿੱਚ ਸੱਚਾ ਗਿਆਨ ਉਚਾਰਣ ਕਰਦਾ ਹੋਇਆ (ਚਮਵੌਂ) ਧਰਤੀ ਤੇ (ਅਵਿਵੇਸ਼) ਪ੍ਰਗਟ ਹੁੰਦਾ ਹੈ।

ਭਾਵਅਰਥ :- ਜਿਵੇਂ ਕਿ ਪਿਛਲੇ ਵੇਦ ਮੰਤਰਾਂ ਵਿੱਚ ਕਿਹਾ ਹੈ ਕਿ ਪਰਮਾਤਮਾ ਉੱਪਰ ਦੇ ਲੋਕਾਂ ਵਿੱਚ ਰਹਿੰਦਾ ਹੈ, ਉਥੋਂ ਇਹ ਗਤੀ ਕਰ ਕੇ ਧਰਤੀ ਤੇ ਆਉਂਦਾ ਹੈ ਆਪਣੇ ਰੂਪ ਨੂੰ ਭਾਵ ਸਰੀਰ ਦੇ ਤੇਜ ਨੂੰ ਸਰਲ ਕਰਕੇ ਆਉਂਦਾ ਹੈ। ਇਸ ਰਿਗਵੇਦ ਮੰਡਲ 9 ਸੁਕਤ 96 ਮੰਤਰ 20 ਵਿੱਚ ਉਸਦੀ ਪੁਸ਼ਟੀ ਕੀਤੀ ਹੈ। ਕਿਹਾ ਹੈ ਕਿ ਪਰਮਾਤਮਾ ਅਜਿਹੇ ਹੋਰ ਸਰੀਰ ਧਾਰਣ ਕਰਕੇ ਧਰਤੀ ਉੱਤੇ ਆਉਂਦਾ ਹੈ। ਜਿਸ ਤਰ੍ਹਾਂ ਮਨੁੱਖ ਕੱਪੜੇ ਪਹਿਨਦਾ ਹੈ ਅਤੇ (ਧਨਾਨਾਮ੍) ਭਗਤੀ ਦੇ ਧਨੀ ਦ੍ਰਿੜ ਭਗਤਾਂ (ਚੰਗੀਆਂ ਪੁੰਨਆਤਮਾਵਾਂ) ਨੂੰ ਪ੍ਰਾਪਤ ਹੁੰਦਾ ਹੈ। ਉਹਨਾਂ ਨੂੰ ਬਾਣੀ ਉਚਾਰਣ ਕਰਕੇ ਤੱਤਵ ਗਿਆਨ ਸੁਣਾਉਂਦਾ ਹੈ।

(ਪ੍ਰਮਾਣ ਰਿਗਵੇਦ ਮੰਡਲ ਨੰ 9 ਸੁਕਤ 95 ਮੰਤਰ 2)

हरिः सृजानः पथ्यांमृतस्येयर्ति वाचमरितेव नावम् ।
देवो देवानां गुह्यानि नामाविष्कृणोति बर्हिषि प्रवाचे ॥२॥

पदार्थः—( हरिः ) वह पूर्वोक्त परमात्मा ( सृजानः ) साक्षात्कार को प्राप्त हुआ ( ऋतस्य पथ्यां ) वाक् द्वारा मुक्ति मार्ग की ( इयर्ति ) प्रेरणा करता है । ( अरितेव नावम् ) जैसा कि नौका के पार लगाने के समय में नाविक प्रेरणा करता है और ( देवानां देवः ) सब देवों का देव ( गुह्यानि ) गुप्त ( नामाविष्कृणोति ) संज्ञाओं को प्रकट करता है ( बर्हिषि प्रवाचे ) वाणीरूप यज्ञ के लिए ॥२॥

ਰਿਗਵੇਦ ਮੰਡਲ 9 ਸੁਕਤ 95 ਮੰਤਰ 2 ਦਾ ਅਨੁਵਾਦ ਮਹਾਂਰਿਸ਼ੀ ਦਯ-ਾਨੰਦ ਦੇ ਚੇਲਿਆਂ ਨੇ ਕੀਤਾ ਹੈ ਜੋ ਬਹੁਤ ਠੀਕ ਕੀਤਾ ਹੈ। ਇਸ ਦਾ ਭਾਵਾਰਥ ਹੈ ਕਿ ਉਪਰੋਕਤ ਪਰਮਾਤਮਾ ਅਰਥਾਤ ਜਿਸ ਪਰਮਾਤਮਾ ਦੇ ਵਿਸ਼ੇ ਵਿਚ ਪਹਿਲੇ ਵਾਲੇ ਮੰਤਰਾਂ ਵਿੱਚ ਉੱਪਰ ਕਿਹਾ ਗਿਆ ਹੈ, ਉਹ (ਸ੍ਰਜਾਨਹ) ਆਪਣਾ ਸਰਲ ਸਰੀਰ ਧਾਰਣ ਕਰਕੇ (ਰਿਤਸਜ ਪਥਜਾਂ) ਸੱਚੀ ਭਗਤੀ ਦਾ ਮਾਰਗ ਭਾਵ ਸੱਚਾ ਅਧਿਆਤਮਿਕ ਗਿਆਨ ਆਪਣੀ ਅੰਮ੍ਰਿਤਮਈ ਬੋਲੀ ਅਰਥਾਤ ਬਾਣੀ ਦੁਆਰਾ ਮੁਕਤੀ ਮਾਰਗ ਦੀ ਪ੍ਰੇਰਣਾ ਕਰਦਾ ਹੈ {ਗੀਤਾ ਅਧਿਆਇ 4 ਸ਼ਲੋਕ 32 ਦਾ ਸਮ-ਰਥਨ ਇਸ ਵੇਦ ਮੰਤਰ ਵਿੱਚ ਹੈ।}

ਉਹ ਮੰਤਰ ਇੰਝ ਹੈ ਜਿਵੇਂ (ਅਰਿਤੇਵ ਨਾਵਮ੍) ਮਲਾਹ ਬੇੜੀ ਵਿੱਚ ਬਿਠਾ ਕੇ ਪਾਰ ਕਰ ਦਿੰਦਾ ਹੈ, ਇਸੇ ਤਰ੍ਹਾਂ ਪਰਮਾਤਮਾ ਸੱਚੀ ਭਗਤੀ ਮਾਰਗ ਨਾਲ ਨਾਮ ਰੂਪੀ ਬੇੜੀ ਦੇ ਦੁਆਰਾ ਸਾਧਕ ਨੂੰ ਸੰਸਾਰ ਰੂਪੀ ਦਰਿਆ ਤੋਂ ਪਾਰ ਕਰਦਾ ਹੈ। ਉਹ (ਦੇਵਾਨਾਮ ਦੇਵਹ) ਸਭ ਦੇਵਾਂ ਦਾ ਦੇਵ ਅਰਥਾਤ ਸਭ ਪ੍ਰਭੂਆਂ ਦਾ ਪ੍ਰਭੂ ਯਾਣੀ ਪਰਮੇਸ਼ਵਰ (ਬਹਿਰਸ਼ਿ ਪ੍ਰਵਾਚੇ) ਬਾਣੀ ਰੂਪੀ ਗਿਆਨ ਯੱਗ ਦੇ ਲਈ (ਗੁਹਯਾਨਿ) ਗੁਪਤ (ਨਾਮਾ ਆਵਿਸ਼ਕ੍ਰਣੋਤਿ) ਨਾਮਾਂ ਦੀ ਕਾਢ ਕੱਢਦਾ ਹੈ ਅਰਥਾਤ ਜਿਵੇਂ ਗੀਤਾ ਅਧਿਆਇ 17 ਸ਼ਲੋਕ 23 ਵਿੱਚ "ਓਮ ਤੱਤ ਸੱਤ" ਵਿੱਚ ਤੱਤ ਅਤੇ ਸੱਤ ਇਹ ਗੁਪਤ ਮੰਤਰ ਹਨ ਜੋ ਉਹੀ ਪਰਮੇਸ਼ਵਰ ਨੇ ਮੈਨੂੰ (ਸੰਤ ਰਾਮਪਾਲ ਦਾਸ) ਨੂੰ ਦੱਸੇ ਹਨ। ਉਨ੍ਹਾਂ ਨਾਲ ਹੀ ਪੂਰਣ ਮੁਕਤੀ ਸੰਭਵ ਹੈ।

ਸੂਖ਼ਮ ਵੇਦ ਵਿੱਚ ਪਰਮੇਸ਼ਵਰ ਨੇ ਕਿਹਾ ਹੈ ਕਿ :-

"ਸੋਹੰ" ਸ਼ਬਦ ਹਮ ਜਗ ਮੇਂ ਲਾਏ, ਸਾਰਸ਼ਬਦ ਹਮ ਗੁਪਤ ਛਿਪਾਏ।

ਭਾਵਅਰਥ:-ਪਰਮੇਸ਼ਵਰ ਨੇ ਆਪ "ਸੋਹੰ " ਸ਼ਬਦ ਭਗਤੀ ਦੇ ਲਈ ਦੱਸਿਆ ਹੈ। ਇਹ ਸੋਹੰ ਮੰਤਰ ਕਿਸੇ ਵੀ ਪ੍ਰਾਚੀਨ ਗ੍ਰੰਥ (ਵੇਦ, ਗੀਤਾ, ਕੁਰਾਨ, ਪੁਰਾਣ ਅਤੇ ਬਾਈਬਲ) ਵਿੱਚ ਨਹੀਂ ਹੈ। ਫਿਰ ਸੂਖ਼ਮ ਵੇਦ ਵਿੱਚ ਕਿਹਾ ਹੈ ਕਿ:-

ਸੋਹੰ ਊਪਰ ਔਰ ਹੈ, ਸਤ੍ਯ ਸੁਕ੍ਰਤ ਏਕ ਨਾਮ।
ਸਬ ਹੰਸੋ ਕਾ ਜਹਾਂ ਬਾਸ ਹੈ, ਬਸਤੀ ਹੈ ਬਿਨ ਥਾਮ॥

ਭਾਵਅਰਥ:- "ਸੋਹੰ" ਨਾਮ ਤਾਂ ਪਰਮਾਤਮਾ ਨੇ ਪ੍ਰਗਟ ਕਰ ਦਿੱਤਾ, ਖੋਜ ਕਰ

ਦਿੱਤੀ ਪ੍ਰੰਤੂ ਸਾਰ ਸ਼ਬਦ ਨੂੰ ਗੁਪਤ ਰੱਖਿਆ ਸੀ। ਹੁਣ ਮੈਨੂੰ (ਲੇਖਕ ਸੰਤ ਰਾਮਪਾਲ ਨੂੰ) ਦੱਸਿਆ ਹੈ ਜੋ ਸਾਧਕਾਂ ਨੂੰ ਨਾਮ ਉਪਦੇਸ਼ ਦੇ ਸਮੇਂ ਦੱਸਿਆ ਜਾਂਦਾ ਹੈ। ਇਸਦਾ ਗੀਤਾ ਅਧਿਆਇ 17 ਸ਼ਲੋਕ 23 ਵਿੱਚ ਕਹੇ "ਓਮ ਤੱਤ ਸੱਤ" ਨਾਲ ਸਬੰਧ ਹੈ।

(ਪ੍ਰਮਾਣ ਰਿਗਵੇਦ ਮੰਡਲ ਨੰ. 9 ਸੁਕਤ 94 ਮੰਤਰ 1)

अधि यदस्मिन्वाजिनीव शुभः स्पर्धन्ते धियः सूर्ये न विशः ।
अपो वृणानः पवते कवीयन्व्रजं न पशुवर्धनाय मन्म ॥१॥

पदार्थः—( सूर्ये ) सूर्य के विषय में ( न ) जैसे ( विशः ) रश्मियाँ प्रकाशित करती हैं । उसी प्रकार ( धियः ) मनुष्यों की बुद्धियें ( स्पर्धन्ते ) अपनी-अपनी उत्कट शक्ति से विषय करती हैं । ( अस्मिन् अधि ) जिस परमात्मा में ( वाजिनीव ) सर्वोपरि बलों के समान ( शुभः ) शुभ बल है वह परमात्मा ( अपो वृणानः ) कर्मों का अध्यक्ष होता हुआ ( पवते ) सबको पवित्र करता है । ( कवीयन् ) कवियों की तरह आचरण करता हुआ ( पशुवर्धनाय ) सर्वद्रष्टृत्व पद के लिए ( व्रजं, न ) इन्द्रियों के अधिकरण मन के समान 'व्रजन्ति इन्द्रियाणि यस्मिन् तद् व्रजम्' ( मन्म ) जो अधिकरणरूप है वही ध्येय का धाम है ॥१॥

ਵਿਵੇਚਨ :- ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਦਾ ਅਨੁਵਾਦ ਵੀ ਆਰੀਆ ਸਮਾਜ ਦੇ ਵਿਦਵਾਨਾਂ ਵੱਲੋਂ ਕੀਤਾ ਗਿਆ ਹੈ।

ਵਿਵੇਚਨ :- ਪੁਸਤਕ ਵਿਸਥਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੇ ਹੀ ਅਨੁਵਾਦ ਤੋਂ ਆਪਣਾ ਮਤ ਸਿੱਧ ਕਰਦੇ ਹਨ। ਜਿਵੇਂ ਪਹਿਲੇ ਸਮੇਂ ਲਿਖੇ ਵੇਦ ਮੰਤਰਾਂ ਵਿੱਚ ਦੱਸਿਆ ਗਿਆ ਹੈ ਕਿ ਪਰਮਾਤਮਾ ਆਪਣੇ ਮੁੱਖ ਕਮਲ ਤੋਂ ਬਾਣੀ ਉਚਾਰਣ ਕਰਕੇ ਤੱਤਵਗਿਆਨ ਬੋਲਦਾ ਹੈ, ਲਕੋਕਤੀਆਂ ਦੁਆਰਾ, ਕਾਵਿਕ ਤੌਰ ਨਾਲ ਦੋਹੇ, ਸ਼ਬਦਾਂ, ਸਾਖੀਆਂ, ਚੌਪਾਈਆਂ ਦੁਆਰਾ ਬਾਣੀ ਬੋਲਣ ਨਾਲ ਪ੍ਰਸਿੱਧ ਕਵੀਆਂ ਵਿੱਚੋਂ ਵੀ ਇੱਕ ਕਵੀ ਦੀ (ਪਦਵੀ) ਉਪਾਧੀ ਪ੍ਰਾਪਤ ਕਰਦਾ ਹੈ। ਉਸ ਦਾ ਨਾਂ ਕਵਿਰਦੇਵ ਭਾਵ ਕਬੀਰ ਸਾਹਿਬ ਹੈ।

ਇਸ ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਵਿੱਚ ਇਹ ਵੀ ਸਪੱਸ਼ਟ ਹੈ ਕਿ ਜੋ ਸਰਬ ਸ਼ਕਤੀਮਾਨ ਪਰਮੇਸ਼ਵਰ ਹੈ, ਉਹ (ਕਵਿਯਨ੍ ਵ੍ਰਜਮ੍ ਨ) ਕਵੀਆਂ ਦੀ ਤਰ੍ਹਾਂ ਵਿਹਾਰ ਕਰਦਾ ਹੋਇਆ ਧਰਤੀ 'ਤੇ ਵਿਚਰਦਾ ਹੈ।

(ਪ੍ਰਮਾਣ ਰਿਗਵੇਦ ਮੰਡਲ ਨੰ. 9 ਸੁਕਤ 20 ਮੰਤਰ 1)

प्र कविर्देववीतयेऽव्यो वारेभिरर्षति ।
साह्वान्विश्वा अभि स्पृधः ॥१॥

पदार्थः—वह परमात्मा ( कविः ) मेधावी है और ( अव्यः ) सबका रक्षक है ( देववीतये ) विद्वानों की तृप्ति के लिये ( अर्षति ) ज्ञान देता है ( साह्वान् ) सहनशील है ( विश्वाः, स्पृधः ) सम्पूर्ण दुष्टों को संग्रामों में ( अभि ) तिरस्कृत करता है ॥१॥

ਵਿਵੇਚਨ :- ਰਿਗਵੇਦ ਮੰਡਲ 9 ਸੁਕਤ 20 ਮੰਤਰ 1 ਦਾ ਅਨੁਵਾਦ ਵੀ

ਆਰੀਆ ਸਮਾਜ ਦੇ ਵਿਦਵਾਨਾਂ ਨੇ ਕੀਤਾ ਹੈ। ਇਸ ਦਾ ਅਨੁਵਾਦ ਸਹੀ ਘੱਟ ਅਤੇ ਗ਼ਲਤ ਜ਼ਿਆਦਾ ਹੈ।

ਇਸ ਵਿੱਚ ਮੂਲ ਪਾਠ ਵਿੱਚ ਲਿਖਿਆ ਹੈ:-

'ਪ੍ਰ ਕਵਿਰਦੇਵ ਵੀਤਯੇ ਅਵਯਹ ਵਾਰੇਭਿਹ ਅਰਸ਼ਤਿ ਸਾਹਵਾਨ੍ ਬਿਸ਼ਵਾਹ ਅਭਿ ਸਪ੍ਰਸਧਹ"

ਵਿਵੇਚਨ :- (ਪ੍ਰ) ਵੇਦ ਗਿਆਨ ਦਾਤਾ ਤੋਂ ਜੋ ਦੂਜਾ (ਕਵਿਰਦੇਵ) ਕਵਿਰਦੇਵ ਅਰਥਾਤ ਕਬੀਰ ਪਰਮੇਸ਼ਵਰ ਹੈ, ਉਹ ਵਿਦਵਾਨਾਂ ਨੂੰ ਅਰਥਾਤ ਜਗਿਆਸੂਆਂ ਨੂੰ, (ਵੀਤਯੇ) ਗਿਆਨ ਧਨ ਦੀ ਸੰਤੁਸ਼ਟੀ ਲਈ (ਵਾਰੇਭਿਹ) ਸਭ ਤੋਂ ਉੱਤਮ ਆਤਮਾਵਾਂ ਨੂੰ (ਅਰਸ਼ਤਿ) ਗਿਆਨ ਦਿੰਦਾ ਹੈ। ਉਹ (ਅਵਯਹ) ਅਵਿਨਾਸ਼ੀ ਅਤੇ ਰੱਖਿਅਕ ਹੈ, (ਸਾਹਵਾਨ੍) ਸਹਿਣਸ਼ੀਲ (ਵਿਸ਼ਵਾਹ) ਤੱਤਵ ਗਿ-ਆਨਹੀਣ ਸਾਰੇ ਦੁਸ਼ਟਾਂ (ਝੂਠੇ ਗੁਰੂਆਂ) ਨੂੰ (ਸਪ੍ਰਧਹ) ਅਧਿਆਤਮ ਗਿਆਨ ਦੀ ਸਪਰਧਾ ਅਰਥਾਤ ਗਿਆਨ ਗੋਸ਼ਟੀ ਰੂਪੀ ਬੋਲ ਯੁੱਧ ਵਿੱਚ (ਅਭਿ) ਪੂਰਣ ਰੂਪ ਤੋਂ ਹਰਾ ਦਿੰਦਾ ਹੈ, ਉਹਨਾਂ ਨੂੰ ਫਿੱਟੇ ਮੂੰਹ ਕਰ ਦਿੰਦਾ ਹੈ।

ਵਿਸ਼ੇਸ਼:- (ਕ) ਇਸ ਮੰਤਰ ਦੇ ਅਨੁਵਾਦ ਵਿੱਚ ਤੁਸੀਂ ਫੋਟੋ ਕਾਪੀ ਦੇਖੋਗੇ ਤਾਂ ਪਤਾ ਲੱਗੇਗਾ ਕਿ ਕਈ ਸ਼ਬਦਾਂ ਦੇ ਅਰਥ ਆਰੀਆ ਵਿਦਵਾਨਾਂ ਨੇ ਛੱਡ ਹੋਏ ਹਨ ਜਿਵੇਂ ਕਿ = "ਪ੍ਰ" "ਵਾਰੇਭਿਹ" ਜਿਸ ਕਾਰਣ ਵੇਦਾਂ ਦਾ ਸਹੀ ਅਰਥ ਸਾਹਮਣੇ ਨਹੀਂ ਆ ਸਕਿਆ।

(ਖ) ਮੇਰੇ ਅਨੁਵਾਦ ਤੋਂ ਸਪੱਸ਼ਟ ਹੈ ਕਿ ਉਹ ਪਰਮਾਤਮਾ ਨੇਕ ਆਤਮ-ਾਵਾਂ (ਦ੍ਰਿੜ ਭਗਤਾਂ) ਨੂੰ ਗਿਆਨ ਦਿੰਦਾ ਹੈ, ਉਸ ਦਾ ਨਾਮ ਵੀ ਲਿਖਿਆ ਹੈ:- "ਕਵਿਰਦੇਵ"। ਅਸੀਂ ਕਬੀਰ ਪਰਮੇਸ਼ਵਰ ਕਹਿੰਦੇ ਹਾਂ।

ਚਰਚਾ :- ਉਪਰੋਕਤ ਪ੍ਰਮਾਣਾਂ ਤੋਂ ਸਪੱਸ਼ਟ ਹੋਇਆ ਕਿ ਪੂਰਣ ਬ੍ਰਹਮ (ਪਰਮੇਸ਼ਵਰ) ਜਾਣੀ ਸਿਰਜਣਹਾਰ ਕਬੀਰ ਅੱਲਾਹ ਹੈ। ਉਹ ਹੀ ਸੱਚਾ ਸੰਪੂਰਣ ਅਧਿਆਤਮ ਗਿਆਨ ਸੂਖਮ ਵੇਦ {ਜੋ ਉਸ ਦੁਆਰਾ ਬੋਲੀ ਹੋਈ ਕਬੀਰ ਬਾਣੀ (ਕਲਾਮੇ ਕਬੀਰ) ਹੈ} ਵਿੱਚ ਦੱਸਦਾ ਹੈ। ਇਹ ਸੰਪੂਰਣ ਗਿਆਨ ਵਰਤਮਾਨ ਵਿੱਚ ਦਾਸ (ਰਾਮਪਾਲ ਦਾਸ) ਤੋਂ ਇਲਾਵਾ ਵਿਸ਼ਵ ਵਿੱਚ ਕਿਸੇ ਦੇ ਕੋਲ਼ ਨਹੀਂ ਹੈ। ਇਹ ਹੰਕਾਰ ਦੀ ਗੱਲ ਨਹੀਂ, ਸੱਚਾਈ ਹੈ। ਸਾਰੇ ਧਰਮਾਂ ਦੇ ਮਨੁੱਖ (ਇਸਤਰੀ ਅਤੇ ਮਰਦ) ਉਸ ਅੱਲਾਹ ਕਬੀਰ (ਪਰਮੇਸ਼ਵਰ ਕਬੀਰ ਜੀ) ਦੀ ਆਪਣੀ ਆਤਮਾ ਹਨ। ਸਭ ਦਾ ਕਲਿਆਣ ਕਰਨਾ ਉਸ ਪਰਮੇਸ਼ਵਰ ਦਾ ਉਦੇਸ਼ ਹੈ। ਇੱਥੇ ਸ਼ੈਤਾਨ (ਕਾਲ ਬ੍ਰਹਮ) ਨੇ ਸਾਰਿਆਂ ਨੂੰ ਭਰਮਿਤ ਕੀਤਾ ਹੋਇਆ ਹੈ। ਸੱਚਾ ਰਾਹ ਉਹੀ ਆ ਕੇ ਦਿਖਾਉਂਦਾ ਹੈ। ਹੁਣ ਤੁਸੀਂ ਹੋਰ ਜਾਣਕਾਰੀ ਪੜ੍ਹੋ ਉਸ ਪਰਮੇਸ਼ਵਰ ਦੇ ਵਿਸ਼ੇ ਵਿਚ ਉਹ ਕਿਵੇਂ-ਕਿਵੇਂ ਭੇਸ ਬਣਾ ਕੇ ਚੰਗੀਆਂ ਆਤਮਾਵਾਂ ਤੱਕ ਪਹੁੰਚਦਾ ਹੈ।

■ ਅਲ-ਖਿਜ਼ੂ ਨੂੰ ਅੱਜ ਵੱਖ-ਵੱਖ ਸੱਭਿਅਤਾਵਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣਿਆ ਅਤੇ ਪੂਜਿਆ ਜਾਂਦਾ ਹੈ, ਅਲ-ਖਿਜ਼ੂ ਦਾ 55 ਹਦੀਸਾਂ ਵਿੱਚ ਜ਼ਿਕਰ ਮਿਲਦਾ ਹੈ, ਕੁੱਝ ਕਿੱਸੇ ਹੇਠ ਲਿਖੇ ਹਨ:-

1. ਮੁਹੰਮਦ ਨੂੰ ਅਲ-ਖਿਜ਼ੂ ਦਾ ਦਿਖਾਈ ਦੇਣਾ ਅਤੇ ਨਾ.ਲ ਘੁੰਮਣਾ।

**Al- Zuhad** ਵਿੱਚ ਵਰਣਨ ਹੈ। ਮੁਹੰਮਦ ਕਹਿੰਦੇ ਹਨ ਕਿ ਅਲ-ਖਿਜ਼ੂ ਅਤੇ ਏਲਿੱਯਾਹ/ ਇਲਯਾਸ/ **Elijah** ਹਰ ਸਾਲ ਰਮਜ਼ਾਨ ਦਾ ਮਹੀਨਾ ਜੇਰੂਸਲਮ ਵਿੱਚ ਇੱਕਠੇ ਗੁਜ਼ਾਰਦੇ ਹਨ।

ਕੁੱਝ ਮੁਸਲਮਾਨ ਅਤੇ ਇਸਾਈ ਸ਼ਾਸਤਰੀਆਂ ਦਾ ਇਹ ਮੰਨਣਾ ਹੈ ਕਿ ਅਲ-ਖਿਜ਼ੂ ਅਤੇ ਏਲਿੱਯਾਹ ਇਕ ਹੀ ਸ਼ਖਸ ਹਨ। ਏਲਿੱਯਾਹ ਦਾ ਬਾਈਬਲ ਵਿੱਚ 5 ਜਗ੍ਹਾ (ਮੱਤੀ/**Matthew 17:1-8, 2 Chronicles 21:12**, 1 ਰਾਜਾ/**King**, 2 ਰਾਜਾ/**King, Malachi 3:1** ਫ਼ **4:5**) ਅਤੇ ਕੁਰਾਨ ਸ਼ਰੀਫ ਵਿੱਚ 2 ਜਗ੍ਹਾ (**Sura Al-Saafat 37:123-132 & Sura an'am 6:85**) ਜ਼ਿਕਰ ਹੈ।

**Umar ll** ਵਿੱਚ ਵਰਣਨ ਹੈ, ਜੋ ਸ਼ਖਸ ਮੁਹੰਮਦ ਦੇ ਨਾਲ ਘੁੰਮ ਰਿਹਾ ਸੀ, ਉਹ ਅਲ-ਖਿਜ਼ੂ ਸੀ ।

**Abu Zura Al Raiz** ਵਿੱਚ ਵਰਣਨ ਹੈ, ਮੁਹੰਮਦ ਆਪਣੇ ਜੀਵਨ ਕਾਲ ਵਿੱਚ ਅਲ-ਖਿਜ਼ੂ ਨਾਲ ਦੋ ਵਾਰ ਮਿਲੇ ਸਨ। ਇੱਕ ਵਾਰ ਜਵਾਨੀ ਵਿੱਚ ਅਤੇ ਇੱਕ ਵਾਰ ਬੁਢਾਪੇ ਵਿੱਚ ਪਰ ਅਲ-ਖਿਜ਼ੂ ਦੀ ਉਮਰ ਬਿਲਕੁਲ ਨਹੀਂ ਬਦਲੀ ਸੀ।

**Ayun Akhbar Ali-Rida** ਵਿੱਚ ਵਰਣਨ ਹੈ, ਅਲੀ ਕਹਿੰਦਾ ਹੈ ਕਿ ਮਦੀਨਾ ਦੀ ਇੱਕ ਗਲੀ ਤੋਂ ਗੁਜ਼ਰਦੇ ਸਮੇਂ ਅਲ-ਖਿਜ਼ੂ ਨੇ ਹਜ਼ਰਤ ਮੁਹੰਮਦ ਅਤੇ ਮੈਨੂੰ ਦਰਸ਼ਨ ਦਿੱਤੇ ਅਤੇ ਸਾਡੇ ਨਾਲ ਗੱਲ ਕੀਤੀ।

2. (**Al -Bayhaqi**) ਅਲ-ਖਿਜ਼ੂ ਦਾ ਮੁਹੰਮਦ ਦੇ ਅੰਤਮ ਸੰਸਕਾਰ ਉੱਤੇ ਮੌਜ਼ੂਦ ਹੋਣਾ ਅਤੇ ਅਲੀ ਨਾਲ ਮੁਲਾਕਾਤ।

ਮੁਹੰਮਦ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਰੀਰ ਨੂੰ ਅੰਤਮ ਦਰਸ਼ਨ ਦੇ ਲਈ ਮੁਸਲਮਾਨਾਂ ਦੇ ਵਿੱਚ ਰੱਖਿਆ ਗਿਆ। ਤਦ ਇੱਕ ਤਾਕਤਵਰ ਦਿਖਣ ਵਾਲਾ ਸੁੰਦਰ ਨੈਣ-ਨਕਸ਼ ਵਾਲਾ ਅਤੇ ਆਕਰਸ਼ਿਤ ਕਰਨ ਵਾਲੀ ਹਸਤੀ ਦਾ ਚਿੱਟੀ ਦਾੜ੍ਹੀ ਵਾਲਾ ਇੱਕ ਆਦਮੀ ਉੱਥੇ ਮੌਜ਼ੂਦ ਮੁਸਲਮਾਨਾਂ ਦੀ ਭੀੜ ਨੂੰ ਚੀਰਦੇ ਹੋਏ ਮੁਹੰਮਦ ਦੀ ਲਾਸ਼ ਕੋ.ਲ ਪਹੁੰਚਿਆ ਅਤੇ ਸ਼ਰਧਾਂਜਲੀ ਦੇ ਕੇ ਚਲਾ ਗਿਆ। ਬਾਅਦ ਵਿੱਚ ਅਲੀ ਨੇ ਦੱਸਿਆ ਕਿ ਉਹ ਸ਼ਖਸ ਅਲ-ਖਿਜ਼ੂ ਸੀ।

ਇੱਕ ਦੂਸਰੇ ਵਰਨਣ ਵਿੱਚ ਅਲ-ਖਿਜ਼ੂ ਅਲੀ ਨੂੰ ਕਾਬਾ ਦੇ ਕੋ.ਲ ਦਿਖਾਈ ਦਿੱਤੇ। ਉੱਥੇ ਅਲੀ ਨੂੰ ਅਲ-ਖਿਜ਼ੂ ਨੇ ਇੱਕ ਦੁਆ (ਮੰਤਰ) ਦਿੱਤੀ ਅਤੇ ਕਿਹਾ ਕਿ ਤੂੰ ਇਸ ਦੁਆ ਨੂੰ ਕਰਨਾ, ਇਹ ਦੁਆ ਤੈਨੂੰ ਅੱਦਭੁਤ ਲਾਭ ਦੇਵੇਗੀ। ਤੁਹਾਡੇ ਗੁਨਾਹਾਂ ਦੀ ਗਿਣਤੀ ਆਸਮਾਨ ਦੇ ਤਾਰੇ ਜਾਂ ਜ਼ਮੀਨ ਤੇ ਪਏ ਪੱਥਰ ਜਿੰਨੀ ਕਿਉਂ ਨਾ ਹੋਵੇ, ਇਹ ਦੁਆ ਉਹਨਾਂ ਦਾ ਇੱਕ ਪਲ (**Blink of an eye**) ਵਿੱਚ ਨਾਸ਼ ਕਰ ਦੇਵੇਗੀ।

3. **Lataif al Minan (1:84-98)** ਵਿੱਚ ਜ਼ਿਕਰ ਹੈ ਕਿ ਅਲ-ਖਿਜ਼ੂ ਅੱਜ ਵੀ ਜ਼ਿੰਦਾ ਹੈ।

ਮੁਸਲਮਾਨਾਂ ਦਾ ਇਹ ਮੰਨਣਾ ਹੈ ਕਿ ਅਲ-ਖਿਜ਼ੂ ਅਮਰ (ਮਿਮੋਰਟਓਲ ) ਹੈ

ਅਤੇ ਅੱਜ ਵੀ ਧਰਤੀ ਤੇ ਜਿਉਂਦਾ ਅਤੇ ਮੌਜੂਦ ਹੈ ਅਤੇ ਅੱਲਾਹ ਦੀ ਰਾਹ ਉੱਤੇ ਜੋ ਉਲਝਣ ਵਿੱਚ ਹਨ, ਉਹਨਾਂ ਦਾ ਮਾਰਗ ਦਰਸ਼ਨ ਕਰਦਾ ਹੈ।

4. ਅਲ-ਖਿਜ਼ੂ ਦੇ ਬਾਰੇ ਵਿੱਚ ਕੁਝ ਹੋਰ ਪ੍ਰਚਲਿਤ ਕਹਾਣੀਆਂ।

ਮੁਸਲਿਮ ਸ਼ਾਸ਼ਤਰੀਆਂ ਦਾ ਮੰਨਣਾ ਹੈ ਕਿ ਨੂੰ ਲੋਕਾਂ ਵਿੱਚ ਉਸਦੇ ਨਰਮ ਹੱਥਾਂ ਤੋਂ ਪਹਿਚਾਣਿਆ ਜਾ ਸਕਦਾ ਹੈ। ਕੁੱਝ ਦਾ ਮੰਨਣਾ ਹੈ ਕਿ ਅਲ-ਖਿਜ਼ੂ ਦੇ ਹੱਥਾਂ ਵਿੱਚ ਹੱਡੀਆਂ ਨਹੀਂ ਹਨ। ਸੂਫ਼ੀ ਇਮਾਮਾਂ ਦਾ ਮੰਨਣਾ ਹੈ ਕਿ ਅਸੀਂ ਆਪਣੇ ਜੀਵਨ ਕਾਲ ਵਿੱਚ ਇੱਕ ਵਾਰ ਅਲ-ਖਿਜ਼ੂ ਨਾਲ ਜ਼ਰੂਰ ਮਿਲਦੇ ਹਾਂ। ਜਦ ਤੁਸੀਂ ਕਿਸੇ ਸਫ਼ੇਦ ਦਾੜ੍ਹੀ ਵਾਲੇ ਆਦਮੀ ਨਾਲ ਹੱਥ ਮਿਲਾਓ ਅਤੇ ਉਸ ਦੇ ਹੱਥਾਂ ਵਿੱਚ ਹੱਡੀਆਂ ਨਾ ਹੋਣ ਤਾਂ ਸਮਝ ਜਾਣਾ ਕਿ ਉਹ ਅਲ-ਖਿਜ਼ੂ ਹੈ। ਅਲ-ਖਿਜ਼ੂ ਨੂੰ ਜ਼ਿੰਦਾ ਪੀਰ ਵੀ ਕਿਹਾ ਗਿਆ ਹੈ। ਮੁਸਲਿਮ ਦੇਸ਼ਾਂ ਵਿੱਚ ਅਲ-ਖਿਜ਼ੂ ਦੀਆਂ ਅਣਗਿਣਤ ਯਾਦਗਾਰਾਂ ਮੌਜੂਦ ਹਨ।

## "ਹਜ਼ਰਤ ਮੁਹੰਮਦ ਜੀ ਨੂੰ ਅੱਲਾਹ ਕਬੀਰ ਮਿਲੇ"

ਜਿਵੇਂ ਕਿ ਵੇਦਾਂ ਵਿੱਚ ਪ੍ਰਮਾਣ ਹੈ ਕਿ ਪ੍ਰਮੇਸ਼ਵਰ ਯਾਣੀ ਕਾਦਰ ਅੱਲਾਹ ਸਾਰੀ ਕਾਇਨਾਤ (ਸ੍ਰਿਸ਼ਟੀ) ਨੂੰ ਪੈਦਾ ਕਰਨ ਵਾ.ਲਾ ਨੇਕ ਆਤਮਾਵਾਂ ਨੂੰ ਉੱਪਰ ਅਸਮ-ਾਨ ਵਾ.ਲੇ (ਤਖ਼ਤ) ਸਿੰਘਾਸਣ ਤੋਂ ਧਰਤੀ 'ਤੇ ਆ ਕੇ ਮਿਲਦਾ ਹੈ। ਉਹਨਾਂ ਹੀ ਨੇਕ ਆਤਮਾਵਾਂ ਵਿੱਚ ਹਜ਼ਰਤ ਮੁਹੰਮਦ ਜੀ ਹਨ ਜਿਨ੍ਹਾਂ ਨੂੰ ਅੱਲਾਹ ਅਕਬਰ ਮਿਲੇ। ਪ੍ਰੰਤੂ ਅੱਲਾਹ ਕਿਸੇ ਨੇ ਦੇਖਿਆ ਹੀ ਨਹੀਂ ਹੈ। ਹੋਰ ਵਿਦਵਾਨ ਗ.ਲਤ ਗਿਆਨ ਦੇ ਅਧਾਰ ਤੋਂ ਅੱਲਾਹ ਨੂੰ ਬੇਚੂਨ (ਨਿਰਾਕਾਰ) ਦੱਸਦੇ ਹਨ। ਜਿਸ ਕਾਰਣ ਤੋਂ ਇਹ ਵਿਸ਼ਵਾਸ਼ ਹੋਣਾ ਕਿ ਜੋ ਅਲ-ਖਿਜ਼ੂ ਰੂਪ ਵਿੱਚ ਮਿਲਿਆ ਹੈ, ਉਹ ਅੱਲਾਹ ਤਾਲਾ ਹੀ ਹੈ, ਔਖਾ ਹੈ। ਇਸੇ ਕਾਰਣ ਤੋਂ ਹਜ਼ਰਤ ਮੁਹੰਮਦ ਜੀ ਅਲ-ਖਿਜ਼ੂ ਰੂਪ ਵਿੱਚ ਮਿਲੇ ਅੱਲਾਹ ਤਾਲਾ ਨੂੰ ਪਹਿਚਾਣ ਨਹੀਂ ਸਕੇ।

ਸੰਤ ਗਰੀਬਦਾਸ ਜੀ (ਪਿੰਡ-ਛੁਡਾਣੀ, ਜ਼ਿਲ੍ਹਾ-ਝੱਜਰ, ਪ੍ਰਾਂਤ-ਹਰਿਆਣਾ, ਦੇਸ਼-ਭਾਰਤ) ਨੂੰ ਵੀ ਦਸ ਸਾਲ ਦੀ ਉਮਰ ਵਿੱਚ ਜਿੰਦਾ ਬਾਬਾ ਜਾਣੀ ਅਲ-ਖਿਜ਼ੂ ਵਾ.ਲੇ ਭੇਸ ਵਿੱਚ ਅੱਲਾਹ ਤਾਲਾ ਮਿਲਿਆ ਸੀ। ਜਦ ਬੱਚੇ ਗਰੀਬਦਾਸ ਜੀ ਨੂੰ ਵਿਸ਼ਵਾਸ ਨਹੀਂ ਹੋਇਆ ਕਿ ਇਹ ਬਾਬਾ ਜਿੰਦਾ ਰੂਪ ਵਿੱਚ ਪਰਮੇਸ਼ਵਰ ਹੀ ਹਨ ਤਾਂ ਸੰਤ ਗਰੀਬਦਾਸ ਜੀ ਨੂੰ ਅੱਲਾਹ ਤਾਲਾ ਉੱਪਰ ਅਸਮਾਨ ਵਿੱਚ ਬਣੇ ਆਪਣੇ (ਤਖ਼ਤ) ਸਿੰਘਾਸਣ ਵਾ.ਲੇ ਸਤਲੋਕ ਵਿੱਚ ਲੈ ਕੇ ਗਏ। ਬਾਲਕ ਗਰੀਬਦਾਸ ਜੀ ਨੂੰ ਉੱਪਰ ਦੇ ਸਾਰੇ ਅਸਮਾਨਾਂ (ਬ੍ਰਹਿਮੰਡਾਂ ਅਤੇ ਲੋਕਾਂ) ਦੀ ਸੈਰ ਕਰਵਾਈ। ਉੱਥੋਂ ਦਾ ਸਾਰਾ ਪ੍ਰਬੰਧ ਦਿਖਾਇਆ । ਤੱਤਵਗਿਆਨ ਉਨ੍ਹਾਂ ਦੀ ਆਤਮਾ ਵਿੱਚ ਪਾ ਦਿੱਤਾ। ਸੰਤ ਗਰੀਬਦਾਸ ਜੀ ਨੂੰ ਵਾਪਸ ਸਰੀਰ ਵਿੱਚ ਧਰਤੀ 'ਤੇ ਛੱਡਿਆ। ਬੱਚੇ ਗਰੀਬਦਾਸ ਜੀ ਨੂੰ ਮਰਿਆ ਸਮਝ ਕੇ ਚਿਤਾ ਦੇ ਉੱਪਰ ਲੱਕੜਾਂ ਦੇ ਢੇਰ 'ਤੇ ਰੱਖਿਆ ਗਿਆ। ਅੱਗ ਲਗਾਉਣ ਦੀ ਤਿਆਰੀ ਸੀ। ਉਸੇ ਸਮੇਂ ਬੱਚੇ ਗਰੀਬਦਾਸ ਜੀ ਜੀਵਿਤ ਹੋ ਗਏ। ਉੱਠ ਕੇ ਚੱਲ ਪਏ। ਸੰਤ ਗਰੀਬਦਾਸ ਨੂੰ ਅੱਲਾਹ ਅਕਬੀਰ (ਪਰਮੇਸ਼ਵਰ ਕਬੀਰ) ਜੀ ਨੇ ਜੋ ਦੱਸਿਆ, ਉਹ ਸੰਤ ਗਰੀਬ-ਦਾਸ ਜੀ ਨੇ ਆਪਣੇ ਮੁੱਖ ਤੋਂ ਉਚਾਰਣ ਕਰਕੇ ਬਾਣੀ (ਸਾਖੀ) ਬੋਲ ਕੇ ਦੱਸਿਆ ਕਿ ਕਬੀਰ ਜੀ ਨੇ ਕਿਹਾ ਸੀ ਕਿ:-

ਗਰੀਬ ਖੁਰਾਸਾਨ ਕਾਬੁਲ ਕਿਲਾ, ਬਗਦਾਦ ਬਨਾਰਸ ਏਕ।
ਬਲਖ ਔਰ ਵਿਲਾਯਤ (ਇੰਗਲੈਂਡ) ਤਕ ਹਮ ਹੀ ਧਾਰੇਂ ਭੇਸ਼॥

**ਅਰਥਾਤ ਖ਼ੁਦਾ ਕਬੀਰ ਜੀ ਨੇ ਦੱਸਿਆ ਹੈ ਕਿ ਸਾਰੀ ਧਰਤੀ ਦੇ ਉੱਪਰ ਜਿੰਨ੍ਹੇ ਵੀ ਦੇਸ-ਪਰਦੇਸ ਹਨ, ਜਿੱਥੇ-ਜਿੱਥੇ ਚੰਗੀਆਂ ਆਤਮਾਵਾਂ ਨੇ ਜਨਮ ਲਿਆ ਹੈ, ਉਹਨਾਂ ਨੂੰ ਯਥਾਰਥ ਅਧਿਆਤਮ ਗਿਆਨ ਦੱਸਣ ਅਤੇ ਸੱਚੀ ਸਾਧਨਾ ਦੱਸਣ ਲਈ ਮੈਂ ਹੀ ਅਲੱਗ-ਅਲੱਗ (ਭੇਸ) ਰੂਪ ਧਾਰਣ ਕਰਕੇ ਜਾਂਦਾ ਹਾਂ। ਅਰਬ ਦੇਸ਼ਾਂ ਵਿੱਚ ਕਾਬੁਲ, ਖੁਰਾਸਾਨ (ਰੂਮ ਦਾ ਇੱਕ ਸ਼ਹਿਰ), ਬਗਦਾਦ (ਇਰਾਕ ਦੇਸ਼ ਦੀ ਰਾਜਧਾਨੀ), ਬਨ-ਾਰਸ (ਭਾਰਤ ਦਾ ਇੱਕ ਸ਼ਹਿਰ) ਅਤੇ (ਵਿਲਾਯਤ) ਇੰਗਲੈਂਡ ਦੇਸ਼ ਆਦਿ-ਆਦਿ ਵਿੱਚ ਮੈਂ ਹੀ ਜਾਂਦਾ ਹਾਂ। ਮੇਰੇ ਲਈ ਸਭ ਦੇਸ਼, ਸਭ ਮਨੁੱਖ ਇੱਕ ਸਮਾਨ ਹਨ।**

**ਹਜ਼ਰਤ ਮੁਹੰਮਦ ਜੀ ਨੂੰ ਵੀ ਜਿੰਦਾ ਰੂਪ ਧਾਰਣ ਕਰਕੇ ਮੱਕਾ ਸ਼ਹਿਰ ਵਿੱਚ ਖ਼ੁਦਾ ਕਬੀਰ ਮਿਲੇ ਸਨ। ਸੰਤ ਗਰੀਬਦਾਸ ਜੀ ਨੂੰ ਦੱਸਿਆ ਸੀ। ਬਾਣੀ (ਅਮਰ ਕਛ ਰਮੈਣੀ ਤੋਂ) :-**

ਮੁਹੰਮਦ ਬੋਧ ਸੁਨੋ ਬ੍ਰਹਮ ਗਿਆਨੀ, ਸ਼ੰਕਰ ਦੀਪ ਸੇ ਆਯੇ ਪ੍ਰਾਣੀ॥ (24)
ਲੋਕ ਦੀਪ ਕੂੰ ਹਮ ਲੇਗੈਊ, ਇੱਛਾ ਰੂਪੀ ਵਹਾਂ ਨਾ ਰਹੇਊ॥ (25)
ਉਲਟ ਮੁਹੰਮਦ ਮਹਲ ਪਠਾਯਾ, ਗੁਝ ਬੀਰਜ ਏਕ ਕਲਮਾ ਧਾਯਾ॥ (26)
ਰੋਜ਼ਾ ਬੰਗ, ਨਿਵਾਜ ਦਈ ਰੇ, ਬਿਸਮਲ ਕੀ ਨਹੀਂ ਬਾਤ ਕਹੀ ਰੇ॥ (27)

**ਭਾਵ ਕਬੀਰ ਜੀ ਨੇ ਦੱਸਿਆ ਹੈ ਕਿ ਨਬੀ ਮੁਹੰਮਦ ਦੀ ਆਤਮਾ ਸ਼ਿਵ (ਤਮਗੁਣ) ਦੇਵਤਾ ਦੇ (ਸ਼ੰਕਰ ਦ੍ਵੀਪ) ਲੋਕ ਤੋਂ ਆਈ ਸੀ। ਭਗਤੀ ਵਿੱਚ ਧਿਆਨ ਜ਼ਿਆਦਾ ਰਹਿੰਦਾ ਸੀ। ਜਦ ਉਹਨਾਂ ਨੂੰ ਕਾਲ ਦੁਆਰਾ ਭੇਜੇ ਫਰਿਸ਼ਤੇ ਜਬਰੀਲ ਨੇ ਕਾਲ ਬ੍ਰਹਮ ਵਾਲਾ ਗਿਆਨ ਡਰਾ-ਧਮਕਾ ਕੇ ਦੱਸਿਆ ਜੋ ਹਜ਼ਰਤ ਮੁਹੰਮਦ ਨੇ ਜਨਤਾ ਤੱਕ ਪਹੁੰਚਾਇਆ ਜੋ ਕਿ ਅਧੂਰਾ ਅਤੇ ਕਾਲ ਜਾਲ਼ ਵਿੱਚ ਫਸਾ ਕੇ ਰੱਖਣ ਵਾਲਾ ਗਿਆਨ ਹੈ। ਜਦ ਮੈਂ (ਕਬੀਰ ਖ਼ੁਦਾ ਨੇ) ਨੇ ਦੇਖਿਆ ਕਿ ਨੇਕ ਆਤਮਾ ਮੁਹੰਮਦ ਕਾਲ ਦੇ ਜਾਲ਼ ਵਿੱਚ ਫਸ ਗਏ ਹਨ, ਤਦ ਉਸਨੂੰ ਮਿਲਿਆ। ਯਥਾਰਥ ਗਿਆਨ ਸਮਝਾਇਆ। ਉਹਨਾਂ ਦੀ ਬੇਨਤੀ ਤੇ, ਉਹਨਾਂ ਨੂੰ ਉਪਰ ਆਪਣੇ ਲੋਕ ਵਿੱਚ ਜਿੱਥੇ ਮੇਰਾ (ਤਖ਼ਤ) ਸਿੰਘਾਸਣ ਹੈ, ਲੈ ਕੇ ਗਿਆ। ਉਸਦਾ ਸ਼ੰਕਰ ਦ੍ਵੀਪ ਵੀ ਦਿਖਾਇਆ ਜਿੱਥੋਂ ਉਹ ਧਰਤੀ 'ਤੇ ਆ-ਇਆ ਸੀ। ਪਰ ਮੁਹੰਮਦ ਨੇ ਸਤਲੋਕ ਵਿੱਚ ਰਹਿਣ ਦੀ ਇੱਛਾ ਜਾਹਰ ਨਹੀਂ ਕੀਤੀ। ਇਸ ਲਈ ਵਾਪਸ ਸਰੀਰ ਵਿੱਚ ਛੱਡ ਦਿੱਤਾ। ਫਿਰ ਵੀ ਮੁਹੰਮਦ ਦੀ ਸਮੇਂ-ਸਮੇਂ 'ਤੇ ਗੁਪਤ ਮਦਦ ਕਰਦਾ ਰਿਹਾ। ਬਾਣੀ (ਮੁਹੰਮਦ ਬੋਧ ਤੋਂ) :-**

ਐਸਾ ਗਿਆਨ ਮੁਹੰਮਦ ਪੀਰੰ, ਮਾਰੀ ਗਊ ਸ਼ਬਦ ਕੇ ਤੀਰੰ ।
ਸ਼ਬਦੈ ਫਿਰ ਜਿਵਾਈ, ਜਿਨ ਗੋਸਤ ਨਹੀਂ ਭਖ੍ਯਾ ।
ਹੰਸਾ ਰਾਖ੍ਯਾ ਐਸੇ ਪੀਰ ਮੁਹੰਮਦ ਭਾਈ॥

**ਭਾਵ, ਪਰਮਾਤਮਾ ਕਬੀਰ ਜੀ ਨੇ ਇੱਕ ਕਲਮਾ "ਅੱਲਾਹ ਅਕਬਰ" ਮੁਹੰਮਦ ਜੀ ਨੂੰ ਜਾਪ ਕਰਨ ਲਈ ਕਿਹਾ। ਉਸ ਨਾਲ ਮੁਹੰਮਦ ਜੀ ਵਿੱਚ ਸਿੱਧੀਆਂ ਪ੍ਰਗਟ ਹੋ ਗਈਆਂ। ਇੱਕ ਦਿਨ ਮੁਹੰਮਦ ਜੀ ਨੇ ਇੱਕ ਗਾਂ ਨੂੰ ਵਚਨ ਸਿੱਧੀ ਨਾਲ ਮਾਰ ਕੇ ਸੈਂਕੜੇ ਮੁਸਲਮਾਨਾਂ ਦੇ ਸਾਹਮਣੇ ਜੀਵਿਤ ਕਰ ਦਿੱਤਾ। ਪੀਰ ਮੁਹੰਮਦ ਅਜਿਹੇ ਮਹਾਨ ਸਨ। ਉਹਨਾਂ ਨੇ ਜੀਵ (ਗਾਂ) ਦੀ ਰੱਖਿਆ ਕੀਤੀ। ਉਸਦਾ ਮਾਸ ਨਹੀਂ ਖਾਧਾ।**

**ਬਾਣੀ (ਅਮਰ ਕਛ ਰਮੈਂਣੀ ਤੋਂ):-**

ਚਾਰ ਯਾਰ ਮਿਲ ਮਸਲਤ ਭੀਨੀ, ਗਊ ਪਕੜਕਰ ਬਿਸਮਲ ਕੀਨ੍ਹੀ॥ (28)
ਤਬ ਹਮ ਮੁਹੰਮਦ ਯਾਦ ਕਿਯਾ ਰੇ, ਸ਼ਬਦ ਸਰੂਪੀ ਹਮ ਬੇਗ ਗਯਾ ਰੇ॥ (29)

ਮੂਈ ਗਊ ਹਮ ਬੇਗ ਜਿਵਾਈ, ਜਬ ਮੁਹੰਮਦ ਕੇ ਨਿਸ਼ਚੇ ਆਈ॥ (30)
ਤੁਮ ਸਤਕਬੀਰ ਅੱਲਹ ਦਰਵੇਸਾ, ਮੋਮਿਨ ਮੁਹੰਮਦ ਕਾ ਗਯਾ ਅੰਦੇਸ਼ਾ॥ (31)
ਦਾਸ ਗਰੀਬ ਅਨਾਹਦ ਧੀਰੰ, ਭਜ ਲਯੌ ਸਤਨਾਮ ਔਰ ਸਤਕਬੀਰੰ॥ (32)

ਅਰਥਾਤ ਜਿਹਨਾਂ ਮੁਸਲਮਾਨਾਂ ਦੇ ਸਾਹਮਣੇ ਹਜ਼ਰਤ ਮੁਹੰਮਦ ਜੀ ਨੇ ਵਚਨ ਦੀ ਸਿੱਧੀ-ਸ਼ਕਤੀ ਨਾਲ ਗਾਂ (Cow) ਮਾਰ ਕੇ ਫਿਰ ਵਚਨ (ਸ਼ਬਦ) ਨਾਲ ਹੀ ਜ਼ਿੰਦਾ ਕੀਤੀ ਸੀ, ਉਨ੍ਹਾਂ ਨੇ ਇਹ ਗੱਲ ਸਭ ਨੂੰ ਦੱਸੀ। ਜਿਹੜੇ ਵਿਰੋਧੀ ਲੋਕ ਸਨ, ਉਨ੍ਹਾਂ ਨੇ ਮਸਲਤ (Meeting) ਕੀਤੀ ਅਤੇ ਫੈਸਲਾ ਲਿਆ ਕਿ ਅਸੀਂ ਗਾਂ ਨੂੰ ਬਿਸਮਿਲ ਕਰਾਂਗੇ ਜਾਣੀ ਗਾਂ ਦੀ ਗਰਦਨ ਕੱਟ ਕੇ ਮਾਰਾਂਗੇ। ਸਾਡੇ ਸਾਹਮਣੇ ਮੁਹੰਮਦ ਜੀ ਗਾਂ ਨੂੰ ਜਿਉਂਦਾ ਕਰਨਗੇ ਤਾਂ ਮੰਨਾਗੇ।

ਨਿਸ਼ਚਿਤ ਦਿਨ ਹਜ਼ਾਰਾਂ ਮੁਸਲਮਾਨਾਂ ਅਤੇ ਗੈਰ-ਮੁਸਲਮਾਨਾਂ ਦੇ ਸਾਹਮਣੇ ਗਾਂ ਨੂੰ ਕੱਟਿਆ ਗਿਆ। ਮੁਹੰਮਦ ਜੀ ਨੇ ਗਾਂ ਨੂੰ ਜੀਵਤ ਕਰਨ ਲਈ ਸਭ ਮੰਤਰ-ਜੰਤਰ ਕਰ ਲਏ, ਗਾਂ ਜ਼ਿੰਦਾ ਨਹੀਂ ਹੋਈ। ਤਦ ਮੁਹੰਮਦ ਜੀ ਨੇ ਅੱਲਾਹ ਕਬੀਰ ਨੂੰ ਅੱਲਾਹ ਅਕਬਰ ਕਹਿ ਕੇ ਉੱਚੀ ਆਵਾਜ਼ ਵਿੱਚ ਕਈ ਵਾਰ ਪੁਕਾਰਿਆ। ਅੱਲਾਹ ਅਕਬਰ ਬੋਲਦੇ-ਬੋਲਦੇ ਧਰਤੀ ਦੇ ਉੱਪਰ ਹਰ ਵਾਰ ਮੱਥਾ ਲਾ ਕੇ ਅਤੇ ਫਿਰ ਅਸਮਾਨ ਵੱਲ ਮੂੰਹ ਕਰਕੇ ਦੋਵੇਂ ਹੱਥ ਫੈਲਾ ਕੇ ਅੱਲਾਹ ਅਕਬਰ ਪੁਕਾਰਣ ਲੱਗਿਆ, ਜਿਸ ਨੂੰ ਵਰਤਮਾਨ ਵਿੱਚ ਸਜਦਾ ਕਿਹਾ ਜਾਣ ਲੱਗਾ। ਤਦ ਕਬੀਰ ਖ਼ੁਦਾ ਉੱਥੇ ਪਹੁੰਚਿਆ ਜੋ ਸਿਰਫ਼ ਹਜ਼ਰਤ ਮੁਹੰਮਦ ਜੀ ਨੂੰ ਦਿਖਾਈ ਦੇ ਰਿਹਾ ਸੀ। ਮੌਜੂਦ ਲੋਕਾਂ ਨੂੰ ਦਿਖਾਈ ਨਹੀਂ ਦੇ ਰਿਹਾ ਸੀ। ਹਜ਼ਰਤ ਮੁੰਹਮਦ ਨੇ ਅੱਲਾਹ ਕਬੀਰ ਨੂੰ ਸਜਦਾ ਕੀਤਾ ਅਤੇ ਆਪਣੀ ਇੱਜ਼ਤ ਰੱਖਣ ਲਈ ਅਰਜ਼ ਕੀਤੀ। ਤਦ ਕਬੀਰ ਪਰਮੇਸ਼ਵਰ ਜੀ (ਕਾਦਰ ਅੱਲਾਹ ਕਬੀਰ ਜੀ) ਨੇ ਤੁਰੰਤ ਗਾਂ ਜੀਵਤ ਕਰ ਦਿੱਤੀ। ਤਦ ਮੁਹੰਮਦ ਜੀ ਦੀ ਸ਼ੰਕਾ (ਅੰਦੇਸ਼ਾ) ਖ਼ਤਮ ਹੋਈ ਅਤੇ ਕਿਹਾ ਕਿ ਹੇ ਸਤਕਬੀਰ (ਅਮਰ ਕਬੀਰ)! ਤੁਸੀਂ ਅਸਲ ਵਿੱਚ ਅੱਲਾਹ ਦੇ ਦਰਵੇਸ਼ (ਸੰਤ ਜਾਣੀ ਨਬੀ) ਹੋ। ਹਜ਼ਰਤ ਮੁੰਹਮਦ ਜੀ ਅਜੇ ਵੀ ਅੱਲਾਹ ਕਬੀਰ ਜੀ ਨੂੰ ਖ਼ੁਦਾ ਨਹੀਂ ਮੰਨ ਰਹੇ ਸਨ। ਖ਼ੁਦਾ ਦਾ ਸੰਤ ਸ਼ਕਤੀ ਯੁਕਤ ਮੰਨ ਰਹੇ ਸਨ। ਜਿਸ ਕਾਰਣ ਪ੍ਰਮੇਸ਼ਵਰ ਕਬੀਰ ਜੀ ਗਾਂ ਨੂੰ ਜੀਵਤ ਕਰ ਕੇ ਅੰਤਰਧਿਆਨ ਹੋ ਗਏ। ਉਸਤੋਂ ਬਾਅਦ ਖ਼ੁਦਾ ਕਬੀਰ ਜੀ ਹਜ਼ਰਤ ਮੁੰਹਮਦ ਦੀ ਬੇਰੁਖੀ ਦੇਖ ਕੇ ਉਸਨੂੰ ਉਸ ਭੇਸ ਵਿੱਚ ਨਹੀਂ ਮਿਲੇ। ਇੰਨੀ ਸ਼ਕਤੀ ਦੇਖ ਕੇ ਵੀ ਕਾਲ ਅਤੇ ਕਰਮ ਦੇ ਪ੍ਰਭਾਵ ਕਰਕੇ ਸਤਲੋਕ ਵਿੱਚ ਜਾਣ ਦੀ ਗੱਲ ਨਹੀਂ ਮੰਨੀ। ਸਤ ਸਾਧਨਾ ਉਹਨਾਂ ਨੂੰ ਨਹੀਂ ਮਿਲੀ। ਜੋ ਕਾਲ ਬ੍ਰਹਮ (ਪਰਦੇ ਦੇ ਪਿੱਛੇ ਤੋਂ ਬੋਲਣ ਵਾਲੇ ਪ੍ਰਭੂ) ਦੀ ਦੱਸੀ ਸਾਧਨਾ {ਰੋਜ਼ਾ ਰੱਖਣਾ, ਨਮਾਜ਼ ਕਰਨਾ, ਅਜ਼ਾਨ (ਬੰਗ) ਲਗਾਉਣਾ} ਨਾਲ ਜੰਨਤ (Heaven) ਵਿੱਚ ਜਾਣ ਦੀ ਨਹੀਂ ਹੈ। ਜੋ ਕਲਮਾ ਜਾਪ ਕਰਨ ਦਾ ਕਬੀਰ ਅੱਲਾਹ ਜੀ ਨੇ ਮੁੰਹਮਦ ਜੀ ਨੂੰ ਦਿੱਤਾ ਸੀ, ਉਸ ਨਾਲ ਸਿੱਧੀ ਆਉਂਦੀ ਹੈ। ਯੁੱਧ ਵਿੱਚ ਸਫ਼ਲਤਾ ਪ੍ਰਾਪਤ ਹੋ ਸਕਦੀ ਹੈ। ਉਹ ਜੰਨਤ ਜਾਣ ਵਿੱਚ ਸਹਿਯੋਗੀ ਨਹੀਂ ਹੈ।

ਜਿਸ ਕਾਰਣ ਨਬੀ ਮੁੰਹਮਦ ਜੀ ਜੰਨਤ ਵਿੱਚ ਵੀ ਨਹੀਂ ਜਾ ਸਕੇ। ਪਿੱਤਰ ਲੋਕ ਵਿੱਚ ਹੋਰ ਨਬੀਆਂ ਕੋਲ਼ ਗਏ ਹਨ। ਫਿਰ ਹੋਰ ਜਨਮ ਧਾਰਣ ਕਰਨਗੇ।

5. ਰੂਮੀ ਦੁਆਰਾ ਅਲ਼-ਖ਼ਿਜ਼੍ਰ ਦਾ ਜ਼ਿਕਰ। ਰੂਮੀ ਦੁਆਰਾ ਆਪਣੇ ਮੁਰਸ਼ਦ (ਗੁਰੂ) ਸਮਸਤਰਬੇਜ (Shams Tebrez) ਦੀ ਵਡਿਆਈ ਵਿੱਚ ਲਿਖੀਆਂ ਦੋ ਰਚਨਾਵਾਂ Mansnavi (ਮਸਨਵੀ) ਅਤੇ Diwan-e-Kabir (ਦੀਵਾਨ-ਏ-

ਕਬੀਰ) ਵਿੱਚ ਵੀ ਅਲ-ਖਿਜ਼ਰ ਦਾ ਜ਼ਿਕਰ ਹੈ।

**6. Hayat -al-Qulub (Volume 2) Battle of Badar**

**Aimrul Momineen** ਦੇ ਹਵਾਲੇ ਤੋਂ **Ibn Babawayh** ਦੱਸਦੇ ਹਨ:

ਅਲੀ ਬਿਆਨ ਕਰਦਾ ਹੈ ਕਿ ਬਦਰ ਦੀ ਲੜਾਈ ਤੋਂ ਪਹਿਲਾਂ ਇੱਕ ਰਾਤ ਅਲ -ਖਿਜ਼ਰ ਮੈਨੂੰ ਸੁਪਨੇ ਵਿੱਚ ਦਿਖਾਈ ਦਿੱਤੇ । ਮੈਂ ਉਹਨਾਂ ਨੂੰ ਕਿਹਾ ਕਿ ਕਿਰਪਾ ਕਰਕੇ ਮੈਨੂੰ ਅਜਿਹੀ ਦੁਆ (ਨਾਮ ਮੰਤਰ) ਦਵੋ ਜਿਸ ਨਾਲ ਮੈਂ ਲੜਾਈ ਵਿੱਚ ਜਿੱਤ ਹਾਸਲ ਕਰ ਸਕਾਂ। ਅਲ-ਖਿਜ਼ਰ ਨੇ ਮੈਨੂੰ ਕਿਹਾ ਪੜ੍ਹੋ **"O he, O one who is not except that He is."** ਸਵੇਰ ਹੋਣ ਤੇ ਮੈਂ ਇਸ ਦੀ ਚਰਚਾ ਹਜ਼ਰਤ ਮੁੰਹਮਦ ਨਾਲ ਕੀਤੀ। ਇਹ ਸੁਣ ਕੇ ਮੁੰਹਮਦ ਨੇ ਕਿਹਾ, ਅਲੀ! ਅਲ-ਖਿਜ਼ਰ ਨੇ ਤੁਹਾਨੂੰ ਅੱਲਾਹ ਦਾ ਸਭ ਤੋਂ ਵੱਡਾ ਨਾਮ ਸਿਖਾਇਆ ਹੈ । ਅਲੀ ਅੱਗੇ ਦੱਸਦਾ ਹੈ ਕਿ ਮੈਂ ਬਦਰ ਦੀ ਲੜਾਈ ਦੋਰਾਨ ਅਲ-ਖਿਜ਼ਰ ਦੁਆਰਾ ਦੱਸੇ ਵੱਡੇ ਨਾਵਾਂ ਨੂੰ ਲਗਾਤਾਰ ਯਾਦ ਕਰ ਰਿਹਾ ਸੀ।

## "ਇਸਲਾਮ ਦੀ ਅਣਸੁਲਝੀ ਪਹੇਲੀ"

ਜੇਕਰ ਪੁਨਰ ਜਨਮ ਨਾ ਮੰਨਿਆ ਜਾਵੇ ਤਾਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਸਲਾਮਿਕ ਬੁਲਾਰਿਆਂ ਦੇ ਕੋਲ ਨਹੀਂ ਹਨ:-

ਜਿਵੇਂ ਕੋਈ ਗ਼ਰੀਬ ਹੈ, ਕੋਈ ਅਮੀਰ ਹੈ। ਕੋਈ ਔਲਾਦ ਵਾਲਾ ਹੈ, ਕੋਈ ਬੇਔਲਾਦ ਹੈ। ਕੋਈ ਰਯੱਤ ਹੈ, ਕੋਈ ਮਹਾਰਾਜਾ ਸੁਲਤਾਨ ਹੈ। ਕੋਈ ਅੰਨ੍ਹਾਂ ਹੈ, ਕੋਈ ਲੰਗੜਾ ਹੈ, ਕੋਈ ਸਰਬ ਅੰਗਯੁਕਤ ਹੈ। ਇਹ ਵਿਚਾਰ ਕਰਨਾ ਜ਼ਰੂਰੀ ਹੈ ਕਿ ਉਪਰੋਕਤ ਅੰਤਰ ਕਿਸ ਕਾਰਣ ਹਨ। ਜੇਕਰ ਪੁਨਰ ਜਨਮ ਨਾ ਮੰਨੀਏ ਤਾਂ ਇਹ ਅਣਸੁਲਝੀ ਪਹੇਲੀ ਸਦਾ ਬਣੀ ਰਹੇਗੀ। ਜੇਕਰ ਅਸੀਂ ਪੁਨਰ ਜਨਮ ਮੰਨਦੇ ਹਾਂ ਤਾਂ ਸੁਲਝ ਜਾਂਦੀ ਹੈ। ਸੰਤ ਗਰੀਬ ਦਾਸ ਜੀ ਨੇ ਕਿਹਾ ਹੈ ਕਿ:- "ਪਿਛਲੇ ਜਪ-ਤਪ ਸੇ ਹੋਤ ਹੈਂ ਪੂਰਣ ਹੰਸ ਮੁਰਾਦ।"

ਅਰਥਾਤ ਹੇ ਭਗਤ ਆਤਮਾ! ਪਿਛਲੇ ਜਨਮ ਵਿੱਚ ਕੀਤੇ ਜਾਪ ਅਤੇ ਤਪ ਤੋਂ ਮੰਨਤ (ਮੁਰਾਦ) ਪੂਰਣ ਹੁੰਦੀ ਹੈ। ਪਹਿਲਾਂ ਵਾਲੇ ਜਨਮਾਂ ਵਿੱਚ ਜਿਸਨੇ ਜਿਹੋ ਜਿਹਾ ਜਪ ਅਤੇ ਤਪ ਕੀਤਾ ਹੈ ਜਾਂ ਪਾਪ-ਪੁੰਨ ਕੀਤਾ ਹੈ। ਉਸੇ ਦੇ ਅਧਾਰ ਤੇ ਕੋਈ ਰਾਜਾ ਬਣਿਆ ਹੈ, ਕੋਈ ਵੱਡਾ ਰਾਜ ਅਧਿਕਾਰੀ ਬਣਿਆ ਹੈ, ਕੋਈ ਵੱਡਾ ਸੇਠ ਅਮੀਰ ਬਣਿਆ ਹੈ। ਕੋਈ ਗਰੀਬ ਹੈ, ਕੋਈ ਅੰਨ੍ਹਾਂ ਹੈ, ਕੋਈ ਲੰਗੜਾ ਹੈ। ਕੋਈ ਰੋਗੀ ਹੈ, ਕੋਈ ਸਿਹਤਮੰਦ ਹੈ। ਕੋਈ ਨੌਕਰ ਹੈ, ਕੋਈ ਨੌਕਰਾਣੀ (ਔਰਤ) ਹੈ। ਕੋਈ ਰਾਣੀ, ਕੋਈ ਮਹਾਂਰਾਣੀ ਹੈ। ਕੋਈ ਪੂਰੀ ਉਮਰ ਜੀਵਤ ਰਹਿੰਦਾ ਹੈ, ਕੋਈ ਛੋਟੀ ਉਮਰ ਵਿੱਚ ਮਰ ਜਾਂਦਾ ਹੈ। ਕੋਈ ਪਸ਼ੂ ਹੈ, ਕੋਈ ਪੰਛੀ ਹੈ। ਕੋਈ ਗੰਦੀ ਨਾਲੀ ਦੇ ਕੀੜੇ ਹਨ। ਇਹ ਸਭ ਪਿਛਲੇ ਜਨਮਾਂ ਵਿੱਚ ਕੀਤੇ ਕਰਮਾਂ ਦੇ ਅਧਾਰ ਤੋਂ ਹੀ ਹੁੰਦਾ ਹੈ।

## "ਪੁਨਰਜਨਮ ਹੁੰਦਾ ਹੈ, ਪੜ੍ਹੋ ਢੇਰ ਸਾਰੇ ਪ੍ਰਮਾਣ"

### 7. ਸੁਲਤਾਨ ਇਬ੍ਰਾਹਿਮ ਇਬਨ ਅਧਮ

ਸੁਲਤਾਨ ਇਬ੍ਰਾਹਿਮ ਇਬਨ ਅਧਮ ਬਲਖੀ ਨੂੰ ਵੀ ਅਲ-ਖਿਜ਼੍ਰ ਦੇ ਦਰਸ਼ਨ ਹੋਇਆ ਕਰਦੇ ਸਨ ਅਤੇ ਉਹਨਾਂ ਤੋਂ ਇਲਮ ਪਾ ਕੇ ਇਬ੍ਰਾਹਿਮ ਨੇ ਰਾਜਗੱਦੀ ਤਿਆਗ ਦਿੱਤੀ ਅਤੇ ਬਾਕੀ ਦਾ ਜੀਵਨ ਅੱਲਾਹ ਦੀ ਇਬਾਦਤ ਵਿੱਚ ਗੁਜ਼ਾਰ ਦਿੱਤਾ। ਰੂਮੀ ਨੇ ਆਪਣੇ ਮੁਰਸ਼ਦ ਸਮਸਤਰਬੇਜ਼ ਨਾਲ ਮਿਲਣ ਤੋਂ ਬਾਅਦ ਲਿਖੀ ਪੁਸਤਕ "Masnavi" ਵਿੱਚ ਇਬ੍ਰਾਹਿਮ ਦੇ ਜੀਵਨ ਦਾ ਵਰਨਣ ਕੀਤਾ ਹੈ।

ਸੁਲਤਾਨ ਇਬ੍ਰਾਹਿਮ ਇਬਨ ਅਧਮ ਨੂੰ ਅਲ ਕਬੀਰ ਮਿਲੇ ਸਨ। ਵਾਰ-ਵਾਰ ਸਮ-ਝਾਉਣ ਦੇ ਬਾਅਦ ਰਾਜ ਤਿਆਗ ਕੇ ਮੁਕਤੀ ਲਈ ਨਿੱਕਲੇ ਸਨ। ਕਿਰਪਾ ਕਰਕੇ ਪੜ੍ਹੋ ਅੱਲਾਹ ਕਬੀਰ (ਪ੍ਰਮੇਸ਼ਵਰ ਕਬੀਰ) ਨੇ ਸੁਲਤਾਨ ਇਬ੍ਰਾਹਿਮ ਨੂੰ ਕਿਵੇਂ ਕਾਲ ਦੇ ਜਾ.ਲ ਵਿੱਚੋਂ ਕੱਢਿਆ?

### "ਸੰਮਨ ਵਾਲੀ ਆਤਮਾ ਹੀ ਸੁਲਤਾਨ ਇਬ੍ਰਾਹਿਮ ਸੀ"

ਜਿਸ ਸਮੇਂ ਪਰਮੇਸ਼ਵਰ ਕਬੀਰ ਜੀ ਨੇ ਕਾਸ਼ੀ ਵਿੱਚ ਇੱਕ ਸੌ ਵੀਹ ਸਾਲ ਲੀਲਾ ਕੀਤੀ ਸੀ, ਉਸ ਸਮੇਂ ਦਿੱਲੀ ਦੇ ਨਿਵਾਸੀ ਸੰਮਨ ਜਾਤੀ ਤੋਂ ਮਨਿਆਰ, ਉਸਦੀ ਪਤਨੀ ਨੇਕੀ ਅਤੇ ਪੁੱਤਰ ਸ਼ਿਵ (ਸੇਊ) ਨੇ ਪਰਮੇਸ਼ਵਰ ਤੋਂ ਨਾਮ ਉਪਦੇਸ਼ ਲਿਆ ਸੀ। ਆਰਥਿਕ ਸਥਿਤੀ ਕਮਜ਼ੋਰ ਸੀ। ਪਰਮਾਤਮਾ ਦੇ ਉਪਦੇਸ਼ ਦਾ ਦ੍ਰਿੜਤਾ ਨਾਲ ਪਾਲਣ ਕਰਦੇ ਸਨ। ਪਰਮੇਸ਼ਵਰ 'ਤੇ ਪੂਰਣ ਵਿਸ਼ਵਾਸ ਸੀ। ਦੋਵੇਂ ਪਤੀ-ਪਤਨੀ ਔਰਤਾਂ ਨੂੰ ਚੂੜੀ ਚੜ੍ਹਾਉਣ ਦਾ ਕੰਮ ਘਰ-ਘਰ ਜਾ ਕੇ ਕਰਦੇ ਸਨ। ਨਾਲ ਹੀ ਆਪਣੇ ਗੁਰੂਦੇਵ ਕਬੀਰ ਜੀ ਦੀ ਮਹਿਮਾ ਵੀ ਕਰਿਆ ਕਰਦੇ ਸੀ।

ਦੱਸਿਆ ਕਰਦੇ ਸੀ ਕਿ ਸਾਡੇ ਸਤਿਗੁਰੂ ਦੇਵ ਜੀ ਨੇ ਰਾਜਾ ਸਿਕੰਦਰ ਲੋਧੀ ਦਾ ਲਾਇਲਾਜ ਰੋਗ ਅਸ਼ੀਰਵਾਦ ਨਾਲ ਹੀ ਠੀਕ ਕਰ ਦਿੱਤਾ। ਬਾਦਸ਼ਾਹ ਸਿਕੰਦਰ ਨੇ ਸਵਾਮੀ ਰਾਮਾਨੰਦ ਜੀ ਦੀ ਗਰਦਨ ਕੱਟ ਦਿੱਤੀ ਸੀ। ਉਸਨੂੰ ਸਤਿਗੁਰੂ ਕਬੀਰ ਜੀ ਨੇ ਧੜ ਨਾਲ ਗਰਦਨ ਜੋੜ ਕੇ ਜੀਵਤ ਕਰ ਦਿੱਤਾ। ਇੱਕ ਕਮਾਲ ਨਾਮ ਦਾ ਲੜਕਾ ਮਰ ਗਿਆ ਸੀ। ਉਸ ਦੇ ਕਬੀਲੇ ਵਾਲਿਆਂ ਨੇ ਅੰਤਿਮ ਸੰਸਕਾਰ ਰੂਪ ਵਿੱਚ ਦਰਿਆ ਵਿੱਚ ਪ੍ਰਵਾਹ ਕਰ ਦਿੱਤਾ ਸੀ। ਸ਼ੇਖਤਕੀ ਜੋ ਰਾਜਾ ਸਿਕੰਦਰ ਜੀ ਦਾ ਧਰਮਗੁਰੂ ਹੈ, ਉਸਨੂੰ ਵਿਸ਼ਵਾਸ ਨਹੀਂ ਸੀ ਕਿ ਰਾਮਾਨੰਦ ਜੀ ਦੀ ਗਰਦਨ ਕੱਟਣ ਦੇ ਬਾਅਦ ਵੀ ਕਬੀਰ ਜੀ ਨੇ ਜੀਵਤ ਕਰ ਦਿੱਤਾ। ਉਹ ਰਾਜੇ ਨੂੰ ਕਹਿੰਦਾ ਸੀ ਕਿ ਕਬੀਰ ਜੰਤਰ-ਮੰਤਰ ਜਾਣਦਾ ਹੈ ਹੋਰ ਕੁੱਝ ਨਹੀਂ ਹੈ, ਮੁਰਦੇ ਕਦੇ ਜਿੰਦਾ ਹੁੰਦੇ ਹਨ। ਮੇਰੇ ਸਾਹਮਣੇ ਕੋਈ ਮੁਰਦਾ ਜਿੰਦਾ ਕਰੇ ਤਾਂ ਮੰਨਾ।

ਰਾਜਾ ਸਿੰਕਦਰ ਨੂੰ ਕਬੀਰ ਜੀ ਤੇ ਪੂਰਣ ਵਿਸ਼ਵਾਸ ਸੀ ਕਿਉਂਕਿ ਉਹ ਤਾਂ ਰੋਗ ਤੋਂ ਮਹਾਂਦੁਖੀ ਸੀ ਅਤੇ ਰਾਮਾਨੰਦ ਸਵਾਮੀ ਜੀ ਨੂੰ ਆਪਣੇ ਹੱਥਾਂ ਨਾਲ ਕਤਲ ਕੀਤਾ ਸੀ। ਉਸਦੇ ਸਾਹਮਣੇ ਕਬੀਰ ਜੀ ਨੇ ਜੀਵਤ ਕੀਤਾ ਸੀ। ਉਸ ਦਿਨ ਸ਼ੇਖਤਕੀ ਵੀ ਦਰਿਆ ਤੇ ਮੌਜੂਦ ਸੀ। ਮੁਰਦੇ ਨੂੰ ਦੇਖ ਕੇ ਕਿਹਾ ਕਿ ਜੇਕਰ ਮੇਰੇ ਸਾਹਮਣੇ ਇਸ ਮੁਰਦੇ ਨੂੰ ਜ਼ਿੰਦਾ ਕਰ ਦਵੇ ਤਾਂ ਮੈਂ ਕਬੀਰ ਨੂੰ ਅੱਲਾਹ ਦਾ ਨਬੀ ਮੰਨ ਲਵਾਂਗਾ।

ਕਬੀਰ ਜੀ ਨੇ ਕਿਹਾ ਕਿ ਹੇ ਸ਼ੇਖ ਜੀ! ਤੁਸੀਂ ਵੀ ਬਹੁਤ ਪਹੁੰਚੇ ਹੋਏ ਪੀਰ ਹੋ, ਤੁਸੀਂ ਕੋਸ਼ਿਸ਼ ਕਰੋ, ਬਾਅਦ ਵਿੱਚ ਕਹੋਗੇ ਕਿ ਮੈਂ ਵੀ ਕਰ ਦਿੰਦਾ। ਮੌਜੂਦ ਸਾਰੇ

ਮੰਤਰੀਆਂ ਅਤੇ ਬਾਦਸ਼ਾਹ ਨੇ ਵੀ ਇਹੀ ਕਿਹਾ ਕਿ ਤੁਸੀਂ ਕਿਹੜਾ ਕੋਈ ਛੋਟੀ ਹਸਤੀ ਹੋ? ਕਰ ਦਿਓ ਕੰਮ।

ਸ਼ੇਖਤਕੀ ਨੇ ਸ਼ਰਮ ਦੇ ਮਾਰੇ ਜੰਤਰ-ਮੰਤਰ ਕੀਤੇ, ਪ੍ਰੰਤੂ ਵਿਅਰਥ। ਕਿਹਾ ਕਿ ਮੁਰਦੇ ਜ਼ਿੰਦਾ ਨਹੀਂ ਹੋਇਆ ਕਰਦੇ। ਕਬੀਰ ਤਾਂ ਚਾਹੁੰਦਾ ਹੈ ਕਿ ਮੁਰਦਾ ਵਹਿ ਕੇ ਦੂਰ ਚਲਾ ਜਾਏ ਅਤੇ ਇੱਜ਼ਤ ਰਹਿ ਜਾਏ। ਉਹ ਚਲਾ ਗਿਆ ਮੁਰਦਾ। ਕਬੀਰ ਜੀ ਨੇ ਆਪਣੇ ਹੱਥ ਦਾ ਇਸ਼ਾਰਾ ਕੀਤਾ ਅਤੇ ਕਿਹਾ ਮੁਰਦੇ ਵਾਪਸ ਆਓ। ਇੰਜ਼ਨ ਵਾਲੀ ਕਿਸ਼ਤੀ ਵਾਂਗ ਬੱਚੇ ਦੀ ਲਾਸ਼ ਵਾਪਸ ਆ ਗਈ। ਕਬੀਰ ਜੀ ਨੇ ਕਿਹਾ, ਹੇ ਜੀਵਾਤਮਾ! ਜਿੱਥੇ ਵੀ ਹੈ, ਕਬੀਰ ਹੁਕਮ ਨਾਲ ਲਾਸ਼ ਵਿੱਚ ਪ੍ਰਵੇਸ਼ ਕਰ ਅਤੇ ਬਾਹਰ ਆਓ। ਉਸੇ ਸਮੇਂ ਉਹ 12 ਸਾਲਾਂ ਦਾ ਬੱਚਾ ਜ਼ਿੰਦਾ ਹੋ ਕੇ ਦਰਿਆ ਤੋਂ ਬਾਹਰ ਆ ਗਿਆ। ਮੌਜੂਦ ਦਰਸ਼ਕਾਂ ਨੇ ਕਿਹਾ, ਕਬੀਰ ਜੀ! ਕਮਾਲ ਕਰ ਦਿੱਤਾ। ਬੱਚੇ ਦਾ ਨਾਮ ਕਮਾਲ ਰੱਖ ਦਿੱਤਾ। ਪਰਮਾਤਮਾ ਕਬੀਰ ਜੀ ਨੇ ਉਸ ਬੱਚੇ ਕਮਾਲ ਨੂੰ ਆਪਣੇ ਘਰ ਬੱਚੇ ਦੀ ਤਰ੍ਹਾਂ ਪਾਲਿਆ । ਸ਼ੇਖਤਕੀ ਸ਼ਰਮ ਦੇ ਮਾਰੇ ਪਾਣੀ-ਪਾਣੀ ਹੋ ਗਿਆ, ਪ੍ਰੰਤੂ ਮੰਨਿਆ ਨਹੀਂ। ਕਹਿਣ ਲੱਗਾ ਕਿ ਬੱਚੇ ਨੂੰ ਸਦਮਾ ਹੋਇਆ ਸੀ। ਗ਼ਲਤੀ ਨਾਲ ਮਰਿਆ ਜਾਣ ਕੇ ਜਲ ਪ੍ਰਵਾਹ ਕਰ ਦਿੱਤਾ ਸੀ। ਉਦੋਂ ਜਾਣਾਂ, ਮੇਰੀ ਪੁੱਤਰੀ ਕਈ ਦਿਨਾਂ ਤੋਂ ਕਬਰ ਵਿੱਚ ਦੱਬੀ ਹੋਈ ਹੈ। ਉਹ ਮੌਤ ਨੂੰ ਪ੍ਰਾਪਤ ਹੋ ਚੁੱਕੀ ਹੈ। ਉਸਨੂੰ ਕਬੀਰ ਜ਼ਿੰਦਾ ਕਰ ਦਵੇ।

ਪਰਮੇਸ਼ਵਰ ਕਬੀਰ ਜੀ ਨੇ ਕਿਹਾ ਕਿ ਦੋ ਦਿਨ ਬਾਅਦ ਤੇਰੀ ਪੁੱਤਰੀ ਨੂੰ ਜੀਵਤ ਕਰ ਦੇਵਾਂਗਾ। ਆਲ਼ੇ ਦੁਆਲੇ ਦੇ ਪਿੰਡਾਂ ਅਤੇ ਦਿੱਲੀ ਵਿੱਚ ਮੁਨਿਆਦੀ ਕਰਵਾ ਦਿਓ ਕਿ ਸਭ ਆ ਕੇ ਦੇਖਣ। ਅਜਿਹਾ ਹੀ ਕੀਤਾ ਗਿਆ। ਕਬਰ ਤੋੜ ਦਿੱਤੀ ਗਈ। ਕਬੀਰ ਪਰਮੇਸ਼ਵਰ ਜੀ ਨੇ ਕਿਹਾ, ਸ਼ੇਖ਼ ਜੀ! ਕੋਸ਼ਿਸ਼ ਕਰੋ, ਕਿਤੇ ਬਾਅਦ ਵਿੱਚ ਕਹੋ ਕਿ ਲੜਕੀ ਸਦਮੇ ਵਿੱਚ ਸੀ। ਮੌਜੂਦ ਜਨਤਾ ਨੇ ਕਿਹਾ ਕਿ ਕਬੀਰ ਜੀ! ਜੇਕਰ ਸ਼ੇਖ ਵਿੱਚ ਸ਼ਕਤੀ ਹੁੰਦੀ ਤਾਂ ਆਪਣੀ ਪੁੱਤਰੀ ਨੂੰ ਕਿਵੇਂ ਮਰਨ ਦਿੰਦਾ? ਤੁਸੀਂ ਕੋਸ਼ਿਸ਼ ਕਰੋ। ਕਬੀਰ ਜੀ ਨੇ ਕਿਹਾ ਕਿ ਹੇ ਸ਼ੇਖਤਕੀ ਦੀ ਪੁੱਤਰੀ! ਜੀਵਤ ਹੋ ਜਾ! ਲੜਕੀ ਜੀਵਤ ਨਹੀਂ ਹੋਈ। ਅਜਿਹਾ ਦੋ ਵਾਰ ਕਿਹਾ। ਲੜਕੀ ਜੀਵਤ ਨਹੀਂ ਹੋਈ। ਸ਼ੇਖਤਕੀ ਨੂੰ ਆਪਣੀ ਪੁੱਤਰੀ ਦੇ ਜ਼ਿੰਦਾ ਨਾ ਹੋਣ ਦਾ ਦੁੱਖ ਨਹੀਂ, ਕਬੀਰ ਜੀ ਦੀ ਹਾਰ ਦੀ ਖ਼ੁਸ਼ੀ ਮਨਾਉਣ ਲੱਗਾ ਅਤੇ ਤਾੜੀ ਵਜਾਉਂਦੇ ਹੋਏ ਨੱਚਣ ਲੱਗਾ। ਕਬੀਰ ਜੀ ਨੇ ਕਿਹਾ, ਹੇ ਜੀਵਾਤਮਾ! ਜਿੱਥੇ ਵੀ ਹੈ, ਕਬੀਰ ਹੁਕਮ ਨਾਲ ਆਪਣੇ ਸਰੀਰ ਵਿੱਚ ਪ੍ਰਵੇਸ਼ ਕਰ ਅਤੇ ਕਬਰ ਵਿੱਚੋਂ ਬਾਹਰ ਆਓ। ਕਹਿਣ ਦੀ ਦੇਰ ਸੀ, ਉਸੇ ਸਮੇਂ 12 ਸਾਲਾ ਲੜਕੀ ਦੇ ਸਰੀਰ ਵਿੱਚ ਹਲਚਲ ਹੋਈ ਅਤੇ ਲੜਕੀ ਉੱਠ ਕੇ ਬਾਹਰ ਆਈ ਅਤੇ ਕਬੀਰ ਜੀ ਨੂੰ ਦੰਡੌਤ ਪ੍ਰਣਾਮ ਕੀਤੀ । ਪਰਮੇਸ਼ਵਰ ਕਬੀਰ ਜੀ ਨੇ ਕਿਹਾ ਕਿ ਹੇ ਸ਼ੇਖਤਕੀ ਦੀ ਪੁੱਤਰੀ! ਆਪਣੇ ਪਿਤਾ ਦੇ ਨਾਲ ਘਰ ਜਾਓ। ਸ਼ੇਖਤਕੀ ਨੇ ਵੀ ਪੁੱਤਰੀ ਦਾ ਹੱਥ ਫੜਿਆ ਅਤੇ ਘਰ ਚੱਲਣ ਨੂੰ ਕਿਹਾ। ਲੜਕੀ ਦਾ ਨਾਮ ਕਮਾਲੀ ਰੱਖਿਆ ਕਿਉਂਕਿ ਉੱਥੇ ਮੌਜੂਦ ਜਨਤਾ ਨੇ ਕਿਹਾ, ਕਮਾਲ ਹੈ, ਕਮਾਲ ਹੈ। ਇਸਲਈ ਕਮਾਲੀ ਨਾਮ ਰੱਖਿਆ।

ਕਮਾਲੀ ਨੇ ਕਿਹਾ ਕਿ ਸ਼ੇਖਤਕੀ ਦੇ ਵੱਲੋਂ ਤਾਂ ਮੈਂ ਯਮਰਾਜ ਦੇ ਕੋਲ਼ ਜਾ ਚੁੱਕੀ ਸੀ। ਹੁਣ ਤਾਂ ਮੈਂ ਅੱਲਾਹ ਅਕਬਰ ਦੀ ਪੁੱਤਰੀ ਹਾਂ। ਇਹ ਕਬੀਰ ਖ਼ੁਦ ਅੱਲਾਹ ਹਨ। ਇਸ ਪ੍ਰਕਾਰ ਲੜਕੀ ਨੇ ਕਬੀਰ ਪਰਮੇਸ਼ਵਰ ਜੀ ਦੇ ਅਸ਼ੀਰਵਾਦ ਨਾਲ ਡੇਢ ਘੰਟੇ ਤੱਕ ਪ੍ਰਵਚਨ ਕੀਤੇ। ਆਪਣੇ ਪਹਿਲੇ ਜਨਮਾਂ ਦੀ ਜਾਣਕਾਰੀ ਦਿੱਤੀ ਕਿ ਇੱਕ ਵਾਰ ਮੈਂ ਰਾ-

ਬੀਆ ਸੀ। ਉਸ ਸਮੇਂ 12 ਸਾਲ ਦੀ ਉਮਰ ਵਿੱਚ ਕਬੀਰ ਜੀ ਮਿਲੇ ਸਨ। ਮੈਂ 4 ਸਾਲ ਇਹਨਾਂ ਦੀ ਦੱਸੀ ਸਾਧਨਾ ਕੀਤੀ ਸੀ। ਫਿਰ ਆਪਣੇ ਮੁਸਲਮਾਨ ਧਰਮ ਵਾਲੀ ਸਾਧਨਾ ਕਰਨ ਲੱਗ ਗਈ ਸੀ ਜੋ ਵਿਅਰਥ ਸੀ। ਫਿਰ ਮੈਂ ਬਾਂਸੁਰੀ ਨਾਂ ਦੀ ਲੜਕੀ ਬਣੀ। ਮੱਕੇ ਵਿੱਚ ਆਪਣਾ ਸਰੀਰ ਵੀ ਕੱਟ ਕੇ ਸਮਰਪਿਤ ਕਰ ਦਿੱਤਾ ਸੀ। ਅਗਲੇ ਜਨਮ ਵਿੱਚ ਮੈਂ ਵੇਸ਼ਵਾ ਦਾ ਜੀਵਨ ਬਤੀਤ ਕੀਤਾ। ਉਹ 4 ਸਾਲ ਦੀ ਸੱਚੀ ਭਗਤੀ ਨਾਲ ਮੈਨੂੰ 2.5 (ਢਾਈ) ਜਨਮ ਮਨੁੱਖ ਦੇ ਮਿਲੇ ਸਨ । ਹੁਣ ਮੇਰਾ ਕੋਈ ਮਨੁੱਖ ਜੀਵਨ ਬਾਕੀ ਨਹੀਂ ਸੀ। ਪਸ਼ੂ ਦੀ ਜੂਨੀ ਵਿੱਚ ਜਾਣਾ ਸੀ। ਉਸੇ ਸਮੇਂ ਪਰਮੇਸ਼ਵਰ ਕਬੀਰ ਜੀ ਧਰਮਰਾਜ ਦੇ ਕੋ.ਲ ਗਏ ਅਤੇ ਮੈਨੂੰ ਛੁੜਵਾ ਕੇ ਲੈ ਆਏ ਅਤੇ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ। ਇਹਨਾਂ ਦੀ ਕਿਰਪਾ ਨਾਲ ਮੈਨੂੰ ਮਨੁੱਖੀ ਜੀਵਨ ਮਿਲਿਆ ਹੈ। ਹੁਣ ਮੈਂ ਆਪਣੇ ਅਸਲ ਪਿਤਾ ਅੱਲਾਹ ਕਬੀਰ ਜੀ ਨਾਲ ਰਹਾਂਗੀ।

ਕਬੀਰ ਜੀ ਨੇ ਕਮਾਲੀ ਨੂੰ ਪੁੱਤਰੀ ਦੀ ਤਰ੍ਹਾਂ ਪਾਲਿਆ ਅਤੇ ਆਪਣੇ ਘਰੇ ਰੱਖਿਆ। ਮੌਜੂਦ ਲੱਖਾਂ ਦੀ ਗਿਣਤੀ ਵਿੱਚ ਦਰਸ਼ਕਾਂ ਨੇ ਪ੍ਰਮੇਸ਼ਵਰ ਕਬੀਰ ਜੀ ਤੋਂ ਨਾਮ ਉਪਦੇਸ਼ ਲਿਆ। ਸਭ ਨੂੰ ਪ੍ਰਥਮ 5 ਮੰਤਰਾਂ ਦਾ ਉਪਦੇਸ਼ ਦਿੱਤਾ। {ਇਸ ਤਰ੍ਹਾਂ ਕਬੀਰ ਜੀ ਦੇ ਉਸ ਸਮੇਂ 64 ਲੱਖ ਸ਼ਿਸ਼ ਹੋ ਗਏ। ਉਹ ਚਮਤਕਾਰ ਦੇਖ ਕੇ ਹੀ ਸ਼ਰਣ ਵਿੱਚ ਆਏ ਸਨ।} ਦਿੱਲੀ ਨਗਰ ਦੀਆਂ ਔਰਤਾਂ ਨੇਕੀ ਅਤੇ ਸੰਮਨ ਤੋਂ ਇਹ ਅਨੋਖੀਆਂ ਗੱਲਾਂ ਸੁਣਕੇ ਬਾਅਦ ਵਿੱਚ ਚਰਚਾ ਕਰਦੀਆਂ ਸਨ ਕਿ ਕੀ ਇਹ ਗੱਲਾਂ ਸੰਭਵ ਹੋ ਸਕਦੀਆਂ ਹਨ? ਕੁੱਝ ਤਾਂ ਕਹਿੰਦੀਆਂ ਸੀ ਕਿ ਮੇਰਾ ਪਤੀ ਵੀ ਉਸ ਸਮੇਂ ਉੱਥੇ ਹਾਜ਼ਰ ਸੀ। ਜਦੋਂ ਸ਼ੇਖ ਦੀ ਲੜਕੀ ਕਬਰ ਵਿੱਚੋਂ ਕੱਢ ਕੇ ਜੀਵਤ ਕੀਤੀ ਗਈ ਸੀ, ਪ੍ਰੰਤੂ ਮੇਰਾ ਪਤੀ ਇਸ ਗੱਲ ਤੋਂ ਨਰਾਜ਼ ਹੋਇਆ ਕਿ ਕਬੀਰ ਕਿਉਂ ਲੈ ਗਿਆ ਲੜਕੀ ਨੂੰ? ਜਿਸਦੀ ਪੁੱਤਰੀ ਸੀ, ਉਸਨੂੰ ਸੌਂਪ ਦੇਣੀ ਸੀ। ਭਾਵਰਥ ਹੈ ਕਿ ਕੁੱਲ ਮਿਲਾ ਕੇ ਉਹ ਔਰਤਾਂ ਅੰਦਰੋਂ ਮਜ਼ਾਕ ਰੂਪ ਵਿੱਚ ਮੰਨਦੀਆਂ ਸੀ, ਪ੍ਰੰਤੂ ਉਨ੍ਹਾਂ ਦੇ ਸਾਹਮਣੇ ਚੁੱਪ ਰਹਿ ਜਾਂਦੀਆਂ ਸੀ।

## "ਨੇਕੀ-ਸੇਊ-ਸੰਮਨ ਦੇ ਬਲੀਦਾਨ ਦੀ ਕਥਾ"

ਇੱਕ ਸਮੇਂ ਸਾਹਿਬ ਕਬੀਰ ਆਪਣੇ ਭਗਤ ਸੰਮਨ ਦੇ ਘਰ ਅਚਾਨਕ ਦੋ ਸੇਵਕਾਂ (ਕਮਾਲ ਅਤੇ ਸ਼ੇਖ ਫ਼ਰੀਦ) ਦੇ ਨਾਲ ਪਹੁੰਚ ਜਾਂਦੇ ਹਨ। ਸੰਮਨ ਦੇ ਘਰ ਕੁੱਲ ਤਿੰਨ ਜਣੇ ਸੀ। ਸੰਮਨ, ਸੰਮਨ ਦੀ ਪਤਨੀ ਨੇਕੀ ਅਤੇ ਸੰਮਨ ਦਾ ਪੁੱਤਰ ਸੇਊ (ਸ਼ਿਵ)। ਭਗਤ ਸੰਮਨ ਇੰਨਾਂ ਗਰੀਬ ਸੀ ਕਿ ਕਈ ਵਾਰ ਅੰਨ ਵੀ ਘਰ ਵਿੱਚ ਨਹੀਂ ਹੁੰਦਾ ਸੀ। ਸਾਰਾ ਪਰਿਵਾਰ ਭੁੱਖਾ ਸੌਂ ਜਾਂਦਾ ਸੀ। ਅੱਜ ਉਹੀ ਦਿਨ ਸੀ। ਭਗਤ ਸੰਮਨ ਨੇ ਆਪਣੇ ਗੁਰੂਦੇਵ ਕਬੀਰ ਸਾਹਿਬ ਨੂੰ ਪੁੱਛਿਆ ਕਿ ਸਾਹਿਬ ਖਾਣ ਦਾ ਵਿਚਾਰ ਦੱਸੋ, ਖਾਣਾ ਕਦੋਂ ਖਾਓਗੇ?

ਕਬੀਰ ਸਾਹਿਬ ਨੇ ਕਿਹਾ ਕਿ ਭਾਈ ਭੁੱਖ ਲੱਗੀ ਹੈ। ਭੋਜਨ ਬਣਾਓ। ਸੰਮਨ ਅੰਦਰ ਘਰ ਜਾ ਕੇ ਆਪਣੀ ਪਤਨੀ ਨੇਕੀ ਨੂੰ ਬੋਲਿਆ ਕਿ ਸਾਡੇ ਘਰ ਆਪਣੇ ਗੁਰੂਦੇਵ ਆਏ ਹਨ। ਜਲਦੀ ਨਾਲ ਭੋਜਨ ਤਿਆਰ ਕਰੋ।

ਨੇਕੀ ਨੇ ਕਿਹਾ ਕਿ ਘਰ ਵਿੱਚ ਅੰਨ ਦਾ ਇੱਕ ਦਾਣਾ ਵੀ ਨਹੀਂ ਹੈ।

ਸੰਮਨ ਨੇ ਕਿਹਾ ਗੁਆਂਢੀਆਂ ਤੋਂ ਉਧਾਰ ਮੰਗ ਲਿਆਓ।

ਨੇਕੀ ਨੇ ਕਿਹਾ ਕਿ ਮੈਂ ਮੰਗਣ ਗਈ ਸੀ ਪਰ ਕਿਸੇ ਨੇ ਵੀ ਉਧਾਰ ਆਟਾ ਨਹੀਂ ਦਿੱਤਾ। ਉਨ੍ਹਾਂ ਨੇ ਆਟਾ ਹੁੰਦੇ ਹੋਏ ਵੀ ਜਾਣ-ਬੁੱਝ ਕੇ ਨਹੀਂ ਦਿੱਤਾ ਅਤੇ ਕਹਿ

ਰਹੇ ਹਨ ਕਿ ਅੱਜ ਤੁਹਾਡੇ ਘਰ ਤੁਹਾਡੇ ਗੁਰੂ ਜੀ ਆਏ ਹਨ। ਤੁਸੀਂ ਕਿਹਾ ਕਰਦੇ ਸੀ ਕਿ ਸਾਡੇ ਗੁਰੂ ਜੀ ਤਾਂ ਭਗਵਾਨ ਹਨ। ਤੁਹਾਡੇ ਗੁਰੂ ਜੀ ਭਗਵਾਨ ਹਨ ਤਾਂ ਤੁਹਾਨੂੰ ਮੰਗਣ ਦੀ ਜ਼ਰੂਰਤ ਕਿਉਂ ਪਈ? ਇਹ ਹੀ ਭਰ ਦੇਣਗੇ ਤੁਹਾਡੇ ਘਰ ਨੂੰ ਆਦਿ-ਆਦਿ ਕਹਿ ਕੇ ਮਜ਼ਾਕ ਕਰਨ ਲੱਗੇ।

ਸੰਮਨ ਨੇ ਕਿਹਾ ਲਿਆਓ ਤੁਹਾਡੀ ਚੁੰਨੀ ਗਿਰਵੀ ਰੱਖ ਕੇ ਤਿੰਨ ਸੇਰ ਆਟਾ ਲੈ ਆਉਂਦਾ ਹਾਂ। ਨੇਕੀ ਨੇ ਕਿਹਾ ਇਹ ਚੁੰਨੀ ਫਟੀ ਹੋਈ ਹੈ। ਇਸਨੂੰ ਕੋਈ ਗਿਰਵੀ ਨਹੀਂ ਰੱਖਦਾ। ਸੰਮਨ ਸੋਚਾਂ ਵਿੱਚ ਪੈ ਜਾਂਦਾ ਹੈ ਅਤੇ ਆਪਣੀ ਮਾੜੀ ਕਿਸਮਤ ਨੂੰ ਕੋਸਦੇ ਹੋਏ ਕਹਿੰਦਾ ਹੈ ਕਿ ਮੈਂ ਕਿੰਨਾ ਮੰਦਭਾਗਾ ਹਾਂ। ਅੱਜ ਘਰ ਭਗਵਾਨ ਆਏ ਅਤੇ ਮੈਂ ਉਹਨਾਂ ਨੂੰ ਭੋਜਨ ਵੀ ਨਹੀਂ ਕਰਵਾ ਸਕਦਾ। ਹੇ ਪਰਮਾਤਮਾ! ਅਜਿਹੇ ਪਾਪੀ ਪ੍ਰਾਣੀ ਨੂੰ ਧਰਤੀ ਤੇ ਕਿਉਂ ਭੇਜਿਆ। ਮੈਂ ਇੰਨਾਂ ਨੀਚ ਰਿਹਾ ਹੋਵਾਂਗਾ ਕਿ ਪਿਛਲੇ ਜਨਮ ਵਿੱਚ ਕੋਈ ਪੁੰਨ ਨਹੀਂ ਕੀਤਾ। ਹੁਣ ਸਤਿਗੁਰੂ ਨੂੰ ਕੀ ਮੂੰਹ ਦਿਖਾਵਾਂ? ਇਹ ਕਹਿ ਕੇ ਅੰਦਰ ਕੋਠੇ ਵਿੱਚ ਜਾ ਕੇ ਫੁੱਟ-ਫੁੱਟ ਕੇ ਰੋਣ ਲੱਗਾ।

ਤਦ ਉਸਦੀ ਪਤਨੀ ਨੇਕੀ ਕਹਿਣ ਲੱਗੀ ਕਿ ਹਿੰਮਤ ਕਰੋ। ਰੋਵੋ ਨਾ। ਪਰਮ-ਾਤਮਾ ਆਏ ਹਨ। ਇਹਨਾਂ ਨੂੰ ਠੇਸ ਪਹੁੰਚੇਗੀ। ਸੋਚਣਗੇ ਸਾਡੇ ਆਉਣ ਕਰਕੇ ਤੰਗ ਹੋ ਕੇ ਰੋ ਰਿਹਾ ਹੈ। ਸੰਮਨ ਚੁੱਪ ਹੋਇਆ। ਫੇਰ ਨੇਕੀ ਨੇ ਕਿਹਾ ਅੱਜ ਰਾਤ ਨੂੰ ਦੋਵੇਂ ਪਿਤਾ ਪੁੱਤਰ ਜਾ ਕੇ ਤਿੰਨ ਸੇਰ (ਪੁਰਾਣਾ ਵੱਟੇ ਕਿਲੋ ਗ੍ਰਾਮ ਦੇ ਲਗਭਗ) ਆਟਾ ਚੁਰਾ ਕੇ ਲਿਆਉਣਾ । ਸਿਰਫ਼ ਸੰਤ ਅਤੇ ਭਗਤਾਂ ਦੇ ਲਈ।

ਤਦ ਲੜਕਾ ਸੇਊ ਬੋਲਿਆ ਮਾਂ - ਗੁਰੂ ਜੀ ਕਹਿੰਦੇ ਹਨ ਚੋਰੀ ਕਰਨਾ ਪਾਪ ਹੈ। ਫਿਰ ਤੁਸੀਂ ਵੀ ਮੈਨੂੰ ਸਿੱਖਿਆ ਦਿਆ ਕਰਦੇ ਸੀ ਕਿ ਪੁੱਤਰ ਕਦੇ ਚੋਰੀ ਨਹੀਂ ਕਰਨੀ ਚਾਹੀਦੀ। ਜੋ ਚੋਰੀ ਕਰਦੇ ਹਨ ਉਹਨਾਂ ਦਾ ਸਰਬ ਨਾਸ਼ ਹੁੰਦਾ ਹੈ। ਅੱਜ ਤੁਸੀਂ ਇਹ ਕੀ ਕਹਿ ਰਹੀ ਹੋ ਮਾਂ? ਕੀ ਅਸੀਂ ਪਾਪ ਕਰਾਗੇਂ ਮਾਂ? ਆਪਣਾ ਭਜਨ ਨਸ਼ਟ ਹੋ ਜਾਵੇਗਾ। ਮਾਂ ਅਸੀਂ ਚੌਰਾਸੀ ਲੱਖ ਜੂਨਾਂ ਵਿੱਚ ਕਸ਼ਟ ਪਾਵਾਂਗੇ। ਅਜਿਹਾ ਨਾ ਕਹੋ ਮਾਂ। ਮਾਂ ਤੁਹਾਨੂੰ ਮੇਰੀ ਸਹੁੰ।

ਤਦ ਨੇਕੀ ਨੇ ਕਿਹਾ ਪੁੱਤਰ ਤੂੰ ਠੀਕ ਕਹਿ ਰਿਹਾ ਹੈ। ਚੋਰੀ ਕਰਨਾ ਪਾਪ ਹੈ ਪ੍ਰੰਤੂ ਪੁੱਤਰ ਅਸੀਂ ਆਪਣੇ ਲਈ ਨਹੀਂ ਸੰਤਾਂ ਲਈ ਕਰਾਂਗੇ। ਜਿਸ ਨਗਰ ਵਿੱਚ ਗੁਜ਼ਾਰਾ ਕੀਤਾ ਹੈ। ਇਸਦੀ ਰੱਖਿਆ ਲਈ ਚੋਰੀ ਕਰਾਂਗੇ । ਨੇਕੀ ਨੇ ਕਿਹਾ ਪੁੱਤਰ-ਇਸ ਨਗਰ ਦੇ ਲੋਕ ਸਾਡੇ ਤੋਂ ਬਹੁਤ ਚਿੜ੍ਹਦੇ ਹਨ। ਅਸੀਂ ਇਹਨਾਂ ਨੂੰ ਕਿਹਾ ਸੀ ਕਿ ਸਾਡੇ ਗੁਰੂਦੇਵ ਕਬੀਰ ਸਾਹਿਬ (ਪੂਰਣ ਪਰਮਾਤਮਾ) ਧਰਤੀ ਤੇ ਆਏ ਹੋਏ ਹਨ। ਇਹਨਾਂ ਨੇ ਇੱਕ ਮਰੀ ਹੋਈ ਗਾਂ ਅਤੇ ਉਸਦੇ ਬੱਚੇ ਨੂੰ ਜ਼ਿੰਦਾ ਕਰ ਦਿੱਤਾ ਸੀ ਜਿਸਦੇ ਟੁਕੜੇ ਸਿੰਕਦਰ ਲੋਧੀ ਨੇ ਕਰਵਾਏ ਸੀ। ਇੱਕ ਲੜਕੇ ਅਤੇ ਇੱਕ ਲੜਕੀ ਨੂੰ ਜੀਵਤ ਕਰ ਦਿੱਤਾ। ਸਿੰਕਦਰ ਲੋਧੀ ਰਾਜੇ ਦਾ ਜਲਣ ਦਾ ਰੋਗ ਖਤਮ ਕਰ ਦਿੱਤਾ ਅਤੇ ਸ਼੍ਰੀ ਸਵਾਮੀ ਰਾਮਾਨੰਦ ਜੀ (ਕਬੀਰ ਸਾਹਿਬ ਦੇ ਗੁਰੂਦੇਵ) ਨੂੰ ਸਿੰਕਦਰ ਲੋਧੀ ਨੇ ਤਲਵਾਰ ਨਾਲ ਕਤਲ ਕਰ ਦਿੱਤਾ ਸੀ ਉਹ ਵੀ ਕਬੀਰ ਸਾਹਿਬ ਨੇ ਜੀਵਤ ਕਰ ਦਿੱਤੇ ਸਨ। ਇਸ ਗੱਲ ਦਾ ਨਗਰ ਵਾਲੇ ਮਜ਼ਾਕ ਕਰ ਰਹੇ ਹਨ ਅਤੇ ਕਹਿੰਦੇ ਹਨ ਕਿ ਤੁਹਾਡੇ ਗੁਰੂ ਕਬੀਰ ਤਾਂ ਭਗਵਾਨ ਹਨ ਤੁਹਾਡੇ ਘਰ ਨੂੰ ਵੀ ਅੰਨ ਨਾਲ ਭਰ ਦੇਣਗੇ।
ਫਿਰ ਕਿਉਂ ਅੰਨ (ਆਟੇ) ਦੇ ਲਈ ਘਰ ਘਰ ਘੁੰਮਦੀ ਫਿਰਦੀ ਹੋ?

ਪੁੱਤਰ! ਇਹ ਨਾਦਾਨ ਪ੍ਰਾਣੀ ਹਨ । ਜੇਕਰ ਅੱਜ ਸਾਹਿਬ ਕਬੀਰ ਇਸ ਨਗਰੀ

ਦਾ ਅੰਨ ਖਾਧੇ ਬਿਨਾਂ ਚਲੇ ਗਏ ਤਾਂ ਕਾਲ ਭਗਵਾਨ ਵੀ ਇੰਨਾ ਨਾਰਾਜ਼ ਹੋ ਜਾਵੇਗਾ ਕਿ ਕਿਤੇ ਇਸ ਨਗਰੀ ਨੂੰ ਖ਼ਤਮ ਨਾ ਕਰ ਦੇਵੇ । ਹੇ ਪੁੱਤਰ! ਇਸ ਅਨਰਥ ਨੂੰ ਬਚਾਉਣ ਦੇ ਲਈ ਅੰਨ ਦੀ ਚੋਰੀ ਕਰਨੀ ਹੈ । ਅਸੀਂ ਨਹੀਂ ਖਾਵਾਂਗੇ । ਸਿਰਫ਼ ਆਪਣੇ ਸਤਿਗੁਰੂ ਅਤੇ ਆਏ ਭਗਤਾਂ ਨੂੰ ਪ੍ਰਸਾਦ ਬਣਾ ਕੇ ਖਿਲਾਵਾਂਗੇ । ਇਹ ਕਹਿ ਕੇ ਨੇਕੀ ਦੀ ਅੱਖਾਂ ਵਿੱਚ ਹੰਝੂ ਭਰ ਆਏ ਅਤੇ ਕਿਹਾ ਪੁੱਤਰ ਮੁਕਰਨਾ ਨਹੀਂ ਅਰਥਾਤ ਮਨ੍ਹਾ ਨਾ ਕਰਨਾ ।

ਤਦ ਆਪਣੀ ਮਾਂ ਦੀਆਂ ਅੱਖਾਂ ਨੂੰ ਪੂੰਝਦਾ ਹੋਇਆ ਲੜਕਾ ਸੇਊ ਕਹਿਣ ਲੱਗਾ – ਮਾਂ ਰੋ ਨਾ, ਤੁਹਾਡਾ ਪੁੱਤਰ ਤੁਹਾਡੇ ਆਦੇਸ਼ ਦਾ ਪਾਲਣ ਕਰੇਗਾ । ਮਾਂ ਤੁਸੀਂ ਤਾਂ ਬਹੁਤ ਚੰਗੇ ਹੋ ਨਾ ।

ਅੱਧੀ ਰਾਤ ਦੋਵੇਂ ਪਿਤਾ (ਸੰਮਨ) ਪੁੱਤਰ (ਸੇਊ) ਚੋਰੀ ਕਰਨ ਦੇ ਲਈ ਜਾਂਦੇ ਹਨ । ਇੱਕ ਸੇਠ ਦੀ ਦੁਕਾਨ ਦੀ ਕੰਧ ਵਿੱਚ ਛੇਕ ਕੀਤਾ । ਸੰਮਨ ਨੇ ਕਿਹਾ ਕਿ ਪੁੱਤਰ ਮੈਂ ਅੰਦਰ ਜਾਂਦਾ ਹਾਂ । ਜੇਕਰ ਕੋਈ ਵਿਅਕਤੀ ਆਵੇ ਤਾਂ ਹੌਲ਼ੀ ਜਿਹੀ ਕਹਿ ਦੇਣਾ ਮੈਂ ਤੁਹਾਨੂੰ ਆਟਾ ਫੜ੍ਹਾ ਦੇਵਾਂਗਾ ਅਤੇ ਲੈ ਕੇ ਭੱਜ ਜਾਣਾ।

ਸੇਊ ਨੇ ਕਿਹਾ ਨਹੀਂ ਪਿਤਾ ਜੀ, ਮੈਂ ਅੰਦਰ ਜਾਵਾਂਗਾ। ਜੇਕਰ ਮੈਂ ਫੜ੍ਹਿਆ ਵੀ ਗਿਆ ਤਾਂ ਬੱਚਾ ਸਮਝ ਕੇ ਮਾਫ਼ ਕਰ ਦਿੱਤਾ ਜਾਵਾਂਗਾ।

ਸੰਮਨ ਨੇ ਕਿਹਾ ਪੁੱਤਰ ਜੇਕਰ ਤੁਹਾਨੂੰ ਫੜ੍ਹ ਕੇ ਮਾਰ ਦਿੱਤਾ ਤਾਂ ਮੈਂ ਅਤੇ ਤੇਰੀ ਮਾਂ ਕਿਵੇਂ ਜੀਵਤ ਰਹਾਂਗੇ?

ਸੇਊ ਪ੍ਰਾਰਥਨਾ ਕਰਦਾ ਹੋਇਆ ਮੋਰੇ ਵਿਚੋਂ ਅੰਦਰ ਦੁਕਾਨ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਤਦ ਸੰਮਨ ਕਹਿੰਦਾ ਹੈ ਕਿ ਪੁੱਤਰ! ਸਿਰਫ਼ ਤਿੰਨ ਸੇਰ ਹੀ ਆਟਾ ਲਿਆਉਣਾ, ਜ਼ਿਆਦਾ ਨਹੀਂ। ਲੜਕਾ ਸੇਊ ਲਗਭਗ ਤਿੰਨ ਸੇਰ ਆਟਾ ਆਪਣੀ ਫਟੀ-ਪੁਰਾਣੀ ਚਾਦਰ ਵਿੱਚ ਬੰਨ੍ਹ ਕੇ ਚੱਲਣ ਲੱਗਦਾ ਹੈ ਤਾਂ ਹਨ੍ਹੇਰੇ ਵਿੱਚ ਤੱਕੜੀ ਦੇ ਪੱਲੜੇ 'ਤੇ ਪੈਰ ਰੱਖਿਆ ਗਿਆ। ਜ਼ੋਰਦਾਰ ਆਵਾਜ਼ ਹੋਈ ਜਿਸ ਨਾਲ ਦੁਕਾਨਦਾਰ ਜਾਗ ਜਾਂਦਾ ਹੈ ਅਤੇ ਸੇਊ ਨੂੰ ਚੋਰ-ਚੋਰ ਕਰਕੇ ਫੜ੍ਹ ਕੇ ਰੱਸੇ ਨਾਲ ਬੰਨ੍ਹ ਦਿੰਦਾ ਹੈ। ਇਸਤੋਂ ਪਹਿਲਾਂ ਸੇਊ ਉਹ ਚਾਦਰ ਵਿੱਚ ਬੰਨ੍ਹਿਆ ਹੋਇਆ ਆਟਾ ਉਸ ਮੋਰੇ ਵਿੱਚੋਂ ਬਾਹਰ ਸੁੱਟ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਪਿਤਾ ਜੀ! ਮੈਨੂੰ ਸੇਠ ਨੇ ਫੜ੍ਹ ਲਿਆ ਹੈ। ਤੁਸੀਂ ਆਟਾ ਲੈ ਜਾਓ ਅਤੇ ਸਤਿਗੁਰੂ ਅਤੇ ਭਗਤਾਂ ਨੂੰ ਭੋਜਨ ਕਰਵਾਉਣਾ। ਮੇਰੀ ਚਿੰਤਾ ਨਾ ਕਰਨਾ।

ਆਟਾ ਲੈ ਕੇ ਸੰਮਨ ਘਰ ਗਿਆ ਤਾਂ ਸੇਊ ਨੂੰ ਨਾ ਦੇਖ ਕੇ ਨੇਕੀ ਨੇ ਪੁੱਛਿਆ ਲੜਕਾ ਕਿੱਥੇ ਹੈ? ਸੰਮਨ ਨੇ ਕਿਹਾ ਉਸਨੂੰ ਸੇਠ ਨੇ ਫੜ੍ਹ ਕੇ ਥੰਮ੍ਹ ਨਾਲ ਬੰਨ੍ਹ ਦਿੱਤਾ।

ਨੇਕੀ ਨੇ ਕਿਹਾ ਕਿ ਤੁਸੀਂ ਵਾਪਸ ਜਾਓ ਅਤੇ ਲੜਕੇ ਦਾ ਸਿਰ ਕੱਟ ਲਿਆਓ ਕਿਉਂਕਿ ਲੜਕੇ ਨੂੰ ਪਹਿਚਾਣ ਕੇ ਆਪਣੇ ਘਰ ਲੈ ਕੇ ਆਉਣਗੇ। ਫੇਰ ਸਤਿਗੁਰੂ ਨੂੰ ਦੇਖ ਕੇ ਨਗਰ ਵਾਲੇ ਕਹਿਣਗੇ ਕਿ ਇਹ ਹਨ ਜੋ ਚੋਰੀ ਕਰਵਾਉਂਦੇ ਹਨ। ਹੋ ਸਕਦਾ ਹੈ ਸਤਿਗੁਰੂ ਦੇਵ ਨੂੰ ਪਰੇਸ਼ਾਨ ਕਰਨ। ਅਸੀਂ ਪਾਪੀ ਪ੍ਰਾਣੀ ਆਪਣੇ ਦਾਤਾ ਨੂੰ ਭੋਜਨ ਦੀ ਥਾਂ ਤੇ ਕੈਦ ਨਾ ਕਰਵਾ ਦਈਏ। ਇਹ ਕਹਿ ਕੇ ਮਾਂ ਆਪਣੇ ਪੁੱਤਰ ਦਾ ਸਿਰ ਕੱਟਣ ਦੇ ਲਈ ਆਪਣੇ ਪਤਿ ਨੂੰ ਕਹਿ ਰਹੀ ਹੈ ਉਹ ਵੀ ਗੁਰੂਦੇਵ ਜੀ ਦੇ ਲਈ।

ਸੰਮਨ ਨੇ ਹੱਥ ਵਿੱਚ ਕਰਦ (ਲੰਮਾ ਛੁਰਾ) ਲਈ ਅਤੇ ਦੁਕਾਨ ਤੇ ਜਾ ਕੇ ਕਿਹਾ ਸੇਊ ਪੁੱਤਰ, ਇੱਕ ਵਾਰ ਗਰਦਨ ਬਾਹਰ ਕੱਢ। ਕੁੱਝ ਜ਼ਰੂਰੀ ਗੱਲਾਂ ਕਰਨੀਆਂ ਹਨ। ਕੱਲ੍ਹ ਤਾਂ ਅਸੀਂ ਮਿਲ ਨਹੀਂ ਪਾਵਾਂਗੇ। ਹੋ ਸਕਦਾ ਹੈ ਇਹ ਤੁਹਾਨੂੰ ਮਰਵਾ ਦੇਣ।

ਤਦ ਸੇਊ ਉਸ ਸੇਠ (ਬਾਣੀਏ) ਨੂੰ ਕਹਿੰਦਾ ਹੈ ਕਿ ਸੇਠ ਜੀ ਬਾਹਰ ਮੇਰਾ ਬਾਪ ਖੜ੍ਹਾ ਹੈ। ਕੋਈ ਜ਼ਰੂਰੀ ਗੱਲ ਕਰਨਾ ਚਾਹੁੰਦਾ ਹੈ। ਕਿਰਪਾ ਕਰਕੇ ਮੇਰੇ ਰੱਸੇ ਨੂੰ ਇੰਨਾਂ ਢਿੱਲਾ ਕਰ ਦੇ ਕਿ ਮੇਰੀ ਗਰਦਨ ਮੋਰੇ ਵਿੱਚੋਂ ਬਾਹਰ ਨਿੱਕਲ ਜਾਵੇ।

ਸੇਠ ਨੇ ਉਸਦੀ ਗੱਲ ਨੂੰ ਸਵੀਕਾਰ ਕਰਕੇ ਰੱਸਾ ਇੰਨਾਂ ਢਿੱਲਾ ਕਰ ਦਿੱਤਾ ਕਿ ਗਰਦਨ ਆਸਾਨੀ ਨਾਲ ਬਾਹਰ ਨਿੱਕਲ ਗਈ।

ਸੇਊ ਨੇ ਕਿਹਾ ਪਿਤਾ ਜੀ ਮੇਰੀ ਗਰਦਨ ਕੱਟ ਦਵੋ। ਜੇਕਰ ਤੁਸੀਂ ਮੇਰੀ ਗਰਦਨ ਨਹੀਂ ਕੱਟੋਗੇ ਤਾਂ ਤੁਸੀਂ ਮੇਰੇ ਪਿਤਾ ਨਹੀਂ ਹੋ। ਮੈਨੂੰ ਪਹਿਚਾਣ ਕੇ ਘਰ ਤੱਕ ਸੇਠ ਪਹੁੰਚੇਗਾ। ਰਾਜੇ ਤੱਕ ਇਸਦੀ ਪਹੁੰਚ ਹੈ। ਇਹ ਆਪਣੇ ਗੁਰੂਦੇਵ ਨੂੰ ਮਰਵਾ ਦੇਵੇਗਾ। ਪਿਤਾ ਜੀ ਅਸੀਂ ਕੀ ਮੂੰਹ ਦਿਖਾਵਾਂਗੇ? ਸੰਮਨ ਨੇ ਇੱਕਦਮ ਕਰਦ ਮਾਰੀ ਅਤੇ ਸਿਰ ਕੱਟ ਕੇ ਘਰ ਲੈ ਗਿਆ।

ਸੇਠ ਨੇ ਲੜਕੇ ਦਾ ਕਤਲ ਹੋਇਆ ਦੇਖ ਕੇ ਉਸਦੀ ਲਾਸ਼ ਨੂੰ ਘਸੀਟ ਕੇ ਨਾਲ ਹੀ ਇੱਕ ਪਜਾਵਾ (ਇੱਟਾਂ ਪਕਾਉਣ ਦਾ ਭੱਠਾ) ਸੀ, ਉਸ ਖੰਡਰ ਵਿੱਚ ਸੁੱਟ ਗਿਆ।

ਤਦ ਨੇਕੀ ਨੇ ਸੰਮਨ ਨੂੰ ਕਿਹਾ ਕਿ ਤੁਸੀਂ ਵਾਪਸ ਜਾਓ ਅਤੇ ਲੜਕੇ ਦਾ ਧੜ ਵੀ ਬਾਹਰ ਮਿਲੇਗਾ ਚੁੱਕ ਲਿਆਓ । ਜਦ ਸੰਮਨ ਦੁਕਾਨ ਤੇ ਪਹੁੰਚਿਆ। ਉਸ ਸਮੇਂ ਤੱਕ ਸੇਠ ਨੇ ਉਸ ਦੁਕਾਨ ਦੀ ਕੰਧ ਦੇ ਮੋਰੇ ਨੂੰ ਬੰਦ ਕਰ ਦਿੱਤਾ ਸੀ। ਸੰਮਨ ਨੇ ਲਾਸ਼ ਦੀ ਘਸੀਟ (ਨਿਸ਼ਾਨਾਂ) ਨੂੰ ਦੇਖਦੇ ਹੋਏ ਲਾਸ਼ ਦੇ ਕੋਲ ਪਹੁੰਚ ਕੇ ਉਸਨੂੰ ਚੁੱਕ ਲਿਆਇਆ। ਲਿਆ ਕੇ ਅੰਦਰ ਕੋਠੇ ਵਿੱਚ ਰੱਖ ਕੇ ਉੱਪਰ ਪੁਰਾਣੇ ਕੱਪੜੇ (ਗੁਦੜ) ਪਾ ਦਿੱਤੇ ਅਤੇ ਸਿਰ ਨੂੰ ਅਲਮਾਰੀ ਦੇ ਤਾਖ (ਇੱਕ ਹਿੱਸੇ) ਵਿੱਚ ਰੱਖ ਕੇ ਖਿੜਕੀ ਬੰਦ ਕਰ ਦਿੱਤੀ।

ਕੁੱਝ ਸਮੇਂ ਬਾਅਦ ਸੂਰਜ ਚੜ੍ਹਿਆ। ਨੇਕੀ ਨੇ ਇਸ਼ਨਾਨ ਕੀਤਾ। ਸਤਿਗੁਰੂ ਅਤੇ ਭਗਤਾਂ ਦਾ ਭੋਜਨ ਬਣਾਇਆ। ਸਤਿਗੁਰੂ ਕਬੀਰ ਸਾਹਿਬ ਜੀ ਅੱਗੇ ਭੋਜਨ ਕਰਨ ਦੀ ਪ੍ਰਾਰਥਨਾ ਕੀਤੀ। ਨੇਕੀ ਨੇ ਸਾਹਿਬ ਕਬੀਰ ਅਤੇ ਦੋਵੇਂ ਭਗਤਾਂ (ਕਮਾਲ ਅਤੇ ਸ਼ੇਖ ਫਰੀਦ), ਤਿੰਨਾਂ ਦੇ ਸਾਹਮਣੇ ਆਦਰ ਨਾਲ ਤਿੰਨ ਦੌਨਿਆਂ (ਮਿੱਟੀ ਦੇ ਬਰਤਨ) ਵਿੱਚ ਭੋਜਨ ਪਰੋਸ ਦਿੱਤਾ। ਸਾਹਿਬ ਕਬੀਰ ਨੇ ਕਿਹਾ ਇਸ ਨੂੰ ਛੇ ਦੌਨਿਆਂ ਵਿੱਚ ਪਾ ਕੇ ਤੁਸੀਂ ਤਿੰਨੇ ਵੀ ਨਾਲ਼ ਬੈਠੋ। ਇਹ ਪ੍ਰੇਮ ਪ੍ਰਸਾਦ ਪਾਓ। ਬਹੁਤ ਪ੍ਰਾਰਥਨਾ ਕਰਨ ਤੇ ਵੀ ਸਾਹਿਬ ਕਬੀਰ ਨਾ ਮੰਨੇ, ਤਾਂ ਛੇ ਦੌਨਿਆਂ ਵਿੱਚ ਪ੍ਰਸਾਦ ਪਰੋਸਿਆ ਗਿਆ। ਪੰਜੇ ਪ੍ਰਸਾਦ ਲਈ ਬੈਠ ਗਏ।

ਤਦ ਸਾਹਿਬ ਕਬੀਰ ਜੀ ਨੇ ਕਿਹਾ:-

ਆਉ ਸੇਊ ਜੀਮ ਲੋ, ਯਹ ਪ੍ਰਸਾਦ ਪ੍ਰੇਮ।
ਸ਼ੀਸ਼ ਕਟਤ ਹੈ ਚੋਰੋਂ ਕੇ, ਸਾਧੋਂ ਕੇ ਨਿੱਤ ਅਕਸ਼ੇਮ॥

ਸਾਹਿਬ ਕਬੀਰ (ਅੱਲਾਹੂ ਅਕਬਰ = ਅਲ ਖਿਜ਼ਰ) ਨੇ ਕਿਹਾ ਕਿ ਸੇਊ ਆਓ ਭੋਜਨ ਪਾਓ। ਸਿਰ ਤਾਂ ਚੋਰਾਂ ਦੇ ਕੱਟਦੇ ਹਨ। ਸੰਤਾਂ (ਭਗਤਾਂ) ਦੇ ਨਹੀਂ। ਉਹਨਾਂ ਦੀ ਤਾਂ ਰੱਖਿਆ ਹੁੰਦੀ ਹੈ। ਉਹਨਾਂ ਨੂੰ ਤਾਂ ਮਾਫ਼ੀ ਹੁੰਦੀ ਹੈ। ਸਾਹਿਬ ਕਬੀਰ ਨੇ ਇੰਨਾਂ ਹੀ ਕਿਹਾ ਸੀ ਉਸੇ ਵੇਲੇ ਸੇਊ ਦੇ ਧੜ ਉੱਤੇ ਸਿਰ ਲੱਗ ਗਿਆ । ਕੱਟੇ ਹੋਏ ਦਾ ਕੋਈ ਨਿਸ਼ਾਨ ਵੀ ਗਰਦਨ 'ਤੇ ਨਹੀਂ ਸੀ ਅਤੇ ਪੰਗਤ (ਕਤਾਰ) ਵਿੱਚ ਬੈਠ ਕੇ ਭੋਜਨ ਕਰਨ ਲੱਗਾ। ਬੋਲੋ ਕਬੀਰ ਸਾਹਿਬ (ਕਵਿਰਮਿਤੌਂਜਾ) ਦੀ ਜੈ। (ਵੇਦਾਂ ਦੇ ਵਚਨ :- ਕਵਿਰ੍ = ਕਵਿਰਦੇਵ = ਕਬੀਰ ਪਰਮੇਸ਼ਵਰ, ਅਮਿਤ+ਔਜਾ = ਜਿਸ ਦੀ ਸ਼ਕਤੀ ਦਾ ਕੋਈ ਵਾਰ-ਪਾਰ ਨਾ ਹੋਵੇ।)

ਸੰਮਨ ਅਤੇ ਨੇਕੀ ਨੇ ਦੇਖਿਆ ਕਿ ਗਰਦਨ 'ਤੇ ਕੋਈ ਨਿਸ਼ਾਨ ਵੀ ਨਹੀਂ ਹੈ। ਮੁੰਡਾ ਜਿਉਂਦਾ ਕਿਵੇਂ ਹੋਇਆ? ਅੰਦਰ ਜਾ ਕੇ ਦੇਖਿਆ ਤਾਂ ਉੱਥੇ ਲਾਸ਼ ਅਤੇ ਸਿਰ ਨਹੀਂ ਸੀ। ਸਿਰਫ਼ ਖ਼ੂਨ ਦੇ ਛਿੱਟੇ ਲੱਗੇ ਸਨ ਜੋ ਇਸ ਪਾਪੀ ਮਨ ਦੇ ਸ਼ੱਕ ਨੂੰ ਖ਼ਤਮ ਕਰਨ ਲਈ ਪ੍ਰਮਾਣ ਬਕਾਇਆ ਸੀ। ਸਤਿ ਸਾਹਿਬ॥

ਅਜਿਹੀਆਂ ਬਹੁਤ ਲੀਲਾ ਸਾਹਿਬ ਕਬੀਰ (ਕਵਿਰਗਿਨ) ਨੇ ਕੀਤੀਆਂ ਹਨ। ਜਿਨ੍ਹਾਂ ਤੋਂ ਇਹ ਆਪ ਹੀ ਸਿੱਧ ਹੁੰਦਾ ਹੈ ਕਿ ਇਹ ਹੀ ਪੂਰਣ ਪਰਮਾਤਮਾ ਹਨ। ਸਾਮ-ਵੇਦ ਸੰਖਿਆ ਨੰ. 822 ਅਤੇ ਰਿੱਗਵੇਦ ਮੰਡਲ 10 ਸੁਕਤ 162 ਮੰਤਰ 2 ਵਿੱਚ ਕਿਹਾ ਹੈ ਕਿ ਕਵਿਰਦੇਵ ਆਪਣੇ ਵਿਧਿਵੱਤ ਸਾਧਕ ਸਾਥੀ ਦੀ ਉਮਰ ਵਧਾ ਦਿੰਦਾ ਹੈ। ਭਾਵੇਂ ਮੌਤ ਨੂੰ ਵੀ ਪ੍ਰਾਪਤ ਹੋ ਚੁੱਕਿਆ ਹੋਵੇ, ਉਸਨੂੰ ਧਰਮਰਾਜ ਤੋਂ ਛੁੜਵਾ ਕੇ ਸੌ ਸਾਲ ਦਾ ਜੀਵਨ ਦੇ ਦਿੰਦਾ ਹੈ।

॥ ਜੈ ਹੋ ਪਰਮੇਸ਼ਵਰ ਕਬੀਰ ਬੰਦੀ ਛੋੜ (ਅਲ ਖਿਜ਼ੂ) ਜੀ ਦੀ॥

## ਸੰਮਨ ਵਾਲੀ ਆਤਮਾ ਨੌਸ਼ੇਰ ਖਾਨ ਬਣਿਆ

ਨੇਕੀ ਅਤੇ ਸੇਊ ਤਾਂ ਉਸੇ ਜਨਮ ਵਿੱਚ ਮੋਕਸ਼ ਪ੍ਰਾਪਤ ਕਰ ਗਏ, ਪ੍ਰੰਤੂ ਸੰਮਨ ਦੇ ਦਿਲ 'ਤੇ ਸੱਟ ਲੱਗੀ ਕਿ ਜੇਕਰ ਮੇਰੇ ਕੋਲ਼ ਧਨ ਹੁੰਦਾ ਤਾਂ ਮੈਨੂੰ ਪੁੱਤਰ ਕੱਟਣਾ ਨਾ ਪੈਂਦਾ। ਪਰਮਾਤਮਾ ਨੇ ਉਸੇ ਜਨਮ ਵਿੱਚ ਸੰਮਨ-ਨੇਕੀ-ਸੇਊ ਨੂੰ ਧਨ ਨਾਲ਼ ਭਰਪੂਰ ਦਿੱਤਾ ਸੀ। ਉਹ ਗ਼ਰੀਬ ਨਹੀਂ ਰਹੇ ਸਨ। ਸੰਮਨ ਦਿੱਲੀ ਦਾ ਮਹਾਨ ਅਮੀਰ ਆਦਮੀ ਹੋ ਗਿਆ ਸੀ, ਪ੍ਰੰਤੂ ਫਿਰ ਵੀ ਮੋਕਸ਼ ਦੀ ਇੱਛਾ ਨਹੀਂ ਬਣੀ। ਜਿਸ ਕਾਰਣ ਪੁੱਤਰ ਦੀ ਕੁਰਬਾਨੀ ਪਰਮੇਸ਼ਵਰ ਰੂਪ ਸਤਿਗੁਰੂ ਦੇ ਲਈ ਕਰਨ ਦੇ ਕਾਰਣ ਅਗਲੇ ਜਨਮ ਵਿੱਚ ਨੌਸ਼ੇਰਖ਼ਾਨ ਸ਼ਹਿਰ ਦੇ ਰਾਜੇ ਦੇ ਘਰ ਜਨਮ ਲਿਆ। ਰਾਜਾ ਬਣਿਆ। 80 ਖ਼ਜ਼ਾਨੇ ਹੀਰੇ-ਮੋਤੀਆਂ ਨਾਲ਼ ਭਰੇ ਸਨ, ਪ੍ਰੰਤੂ ਦਾਨ ਨਹੀਂ ਕਰਦਾ ਸੀ, ਨਾ ਪਰਮਾਤਮਾ ਨੂੰ ਯਾਦ ਕਰਦਾ ਸੀ।

ਪਰਮੇਸ਼ਵਰ ਕਬੀਰ ਜੀ ਜ਼ਿੰਦਾ ਬਾਬਾ (ਅਲ ਖ਼ਿਜ਼ੂ) ਦਾ ਭੇਸ ਬਣਾ ਕੇ ਨੌਸ਼ੇਰਖ਼ਾਨ ਦੇ ਬਾਦਸ਼ਾਹ ਨੌਸ਼ੇਰਖ਼ਾਨ ਦੇ ਕੋਲ਼ ਗਏ ਅਤੇ ਦਾਨ ਕਰਨ ਦਾ ਉਪਦੇਸ਼ ਦਿੱਤਾ। ਰਾਜੇ ਨੇ ਕਿਹਾ, ਮੈਂ ਗ਼ਰੀਬ ਰਾਜਾ ਹਾਂ। ਜ਼ਿੰਦਾ ਨੇ ਕਿਹਾ ਕਿ ਤੁਹਾਡੇ 80 ਖ਼ਜ਼ਾਨਿਆਂ ਨੂੰ ਝੰਡੇ ਲੱਗੇ ਹਨ। (ਇਹ ਰਾਜਾ ਦੀ ਪਹਿਚਾਣ ਹੁੰਦੀ ਸੀ ਕਿ ਜਿਸਦੇ ਕੋਲ਼ ਜਿੰਨੇ ਖ਼ਜ਼ਾਨੇ ਹੁੰਦੇ, ਉਨੇਂ ਹੀ ਝੰਡੇ ਖੜ੍ਹੇ ਕਰਿਆ ਕਰਦੇ।)

ਰਾਜੇ ਨੇ ਕਿਹਾ, ਇਹ ਤਾਂ ਕੋਲੇ ਹਨ। ਜ਼ਿੰਦਾ ਨੇ ਕਿਹਾ ਕਿ ਜੈਸੀ ਤੇਰੀ ਨੀਅਤ ਹੈ, ਕੋਲੇ ਹੋ ਜਾਣਗੇ। ਰਾਜਾ ਨੇ ਖੋਲ੍ਹ ਕੇ ਖ਼ਜ਼ਾਨੇ ਦੇਖੇ ਤਾਂ ਸੱਚ ਵਿੱਚ ਕੋਲੇ ਹੋ ਗਏ ਸਨ। ਰਾਜੇ ਨੇ ਪਰਮੇਸ਼ਵਰ ਦੇ ਚਰਣ ਫੜ੍ਹ ਕੇ ਮੁਆਫ਼ੀ ਮੰਗੀ। ਪਰਮੇਸ਼ਵਰ ਨੇ ਕਿਹਾ ਕਿ ਜੇਕਰ ਜ਼ਿਆਦਾ ਧਨ ਨੂੰ ਦਾਨ ਕਰੇਂ ਤਾਂ ਇਹ ਫ਼ਿਰ ਤੋਂ ਹੀਰੇ-ਮੋਤੀ ਬਣ ਜਾਣਗੇ। ਰਾਜੇ ਨੇ ਕਿਹਾ, ਜਿਵੇਂ ਤੁਹਾਡਾ ਹੁਕਮ, ਉਹੀ ਕਰਾਂਗਾ। ਖ਼ਜ਼ਾਨੇ ਫ਼ਿਰ ਤੋਂ ਹੀਰਿਆਂ ਨਾਲ਼ ਭਰ ਗਏ। ਰਾਜਾ ਨੌਸ਼ੇਰਖ਼ਾਨ ਨੇ ਵਧੇਰੇ ਮਾਤਰਾ ਵਿੱਚ ਧਨ ਨੂੰ ਦਾਨ ਕੀਤਾ। ਜਿਸਦੇ ਸਿੱਟੇ ਵੱਜੋਂ ਅਤੇ ਪਿਛਲੇ ਜਨਮ ਦੀ ਭਗਤੀ ਅਤੇ ਸਤਿਗੁਰੂ ਸੇਵਾ ਦੇ ਸਿੱਟੇ ਵੱਜੋਂ ਇਰਾਕ ਦੇਸ਼ ਵਿੱਚ ਬਲ਼ਖ਼ ਨਾਂ ਦੇ ਸ਼ਹਿਰ ਦਾ ਰਾਜਾ ਬਣਿਆ।

ਵਿਸਤ੍ਰਿਤ ਕਥਾ ਅੱਗੇ ਹੈ:-

## "ਸੁਲਤਾਨ ਅਬ੍ਰਾਹਿਮ ਦੀ ਜਨਮ ਕਥਾ"

ਇੱਕ ਅਧਮ ਸ਼ਾਹ ਨਾਂ ਦਾ ਫ਼ਕੀਰ ਸੀ। ਉਸਨੇ ਬਲਖ਼ ਸ਼ਹਿਰ ਤੋਂ ਕੁੱਝ ਦੂਰ ਇੱਕ ਕੁਟੀਆ ਬਣਾਈ ਹੋਈ ਸੀ। ਸ਼ਹਿਰ ਵਿੱਚ ਘੁੰਮਣ-ਫ਼ਿਰਨ ਲਈ ਆਉਂਦਾ ਸੀ। ਇੱਕ ਦਿਨ ਉਹ ਬਲ਼ਖ਼ ਦੇ ਬਾਦਸ਼ਾਹ ਦੀ ਇੱਕਲੌਤੀ ਪੁੱਤਰੀ ਨੂੰ ਦੇਖਦਾ ਹੈ ਜੋ ਜਵਾਨ ਅਤੇ ਸੋਹਣੀ ਸੀ। ਅਧਮ ਸ਼ਾਹ ਦੇ ਮਨ ਵਿੱਚ ਲੜਕੀ ਨਾਲ਼ ਵਿਆਹ ਕਰਨ ਦੀ ਪ੍ਰਮੁੱਖ ਪ੍ਰੇਰਣਾ ਬਣ ਜਾਂਦੀ ਹੈ।

ਉਹ ਰਾਜੇ ਕੋਲ਼ ਜਾ ਕੇ ਕਹਿੰਦਾ ਹੈ ਕਿ ਇਸ ਲੜਕੀ ਦਾ ਵਿਆਹ ਮੇਰੇ ਨਾਲ਼ ਕਰ ਦਵੋ । ਰਾਜਾ ਹੈਰਾਨ ਹੁੰਦਾ ਹੈ ਅਤੇ ਫ਼ਕੀਰ ਕਿਤੇ ਸਰਾਪ ਨਾ ਦੇ ਦਵੇ, ਇਸ ਲਈ ਡਰ ਵੀ ਜਾਂਦਾ ਹੈ। ਅਚਾਨਕ ਹਾਂ ਜਾਂ ਨਾਂਹ ਨਾ ਕਹਿ ਸਕਿਆ, ਫ਼ਕੀਰ ਨੂੰ ਕੱਲ੍ਹ ਆਉਣ ਲਈ ਕਹਿ ਦਿੰਦਾ ਹੈ। ਮੰਤਰੀਆਂ ਨੂੰ ਪਤਾ ਲੱਗਾ। ਇੱਕ ਰਾਏ ਬਣੀ ਕਿ ਕੱਲ ਉਸਨੂੰ ਕਹਿ ਦਿਆਂਗੇ ਕਿ ਰਾਜੇ ਦੀ ਲੜਕੀ ਨਾਲ਼ ਵਿਆਹ ਕਰਨ ਦੇ ਲਈ ਮੋਤੀਆਂ ਦਾ ਹਾਰ ਲਿਆਉਣਾ ਪੈਂਦਾ ਹੈ ਜਾਂ ਸੌ ਮੋਤੀ ਲਿਆਉਣੇ ਹੁੰਦੇ ਹਨ। ਨਹੀਂ ਤਾਂ ਵਿਆਹ ਨਹੀਂ ਹੁੰਦਾ। ਅਗਲੇ ਦਿਨ ਫ਼ਕੀਰ ਨੂੰ ਇਹ ਸ਼ਰਤ ਦੱਸ ਦਿੱਤੀ ਗਈ।

ਫ਼ਕੀਰ ਮੋਤੀ ਲੈਣ ਲਈ ਚੱਲ ਪੈਂਦਾ ਹੈ। ਕਿਸੇ ਨੇ ਦੱਸਿਆ ਕਿ ਮੋਤੀ ਸਮੁੰਦਰ ਵਿੱਚ ਮਿਲਦੇ ਹਨ। ਸਮੁੰਦਰ ਦੇ ਕਿਨਾਰੇ ਜਾ ਕੇ ਆਪਣੇ ਕਰਮੰਡਲ (ਲੋਟੇ) ਨਾਲ਼ ਸਮੁੰਦਰ ਦਾ ਪਾਣੀ ਭਰ ਕੇ ਕੁਝ ਦੂਰੀ ਤੇ ਰੇਤੇ ਵਿੱਚ ਪਾਉਣ ਲੱਗ ਜਾਂਦਾ ਹੈ। ਕਈ ਦਿਨ ਤੱਕ ਭੁੱਖਾ-ਪਿਆਸਾ ਇਸੇ ਕੋਸ਼ਿਸ਼ ਵਿੱਚ ਲੱਗਾ ਰਿਹਾ। ਸਰੀਰ ਵੀ ਖ਼ਤਮ ਹੋਣ ਨੂੰ ਆਇਆ। ਜਿਹੜਾ ਵੀ ਦੇਖ਼ਦਾ, ਉਹੀ ਕਹਿੰਦਾ ਕਿ ਅੱਲਾਹ ਦੇ ਲਈ ਘਰ ਛੱਡਿਆ ਸੀ। ਹੁਣ ਨਰਕ ਦੀ ਤਿਆਰੀ ਕਰ ਰਿਹਾ ਹੈ। ਸਮੁੰਦਰ ਕਦੇ ਵੀ ਖ਼ਾਲੀ ਨਹੀਂ ਹੋ ਸਕਦਾ। ਭਗਤੀ ਕਰ।

ਪਰਮਾਤਮਾ ਜ਼ਿੰਦਾ ਬਾਬਾ ਦੇ ਰੂਪ ਵਿੱਚ ਆ ਕੇ ਉੱਥੇ ਪ੍ਰਗਟ ਹੋਏ ਅਤੇ ਅਧਮ ਸ਼ਾਹ ਨੂੰ ਪੁੱਛਿਆ ਕਿ ਕੀ ਕਰ ਰਹੇ ਹੋ? ਉਸਨੇ ਦੱਸਿਆ ਕਿ ਰਾਜਾ ਦੀ ਲੜਕੀ ਨਾਲ਼ ਵਿਆਹ ਕਰਨਾ ਹੈ। ਉਸਦੇ ਲਈ ਮੋਤੀਆਂ ਦੀ ਸ਼ਰਤ ਰੱਖੀ ਹੈ। ਮੋਤੀ ਸਮੁੰਦਰ ਵਿੱਚ ਦੱਸੇ ਹਨ। ਸਮੁੰਦਰ ਖ਼ਾਲੀ ਕਰ ਕੇ ਮੋਤੀ ਲੈ ਕੇ ਜਾਵਾਂਗਾ।

ਜ਼ਿੰਦਾ ਨੇ ਕਿਹਾ ਕਿ ਸਮੁੰਦਰ ਖ਼ਾਲੀ ਨਹੀਂ ਹੋ ਸਕਦਾ। ਤੁਸੀਂ ਭੁੱਖੇ-ਪਿਆਸੇ ਮਰ ਜਾਓਗੇ। ਤੁਸੀਂ ਜਿਸ ਮੋਕਸ਼ ਪ੍ਰਾਪਤੀ ਦੇ ਉਦੇਸ਼ ਲਈ ਘਰ ਤੋਂ ਨਿੱਕਲੇ ਹੋ। ਮੋਕਸ਼ ਪ੍ਰਾਪਤੀ ਦੇ ਲਈ ਯਤਨ ਕਰੋ ਤਾਂ ਕੁੱਝ ਗੱਲ ਬਣੇ। ਤੁਸੀਂ ਜੀਵਨ ਨੂੰ ਤਬਾਹ ਕਰਨ ਦੀ ਯੋਜਨਾ ਬਣਾ ਲਈ ਹੈ। ਅਧਮ ਸ਼ਾਹ ਨੇ ਕਿਹਾ ਕਿ ਮੈਨੂੰ ਤੁਹਾਡੀ ਸਿੱਖਿਆ ਦੀ ਕੋਈ ਜ਼ਰੂਰਤ ਨਹੀਂ ਹੈ। ਮੈਂ ਆਪਣਾ ਕੰਮ ਕਰ ਰਿਹਾ ਹਾਂ, ਤੁਸੀਂ ਆਪਣਾ ਕਰੋ।

ਕਬੀਰ ਪਰਮੇਸ਼ਵਰ ਜੀ ਨੇ ਕਿਹਾ ਹੈ ਕਿ:-

ਵਿਕਾਰ ਮਰੇ ਮਤ ਜਾਨਿਯਾ, ਜਯੋਂ ਭੂਭਲ (ਰਾਖ) ਮੇਂ ਆਗ।
ਜਬ ਕਰੇਂ ਲੈ ਧਧਕਹੀਂ, ਕੋਈ ਬਚੈ ਸਤਗੁਰੂ ਸ਼ਰਣ ਲਾਗ॥

{ਚੁਟਕਲਾ:- 70,75 ਸਾਲ ਦਾ ਇੱਕ ਬਜ਼ੁਰਗ ਸ਼ਰਾਬ ਪੀ ਕੇ ਰਸਤੇ ਵਿੱਚ ਖੜ੍ਹਾ-ਖੜ੍ਹਾ ਸੰਘਰਸ਼ ਕਰ ਰਿਹਾ ਸੀ। ਉਸਦੇ ਹੱਥ ਦਾ ਡੋਗਾ (ਸਹਾਰੇ ਲਈ ਡੰਡਾ) ਜ਼ਮੀਨ 'ਤੇ ਡਿੱਗ ਗਿਆ। ਉਹ ਡੰਡਾ ਚੁੱਕਣ ਵਿੱਚ ਅਸਮਰੱਥ ਸੀ ਕਿਉਂਕਿ ਉਹ ਨਸ਼ੇ ਵਿੱਚ ਸੀ, ਡਿੱਗ ਜਾਂਦਾ। ਫਿਰ ਉੱਠਣਾ ਔਖਾ ਹੋ ਜਾਂਦਾ।

ਇੱਕ ਸੱਜਣ ਆਦਮੀ ਉਸੇ ਰਾਸਤੇ ਤੋਂ ਆਇਆ। ਬੁੱਢੇ ਨੇ ਉਸ ਨੂੰ

ਲੜਖੜਾਉਂਦੀ ਅਵਾਜ਼ ਵਿੱਚ ਕਿਹਾ ਕਿ ਮੇਰਾ ਡੰਡਾ ਚੁੱਕ ਕੇ ਮੈਨੂੰ ਦੇ ਦਿਓ। ਯਾਤਰੀ ਨੂੰ ਸਮਝਣ ਵਿੱਚ ਦੇਰ ਨਹੀਂ ਲੱਗੀ। ਕਿਹਾ, ਹੇ ਦਾਦਾ ਜੀ! ਤੁਸੀਂ ਆਪਣੀ ਉਮਰ ਵੱਲ ਦੇਖੋ। ਇਸ ਉਮਰ ਵਿੱਚ ਸ਼ਰਾਬ ਪੀਣਾ ਸ਼ੋਭਾ ਨਹੀਂ ਦਿੰਦਾ। ਪੋਤੇ-ਪੋਤੀਆਂ ਵਾਲ਼ੇ ਹੋ। ਉਨ੍ਹਾਂ 'ਤੇ ਕੀ ਪ੍ਰਭਾਵ ਪਵੇਗਾ?

ਇਹ ਗੱਲ ਸੁਣ ਕੇ ਬਜ਼ੁਰਗ ਨੇ ਕਿਹਾ ਕਿ ਸਿੱਖਿਆ ਬਿਨਾਂ ਬਾਤ ਨਾ ਰਹਿ ਰਹੀ, ਕੀ ਅੱਜ ਤੱਕ ਕੋਈ ਮੈਨੂੰ ਇਹ ਸਿੱਖਿਆ ਦੇਣ ਵਾ.ਲਾ ਨਹੀਂ ਮਿਲਿਆ ਹੋਵੇਗਾ। ਜੇ ਡੰਡਾ ਚੁੱਕਣਾ ਹੈ ਤਾਂ ਚੁੱਕ, ਨਹੀਂ ਤਾਂ ਜਾ। ਇਹੀ ਹਾਲਤ ਅਧਮ ਸ਼ਾਹ ਫ਼ਕੀਰ ਦੀ ਸੀ।}

ਪਰਮਾਤਮਾ ਨੇ ਦੇਖ਼ਿਆ ਕਿ ਭਗਤ ਤਾਂ ਮਰੇਗਾ। ਕਬੀਰ ਜ਼ਿੰਦਾ ਬਾਬਾ (ਅਲ ਖਿਜ਼ਰ) ਨੇ ਆਪਣੀ ਸ਼ਕਤੀ ਨਾ.ਲ ਸਮੁੰਦਰ ਦੀ ਛੱਲ ਮਾਰੀ, ਹਜ਼ਾਰਾਂ ਮੋਤੀ ਰੇਤ ਵਿੱਚ ਪਏ ਸਨ। ਯਾ ਅੱਲਾਹ ਕਹਿ ਕੇ ਅਧਮ ਸ਼ਾਹ ਨੇ ਹਜ਼ਾਰਾਂ ਮੋਤੀ ਚਾਦਰ ਵਿੱਚ ਬੰਨ੍ਹ ਲਏ ਅਤੇ ਰਾਜਾ ਦੇ ਦਰਬਾਰ ਵਿੱਚ ਜਾ ਕੇ ਰੱਖ ਦਿੱਤੇ ਅਤੇ ਕਿਹਾ ਕਿ ਤੁਸੀਂ ਆਪਣੇ ਵਾਅਦੇ ਅਨੁਸਾਰ ਸ਼ਹਿਜ਼ਾਦੀ ਦਾ ਵਿਆਹ ਮੇਰੇ ਨਾ.ਲ ਕਰ ਦਿਓ। ਮੰਤਰੀਆਂ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਇਸਨੂੰ ਡੰਡੇ ਮਾਰੋ ਤੇ ਮਾਰ ਕੇ ਜੰਗ.ਲ ਵਿੱਚ ਸੁੱਟ ਆਓ। ਇੰਝ ਹੀ ਕੀਤਾ ਗਿਆ। ਪਰਮਾਤਮਾ ਦੀ ਕਿਰਪਾ ਨਾ.ਲ ਉਹ ਮਰਿਆ ਨਹੀਂ। ਕੁਝ ਦਿਨਾਂ ਵਿੱਚ ਤੁਰਨ-ਫ਼ਿਰਨ ਲੱਗਿਆ।

ਕੁੱਝ ਦਿਨਾਂ ਬਾਅਦ ਰਾਜੇ ਦੀ ਲੜਕੀ ਮਰ ਗਈ। ਉਸ ਨੂੰ ਕਬਰ ਵਿੱਚ ਦਬਾ ਕੇ ਚਾਰ ਪਹਿਰੇਦਾਰ ਛੱਡ ਦਿੱਤੇ ਤਾਂ ਕਿ ਕੋਈ ਜੰਗ.ਲੀ ਜਾਨਵਰ ਲਾਸ਼ ਨੂੰ ਖ਼ਰਾਬ ਨਾ ਕਰ ਦੇਵੇ। ਅਧਮ ਸ਼ਾਹ ਨੂੰ ਪਤਾ ਲੱਗਾ। ਉਹ ਰਾਤ ਨੂੰ ਕਬਰ ਦੇ ਕੋ.ਲ ਗਿਆ। ਪਹਿਰੇਦਾਰ ਗਹਿਰੀ ਨੀਂਦ ਵਿੱਚ ਸੁੱਤੇ ਪਏ ਸਨ। ਅਧਮ ਸ਼ਾਹ ਕਬਰ ਨੂੰ ਪੁੱਟ ਕੇ ਲਾਸ਼ ਨੂੰ ਬਾਹਰ ਕੱਢ ਕੇ, ਕਬਰ ਨੂੰ ਉਸੇ ਤਰ੍ਹਾਂ ਠੀਕ ਕਰਕੇ ਲੜਕੀ ਦੀ ਲਾਸ਼ ਨੂੰ ਆਪਣੀ ਕੁਟੀਆ ਵਿੱਚ ਚੁੱਕ ਕੇ ਲੈ ਗਿਆ।

ਉਸੇ ਰਾਤ ਬਣਜਾਰਿਆਂ ਦਾ ਕਾਫ਼ਲਾ ਰਸਤਾ ਭੁੱਲ ਕੇ ਉਸੇ ਜੰਗਲ ਵਿੱਚ ਚਲਾ ਗਿਆ । ਕੁਟੀਆ ਵਿੱਚ ਦੀਵਾ ਬਲ ਰਿਹਾ ਸੀ। ਲੜਕੀ ਦੀ ਲਾਸ਼ ਕਫ਼ਨ ਵਿੱਚ ਲਪੇਟ ਦੀਵਾਰ ਦੇ ਸਹਾਰੇ ਰੱਖਿਆ ਜਿਵੇਂ ਕਿ ਲੜਕੀ ਚੌਂਕੜੀ ਮਾਰ ਕੇ ਬੈਠੀ ਹੋਵੇ। ਸਰਦੀਆਂ ਦਾ ਮੌਸਮ ਸੀ। ਅੱਗ ਲੈਣ ਲਈ ਕਾਫ਼ਿਲੇ ਦੇ ਦੋ ਵਿਅਕਤੀ ਕੁਟੀਆ ਵਿੱਚ ਗਏ। ਅਵਾਜ਼ ਸੁਣ ਕੇ ਅਧਮ ਸ਼ਾਹ ਡਰ ਗਿਆ ਕਿ ਰਾਜੇ ਦੇ ਆਦਮੀ ਆ ਗਏ। ਉਹ ਕੁਟੀਆ ਦੇ ਪਿੱਛੇ ਜਾ ਕੇ ਇੱਕ ਗੁਫ਼ਾ ਵਿੱਚ ਛੁਪ ਗਿਆ ਜਿਸ ਵਿੱਚ ਉਹ ਸਾਧਨਾ ਕਰਿਆ ਕਰਦਾ ਸੀ।

ਕਾਫ਼ਿਲੇ ਦੇ ਵਿਅਕਤੀਆਂ ਨੇ ਮ੍ਰਿਤਕ ਨੌਜਵਾਨ ਲੜਕੀ ਨੂੰ ਦੀਵਾਰ ਦੇ ਸਹਾਰੇ ਬੈਠੀ ਦੇਖਿਆ ਤਾਂ ਡਰ ਦੇ ਮਾਰੇ ਉਲਟੇ ਪੈਰੀਂ ਕਾਫ਼ਿਲੇ ਵਿੱਚ ਜਾ ਕੇ ਦੱਸਿਆ । ਇੱਕ ਵੈਦ ਵੀ ਕਾਫ਼ਿਲੇ ਵਿੱਚ ਰਹਿੰਦਾ ਸੀ। ਕਈ ਵਿਅਕਤੀ ਅਤੇ ਵੈਦ ਉੱਥੇ ਗਏ ਤਾਂ ਲੜਕੀ ਨੂੰ ਦੇਖਦੇ ਹੀ ਵੈਦ ਨੇ ਕਿਹਾ ਕਿ ਇਹ ਲੜਕੀ ਮਰੀ ਨਹੀਂ ਹੈ, ਇਸਨੂੰ ਸਦਮਾ ਲੱਗਿਆ ਹੈ। ਉਪਚਾਰ ਕਰ ਸਕਦਾ ਹਾਂ। ਕਾਫ਼ਿਲੇ ਦੇ ਮਾਲਕ ਨੇ ਕਿਹਾ ਕਿ ਤੁਸੀਂ ਉਪਚਾਰ ਕਰੋ। ਜੇ ਲੜਕੀ ਠੀਕ ਹੋ ਗਈ ਤਾਂ ਇਸੇ ਤੋਂ ਪੁੱਛਾਂਗੇ ਕਿ ਕੌਣ ਹੈ ਤੇਰਾ ਪਿਤਾ ਜਾਂ ਪਤੀ ਕਿੱਥੇ ਹੈ? ਪਹਿਲਾਂ ਲੜਕੀ ਦੇ ਨੰਗੇ ਸਰੀਰ ਉੱਤੇ ਚੱਦਰ ਪਾਈ। ਫਿਰ ਵੈਦ ਨੇ ਹੱਥ ਦੀ ਨਸ ਵਿੱਚ ਚੀਰਾ ਦੇ ਕੇ ਅਸ਼ੁੱਧ ਖ਼ੂਨ ਕੱਢਿਆ।

ਲੜਕੀ ਕੁੱਝ ਹੀ ਮਿੰਟਾਂ ਵਿੱਚ ਸਚੇਤ ਹੋ ਗਈ। ਬੋਲੀ ਕਿ ਮੈਂ ਇੱਥੇ ਕਿਵੇਂ ਆਈ ਹਾਂ? ਅਧਮ ਸ਼ਾਹ ਫ਼ਕੀਰ ਨੇ ਦੀਵੇ ਦੀ ਰੌਸ਼ਨੀ ਵਿੱਚ ਦੇਖਿਆ ਕਿ ਇਹ ਰਾਜੇ ਦੇ

ਆਦਮੀ ਨਹੀਂ ਹਨ। ਸ਼ਹਿਜ਼ਾਦੀ ਵੀ ਜੀਵਿਤ ਹੋ ਗਈ ਹੈ। ਉਹ ਕਾਫ਼ਿਲੇ ਦੇ ਵਿਅਕਤੀ-ਆਂ ਕੋ.ਲ ਆਇਆ ਤੇ ਸਾਰੀ ਦਾਸਤਾਨ ਦੱਸੀ ਜੋ ਲੜਕੀ ਨੇ ਵੀ ਸੁਣੀ।

ਲੜਕੀ ਨੂੰ ਕਾਫ਼ਿਲੇ ਦੇ ਵਿਅਕਤੀਆਂ ਨੇ ਸਮਝਾਇਆ ਕਿ ਜੇਕਰ ਤੁਹਾਨੂੰ ਇਹ ਫ਼ਕੀਰ ਕਬਰ ਵਿੱਚੋਂ ਕੱਢ ਕੇ ਨਾ ਲਿਆਉਂਦਾ ਤਾਂ ਤੂੰ ਤਾਂ ਸੰਸਾਰ ਵਿੱਚੋਂ ਚਲੀ ਗਈ ਹੁੰਦੀ। ਹੁਣ ਤੁਹਾਨੂੰ ਚਾਹੀਦਾ ਹੈ ਕਿ ਇਸ ਫ਼ਕੀਰ ਦੇ ਨਾ.ਲ ਅੱਲਾਹ ਦੀ ਰਜ਼ਾ ਮੰਨ ਕੇ ਰਹੋ। ਕੁੜੀ ਨੇ ਹਾਂ ਕਰ ਦਿੱਤੀ। ਉਨ੍ਹਾਂ ਵਿਅਕਤੀਆਂ ਨੇ ਦੋਵਾਂ ਦਾ ਵਿਆਹ ਕਰ ਦਿੱਤਾ, ਨਿਕਾਹ ਪੜ੍ਹ ਦਿੱਤਾ। ਕਾਫ਼ਿਲੇ ਦੇ ਮਾਲਕ ਨੇ ਕਿਹਾ ਕਿ ਜੇਕਰ ਤੁਸੀਂ ਸਾਡੇ ਨਾ.ਲ ਚੱਲਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਸੇਵਾ ਕਰਾਂਗੇ, ਕੋਈ ਕਸ਼ਟ ਨਹੀਂ ਹੋਣ ਦੇਵਾਂਗੇ। ਗ੍ਰਹਿਸਥੀ ਬਣਿਆ ਫ਼ਕੀਰ ਬੋਲਿਆ ਕਿ ਅਸੀਂ ਇੱਥੇ ਹੀ ਰਹਿਣਾ ਹੈ। ਮੈਂ ਤੁਹਾਡਾ ਅਹਿਸਾਨ ਕਦੇ ਨਹੀਂ ਭੁੱਲ ਸਕਾਂਗਾ। ਤੁਸੀਂ ਮੇਰੇ ਲਈ ਅੱਲਾਹ ਦਾ ਸਵਰੂਪ ਬਣ ਕੇ ਆਏ ਹੋ। ਸਾਡੀ ਦੋਹਾਂ ਦੀ ਮੌਤ ਹੋਣੀ ਸੀ। ਤੁਸੀਂ ਸਾਡੇ ਜੀਵਨ ਦੀ ਰੱਖਿਆ ਕੀਤੀ ਹੈ। ਉਹਨਾਂ ਨੂੰ ਉੱਥੇ ਹੀ ਛੱਡ ਕੇ ਕਾਫ਼ਿਲੇ ਦੇ ਵਿਅਕਤੀ ਚਲੇ ਗਏ।

ਕੁੱਝ ਦਿਨਾਂ ਬਾਅਦ ਲੜਕੀ ਨੇ ਇੱਕ ਸੁੰਦਰ ਪੁੱਤਰ ਨੂੰ ਜਨਮ ਦਿੱਤਾ। ਉਸ ਦਾ ਨਾਮ ''ਸੁਲਤਾਨ ਇਬਰਾਹਿਮ'' ਰੱਖਿਆ। ਚਾਰ ਸਾਲ ਦਾ ਬੱਚਾ ਹੋਣ ਤੋਂ ਬਾਅਦ ਬਲਖ ਸ਼ਹਿਰ ਦੇ ਮੌਲਵੀ ਦੇ ਕੋ.ਲ ਪੜ੍ਹਨ ਦੇ ਲਈ ਦਾਖ਼ਲਾ ਕਰਵਾਇਆ। ਹਰ ਰੋਜ਼ ਅਧਮ ਬੇਟੇ ਨੂੰ ਮੌਲਵੀ ਦੇ ਕੋ.ਲ ਸਵੇਰੇ ਛੱਡ ਆਉਂਦਾ, ਸ਼ਾਮ ਨੂੰ ਲੈ ਆਉਂਦਾ। ਬਲਖ਼ ਦੇ ਬਾਦਸ਼ਾਹ ਦੀ ਇਕਲੌਤੀ ਬੇਟੀ ਸੀ, ਪੁੱਤਰ ਨਹੀਂ ਸੀ। ਰਾਜਾ ਗਰੀਬ ਬੱਚਿਆਂ ਦੀ ਮਦਦ ਕਰਿਆ ਕਰਦਾ ਸੀ। ਇੱਕ ਦਿਨ ਬਲਖ਼ ਦਾ ਰਾਜਾ ਉਸ ਮੌਲਵੀ ਦੇ ਕੋ.ਲ ਗਿਆ। ਉਹ ਵਿਦਿਆਰਥੀਆਂ ਨੂੰ ਇਨਾਮ ਦਿੰਦਾ ਸੀ। ਉਹ ਗਰੀਬ ਬੱਚਿਆਂ ਨੂੰ ਕੱਪੜੇ ਵੰਡਦਾ ਸੀ। ਅਧਮ ਸ਼ਾਹ ਫ਼ਕੀਰ ਦੇ ਲੜਕੇ ਨੂੰ ਦੇਖ਼ ਕੇ ਰਾਜਾ ਹੈਰਾਨ ਰਹਿ ਗਿਆ। ਉਸਦੀ ਸੂਰਤ ਰਾਜੇ ਦੀ ਲੜਕੀ ਨਾ.ਲ ਮਿਲਦੀ ਸੀ।

ਰਾਜਾ ਨੇ ਮੌਲਵੀ ਤੋਂ ਪੁੱਛਿਆ ਕਿ ਇਹ ਬੱਚਾ ਕਿਸਦਾ ਹੈ? ਮੌਲਵੀ ਨੇ ਦੱਸਿਆ ਕਿ ਇੱਕ ਫ਼ਕੀਰ ਜੰਗ.ਲ ਵਿੱਚੋਂ ਆਉਂਦਾ ਹੈ, ਉਸ ਦਾ ਲੜਕਾ ਹੈ। ਸਵੇਰੇ ਛੱਡ ਜਾਂਦਾ ਹੈ, ਸ਼ਾਮ ਨੂੰ ਲੈ ਜਾਂਦਾ ਹੈ। ਅਸੀਂ ਜ਼ਿਆਦਾ ਪੁੱਛਗਿੱਛ ਨਹੀਂ ਕੀਤੀ। ਲੜਕਾ ਵੀ ਉੱਠ ਕੇ ਰਾਜੇ ਨਾ.ਲ ਲਿਪਟ ਗਿਆ। ਰਾਜੇ ਨੇ ਉਸ ਨੂੰ ਗੋਦ ਵਿੱਚ ਚੁੱਕ ਲਿਆ ਤੇ ਚੱਲ ਪਿਆ। ਮੌਲਵੀ ਨੂੰ ਕਿਹਾ ਕਿ ਇਸ ਦਾ ਪਿਤਾ ਆਵੇ ਤਾਂ ਮਹਿਲ ਵਿੱਚ ਭੇਜ ਦੇਣਾ, ਉੱਥੋਂ ਲੈ ਜਾਵੇਗਾ। ਰਾਜੇ ਨੇ ਰਾਣੀ ਨੂੰ ਉਹ ਬੱਚਾ ਦਿਖਾਇਆ ਉਹ ਤਾਂ ਦੇਖਦੇ ਹੀ ਆਪਣੀ ਬੇਟੀ ਨੂੰ ਯਾਦ ਕਰਕੇ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਗਈ। ਸਚੇਤ ਹੋਣ ਤੇ ਬੱਚੇ ਨੂੰ ਛਾਤੀ ਨਾ.ਲ ਲਗਾਇਆ। ਖਾਣਾ ਖੀਰ-ਹਲਵਾ ਖ਼ੁਦ ਬਣਾ ਕੇ ਖਵਾਇਆ। ਰਾਣੀ ਨੇ ਕਿਹਾ ਕਿ ਇਹ ਤਾਂ ਆਪਣੀ ਲੜਕੀ ਨਾ.ਲ ਮਿਲਦੀ ਸ਼ਕਲ ਦਾ ਹੈ। ਇੰਨੇ ਵਿੱਚ ਫ਼ਕੀਰ ਮੌਲਵੀ ਦੇ ਕੋ.ਲ ਜਾ ਕੇ ਰਾਜੇ ਦੇ ਮਹਿਲ ਵਿੱਚ ਚਲਾ ਗਿਆ। ਰਾਜੇ ਨੇ ਨੌਕਰਾਂ ਨੂੰ ਕਿਹਾ ਹੋਇਆ ਸੀ ਕਿ ਇਸ ਲੜਕੇ ਦੇ ਪਿਤਾ ਆਵੇ ਤਾਂ ਉਸ ਨੂੰ ਰੋਕਣਾ ਨਹੀਂ, ਮਹਿਲ ਵਿੱਚ ਆਦਰ ਦੇ ਨਾ.ਲ ਲੈ ਕੇ ਆਉਣਾ ਹੈ। ਉਸ ਫ਼ਕੀਰ ਨੂੰ ਦੇਖ ਕੇ ਰਾਜੇ ਨੇ ਕਿਹਾ ਕਿ ਇਹ ਬੱਚਾ ਕਿਸ ਦਾ ਹੈ?

ਫ਼ਕੀਰ ਨੇ ਦੱਸਿਆ ਕਿ ਇਹ ਮੇਰਾ ਪੁੱਤਰ ਹੈ। ਤੁਹਾਡੀ ਕੁੜੀ ਤੋਂ ਪੈਦਾ ਹੋਇਆ ਹੈ। ਰਾਜੇ ਨੇ ਕਿਹਾ ਕਿ ਫ਼ਕੀਰ ਹੋ ਕੇ ਝੂਠ ਬੋਲਣਾ ਠੀਕ ਨਹੀਂ ਹੁੰਦਾ। ਫ਼ਕੀਰ ਨੇ ਸਾਰੀ ਕਥਾ ਦੱਸੀ। ਰਾਜੇ ਨੂੰ ਵਿਸ਼ਵਾਸ ਨਹੀਂ ਹੋਇਆ। ਫ਼ਕੀਰ ਨੂੰ ਨਾ.ਲ ਲੈ ਕੇ

ਨੌਕਰਾਂ ਦੇ ਨਾ.ਲ ਪਹਿਲਾਂ ਲੜਕੀ ਦੀ ਕਬਰ ਨੂੰ ਪੁੱਟਿਆ ਤਾਂ ਉੱਥੇ ਲਾਸ਼ ਨਹੀਂ ਸੀ। ਫ਼ਕੀਰ ਦੀ ਕੁਟੀਆ ਵਿੱਚ ਗਏ। ਉਨ੍ਹਾਂ ਦੀ ਲੜਕੀ ਕਈ ਥਾਵਾਂ ਤੋਂ ਫਟੇ ਅਤੇ ਟਾਕ-ਿਆਂ ਲੱਗੇ ਹੋਏ ਕੱਪੜੇ ਪਾ ਕੇ ਬੈਠੀ ਸੀ। ਆਪਣੇ ਮਾਤਾ-ਪਿਤਾ ਨੂੰ ਦੇਖ਼ਦੇ ਹੀ ਦੌੜ ਕੇ ਪਿਤਾ-ਮਾਤਾ ਨਾ.ਲ ਵਾਰੀ-ਵਾਰੀ ਸੀਨੇ ਲੱਗੀ।

ਲੜਕੀ, ਬੱਚੇ ਅਤੇ ਫ਼ਕੀਰ ਨੂੰ ਬੇਨਤੀ ਕਰ ਕੇ ਆਪਣੇ ਮਹਿਲ ਵਿੱਚ ਲੈ ਗਏ। ਫ਼ਕੀਰ ਅਧਮ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ। ਜਿਸ ਕਰਕੇ ਉਸ ਨੂੰ ਸ਼ਾਹ ਕਿਹਾ ਜਾਣ ਲੱਗਾ। ਉਸ ਦਾ ਨਾਮ 'ਅਧਮ' ਸੀ। ਕੁੱਝ ਦਿਨ ਰਹਿ ਕੇ ਅਧਮ ਸ਼ਾਹ ਨੂੰ ਰਾਜ-ਠਾਠ ਚੰਗੇ ਨਹੀਂ ਲੱਗੇ। ਉਹ ਉਨ੍ਹਾਂ ਤੋਂ ਪਿਆਰ ਨਾ.ਲ ਵਿਦਾਇਗੀ ਲੈ ਕੇ ਕੁਟੀਆ ਵਿੱਚ ਚਲਾ ਗਿਆ ਅਤੇ ਕਦੇ-ਕਦੇ ਲੜਕੇ ਅਤੇ ਪਤਨੀ ਨੂੰ ਮਿਲ ਜਾਂਦਾ ਸੀ। ਕੁੱਝ ਸਾਲਾਂ ਬਾਅਦ ਅਧਮ ਸ਼ਾਹ ਫ਼ਕੀਰ ਦੀ ਮੌਤ ਹੋ ਗਈ। ਉਸਦੀ ਸਮਾਧੀ ਕੁਟੀਆ ਵਿੱਚ ਬਣਾ ਦਿੱਤੀ। ਆਲ਼ੇ-ਦੁਆਲ਼ੇ ਸੁੰਦਰ ਬਗੀਚੀ ਬਣਾਈ ਗਈ। ਉੱਥੇ ਮੇਲੇ ਲੱਗਣ ਲੱਗੇ। ਬਾਲਕ ਇਬਰਾਹਿਮ ਨੂੰ ਨਾਨਾ ਜੀ ਦੇ ਰਾਜ ਦਾ ਉੱਤਰਾਧਿਕਾਰੀ ਬਣਾਇਆ ਗਿਆ।

ਵਿਚਾਰਣਯੋਗ ਵਿਸ਼ਾ :-

ਕਬੀਰ ਕਮਾਈ ਆਪਨੀ, ਕਬਹੂੰ ਨਾ ਨਿਸ਼ਫਲ ਜਾਏ।
ਸਾਤ ਸਮੁੰਦਰ ਆੜੇ ਪੜੇ, ਮਿਲੇ ਅਗਾਊ ਆਏ॥

ਅਰਥਾਤ ਭਗਤੀ ਦੀ ਜਿਹੋ ਜਿਹੀ ਕਮਾਈ (ਸਾਧਨਾ) ਕੀਤੀ ਹੈ, ਉਹ ਵਿਅਰਥ ਨਹੀਂ ਜਾਂਦੀ ਭਾਵੇਂ ਸੱਤ ਸਮੁੰਦਰਾਂ ਜਿੰਨੀ ਰੁਕਾਵਟ ਕਿਉਂ ਨਾ ਆ ਜਾਵੇ।

ਭਗਤੀ ਦੇ ਲਈ ਭਗਤ ਦਾ ਸਰੀਰ ਸੁਭਾਅ ਬਹੁਤ ਸਹਿਯੋਗੀ ਹੁੰਦਾ ਹੈ। ਚੰਗੇ ਮਾਤਾ-ਪਿਤਾ ਤੋਂ ਮਿਲੇ ਜਨਮ ਨਾਲ ਬੱਚੇ ਦੇ ਸਰੀਰ ਵਿੱਚ ਮਾਤਾ-ਪਿਤਾ ਦਾ ਸੁਭਾਅ ਵੀ ਨਾ.ਲ ਰਹਿੰਦਾ ਹੈ। ਸੁਲਤਾਨ ਇਬਰਾਹਿਮ ਜਿਸ ਜਨਮ ਵਿੱਚ ਸੰਮਨ ਮਨਿਆਰ ਸੀ। ਉਸ ਨੇ ਆਪਣੇ ਲੜਕੇ ਦੀ ਕੁਰਬਾਨੀ ਸਤਿਗੁਰੂ ਦੀ ਸੇਵਾ ਦੇ ਲਈ ਦਿੱਤੀ ਸੀ। ਕੁਝ ਕਾਰਣ ਅਜਿਹਾ ਬਣਿਆ ਸੀ। ਪਰਮੇਸ਼ਵਰ ਜੀ ਯਾਣੀ ਸਤਿਗੁਰੂ ਕਬੀਰ ਜੀ ਨੇ ਉਹ ਲੜਕਾ ਜੀਵਿਤ ਕਰ ਦਿੱਤਾ ਸੀ। ਉਹੀ ਸੰਮਨ ਫਿਰ ਰਾਜਾ ਬਣਿਆ। ਭਗਤੀ ਨਹੀਂ ਕੀਤੀ। ਇਸ ਵਾਰ ਉਸ ਆਤਮਾ ਨੂੰ ਅਜਿਹੇ ਪਿਤਾ ਨੇ ਸਰੀਰ ਦਿੱਤਾ ਜੋ ਜਨਮ ਤੋਂ ਪਰਮਾਤਮਾ 'ਤੇ ਸਮਰਪਿਤ ਸੀ। ਸੰਮਨ ਦੀ ਆਤਮਾ ਨੂੰ ਮੋਕਸ਼ ਦਿਲਾਉਣ ਲਈ ਪਰਮੇਸ਼ਵਰ ਜੀ ਨੇ ਅਧਮ ਸ਼ਾਹ ਵਿੱਚ ਵਿਆਹ ਦੀ ਪ੍ਰੇਰਣਾ ਮਜ਼ਬੂਤ ਕੀਤੀ। ਲਕੜੀ ਨੂੰ ਸਦਮਾ, ਸਮੁੰਦਰ ਤੋਂ ਮੋਤੀ, ਵਣਜਾਰਿਆ ਦਾ ਕਾਫ਼ਿਲਾ ਰਾਹ ਭੁੱਲ ਕੇ ਕੁਟੀਆ ਵਿੱਚ ਆਉਣਾ, ਲਕੜੀ ਨੂੰ ਜੀਵਿਤ ਕਰਨਾ। ਸੁਲਤਾਨ ਇਬਰਾਹਿਮ ਦਾ ਜਨਮ ਅਧਮ ਸ਼ਾਹ ਤੋਂ ਪਵਿੱਤਰ ਆਤਮਾ ਲੜਕੀ ਤੋਂ ਹੋਣਾ ਜੋ ਇੱਕ ਫ਼ਕੀਰ ਨਾ.ਲ ਰਹਿ ਕੇ ਸਾਧਵੀ ਜੀਵਨ ਜੀ ਰਹੀ ਸੀ। ਉੱਚ ਵਿਚਾਰ ਬਣੇ ਸਨ। ਸੰਸਾਰ ਦੀ ਕੋਈ ਬੁਰਾਈ ਲੜਕੀ ਨੂੰ ਨਹੀਂ ਲੱਗੀ ਸੀ। ਸਤਿਗੁਰੂ ਦੇ ਲਈ ਆਪਣੇ ਪੁੱਤਰ ਸੇਊ (ਸ਼ਿਵ) ਦਾ ਬਲੀਦਾਨ ਅਤੇ ਨੌਸ਼ੇਰਖਾਨ ਰੂਪ ਵਿੱਚ ਅਰਬਾਂ ਰੁਪਏ ਦਾਨ (ਜ਼ਕਾਤ) ਵਿੱਚ ਦਿੱਤੇ।

ਉਸ ਦਾਨ ਦਾ ਫ਼ਲ ਵੀ ਉਸ ਜੀਵ ਨੂੰ ਦੇਣਾ ਸੀ। ਉਸਦੇ ਲਈ ਪਰਮੇਸ਼ਵਰ ਕਬੀਰ ਜੀ ਨੇ ਇਹ ਲੀਲਾ ਕੀਤੀ ਸੀ। ਆਦਮ ਸ਼ਾਹ ਫ਼ਕੀਰ ਦਾ ਦਾਦਾ ਉਸੇ ਬਲਖ਼ ਸ਼ਹਿਰ ਦਾ ਰਾਜਾ ਸੀ ਜਿਸ ਦਾ ਰਾਜ ਅਬ੍ਰਾਹਿਮ ਦੇ ਨਾਨਾ ਜੀ ਦੇ ਪਿਤਾ ਨੇ ਲੜਾਈ

ਕਰਕੇ ਖੋਹ ਲਿਆ ਸੀ। ਫਿਰ ਉਹੀ ਰਾਜ ਉਸੇ ਵੰਸ਼ ਦੇ ਸੁਲਤਾਨ ਅਬ੍ਰਾਹਿਮ ਨੂੰ ਮਿ-ਲਿਆ। ਆਦਮ ਸ਼ਾਹ ਵੀ ਭਗਤੀ ਤੋਂ ਭਟਕਣ ਦੇ ਕਾਰਣ ਪਸ਼ੂ ਦੀ ਜੂਨੀ ਵਿੱਚ ਪੈਦਾ ਹੋਇਆ।

**ਕਬੀਰ ਪਰਮੇਸ਼ਵਰ ਜੀ ਨੇ ਕਿਹਾ ਹੈ ਕਿ:-**

ਯੇ ਸਬ ਖੇਲ ਹਮਾਰੇ ਕੀਏ। ਹਮ ਸੇ ਮਿਲੇ ਜੋ ਨਿਸ਼ਚਯ ਜੀਯੇ॥
ਜੋਜਨ ਮੇਰੀ ਸ਼ਰਨ ਹੈ, ਉਸਕਾ ਹੂੰ ਮੈਂ ਦਾਸ।
ਗੇਲ ਗੇਲ ਲਾਗਯਾ ਫਿਰੂੰ, ਜਬ ਤਕ ਧਰਤੀ ਆਕਾਸ਼॥

## ਸੁਲਤਾਨ ਇਬ੍ਰਾਹਿਮ ਨੂੰ ਸ਼ਰਨ ਵਿੱਚ ਲੈਣਾ

{ਅੱਲਾਹ ਅਕਬਰ ਜੀ ਜ਼ਿੰਦਾ ਬਾਬਾ (ਅਲ਼ ਖ਼ਿਜ਼੍ਰ) ਦਾ ਭੇਸ ਬਣਾ ਕੇ ਵਾਰ-ਵਾਰ ਸੁਲਤਾਨ ਇਬ੍ਰਾਹਿਮ ਨੂੰ ਸਮਝਾਇਆ ।}

ਸੰਮਨ ਵਾਲ਼ਾ ਜੀਵਨ ਪੂਰਾ ਕਰਕੇ ਸਰੀਰ ਤਿਆਗ ਗਿਆ। ਉਹੀ ਜੀਵ ਅਗਲ਼ੇ ਜਨਮ ਵਿੱਚ ਨੌਸ਼ੇਰਖ਼ਾਨ ਫਿਰ ਰਾਜਾ ਬਣਿਆ। ਇਰਾਕ ਦੇ ਅੰਦਰ ਇੱਕ ਬਲਖ਼ ਨਾਂ ਦਾ ਸ਼ਹਿਰ ਸੀ। ਉਸ ਸ਼ਹਿਰ ਵਿੱਚ ਉਸਦੀ ਰਾਜਧਾਨੀ ਸੀ। ਰਾਜੇ ਦਾ ਨਾਮ ਸੁਲਤਾਨ ਅਬ੍ਰਾਹਿਮ ਅਧਮ ਸੀ। ਉਸ ਆਤਮਾ ਨੇ ਸੰਮਨ ਦੇ ਜੀਵਨ ਵਿੱਚ ਜੋ ਸ਼ਰਧਾ ਨਾਲ਼ ਭਗਤੀ ਕੀਤੀ ਸੀ। ਉਸਦੇ ਕਾਰਣ ਮਾਨਵ ਜੀਵਨ ਮਿਲਦੇ ਆ ਰਹੇ ਸਨ ਅਤੇ ਜੋ ਦਾਨ ਕੀਤਾ ਸੀ, ਉਸਦੇ ਪ੍ਰਤਿਫ਼ਲ ਵਿੱਚ ਰਾਜਾ ਬਣਦਾ ਰਿਹਾ। ਉਸਦਾ ਸਭ ਤੋਂ ਵੱਡਾ ਦਾਨ ਤਿੰਨ ਸੇਰ ਆਟਾ ਸੀ ਜੋ ਪੁੱਤਰ ਦੀ ਕੁਰਬਾਨੀ ਦੇ ਕੇ ਕੀਤਾ ਸੀ। ਉਸੇ ਕਾਰਨ ਉਹ ਅਮੀਰ ਰਾਜਾ ਬਣਦਾ ਰਿਹਾ। ਕੁੱਝ ਨੌਸ਼ੇਰਖ਼ਾਨ ਦੇ ਜੀਵਨ ਵਿੱਚ ਕਬੀਰ ਪਰਮੇਸ਼ਵਰ ਜੀ ਨੇ ਕਾਰਣ ਬਣਾ ਕੇ ਦਾਨ ਕਰਵਾਇਆ। ਜਿਸ ਕਾਰਨ ਨਾਲ਼ ਵੀ ਬਲਖ਼ ਦਾ ਅਮੀਰ ਰਾਜਾ ਬਣਿਆ। ਅਠਾਰ੍ਹਾਂ ਲੱਖ ਘੋੜੇ ਸਨ। ਹੋਰ ਹੀਰੇ-ਮੋਤੀਆਂ ਦੀ ਕਮੀ ਨਹੀਂ ਸੀ। ਇੱਕ ਜੋੜੀ ਜੁਤੀਆਂ ਦੇ ਉੱਪਰ ਢਾਈ ਲੱਖ ਦੇ ਹੀਰੇ ਲੱਗੇ ਹੁੰਦੇ ਸਨ। ਕਹਿੰਦੇ ਹਨ 16 ਹਜ਼ਾਰ ਔਰਤਾਂ ਰੱਖਦਾ ਸੀ। ਐਸ਼ (ਮੌਜ) ਕਰਦਾ ਸੀ। ਸ਼ਿਕਾਰ ਕਰਨ ਜਾਂਦਾ, ਬਹੁਤ ਜੀਵ ਹਿੰਸਾ ਕਰਦਾ ਸੀ।

ਇੱਕ ਦਿਨ ਰਾਜਾ ਦੇ ਮਹਿਲ਼ ਦੇ ਕੋਲ਼ ਕਿਸੇ ਭਗਤ ਦੇ ਘਰ ਕੁੱਝ ਸੰਤ ਆਏ ਸਨ। ਉਹਨਾਂ ਨੇ ਸਤਿਸੰਗ ਕੀਤਾ। ਰਾਜੇ ਨੇ ਰਾਤ ਨੂੰ ਆਪਣੇ ਘਰ ਦੀ ਛੱਤ ਦੇ ਉੱਪਰ ਬੈਠ ਕੇ ਪੂਰਾ ਸਤਿਸੰਗ ਸੁਣਿਆ। ਪਰਮਾਤਮਾ ਦੀ ਭਗਤੀ ਦੀ ਪ੍ਰਬਲ ਪ੍ਰੇਰਣਾ ਹੋਈ। ਸਵੇਰੇ ਆਪਣੇ ਮੰਤਰੀਆਂ ਨੂੰ ਕਿਹਾ ਕਿ ਕਿਸੇ ਚੰਗੇ ਸੰਤ ਦਾ ਪਤਾ ਕਰੋ। ਮੈਨੂੰ ਮਿਲਾਓ।

ਇੱਕ ਢੋਂਗੀ ਬਾਬਾ ਬੜਾ ਪ੍ਰਸਿੱਧ ਸੀ। ਰਾਜੇ ਨੂੰ ਉਸ ਕੋਲ਼ ਲੈ ਜਾਇਆ ਗਿਆ। ਰਾਜਾ ਉਸਦੇ ਦੱਸੇ ਮਾਰਗ ਅਨੁਸਾਰ ਭਗਤੀ ਕਰਨ ਲੱਗਾ। ਰਾਜੇ ਦੀ ਉਂਗਲ਼ ਵਿੱਚ ਇੱਕ ਬੇਸ਼ਕੀਮਤੀ ਛਾਂਪ (ਅੰਗੂਠੀ) ਸੀ। ਢੋਂਗੀ ਬਾਬਾ ਦਿਖਾਵਾ ਤਾਂ ਕਰਦਾ ਸੀ ਕਿ ਉਹ ਧਨ ਨੂੰ ਹੱਥ ਨਹੀਂ ਲਗਾਉਂਦਾ। ਲੱਗਦਾ ਸੀ ਕਿ ਬੜਾ ਤਿਆਗੀ ਅਤੇ ਬੈਰਾਗੀ ਹੈ, ਪਰੰਤੂ ਸੀ ਕਮੀਨਾ। ਸੁਲਤਾਨ ਵੀ ਉਸਤੋਂ ਪ੍ਰਭਾਵਿਤ ਸੀ। ਉਸ ਬਾਬੇ ਨੇ ਆਪਣੇ ਨਿੱਜੀ ਸੇਵਕ ਨੂੰ ਕਿਹਾ ਕਿ ਜਿਸ ਸੁਨਿਆਰ ਨੇ ਰਾਜਾ ਅਬ੍ਰਾਹਿਮ ਦੀ ਅੰਗੂਠੀ ਬਣਾਈ ਹੈ, ਉਸੇ ਸੁਨਿਆਰ ਤੋਂ ਉਸੇ ਤਰ੍ਹਾਂ ਦੀ ਹੀ ਅੰਗੂਠੀ ਨਕਲੀ ਹੀਰੇ ਅਤੇ ਮੋ-ਤੀਯੁਕਤ ਨਕਲੀ ਸੋਨੇ ਦੀ ਬਣਵਾ ਲਿਆ। ਨਕਲੀ ਅੰਗੂਠੀ ਬਿਲਕੁਲ ਉਸੇ ਤਰ੍ਹਾਂ ਦੀ ਹੀ ਬਣ ਗਈ।

ਇੱਕ ਦਿਨ ਰਾਜਾ ਸੰਤ ਦੇ ਕੋਲ਼ ਗਿਆ। ਸੰਤ ਨੇ ਕਿਸ਼ਤੀ ਦੀ ਸਵਾਰੀ ਦੀ ਇੱਛਾ ਕੀਤੀ। ਸੁਲਤਾਨ ਅਬ੍ਰਾਹਿਮ ਅਧਮ ਨੇ ਕਿਸ਼ਤੀ ਦੀ ਸਵਾਰੀ ਦਾ ਪ੍ਰਬੰਧ ਕਰਵਾਇਆ। ਸਰੋਵਰ ਦੇ ਵਿਚਕਾਰ ਜਾ ਕੇ ਬਾਬੇ ਨੇ ਕਿਹਾ, ਰਾਜਨ! ਤੁਹਾਡੀ ਅੰਗੂਠੀ ਅਤਿ ਸੁੰਦਰ ਹੈ, ਦਿਖਾਇਓ ਜ਼ਰਾ। ਰਾਜਾ ਨੇ ਅੰਗੂਠੀ ਕੱਢ ਕੇ ਸੰਤ ਜੀ ਨੂੰ ਦੇ ਦਿੱਤੀ, ਉਹ ਬਾਬਾ ਦੇਖਣ ਲੱਗਾ। ਨਜ਼ਰ ਬਚਾ ਕੇ ਅੰਗੂਠੀ ਬਦਲ ਦਿੱਤੀ। ਰਾਜਾ ਨੇ ਕਿਹਾ ਕਿ ਤੁਸੀਂ ਚਾਹੋ ਤਾਂ ਅੰਗੂਠੀ ਲੈ ਲਓ ਜਾਂ ਹੋਰ ਬਣਵਾ ਦੇਵਾਂ। ਬਾਬੇ ਨੇ ਕਿਹਾ, ਅਰੇ! ਸਾਧੂ-ਸੰਤਾਂ ਦੇ ਲਈ ਤਾਂ ਇਹ ਮਿੱਟੀ ਹੈ ਮਿੱਟੀ। ਇਹ ਕਹਿ ਕੇ ਨਕਲੀ ਅੰਗੂਠੀ ਸਰੋਵਰ ਵਿੱਚ ਸੁੱਟ ਦਿੱਤੀ।

ਰਾਜੇ ਨੂੰ ਪੂਰਾ ਭਰੋਸਾ ਹੋ ਗਿਆ ਕਿ ਅਸਲ ਵਿੱਚ ਸਾਧੂ ਤਿਆਗੀ ਅਤੇ ਵੈਰ-ਾਗੀ ਹੈ। ਕੁਝ ਦਿਨਾਂ ਬਾਅਦ ਉਸ ਪਾਖੰਡੀ ਬਾਬੇ ਦੀ ਪੋਲ ਖੁੱਲ੍ਹ ਗਈ। ਉਸ ਦੇ ਰਾਜਦਾਰ ਸ਼ਿਸ਼ ਨੇ ਰਾਜੇ ਨੂੰ ਦੱਸਿਆ ਕਿ ਤੁਹਾਡੀ ਅੰਗੂਠੀ ਇਸ ਤਰ੍ਹਾਂ ਬਾਬੇ ਨੇ ਠੱਗੀ ਹੈ। ਉਹ ਉਸਦੇ ਕੋਲ਼ ਹੈ। ਜਦੋਂ ਰਾਜਾ ਨੂੰ ਉਹ ਅੰਗੂਠੀ ਉਸੇ ਬਾਬੇ ਦੀ ਕੁਟੀਆ ਵਿੱਚ ਜ਼ਮੀਨ ਵਿੱਚ ਦੱਬੀ ਹੋਈ ਮਿਲੀ ਤਾਂ ਬਹੁਤ ਦੁਖੀ ਹੋਇਆ ਅਤੇ ਸਾਧੂ-ਸੰਤਾਂ ਤੋਂ ਵਿਸ਼ਵਾਸ ਉੱਠ ਗਿਆ। ਉਸ ਢੋਂਗੀ ਨੂੰ ਜੇਲ੍ਹ ਵਿੱਚ ਪਾ ਦਿੱਤਾ। ਫਿਰ ਤਾਂ ਰਾਜੇ ਨੇ ਆਪਣੇ ਰਾਜ ਦੇ ਸਾਰੇ ਸੰਤ-ਮਹਾਤਮਾਵਾਂ ਨੂੰ ਬੁਲਾ-ਬੁਲਾ ਕੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਜੇਕਰ ਤੁਸੀਂ ਖੁਦਾ ਨੂੰ ਪਾਇਆ ਹੈ ਤਾਂ ਮੈਨੂੰ ਵੀ ਮਿਲਾ ਦਿਉ। ਇਸ ਦਾ ਜਵਾਬ ਕਿਸੇ ਕੋਲ਼ ਨਹੀਂ ਸੀ। ਇੱਕ ਸੰਤ ਨੇ ਕਿਹਾ ਕਿ ਤੁਸੀਂ ਇੱਕ ਗਿਲਾਸ ਦੁੱਧ ਦਾ ਮੰਗਵਾਓ, ਦੁੱਧ ਦਾ ਗਿਲਾਸ ਨੌਕਰ ਨੇ ਲਿਆ ਕੇ ਦਿੱਤਾ। ਸੰਤ ਨੇ ਦੁੱਧ ਵਿੱਚ ਉਂਗਲੀ ਪਾਈ ਅਤੇ ਰਾਜੇ ਨੂੰ ਕਿਹਾ, ਰਾਜਨ! ਤੁਹਾਡੇ ਦੁੱਧ ਵਿੱਚ ਘੀ ਨਹੀਂ ਹੈ। ਰਾਜੇ ਨੇ ਕਿਹਾ, ਦੁੱਧ ਤੋਂ ਘੀ ਪ੍ਰਾਪਤ ਕਰਨ ਦੀ ਵਿਧੀ ਹੈ। ਪਹਿਲਾਂ ਦੁੱਧ ਨੂੰ ਗਰਮ ਕਰਕੇ ਠੰਡਾ ਕੀਤਾ ਜਾਂਦਾ ਹੈ। ਫਿਰ ਜਮਾਇਆ ਜਾਂਦਾ ਹੈ, ਦਹੀਂ ਬਣਦੀ ਹੈ। ਫਿਰ ਰਿੜਕਿਆ ਜਾਂਦਾ ਹੈ। ਤਦ ਘੀ ਨਿਕਲਦਾ ਹੈ। ਉਸ ਸੰਤ ਜੀ ਨੇ ਕਿਹਾ, ਸੁਲਤਾਨ ਜੀ! ਜਿਵੇਂ ਦੁੱਧ ਤੋਂ ਘੀ ਪ੍ਰਾਪਤ ਕਰਨ ਦੀ ਵਿਧੀ ਹੈ। ਉਸੇ ਤਰ੍ਹਾਂ ਹੀ ਮਨੁੱਖੀ ਸਰੀਰ ਨਾਲ਼ ਪਰਮਾਤਮਾ ਪ੍ਰਾਪਤੀ ਦੀ ਵਿਧੀ ਹੈ। ਉਸ ਵਿਧੀ ਰਾਹੀਂ ਪਰਮਾਤਮਾ ਪ੍ਰਾਪਤ ਹੁੰਦਾ ਹੈ। ਗੁਰੂ ਬਣਾਉ, ਸਾਧਨਾ ਕਰੋ।

ਰਾਜੇ ਦੇ ਮਨ ਵਿੱਚ ਗੁਰੂ ਦੇ ਪ੍ਰਤੀ ਨਫ਼ਰਤ ਸੀ। ਉਹ ਸਭ ਨੂੰ ਉਸੇ ਨਜ਼ਰੀਏ ਤੋਂ ਦੇਖ ਰਿਹਾ ਸੀ। ਸਾਰੇ ਮਹਾਂਤਮਾਂਵਾਂ ਨੂੰ ਜੇਲ੍ਹ ਵਿੱਚ ਪਾ ਦਿੱਤਾ। ਸਭ ਤੋਂ ਚੱਕੀ ਚਲਵਾਈ ਜਾ ਰਹੀ ਸੀ। ਸਭ ਸਾਧੂ ਪਰਮਾਤਮਾ ਦੇ ਲਈ ਹੀ ਤਾਂ ਘਰ-ਪਰਿਵਾਰ ਤਿਆਗ ਕੇ ਨਿੱਕਲ ਹੁੰਦੇ ਹਨ। ਭਗਤੀ ਮਾਰਗ ਸਹੀ ਨਾ ਮਿਲਣ ਕਾਰਣ ਮਹਿਮਾ ਦੀ ਚਾਹ ਆਪਣੇ ਆਪ ਹੀ ਹੋ ਜਾਂਦੀ ਹੈ। ਜ਼ਿਆਦਾ ਸ਼ਿਸ਼ ਬਣਾਉਣਾ। ਚੰਗਾ-ਵੱਡਾ ਆਸ਼ਰਮ ਬਣਾਉਣਾ, ਇਹ ਧੁਨ ਲੱਗ ਜਾਂਦੀ ਹੈ, ਪ੍ਰੰਤੂ ਪ੍ਰਮੇਸ਼ਵਰ ਦੀ ਚੰਗੀਆਂ ਆਤਮਾਵਾਂ ਹੁੰਦੀਆਂ ਹਨ। ਉਹ ਪਰਮੇਸ਼ਵਰ ਦੇ ਲਈ ਯਤਨਸ਼ੀਲ ਹੋਣ ਕਾਰਣ, ਪਰਮਾਤਮਾ ਦੀ ਉਹਨਾਂ ਤੇ ਰਜ਼ਾ ਰਹਿੰਦੀ ਹੈ। ਉਨ੍ਹਾਂ ਨੂੰ ਸਤਿ ਗਿਆਨ ਦੇਣ ਲਈ ਭੇਸ ਬਦਲ ਕੇ ਪਰਮਾਤਮਾ ਉਨ੍ਹਾਂ ਨੂੰ ਸਮਝਾਉਂਦੇ ਹਨ, ਪ੍ਰੰਤੂ ਕਾਲ ਦੇ ਜਾਲ਼ ਵਿੱਚ ਅੰਨ੍ਹੇ ਹੋ ਕੇ ਨਹੀਂ ਮੰਨਦੇ। ਪਰਮਾਤਮਾ ਸਭ ਦਾ ਪਿਤਾ ਹੈ। ਉਹ ਬੱਚਾ ਜਾਣ ਕੇ ਮਾਫ਼ ਕਰਦਾ ਰਹਿੰਦਾ ਹੈ। ਫਿਰ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਰਹਿੰਦਾ ਹੈ।

ਲੀਲਾ ਨੰ. 1:- ਜੇਲ੍ਹ ਵਿੱਚ ਦੁਖੀ ਭਗਤਾਂ ਦੀ ਪੁਕਾਰ ਸੁਣ ਕੇ, ਉਨ੍ਹਾਂ ਨੂੰ ਛੁਡਾਉਣ ਲਈ ਅਤੇ ਆਪਣੇ ਪਰਮ ਭਗਤ ਸੰਮਨ ਨੂੰ ਕਾਲ ਦੇ ਜਾਲ਼ ਵਿਚੋਂ ਕੱਢਣ

ਲਈ, ਪਰਮੇਸ਼ਵਰ ਕਬੀਰ ਜੀ ਇੱਕ ਝੋਟੇ ਦੇ ਉੱਪਰ ਬੈਠ ਕੇ ਸੁਲਤਾਨ ਅਧਮ ਦੇ ਰਾਜ ਦਰਬਾਰ (ਦਫ਼ਤਰ) ਵਿੱਚ ਪਹੁੰਚ ਗਏ।

ਸਾਧੂ ਭੇਸ ਵਿੱਚ ਪਰਮੇਸ਼ਵਰ ਨੂੰ ਦੇਖ ਕੇ ਅਬ੍ਰਾਹਿਮ ਸੁ.ਲਤਾਨ ਨੇ ਪੁੱਛਿਆ, ਤੁਸੀ ਕਿਸ ਲਈ ਆਏ ਹੋ? ਪਰਮੇਸ਼ਵਰ ਜੀ ਨੇ ਕਿਹਾ ਕਿ ਮੈਂ ਤੁਹਾਡੇ ਸਵਾਲ ਦਾ ਜਵਾਬ ਦੇਣ ਆਇਆ ਹਾਂ। ਅਬ੍ਰਾਹਿਮ ਨੇ ਪ੍ਰਸ਼ਨ ਕੀਤਾ ਕਿ ਮੈਨੂੰ ਦੱਸੋ ਖ਼ੁਦਾ ਕਿਹੋ ਜਿਹਾ ਹੈ? ਜੇਕਰ ਖ਼ੁਦਾ ਨੂੰ ਤੁਸੀਂ ਮਿਲੇ ਹੋ ਤਾਂ ਮੈਨੂੰ ਵੀ ਮਿਲਾਓ। ਕਬੀਰ ਜੀ ਨੇ ਝੋਟੇ ਨੂੰ ਕਿਹਾ ਕਿ ਦੱਸ ਦੇ ਝੋਟੇ! ਅੱਲਾਹ ਕਿਹੋ ਜਿਹਾ ਹੈ? ਕਿੱਥੇ ਹੈ? ਖ਼ੁਦਾ ਦੀ ਸਹੁੰ ਸੱਚ ਬੋਲਣਾ। ਝੋਟਾ ਮਨੁੱਖ ਵਾਂਗ ਬੋਲਿਆ, ਕਿਹਾ ਕਿ ਅਬ੍ਰਾਹਿਮ ਮੇਰੇ ਉੱਪਰ ਬੈਠਾ ਇਹ ਅੱਲਾਹੂ ਅਕਬਰ ਹੈ। ਸੁਲਤਾਨ ਝੋਟੇ ਨੂੰ ਬੋਲਦੇ ਦੇਖ ਕੇ ਹੈਰਾਨ ਹੋਇਆ ਅਤੇ ਪ੍ਰਭਾਵਿਤ ਵੀ ਹੋਇਆ। ਸੋਚਣ ਲੱਗਾ ਕਿ ਇਹ ਕੋਈ ਸੇਵੜਾ ਹੋ ਸਕਦਾ ਹੈ। ਪਰਮੇਸ਼ਵਰ ਝੋਟੇ ਸਮੇਤ ਅੰਤਰਧਿਆਨ ਹੋ ਗਏ। ਅਬ੍ਰਾਹਿਮ ਨੂੰ ਚੱਕਰ ਆ ਗਿਆ। ਪਰਮਾਤਮਾ ਜੇਲ੍ਹ ਦੇ ਸਾਹਮਣੇ ਖੜ੍ਹੇ ਹੋ ਗਏ। ਸਿਪਾਹੀਆਂ ਨੂੰ ਹੁਕਮ ਸੀ ਕਿ ਕੋਈ ਵੀ ਸਾਧੂ ਮਿਲੇ, ਉਸਨੂੰ ਜੇਲ੍ਹ ਵਿੱਚ ਪਾ ਦੇਓ। ਉਨ੍ਹਾਂ ਨੇ ਪਰਮਾਤਮਾ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਸਿਪਾਹੀਆਂ ਨੇ ਕਿਹਾ ਕਿ ਚੱਕੀ ਚਲਾਓ। ਹੋਰ ਸਭ ਸਾਧੂ ਵੀ ਚੱਕੀ ਚਲਾ ਕੇ ਆਟਾ ਪੀਸ ਰਹੇ ਸਨ, ਰੋ ਰਹੇ ਸਨ। ਕਬੀਰ ਜੀ ਨੇ ਸਿਪਾਹੀਆਂ ਨੂੰ ਕਿਹਾ ਕਿ ਅਸੀਂ ਕੈਦੀ ਇੱਕ ਕੰਮ ਕਰਾਂਗੇ, ਇੱਕ ਸਿਪਾਹੀ ਕਰਣਗੇ। ਅਸੀਂ ਚੱਕੀ ਚਲਾਵਾਂਗੇ ਤਾਂ ਚੱਕੀ ਵਿੱਚ (ਕਣਕ, ਚਨੇ, ਬਾਜਰਾ) ਸਿਪਾਹੀ ਪਾਉਣਗੇ। ਜਾਂ ਅਸੀ ਕਣਕ ਪਾਵਾਂਗੇ, ਤੁਸੀਂ ਚੱਕੀ ਚਲਾਓ।

ਸਿਪਾਹੀਆਂ ਨੇ ਗੁੱਸੇ ਹੋ ਕੇ ਕਿਹਾ ਕਿ ਅਸੀਂ ਕਣਕ ਪਾਵਾਂਗੇ, ਤੁਸੀ ਚੱਕੀ ਚਲਾਓ। ਕਬੀਰ ਜੀ ਨੇ ਕਿਹਾ ਕਿ ਸਾਰੇ ਸੰਤ ਖੜ੍ਹੇ ਹੋ ਜਾਓ। ਇਹ ਕਹਿ ਕੇ ਆਪਣੀ ਚੱਕੀ ਨੂੰ ਡੰਡਾ ਲਗਾਇਆ। ਉਸੇ ਸਮੇਂ ਸਭ (360) ਚੱਕੀਆਂ ਆਪਣੇ ਆਪ ਚੱਲਣ ਲੱਗੀਆਂ। ਪਰਮਾਤਮਾ ਨੇ ਕਿਹਾ, ਸਿਪਾਹੀ ਭਰਾਵੋ ਪਾਓ ਕਣਕ, ਪੀਸੋ ਜਿੰਨਾਂ ਚਾਹੀਦਾ। ਸਾਧੂਆਂ ਨੂੰ ਕਿਹਾ ਕਿ ਅੱਖਾਂ ਬੰਦ ਕਰੋ। ਸਭ ਨੇ ਅੱਖਾਂ ਬੰਦ ਕਰ ਲਈਆਂ। ਫਿਰ ਪਰਮੇਸ਼ਵਰ ਜੀ ਨੇ ਕਿਹਾ ਕਿ ਅੱਖਾਂ ਖੋਲ੍ਹੋ। ਅੱਖਾਂ ਖੋਲ੍ਹੀਆਂ ਤਾਂ ਸਭ ਜੇਲ੍ਹ ਤੋਂ ਬਾਹਰ ਬਲਖ਼ ਸ਼ਹਿਰ ਤੋਂ ਦੂਰ ਜੰਗਲ ਵਿੱਚ ਖੜ੍ਹੇ ਸਨ। ਕਬੀਰ ਜੀ ਨੇ ਕਿਹਾ ਤੁਸੀਂ ਇਸ ਰਾਜੇ ਦੇ ਰਾਜ ਨੂੰ ਛੱਡ ਕੇ ਦੂਰ ਚਲੇ ਜਾਓ। ਸਾਰੇ ਭਗਤ ਜਨ ਪਰਮੇਸ਼ਵਰ ਨੂੰ ਪ੍ਰਣਾਮ ਅਤੇ ਧੰਨਵਾਦ ਕਰਕੇ ਭੱਜ ਗਏ। ਦੂਰ ਚਲੇ ਗਏ। ਰਾਜੇ ਨੂੰ ਪਤਾ ਲੱਗਿਆ ਕਿ ਇੱਕ ਸਿੱਧ ਫ਼ਕੀਰ ਆਇਆ ਸੀ। ਸਭ ਕੈਦੀਆਂ ਨੂੰ ਛੁੜਵਾ ਕੇ ਲੈ ਗਿਆ। ਜਾਂਦੇ ਦਿਖਾਈ ਨਹੀਂ ਦਿੱਤੇ। ਇੱਕ ਚੱਕੀ ਨੂੰ ਡੰਡਾ ਲਗਾਇਆ, ਸਭ (360) ਚੱਕੀਆਂ ਚੱਲਣ ਲੱਗੀਆਂ ਹਨ। ਰਾਜਾ ਜੇਲ੍ਹ ਵਿੱਚ ਗਿਆ। ਚਲਦੀ ਚੱਕੀਆਂ ਨੂੰ ਦੇਖ ਕੇ ਹੈਰਾਨ ਰਹਿ ਗਿਆ। ਫਿਰ ਚੱਕੀਆਂ ਬੰਦ ਹੋ ਗਈਆਂ। ਰਾਜਾ ਵਿਚਾਰਾਂ ਵਿੱਚ ਖੋ ਗਿਆ।

ਲੀਲਾ ਨੰ. 2:- ਕੁੱਝ ਦਿਨਾਂ ਦੇ ਬਾਅਦ ਪਰਮੇਸ਼ਵਰ ਕਬੀਰ ਜੀ ਇੱਕ ਊਠ ਚਰਾਉਣ ਵਾਲੇ ਪੇਂਡੂ ਵਰਗਾ ਭੇਸ ਬਣਾ ਕੇ ਹੱਥ ਵਿਚ ਲੰਬੀ ਲਾਠੀ ਲੈ ਕੇ ਰਾਜੇ ਦੇ ਨਿਵਾਸ ਦੇ ਉੱਪਰ ਛੱਤ 'ਤੇ ਪ੍ਰਗਟ ਹੋ ਗਏ। ਰਾਤ ਦਾ ਸਮਾਂ ਸੀ। ਰਾਜਾ ਸੋ ਰਿਹਾ ਸੀ। ਪਰਮੇਸ਼ਵਰ ਨੇ ਛੱਤ ਦੇ ਉੱਪਰ ਲਾਠੀ ਨੂੰ ਜ਼ੋਰ-ਜ਼ੋਰ ਨਾ.ਲ ਮਾਰਨਾ ਸ਼ੁਰੂ ਕੀਤਾ। ਸੁਲ-

ਤਾਨ ਅਬ੍ਰਾਹਿਮ ਨੀਂਦ ਤੋਂ ਜਾਗਿਆ। ਨੌਕਰਾਂ ਨੂੰ ਡਾਂਟਿਆ, ਇਹ ਕੌਣ ਰੌਲਾ ਪਾ ਰਿਹਾ ਹੈ? ਲਿਆਓ ਫੜ੍ਹ ਕੇ। ਨੌਕਰ ਉੱਪਰ ਗਏ। ਇੱਕ ਊਠਾਂ ਨੂੰ ਚਰਾਉਣ ਵਾਲੇ ਨੂੰ ਛੱਤ ਤੋਂ ਫੜ੍ਹ ਕੇ ਸੁਲਤਾਨ ਦੇ ਸਾਹਮਣੇ ਲਿਆਏ। ਰਾਜੇ ਨੇ ਪੁੱਛਿਆ, ਤੂੰ ਕੌਣ ਹੈ? ਮੇਰੇ ਮਹਿਲ ਦੀ ਛੱਤ ਤੇ ਕੀ ਕਰ ਰਿਹਾ ਹੈ?

ਪਰਮੇਸ਼ਵਰ ਜੀ ਨੇ ਕਿਹਾ ਕਿ ਮੈਂ ਊਠਵਾਲ (ਕਾਰਵਾਂਨ) ਹਾਂ। ਮੇਰਾ ਇੱਕ ਊਠ ਗੁਆਚ ਗਿਆ ਹੈ। ਉਸਨੂੰ ਛੱਤ ਤੇ ਲੱਭ ਰਿਹਾ ਹਾਂ। ਸੁਲਤਾਨ ਅਧਮ ਨੇ ਕਿਹਾ ਕਿ ਹੇ ਭੋਲ਼ੇ ਬੰਦੇ ! ਛੱਤ ਦੇ ਉੱਪਰ ਊਠ ਕਿਵੇਂ ਚੜ੍ਹ ਸਕਦਾ ਹੈ? ਇਹ ਤਾਂ ਕਦੇ ਹੋਇਆ ਨਾ ਹੋਵੇਗਾ। ਕਿਤੇ ਜੰਗਲ ਵਿੱਚ ਊਠ ਨੂੰ ਲੱਭ।

ਪਰਮੇਸ਼ਵਰ ਕਬੀਰ ਜੀ ਨੇ ਕਿਹਾ ਕਿ ਹੇ ਅਬ੍ਰਾਹਿਮ! ਜਿਵੇਂ ਊਠ ਛੱਤ ਤੇ ਨਹੀਂ ਹੁੰਦਾ, ਨਾ ਛੱਤ ਦੇ ਉੱਪਰ ਕਦੇ ਮਿਲਦਾ ਹੈ, ਊਠ ਨੂੰ ਜੰਗਲ ਵਿੱਚ ਖੋ-ਜਣਾ ਚਾਹੀਦਾ ਹੈ। ਇਸੇ ਤਰ੍ਹਾਂ ਪਰਮਾਤਮਾ ਰਾਜਗੱਦੀ 'ਤੇ ਬੈਠ ਕੇ ਐਸ਼ੋ ਅਰਾਮ (ਮੌਜ-ਮਸਤੀ) ਕਰਨ ਨਾ਼ਲ ਨਹੀਂ, ਉਹ ਸੰਤਾਂ ਵਿੱਚ ਮਿਲਦਾ ਹੈ। ਇੰਨਾ ਕਹਿ ਕੇ ਕਬੀਰ ਪਰਮੇਸ਼ਵਰ ਜੀ ਅੰਤਰਧਿਆਨ ਹੋ ਗਏ। ਸੁਲਤਾਨ ਅਧਮ ਬੇਹੋਸ਼ ਹੋ ਕੇ ਜ਼ਮੀਨ ਤੇ ਡਿੱਗ ਗਿਆ। ਮੰਤਰੀਆਂ ਅਤੇ ਰਾਣੀਆਂ ਨੇ ਇੱਕ ਝਾੜ-ਫੂਕ ਕਰਨ ਵਾ਼ਲਾ ਬੁਲਾਇਆ। ਉਸਨੇ ਰਾਜੇ ਦੀ ਸੱਜੀ ਬਾਂਹ ਤੇ ਤਾਬੀਜ਼ ਬੰਨ੍ਹ ਦਿੱਤਾ ਅਤੇ ਕਿਹਾ ਕਿ ਇਸਦੇ ਉੱਪਰ ਭੂਤ-ਪ੍ਰੇਤ ਦਾ ਸਾਯਾ ਹੈ, ਠੀਕ ਹੋ ਜਾਵੇਗਾ। ਰਾਜੇ ਦਾ ਮਨ ਰਾਜ-ਕਾਜ ਵਿੱਚ ਨਹੀਂ ਲੱਗ ਰਿਹਾ ਸੀ। ਉਦਾਸ ਰਹਿਣ ਲੱਗਾ। ਰਾਜੇ ਨੇ ਕੁਝ ਸੰਤਾਂ ਨੂੰ ਫਿਰ ਤੋਂ ਕੈਦ ਕਰ ਰੱਖਿਆ ਸੀ।

ਪਰਮੇਸ਼ਵਰ ਫਿਰ ਜੇਲ੍ਹ ਵਿੱਚ ਗਏ। ਉਸੇ ਤਰ੍ਹਾਂ ਹੀ ਉਹਨਾਂ ਨੂੰ ਵੀ ਜੇਲ੍ਹ ਤੋਂ ਕੱਢਿਆ। ਇਸ ਵਾਰ ਸਾਰੇ ਕੈਦੀਆਂ ਨੂੰ ਕਿਹਾ ਕਿ ਤੁਸੀਂ ਸਭ ਖੜ੍ਹੇ ਹੋ ਕੇ ਅੱਖਾਂ ਬੰਦ ਕਰੋ। ਕੁਝ ਦੇਰ ਅੱਲਾਹ ਦਾ ਚਿੰਤਨ ਕਰੋ। ਉਸ ਤੋਂ ਬਾਅਦ ਚੱਕੀ ਚਲਾਵਾਂਗੇ। ਚੱਕੀ ਆਸਾਨੀ ਨਾ਼ਲ ਚੱਲੇਗੀ। ਸਭ ਕੈਦੀ ਖੜ੍ਹੇ ਹੋ ਕੇ ਅੱਲਾਹ ਦਾ ਚਿੰਤਨ ਅੱਖਾਂ ਬੰਦ ਕਰਕੇ ਕਰਨ ਲੱਗੇ। ਪਰਮੇਸ਼ਵਰ ਨੇ ਇੱਕ ਚੱਕੀ ਨੂੰ ਡੰਡਾ (ਸੋਟੀ) ਲਗਾਇਆ। ਸਭ ਚੱਕੀਆਂ ਚੱਲਣ ਲੱਗੀਆਂ।

ਪਰਮਾਤਮਾ ਕਬੀਰ ਜੀ ਨੇ ਕਿਹਾ ਕਿ ਅੱਖਾਂ ਖੋਲ੍ਹੋ। ਸਭ ਨੇ ਅੱਖਾਂ ਖੋਲ੍ਹੀਆਂ ਤਾਂ ਖ਼ੁਦ ਨੂੰ ਬ਼ਲਖ਼ ਨਗਰ ਤੋਂ ਦੂਰ ਜੇਲ੍ਹ ਤੋਂ ਬਾਹਰ ਜੰਗਲ ਵਿੱਚ ਖੜ੍ਹੇ ਪਾਇਆ। ਪਰਮੇਸ਼ਵਰ ਨੇ ਕਿਹਾ ਕਿ ਦੁਬਾਰਾ ਤੋਂ ਇਸ ਸੁਲਤਾਨ ਦੇ ਰਾਜ ਦੀ ਸੀਮਾ ਵਿੱਚ ਨਾ ਆਉਂਣਾ। ਉਸ ਤੋਂ ਬਾਅਦ ਰਾਜੇ ਨੇ ਸਾਧੂ-ਸੰਤਾਂ ਨੂੰ ਕੈਦ ਵਿੱਚ ਪਾਉਣਾ ਬੰਦ ਕਰ ਦਿੱਤਾ ਸੀ, ਪ੍ਰੰਤੂ ਡਰ ਦੇ ਮਾਰੇ ਕੋਈ ਵੀ ਸਾਧੂ-ਮਹਾਤਮਾ ਉਸਦੇ ਰਾਜ ਵਿੱਚ ਨਹੀਂ ਆਉਂਦੇ ਸਨ। {ਕਬੀਰ ਪਰਮੇਸ਼ਵਰ ਜੀ ਵੀ ਇਹੀ ਚਾਹੁੰਦੇ ਸਨ ਕਿ ਇਹ ਨਕਲੀ ਗੁਰੂ ਇੱਥੇ ਨਾ ਆਉਣ। ਕਿਤੇ ਰਾਜੇ ਨੂੰ ਭਰਮਿਤ ਕਰਕੇ ਮੇਰੇ ਤੋਂ ਦੂਰ ਨਾ ਕਰ ਦੇਣ। ਇਸ ਲਈ ਉਹਨਾਂ ਨੂੰ ਇਸ ਵਿਧੀ ਨਾ਼ਲ ਦੂਰ ਰੱਖਣਾ ਸੀ।} ਕੁਝ ਸਮੇਂ ਬਾਅਦ ਰਾਜਾ ਠੀਕ ਹੋ ਗਿਆ ਅਤੇ ਐਸ਼ੋ-ਅਰਾਮ ਵਿੱਚ ਗੁਆਚ ਗਿਆ ।

ਲੀਲਾ ਨੰ.3:- ਪਰਮਾਤਮਾ ਕਬੀਰ ਜੀ ਆਪਣੇ ਗੁਣ ਅਨੁਸਾਰ ਫਿਰ ਇੱਕ ਲੀਲਾ ਕਰਨ ਆਏ। ਇੱਕ ਯਾਤਰੀ (ਮੁਸਾਫ਼ਿਰ) ਦਾ ਰੂਪ ਬਣਾ ਕੇ ਕੱਛ ਵਿੱਚ ਕੱਪੜਿਆਂ ਦੀ ਪੋਟਲੀ, ਗ੍ਰਾਮੀਣ ਭੇਸ ਵਿੱਚ ਸ਼ਾਮ ਦੇ ਸਮੇਂ ਸੁਲਤਾਨ ਦੇ ਨਿਵਾਸ 'ਤੇ ਆਏ। ਸੁਲਤਾਨ ਘਰ ਦੇ ਦਰਵਾਜ਼ੇ ਤੇ ਵਿਹੜੇ ਵਿੱਚ ਕੁਰਸੀ ਤੇ ਬੈਠਾ ਸੀ। ਰਾਜੇ ਨੇ

ਪੁੱਛਿਆ ਕਿ ਤੁਸੀਂ ਇੱਥੇ ਕਿਸ ਲਈ ਆਏ ਹੋ? ਪਰਮਾਤਮਾ ਕਬੀਰ ਜੀ ਨੇ ਕਿਹਾ ਕਿ ਮੈਂ ਇੱਕ ਯਾਤਰੀ ਹਾਂ। ਰਾਤ ਨੂੰ ਤੁਹਾਡੀ ਧਰਮਸ਼ਾਲਾ (ਸਰਾਯ) ਵਿੱਚ ਰੁਕਣਾ ਹੈ। ਇੱਕ ਰਾਤ ਦਾ ਭਾੜਾ (ਕਿਰਾਇਆ) ਦੱਸ, ਕਿੰਨਾ ਲਵੇਂਗਾ।

ਸੁਲਤਾਨ ਅਬ੍ਰਾਹਿਮ ਅਧਮ ਹੱਸਿਆ ਅਤੇ ਕਿਹਾ ਕਿ ਹੇ ਭੋਲੇ ਮੁਸਾਫ਼ਿਰ, ਇਹ ਸਰਾਯ ਨਹੀਂ ਹੈ। ਇਹ ਤਾਂ ਮੇਰਾ ਮਹਿਲ ਹੈ। ਮੈਂ ਨਗਰੀ ਦਾ ਰਾਜਾ ਹਾਂ। ਪਰਮ-ਾਤਮਾ ਬੰਦੀ ਛੋੜ ਦਯਾ ਦੇ ਸਾਗਰ ਨੇ ਪ੍ਰਸ਼ਨ ਕੀਤਾ ਤੁਹਾਡੇ ਤੋਂ ਪਹਿਲਾਂ ਇਸ ਮਹਿਲ ਵਿੱਚ ਕੌਣ ਰਹਿੰਦਾ ਸੀ? ਸੁਲਤਾਨ ਅਬ੍ਰਾਹਿਮ ਅਧਮ ਨੇ ਉੱਤਰ ਦਿੱਤਾ ਕਿ ਮੇਰੇ ਬਾਪ-ਦਾਦਾ ਆਦਿ ਰਹਿੰਦੇ ਸੀ।

ਪ੍ਰਸ਼ਨ ਪ੍ਰਭੂ ਦਾ:- ਉਹ ਕਿੱਥੇ ਹਨ? ਮੈਂ ਉਹਨਾਂ ਨੂੰ ਦੇਖਣਾ ਚਾਹੁੰਦਾ ਹਾਂ। ਉੱਤਰ ਸੁਲਤਾਨ ਦਾ:- ਉਹ ਤਾਂ ਅੱਲਾਹ ਨੂੰ ਪਿਆਰੇ ਹੋਏ। ਪਰਮਾਤਮਾ ਨੇ ਪ੍ਰਸ਼ਨ ਕੀਤਾ ਕਿ ਤੁਸੀਂ ਕਿੰਨੇ ਦਿਨ ਇਸ ਮਹਿਲ ਵਿੱਚ ਰਹੋਗੇ। ਉੱਤਰ ਦੇ ਸਥਾਨ ਤੇ ਸੁਲਤਾਨ ਨੇ ਚਿੰਤਨ ਕੀਤਾ ਅਤੇ ਕਿਹਾ ਕਿ ਮੈਂ ਵੀ ਮਰਨਾ ਹੈ। ਪਰਮੇਸ਼ਵਰ ਨੇ ਕਿਹਾ ਹੇ ਭੋਲ਼ੇ ਪ੍ਰਾਣੀ! ਇਹ ਸਰਾਯ (ਧਰਮਸ਼ਾਲਾ) ਨਹੀਂ ਤਾਂ ਕੀ ਹੈ?

ਤੇਰੇ ਬਾਪ-ਦਾਦਾ ਪੜ ਪੀਡੀ। ਵੇ ਬਸੇ ਇਸੀ ਸਰਾਯ ਮੇਂ ਗਿਧੀ॥
ਐਸੇ ਹੀ ਤੂੰ ਚਲ ਜਾਈ। ਤਾਂਤੇ ਹਮ ਮਹਲ ਸਰਾਯ ਬਤਾਈ॥
ਅਬ ਤੂੰ ਤਖ਼ਤ ਬੈਠਕਰ ਭੂਲੀ। ਤੇਰਾ ਮਨ ਚੜ੍ਹਨੇ ਕੋ ਸੂਲੀ॥

ਇੰਨਾ ਕਹਿ ਕੇ ਪਰਮਾਤਮਾ ਗੁਪਤ ਹੋ ਗਏ। ਸੁਲਤਾਨੀ ਨੂੰ ਬੇਹੋਸ਼ੀ ਆ ਗਈ। ਬਹੁਤ ਦੇਰ ਵਿੱਚ ਹੋਸ਼ ਵਿੱਚ ਆਇਆ। ਹੋਰ ਮੌਲਵੀ ਬੁਲਾਇਆ। ਉਸਨੇ ਖੱਬੀ ਬਾਂਹ ਤੇ ਤਾਬੀਜ਼ ਬੰਨ੍ਹ ਕੇ ਝਾੜ-ਫੂਕ ਕੀਤੀ, ਕਿਹਾ ਕਿ ਹੁਣ ਕੁਝ ਨਹੀਂ ਹੋਵੇਗਾ। ਚਲਾ ਗਿਆ।

ਲੀਲਾ ਨੰ.4:- ਕੁਝ ਦਿਨ ਬਾਅਦ ਰਾਜਾ ਠੀਕ ਹੋ ਕੇ ਫਿਰ ਮੌਜ-ਮਸਤੀ ਕਰਨ ਲੱਗਾ। ਦਿਨ ਦੇ ਸਮੇਂ ਰਾਜਾ ਅਬ੍ਰਾਹਿਮ ਆਪਣੇ ਨੌਲੱਖਾ (ਜਿਸ ਵਿੱਚ ਨੌ ਲੱਖ ਫ਼ਲਦਾਰ ਦਰੱਖ਼ਤ ਭਿੰਨ-ਭਿੰਨ ਤਰ੍ਹਾਂ ਦੇ ਲਗਾਏ ਜਾਂਦੇ ਸਨ, ਉਸਨੂੰ ਨੌਲੱਖਾ ਬਾ.ਗ ਕਹਿੰਦੇ ਸਨ।) ਬਾ.ਗ ਵਿੱਚ ਸੌਂਦਾ ਸੀ। ਉਸਦੇ ਬਿਸਤਰ ਨੂੰ ਨੌਕਰਾਣੀਆਂ ਬਿਛਾਇਆ ਕਰਦੀਆਂ ਸਨ। ਫੁੱਲਾਂ ਦੇ ਗੁਲਦਸਤੇ ਚਾਰੇ ਪਾਸੇ ਰੱਖਿਆ ਕਰਦੀਆਂ ਸਨ। ਨੌਕਰਾਣੀਆਂ ਦੀ ਪੌਸ਼ਾਕ ਰਾਣੀਆਂ ਤੋਂ ਵੱਖਰੀ ਹੁੰਦੀ ਸੀ। ਸਭ ਬਾਂਦੀਆਂ ਦੀ ਪੌਸ਼ਾਕ ਇੱਕ ਵਰਗੀ ਹੁੰਦੀ ਸੀ।

ਦੀਨ ਦਿਆਲ ਕਬੀਰ ਜੀ ਨੇ ਉਸ ਆਪਣੀ ਪਿਆਰੀ ਆਤਮਾ ਸੰਮਨ ਦੇ ਜੀਵ ਨੂੰ ਕਾਲ ਜਾ.ਲ ਤੋਂ ਕੱਢਣ ਲਈ ਕੀ-ਕੀ ਉਪਾਅ ਕਰਨੇ ਪਏ ਸੀ। ਇੱਕ ਦਿਨ ਪਰਮੇਸ਼ਵਰ ਕਬੀਰ ਜੀ ਨੇ ਨੌਕਰਾਣੀ ਦਾ ਭੇਸ ਬਣਾਇਆ। (ਇਸਤਰੀ ਰੂਪ ਧਾਰਣ ਕੀਤਾ।) ਬਾਗ ਵਿੱਚ ਰਾਜੇ ਦਾ ਬਿਸਤਰ (ਸੇਜ) ਬਿਛਾਇਆ। ਫੁੱਲਾਂ ਦੇ ਗੁਲਦਸਤੇ ਬਹੁਤ ਸੁੰਦਰ ਤਰੀਕੇ ਨਾ.ਲ ਲਗਾਏ ਅਤੇ ਖ਼ੁਦ ਉਸ ਸੇਜ 'ਤੇ ਲੇਟ ਗਏ। ਰਾਜਾ ਅਬ੍ਰਾਹਿਮ ਆਇਆ ਤਾਂ ਦੇਖਿਆ, ਇੱਕ ਬਾਂਦੀ (ਖਵਾਸੀ) ਮੇਰੀ ਸੇਜ 'ਤੇ ਸੌਂ ਰਹੀ ਹੈ। ਇਸਨੂੰ ਮੇਰਾ ਬਿਲਕੁਲ ਵੀ ਡਰ ਨਹੀਂ ਹੈ। ਸੁਲਤਾਨ ਨੇ ਉਸੇ ਸਮੇਂ ਕੋੜਾ ਚੁੱਕ ਕੇ ਲੇਟੇ ਹੋਏ ਪਰਮੇਸ਼ਵਰ ਦੀ ਕਮਰ 'ਤੇ ਤਿੰਨ ਵਾਰ ਮਾਰਿਆ। ਤਿੰਨ ਨਿਸ਼ਾਨ ਕਮਰ 'ਤੇ ਬਣ ਗਏ, ਚਮੜੀ ਉੱਤਰ ਗਈ। ਬਾਂਦੀ ਭੇਸ ਵਿੱਚ ਪਰਮੇਸ਼ਵਰ ਨੇ ਬਿਸਤਰੇ ਤੋਂ ਹੇਠਾਂ ਉਤਰ ਕੇ ਇੱਕ ਵਾਰ ਰੌਣ ਦਾ ਅਭਿਨਯ ਕੀਤਾ ਅਤੇ ਫ਼ਿਰ ਜ਼ੋਰ-ਜ਼ੋਰ ਨਾ.ਲ ਹੱਸਣ ਲੱਗੇ। ਦਾਸੀ ਨੂੰ ਇੰਨੀ ਸੱਟ ਲੱਗਣ ਦੇ ਬਾਅਦ ਵੀ ਹੱਸਦੇ ਹੋਏ ਦੇਖ ਕੇ ਅਬ੍ਰਾਹਿਮ ਹੈਰਾਨੀ 'ਚ

ਪੈ ਗਿਆ। ਉਹ ਸੋਚ ਰਿਹਾ ਸੀ ਕਿ ਬਾਂਦੀ ਨੂੰ ਤਾਂ ਬੇਹੋਸ਼ ਹੋ ਜਾਣਾ ਚਾਹੀਦਾ ਸੀ ਜਾਂ ਮਰ ਜਾਣਾ ਚਾਹੀਦਾ ਸੀ। ਰਾਜੇ ਨੇ ਦਾਸੀ ਦਾ ਰੂਪ ਧਾਰੀ ਪਰਮਾਤਮਾ ਦਾ ਹੱਥ ਫੜ੍ਹਿਆ ਤੇ ਪੁੱਛਿਆ ਕਿ ਲੜਕੀ ! ਹੱਸ ਕਿਓਂ ਰਹੀ ਹੈ?

ਪਰਮਾਤਮਾ ਨੇ ਕਿਹਾ ਕਿ ਮੈਂ ਇਸ ਬਿਸਤਰ 'ਤੇ ਇੱਕ ਘੜੀ (24 ਮਿੰਟ) ਲੇਟੀ ਹਾਂ, ਆਰਾਮ ਕੀਤਾ ਹੈ। ਇੱਕ ਘੜੀ ਦੇ ਆਰਾਮ ਦੀ ਸਜ਼ਾ ਮੈਨੂੰ ਤਿੰਨ ਕੋੜੇ ਮਿਲੇ ਹਨ। ਮੇਰੇ ਸਰੀਰ ਦੀ ਚਮੜੀ ਵੀ ਉੱਤਰ ਗਈ ਹੈ। ਮੈਂ ਇਸਲਈ ਹੱਸ ਰਹੀ ਹਾਂ ਕਿ ਜੋ ਇਸ ਗੰਦੀ ਸੇਜ 'ਤੇ ਦਿਨ-ਰਾਤ ਸੌਂਦਾ ਹੈ, ਉਸਦਾ ਕੀ ਹਾਲ ਹੋਵੇਗਾ? ਮੈਨੂੰ ਤੇਰੇ ਉੱਪਰ ਤਰਸ ਆ ਰਿਹਾ ਹੈ ਭੋਲ਼ੇ ਪ੍ਰਾਣੀ !

ਮੈਂ ਏਕ ਘੜੀ ਸੇਜ ਪਰ ਸੋਈ । ਤਾਤੇ ਮੇਰਾ ਯਹ ਹਾਲ ਹੋਈ॥

ਜੋ ਸੋਵੈ ਦਿਵਸ ਔਰ ਰਾਤਾ । ਉਨਕਾ ਕਯਾ ਹਾਲ ਵਿਧਾਤਾ॥

ਗ਼ੈਬ ਭਏ ਖਵਾਸਾ । ਸੁਲਤਾਨੀ ਭਏ ਉਦਾਸਾ॥

ਯਹ ਕੌਣ ਛਲਾਵਾ ਭਾਈ । ਯਾਕਾ ਭੇਦ ਸਮਝ ਨਾ ਆਈ॥

ਇਹ ਦ੍ਰਿਸ਼ ਦੇਖ ਕੇ ਸੁਲਤਾਨ ਅਧਮ ਅਚੇਤ ਹੋ ਗਿਆ। ਉੱਠਿਆ ਤਦ ਸੋਚਿਆ ਕਿ ਇਹ ਕੀ ਹੋ ਰਿਹਾ ਹੈ? ਮੈਂ ਸਮਝ ਨਹੀਂ ਪਾ ਰਿਹਾ ਹਾਂ।

ਲੀਲਾ ਨੰ. 5:- ਕੁਝ ਸਮੇਂ ਬਾਅਦ ਮੰਤਰੀਆਂ-ਰਾਣੀਆਂ ਨੇ ਕਿਹਾ ਕਿ ਰਾਜੇ ਨੂੰ ਸ਼ਿਕਾਰ ਕਰਨ ਲੈ ਜਾਓ। ਕਈ ਦਿਨਾਂ ਤੱਕ ਜੰਗਲ ਵਿੱਚ ਰਹੋ। ਇਹਨਾਂ ਦੇ ਮਨ ਦੀ ਚਿੰਤਾ ਘੱਟ ਹੋ ਜਾਵੇਗੀ। ਐਵੇਂ ਹੀ ਕੀਤਾ ਗਿਆ। ਪਹਿਲੇ ਦਿਨ ਹੀ ਦੁਪਹਿਰ ਤੱਕ ਕੋਈ ਜਾਨਵਰ ਨਹੀਂ ਮਿਲਿਆ। ਰਾਜੇ ਨੂੰ ਇਹ ਸਭ ਚੰਗਾ ਨਹੀਂ ਲੱਗਿਆ। ਜੰਗਲ ਵਿੱਚ ਤਾਂ ਹਿਰਨਾਂ ਦੇ ਝੁੰਡ ਦੇ ਝੁੰਡ ਚੱਲਦੇ ਹਨ। ਅੱਜ ਇੱਕ ਹਿਰਨ ਵੀ ਨਹੀਂ ਆਇਆ ਹੈ। ਅਚਾਨਕ ਇੱਕ ਹਿਰਨ ਦਿਖਾਈ ਦਿੱਤਾ। ਰਾਜੇ ਨੇ ਕਿਹਾ ਕਿ ਇਹ ਹਿਰਨ ਬਚ ਕੇ ਨਹੀਂ ਜਾਣਾ ਚਾਹੀਦਾ। ਜਿਸਦੇ ਕੋਲੋਂ ਨਿੱਕਲ ਗਿਆ, ਉਸਦੀ ਖ਼ੈਰ ਨਹੀਂ। ਦੇਖਦੇ-ਦੇਖਦੇ ਹਿਰਨ ਰਾਜੇ ਦੇ ਘੋੜੇ ਦੇ ਹੇਠੋਂ ਨਿੱਕਲ ਕੇ ਜੰਗਲ ਵੱਲ ਭੱਜ ਗਿਆ। ਰਾਜੇ ਨੇ ਸ਼ਰਮ ਦੇ ਮਾਰੇ ਘੋੜਾ ਪਿੱਛੇ-ਪਿੱਛੇ ਭਜਾ ਲਿਆ। ਦੂਰ ਜਾ ਕੇ ਹਿਰਨ ਜੰਗ਼ਲ ਵਿੱਚ ਛੁਪ ਗਿਆ। ਰਾਜੇ ਅਤੇ ਘੋੜੇ ਨੂੰ ਬਹੁਤ ਪਿਆਸ ਲੱਗੀ ਸੀ। ਜਾਨ ਜਾਣ ਵਾ਼ਲੀ ਸੀ। ਅੱਲਾਹ ਤੋਂ ਜੀਵਨ ਰੱਖਿਆ ਲਈ ਪਾਣੀ ਦੀ ਯਾਚਨਾ ਕੀਤੀ। ਵਾਪਿਸ ਆਪਣੇ ਪੜਾਅ ਵੱਲ ਚੱਲ ਪਿਆ। ਪੜਾਅ ਇੱਕ ਘੰਟਾ ਦੂਰ ਸੀ। ਉੱਥੇ ਤੱਕ ਜ਼ਿੰਦਾ ਬੱਚਣਾ ਔਖਾ ਸੀ।

ਕੁਝ ਦੂਰ ਚੱਲ ਕੇ ਸੱਜੇ-ਖੱਬੇ ਦੇਖਿਆ ਤਾਂ ਇੱਕ ਜ਼ਿੰਦਾ ਫ਼ਕੀਰ ਬੈਠਾ ਦਿਖਾਈ ਦਿੱਤਾ। ਨੇੜੇ ਸਾਫ਼ ਪਾਣੀ ਦਾ ਛੋਟਾ ਸਰੋਵਰ ਸੀ। ਉਸਦੇ ਚਾਰੇ ਪਾਸੇ ਫ਼ਲਦਾਰ ਦਰੱਖ਼ਤ ਸਨ। ਮਿੱਠੇ ਫ਼ਲ ਲੱਗੇ ਸਨ। ਰਾਜੇ ਨੂੰ ਜੀਵਨ ਦੀ ਕਿਰਨ ਦਿਖਾਈ ਦਿੱਤੀ। ਪਾਣੀ ਪੀਤਾ, ਕੁੱਝ ਫ਼ਲ ਖਾਧੇ। ਘੋੜੇ ਨੂੰ ਪਾਣੀ ਪਿਲਾਇਆ। ਦਰੱਖ਼ਤ ਨਾ਼ਲ ਬੰਨ੍ਹ ਦਿੱਤਾ। ਜ਼ਿੰਦਾ ਬਾਬੇ ਵੱਲ ਦੇਖਿਆ ਤਾਂ ਉਸ ਕੋ਼ਲ ਤਿੰਨ ਸੋਹਣੇ ਕੁੱਤੇ ਬੰਨ੍ਹੇ ਹੋਏ ਸਨ। ਇੱਕ ਕੁੱਤੇ ਬੰਨ੍ਹਣ ਵਾ਼ਲੀ ਸੰਗ਼ਲੀ (ਚੈਨ=ਲੋਹੇ ਦੀ ਬੇਲ) ਨੇੜੇ ਪਈ ਸੀ।

ਸੁਲਤਾਨ ਨੇ ਫ਼ਕੀਰ ਨੂੰ ਸਲਾਮ ਵਾਲੇਕਮ ਕੀਤਾ। ਫ਼ਕੀਰ ਨੇ ਵੀ ਜਵਾਬ ਵਿੱਚ ਵਾਲੇਕਮ ਸਲਾਮ ਕਿਹਾ। ਰਾਜੇ ਨੇ ਕਿਹਾ, ਹੇ ਫਕੀਰ ਜੀ ! ਤੁਸੀਂ ਤਿੰਨ ਕੁੱਤਿਆਂ ਦਾ ਕੀ ਕਰੋਗੇ? ਇਹਨਾਂ ਵਿੱਚੋਂ ਦੋ ਮੈਨੂੰ ਦੇ ਦਿਓ। ਫ਼ਕੀਰ ਜੀ ਨੇ ਕਿਹਾ, ਇਹ ਕੁੱਤੇ ਮੈਂ

ਕਿਸੇ ਨੂੰ ਨਹੀਂ ਦੇ ਸਕਦਾ। ਇਹਨਾਂ ਨੂੰ ਮੈਂ ਪਾਠ ਪੜ੍ਹਾਉਣਾ ਹੈ। ਇਹ ਤਿੰਨੇ ਬਲ਼ਖ਼ ਸ਼ਹਿਰ ਦੇ ਰਾਜਾ ਰਹੇ ਹਨ। ਮੈਂ ਇਨ੍ਹਾਂ ਨੂੰ ਸਮਝਾਉਂਦਾ ਸੀ ਕਿ ਤੁਸੀਂ ਅੱਲਾਹ ਨੂੰ ਯਾਦ ਕਰਿਆ ਕਰੋ। ਇਸ ਸੰਸਾਰ ਵਿੱਚ ਸਦਾ ਨਹੀਂ ਰਹੋਗੇ। ਮਰ ਕੇ ਕੁੱਤੇ ਦਾ ਜੀਵਨ ਪ੍ਰਾਪਤ ਕਰੋਗੇ। ਹੁਣ ਤੁਸੀਂ ਨਾਨ ਪੁਲਾਓ-ਕਾਜੂ-ਕਿਸ਼ਮਿਸ਼, ਮੁਨੱਖਾ ਦਾਖ, ਖੀਰ, ਹਲਵਾ, ਫ਼ਲ਼ ਖਾ ਰਹੇ ਹੋ। ਇਹ ਤੁਹਾਡੇ ਪਿਛਲੇ ਜਨਮਾਂ ਦੇ ਪੁੰਨਾਂ ਅਤੇ ਭਗਤੀ ਦਾ ਫ਼ਲ਼ ਮਿਲਿਆ ਹੈ। ਜੇਕਰ ਇਸ ਮਾਨਵ ਜੀਵਨ ਵਿੱਚ ਭਗਤੀ ਨਹੀਂ ਕਰੋਗੇ ਤਾਂ ਕੁੱਤੇ ਆਦਿ ਜਾਨਵਰਾਂ ਦੇ ਜੀਵਨ ਵਿੱਚ ਕਸ਼ਟ ਉਠਾਓਗੇ। ਖਾਣ ਨੂੰ ਇਹ ਚੰਗਾ ਭੋਜਨ ਨਹੀਂ ਮਿਲੇਗਾ। ਜੂਠੇ ਟੁਕੜੇ ਖਾਇਆ ਕਰੋਗੇ। ਟੱਟੀ ਖਾਇਆ ਕਰੋਗੇ, ਗੰਦਾ ਪਾਣੀ ਨਾਲ਼ੀ ਦਾ ਪੀਆ ਕਰੋਗੇ। ਜਦ ਰਾਜਾ ਸਨ, ਤਦ ਇਨ੍ਹਾਂ ਨੇ ਮੇਰੀਆਂ ਗੱਲਾਂ 'ਤੇ ਬਿਲਕੁਲ ਧਿਆਨ ਨਹੀਂ ਦਿੱਤਾ। ਇਹ ਸੋਚਦੇ ਸਨ ਕਿ ਇਹ ਫ਼ਕੀਰ ਮੂਰਖ ਹੈ। ਰਾਜ ਕੌਣ ਸੰਭਾਲੇਗਾ? ਰਾਣੀਆਂ ਦਾ ਕੀ ਹੋਵੇਗਾ? ਹੁਣ ਇਹ ਤਿੰਨੋਂ ਕੁੱਤੇ ਬਣੇ ਹਨ। ਦੇਖੋ! ਮੈਂ ਕਾਜੂ-ਬਦਾਮ, ਕਿਸ਼ਮਿਸ਼ ਮਿਲਾ ਕੇ ਬਣਾਇਆ ਹਲਵਾ-ਖੀਰ ਇਨ੍ਹਾਂ ਦੇ ਸਾਹਮਣੇ ਰੱਖਿਆ ਹੈ। ਇਨ੍ਹਾਂ ਨੂੰ ਖਾਣ ਨਹੀਂ ਦਿੰਦਾ ਹਾਂ। ਦਿਖਾਉਂਦਾ ਹਾਂ। ਜਦ ਇਹ ਖਾਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਮੈਂ ਇਨ੍ਹਾਂ ਨੂੰ ਕੁੱਟਦਾ ਹਾਂ। ਇਹ ਕਹਿ ਕੇ ਪਰਮੇਸ਼ਵਰ ਜੀ ਨੇ ਜੋ ਇੱਕ ਲੋਹੇ ਦੀ ਬੇਲ ਖਾਲੀ ਰੱਖੀ ਸੀ। ਚੁੱਕ ਕੇ ਕੁੱਤਿਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਕੁੱਤੇ ਚੀਖਣ ਲੱਗੇ। ਪਰਮੇਸ਼ਵਰ ਬੋਲੇ ਕਿ ਖਾ ਲਓ ਨਾ ਹਲਵਾ ਖਿਲ-ਾਵਾਂ ਤੁਹਾਨੂੰ। ਜੂਠਾ-ਸੁੱਕਾ ਟੁਕੜਾ ਪਾਵਾਂਗਾ। ਹੇ ਘੋੜੇ ਵਾਲੇ ਭਾਈ! ਇਹ ਜੋ ਖਾਲੀ ਬੇਲ ਰੱਖੀ ਹੈ ਇਹ ਦੱਸਾਂ ਕਿਸ ਲਈ ਹੈ? ਜੋ ਬਲ਼ਖ਼ ਸ਼ਹਿਰ ਦਾ ਰਾਜਾ ਸੁਲਤਾਨ ਅਬ੍ਰਾਹਿਮ ਇਬਨ ਅਧਮ ਹੈ। ਉਹ ਵੀ ਸੰਸਾਰ ਅਤੇ ਰਾਜ ਦੀ ਚਕਾਚੌਂਧ ਵਿੱਚ ਅੰਨ੍ਹਾ ਹੋ ਕੇ ਅੱਲਾਹ ਨੂੰ ਭੁੱਲ ਗਿਆ ਹੈ। ਹੁਣ ਉਸਨੂੰ ਯਾਦ ਨਹੀਂ ਕਿ ਮਰ ਕੇ ਕੁੱਤਾ ਵੀ ਬਣਾਂਗਾ। ਉਸ ਨੂੰ ਬਹੁਤ ਵਾਰ ਸਮਝਾਇਆ ਹੈ ਕਿ ਭਗਤੀ ਕਰ ਲੈ, ਇਹਨਾਂ ਮਹਿਲ ਰੂਪੀ ਸਰਾਂ ਵਿੱਚ ਸਦਾ ਨਹੀਂ ਰਹੇਗਾ, ਪ੍ਰੰਤੂ ਉਸ ਨੂੰ ਖ਼ੁਦਾ ਦਾ ਕੋਈ ਖ਼ੌਫ ਨਹੀਂ ਹੈ। ਉਹ ਤਾਂ ਖੁਦ ਖ਼ੁਦਾ ਬਣ ਕੇ ਨਿਰਦੋਸ਼ ਫ਼ਕੀਰਾਂ ਨੂੰ ਸਜ਼ਾ ਦੇ ਰਿਹਾ ਹੈ। ਮੈਂ ਤਾਂ ਇੱਥੇ ਦੂਰ ਬੈਠਾ ਹਾਂ। ਇਸ ਲਈ ਬਚ ਗਿਆ ਹਾਂ। ਉਹ ਰਾਜਾ ਮਰੇਗਾ, ਭਗਤੀ ਬਿਨਾਂ ਕੁੱਤਾ ਬਣੇਗਾ। ਉਸ ਨੂੰ ਲਿਆ ਕੇ ਇਸ ਸੰਗ਼ਲੀ ਨਾ਼ਲ ਬੰਨ੍ਹਾਂਗਾ।

ਜਿੰਦਾ ਫ਼ਕੀਰ ਦੇ ਮੂੰਹੋਂ ਇਹ ਵਚਨ ਸੁਣ ਕੇ ਕੁੱਤਿਆਂ ਦੇ ਰੂਪ ਵਿੱਚ ਆਪਣੇ ਪੂਰਵਜਾਂ ਦੀ ਦੁਰਦਸ਼ਾ ਦੇਖ ਕੇ ਅਬ੍ਰਾਹਿਮ ਕੰਬਣ ਲੱਗਾ ਅਤੇ ਬੋਲਿਆ ਕਿ ਹੇ ਫਕੀਰ ਜੀ! ਬਲ਼ਖ਼ ਸ਼ਹਿਰ ਦਾ ਰਾਜਾ ਮੈਂ ਹੀ ਹਾਂ। ਮੈਨੂੰ ਮਾਫ਼ ਕਰੋ। ਇਹ ਕਹਿ ਕੇ ਉਹ ਫ਼ਕੀਰ ਦੇ ਚਰਣਾਂ ਵਿੱਚ ਡਿੱਗ ਗਿਆ। ਕੁੱਝ ਦੇਰ ਬਾਅਦ ਉੱਠਿਆ ਤਾਂ ਦੇਖਿਆ, ਉੱਥੇ ਨਾ ਕੋਈ ਜਿੰਦਾ ਬਾਬਾ ਸੀ, ਨਾ ਸਰੋਵਰ, ਨਾ ਬਾਗ ਸੀ, ਨਾ ਕੁੱਤੇ।

ਸੁਲਤਾਨੀ ਇਸ ਨੂੰ ਸੁਪਨਾ ਵੀ ਨਹੀਂ ਮੰਨ ਸਕਦਾ ਸੀ ਕਿਉਂਕਿ ਘੋੜੇ ਦੇ ਪੈਰ ਅਜੇ ਵੀ ਗਿੱਲੇ ਸਨ। ਕੁੱਝ ਫ਼ਲ਼ ਤੋੜ ਕੇ ਰੱਖੇ ਸਨ, ਉਹ ਵੀ ਸੁਰੱਖਿਅਤ ਸਨ। ਸੁਲਤਾਨ ਨੂੰ ਸਮਝਦੇ ਦੇਰ ਨਾ ਲੱਗੀ। ਘੋੜੇ 'ਤੇ ਚੜ੍ਹਿਆ ਅਤੇ ਪੜਾਅ ਤੇ ਆਇਆ।

ਮੂੰਹ ਤੋਂ ਬੋਲ ਨਹੀਂ ਸਕਿਆ। ਹੱਥ ਨਾ.ਲ ਸੰਕੇਤ ਕੀਤਾ ਕਿ ਸਮਾਨ ਬੰਨ੍ਹੋ ਅਤੇ ਵਾਪਸ ਚੱਲੋ ਸ਼ਹਿਰ ਨੂੰ। ਕੁੱਝ ਮਿੰਟਾਂ ਵਿੱਚ ਕਾਫ਼ਿਲਾ ਬ.ਲਖ ਸ਼ਹਿਰ ਨੂੰ ਚੱਲ ਪਿਆ।

ਲੀਲਾ ਨੰ. 6:- ਘਰ ਵਿੱਚ ਇੱਕ ਕਮਰੇ ਵਿੱਚ ਬੈਠ ਕੇ ਰੋਣ ਲੱਗਾ। ਰਾਣੀਆਂ ਨੇ, ਮੰਤਰੀਆਂ ਨੇ ਸਮਝਾਉਣਾ ਚਾਹਿਆ ਕਿ ਇਹ ਤਾਂ ਉਂਝ ਹੀ ਹੁੰਦਾ ਰਹਿੰਦਾ ਹੈ। ਮੁੱਖ ਰਾਣੀਆਂ ਕਹਿ ਰਹੀਆਂ ਸਨ ਕਿ ਅਜਿਹੀ ਗੱਲ ਤਾਂ ਔਰਤਾਂ ਨਾ.ਲ ਹੁੰਦੀ ਹੈ, ਤੁਸੀਂ ਤਾਂ ਮਰਦ ਹੋ। ਹਿੰਮਤ ਰੱਖੋ। ਤੁਸੀਂ ਤਾਂ ਪ੍ਰਜਾ ਦੇ ਪਾਲਕ ਹੋ।

ਇੰਨੇ ਵਿੱਚ ਇੱਕ ਕੁੱਤਾ ਆਇਆ। ਉਸ ਦੇ ਸਿਰ ਵਿੱਚ ਜ਼ਖ਼ਮ ਸੀ। ਉਸ ਵਿੱਚ ਕੀਟ (ਕੀੜੇ) ਨੋਚ ਰਹੇ ਸਨ। ਕੁੱਤਾ ਬੋਲਿਆ, ਹੇ ਸੁਲਤਾਨ ਅਬ੍ਰਾਹਿਮ! ਮੈਂ ਵੀ ਰਾਜਾ ਸੀ। ਜਿੰਨੇ ਪ੍ਰਾਣੀ ਸ਼ਿਕਾਰ ਵਿੱਚ ਮਾਰੇ ਅਤੇ ਇੱਕ ਰਾਜੇ ਨਾ.ਲ ਯੁੱਧ ਵਿੱਚ ਸਿਪਾਹੀ ਮਾਰੇ, ਉਹ ਅੱਜ ਆਪਣਾ ਬਦਲਾ ਲੈ ਰਹੇ ਹਨ। ਮੇਰੇ ਸਿਰ ਵਿੱਚ ਕੀੜੇ ਬਣ ਕੇ, ਮੈਨੂੰ ਨੋਚ ਰਹੇ ਹੈ। ਮੈਂ ਕੁਝ ਕਰਨ ਦੇ ਯੋਗ ਨਹੀਂ ਹਾਂ। ਇਹੀ ਹਾਲਤ ਤੇਰੀ ਹੋਵੇਗੀ। ਆਪਣਾ ਭਵਿੱਖ ਦੇਖ ਲਓ। ਤੇਰੇ ਪਿੱਛੇ-ਪਿੱਛੇ ਖ਼ੁਦਾ ਭਟਕ ਰਿਹਾ ਹੈ। ਤੂੰ ਪਰਿਵਾਰ-ਰਾਜ ਮੋਹ ਵਿੱਚ ਆਪਣਾ ਜੀਵਨ ਨਸ਼ਟ ਕਰ ਰਿਹਾ ਹੈ। (ਇਹ ਲੀਲਾ ਵੀ ਖ਼ੁਦ ਪਰਮੇਸ਼ਵਰ ਕਬੀਰ ਜੀ ਨੇ ਕੀਤੀ ਸੀ।) ਇਹ ਅੰਤਿਮ ਝਟਕਾ ਸੀ ਅਬ੍ਰਹਿਮ ਨੂੰ ਦਲਦਲ ਵਿੱਚੋਂ ਕੱਢਣ ਦਾ।

ਉਸੇ ਰਾਤ ਮੂੰਹ 'ਤੇ ਕਾ.ਲੀ ਸਿਆਹੀ ਲੇਪ ਕੇ, ਇੱਕ ਅਲਫੀ ਦੀ ਥਾਂ 'ਤੇ ਇੱਕ ਸ਼ਾਲ ਲਪੇਟਿਆ, ਫਿਰ ਇੱਕ ਸਿਰਹਾਣਾ, ਇੱਕ ਲੋਟਾ, ਇੱਕ ਪਤਲਾ ਗੱਦਾ ਜਾਣੀ ਬਿਸਤਰਾ ਲੈ ਕੇ ਘਰ ਤੋਂ ਕਮੰਦ ਦੇ ਰਾਸਤੇ ਪਿੱਛੇ ਤੋਂ ਉਤਰ ਕੇ ਚੱਲ ਪਿਆ। (ਕਮੰਦ = ਇੱਕ ਮੋਟਾ ਰੱਸਾ ਜਿਸਦੇ ਦੋ-ਦੋ ਫੁੱਟ ਤੇ ਗੰਢਾਂ ਲਾਈਆਂ ਹੋਈਆਂ ਹੁੰ-ਦੀਆਂ ਸਨ, ਜਿਸ ਦੁਆਰਾ ਛੱਤ ਤੋਂ ਔਖੇ ਵੇਲੇ ਹੇਠਾਂ ਉਤਰਦੇ ਸਨ।)

ਲੀਲਾ ਨੰ. 7:- ਰਸਤੇ ਵਿੱਚ ਇੱਕ ਮਾਲਣ ਬਾਗ ਦੇ ਬਾਹਰ ਬੇਰ ਵੇਚ ਰਹੀ ਸੀ। ਸੁਲਤਾਨ ਨੂੰ ਭੁੱਖ ਲੱਗੀ ਸੀ। ਸਾਰੀ ਰਾਤ ਪੈਦਲ ਚੱਲਿਆ ਸੀ। ਮਾਲਣ ਤੋਂ ਬੇਰਾਂ ਦਾ ਭਾਅ ਪੁੱਛਿਆ ਤਾਂ ਮਾਲਣ ਨੇ ਦੱਸਿਆ ਕਿ ਇੱਕ ਆਨੇ ਦੇ ਸੇਰ (ਇੱਕ ਰੁਪਏ ਵਿੱਚ 16 ਆਨੇ ਹੁੰਦੇ ਸੀ। ਇੱਕ ਸੇਰ ਜਾਣੀ ਇੱਕ ਕਿਲੋਗ੍ਰਾਮ) ਰਾਜੇ ਦੇ ਕੋ.ਲ ਆਨਾ ਨਹੀਂ ਸੀ। ਉਸ ਨੇ ਜੋ ਜੁੱਤੀ ਪਾਈ ਹੋਈ ਸੀ, ਉਨ੍ਹਾਂ ਦੋਹਾਂ ਦੀ ਕੀਮਤ ਉਸ ਸਮੇਂ 2.5 ਲੱਖ ਰੁਪਏ ਸੀ। ਉਨ੍ਹਾਂ ਉੱਤੇ ਹੀਰੇ-ਪੰਨੇ ਜੜੇ ਸਨ।

ਰਾਜੇ ਨੇ ਕਿਹਾ ਕਿ ਮੇਰੇ ਕੋ.ਲ ਇੱਕ ਵੀ ਆਨਾ ਜਾਂ ਰੁਪਿਆ ਨਹੀਂ ਹੈ। ਇਹ ਜੁੱਤੀ ਹੈ, ਇਨ੍ਹਾਂ ਦੀ ਕੀਮਤ ਢਾਈ ਲੱਖ ਰੁਪਏ ਹੈ। ਇਹ ਦੋਵੇਂ ਲੈ ਲਓ, ਮੈਨੂੰ ਭੁੱਖ ਲੱਗੀ ਹੈ, ਇੱਕ ਸੇਰ ਬੇਰ ਤੋਲ ਦਿਉ। ਮਾਲਿਨ ਇੱਕ ਸੇਰ ਬੇਰ ਤੋਲ ਕੇ ਅਬ੍ਰਾਹਿਮ ਦੀ ਸ਼ਾਲ ਦੇ ਪੱਲੇ ਵਿੱਚ ਪਾਉਣ ਲੱਗੀ ਤਾਂ ਇੱਕ ਬੇਰ ਹੇਠਾਂ ਡਿੱਗ ਪਿਆ। ਉਸ ਬੇਰ ਨੂੰ ਚੁੱਕਣ ਲਈ ਮਾਲਣ ਨੇ ਵੀ ਹੱਥ ਵਧਾਇਆ ਅਤੇ ਅਬ੍ਰਾਹਿਮ ਨੇ ਵੀ ਮਾਲਣ ਦੇ ਹੱਥ ਚੋਂ ਬੇਰ ਖੋਹਣਾ ਚਾਹਿਆ। ਦੋਵੇਂ ਆਪਣਾ ਬੇਰ ਹੋਣ ਦਾ ਦਾਅਵਾ ਕਰਨ ਲੱਗੇ।

ਉਸੇ ਸਮੇਂ ਪਰਮੇਸ਼ਵਰ ਕਬੀਰ ਜੀ ਪ੍ਰਗਟ ਹੋਏ ਅਤੇ ਬੋਲੇ, ਹੇ ਗੰਵਾਰ! ਇਹ ਤਾਂ ਮੂਰਖ ਹੈ ਜਿਸ ਨੂੰ ਇੰਨਾ ਵੀ ਵਿਵੇਕ ਨਹੀਂ ਹੈ ਕਿ ਉਹ ਇੱਕ ਬੇਰ ਦੇ ਪਿੱਛੇ ਉਸ ਵਿਅਕਤੀ ਨਾ.ਲ ਉਲਝ ਰਹੀ ਹੈ ਜਿਸਨੇ ਢਾਈ ਲੱਖ ਦੀ ਜੁੱਤੀ ਛੱਡ ਦਿੱਤੀ।

ਹੇ ਮੂਰਖ! ਢਾਈ ਲੱਖ ਦੀ ਜੁੱਤੀ ਛੱਡ ਰਿਹਾ ਹੈ ਅਤੇ ਇੱਕ ਪੈਸੇ ਦੇ ਬੇਰ ਦੇ ਉਪਰ ਝਗੜਾ ਕਰ ਰਿਹਾ ਹੈ। ਇਹ ਕਿਹੋ ਜਿਹਾ ਤਿਆਗ ਹੈ ਤੇਰਾ? ਵਿਵੇਕ ਤੋਂ ਕੰਮ ਲੈ। ਇਹ ਕਹਿ ਕੇ ਪਰਮਾਤਮਾ ਨੇ ਸੁਲਤਾਨ ਅਧਮ ਦੇ ਮੂੰਹ 'ਤੇ ਥੱਪੜ ਮਾਰਿਆ ਅਤੇ ਅੰਤਰਧਿਆਨ ਹੋ ਗਏ।

ਜੀਵਨ ਦੀ ਯਾਤਰਾ ਅਜਿਹੀ ਵੀ ਹੋ ਸਕਦੀ ਹੈ :- ਸੁਲਤਾਨ ਅੱਗੇ ਚੱਲਿਆ ਤਾਂ ਦੇਖਿਆ ਕਿ ਇੱਕ ਗਰੀਬ ਵਿਅਕਤੀ ਇੱਕ ਡਲੇ ਦੇ ਉੱਪਰ ਸਿਰ ਰੱਖ ਕੇ ਜ਼ਮੀਨ 'ਤੇ ਸੋ ਰਿਹਾ ਹੈ। ਉਸੇ ਸਮੇਂ ਸਿਰਹਾਣਾ ਅਤੇ ਬਿਸਤਰਾ ਸੁੱਟ ਦਿੱਤਾ। ਅੱਗੇ ਦੇਖਿਆ ਕਿ ਇੱਕ ਵਿਅਕਤੀ ਨਦੀ ਤੋਂ ਹੱਥਾਂ ਨਾਲ਼ ਪਾਣੀ ਪੀ ਰਿਹਾ ਸੀ। ਲੋਟਾ ਵੀ ਸੁੱਟ ਦਿੱਤਾ।

ਕਾਲ ਦੇ ਭੁੱਲ-ਭੁਲੇਖੇ ਵਿੱਚ ਫ਼ਸੇ ਵਿਅਕਤੀ ਨੂੰ ਸਮਝਾਉਣਾ:- ਰਸਤੇ ਵਿੱਚ ਮੀਂਹ ਪੈਣ ਲੱਗਾ। ਠੰਡੀ ਹਵਾ ਚੱਲਣ ਲੱਗੀ। ਅਬ੍ਰਾਹਿਮ ਨੇ ਇੱਕ ਝੌਂਪੜੀ ਦੇਖੀ ਜੋ ਇੱਕ ਕਿਸਾਨ ਦੀ ਸੀ। ਉਸਦੇ ਕੋਲ਼ 2 ਬਿੱਘਾ ਜ਼ਮੀਨ ਬਿਨਾਂ ਸਿੰਚਾਈ ਦੀ ਸੀ। ਇੱਕ ਬੁੱਢੀ ਗਾਂ ਜੋ ਚਾਰ-ਪੰਜ ਵਾਰ ਸੂ ਚੁੱਕੀ ਸੀ। ਇੱਕ ਕਾਣੀ ਔਰਤ ਸੀ। ਠੰਡੀ ਹਵਾ ਦੇ ਕਾਰਣ ਪੈਦਾ ਹੋਈ ਠੰਡ ਤੋਂ ਬਚਣ ਲਈ ਅਬ੍ਰਾਹਿਮ ਅਧਮ ਸੁਲਤਾਨ ਉਸ ਝੌਂਪੜੀ ਦੇ ਪਿੱਛੇ ਲੇਟ ਗਿਆ। ਰਾਤ ਨੂੰ ਦੋਵੇਂ ਪਤੀ-ਪਤਨੀ ਗੱਲਾਂ ਕਰ ਰਹੇ ਸੀ ਕਿ ਮੀਂਹ ਚੰਗਾ ਪੈ ਗਿਆ ਹੈ। ਗਾਂ ਦਾ ਚਾਰਾ ਕਾਫੀ ਹੋ ਜਾਵੇਗਾ। ਆਪਣੇ ਖਾਣ ਲਈ ਵੀ ਚੰਗੀ ਫ਼ਸਲ ਪੱਕੇਗੀ। ਆਪਣੇ ਅਜਿਹੇ ਠਾਠ ਹੋ ਜਾਣਗੇ, ਅਜਿਹੇ ਤਾਂ ਬਲਖ਼ ਬੁਖਾਰੇ ਦੇ ਬਾਦਸ਼ਾਹ ਦੇ ਵੀ ਨਹੀਂ ਹਨ।

ਸੁਲਤਾਨ ਅਬ੍ਰਾਹਿਮ ਅਧਮ ਇਹ ਸਭ ਗੱਲਾਂ ਸੁਣਕੇ ਉਨ੍ਹਾਂ ਦੀ ਬੁੱਧੀ ਦੇ ਪੱਥਰ ਡਿੱਗੇ ਜਾਣ ਕੇ ਉਨ੍ਹਾਂ ਨੂੰ ਭਵਿੱਖ ਦੇ ਦੁੱਖਾਂ ਤੋਂ ਸਚੇਤ ਕਰਵਾਉਣ ਦੇ ਉਦੇਸ਼ ਨਾਲ਼ ਸੂਰਜ ਚੜ੍ਹਨ ਤੱਕ ਉੱਥੇ ਹੀ ਰੁਕਿਆ ਰਿਹਾ। ਸਵੇਰੇ ਉੱਠ ਕੇ ਉਨ੍ਹਾਂ ਦੀ ਝੌਂ-ਪੜੀ ਦੇ ਦੁਆਰ ‘ਤੇ ਖੜ੍ਹਾ ਹੋ ਕੇ ਸਲਾਮ ਕੀਤਾ। ਦੋਵੇਂ ਪਤੀ-ਪਤਨੀ ਝੌਂਪੜੀ ਤੋਂ ਬਾਹਰ ਆਏ। ਅਬ੍ਰਾਹਿਮ ਉਨ੍ਹਾਂ ਨੂੰ ਭਗਤੀ ਕਰਨ ਅਤੇ ਮਾਇਆ ਤੋਂ ਮੂੰਹ ਮੋੜਨ ਦਾ ਗਿਆਨ ਦੇਣ ਲੱਗਾ। ਕਿਹਾ ਕਿ ਤੁਹਾਡੇ ਕੋਲ਼ ਤਾਂ ਇੱਕ ਗਾਂ ਹੈ, ਇੱਕ ਇਸਤਰੀ ਹੈ। ਦੋ ਬਿੱਘਾ ਜ਼ਮੀਨ ਹੈ। ਤੁਸੀਂ ਇਸ ਨਾਲ਼ ਹੀ ਚਿਪਕੇ ਬੈਠੇ ਹੋ। ਇਸਨੂੰ ਬਲਖ਼ ਦੇ ਬਾਦਸ਼ਾਹ ਤੋਂ ਵੀ ਵੱਧ ਠਾਠ ਮੰਨ ਰਹੇ ਹੋ। ਇਹ ਤਾਂ ਕੁੱਝ ਦਿਨਾਂ ਦਾ ਮੇਲਾ ਹੈ। ਤੁਹਾਨੂੰ ਗੁਰੂ ਜੀ ਤੋਂ ਉਪਦੇਸ਼ ਦਵਾ ਦਿੰਦਾ ਹਾਂ, ਤੁਹਾਡਾ ਜੀਵਨ ਧੰਨ ਹੋ ਜਾਵੇਗਾ। ਮੈਂ ਹੀ ਬਲਖ਼ ਸ਼ਹਿਰ ਵਾਲ਼ਾ ਸੁਲਤਾਨ ਅਬ੍ਰਾਹਿਮ ਅਧਮ ਹਾਂ। ਮੈਂ ਉਸ ਰਾਜ ਨੂੰ ਛੱਡ ਕੇ ਪਰਮਾਤਮਾ ਦੀ ਪ੍ਰਾਪਤੀ ਦੇ ਲਈ ਚੱਲਿਆ ਹਾਂ।

ਉਨ੍ਹਾਂ ਨੇ ਕਿਹਾ ਕਿ ਸਾਨੂੰ ਤਾਂ ਲੱਗਦਾ ਨਹੀਂ ਕਿ ਤੁਸੀਂ ਬਲਖ਼ ਸ਼ਹਿਰ ਦੇ ਰਾਜਾ ਹੋ। ਜੇਕਰ ਅਜਿਹਾ ਹੈ ਤਾਂ ਤੇਰੇ ਵਰਗਾ ਮੂਰਖ ਵਿਅਕਤੀ ਇਸ ਧਰਤੀ ਨੇ ਨਹੀਂ ਹੈ। ਤੇਰੀ ਸਿੱਖਿਆ ਦੀ ਸਾਨੂੰ ਲੋੜ ਨਹੀਂ ਹੈ। ਸੁਲਤਾਨ ਨੇ ਕਿਹਾ ਕਿ:-

ਗਰੀਬ, ਰਾਂਡੀ (ਇਸਤਰੀ) ਢਾਂਡੀ (ਗਾਂ) ਨਾ ਤਜੈਂ , ਯੇ ਨਰ ਕਹਿਯੇ ਕਾਗ।

ਬਲਖ਼ ਬੁਖਾਰਾ ਤਿਆਗ ਦੀਯਾ, ਥੀ ਕੋਈ ਪਿਛਲੀ ਲਾਗ॥

ਇਸਤੋਂ ਬਾਅਦ ਅਬ੍ਰਾਹਿਮ ਅਧਮ ਪ੍ਰਿਥਵੀ ਦਾ ਸੁਲਤਾਨ ਤਾਂ ਨਹੀਂ ਰਿਹਾ, ਪ੍ਰੰਤੂ ਭਗਤੀ ਦਾ ਸੁਲਤਾਨ ਬਣ ਗਿਆ। ਭਗਤ ਰਾਜ ਬਣ ਗਿਆ। ਇਸਲਈ ਉਸਨੂੰ ਸੁਲਤਾਨ ਜਾਂ ਪਿਆਰ ਨਾਲ਼ ਸੁਲਤਾਨੀ ਨਾਮ ਨਾਲ਼ ਪ੍ਰਸਿੱਧੀ ਮਿਲੀ। ਅੱਗੇ ਦੀ

ਕਥਾ ਵਿੱਚ ਇਸਨੂੰ ਸਿਰਫ਼ ਸੁਲਤਾਨ ਨਾਮ ਨਾਲ਼ ਹੀ ਲਿਖਿਆ-ਕਿਹਾ ਜਾਵੇਗਾ। ਜਿਵੇਂ ਧਰਮਦਾਸ ਜੀ ਨੂੰ ਧਨੀ ਧਰਮਦਾਸ ਕਿਹਾ ਜਾਣ ਲੱਗਾ ਸੀ। ਉਹ ਭਗਤੀ ਦੇ ਧਨੀ ਸਨ। ਵੈਸੇ ਸੰਸਾਰਿਕ ਧਨ ਦੀ ਵੀ ਕੋਈ ਕਮੀ ਨਹੀਂ ਸੀ। ਸੁਲਤਾਨ ਨੂੰ ਪਰਮੇਸ਼ਵਰ ਮਿਲੇ ਅਤੇ ਪ੍ਰਥਮ ਮੰਤਰ ਦਿੱਤਾ ਅਤੇ ਕਿਹਾ ਕਿ ਬਾਅਦ ਵਿੱਚ ਤੈਨੂੰ ਸਤਿਨਾਮ, ਫ਼ਿਰ ਸਾਰ ਸ਼ਬਦ ਦੇਵਾਂਗਾ।

**ਕਬੀਰ ਸਾਗਰ ਦੇ ਅਧਿਆਇ ''ਸੁਲਤਾਨ ਬੋਧ'' ਵਿੱਚ ਪੰਨਾ 62 'ਤੇ ਪ੍ਰਮਾਣ ਹੈ:-**

ਪ੍ਰਥਮ ਪਾਨ ਪ੍ਰਵਾਨਾ ਲੇਈ। ਪੀਛੇ ਸਾਰ ਸ਼ਬਦ ਤੋਈ ਦੇਈ॥
ਤਬ ਸਤਿਗੁਰੂ ਨੇ ਅਲਖ ਲਖਾਯਾ। ਕਰੀ ਪਰਤੀਤ ਪਰਮ ਪਦ ਪਾਯਾ॥
ਸਹਿਜ ਚੌਕਾ ਕਰ ਦੀਨ੍ਹਾ ਪਾਨਾ (ਨਾਮ)। ਕਾਲ ਕਾ ਬੰਧਨ ਤੋੜ ਬਗਾਨਾ॥

**ਵਿਚਾਰ ਕਰੋ:- ਉਸ ਸਮੇਂ ਅਬ੍ਰਾਹਿਮ ਦੇ ਕੋਲ਼ ਨਾ ਤਾਂ ਆਰਤੀ ਚੌਂਕਾ ਕਰਨ ਨੂੰ ਧਨ ਸੀ, ਨਾ ਕੋਈ ਹੋਰ ਸੁਵਿਧਾ ਸੀ। ਇਹ ਅਸਲ ਕਬੀਰ ਜੀ ਦੀ ਨਾਮ ਉਪਦੇਸ਼ ਦੀ ਵਿਧੀ ਹੈ। ਜੋ ਆਰਤੀ ਚੌਕਾ, ਉਸ ਵਿੱਚ ਲੱਖਾਂ ਜਾਂ ਹਜ਼ਾਰਾਂ ਦੇ ਸਮਾਨ, ਨਾਰੀਅਲ ਆਦਿ ਦਾ ਕੋਈ ਪ੍ਰਾਵਧਾਨ ਨਹੀਂ ਹੈ। ਉਹ ਤਾਂ ਬਾਅਦ ਵਿੱਚ ਕੋਈ ਪਾਠ ਕਰਵਾਉਣਾ ਚਾਹੇ ਤਾਂ ਕਰਵਾਏ, ਨਹੀਂ ਤਾਂ ਉਪਦੇਸ਼ ਵਿਧੀ ਕੇਵਲ ਮੰਤ੍ਰਿਤ ਜਲ ਅਤੇ ਮਿੱਠੇ ਪਦਾਰਥ (ਮਿਸ਼ਰੀ-ਚੀਨੀ, ਗੁੜ, ਬੂਰਾ, ਸ਼ੱਕਰ) ਨਾਲ਼ ਦਿੱਤੀ ਜਾ ਸਕਦੀ ਹੈ। ਸਤਿ ਨਾਮ ਅਤੇ ਸਾਰ ਸ਼ਬਦ ਵਿੱਚ ਪਾਨ (ਪੇਯ ਪਦਾਰਥ) ਨਹੀਂ ਦਿੱਤਾ ਜਾਂਦਾ। ਕੇਵਲ ਨਾਮ ਮੰਤਰ ਦੱਸੇ-ਸਮਝਾਏ ਜਾਂਦੇ ਹਨ। ਸੰਤ ਗਰੀਬਦਾਸ ਜੀ (ਪਿੰਡ-ਛੁਡਾਣੀ, ਜ਼ਿਲ੍ਹਾ-ਝੱਜਰ, ਹਰਿਆਣਾ ਪ੍ਰਾਂਤ) ਨੂੰ ਪਰਮੇਸ਼ਵਰ ਕਬੀਰ ਜੀ ਮਿਲੇ ਸਨ। ਉਹਨਾਂ ਨੂੰ ਦਿਵਯ ਦ੍ਰਿਸ਼ਟੀ ਪ੍ਰਦਾਨ ਕੀਤੀ ਸੀ। ਉਸੇ ਦੇ ਆਧਾਰ 'ਤੇ ਸੰਤ ਗਰੀਬਦਾਸ ਜੀ ਨੇ ਦੱਸਿਆ ਹੈ:-**

ਗਰੀਬ ਹਮ ਸੁਲਤਾਨੀ ਨਾਨਕ ਤਾਰੇ, ਦਾਦੂ ਕੂੰ ਉਪਦੇਸ਼ ਦੀਆ।
ਜਾਤ ਜੁਲਾਹਾ ਭੇਦ ਨਾ ਪਾਯਾ, ਕਾਸ਼ੀ ਮਾਹੇਂ ਕਬੀਰ ਹੁਆ।
ਗਰੀਬ, ਅਨੰਤ ਕੋਟਿ ਬ੍ਰਹਿਮੰਡ ਕਾ, ਇੱਕ ਰਤਿ ਨਹੀਂ ਭਾਰ।
ਸਤਿਗੁਰੂ ਪੁਰੁਸ਼ ਕਬੀਰ ਹੈ, ਕੁਲ ਕੇ ਸਿਰਜਣਹਾਰ।

## ''ਅਬ੍ਰਾਹਿਮ ਅਧਮ ਸੁਲਤਾਨ ਦੇ ਵਿਸ਼ੇ ਵਿੱਚ ਸੰਤ ਗਰੀਬਦਾਸ ਜੀ ਦੇ ਵਿਚਾਰ''

**ਕਬੀਰ ਪਰਮੇਸ਼ਰ ਜੀ ਨੇ ਆਪਣੇ ਸ਼ਿਸ਼ ਗਰੀਬਦਾਸ ਜੀ ਨੂੰ ਕਿਹਾ ਕਿ:-**

ਸੁਨਤ ਗਿਆਨ ਗਲਤਾਨਾ ਪਦ ਪਦੇਂ ਸਮਾਨਾ॥ਟੇਕ॥
ਅਮਰ ਲੋਕ ਸੇ ਸਤਿਗੁਰੂ ਆਏ, ਰੂਪ ਧਰਾ ਕਰਵਾਂਨਾ।
ਢੂੰਢਤ ਊਂਟ ਮਹਿਲ ਪਰ ਡੋਲੈਂ, ਬੂਝਤ ਸ਼ਾਹ ਬਯਾਨਾ ॥ (ਟੇਕ)
ਹਮ ਕਾਰਵਾਨ ਹੋਏ ਆਯ। ਮਹਿਲੌਂ ਪਰ ਊਂਟ ਬਤਾਯ॥(1)
ਬੋਲੈਂ ਪਾਦਸ਼ਾਹ ਸੁਲਤਾਨਾ। ਤੂੰ ਰਹਿਤਾ ਕਹਾਂ ਦਿਵਾਨਾ ॥(2)
ਦੂਜੈ ਕਾਸਿਦ ਗਵਨ ਕੀਯਾ ਰੇ। ਡੇਰਾ ਮਹਿਲ ਸਰਾਏ ਲਿਆ ਰੇ ॥(3)
ਜਬ ਹਮ ਮਹਿਲ ਸਰਾਯ ਬਤਾਈ। ਸੁਲਤਾਨੀ ਕੂੰ ਤਾਂਵਰ ਆਈ
ਅਰੇ ਤੇਰੇ ਬਾਪ ਦਾਦਾ ਪੜ ਪੀਢੀ। ਯੇ ਬਸੇ ਸਰਾਏ ਮੇਂ ਗੀਦੀ ॥(5)
ਐਸੇ ਹੀ ਤੂੰ ਚਲ ਜਾਈ। ਯੌਂ ਹਮ ਮਹਿਲ ਸਰਾਯ ਬਤਾਈ ॥(6)

ਅਰੇ ਕੋਈ ਕਾਸਿਦ ਕੂ ਗਹਿ ਲਯਾਵੇ। ਇਸ ਪੰਡਿਤ ਖਾਣੇ ਦ੍ਯਾਵੈ ॥(7)
ਉਠੇ ਪਾਦਸ਼ਾਹ ਸੁਲਤਾਨਾ। ਵਹਾਂ ਕਾਸਿਦ ਗੈਬ ਛਿਪਾਨਾ ॥(8)
ਤੀਜੈ ਬਾਂਦੀ ਹੋਯ ਸੇਜ ਬਿਛਾਇ। ਤਨ ਤੀਨ ਕੋਰੜੇ ਖਾਈ ॥(9)
ਤਬ ਆਯਾ ਅਨਹਦ ਹਾਂਸਾ। ਸੁਲਤਾਨੀ ਗਹੇ ਖਵਾਸਾ ॥(10)
ਮੈਂ ਏਕ ਘੜੀ ਸੇਜਾਂ ਸੋਈ। ਤਾਂਤੇ ਮੇਰਾ ਯੋਹ ਹਵਾਲ ਹੋਇ ॥(11)
ਜੋ ਸੋਵੈਂ ਦਿਵਸ ਰੂ ਰਾਤਾ। ਤਿਨ ਕਾ ਕਯਾ ਹਾਲ ਬਿਧਾਤਾ ॥(12)
ਤਬ ਗੈਬੀ ਭਯੇ ਖ਼ਵਾਸਾ। ਸੁਲਤਾਨੀ ਹੋਯ ਉਦਾਸਾ ॥(13)
ਯੋਹ ਕੌਨ ਛਲਾਵਾ ਭਾਈ। ਯਾਕਾ ਕਛੁ ਭੇਦ ਨਾ ਪਾਈ ॥(14)
ਚੌਥੇ ਜੋਗੀ ਭਯੇ ਹਮ ਜਿੰਦਾ। ਲੀਨਹੇ ਤੀਨ ਕੁੱਤੇ ਗਲਿ ਫੰਦਾ॥(15)
ਦੀਨ੍ਹੀ ਹਮ ਸਾਂਕਲ ਡਾਰੀ। ਸੁਲਤਾਨੀ ਚਲੇ ਬਾਗ ਬਾੜੀ॥(16)
ਬੋਲੇ ਪਾਤਸ਼ਾਹ ਸੁਲਤਾਨਾ। ਕਹਾਂ ਸੈਂ ਆਏ ਜਿੰਦ ਦਿਵਾਨਾ॥(17)
ਯੇ ਤੀਨ ਕੁੱਤੇ ਕਯਾ ਕੀਜੈ। ਇਨਮੇਂ ਸੈਂ ਦੋਯ ਹਮ ਕੂੰ ਦੀਜੈ॥(18)
ਅਰੇ ਤੇਰੇ ਬਾਪ ਦਾਦਾ ਹੈ ਭਾਈ। ਇਨ ਬੜ ਬਦਫੈਲ ਕਮਾਈ॥(19)
ਯਹਾਂ ਲੋਹ ਲੰਗਰ ਸ਼ੀਸ਼ ਲਗਾਈ। ਤਬ ਕੁਤਯੋਂ ਧੂਮ ਮਚਾਈ॥ (20)
ਅਰੇ ਤੇਰੇ ਬਾਪ ਦਾਦਾ ਪੜ ਪੀਢੀ। ਤੂੰ ਸਮਝੈ ਕਿਉਂ ਨਹੀਂ ਗੀਦੀ॥ (21)
ਅਬ ਤੁਮ ਤਖ਼ਤ ਬੈਠਕਰ ਭੂਲੀ। ਤੇਰਾ ਮਨ ਚੜ੍ਹਨੇ ਕੂੰ ਸ਼ੂਲੀ॥ (22)
ਜੋਗੀ ਜਿੰਦਾ ਗ਼ੈਬ ਭਯਾ ਰੇ। ਹਮ ਨਾ ਕਛੁ ਭੇਦ ਲਹਜਾ ਰੇ॥(23)
ਬੋਲੇ ਪਾਦਸ਼ਾਹ ਸੁਲਤਾਨਾ। ਜਹਾਂ ਖੜੇ ਅਮੀਰ ਦਿਵਾਨਾ॥ (24)
ਯੇਹ ਚਯਾਰ ਚਰਿਤ੍ਰ ਬੀਤੇ। ਹਮ ਨਾ ਕਛੁ ਭੇਦ ਨਾ ਲੀਤੇ॥ (25)
ਵਹਾਂ ਹਮ ਮਾਰਜਾ ਗਿਆਨ ਗਿਲੋਲਾ। ਸੁਲਤਾਨੀ ਮੁੱਖ ਨਹੀਂ ਬੋਲਾ॥ (26)
ਤਬ ਲਗੇ ਗਿਆਨ ਕੇ ਬਾਨਾਂ। ਛਾੜੀ ਬੇਗ਼ਮ ਮਾਲ ਖ਼ਜ਼ਾਨਾ॥ (27)
ਸੁਲਤਾਨੀ ਜੋਗ ਲਿਆ ਰੇ। ਸਤਿਗੁਰੂ ਉਪਦੇਸ਼ ਦੀਯਾ ਰੇ॥ (28)
ਛਾਡ੍ਆ ਠਾਰਾ ਲਾਖ ਤੁਰਾ ਰੇ। ਜਿਸੇ ਲਾਗਜਾ ਮਾਲ ਬੁਰਾ ਰੇ॥ (29)
ਛਾੜੇ ਗਜ਼ ਗੈਂਵਰ ਜਲ ਹੋਡਾ। ਅਬ ਭਯੇ ਬਾਟ ਕੇ ਰੋੜਾ॥ (30)
ਸੰਗ ਸੋਲਹ ਸਹੰਸ ਸੁਹੇਲੀ। ਏਕ ਸੇ ਏਕ ਅਧਿਕ ਨਵੇਲੀ॥ (31)
ਗਰੀਬ, ਅਠਾਰਹ ਲਾਖ ਤੁਰਾ ਜਿਨ ਛੋੜੇ, ਪਦਮਨੀ ਸੋਲਹ ਸਹੰਸ।
ਏਕ ਪਲਕ ਮੇਂ ਤਿਆਗ ਗਏ, ਸੋ ਸਤਿਗੁਰੂ ਕੇ ਹੈ ਹੰਸ॥ (32)
ਰਾਂਡੀ ਢਾਂਡੀ ਨਾ ਤਜੈ, ਯੇ ਨਰ ਕਹਿਏ ਕਾਗ਼।
ਬਲਖ਼ ਬੁਖਾਰਾ ਤਿਆਗ ਦੀਯਾ, ਥੀ ਕੋਈ ਪਿਛਲੀ ਲਾਗ॥ (33)
ਛਾੜੇ ਮੀਰ ਖਾਨ ਦੀਵਾਨਾ, ਅਰਬੋਂ ਖ਼ਰਬ ਖ਼ਜ਼ਾਨਾ॥ (34)
ਛਾੜੇ ਹੀਰੇ ਹਿਰੰਬਰ ਲਾਲਾ। ਸੁਲਤਾਨੀ ਮੋਟੇ ਤਾਲਾ॥ (35)
ਜਿਨ ਲੋਕ ਪਰੰਗਣਾ ਤਯਾਗਾ। ਸੁਨਿ ਸ਼ਬਦ ਅਨਾਹਦ ਲਾਗਯਾ॥ (36)
ਪਗੜੀ ਕੀ ਕੌਪੀਨ ਬਨਾਈ। ਸ਼ਾਲੋਂ ਕੀ ਅਲਫ਼ੀ ਲਾਈ॥ (37)
ਸ਼ੀਸ਼ ਕਿਆ ਮੂੰਹ ਕਾਰਾ। ਸੁਲਤਾਨੀ ਤਜਯਾ ਬੁਖਾਰਾ॥ (38)

ਗਣ ਗੰਧਰਵ ਇੰਦਰ ਲਰਜੇ। ਧੰਨਯ ਮਾਤ ਪਿਤਾ ਜਿਨ ਸਿਰਜੇ॥ (39)
ਭਯਾ ਸਪਤਪੁਰੀ ਪਰ ਸ਼ਾਂਕਾ। ਸੁਲਤਾਨੀ ਮਾਰਗ ਬਾਂਕਾ॥ (40)
ਜਿਨ ਪਾਂਚੋਂ ਪਕੜਿ ਪਛਾੜਿਆ। ਇਨਕਾ ਤੋ ਦੇ ਦੀਯਾ ਬਾੜਾ॥ (41)
ਸੁਨਿ ਸ਼ਬਦ ਅਨਾਹਦ ਰਾਤਾ। ਜਹਾਂ ਕਾਲ ਕਰਮ ਨਹੀਂ ਜਾਤਾ॥ (42)
ਹੈ ਅਗਮ ਅਨਾਹਦ ਸਿੰਧਾ। ਜੋਗੀ ਨਿਰਗੁਨ ਨਿਰਬੰਧਾ॥ (63)
ਕਛੁ ਵਾਰ ਪਾਰ ਨਹੀ ਥਾਹੰ। ਸਤਿਗੁਰੂ ਸਭ ਸ਼ਾਹਨਪਤਿ ਸ਼ਾਹੰ॥ (64)
ਉਲਟਿ ਪੰਥ ਖੋਜ ਹੈ ਮੀਨਾ। ਸਤਿਗੁਰੂ ਕਬੀਰ ਭੇਦ ਕਹੈ ਬੀਨਾ॥ (65)
ਯੋਹ ਸਿੰਧੂ ਅਥਾਹ ਅਨੂਪੰ। ਕਛੁ ਨਾ ਛਾਯਾ ਨਾ ਧੂਪੰ॥ (66)
ਜਹਾਂ ਗਗਨ ਧੂਨਿ ਦਰਬਾਨੀ। ਜਹਾਂ ਬਾਜੈਂ ਸਤਯ ਸਹਿਦਾਨੀ॥ (67)
ਸੁਲਤਾਨ ਅਧਮ ਜਹਾਂ ਰਾਤਾ। ਤਹਾਂ ਨਹੀ ਪਾਂਚ ਤਤ ਕਾ ਗਾਤਾ॥ (68)
ਜਹਾਂ ਨਿਰਗੁਣ ਨੂਰ ਦਿਵਾਲਾ। ਕਛੁ ਨਾ ਘਰ ਹੈ ਖਾਲਾ॥ (69)
ਸ਼ੀਸ਼ ਚੜਾਏ ਪੱਗ ਧਰਿਯਾ। ਯੋਹ ਸੁਲਤਾਨੀ ਸੌਦਾ ਕਰਿਯਾ॥ (70)
ਸਤਿਗੁਰੂ ਜਿੰਦਾ ਜੋਗ ਦੀਯਾ ਰੇ। ਸੁਲਤਾਨੀ ਅਪਨ ਕੀਯਾ ਰੇ॥ (71)
ਕਹੇ ਦਾਸ ਗਰੀਬ ਗੁਰੂ ਪੂਰਾ। ਸਤਿਗੁਰੂ ਮਿਲੇ ਕਬੀਰਾ ॥(72)

**{ਸੰਤ ਗਰੀਬਦਾਸ ਜੀ ਦੀ ਇਨ੍ਹਾਂ ਉਪਰੋਕਤ ਬਾਣੀਆਂ ਦਾ ਅਰਥ ਇਹੀ ਹੈ। ਇਹਨਾਂ ਵਿੱਚ ਵੀ ਸੁਲਤਾਨ ਅਬ੍ਰਾਹਿਮ ਇਬਨ ਅਧਮ ਦੇ ਜੀਵਨ ਦੀਆਂ ਘਟਨਾਵਾਂ ਦਾ ਵਰਣਨ ਹੈ।}**

## "ਅਬ੍ਰਾਹਿਮ ਅਧਮ ਸੁਲਤਾਨ ਦੀ ਪ੍ਰੀਖਿਆ"

**ਸੁਲਤਾਨ ਅਧਮ ਨੇ ਇੱਕ ਸਾਧੂ ਦੀ ਕੁਟੀਆ ਦੇਖੀ ਜੋ ਕਈ ਸਾਲਾਂ ਤੋਂ ਉਸ ਸਥਾਨ 'ਤੇ ਸਾਧਨਾ ਕਰ ਰਿਹਾ ਸੀ। ਅਬ੍ਰਾਹਿਮ ਉਸਦੇ ਕੋਲ਼ ਗਿਆ। ਉਸ ਸਾਧਕ ਨੇ ਕਿਹਾ ਕਿ ਇੱਥੇ ਨਾ ਰਹਿਣਾ, ਇੱਥੇ ਕੋਈ ਭੋਜਨ-ਪਾਣੀ ਨਹੀਂ ਹੈ। ਤੁਸੀਂ ਕਿਤੇ ਹੋਰ ਜਾਓ। ਸੁਲਤਾਨ ਅਬ੍ਰਾਹਿਮ ਨੇ ਕਿਹਾ ਕਿ ਮੈਂ ਤੁਹਾਡਾ ਮਹਿਮਾਨ ਬਣ ਕੇ ਨਹੀਂ ਆਇਆ। ਮੈਂ ਜਿਸਦਾ ਮਹਿਮਾਨ (ਅੱਲਾਹ ਦਾ ਮਹਿਮਾਨ) ਹਾਂ, ਉਹ ਮੇਰੇ ਰਿਜ਼ਕ (ਖਾਣ) ਦੀ ਵਿਵਸਥਾ ਕਰੇਗਾ। ਇਨਸਾਨ ਆਪਣੀ ਕਿਸਮਤ ਨਾ਼ਲ ਲੈ ਕੇ ਆਉਂਦਾ ਹੈ। ਕੋਈ ਕਿਸੇ ਦਾ ਨਹੀਂ ਖਾਂਦਾ ਹੈ। ਹੇ ਬੇਈਮਾਨ! ਤੂੰ ਤਾਂ ਇੱਕ ਚੰਗਾ ਨਾਗਰਿਕ ਵੀ ਨਹੀਂ ਹੈ। ਤੂੰ ਚਾਹੁੰਦਾ ਹੈ ਅੱਲਾਹ ਨੂੰ ਮਿਲਣਾ। ਨੀਅਤ ਠੀਕ ਨਹੀਂ ਹੈ ਤਾਂ ਇਨਸਾਨ ਪਰਮਾਰਥ ਨਹੀਂ ਕਰ ਸਕਦਾ। ਬਿਨਾਂ ਪਰਮਾਰਥ ਖ਼ੁਦਾ ਨਹੀਂ ਮਿਲਦਾ। ਜਿਸਨੇ ਜੀਵਨ ਦਿੱਤਾ ਹੈ, ਉਹ ਰੋਟੀ ਵੀ ਦੇਵੇਗਾ। ਅਬ੍ਰਾਹਿਮ ਥੋੜ੍ਹੀ ਦੂਰੀ ਤੇ ਜਾ ਕੇ ਬੈਠ ਗਿਆ।**

**ਸ਼ਾਮ ਨੂੰ ਅਸਮਾਨ ਤੋਂ ਇੱਕ ਥਾਲ ਉਤਰਿਆ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀ ਸਬਜ਼ੀ, ਹਲਵਾ, ਖੀਰ, ਰੋਟੀ ਅਤੇ ਪਾਣੀ ਦਾ ਲੋਟਾ ਸੀ। ਥਾਲੀ ਦੇ ਉੱਪਰ ਥਾਲ ਪਰੋਸ (ਕੱਪੜੇ ਦਾ ਰੁਮਾਲ) ਢੱਕਿਆ ਸੀ। ਅਬ੍ਰਾਹਿਮ ਨੇ ਥਾਲੀ ਉੱਤੋਂ ਕੱਪੜਾ ਚੁੱਕਿਆ ਅਤੇ ਪੁਰਾਣੇ ਸਾਧਕ ਨੂੰ ਦਿਖਾਇਆ। ਉਸ ਪੁਰਾਣੇ ਸਾਧਕ ਕੋਲ਼ ਆਸਮਾਨ ਤੋਂ ਦੋ ਰੋਟੀਆਂ ਉਹ ਵੀ ਜੌਂ ਦੇ ਆਟੇ ਦੀਆਂ ਅਤੇ ਇੱਕ ਲੋਟਾ ਪਾਣੀ ਆਇਆ।**

**ਇਹ ਦੇਖ ਕੇ ਪੁਰਾਣਾ ਸਾਧਕ ਨਾਰਾਜ਼ ਹੋ ਗਿਆ ਕਿ ਹੇ ਅੱਲਾਹ! ਮੈਂ ਤੇਰਾ ਭੇਜਿਆ ਭੋਜਨ ਨਹੀਂ ਖਾਵਾਂਗਾ। ਤੁਸੀਂ ਤਾਂ ਭੇਦ-ਭਾਵ ਕਰਦੇ ਹੋ। ਮੇਰੇ ਲਈ ਸੁੱਕੀ**

ਜੌਂ ਦੀ ਰੋਟੀ, ਅਬ੍ਰਾਹਿਮ ਨੂੰ ਵਧੀਆ ਭੋਜਨ ਪੁਲਾਵ ਵਾਲਾ ਭੇਜਿਆ ਹੈ।

ਅੱਲਾਹ ਨੇ ਆਕਾਸ਼ਵਾਣੀ ਕੀਤੀ ਕਿ ਹੇ ਭਗਤ! ਇਹ ਅਬ੍ਰਾਹਿਮ ਇੱਕ ਅਮੀਰ ਰਾਜਾ ਸੀ। ਇਸਦੇ ਕੋਲ਼ ਅਰਬਾਂ-ਖਰਬਾਂ ਦਾ ਖ਼ਜ਼ਾਨਾ ਸੀ। ਇਸ ਦੀਆਂ 16 ਹਜ਼ਾਰ ਰਾਣੀਆਂ ਸੀ, ਬੱਚੇ ਸੀ। ਅਮੀਰ (ਮੰਤਰੀ) ਅਤੇ ਦੀਵਾਨ ਸੀ। ਨੌਕਰ-ਨੌਕਰਾਣੀਆਂ ਸਨ। ਇਹ ਮੇਰੇ ਲਈ ਅਜਿਹੇ ਠਾਠ ਛੱਡ ਕੇ ਆਇਆ ਹੈ। ਇਸ ਨੂੰ ਤਾਂ ਕੀ ਨਾ ਦੇ ਦਵਾਂ? ਤੂੰ ਆਪਣੀ ਔਕਾਤ ਦੇਖ, ਤੂੰ ਇੱਕ ਘਸਿਆਰਾ ਸੀ। ਸਾਰਾ ਦਿਨ ਘਾਹ ਪੁੱਟਦਾ ਸੀ। ਤਦ ਇੱਕ ਟਕਾ ਮਿਲਦਾ ਸੀ। ਸਿਰ 'ਤੇ ਪੰਡਾਂ ਲੈ ਕੇ ਰੋਜ਼ ਬੋਝ ਨਾਲ ਮਰਦਾ ਸੀ। ਨਾ ਪਤਨੀ (ਇਸਤਰੀ) ਸੀ, ਨਾ ਮਾਤਾ ਸੀ, ਨਾ ਕੋਈ ਪਿਤਾ ਤੇਰਾ ਸੇਠ ਸੀ। ਤੁਹਾਨੂੰ ਮੈਂ ਪੱਕੀ-ਪਕਾਈਆਂ ਰੋਟੀਆਂ ਭੇਜਦਾ ਹਾਂ। ਤੂੰ ਫਿਰ ਵੀ ਨਖਰੇ ਕਰਦਾ ਹੈ। ਜੇਕਰ ਤੂੰ ਮੇਰੀ ਰਜ਼ਾ ਵਿੱਚ ਰਾਜ਼ੀ ਨਹੀਂ ਹੈ ਤਾਂ ਕਿਤੇ ਹੋਰ ਜਾ ਬੈਠ। ਜੇ ਭਗਤੀ ਤੋਂ ਬੇਮੁੱਖ ਹੋ ਗਿਆ ਤਾਂ ਤੇਰਾ ਘਾਹ ਕੱਟਣ ਦਾ ਖੁਰਪਾ ਅਤੇ ਬੰਨ੍ਹਣ ਲਈ ਪੱਲੀ, ਇਹ ਪਈ, ਜਾ ਖੋਤ ਘਾਹ ਅਤੇ ਖਾ। ਜੇ ਕੁੱਝ ਹਾਸਲ ਕਰਨਾ ਹੈ, ਤਾਂ ਮੇਰੀ ਰਜ਼ਾ ਤੋਂ ਬਾਹਰ ਕਦਮ ਨਾ ਰੱਖਣਾ। ਭਗਤ ਵਿੱਚ ਜੇ ਕੁਬ੍ਰ (ਹੰਕਾਰ) ਹੈ, ਤਾਂ ਉਹ ਪਰਮਾਤਮਾ ਤੋਂ ਦੂਰ ਹੈ। ਜੇਕਰ ਭਗਤ ਵਿੱਚ ਆਧੀਨੀ ਹੈ ਤਾਂ ਉਹ ਹੱਕ (ਪਰਮੇਸ਼ਵਰ) ਦੇ ਨੇੜੇ ਹੈ।

ਸੁਲਤਾਨ ਅਧਮ ਨੇ ਪਰਮੇਸ਼ਵਰ ਨੂੰ ਅਰਜ਼ ਕੀਤੀ ਕਿ ਹੇ ਦਾਤਾ! ਮੈਂ ਮਿਹਨਤ ਕਰਕੇ ਗੁਜ਼ਾਰਾ ਕਰਾਂਗਾ। ਤੁਹਾਡੀ ਭਗਤੀ ਵੀ ਕਰਾਂਗਾ। ਤੁਸੀਂ ਇਹ ਭੋਜਨ ਨਾ ਭੇਜੋ। ਰੁੱਖਾ-ਸੁੱਕਾ ਭੋਜਨ ਖਾ ਕੇ ਤੁਹਾਡੇ ਚਰਣਾਂ ਵਿੱਚ ਬਣੇ ਰਹਿਣਾ ਚਾਹੁੰਦਾ ਹਾਂ। ਇਹ ਭੋਜਨ ਤੁਸੀਂ ਭੇਜ ਰਹੇ ਹੋ। ਇਹ ਖਾ ਕੇ ਤਾਂ ਮਨ ਵਿੱਚ ਦੋਸ਼ ਆਉਣਗੇ, ਕੋਈ ਗ਼ਲਤੀ ਕਰ ਬੈਠਾਂਗਾ। ਇਹ ਅਰਜ਼ ਉਹ ਪੁਰਾਣਾ ਭਗਤ ਵੀ ਸੁਣ ਰਿਹਾ ਸੀ। ਉਸਦੀ ਗਰਦਨ ਨੀਵੀਂ ਹੋ ਗਈ। ਪਰਮਾਤਮਾ ਨੂੰ ਅਰਜ ਕੀਤੀ, ਪ੍ਰਭੂ! ਮੇਰੀ ਗਲਤੀ ਨੂੰ ਮਾਫ਼ ਕਰੋ। ਮੈਂ ਤੁਹਾਡੀ ਰਜ਼ਾ ਵਿੱਚ ਖੁਸ਼ ਰਹਾਂਗਾ। ਉਸ ਦਿਨ ਤੋਂ ਅਬ੍ਰਾਹਿਮ ਜੰਗ਼ਲ ਤੋਂ ਲੱਕੜਾਂ ਤੋੜ ਕੇ ਲੈ ਆਉਂਦਾ, ਬਜ਼ਾਰ ਵਿੱਚ ਵੇਚ ਕੇ ਖਾਣਾ ਲੈ ਜਾਂਦਾ ਅਤੇ ਅੱਠ ਦਿਨ ਤੱਕ ਉਸੇ ਨੂੰ ਖਾਂਦਾ ਅਤੇ ਭਗਤੀ ਕਰਦਾ ਸੀ।

## "ਭਗਤ ਹੋਵੇ ਨੀਅਤ ਦਾ ਪੂਰਾ"

ਕੁਝ ਸਾਲਾਂ ਬਾਅਦ ਅਬ੍ਰਾਹਿਮ ਘੁੰਮਣ ਲਈ ਨਿੱਕਲ਼ਿਆ। ਇੱਕ ਸੇਠ ਦਾ ਬਾਗ਼ ਸੀ। ਉਸ ਨੂੰ ਨੌਕਰ ਦੀ ਜ਼ਰੂਰਤ ਸੀ। ਸੁਲਤਾਨ ਨੂੰ ਫੜ੍ਹ ਕੇ ਬਾਗ਼ ਦੀ ਰਾਖੀ ਲਈ ਰੱਖ ਦਿੱਤਾ। ਇੱਕ ਸਾਲ ਬਾਅਦ ਸੇਠ ਬਾਗ਼ ਵਿੱਚ ਆਇਆ। ਉਸ ਨੇ ਅਬ੍ਰਾਹਿਮ ਨੂੰ ਅਨਾਰ ਲਿਆਉਣ ਲਈ ਕਿਹਾ। ਅਨਾਰ ਲਿਆ ਕੇ ਸੇਠ ਨੂੰ ਦੇ ਦਿੱਤੇ। ਅਨਾਰ ਖੱਟੇ ਸੀ। ਸੇਠ ਨੇ ਕਿਹਾ ਕਿ ਤੈਨੂੰ ਇੱਕ ਸਾਲ ਵਿੱਚ ਇਹ ਵੀ ਪਤਾ ਨਹੀਂ ਚੱਲਿਆ ਕਿ ਮਿੱਠੇ ਅਨਾਰ ਕਿਹੋ-ਜਿਹੇ ਹੁੰਦੇ ਹਨ?

ਸੁਲਤਾਨ ਨੇ ਕਿਹਾ ਕਿ ਸੇਠ ਜੀ! ਤੁਸੀਂ ਮੈਨੂੰ ਬਾਗ਼ ਦੀ ਰਾਖੀ ਦੇ ਲਈ ਰੱਖਿਆ ਹੈ, ਬਾਗ ਉਜਾੜਣ ਦੇ ਲਈ ਨਹੀਂ। ਜੇਕਰ ਰਕਸ਼ਕ ਹੀ ਭਕਸ਼ਕ ਹੋ ਜਾਵੇਗਾ ਤਾਂ ਗੱਲ ਕਿਵੇਂ ਬਣੇਗੀ? ਮੈਂ ਕਦੇ ਕੋਈ ਫ਼ਲ ਖਾਧਾ ਹੀ ਨਹੀਂ ਤਾਂ ਖੱਟੇ-ਮਿੱਠੇ ਦਾ ਗਿ-ਆਨ ਕਿਵੇਂ ਹੋ ਸਕਦਾ ਹੈ? ਸੇਠ ਨੇ ਹੋਰ ਨੌਕਰਾਂ ਤੋਂ ਪੁੱਛਿਆ ਤਾਂ ਨੌਕਰਾਂ ਨੇ ਦੱਸਿਆ ਕਿ ਇਹ ਨੌਕਰ ਤਾਂ ਜੋ ਰੋਟੀ ਮਿਲਦੀ ਹੈ, ਬਸ ਉਹੀ ਖ਼ਾ ਕੇ ਬਾਗ ਦੇ ਚਾਰੋਂ ਪਾਸੇ ਕੁਝ

ਬੜ-ਬੜ ਕਰਦਾ ਘੁੰਮਦਾ ਰਹਿੰਦਾ ਹੈ। ਅਸੀਂ  ਗੁਪਤ ਰੂਪ ਵਿੱਚ ਵੀ ਦੇਖਿਆ ਹੈ। ਇਸਨੇ ਕਦੇ ਵੀ ਕੋਈ ਫ਼ਲ ਤੋੜ ਕੇ ਨਹੀਂ ਖਾਧਾ ਹੈ, ਨਾ ਥੱਲੇ ਡਿੱਗਿਆ ਚੁੱਕਿਆ ਹੈ।

ਕਿਸੇ ਨੌਕਰ ਨੇ ਦੱਸਿਆ ਕਿ ਇਹ ਬਲਖ਼ ਸ਼ਹਿਰ ਦਾ ਰਾਜਾ ਹੈ। ਮੈਂ 10 ਸਾਲ ਪਹਿਲਾਂ ਇਸ ਨੂੰ ਜੰਗ਼ਲ ਵਿੱਚ ਸ਼ਿਕਾਰ ਦੇ ਸਮੇਂ ਦੇਖਿਆ ਸੀ। ਜਦੋਂ ਮੈਂ ਇਸ ਨੂੰ ਪੁੱਛਿਆ ਕਿ ਲੱਗਦਾ ਹੈ ਤੁਸੀਂ ਬਲਖ਼ ਸ਼ਹਿਰ ਦੇ ਸੁਲਤਾਨ ਅਬ੍ਰਾਹਿਮ ਅਧਮ ਹੋ। ਪਹਿਲਾਂ ਤਾਂ ਮਨ੍ਹਾ ਕੀਤਾ, ਫ਼ਿਰ ਮੈਂ ਦੱਸਿਆ ਕਿ ਆਪ ਨੂੰ ਸ਼ਿਕਾਰ ਦੇ ਸਮੇਂ ਜੰਗ਼ਲ ਵਿੱਚ ਦੇਖਿਆ ਸੀ। ਆਪ ਦੀ ਸੈਨਾ ਵਿੱਚ ਮੇਰਾ ਸਾ਼ਲਾ ਯਾਕੂਬ ਵੱਡਾ ਅਧਿਕਾਰੀ ਹੈ। ਉਸ ਨੇ ਦੱਸਿਆ ਕਿ ਰਾਜੇ ਨੇ ਸੰਨਿਆਸ ਲੈ ਲਿਆ ਹੈ। ਉਸ ਦਾ ਪੁੱਤਰ ਗੱਦੀ 'ਤੇ ਬੈਠਾ ਹੈ। ਤਦ ਇਸ ਨੇ ਕਿਹਾ ਕਿ ਕਿਸੇ ਨੂੰ ਨਹੀਂ ਦੱਸਣਾ। ਸੇਠ ਨੇ ਚਰਣਾਂ ਵਿੱਚ ਡਿੱਗ ਕੇ ਮਾਫ਼ੀ ਮੰਗੀ ਅਤੇ ਢੇਰ ਸਾਰਾ ਧਨ ਦੇ ਕੇ ਕਿਹਾ ਕਿ ਤੁਸੀਂ ਇਹ ਧਨ ਲੈ ਕੇ ਆਪਣਾ ਗੁਜ਼ਾਰਾ ਕਰੋ, ਭਗਤੀ ਵੀ ਕਰੋ। ਮੇਰੇ ਘਰ ਰਹੋ ਜਾਂ ਬਾਗ ਵਿੱਚ ਮਹਿਲ ਬਣਾ ਦੇਵਾਂ, ਇੱਥੇ ਰਹਿ ਕੇ ਭਗਤੀ ਕਰੋ। ਸੁਲਤਾਨ ਧੰਨਵਾਦ ਕਹਿ ਕੇ ਚੱਲ ਪਿਆ।

## ''ਦਾਸ ਦੀ ਪਰਿਭਾਸ਼ਾ''

ਇੱਕ ਸਮੇਂ ਸੁਲਤਾਨ ਇੱਕ ਸੰਤ ਦੇ ਆਸ਼ਰਮ ਵਿੱਚ ਗਿਆ। ਉੱਥੇ ਕੁੱਝ ਦਿਨ ਸੰਤ ਜੀ ਦੀ ਵਿਸ਼ੇਸ਼ ਪ੍ਰਾਰਥਨਾ ਨਾ਼ਲ ਰੁਕਿਆ। ਸੰਤ ਦਾ ਨਾਮ ਹੁਕਮ ਦਾਸ ਸੀ। ਬਾਰ੍ਹਾਂ ਚੇਲੇ ਉਸ ਦੇ ਨਾ਼ਲ ਆਸ਼ਰਮ ਵਿੱਚ ਰਹਿੰਦੇ ਸੀ। ਸਾਰਿਆਂ ਦੇ ਨਾਮ ਦੇ ਪਿੱਛੇ ਦਾਸ ਲੱਗਿਆ ਸੀ। ਫ਼ਕੀਰ ਦਾਸ, ਆਨੰਦ ਦਾਸ, ਕਰਮ ਦਾਸ, ਧਰਮਦਾਸ। ਉਨ੍ਹਾਂ ਦਾ ਵਿਵਹਾਰ ਦਾਸ ਵਾ਼ਲਾ ਨਹੀਂ ਸੀ। ਉਹਨਾਂ ਦੇ ਗੁਰੂ ਇੱਕ ਨੂੰ ਸੇਵਾ ਦੇ ਲਈ ਕਹਿੰਦੇ ਤਾਂ ਉਹ ਕਹਿੰਦਾ ਕਿ ਧਰਮਦਾਸ ਦੀ ਵਾਰੀ ਹੈ, ਉਸਨੂੰ ਕਹੋ, ਧਰਮਦਾਸ ਕਹਿੰਦਾ ਕਿ ਆਨੰਦ ਦਾਸ ਦਾ ਨੰਬਰ ਹੈ। ਉਨ੍ਹਾਂ ਦਾ ਵਿਵਹਾਰ ਦੇਖ਼ ਕੇ ਸੁਲਤਾਨੀ ਨੇ ਕਿਹਾ ਕਿ:-

ਦਾਸਾ ਭਾਵ ਨੇੜੇ ਨਹੀਂ, ਨਾਮ ਧਰਾਯਾ ਦਾਸ ।<br>
ਪਾਨੀ ਕੇ ਪੀਏ ਬਿਨ, ਕੈਸੇ ਮਿਟ ਹੈ ਪਿਆਸ॥

ਸੁਲਤਾਨੀ ਨੇ ਉਹਨਾਂ ਚੇਲਿਆਂ ਨੂੰ ਸਮਝਾਇਆ ਕਿ ਮੈਂ ਜਦੋਂ ਰਾਜਾ ਸੀ, ਤਦ ਇੱਕ ਦਾਸ ਮੁੱਲ ਲਿਆਇਆ ਸੀ। ਮੈਂ ਉਸਨੂੰ ਪੁੱਛਿਆ ਕਿ ਤੂੰ ਕੀ ਖਾਣਾ ਪੰਸਦ ਕਰਦਾ ਹੈ। ਦਾਸ ਨੇ ਉੱਤਰ ਦਿੱਤਾ ਕਿ ਦਾਸ ਨੂੰ ਜੋ ਖਾਣਾ ਮਾਲਕ ਦਿੰਦਾ ਹੈ, ਉਹੀ ਉਸਦੀ ਪੰਸਦ ਹੁੰਦੀ ਹੈ। ਤੁਹਾਡੀ ਕੀ ਇੱਛਾ ਹੁੰਦੀ ਹੈ? ਤੁਸੀਂ ਕੀ ਕੰਮ ਕਰਨਾ ਪਸੰਦ ਕਰਦੇ ਹੋ? ਜਿਸ ਕੰਮ ਦੀ ਮਾਲਿਕ ਆਗਿਆ ਦਿੰਦਾ ਹੈ, ਉਹੀ ਮੇਰੀ ਪੰਸਦ ਹੈ। ਤੁਸੀਂ ਕੀ ਪਹਿਨਦੇ ਹੋ? ਮਾਲਿਕ ਦੇ ਦਿੱਤੇ ਫ਼ਟੇ-ਪੁਰਾਣੇ ਕੱਪੜੇ ਠੀਕ ਕਰਕੇ ਪਹਿਨਦਾ ਹਾਂ। ਉਸਨੂੰ ਮੈਂ ਅਜ਼ਾਦ ਕਰ ਦਿੱਤਾ। ਧਨ ਵੀ ਦਿੱਤਾ। ਉਸੇ ਦੀਆਂ ਗੱਲਾਂ ਨੂੰ ਯਾਦ ਕਰਕੇ ਮੈਂ ਆਪਣੇ ਗੁਰੂ ਦੀ ਆਗਿਆ ਦਾ ਪਾਲਣ ਕਰਦਾ ਹਾਂ। ਆਪਣੀ ਮਰਜ਼ੀ ਕਦੇ ਨਹੀਂ ਚਲਾਉਂਦਾ। ਜੋ ਪ੍ਰਭੂ ਦਿੰਦਾ ਹੈ, ਉਸਦੀ ਆਗਿਆ ਸਮਝ ਕੇ ਖਾਂਦਾ ਹਾਂ। ਮੈਂ ਖ਼ੁਦ ਨੂੰ ਦਾਸ ਮੰਨ ਕੇ ਸੇਵਾ ਕਰਦਾ ਹਾਂ। ਪਰਮਾਤਮਾ ਨੂੰ ਖ਼ੁਸ਼ ਕਰਨ ਦੇ ਲਈ ਗੁਰੂਦੇਵ ਨੂੰ ਖ਼ੁਸ਼ ਕਰਨਾ ਜ਼ਰੂਰੀ ਹੁੰਦਾ ਹੈ। ਉਸ ਤੋਂ ਬਾਅਦ ਉਹ ਸਭ ਸ਼ਿਸ਼ ਦਾਸ ਭਾਵ ਵਿੱਚ ਰਹਿ ਕੇ ਆਪਣੇ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਨ ਲੱਗੇ ਅਤੇ ਆਪਸ ਵਿੱਚ ਚੰਗਾ ਵਿਵਹਾਰ ਕਰਨ ਲੱਗੇ। ਆਪਣਾ ਜੀਵਨ

ਸਫ਼ਲ ਕੀਤਾ।

## "ਸੁਲਤਾਨੀ ਨੂੰ ਸਾਰ ਨਾਮ ਕਿਵੇਂ ਪ੍ਰਾਪਤ ਹੋਇਆ?"

ਪਰਮੇਸ਼ਵਰ ਕਬੀਰ ਜੀ ਇੱਕ ਆਸ਼ਰਮ ਬਣਾ ਕੇ ਰਹਿਣ ਲੱਗੇ। ਨਾਮ ਜ਼ਿੰਦਾ ਬਾਬਾ ਨਾ.ਲ ਪ੍ਰਸਿੱਧ ਸਨ। ਸੁਲਤਾਨੀ ਨੂੰ ਪ੍ਰਥਮ ਮੰਤਰ ਦੀਖਿਆ ਦੇ ਕੁਝ ਮਹੀਨਿਆਂ ਬਾਅਦ ਸਤਿਨਾਮ ਦੀ (ਦੋ ਅੱਖਰ ਦੇ ਮੰਤਰ ਦੀ) ਦੀਖਿਆ ਦਿੱਤੀ ਜਿਸ ਵਿੱਚ ਇੱਕ "ਓਮ" ਮੰਤਰ ਹੈ ਅਤੇ ਦੂਸਰਾ ਉਪਦੇਸ਼ ਦੇ ਸਮੇਂ ਦੱਸਿਆ ਜਾਂਦਾ ਹੈ। ਦਰਸ਼ਨ ਦੇ ਲਈ ਸੁਲਤਾਨ ਕਈ ਵਾਰ ਆਉਂਦਾ ਰਿਹਾ। ਸਤਿਨਾਮ ਦੇ ਬਾਅਦ ਯੋਗ ਹੋਣ 'ਤੇ ਸਾਰ ਸ਼ਬਦ ਸਾਧਕ ਨੂੰ ਉਪਦੇਸ਼ ਵਿੱਚ ਦਿੱਤਾ ਜਾਂਦਾ ਹੈ। ਇੱਕ ਸਾਲ ਦੇ ਬਾਅਦ ਸੁਲਤਾਨ ਅਧਮ ਨੇ ਆਪਣੇ ਗੁਰੂ ਦੀ ਕੁਟੀਆ ਵਿੱਚ ਜਾ ਕੇ ਸਾਰਨਾਮ ਦੀ ਦੀਖਿਆ ਦੇ ਲਈ ਨਿਮਰਤਾ ਸਹਿਤ ਪ੍ਰਾਰਥਨਾ ਕੀਤੀ ਤਾਂ ਪਰਮੇਸ਼ਵਰ ਜੀ ਨੇ ਕਿਹਾ ਕਿ ਇੱਕ ਸਾਲ ਬਾਅਦ ਠੀਕ ਇਸੇ ਦਿਨ ਆਉਣਾ, ਸਾਰਨਾਮ ਦੇਵਾਂਗਾ। ਦਰਸ਼ਨਾਰਥ ਕਦੇ-ਵੀ ਆ ਸਕਦੇ ਹੋ। ਸੁਲਤਾਨ ਅਬਰਾਹਿਮ ਅਧਮ ਠੀਕ ਉਸੇ ਦਿਨ ਸਾਰਨਾਮ ਲੈਣ ਲਈ ਗੁਰੂ ਜੀ ਦੀ ਕੁਟੀਆ ਵਿੱਚ ਗਿਆ ਤਾਂ ਗੁਰੂ ਜੀ ਨੇ ਕਿਹਾ ਠੀਕ ਇੱਕ ਸਾਲ ਬਾਅਦ ਇਸੇ ਦਿਨ ਆਉਣਾ, ਸਾਰਨਾਮ ਦਵਾਂਗਾ। ਇਸ ਤਰ੍ਹਾਂ ਕਰਦੇ-ਕਰਦੇ ਗਿਆਰਾਂ (11) ਸਾਲ ਕੱਢ ਦਿੱਤੇ। ਵਿੱਚ-ਵਿੱਚ ਵੀ ਸਤਿਗੁਰੂ ਦੇ ਦਰਸ਼ਨ ਕਰਨ ਆਉਂਦਾ ਸੀ, ਪਰੰਤੂ ਸਾਰਨ-ਾਮ ਲਈ ਨਿਸ਼ਚਿਤ ਦਿਨ ਹੀ ਆਉਣਾ ਹੁੰਦਾ ਸੀ। ਜਦ ਗਿਆਰਵੇਂ ਸਾਲ ਸੁਲਤਾਨੀ ਸਾਰਸ਼ਬਦ ਦੇ ਦੀਖਿਆਰਥ ਆ ਰਿਹਾ ਸੀ ਤਾਂ ਇੱਕ ਮਕਾਨ ਦੇ ਨਾ.ਲ ਦੀ ਰਸਤਾ ਸੀ। ਉਸ ਮਕਾਨ ਦੀ ਮਾਲਕਣ ਨੇ ਛੱਤ ਤੋਂ ਕੂੜਾ ਇੱਕਠਾ ਕਰਕੇ ਗ.ਲੀ ਵਿੱਚ ਸੁੱਟਿਆ ਤਾਂ ਗ.ਲਤੀ ਨਾ.ਲ ਭਗਤ ਦੇ ਉੱਪਰ ਡਿੱਗ ਗਿਆ। ਸੁਲਤਾਨ ਇਬ੍ਰਾਹਿਮ ਦੇ ਉੱਪਰ ਕੂੜਾ ਡਿੱਗਿਆ ਤਾਂ ਉਹ ਉੱਚੀ ਅਵਾਜ਼ ਵਿੱਚ ਬੋਲਿਆ, ਕੀ ਤੈਨੂੰ ਦਿਖ਼ਾਈ ਨਹੀਂ ਦਿੰਦਾ? ਗ.ਲੀ ਵਿੱਚ ਇਨਸਾਨ ਵੀ ਆਉਂਦੇ-ਜਾਂਦੇ ਹਨ? ਜੇਕਰ ਮੈਂ ਅੱਜ ਰਾਜ ਤਿਆਗ ਕੇ ਨਾ ਆਇਆ ਹੁੰਦਾ ਤਾਂ ਤੇਰੀ ਦੇਹ ਦਾ ਚੰਮ ਉਧੇੜ ਦਿੰਦਾ।

ਉਸ ਭੈਣ ਨੇ ਮਾਫ਼ੀ ਮੰਗੀ ਅਤੇ ਕਿਹਾ ਹੇ ਭਾਈ! ਮੇਰੀ ਗ.ਲਤੀ ਹੈ, ਮੈਨੂੰ ਪਹਿਲਾਂ ਗ.ਲੀ ਵਿੱਚ ਦੇਖਣਾ ਚਾਹੀਦਾ ਸੀ। ਅੱਗੇ ਤੋਂ ਧਿਆਨ ਰੱਖਾਂਗੀ। ਉਹ ਮਕਾਨ ਵਾਲੀ ਭੈਣ ਵੀ ਜ਼ਿੰਦਾ ਬਾਬਾ ਦੀ ਭਗਤਮਤੀ ਸੀ। ਉਸਨੇ ਜਦ ਇਬ੍ਰਾਹਿਮ ਨੂੰ ਆਸ਼ਰਮ ਵਿੱਚ ਦੇਖਿਆ ਤਾਂ ਗੁਰੂ ਜੀ ਤੋਂ ਪੁੱਛਿਆ, ਹੇ ਗੁਰੂਦੇਵ! ਉਹ ਜੋ ਭਗਤ ਬੈਠਾ ਹੈ ਏਕਾਂਤ ਵਿੱਚ, ਕੀ ਉਹ ਕਦੇ ਰਾਜਾ ਸੀ? ਜ਼ਿੰਦਾ ਬਾਬਾ ਨੇ ਪੁੱਛਿਆ, ਕੀ ਗੱਲ ਹੈ ਪੁੱਤਰੀ? ਇੱਥੇ ਤਾਂ ਰਾਜਾ ਅਤੇ ਰੰਕ ਵਿੱਚ ਕੋਈ ਫ਼ਰਕ ਨਹੀਂ ਹੈ। ਤੁਸੀਂ ਇਹ ਪ੍ਰਸ਼ਨ ਕਿਸ ਕਾਰਣ ਕੀਤਾ। ਇਹ ਪਹਿਲਾਂ ਬਲਖ਼ ਸ਼ਹਿਰ ਦਾ ਰਾਜਾ ਸੀ। ਇਸਨੂੰ ਮੈਂ ਗਿਆਨ ਸਮਝਾਇਆ ਤਾਂ ਇਸਨੇ ਰਾਜ ਤਿਆਗ ਦਿੱਤਾ ਅਤੇ ਮਿਹਨਤ ਕਰਕੇ ਲੱਕੜਾਂ ਵੇਚ ਕੇ ਗੁਜ਼ਾਰਾ ਕਰਦਾ ਹੈ, ਭਗਤੀ ਵੀ ਕਰਦਾ ਹੈ।

ਉਸ ਭੈਣ ਨੇ ਦੱਸਿਆ ਕਿ ਮੇਰੇ ਤੋਂ ਗ.ਲਤੀ ਨਾ.ਲ ਸੁੱਕਾ ਕੂੜਾ ਛੱਤ ਤੋਂ ਸੁੱਟਦੇ ਸਮੇਂ ਇਸਦੇ ਉੱਪਰ ਡਿੱਗ ਗਿਆ ਤਾਂ ਉਹ ਬਹੁਤ ਗੁੱਸਾ ਹੋਇਆ ਅਤੇ ਬੋਲਿਆ ਕਿ ਜੇ ਮੈਂ ਰਾਜ ਨਾ ਤਿਆਗਿਆ ਹੁੰਦਾ ਤਾਂ ਤੇਰੀ ਖੱਲ ਉਤਾਰ ਦਿੰਦਾ। ਸਤਿਸੰਗ ਤੋਂ ਬਾਅਦ ਸਾਰ ਸ਼ਬਦ ਲੈਣ ਵਾਲਿਆਂ ਨੂੰ ਬੁਲਾਇਆ ਗਿਆ। ਜਦ ਸੁਲਤਾਨ ਅਬ੍ਰਾਹਿਮ

ਦੀ ਵਾਰੀ ਆਈ ਤਾਂ ਗੁਰੂ ਜੀ ਨੇ ਕਿਹਾ ਕਿ ਹਾਲੇ ਤਾਂ ਤੁਸੀਂ ਰਾਜਾ ਹੋ, ਸਾਰ ਸ਼ਬਦ ਤਾਂ ਬੱਚਾ! ਦਾਸ ਨੂੰ ਮਿਲਦਾ ਹੈ ਜਿਸਨੇ ਸਰੀਰ ਨੂੰ ਮਿੱਟੀ ਮੰਨ ਲਿਆ ਹੋਵੇ। ਸੁਲ-ਤਾਨੀ ਨੇ ਕਿਹਾ, ਗੁਰੂਦੇਵ! ਰਾਜ ਨੂੰ ਤਿਆਗੇ ਹੋਏ ਤਾਂ ਕਈ ਸਾਲ ਹੋ ਚੁੱਕੇ ਹਨ। ਗੁਰੂ ਮਹਾਰਾਜ ਜੀ ਨੇ ਕਿਹਾ, ਮੇਰੇ ਤੋਂ ਕੁੱਝ ਨਹੀਂ ਲੁਕਿਆ ਹੈ। ਤੂੰ ਜਿਹੋ ਜਿਹਾ ਰਾਜ ਤਿਆਗਿਆ ਹੈ। ਰਾਜ ਭਾਵ ਨਹੀਂ ਤਿਆਗਿਆ ਹੈ। ਤੁਸੀਂ ਇੱਕ ਸਾਲ ਬਾਅਦ ਇਸੇ ਦਿਨ ਸਾਰਨਾਮ ਦੇ ਲਈ ਆਉਣਾ। ਇੱਕ ਸਾਲ ਬਾਅਦ ਫ਼ਿਰ ਸੁਲਤਾਨੀ ਆ ਰਿਹਾ ਸੀ। ਉਸੇ ਮਕਾਨ ਦੇ ਨਾ.ਲੋਂ ਹੀ ਆਉਣਾ ਸੀ। ਗੁਰੂ ਜੀ ਨੇ ਉਸ ਹੀ ਸ਼ਿਸ਼ਯਾ ਨੂੰ ਕਿਹਾ ਕਿ ਕੱਲ੍ਹ ਉਹ ਰਾਜਾ ਸਾਰਸ਼ਬਦ ਲੈਣ ਆਵੇਗਾ। ਤੇਰੇ ਮਕਾਨ ਦੇ ਕੋ.ਲੋ ਹੀ ਰਸਤਾ ਹੈ, ਹੋਰ ਕੋਈ ਰਸਤਾ ਕੁਟੀਆ ਵਿੱਚ ਆਉਣ ਦਾ ਨਹੀਂ ਹੈ। ਇਸ ਵਾਰ ਉਸਦੇ ਉੱਪਰ ਪਾਣੀ ਵਿੱਚ ਗੋਹਾ-ਸਵਾਹ ਘੋ.ਲ ਕੇ ਬਾਲਟੀ ਭਰ ਕੇ ਉਸਦੇ ਉੱਪਰ ਸੁੱਟ ਦੇਣਾ। ਫ਼ਿਰ ਉਸਦਾ ਜੋ ਪ੍ਰਤੀਕਿਰਿਆ ਹੋਵੇਗੀ, ਉਹ ਮੈਨੂੰ ਦੱਸਣਾ। ਉਸ ਭੈਣ ਨੇ ਇੰਝ ਹੀ ਕੀਤਾ। ਭੈਣ ਨੇ ਨਾ.ਲ-ਨਾ.ਲ ਇਹ ਵੀ ਕਿਹਾ ਕਿ ਹੇ ਭਾਈ! ਗ.ਲਤੀ ਨਾ.ਲ ਡਿੱਗ ਗਿਆ। ਮੈਂ ਧੋ ਕੇ ਸਾਫ਼ ਕਰ ਦੇਵਾਂਗੀ। ਤੁਸੀਂ ਇੱਥੇ ਤਲਾਬ ਵਿੱਚ ਇਸ਼ਨਾਨ ਕਰ ਲਵੋ। ਸੁਲਤਾਨ ਨੇ ਕਿਹਾ ਕਿ ਭੈਣ ਮਿੱਟੀ ਦੇ ਉੱਪਰ ਮਿੱਟੀ ਹੀ ਤਾਂ ਡਿੱਗੀ ਹੈ, ਕੋਈ ਗੱਲ ਨਹੀਂ, ਮੈਂ ਇਸ਼ਨਾਨ ਕਰ ਲੈਂਦਾ ਹਾਂ, ਕੱਪੜੇ ਧੋ ਲੈਂਦਾ ਹਾਂ। ਉਸ ਸ਼ਿਸ਼ਯਾ ਨੇ ਗੁਰੂਦੇਵ ਨੂੰ ਸੁਲਤਾਨੀ ਦੀ ਪ੍ਰਕਿਰਿਆ ਦੱਸੀ, ਤਦ ਉਸਨੂੰ ਸਾਰਸ਼ਬਦ ਦਿੱਤਾ ਅਤੇ ਕਿਹਾ, ਬੇਟਾ! ਅੱਜ ਤੂੰ ਦਾਸ ਬਣ ਗਿਆ ਹੈ। ਹੁਣ ਤੇਰਾ ਮੋਕਸ਼ ਨਿਸ਼ਚਿਤ ਹੈ।

ਇਸ ਲਈ ਭਗਤਜਨਾਂ ਨੂੰ ਇਸ ਕਥਾ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਾਰਸ਼ਬਦ ਪ੍ਰਾਪਤੀ ਲਈ ਜ਼ਲਦੀ ਨਾ ਕਰੋ। ਆਪਣੇ ਅੰਦਰ ਸਭ ਵਿਕਾਰਾਂ ਨੂੰ ਖ਼ਤਮ ਕਰੋ। ਵਿਵੇਕ ਨਾ.ਲ ਕੰਮ ਕਰੋ, ਮੋਕਸ਼ ਨਿਸ਼ਚਿਤ ਹੈ।

## ''ਰਾਜਾ ਵੱਡਾ ਹੈ ਜਾਂ ਭਗਤ ਰਾਜ''

ਇੱਕ ਵਾਰ ਸੁਲਤਾਨ ਅਧਮ ਆਪਣੇ ਬਲਖ਼ ਸ਼ਹਿਰ ਦੇ ਬਾਹਰ ਇੱਕ ਤਲਾਬ 'ਤੇ ਜਾ ਕੇ ਬੈਠ ਗਿਆ। ਉਸਦਾ ਪੁੱਤਰ ਰਾਜਾ ਸੀ। ਪਤਾ ਚੱਲਿਆ ਤਾਂ ਹਾਥੀ 'ਤੇ ਚੜ੍ਹ ਕੇ ਬੈਂਡ-ਬਾਜੇ ਦੇ ਨਾ.ਲ ਤਲਾਬ 'ਤੇ ਪਹੁੰਚਿਆ। ਪਿਤਾ ਜੀ ਨੂੰ ਘਰ ਚੱਲਣ ਲਈ ਕਿਹਾ। ਸੁਲਤਾਨ ਨੇ ਸਾਫ਼ ਸ਼ਬਦਾਂ ਵਿੱਚ ਮਨ੍ਹਾ ਕਰ ਦਿੱਤਾ। ਲੜਕੇ ਨੇ ਕਿਹਾ ਕਿ ਤੁਸੀਂ ਇਹ ਕੀ ਹੁਲੀਆ ਬਣਾਇਆ ਹੋਇਆ ਹੈ? ਤੁਸੀਂ ਇੱਥੇ ਠਾਠ ਨਾ.ਲ ਰਹੋ। ਆਪ ਭਿਖਾਰੀ ਬਣ ਕੇ ਦੁੱਖ ਭੋਗ ਰਹੇ ਹੋ। ਮੇਰੀ ਆਗਿਆ ਨਾ.ਲ ਅੱਜ ਸਭ ਕੁੱਝ ਹੋ ਜਾਂਦਾ ਹੈ। ਸੁਲਤਾਨ ਨੇ ਕਿਹਾ ਕਿ ਜੋ ਪਰਮਾਤਮਾ ਕਰ ਸਕਦਾ ਹੈ, ਉਹ ਰਾਜਾ ਨਹੀਂ ਕਰ ਸਕਦਾ। ਲੜਕੇ ਨੇ ਕਿਹਾ ਕਿ ਤੁਸੀਂ ਆਗਿਆ ਦਵੋ, ਉਹੀ ਕਰ ਦੇਵਾਂਗਾ। ਤੁਹਾਨੂੰ ਸਾਡੇ ਕੋ.ਲ ਰਹਿਣਾ ਪਵੇਗਾ। ਸੁਲਤਾਨੀ ਨੇ ਕਿਹਾ ਕਿ ਠੀਕ ਹੈ, ਸਵੀਕਾਰ ਹੈ। ਮੈਂ ਹੱਥ ਨਾ.ਲ ਕੱਪੜੇ ਸਿਉਣ ਵਾ.ਲੀ ਇੱਕ ਸੂਈ ਇਸ ਤਲਾਬ ਵਿੱਚ ਸੁੱਟਦਾ ਹਾਂ। ਇਹ ਸੂਈ ਪਾਣੀ ਵਿੱਚੋਂ ਕੱਢ ਕੇ ਮੈਨੂੰ ਵਾਪਿਸ ਦੇ ਦਵੋ। ਰਾਜੇ ਨੇ ਸਿਪਾਹੀਆਂ, ਗੋਤਾਖੋਰਾਂ ਅਤੇ ਜਾ.ਲ ਪਾਉਣ ਵਾਲਿਆਂ ਨੂੰ ਬੁਲਾਇਆ। ਸਭ ਯਤਨ ਕੀਤੇ, ਪ੍ਰੰਤੂ ਵਿਅਰਥ। ਲੜਕੇ ਨੇ ਕਿਹਾ, ਪਿਤਾ ਜੀ! ਇੱਕ ਸੂਈ ਦੇ ਬਦਲੇ ਹਜ਼ਾਰ ਸੂਈਆਂ ਲਿਆ ਦਿੰਦਾ ਹਾਂ। ਕੀ ਤੁਹਾਡਾ ਅੱਲਾਹ ਇਹ ਸੂਈ ਕੱਢ ਦੇਵੇਗਾ? ਤਾਂ ਸੁਲਤਾਨ ਨੇ ਕਿਹਾ ਕਿ ਹੇ ਪੁੱਤਰ! ਜੇਕਰ ਮੇਰਾ ਅੱਲਾਹ ਇਹੀ ਸੂਈ

ਕੱਢ ਦੇਵੇ ਤਾਂ ਕੀ ਤੁਸੀਂ ਭਗਤੀ ਕਰੋਂਗੇ? ਕੀ ਸੰਨਿਆਸ ਲੈ ਲਵੋਂਗੇ? ਲੜਕੇ ਨੇ ਕਿਹਾ ਕਿ ਤੁਸੀਂ ਪਹਿਲਾਂ ਇਹ ਸੂਈ ਆਪਣੇ ਪ੍ਰਭੂ ਤੋਂ ਕੱਢਵਾਓ, ਫ਼ਿਰ ਸੋਚਾਂਗਾ। ਇਬ੍ਰਾਹਿਮ ਨੇ ਕਿਹਾ ਕਿ ਪਰਮਾਤਮਾ ਦੀ ਬੇਟੀ ਮੱਛੀਓ! ਮੇਰੀ ਦਾਸ ਦੀ ਇੱਕ ਸੂਈ ਤੁਹਾਡੇ ਤਲਾਬ ਵਿੱਚ ਡਿੱਗ ਗਈ ਹੈ। ਮੇਰੀ ਸੂਈ ਕੱਢ ਕੇ ਮੈਨੂੰ ਦੇਣ ਦੀ ਕਿਰਪਾ ਕਰੋ। ਕੁੱਝ ਹੀ ਪਲਾਂ ਦੇ ਬਾਅਦ ਇੱਕ ਮੱਛੀ ਮੂੰਹ ਵਿੱਚ ਸੂਈ ਲੈ ਕੇ ਇਬ੍ਰਾਹਿਮ ਦੇ ਕੋਲ਼ ਕਿਨਾਰੇ 'ਤੇ ਆਈ। ਇਬ੍ਰਾਹਿਮ ਨੇ ਸੂਈ ਫੜ੍ਹ ਲਈ ਅਤੇ ਮੱਛੀਆਂ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਤਦ ਸੁਲਤਾਨੀ ਨੇ ਕਿਹਾ, ਬੇਟਾ! ਦੇਖ ਪਰਮਾਤਮਾ ਜੋ ਕਰ ਸਕਦਾ ਹੈ, ਉਹ ਮਨੁੱਖ ਚਾਹੇ ਰਾਜਾ ਵੀ ਕਿਉਂ ਨਾ ਹੋਵੇ, ਨਹੀਂ ਕਰ ਸਕਦਾ। ਹੁਣ ਕੀ ਭਗਤੀ ਕਰੇਂਗਾ? ਪੁੱਤਰ ਨੇ ਕਿਹਾ ਕਿ ਭਗਵਾਨ ਨੇ ਤੁਹਾਨੂੰ ਸੂਈ ਹੀ ਤਾਂ ਦਿੱਤੀ ਹੈ, ਮੈਂ ਤਾਂ ਤੁਹਾਨੂੰ ਹੀਰੇ-ਮੋਤੀ ਦੇ ਸਕਦਾ ਹਾਂ। ਭਗਤੀ ਤਾਂ ਬੁਢਾਪੇ ਵਿੱਚ ਕਰਾਂਗਾ। ਭਗਤ ਇਬ੍ਰਾਹਿਮ ਉੱਠ ਕੇ ਚੱਲ ਪਿਆ। ਆਪਣੀ ਗੁਫ਼ਾ ਵਿੱਚ ਚਲਾ ਗਿਆ।

## ''ਵਿਕਾਰ ਜਿਵੇਂ ਕਾਮ, ਮੋਹ, ਕ੍ਰੋਧ ,ਵਾਸਨਾ ਨਸ਼ਟ ਨਹੀਂ ਹੁੰਦੇ, ਸ਼ਾਂਤ ਹੋ ਜਾਂਦੇ ਹਨ''

ਵਿਕਾਰ ਮਰੇ ਨਾ ਜਾਨਿਯੋ,ਜਯੋਂ ਭੁਭਲ ਮੇਂ ਆਗ।
ਜਬ ਕਰੋਂਲੈ ਧਧਕਹੀ, ਸਤਿਗੁਰੂ ਸ਼ਰਣਾ ਲਾਗ॥

ਇੱਕ ਸਮੇਂ ਇਬ੍ਰਾਹਿਮ ਸੁਲਤਾਨ ਮੱਕਾ ਸ਼ਹਿਰ ਵਿੱਚ ਗਿਆ ਹੋਇਆ ਸੀ। ਉਸਦਾ ਉਦੇਸ਼ ਸੀ ਕਿ ਭਰਮਿਤ ਮੁਸਲਮਾਨ ਸ਼ਰਧਾਲੂ ਮੱਕਾ ਵਿੱਚ ਹੱਜ ਦੇ ਲਈ ਜਾਂ ਵੈਸੇ ਵੀ ਆਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਸਮਝਾਉਣਾ ਸੀ। ਉਨ੍ਹਾਂ ਨੂੰ ਸੁਮਝਾਉਣ ਦੇ ਲਈ ਉੱਥੇ ਕੁਝ ਦਿਨ ਰਹੇ। ਕੁਝ ਸ਼ਿਸ਼ ਵੀ ਬਣੇ। ਕਿਸੇ ਹੱਜ ਯਾਤਰੀ ਨੇ ਬਲਖ਼ ਸ਼ਹਿਰ ਵਿੱਚ ਜਾ ਕੇ ਦੱਸਿਆ ਕਿ ਸੁਲਤਾਨ ਇਬ੍ਰਾਹਿਮ ਮੱਕਾ ਵਿੱਚ ਰਹਿੰਦਾ ਹੈ। ਛੋਟੇ ਲੜਕੇ ਨੇ ਪਿਤਾ ਜੀ ਦੇ ਦਰਸ਼ਨ ਦੀ ਜ਼ਿੱਦ ਕੀਤੀ ਤਾਂ ਉਸਦੀ ਮਾਤਾ-ਲੜਕਾ ਅਤੇ ਨਗਰ ਦੇ ਕੁੱਝ ਇਸਤਰੀ-ਪੁਰਸ਼ ਵੀ ਨਾ਼ਲ ਚੱਲੇ ਅਤੇ ਮੱਕਾ ਵਿੱਚ ਜਾ ਕੇ ਇਬ੍ਰਾਹਿਮ ਨੂੰ ਮਿਲੇ। ਇਬ੍ਰਾਹਿਮ ਆਪਣੇ ਸ਼ਿਸ਼ਾਂ ਨੂੰ ਸਿੱਖਿਆ ਦਿੰਦਾ ਸੀ ਕਿ ਬਿਨ੍ਹਾਂ ਦਾੜ੍ਹੀ-ਮੁੱਛ ਵਾ਼ਲੇ ਲੜਕੇ ਅਤੇ ਗੈਰ ਔਰਤ ਵੱਲ ਜ਼ਿਆਦਾ ਦੇਰ ਤੱਕ ਨਹੀਂ ਦੇਖਣਾ ਚਾਹੀਦਾ। ਅਜਿਹਾ ਕਰਨ ਨਾ਼ਲ ਉਨ੍ਹਾਂ ਦੇ ਪ੍ਰਤੀ ਮੋਹ ਬਣ ਜਾਂਦਾ ਹੈ। ਆਪਣੇ ਪੁੱਤਰ ਨੂੰ ਦੇਖ਼ ਕੇ ਇਬ੍ਰਾਹਿਮ ਤੋਂ ਰਿਹਾ ਨਹੀਂ ਗਿਆ, ਇੱਕ ਟੱਕ ਬੱਚੇ ਨੂੰ ਦੇਖ਼ਦਾ ਰਿਹਾ। ਲੜਕੇ ਦੀ ਉਮਰ ਲਗਭਗ 13 ਸਾਲ ਦੀ ਸੀ। ਚੇਲਿਆਂ ਨੇ ਕਿਹਾ ਕਿ ਗੁਰੂਦੇਵ ਤੁਸੀਂ ਸਾਨੂੰ ਤਾਂ ਸਿੱਖਿਆ ਦਿੰਦੇ ਹੋ ਕਿ ਬਿਨ੍ਹਾਂ ਦਾੜ੍ਹੀ ਮੁੱਛ ਵਾਲੇ ਬੱਚੇ ਵੱਲ ਜ਼ਿਆਦਾ ਦੇਰ ਨਹੀਂ ਦੇਖਣਾ ਚਾਹੀਦਾ, ਖ਼ੁਦ ਦੇਖ਼ ਰਹੇ ਹੋ। ਇਬ੍ਰਾਹਿਮ ਨੇ ਕਿਹਾ, ਪਤਾ ਨਹੀਂ ਮੇਰਾ ਆਕਰਸ਼ਣ ਇਸ ਵੱਲ ਕਿਉਂ ਹੋ ਰਿਹਾ ਹੈ? ਉਸੀ ਸਮੇਂ ਇੱਕ ਬਜ਼ੁਰਗ ਨੇ ਕਿਹਾ, ਰਾਜਾ ਜੀ! ਇਹ ਤੁਹਾਡੀ (ਬੇਗਮ) ਪਤਨੀ ਹੈ ਤੇ ਇਹ ਤੁਹਾਡਾ ਪੁੱਤਰ ਹੈ । ਤੁਸੀਂ ਰਾਜ-ਤਿਆਗ ਕੇ ਆਏ, ਉਸ ਸਮੇਂ ਇਹ ਗਰਭ ਵਿੱਚ ਸੀ । ਤੁਹਾਨੂੰ ਮਿਲਣ ਆਏ ਹਨ। ਉਸੇ ਸਮੇਂ ਲੜਕਾ ਪਿਤਾ ਦੇ ਚਰਣਾਂ ਨੂੰ ਛੂਹ ਕੇ ਗੋਦੀ ਵਿੱਚ ਬੈਠ ਗਿਆ। ਇਬ੍ਰਾਹਿਮ ਦੀਆਂ ਅੱਖਾਂ ਵਿੱਚ ਮਮਤਾ ਦੇ ਹੰਝੂ ਛਲਕ ਆਏ।

ਪਰਮੇਸ਼ਵਰ ਵੱਲੋਂ ਅਕਾਸ਼ਬਾਣੀ ਹੋਈ ਕਿ ਹੇ ਸੁਲਤਾਨੀ! ਤੈਨੂੰ ਮੇਰੇ ਨਾਲ਼ ਪ੍ਰੇਮ ਨਹੀਂ ਰਿਹਾ। ਆਪਣੇ ਪਰਿਵਾਰ ਨਾਲ਼ ਪ੍ਰੇਮ ਹੈ। ਆਪਣੇ ਘਰ ਚਲਾ ਜਾ। ਉਸੇ ਸਮੇਂ ਇਬ੍ਰਾਹਿਮ ਨੂੰ ਝਟਕਾ ਲੱਗਿਆ ਅਤੇ ਅੱਖਾਂ ਬੰਦ ਕਰ ਕੇ ਪ੍ਰਾਰਥਨਾ ਕੀਤੀ ਕਿ ਹੇ ਪਰਮਾਤਮਾ! ਮੇਰੇ ਵੱਸ ਤੋਂ ਬਾਹਰ ਦੀ ਗੱਲ ਹੈ, ਜਾ ਤਾਂ ਮੇਰੀ ਮੌਤ ਕਰ ਦਿਓ ਜਾਂ ਇਸ ਲੜਕੇ ਦੀ। ਉਸੇ ਸਮੇਂ ਲੜਕੇ ਦੀ ਮੌਤ ਹੋ ਗਈ। ਇਬ੍ਰਾਹਿਮ ਉੱਠ ਕੇ ਚੱਲ ਪਿਆ। ਬਲਖ਼ ਤੋਂ ਆਏ ਵਿਅਕਤੀ ਲੜਕੇ ਦੇ ਅੰਤਿਮ ਸਸਕਾਰ ਕਰਨ ਦੀ ਤਿਆਰੀ ਕਰਨ ਲੱਗੇ। ਪਰਮਾਤਮਾ ਪਾਉਣ ਲਈ ਭਗਤ ਨੂੰ ਹਰੇਕ ਕਸੌਟੀ 'ਤੇ ਖ਼ਰਾ ਉਤਰਨਾ ਪੈਂਦਾ ਹੈ। ਤਾਂ ਸਫ਼ਲਤਾ ਮਿਲਦੀ ਹੈ। ਉਸ ਲੜਕੇ ਦੇ ਜੀਵ ਨੂੰ ਪਰਮਾਤਮਾ ਨੇ ਤੁਰੰਤ ਮਨੁੱਖ ਜੀਵਨ ਦਿੱਤਾ ਅਤੇ ਆਪਣੇ ਭਗਤ ਦੇ ਘਰ ਵਿੱਚ ਲੜਕੇ ਨੂੰ ਪੈਦਾ ਕੀਤਾ। ਬਚਪਨ ਤੋਂ ਹੀ ਉਸ ਆਤਮਾ ਨੂੰ ਪਰਮਾਤਮਾ ਦਾ ਮਾਰਗ ਮਿਲਿਆ। ਇੱਕ ਵਾਰ ਸਾਰੇ ਭਗਤ ਬਾਬਾ ਜ਼ਿੰਦਾ ਦੇ ਆਸ਼ਰਮ ਵਿੱਚ ਸਤਸੰਗ ਵਿੱਚ ਇਕੱਠੇ ਹੋਏ। ਉਹ ਲੜਕਾ ਉਸ ਸਮੇਂ ਚਾਰ ਸਾਲ ਦੀ ਉਮਰ ਦਾ ਸੀ। ਪਰਮਾਤਮਾ ਦੀ ਕਿਰਪਾ ਨਾਲ਼ ਉਸ ਦਾ ਬਿਸਤਰ ਅਤੇ ਇਬ੍ਰਾਹਿਮ ਦਾ ਬਿਸਤਰ ਨਾਲ਼-ਨਾਲ਼ ਲੱਗਿਆ ਹੋਇਆ ਸੀ। ਇਬ੍ਰਾਹਿਮ ਨੂੰ ਦੇਖ਼ ਕੇ ਲੜਕਾ ਬੋਲਿਆ, ਪਿਤਾ ਜੀ ! ਤੁਸੀਂ ਮੈਨੂੰ ਮੱਕਾ ਵਿੱਚ ਕਿਉਂ ਛੱਡ ਆਏ ਸੀ? ਮੈਂ ਹੁਣ ਭਗਤ ਦੇ ਘਰ ਜੰਮਿਆ ਹਾਂ।ਦੇਖੋ ਨਾ ਅੱਲਾਹ ਨੇ ਮੈਨੂੰ ਆਪ ਨਾਲ਼ ਫੇਰ ਮਿਲਾ ਦਿੱਤਾ। ਇਹ ਗੱਲ ਗੁਰੂ ਜੀ ਜ਼ਿੰਦਾ ਬਾਬਾ (ਪਰਮੇਸ਼ਵਰ ਕਬੀਰ ਜੀ) ਦੇ ਕੋਲ਼ ਗਈ ਤਾਂ ਜ਼ਿੰਦਾ ਬਾਬਾ ਨੇ ਦੱਸਿਆ ਕਿ ਇਹ ਇਬ੍ਰਾਹਿਮ ਦਾ ਲੜਕਾ ਹੈ ਜੋ ਮੱਕਾ ਵਿੱਚ ਮਰ ਗਿਆ ਸੀ। ਹੁਣ ਪਰਮਾਤਮਾ ਨੇ ਇਸ ਜੀਵ ਨੂੰ ਭਗਤ ਦੇ ਘਰ ਜਨਮ ਦਿੱਤਾ ਹੈ। ਇਬ੍ਰਾਹਿਮ ਨੂੰ ਲੜਕੇ ਦੇ ਮਰਨ ਦਾ ਦੁੱਖ ਬਹੁਤ ਸੀ, ਪ੍ਰੰਤੂ ਕਿਸੇ ਨਾਲ਼ ਸਾਂਝਾ ਨਹੀਂ ਕਰਦਾ ਸੀ। ਉਸ ਦਿਨ ਉਸਨੇ ਕਿਹਾ, ਕਿਰਪਾਸਾਗਰ! ਤੂੰ ਅੰਤਰਯਾਮੀ ਹੈ। ਅੱਜ ਮੇਰਾ ਕਲੇਜਾ (ਦਿਲ) ਹਲਕਾ ਹੋ ਗਿਆ। ਮੇਰੇ ਮਨ ਵਿੱਚ ਰਹਿ-ਰਹਿ ਕੇ ਆ ਰਿਹਾ ਸੀ ਕਿ ਪਰਮਾਤਮਾ ਨੇ ਇਹ ਕੀ ਕੀਤਾ ? ਇਸਦੀ ਮਾਂ ਘਰੇ ਕਿਸ ਮੂੰਹ ਨਾਲ਼ ਜਾਵੇਗੀ? ਅੱਜ ਮੇਰੀ ਆਤਮਾ ਪੂਰਣ ਰੂਪ ਨਾਲ਼ ਸ਼ਾਂਤ ਹੈ। ਜ਼ਿੰਦਾ ਬਾਬਾ ਨੇ ਉਸ ਲੜਕੀ ਪਹਿਲਾਂ ਵਾਲ਼ੀ ਮਾਤਾ ਮਤਲਬ ਇਬ੍ਰਾਹਿਮ ਦੀ ਪਤਨੀ ਨੂੰ ਸੰਦੇਸ਼ ਭਿਜਵਾਇਆ ਕਿ ਉਹ ਆਸ਼ਰਮ ਆਏ। ਲੜਕੇ ਅਤੇ ਉਸਦੇ ਨਵੇਂ ਮਾਤਾ - ਪਿਤਾ ਅਤੇ ਇਬ੍ਰਾਹਿਮ ਨੂੰ ਵੀ ਬੁਲਾਇਆ। ਉਸ ਲੜਕੇ ਨੂੰ ਪਹਿਲੇ ਵਾਲ਼ੀ ਮਾਤਾ ਨਾਲ਼ ਮਿਲਾਇਆ। ਲੜਕਾ ਦੇਖ਼ਦੇ ਹੀ ਬੋਲਿਆ, ਅੰਮਾ ਜਾਨ! ਤੁਸੀਂ ਮੈਨੂੰ ਮੱਕਾ ਛੱਡ ਕੇ ਚਲੇ ਗਏ। ਉੱਥੇ ਅੱਲਾਹ ਆਏ, ਦੇਖੋ ਇਹ ਬੈਠੇ (ਜ਼ਿੰਦਾ ਬਾਬਾ ਵੱਲ ਹੱਥ ਕਰਕੇ ਬੋਲਿਆ) ਅਤੇ ਮੈਨੂੰ ਨਾਲ਼ ਲੈ ਕੇ ਇਹਨਾਂ ਦੇ ਘਰ ਛੱਡ ਗਏ। ਮੈਂ ਇਸ ਮਾਈ ਦੇ ਪੇਟ ਵਿੱਚ ਚਲਾ ਗਿਆ। ਫ਼ਿਰ ਮੇਰਾ ਜਨਮ ਹੋਇਆ। ਹੁਣ ਮੈਂ ਨਾਮ ਉਪਦੇਸ਼ ਲੈ ਚੁੱਕਿਆ ਹਾਂ। ਪ੍ਰਥਮ ਮੰਤਰ ਦਾ ਜਾਪ ਕਰਦਾ ਹਾਂ। ਹੇ ਮਾਤਾ ਜੀ! ਆਪ ਵੀ ਗੁਰੂ ਜੀ ਤੋਂ ਨਾਮ ਉਪਦੇਸ਼ ਲੈ ਲਵੋ, ਕਲਿਆਣ ਹੋ ਜਾਵੇਗਾ।ਇਬ੍ਰਾਹਿਮ ਦੀ ਪਤਨੀ ਨੇ ਨਾਮ ਉਪਦੇਸ਼ ਲਿਆ ਅਤੇ ਕਿਹਾ ਕਿ ਇਸ ਲੜਕੇ ਨੂੰ ਮੇਰੇ ਨਾਲ਼ ਭੇਜ ਦੋ।

ਪਰਮੇਸ਼ਵਰ ਕਬੀਰ ਜੀ (ਜ਼ਿੰਦਾ ਬਾਬਾ) ਨੇ ਕਿਹਾ ਕਿ ਜੇਕਰ ਉਸ ਨਰਕ ਵਿੱਚ (ਰਾਜ ਦੀ ਚਕਾਚੌਂਧ ਵਿੱਚ) ਰੱਖਣਾ ਹੁੰਦਾ ਤਾਂ ਇਸਦੀ ਮੌਤ ਕਿਉਂ ਹੁੰਦੀ? ਹੁਣ ਤਾਂ ਤੁਸੀਂ ਆਸ਼ਰਮ ਆਇਆ ਕਰੋ ਅਤੇ ਮਹੀਨੇ ਵਿੱਚ ਸਤਿਸੰਗ ਵਿੱਚ ਬੱਚੇ ਦੇ ਦਰਸ਼ਨ ਕਰ ਜਾਇਆ ਕਰੋ। ਇਬ੍ਰਾਹਿਮ ਨੂੰ ਉਸ ਲੜਕੇ ਵਿੱਚ ਆਪਣਾਪਨ ਨਹੀਂ ਲੱਗਿਆ ਕਿਉਂਕਿ ਉਹ ਕਿਸੇ ਹੋਰ ਦੇ ਸਰੀਰ ਤੋਂ ਜੰਮਿਆ ਸੀ। ਪ੍ਰੰਤੂ ਉਸਦੇ ਭਰਮ, ਮਨ ਦੀ

ਮੂਰਖ਼ਤਾ ਦਾ ਨਾਸ਼ ਹੋ ਗਿਆ। ਜੋ ਉਹ ਮਨ-ਮਨ ਵਿਚ ਕਿਹਾ ਕਰਦਾ ਕਿ ਅੱਲਾਹ ਨੂੰ ਇਹ ਨਹੀਂ ਕਰਨਾ ਚਾਹੀਦਾ ਸੀ। ਹੁਣ ਉਸਨੂੰ ਪਤਾ ਚੱਲਿਆ ਕਿ ਪਰਮਾਤਮਾ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ। ਭਾਵੇਂ ਉਸ ਸਮੇਂ ਸਾਨੂੰ ਚੰਗਾ ਨਾ ਲੱਗੇ। ਅੱਲਾਹ ਦੇ ਸਭ ਜੀਵ ਹਨ, ਉਹ ਸਭ ਦੇ ਹਿੱਤ ਦੀ ਸੋਚਦਾ ਹੈ। ਅਸੀਂ ਆਪਣੇ-ਆਪਣੇ ਹਿੱਤ ਦੀ ਸੋਚਦੇ ਹਾਂ। ਰਾਣੀ ਨੂੰ ਵੀ ਉਸ ਲੜਕੇ ਵਿੱਚ ਉਹ ਭਾਵ ਨਹੀਂ ਸੀ, ਪ੍ਰੰਤੂ ਆਤਮਾ ਉਹੀ ਸੀ।ਇਸ ਲਈ ਮਾਤਾ ਵਾ਼ਲੀ ਮਮਤਾ ਦਿਲ ਵਿੱਚ ਜਾਗ੍ਰਿਤ ਸੀ।ਇਸ ਲਈ ਉਸ ਨੂੰ ਦੇਖ ਕੇ ਸ਼ਾਂਤੀ ਮਿਲਦੀ ਸੀ। ਇਹ ਕਾਰਨ ਬਣਾ ਕੇ ਪਰਮੇਸ਼ਵਰ ਜੀ ਨੇ ਉਸ ਰਾਣੀ ਦਾ ਵੀ ਕਲਿਆਣ ਕੀਤਾ ਅਤੇ ਬਾਲਕ ਦਾ ਵੀ।

## ''ਭਗਤ ਤਰਵਰ (ਰੁੱਖ) ਜਿਹੇ ਸੁਭਾਅ ਦਾ ਹੁੰਦਾ ਹੈ''

ਇੱਕ ਵਾਰ ਇੱਕ ਸਮੁੰਦਰੀ ਜਹਾਜ਼ ਵਿੱਚ ਇੱਕ ਸੇਠ ਵਪਾਰ ਦੇ ਲਈ ਜਾ ਰਿਹਾ ਸੀ। ਉਸਦੇ ਨਾ਼ਲ ਰਸਤੇ ਦਾ ਖਾਣਾ ਬਣਾਉਣ ਵਾ਼ਲੇ ਅਤੇ ਮਜ਼ਾਕ-ਮਸਕਰਾ ਕਰਕੇ ਦਿਲ ਬਹਿਲਾਉਣ ਵਾ਼ਲਿਆਂ ਦੀ ਪਾਰਟੀ ਵੀ ਸੀ। ਲੰਬਾ ਸਫ਼ਰ ਸੀ। ਮਹੀਨਾ ਭਰ ਲੱਗਣਾ ਸੀ। ਮਜ਼ਾਕੀਆ ਵਿਅਕਤੀਆਂ ਨੂੰ ਇੱਕ ਅਜਿਹੇ ਵਿਅਕਤੀ ਦੀ ਜ਼ਰੂ-ਰਤ ਸੀ ਜਿਸਦੇ ਉੱਪਰ ਸਾਰੇ ਮਜ਼ਾਕ ਦੀ ਨਕ਼ਲ ਝਾੜ ਸਕਣ। ਖੋਜ਼ ਕਰਨ 'ਤੇ ਇਬ੍ਰਾਹਿਮ ਮਿਲਿਆ ਅਤੇ ਪਕੜ ਕੇ ਲੈ ਗਏ। ਸੋਚਿਆ ਕਿ ਇਸ ਭਿਖ਼ਾਰੀ ਨੂੰ ਰੋਟੀਆਂ ਚਾਹੀਦੀਆਂ, ਮਿਲ ਜਾਣਗੀਆਂ। ਸਮੁੰਦਰ ਵਿੱਚ ਦੂਰ ਜਾਣ ਦੇ ਬਾਅਦ ਸੇਠ ਦੇ ਲਈ ਮਨੋਰੰਜਨ ਦਾ ਪ੍ਰੋਗਰਾਮ ਸ਼ੁਰੂ ਹੋਇਆ। ਇਬ੍ਰਾਹਿਮ ਦੇ ਉੱਪਰ ਮਜ਼ਾਕ ਝਾੜ ਰਹੇ ਸੀ। ਕਹਿ ਰਹੇ ਸੀ ਕਿ ਇੱਕ ਇਸ (ਇਬ੍ਰਾਹਿਮ) ਵਰਗਾ ਮੂਰਖ਼ ਸੀ। ਉਹ ਦਰੱਖ਼ਤ ਦੀ ਉਸੇ ਟਾਹਣੀ 'ਤੇ ਬੈਠਾ ਸੀ ਜਿਸਨੂੰ ਕੱਟ ਰਿਹਾ ਸੀ। ਡਿੱਗ ਕੇ ਮਰ ਗਿਆ। ਹਾ-ਹਾ ਕਰਕੇ ਹੱਸਦੇ ਸਨ। ਇਸ ਤਰ੍ਹਾਂ ਬਹੁਤ ਦੇਰ ਤੱਕ ਅਜਿਹੀਆਂ ਅਭੱਦਰ ਟਿੱਪਣੀਆਂ ਕਰਦੇ ਰਹੇ।

ਇਬ੍ਰਾਹਿਮ ਬਹੁਤ ਦੁਖ਼ੀ ਹੋਇਆ। ਸੋਚਿਆ ਕਿ ਮਹੀਨਿਆਂ ਦਾ ਦੁੱਖ਼ ਹੋ ਗਿਆ। ਨਾ ਭਗਤੀ ਕਰ ਸਕਾਂਗਾ, ਨਾ ਚੈਨ ਨਾਲ ਰਹਿ ਸਕਾਂਗਾ। ਉਸੇ ਸਮੇਂ ਆਕਾਸ਼ਬਾਣੀ ਹੋਈ ਕਿ ਹੇ ਭਗਤ ਇਬ੍ਰਾਹਿਮ! ਜੇਕਰ ਤੂੰ ਕਹੇਂ ਤਾਂ ਇਹਨਾਂ ਮੂਰਖਾਂ ਨੂੰ ਮਾਰ ਦੇਵਾਂ। ਜਹਾਜ਼ ਨੂੰ ਡੁਬੋ ਦੇਵਾਂ, ਤੈਨੂੰ ਬਚਾ ਲਵਾਂ। ਇਹ ਤੈਨੂੰ ਤੰਗ ਕਰਦੇ ਹਨ। ਇਹ ਆਕਾਸ਼ਬਾਣੀ ਸੁਣ ਕੇ ਜ਼ਹਾਜ ਦੇ ਸਾਰੇ ਵਿਅਕਤੀ ਭੈਅਭੀਤ ਗਏ। ਇਬ੍ਰਾਹਿਮ ਨੇ ਕਿਹਾ, ਹੇ ਅੱਲਾਹ! ਇਹ ਕਲੰਕ ਮੇਰੇ ਮੱਥੇ 'ਤੇ ਨਾ ਲਗਾਓ। ਇਹ ਬੇਖ਼ਬਰ ਹਨ। ਇੰਨੇ ਵਿਅਕਤੀਆਂ ਨੂੰ ਮਾਰਨ ਦੀ ਥਾਂ 'ਤੇ ਮੈਨੂੰ ਹੀ ਮਾਰ ਦੇ ਜਾਂ ਇਹਨਾਂ ਨੂੰ ਸਦਬੁੱਧੀ ਦੇ ਦੋ, ਇਹ ਤੁਹਾਡੀ ਭਗਤੀ ਕਰਕੇ ਆਪਣੇ ਜੀਵਨ ਦਾ ਕਲਿਆਣ ਕਰਵਾਉਣ। ਜਹਾਜ਼ ਮਾਲਿਕ ਸਮੇਤ ਸਭ ਯਾਤਰੀਆਂ ਨੇ ਇਬ੍ਰਾਹਿਮ ਤੋਂ ਮਾਫ਼ੀ ਮੰਗੀ ਅਤੇ ਪਰਮਾਤਮਾ ਦਾ ਗਿਆਨ ਸੁਣਿਆ। ਸਤਿਕਾਰ ਨਾ਼ਲ ਆਪਣੇ ਨਾ਼ਲ ਰੱਖਿਆ। ਭਗਤੀ ਕਰਨ ਦੇ ਲਈ ਜਹਾਜ਼ ਵਿੱਚ ਅਲੱਗ ਥਾਂ ਦੇ ਦਿੱਤੀ। ਇਬ੍ਰਾਹਿਮ ਨੇ ਉਹਨਾਂ ਸਭ ਨੂੰ ਸੱਚਾ ਗਿਆਨ ਸਮਝਾ ਕੇ ਆਸ਼ਰਮ ਵਿੱਚ ਲਿਆ ਕੇ ਗੁਰੂ ਜੀ ਤੋਂ ਨਾਮ ਉਪਦੇਸ਼ ਦਵਾਇਆ।

ਇਬ੍ਰਾਹਿਮ ਖ਼ੁਦ ਨਾਮ ਉਪਦੇਸ਼ ਦਿਆ ਕਰਦਾ ਸੀ। ਜਦ ਜ਼ਿੰਦਾ ਬਾਬਾ ਯਾਣੀ ਪਰਮੇਸ਼ਵਰ ਕਬੀਰ ਜੀ ਨੂੰ ਕਿਸੇ ਨੇ ਇਬ੍ਰਾਹਿਮ ਦੀ ਮੌਜੂਦਗੀ ਵਿੱਚ ਦੱਸਿਆ ਕਿ ਹੇ

ਗੁਰੂਦੇਵ! ਇਬ੍ਰਾਹਿਮ ਨਾਮ ਉਪਦੇਸ਼ ਦਿੰਦਾ ਹੈ। ਉਦੋਂ ਪਰਮੇਸ਼ਵਰ ਜੀ ਨੇ ਦੱਸਿਆ ਹੇ ਭਗਤ! ਤੁਸੀਂ ਗ਼ਲਤੀ ਕਰ ਰਹੇ ਹੋ। ਤੁਸੀਂ ਅਧਿਕਾਰੀ ਨਹੀਂ ਹੋ। ਉਸ ਦਿਨ ਤੋਂ ਬਾਅਦ ਇਬ੍ਰਾਹਿਮ ਨੇ ਨਾਮ ਉਪਦੇਸ਼ ਦੇਣਾ ਬੰਦ ਕਰ ਦਿੱਤਾ ਅਤੇ ਆਪਣੇ ਸਭ ਚੇਲਿਆਂ ਨੂੰ ਦੁਬਾਰਾ ਗੁਰੂ ਜੀ ਤੋਂ ਉਪਦੇਸ਼ ਦਵਾਇਆ। ਮਾਫ਼ੀ ਮੰਗੀ, ਖ਼ੁਦ ਵੀ ਆਪਣਾ ਨਾਮ ਸ਼ੁੱਧ ਕਰਵਾਇਆ। ਭਵਿੱਖ ਵਿੱਚ ਅਜਿਹੀ ਗ਼ਲਤੀ ਨਹੀਂ ਕੀਤੀ।

ਪ੍ਰਸ਼ਨ:- ਇਸ ਗੱਲ ਦਾ ਕਿੱਥੇ ਪ੍ਰਮਾਣ ਹੈ ਕਿ ਅਲ-ਖਿਜ਼ੂ ਰੂਪ ਵਿੱਚ ਅੱਲਾਹ ਕਬੀਰ ਹੀ ਲੀਲਾ ਕਰ ਰਹੇ ਸਨ? ਕਬੀਰ ਜੀ ਜੁਲਾਹਾ (ਕਾਸ਼ੀ-ਭਾਰਤ ਵਾ.ਲੇ) ਹੀ ਕਾਦਰ ਅੱਲਾਹ ਹੈ ਜਿਸਨੇ ਸਭ ਰਚਨਾ ਕੀਤੀ ਹੈ।

ਉੱਤਰ:- ਪਹਿਲਾਂ ਇਹ ਸਿੱਧ ਕਰਦਾ ਹਾਂ ਕਿ ਕਾਸ਼ੀ (ਬਨਾਰਸ) ਸ਼ਹਿਰ ਵਿੱਚ ਜੋ ਕਬੀਰ ਨਾਮਕ ਜੁਲਾਹਾ ਰਿਹਾ ਕਰਦਾ ਸੀ, ਉਹ ਸਭ ਸ੍ਰਿਸ਼ਟੀ ਦਾ ਰਚਨ ਵਾ.ਲਾ ਖ਼ੁਦਾ ਹੈ। ਇਸਦੇ ਲਈ ਅਨੇਕਾਂ ਚਸ਼ਮਦੀਦ ਗਵਾਹ (Eye Witness) ਹਨ, ਜਿਹਨਾਂ ਨੇ ਉਸ ਸਮਰੱਥ (ਕਾਦਰ) ਅੱਲਾਹ ਨੂੰ ਉੱਪਰ (ਤਖ਼ਤ) ਸਿੰਘਾਸਣ 'ਤੇ ਬੈਠੇ ਦੇਖ਼ਿਆ ਅਤੇ ਦੱਸਿਆ ਕਿ ਜੋ ਕਬੀਰ ਕਾਸ਼ੀ ਸ਼ਹਿਰ (ਭਾਰਤ ਦੇਸ਼) ਵਿੱਚ ਜੁਲਾਹੇ ਦੀ ਭੂਮਿਕਾ ਕਰਿਆ ਕਰਦਾ, ਉਹੀ ਸਮਰੱਥ ਪਰਮੇਸ਼ਵਰ ਹੈ।

♦ ਗਵਾਹ ਨੰ. 1:- ਸੰਤ ਗਰੀਬਦਾਸ ਜੀ, ਪਿੰਡ-ਛੁਡਾਣੀ, ਜ਼ਿਲ੍ਹਾ ਝੱਜਰ, ਰਾਜ-ਹਰਿਆਣਾ (ਦੇਸ਼-ਭਾਰਤ):- ਸੰਤ ਗਰੀਬਦਾਸ ਜੀ ਦਸ ਸਾਲ ਦੇ ਬੱਚੇ ਆਪਣੇ ਖੇਤਾਂ ਵਿੱਚ ਪਿੰਡ ਦੇ ਹੋਰ ਗਵਾਲਿਆਂ ਦੇ ਨਾ.ਲ ਰੋਜ਼ਾਨਾ ਦੀ ਤਰ੍ਹਾਂ ਗਾਂਵਾਂ ਚਰਾਉਣ ਗਏ ਹੋਏ ਸਨ। ਬਿਕ੍ਰਮੀ ਸੰਮਤ 1774 (ਸੰਨ 1717) ਫੱਗਣ ਮਹੀਨੇ ਦੀ ਸੁਦੀ (ਚਾਂਦਨੀ) ਬਾਰ੍ਹਵੀਂ ਨੂੰ ਦਿਨ ਦੇ ਲਗਭਗ ਦਸ ਵਜੇ ਗਵਾਲੇ ਅਤੇ ਬਾਲਕ ਗਰੀਬਦਾਸ ਜੀ ਇੱਕ ਜੰਡ ਦੇ ਰੁੱਖ ਦੇ ਹੇਠਾਂ ਛਾਂ ਵਿੱਚ ਬੈਠ ਕੇ ਰੋਟੀ ਖਾ ਰਹੇ ਸਨ। ਪਰਮੇਸ਼ਵਰ ਜੀ ਜ਼ਿੰਦਾ ਬਾਬਾ (ਅਲ-ਖਿਜ਼ੂ) ਦੇ ਭੇਸ ਵਿੱਚ ਉੱਪਰ ਅਸਮਾਨ ਵਾ.ਲੇ ਤਖ਼ਤ (ਸਿੰਘਾਸਣ) ਤੋਂ ਚੱਲ ਕੇ ਕੁੱਝ ਦੂਰੀ 'ਤੇ ਧਰਤੀ ਦੇ ਉੱਪਰ ਓੁੱਤਰੇ ਅਤੇ ਗਵਾਲਿਆਂ ਦੇ ਕੋ.ਲ ਗਏ। ਉਹ ਜੰਡ ਦਾ ਰੁੱਖ ਪਿੰਡ-ਕਬਲਾਣਾ ਤੋਂ ਪਿੰਡ-ਛੁਡਾਣੀ ਨੂੰ ਜਾਣ ਵਾ.ਲੇ ਕੱਚੇ ਰਸਤੇ 'ਤੇ ਸੀ ਅਤੇ ਕਬਲਾਣਾ ਦੀ ਹੱਦ ਨਾ.ਲ ਲੱਗਦੇ ਸੰਤ ਗਰੀਬਦਾਸ ਜੀ ਦੇ ਖ਼ੇਤ ਵਿੱਚ ਸੀ। {ਸੰਤ ਗਰੀਬਦਾਸ ਦੇ ਪਿਤਾ ਜੀ ਦੇ ਕੋ.ਲ ਪਿੰਡ ਵਿੱਚ ਇੱਕ ਹਜ਼ਾਰ ਤਿੰਨ ਸੌ ਪੰਜੱਤਰ (1375) ਏਕੜ ਜ਼ਮੀਨ ਸੀ। ਉਸੇ ਜ਼ਮੀਨ 'ਤੇ ਚਾਰਾਗਾਹ ਬਣਾ ਰੱਖੀ ਸੀ ਜਿਸ ਵਿੱਚ ਪਿੰਡ ਛੁਡਾਣੀ ਦੇ ਹੋਰ ਗਰੀਬ ਵਿਅਕਤੀ ਵੀ ਆਪਣੀਆਂ ਗਾਂਵਾਂ ਨੂੰ ਚਰਾਉਣ ਦੇ ਲਈ ਲੈ ਜਾਇਆ ਕਰਦੇ ਸਨ।} ਬਾਬਾ ਜ਼ਿੰਦਾ ਯਾਣੀ ਸਾਧੂ ਨੂੰ ਦੇਖ਼ ਕੇ ਵੱਡੀ ਉਮਰ ਦੇ ਗਵਾਲਿਆਂ (ਪਾ.ਲੀਆਂ) ਵਿੱਚੋਂ ਇੱਕ ਨੇ ਕਿਹਾ ਕਿ ਬਾਬਾ ਜੀ ਖਾਣਾ ਖਾਓ। ਸਾਧੂ ਨੇ ਕਿਹਾ,"ਭੋਜਨ ਤਾਂ ਮੈਂ ਆਪਣੇ ਡੇਰੇ ਤੋਂ ਖ਼ਾ ਕੇ ਆਇਆ ਹਾਂ। "ਕਈ ਗਵਾਲੇ ਇਕੱਠੇ ਬੋਲੇ, "ਜੇ ਭੋਜਨ ਨਹੀਂ ਖਾਂਦੇ ਤਾਂ ਦੁੱਧ ਪੀ ਲਓ। "ਪਰਮੇਸ਼ਵਰ ਨੇ ਕਿਹਾ ਕਿ ਦੁੱਧ ਪਿਲਾ ਦਿਉ ਪਰ, ਦੁੱਧ ਉਸ ਦਾ ਪਿਲਾਓ ਜਿਸ ਤੋਂ ਕਦੇ ਬੱਚਾ ਉਤਪੰਨ ਨਾ ਹੋਇਆ ਹੋਵੇ ਭਾਵ ਕੁਆਰੀ ਗਾਂ ਦਾ। ਪਾ.ਲੀਆਂ ਨੇ ਉਸਨੂੰ ਮਜ਼ਾਕ ਸਮਝਿਆ।

ਬੱਚੇ ਗਰੀਬਦਾਸ ਜੀ ਉੱਠੇ ਅਤੇ ਆਪਣੀ ਇੱਕ ਪਿਆਰੀ ਵੱਛੀ ਨੂੰ ਲੈ ਕੇ ਆਏ ਅਤੇ ਕਹਿਣ ਲੱਗੇ, ਹੇ ਬਾਬਾ ਜੀ! ਇਹ ਕੁਆਰੀ ਗਾਂ ਦੁੱਧ ਕਿਵੇਂ ਦੇ ਸਕਦੀ ਹੈ? ਤਦ ਬਾਬਾ ਜੀ ਨੇ ਕਿਹਾ ਕਿ ਇਹ ਦੁੱਧ ਦੇਵੇਗੀ, ਤੁਸੀਂ ਇੱਕ ਸਾਫ਼ ਬਰਤਨ ਲੈ ਕੇ ਇਸ ਦੇ ਥਣਾਂ ਦੇ ਹੇਠਾਂ ਰੱਖੋ। ਸੰਤ ਗਰੀਬਦਾਸ ਜੀ ਨੇ ਇੱਕ ਮਿੱਟੀ ਦਾ ਬਰਤਨ

(ਛੋਟਾ ਘੜਾ 3-4 ਕਿਲੋਗ੍ਰਾਮ ਦੀ ਸਮਰੱਥਾ ਵਾ.ਲਾ) ਲਿਆ ਅਤੇ ਉਸ ਨੂੰ ਆਪਣੇ ਹੱਥਾਂ ਨਾਲ ਫੜ੍ਹ ਕੇ ਵੱਛੀ ਦੇ ਥਣਾਂ ਦੇ ਹੇਠਾਂ ਕਰਕੇ ਬੈਠ ਗਏ। ਬਾਬਾ ਜ਼ਿੰਦਾ (ਅਲ-ਖਿਜ਼੍ਰ) ਨੇ ਗਾਂ ਦੀ ਵੱਛੀ ਦੀ ਪਿੱਠ ਦੇ ਉੱਪਰ ਹੱਥ ਨਾ.ਲ ਥਾਪੀ ਮਾਰੀ। ਉਸੀ ਸਮੇਂ ਥਣ ਲੰਬੇ ਅਤੇ ਕੁੱਝ ਮੋਟੇ ਹੋ ਗਏ ਅਤੇ ਦੁੱਧ ਨਿੱਕਲਣ ਲੱਗਿਆ। ਜਦੋਂ ਉਹ ਤਿੰਨ-ਚਾਰ ਕਿੱਲੋਗ੍ਰਾਮ ਦਾ ਭਾਂਡਾ ਭਰ ਗਿਆ ਤਾਂ ਥਣਾਂ ਵਿੱਚੋਂ ਦੁੱਧ ਆਉਣਾ ਬੰਦ ਹੋ ਗਿਆ। ਬਾਲਕ ਗਰੀਬਦਾਸ ਜੀ ਨੇ ਉਹ ਦੁੱਧ ਨਾ.ਲ ਭਰਿਆ ਭਾਂਡਾ ਬਾਬਾ ਜੀ ਨੂੰ ਦੇ ਦਿੱਤਾ ਅਤੇ ਕਿਹਾ ਕਿ ਇਹ ਤਾਂ ਤੁਹਾਡੀ ਕਿਰਪਾ ਨਾ.ਲ ਮਿਲਿਆ ਹੈ, ਪੀ ਲਵੋ। ਬਾਬਾ ਜ਼ਿੰਦਾ ਨੇ ਉਸ ਬਰਤਨ ਨੂੰ ਮੂੰਹ ਲਾ ਕੇ ਕੁੱਝ ਦੁੱਧ ਪੀਤਾ। ਬਾਕੀ ਉਨ੍ਹਾਂ ਪਾ.ਲੀਆਂ ਵੱਲ ਕੀਤਾ ਕਿ ਪੀ ਲਵੋ, ਇਹ ਪ੍ਰਸ਼ਾਦ ਹੈ। ਹੋਰ ਗਵਾ.ਲੇ ਉੱਠ ਕੇ ਚਲੇ ਗਏ। ਕਹਿਣ ਲੱਗੇ ਕਿ ਇਹ ਦੁੱਧ ਜਾਦੂ-ਯੰਤਰ ਕਰਕੇ ਕੁਆਰੀ ਵੱਛੀ ਤੋਂ ਨਿੱਕਲਿਆ ਹੈ। ਸਾਨੂੰ ਕੋਈ ਭੂਤ ਪ੍ਰੇਤ ਦੀ ਆਫਤ ਹੋ ਜਾਵੇਗੀ।ਇਹ ਕੋਈ ਸੇਵੜਾ (ਭੂਤ-ਪ੍ਰੇਤ ਕੱਢਣ ਵਾ.ਲਾ) ਲੱਗਦਾ ਹੈ। ਕੁਆਰੀ ਗਾਂ ਦਾ ਦੁੱਧ ਪਾਪ ਦਾ ਦੁੱਧ ਹੈ। ਇਹ ਬਾਬਾ ਪਤਾ ਨਹੀਂ ਕਿਹੜੀ ਛੋਟੀ ਜਾਤ ਦਾ ਹੈ। ਇਸਦਾ ਜੂਠਾ ਦੁੱਧ ਅਸੀਂ ਨਹੀਂ ਪੀਵਾਂਗੇ।

ਬਾਲਕ ਗਰੀਬਦਾਸ ਜੀ ਨੇ ਬਾਬੇ ਤੋਂ ਬਰਤਨ ਲਿਆ ਅਤੇ ਪਾ.ਲੀਆਂ ਦੇ ਦੇਖ਼ਦੇ-ਦੇਖ਼ਦੇ ਉਸ ਵਿੱਚੋਂ ਕੁੱਝ ਦੁੱਧ ਪੀਤਾ। ਉਹ ਵੱਡੀ ਉਮਰ ਦੇ ਗਵਾ.ਲੇ ਬਾਲਕ ਨੂੰ ਦੁੱਧ ਨਾ ਪੀਣ ਲਈ ਕਹਿੰਦੇ ਰਹੇ। ਬਾਲਕ ਨਾ ਮੰਨਿਆ। ਸਾਰੇ ਦੂਰ ਚਲੇ ਗਏ। ਬਾਬਾ ਜ਼ਿੰਦਾ ਅਤੇ ਬਾਲਕ ਗਰੀਬਦਾਸ ਜੀ ਰਹਿ ਗਏ। ਫਿਰ ਕੁੱਝ ਗਿਆਨ ਸੁਣਾਇਆ। ਬੱਚੇ ਨੇ ਸਤਲੋਕ ਅਤੇ ਸਮਰੱਥ ਪਰਮਾਤਮਾ (ਜੋ ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਤੋਂ ਵੱਧ ਸ਼ਕਤੀਸ਼ਾਲੀ ਜੋ ਬਾਬਾ ਨੇ ਦੱਸਿਆ ਸੀ) ਨੂੰ ਆਪਣੀਆਂ ਅੱਖਾਂ ਨਾ.ਲ ਵੇਖਣ ਦੀ ਇੱਛਾ ਕੀਤੀ। ਜ਼ਿੰਦਾ ਬਾਬਾ ਬਾਲਕ ਗਰੀਬਦਾਸ ਦੇ ਜੀਵ ਨੂੰ ਸਰੀਰ ਵਿੱਚੋਂ ਕੱਢ ਕੇ ਅਸਮਾਨ ਵਿੱਚ ਲੈ ਗਿਆ। ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਦੇ ਲੋਕ ਦਿਖਾਏ। ਸਵਰਗ ਅਤੇ ਨਰਕ ਦਿਖਾਏ। ਬ੍ਰਹਮਲੋਕ (ਮਹਾਂ ਜੰਨਤ) ਕਾ.ਲ ਬ੍ਰਹਮ ਦਾ ਦਿਖਾਇਆ। ਫਿਰ ਹੋਰ ਉੱਪਰ ਆਪਣੇ ਅਮਰਲੋਕ ਵਿੱਚ ਲੈ ਗਏ। ਜਿਹੜਾ ਬਾਬਾ ਜ਼ਿੰਦਾ ਬਾਲਕ ਦੇ ਨਾ.ਲ ਗਿਆ ਸੀ, ਉਹ ਉੱਪਰ ਬਣੇ ਸਿੰਘਾਸਣ (ਤਖ਼ਤ) 'ਤੇ ਬੈਠ ਗਿਆ। ਉਸ ਸਮੇਂ ਪਰਮਾਤਮਾ ਰੂਪ ਬਣ ਗਏ। ਪਰਮਾਤਮਾ ਦੇ ਇੱਕ ਰੋਮ (ਸਰੀਰ ਦੇ ਵਾ.ਲ) ਦੀ ਰੋਸ਼ਨੀ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਨਾਲੋਂ ਜ਼ਿਆਦਾ ਸੀ। ਅਮਰਲੋਕ ਪ੍ਰਕਾਸ਼ਿਤ ਸੀ। ਬਾਲਕ ਗਰੀਬਦਾਸ ਜੀ ਦਾ ਵੀ ਇੱਕ ਹੋਰ ਸਰੀਰ ਬਣ ਗਿਆ ਜਿਸ ਦਾ ਪ੍ਰਕਾਸ਼ ਸੋਲ੍ਹਾਂ ਸੂਰਜਾਂ ਦੇ ਬਰਾਬਰ ਸੀ। ਅਮਰਲੋਕ ਦੇ ਸਾਰੇ ਭਗਤ/ਭਗਤਮਤੀ (ਹੰਸ/ਹੰਸਨੀ) ਆਪਣੇ ਪਰਮੇਸ਼ਵਰ ਨੂੰ ਦੰਡਵਤ ਕਰਨ ਲੱਗੇ। ਜੈ ਹੋ ਕਬੀਰ ਸਤਪੁਰਸ਼ ਦੀ ਬੁਲਾਉਣ ਲੱਗੇ।

ਸਾਰਿਆਂ ਨੇ ਕਿਹਾ ਕਿ ਇਹ ਅਨੰਤ ਕਰੋੜ ਬ੍ਰਹਿਮੰਡ ਦਾ ਸਿਰਜਣਹਾਰ, ਸਮਰੱਥ ਪਰਮੇਸ਼ਵਰ ਹੈ। ਇਸਦਾ ਨਾਮ ਕਬੀਰ ਹੈ। ਫਿਰ ਪਰਮਾਤਮਾ ਨੇ ਸਾਰਾ ਗਿਆਨ ਆਪਣੇ ਨਬੀ ਗਰੀਬਦਾਸ ਜੀ ਦੀ ਆਤਮਾ ਵਿੱਚ ਪਾ ਦਿੱਤਾ। ਸਾਰਾ ਸਤਲੋਕ ਅਤੇ ਹੇਠਾਂ ਦੇ ਸਾਰੇ ਲੋਕ ਦਿਖ਼ਾ ਕੇ ਬਾਲਕ ਦੀ ਆਤਮਾ ਨੂੰ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ। ਉਸ ਸਮੇਂ ਬਾਲਕ ਗਰੀਬਦਾਸ ਜੀ ਦੇ ਸਰੀਰ ਨੂੰ ਅੰਤਿਮ ਸਸਕਾਰ ਦੇ ਲਈ ਚਿਤਾ (ਲੱਕੜੀਆਂ ਦੇ ਢੇਰ) 'ਤੇ ਰੱਖਿਆ ਸੀ। ਅੱਗ ਲਗਾਉਣ

ਹੀ ਵਾਲ਼ੇ ਸੀ, ਉਸੇ ਸਮੇਂ ਗਰੀਬਦਾਸ ਜੀ ਉੱਠ ਗਏ। ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸੰਤ ਗਰੀਬਦਾਸ ਜੀ ਨੂੰ ਉਸੇ ਜ਼ਿੰਦਾ ਬਾਬਾ ਵੇਸ਼ਧਾਰੀ ਪਰਮੇਸ਼ਵਰ ਜੀ ਨੇ ਨਾਮ ਉਪਦੇਸ਼ ਦਿੱਤਾ। ਸੰਤ ਗਰੀਬਦਾਸ ਜੀ ਨੇ ਅੱਖੀਂ ਡਿੱਠਾ ਅਤੇ ਪਰਮੇਸ਼ਵਰ ਦੇ ਮੁੱਖ ਕਮਲ ਤੋਂ ਸੁਣਿਆ ਸਮੁੱਚਾ ਅਧਿਆਤਮਿਕ ਗਿਆਨ ਦੋਹੇ, ਚੌਪਾਈਆਂ, ਸ਼ਬਦਾਂ ਦੇ ਰੂਪ ਵਿੱਚ ਬੋਲਿਆ ਜੋ ਇੱਕ ਦਾਦੂ ਜੀ ਦੇ ਪੰਥ ਤੋਂ ਦੀਕਸ਼ਿਤ ਗੋਪਾਲ ਦਾਸ ਨਾਮ ਦੇ ਮਹਾਤਮਾ ਜੀ ਨੇ ਲਿਖਿਆ ਸੀ। ਲਿਖਣ ਦੇ ਕੰਮ ਵਿੱਚ ਲਗਭਗ ਛੇ ਮਹੀਨੇ ਲੱਗ ਗਏ।

ਪ੍ਰਸੰਗ ਹੈ ਕਿ ਇਹ ਕਿੱਥੇ ਪ੍ਰਮਾਣੇ ਹੈ ਕਿ ਅਲ-ਖਿਜ਼ਰ ਹੀ ਅਲ ਕਬੀਰ ਹੈ:- ਜਿਵੇਂ ਇਸ ਹੀ "ਅਲ-ਖਿਜ਼ਰ (ਅਲ-ਕਬੀਰ) ਦੀ ਜਾਣਕਾਰੀ" ਵਾਲੇ ਪ੍ਰਕਰਣ ਵਿੱਚ "ਰੂਮੀ ਦਾ ਪਰਿਚਯ" ਸਿਰਲੇਖ਼ ਵਿੱਚ ਲਿਖਿਆ ਹੈ ਕਿ ਰੂਮੀ ਨਾਮ ਦਾ ਵਿਅਕਤੀ ਟਰਕੀ ਦੇਸ਼ ਦੇ ਕੋਨਯਾ ਸ਼ਹਿਰ ਵਿੱਚ ਇੱਕ ਮਸਜ਼ਿਦ ਵਿੱਚ ਮੌਲਵੀ ਸੀ ਜੋ ਮੁਸ਼ਲਮਾਨ ਧਰਮ ਦਾ ਪ੍ਰਚਾਰ ਕਰਦਾ ਸੀ। ਲੋਕ ਉਹਨਾਂ ਦਾ ਵਿਸ਼ੇਸ਼ ਸਨਮਾਨ ਕਰਦੇ । ਜੋ ਸਮਸਤਰਬੇਜ ਸੰਤ ਦੇ ਗਿਆਨ ਨੂੰ ਸਮਝ ਕੇ ਮੌਲਵੀ ਦੀ ਪਦਵੀ ਤਿਆਗ ਕੇ ਗੁਰੂ ਜੀ ਸਮਸਤਰਬੇਜ ਦੇ ਦੱਸੇ ਅਨੁਸਾਰ ਭਗਤੀ ਕਰਦੇ ਸੀ, ਜੋ ਪ੍ਰਸਿੱਧ ਕਵੀ ਵੀ ਹੋਏ ਹਨ। ਉਹਨਾਂ ਨੇ ਦੱਸਿਆ ਕਿ ਬਲਖ਼ ਸ਼ਹਿਰ ਦੇ ਰਾਜਾ (ਬਲਖ਼ੀ) ਸੁਲਤਾਨ ਇਬਰਾਹਿਮ ਇਬਨ ਅਧਮ ਨੇ ਅਲ-ਖਿਜ਼ਰ ਤੋਂ ਪ੍ਰੇਰਣਾ ਪਾ ਕੇ ਰਾਜ ਤਿਆਗ ਦਿੱਤਾ ਸੀ। ਬਾਕੀ ਜੀਵਨ ਅਲ-ਖਿਜ਼ਰ ਦੇ ਸੰਪਰਕ ਵਿੱਚ ਰਹਿ ਕੇ ਅੱਲਾਹ ਦੀ ਇਬਾਦਤ ਵਿੱਚ ਗੁਜ਼ਾਰਿਆ। ਸੁਲਤਾਨ ਨੂੰ ਅਲ-ਖਿਜ਼ਰ ਦੇ ਦਰਸ਼ਨ ਹੋਇਆ ਕਰਦੇ ਸਨ। ਉੱਪਰ ਤੁਸੀਂ ਪੂਰਾ ਪ੍ਰਕਰਣ ਸੁਲਤਾਨ ਇਬਰਾਹਿਮ ਇਬਨ ਅਧਮ ਦਾ ਪੜ੍ਹਿਆ ਹੈ, ਜਿਸ ਵਿੱਚ ਸਪੱਸ਼ਟ ਹੈ ਕਿ ਅੱਲਾਹ ਕਬੀਰ ਜੀ ਨੇ ਸੁਲ-ਤਾਨ ਨੂੰ ਭਗਤੀ ਲਈ ਪ੍ਰੇਰਣਾ ਦਿੱਤੀ ਸੀ। ਇਸ ਲਈ ਅਲ-ਖਿਜ਼ਰ ਹੀ ਅਲ ਕਬੀਰ ਹੈ। ਇਸ ਦਾ ਸਮਰਥਨ ਸੰਤ ਗਰੀਬ ਦਾਸ ਜੀ ਨੇ ਕੀਤਾ ਹੈ ਕਿ:-

ਗਰੀਬ, ਹਮ ਸੁਲਤਾਨੀ ਨਾਨਕ ਤਾਰੇ,ਦਾਦੂ ਕੂੰ ਉਪਦੇਸ਼ ਦੀਯਾ।
ਜਾਤਿ ਜੁਲਾਹਾ ਭੇਦ ਨਾ ਪਾਯਾ, ਕਾਸ਼ੀ ਮਾਂਹੀ ਕਬੀਰ ਹੂਆ॥

ਭਾਵ, ਸੰਤ ਗਰੀਬਦਾਸ ਜੀ ਨੇ ਦੱਸਿਆ ਹੈ ਕਿ ਸਾਨੂੰ ਸਾਰਿਆਂ (ਮੈਂ ਗਰੀਬਦਾਸ, ਸੁਲਤਾਨ ਇਬਰਾਹਿਮ ਇਬਨ ਅਧਮ, ਸਿੱਖ ਧਰਮ ਮੋਢੀ ਨਾਨਕ ਜੀ ਅਤੇ ਸੰਤ ਦਾਦੂ ਜੀ) ਨੂੰ ਉਸ ਸਤਿਗੁਰੂ ਕਬੀਰ ਪਰਮੇਸ਼ਵਰ ਜੀ ਨੇ ਪਾਰ ਕੀਤਾ ਜੋ ਕਾਸ਼ੀ ਸ਼ਹਿਰ ਵਿੱਚ ਜੁਲਾਹੇ ਜਾਤੀ ਵਿੱਚ ਹੋਇਆ ਹੈ। ਫ਼ਿਰ ਕਿਹਾ ਹੈ ਕਿ:-

ਗਰੀਬ, ਅਨੰਤ ਕੋਟਿ ਬ੍ਰਹਿਮੰਡ ਕਾ, ਏਕ ਰਤਿ ਨਹੀਂ ਭਾਰ ।
ਸਤਿਗੁਰੂ ਪੁਰੁਸ਼ ਕਬੀਰ ਹੈਂ, ਕੁਲ ਕੇ ਸਿਰਜਣਹਾਰ॥

ਭਾਵ ਸਾਰੇ ਬ੍ਰਹਿਮੰਡਾਂ ਦੇ ਉਤਪੱਤੀ ਕਰਤਾ ਜਾਣੀ ਸਾਰੀ ਕਾਇਨਾਤ ਦੇ ਸਿਰਜਨਕਰਤਾ ਮੇਰੇ ਸਤਿਗੁਰੂ ਕਬੀਰ ਪਰਮੇਸ਼ਵਰ ਜੀ ਹਨ। ਉਹਨਾਂ ਨੇ ਸਾਰੇ ਲੋਕਾਂ, ਤਾਰਾਗਣ ਅਤੇ ਸਾਰੇ ਨਕਸ਼ੱਤਰਾਂ (ਸੂਰਜ, ਚੰਦਰਮਾ, ਗ੍ਰਹਿ) ਨੂੰ ਬਣਾ ਕੇ ਆਪਣੀ ਸ਼ਕਤੀ ਨਾਲ਼ ਰੋਕਿਆ ਹੋਇਆ ਹੈ ਜਿਸ ਨੂੰ ਵਿਗਿਆਨ ਦੀ ਭਾਸ਼ਾ ਵਿੱਚ ਗੁਰੂਤਾ ਆਕਰਸ਼ਣ ਸ਼ਕਤੀ ਕਹਿੰਦੇ ਹਨ। ਉਸ ਸਿਰਜਣਹਾਰ ਕਬੀਰ ਦੇ ਉੱਪਰ ਇਸ ਸਾਰੀ ਰਚਨਾ (ਅਨੰਤ ਕਰੋੜ ਬ੍ਰਹਿਮੰਡਾਂ) ਦਾ ਕੋਈ ਭਾਰ ਨਹੀਂ ਹੈ।

ਜਿਵੇਂ ਵਿਗਿਆਨੀ ਨੇ ਵਾਯੂਯਾਨ (Airplane) ਬਣਾ ਕੇ ਉਡਾ ਲਿਆ। ਉਹ ਆਪ ਵੀ ਉਸ ਵਿੱਚ ਸਵਾਰ ਹੋ ਗਿਆ। ਜਿਸ ਤਰ੍ਹਾਂ ਉਸ ਹਵਾਈ ਜਹਾਜ਼ ਦਾ ਵਿਗਿਆਨੀ ਉੱਤੇ ਕੋਈ ਭਾਰ ਨਹੀਂ ਹੈ, ਉਲਟਾ ਉਸ ਦੇ ਉੱਪਰ ਸਵਾਰ ਹੈ। ਇਸੇ ਤਰ੍ਹਾਂ ਕਬੀਰ ਕਾਦਰ ਅੱਲਾਹ ਸਭ ਲੋਕਾਂ ਦੀ ਰਚਨਾ ਕਰਕੇ ਉਨ੍ਹਾਂ ਉੱਤੇ ਸਵਾਰ ਹੈ ਅਤੇ ਸਾਰੇ ਜੀਵਾਂ ਨੂੰ ਸਵਾਰ ਕਰ ਰੱਖਿਆ ਹੈ। ਇਸ ਤੋਂ ਸਿੱਧ ਹੋਇਆ ਕਿ ਅਲ-ਖਿਜ਼ਰ ਹੀ ਅਲ ਕਬੀਰ ਹੈ।

♦ ਗਵਾਹ ਨੰ. 2 (ਸੰਤ ਦਾਦੂ ਦਾਸ ਜੀ) :- ਸੰਤ ਦਾਦੂ ਦਾਸ ਜੀ ਗਿਆਰ੍ਹਾਂ ਸਾਲ ਦੇ ਬੱਚੇ ਸਨ। ਉਦੋਂ ਪਿੰਡ ਦੇ ਬਾਹਰ ਜੰਗਲ਼ ਵਿੱਚ ਦਾਦੂ ਜੀ ਨੂੰ ਅੱਲਾਹ ਕਬੀਰ ਇੱਕ ਜ਼ਿੰਦਾ ਬਾਬਾ ਦੇ ਰੂਪ ਵਿੱਚ ਮਿਲੇ। ਸੰਤ ਦਾਦੂ ਜੀ ਦੀ ਆਤਮਾ ਨੂੰ ਕੱਢ ਕੇ ਅਲ-ਕਬੀਰ ਜੀ ਉੱਪਰ ਆਪਣੇ ਸਤਲੋਕ ਵਿੱਚ ਲੈ ਗਏ। ਦਾਦੂ ਜੀ ਤਿੰਨ ਦਿਨ ਰਾਤ ਅਚੇਤ ਰਹੇ। ਉੱਪਰ ਆਪਣਾ ਤਖ਼ਤ (ਸਿੰਘਾਸਣ) ਦਿਖ਼ਾਇਆ। ਆਪਣੀ ਪਹਿਚਾਣ ਕਰਵਾਈ ਕਿ ਮੈਂ ਪੂਰਣ ਬ੍ਰਹਮ (ਪਰਮੇਸ਼ਵਰ) ਹਾਂ। ਸਾਰੀ ਸ੍ਰਿਸ਼ਟੀ ਮੈਂ ਰਚੀ ਹੈ। ਬਾਲਕ ਦਾਦੂ ਜੀ ਨੂੰ ਅੱਲਾਹ ਕਬੀਰ ਜੀ ਨੇ ਸਾਰੇ ਬ੍ਰਹਿਮੰਡਾਂ ਦੀ ਸੈਰ ਕਰਵਾ ਕੇ ਤੀਸਰੇ ਦਿਨ ਆਤਮਾ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤੀ। ਸੰਤ ਦਾਦੂ ਦਾਸ ਜੀ ਸਚੇਤ ਹੋ ਗਏ। ਉਦੋਂ ਲੋਕਾਂ ਨੇ ਪੁੱਛਿਆ ਕਿ ਤੁਹਾਨੂੰ ਕੀ ਹੋ ਗਿਆ ਸੀ? ਦਾਦੂ ਜੀ ਨੇ ਦੱਸਿਆ ਕਿ ਮੈਨੂੰ ਇਕ ਬਾਬਾ ਦੇ ਭੇਸ਼ ਵਿੱਚ ਅੱਲਾਹ ਕਬੀਰ ਮਿਲੇ ਸੀ ਅਤੇ ਮੈਨੂੰ ਨਾਮ ਉਪਦੇਸ਼ ਦਿੱਤਾ। ਉੱਪਰ ਅਸਮਾਨਾਂ ਵਿੱਚ ਲੈ ਕੇ ਗਏ ਸੀ। ਦਾਦੂ ਜੀ ਦੇ ਨਾ਼ਲ ਉਸ ਸਮੇਂ ਕੁੱਝ ਹੋਰ ਹਮ ਉਮਰ ਬੱਚੇ ਵੀ ਸੀ। ਉਹਨਾਂ ਨੇ ਵੀ ਦੱਸਿਆ ਕਿ ਇਕ ਬਾਬਾ ਨੇ ਜੰਤਰ-ਮੰਤਰ ਦਾ ਜਲ ਬਣਾ ਕੇ ਆਪ ਪੀਤਾ ਅਤੇ ਪਾਨ ਦੇ ਪੱਤੇ ਨੂੰ ਕਟੋਰੇ ਰੂਪ ਵਿੱਚ ਬਣਾ ਕੇ ਉਸ ਵਿੱਚ ਆਪਣਾ ਜੂਠਾ ਪਾਣੀ ਦਾਦੂ ਜੀ ਨੂੰ ਪਿਲਾਇਆ ਸੀ। ਫ਼ਿਰ ਬਾਬਾ ਦਿਖਾਈ ਨਹੀਂ ਦਿੱਤਾ। ਦਾਦੂ ਬਾਲਕ ਬੇਹੋਸ਼ ਹੋ ਗਿਆ। ਸੰਤ ਗਰੀਬ ਦਾਸ ਜੀ ਨੇ ਆਪਣੀ ਬਾਣੀ ਵਿੱਚ ਪਰਮੇਸ਼ਵਰ ਕਬੀਰ ਜੀ ਤੋਂ ਪ੍ਰਾਪਤ ਗਿਆਨ ਨੂੰ ਇਸ ਤਰ੍ਹਾਂ ਦੱਸਿਆ ਹੈ ਕਿ:-

ਗਰੀਬ, ਦਾਦੂ ਕੂੰ ਸਤਿਗੁਰੂ ਮਿਲੇ, ਦੇਈ ਪਾਨ ਕਾ ਪੀਕ।
ਬੂਢਾ ਬਾਬਾ ਜਿਸੇ ਕਹੇਂ, ਯਹ ਦਾਦੂ ਕੀ ਨਹੀਂ ਸੀਖ॥

ਅਰਥਾਤ ਸੰਤ ਦਾਦੂ ਜੀ ਨੂੰ ਸਤਿਗੁਰੂ ਰੂਪ ਵਿੱਚ ਕਬੀਰ ਅੱਲਾਹ ਮਿਲੇ ਸੀ ਜੋ ਇੱਕ ਜ਼ਿੰਦਾ ਬਾਬਾ ਦੇ ਭੇਸ ਵਿੱਚ ਸੀ । ਉਹਨਾਂ ਨੇ ਦਾਦੂ ਜੀ ਨੂੰ ਪਾਨ ਦੇ ਪੱਤੇ ਦੇ ਉੱਪਰ ਆਪਣੇ ਮੂੰਹ ਤੋਂ ਨਿੱਕਲਿਆ ਜਲ ਪਾ ਕੇ ਨਾਮ ਉਪਦੇਸ਼ ਦੇ ਸਮੇਂ ਪਿਲਾਇਆ ਸੀ। ਜੋ ਵਿਅਕਤੀ ਇਹ ਕਹਿੰਦੇ ਹਨ ਕਿ ਦਾਦੂ ਨੂੰ ਬੁੱਢਾ ਬਾਬਾ ਮਿ-ਲਿਆ ਸੀ ਜੋ ਜੰਤਰ- ਮੰਤਰ ਵਿੱਦਿਆ ਨੂੰ ਜਾਨਣ ਵਾ਼ਲਾ ਸੀ, ਇਹ ਦਾਦੂ ਨੇ ਨਹੀਂ ਦੱਸਿਆ। ਦਾਦੂ ਜੀ ਨੇ ਉਸਦੇ ਵਿਸ਼ੇ ਵਿੱਚ ਜੋ ਦੱਸਿਆ ਹੈ, ਉਹ ਇਸ ਪ੍ਰਕਾਰ ਹੈ ਜੋ ਦਾਦੂ ਜੀ ਦੇ ਦੁਆਰਾ ਬੋਲੀ ਬਾਣੀ ਤੋਂ ਬਣੇ ਦਾਦੂ ਗ੍ਰੰਥ ਵਿੱਚ ਲਿਖਿਆ ਹੈ। ਬਾਣੀ:-

ਜਿਨ ਮੋਕੂ ਨਿਜ ਨਾਮ ਦੀਯਾ, ਸੋਈ ਸਤਿਗੁਰੂ ਹਮਾਰ ।
ਦਾਦੂ ਦੂਸਰਾ ਕੋਈ ਨਹੀਂ, ਕਬੀਰ ਸਿਰਜਨਹਾਰ॥
ਦਾਦੂ ਨਾਮ ਕਬੀਰ ਕਾ, ਸੁਨਕਰ ਕਾਂਪੇ ਕਾਲ ।
ਨਾਮ ਭਰੋਸੈ ਜੋ ਚਲੇ, ਹੋਵੇ ਨਾ ਬਾਂਕਾ ਬਾਲ॥
ਕੇਹਰੀ ਨਾਮ ਕਬੀਰ ਹੈ, ਵਿਸ਼ਮ ਕਾ਼ਲ ਗਜਰਾਜ ।

ਦਾਦੂ ਭਜਨ ਪ੍ਰਤਾਪ ਸੇ, ਭਾਗੇ ਸੁਨਤ ਆਵਾਜ॥

**ਅਰਥਾਤ ਦਾਦੂ ਜੀ ਨੇ ਕਿਹਾ ਹੈ ਕਿ ਮੈਨੂੰ ਜਿਸ ਨੇ (ਨਿਜ ਨਾਮ) ਭਗਤੀ ਦਾ ਯਥਾਰਥ ਮੰਤਰ ਦਿੱਤਾ, ਉਹ ਮੇਰਾ ਸਤਿਗੁਰੂ ਹੈ।ਉਸਦਾ ਨਾਮ ਕਬੀਰ ਹੈ। ਇਹੀ ਕਬੀਰ ਸਾਰੀ ਕਾਯਨਾਤ (ਸ੍ਰਿਸ਼ਟੀ) ਦਾ (ਸਿਰਜਣਹਾਰ) ਉਤਪੱਤੀ ਕਰਤਾ ਹੈ।**

❖ **ਸੰਤ ਦਾਦੂ ਜੀ ਨੇ ਕਿਹਾ ਹੈ ਕਿ "ਕਬੀਰ"ਨਾਮ ਸੁਣਦੇ ਹੀ ਜੋਤੀ ਨਿਰੰਜਨ (ਕਾ.ਲ) ਕੰਬਣ ਲੱਗ ਜਾਂਦਾ ਹੈ। ਕਬੀਰ ਨਾਮ ਇੰਨਾ ਸ਼ਕਤੀਸ਼ਾਲੀ ਹੈ। ਜੋ ਭਗਤ ਕਬੀਰ ਜੀ ਦੇ ਦੱਸੇ ਨਾਮ ਉੱਤੇ ਪੂਰਾ ਭਰੋਸਾ ਕਰਕੇ ਜੀਵਨ ਯਾਤਰਾ ਕਰਦਾ ਹੈ ਤਾਂ ਕਾਲ ਬ੍ਰਹਮ ਉਸਦਾ ਕੁੱਝ ਵੀ ਵਿਗਾੜ ਨਹੀਂ ਕਰ ਸਕਦਾ।**

❖ **ਸੰਤ ਦਾਦੂ ਜੀ ਨੇ ਕਬੀਰ ਅੱਲਾਹ ਦੀ ਸਮਰੱਥਾ ਇੱਕ ਉਦਾਹਰਣ ਦੇ ਮਾਧਿਅਮ ਤੋਂ ਦੱਸੀ ਹੈ ਕਿ ਕਾਲ ਵੀ ਬਹੁਤ ਤਾਕਤਵਰ ਹੈ, ਪਰੰਤੂ ਕਬੀਰ ਅੱਲਾਹ ਦੇ ਸਾਹਮਣੇ ਉਹ ਵੀ ਕਮਜ਼ੋਰ ਪੈ ਜਾਂਦਾ ਹੈ। ਕਾਲ (ਗਜਰਾਜ) ਹਾਥੀਆਂ ਦੇ ਰਾਜਾ ਦੇ ਸਮਾਨ ਬਲਵਾਨ ਹੈ। ਕਬੀਰ ਜੀ ਦਾ ਭਗਤੀ ਕਰਨ ਨੂੰ ਦਿੱਤਾ ਨਾਮ ਵੀ ਬਹੁਤ ਸ਼ਕਤੀਸ਼ਾਲੀ ਹੈ। ਉਹ ਕੇਹਰੀ ਜਾਣੀ ਬੱਬਰ ਸ਼ੇਰ (BIGGEST LION) ਦੇ ਸਮਾਨ ਤਾਕਤਵਰ ਹੈ। ਉਸ ਨਾਮ ਦਾ ਜਾਪ (ਭਜਨ) ਕਰਨ ਨਾ.ਲ ਉਸ ਨਾਮ ਰੂਪੀ ਕੇਹਰੀ ਦੀ ਸ਼ਕਤੀ ਦੇ ਅੱਗੇ ਕਾ.ਲ ਟਿੱਕ ਨਹੀਂ ਸਕਦਾ ਜਾਣੀ ਨਾਮ ਦੀ ਸੂਖਸ਼ਮ ਦਹਾੜ (ਗਾਜ) ਸੁਣ ਕੇ ਕਾਲ ਰੂਪ ਗਜਰਾਜ ਭੱਜ ਜਾਂਦਾ ਹੈ। ਸੰਤ ਦਾਦੂ ਦਾਸ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਬੀਰ ਹੀ ਸਾਰੀ ਸ੍ਰਿਸ਼ਟੀ (ਕਾਯਨਾਤ) ਨੂੰ ਉਤਪੰਨ ਕਰਨ ਵਾ.ਲਾ ਪਰਮੇਸ਼ਵਰ ਹੈ।**

♦ ਗਵਾਹ ਨੰ. 3 {ਸੰਤ ਧਰਮਦਾਸ ਜੀ ਬਾਂਧਵਗੜ੍ਹ (ਮੱਧ ਪ੍ਰਦੇਸ਼, ਭਾਰਤ) ਵਾ.ਲੇ}:- **ਹਿੰਦੂ ਧਰਮ ਵਿੱਚ ਜਨਮ ਹੋਣ ਦੇ ਕਾਰਨ ਧਰਮਦਾਸ ਜੀ ਹਿੰਦੂ ਧਰਮ ਗੁ-ਰੂਆਂ ਦੁਆਰਾ ਦੱਸੇ ਅਧੂਰੇ ਗਿਆਨ ਦੇ ਆਧਾਰ 'ਤੇ ਸਾਧਨਾ ਕਰਿਆ ਕਰਦੇ ਸਨ। ਇੱਕ ਸਮੇਂ ਧਰਮ ਗੁਰੂਆਂ ਦੇ ਦੱਸੇ ਅਨੁਸਾਰ ਤੀਰਥ ਯਾਤਰਾ ਕਰਦੇ ਹੋਏ ਮਥੁਰਾ (ਸ਼੍ਰੀ ਕ੍ਰਿਸ਼ਨ ਦੀ ਨਗਰੀ) ਵਿੱਚ ਗਏ ਹੋਏ ਸਨ। ਪੱਥਰ ਅਤੇ ਪੀਤ.ਲ ਦੀਆਂ ਦੇਵੀ-ਦੇਵਤਿਆਂ (ਸ਼੍ਰੀ ਵਿਸ਼ਣੂ, ਸ਼੍ਰੀ ਸ਼ੰਕਰ ਅਤੇ ਦੇਵੀ ਆਦਿ) ਦੀਆਂ ਮੂਰਤੀਆਂ ਨੂੰ ਥੈਲੇ ਵਿੱਚ ਪਾ ਕੇ ਨਾ.ਲ ਲਏ ਹੋਏ ਸਨ। ਸਵੇਰੇ ਤੀਰਥ ਵਿੱਚ (ਉਸ ਤਲਾਬ ਵਿੱਚ ਸ਼੍ਰੀ ਕ੍ਰਿਸ਼ਨ ਇਸ਼ਨਾਨ ਕਰਿਆ ਕਰਦੇ ਸਨ,) ਉਸ ਵਿੱਚ ਇਸ਼ਨਾਨ ਕਰਕੇ ਮੂਰਤੀਆਂ ਦੀ ਪੂਜਾ ਕਰਨ ਲੱਗਾ। ਉਸ ਸਮੇਂ ਕਬੀਰ ਅੱਲਾਹ ਭਾਰਤ ਦੇਸ਼ ਦੇ ਕਾਸ਼ੀ ਸ਼ਹਿਰ ਵਿੱਚ ਜੁਲਾਹੇ ਦੀ ਭੂਮਿਕਾ ਕਰਨ ਸੰਸਾਰ ਵਿੱਚ ਪ੍ਰਗਟ ਸਨ, ਜੋ ਧਰਮਦਾਸ ਜੀ ਨੂੰ ਸਤ ਮਾਰਗ ਦੱਸਣ ਲਈ ਮਥੁਰਾ ਦੇ ਉਸੇ ਤਲਾਬ 'ਤੇ ਪਹੁੰਚੇ ਅਤੇ ਸਭ ਕਿਰਿਆ ਕਰਦੇ ਧਰਮਦਾਸ ਜੀ ਨੂੰ ਦੇਖ਼ ਰਹੇ ਸਨ। ਧਰਮਦਾਸ ਜੀ ਨੇ ਮੂਰਤੀਆਂ ਦੀ ਉਪਾਸਨਾ ਤੋਂ ਬਾਅਦ ਸ਼੍ਰੀਮਦ ਭਗਵਤ ਗੀਤਾ ਦਾ ਪਾਠ ਕੀਤਾ। ਖ਼ੁਦਾ ਕਬੀਰ ਧਰਮਦਾਸ ਜੀ ਦੀ ਸਭ ਕਿਰਿਆਵਾਂ ਨੂੰ ਧਿਆਨ ਨਾ.ਲ ਦੇਖ਼ ਅਤੇ ਸੁਣ ਰਿਹਾ ਸੀ। ਧਰਮਦਾਸ ਜੀ ਆਪਣੀਆਂ ਰੋਜ਼ਾਨਾ ਦੀਆਂ ਭਗਤੀ ਕਿਰਿਆਵਾਂ ਤੋਂ ਫ਼ਾਰਗ ਹੋਇਆ। ਤਦ ਪਰਮੇਸ਼ਵਰ ਕਬੀਰ ਜੀ ਨੇ ਉਸ ਨਾ.ਲ ਗਿਆਨ ਚਰਚਾ ਕੀਤੀ। ਗਿਆਨ ਚਰਚਾ ਦਾ ਦੌਰ ਕਈ ਦਿਨਾਂ ਤੱਕ ਚੱਲਿਆ। ਧਰਮਦਾਸ ਜੀ ਨੂੰ ਵੀ ਅੱਲਾਹ ਕਬੀਰ ਜੀ ਆਪਣੇ ਸਤਲੋਕ ਵਿੱਚ ਬਣੇ ਤਖ਼ਤ ਦੇ ਕੋ.ਲ ਲੈ ਕੇ ਗਏ।**

**ਧਰਮਦਾਸ ਜੀ ਤਿੰਨ ਦਿਨ ਤੱਕ ਬੇਹੋਸ਼ ਰਹੇ। ਉੱਪਰ ਦੇ ਸਭ ਲੋਕ ਦਿਖ਼ਾਏ। ਆਪਣਾ ਸਤਲੋਕ ਦਿਖ਼ਾਇਆ। ਸੰਪੂਰਣ ਅਧਿਆਤਮ ਗਿਆਨ ਸਮਝਾ ਕੇ ਮੁੜ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ। ਉਸਦੇ ਬਾਅਦ ਸੰਤ ਧਰਮਦਾਸ ਜੀ ਨੇ ਆਪਣੀ ਪਹਿਲਾਂ**

ਵਾਲੀ ਇਬਾਦਤ ਤਿਆਗ ਦਿੱਤੀ ਅਤੇ ਆਪਣੇ ਨਬੀ ਖ਼ੁਦ ਬਣ ਕੇ ਆਏ ਅੱਲਾਹ ਕਬੀਰ ਦੁਆਰਾ ਦੱਸੀ ਸੱਚੀ ਇਬਾਦਤ ਕੀਤੀ ਅਤੇ ਪੂਰਣ ਮੋਕਸ਼ ਪ੍ਰਾਪਤ ਕੀਤਾ। ਧਰਮਦਾਸ ਜੀ ਨੇ ਅੱਲਾਹ ਕਬੀਰ ਦੀ ਮਹਿਮਾ ਵਿੱਚ ਅਨੇਕਾਂ ਬਾਣੀਆਂ ਬੋਲੀਆਂ:-

ਆਜ ਮੋਹੇ ਦਰਸ਼ਨ ਦਿਯੋ ਜੀ ਕਬੀਰ॥
ਅਮਰਲੋਕ ਸੇ ਚਲਕਰ ਆਏ, ਕਾਟਨ ਜਮ ਕੀ ਜ਼ੰਜ਼ੀਰ ।
ਹਿੰਦੂ ਕੇ ਤੁਮ ਦੇਵ ਕਹਾਏ ਮੁਸ਼ਲਮਾਨ ਕੇ ਪੀਰ ।
ਦੋਨੋਂ ਦੀਨ ਕਾ ਝਗੜਾ ਛਿੜ ਗਯਾ, ਟੋਹਾ ਨਾ ਪਾਇਆ ਸਰੀਰ॥
ਧਰਮਦਾਸ ਕੀ ਅਰਜ ਗੁੰਸਾਈ, ਖੇਵਾ ਲੰਗਾਇਯੋ ਪਰਲੇ ਤੀਰ॥

ਅਰਥਾਤ ਧਰਮਦਾਸ ਜੀ ਨੇ ਸਤਲੋਕ ਦੇਖ਼ਣ ਤੋਂ ਬਾਅਦ ਮੰਨਿਆ ਕਿ ਕਾਸ਼ੀ ਵਾ਼ਲਾ ਜੁਲਾਹਾ ਕਬੀਰ ਸਾਰੀ ਕਾਇਨਾਤ ਨੂੰ ਉਤਪੰਨ ਕਰਨ ਵਾ਼ਲਾ ਕਾਦਰ ਅੱਲਾਹ ਹੈ। ਉਹਨਾਂ ਦੀ ਮਹਿਮਾ ਵਿਸਤਾਰ ਦੇ ਨਾ਼ਲ ਦੱਸੀ ਜੋ ਅੱਖੀਂ ਦੇਖੀ ਸੀ।

ਜਦ ਪਰਮੇਸ਼ਵਰ ਕਬੀਰ ਜੀ ਭਾਰਤ ਦੇਸ਼ ਦੇ ਗੋਰਖ਼ਪੁਰ ਜ਼ਿਲ੍ਹਾ ਉੱਤਰ ਪ੍ਰਦੇਸ਼ ਪ੍ਰਾਂਤ ਦੇ ਮਗਹਰ ਕਸਬੇ ਤੋਂ ਸਹਿਸਰੀਰ ਸਤਲੋਕ ਗਏ ਸਨ। ਉਸ ਸਮੇਂ ਉਹਨਾਂ ਦੇ ਹਿੰਦੂ ਰਾਜਾ ਬੀਰ ਸਿੰਘ ਜੋ ਕਾਸ਼ੀ ਸ਼ਹਿਰ ਦੇ ਰਾਜਾ ਸਨ ਅਤੇ ਮੁਸ-਼ਲਮਾਨ ਨਵਾਬ ਬਿਜਲੀ ਖ਼ਾਨ ਪਠਾਣ ਜੋ ਮਗਹਰ ਕਸਬੇ ਦੇ ਨਵਾਬ ਸਨ, ਦੋਵੇਂ ਸ਼ਿਸ਼ ਸਨ। ਅਨੇਕਾਂ ਹਿੰਦੂ ਅਤੇ ਮੁਸ਼ਲਮਾਨ ਮਗਹਰ, ਕਾਸ਼ੀ ਅਤੇ ਕਈ ਥਾਂਵਾਂ ਦੇ ਲੋਕ ਵੀ ਕਬੀਰ ਜੀ ਦੇ ਸ਼ਿਸ਼ ਸਨ ਜੋ ਗਿਣਤੀ ਵਿੱਚ ਚੌਂਹਠ ਲੱਖ ਦੱਸੇ ਹਨ। ਜਦ ਕਬੀਰ ਜੀ ਨੇ ਸਤਲੋਕ ਜਾਣ ਦੀ ਗੱਲ ਕਹੀ ਤਾਂ ਦੋਵੇਂ (ਹਿੰਦੂ ਅਤੇ ਮੁਸ਼ਲਮਾਨ) ਧਰਮਾਂ ਦੇ ਵਿਅਕਤੀ ਅਤੇ ਰਾਜਾ ਆਪਣੇ-ਆਪਣੇ ਰੀਤੀ-ਰਿਵਾਜ਼ ਨਾ਼ਲ ਅੰਤਿਮ ਸਸਕਾਰ ਕਰਨ ਦੀ ਗੱਲ ਦੀ ਜ਼ਿੱਦ ਕਰਕੇ ਲੜ੍ਹਨ ਲਈ ਤਿਆਰ ਹੋ ਗਏ ਸਨ। ਉਦੋਂ ਕਬੀਰ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਲੜਾਈ ਨਾ ਕਰਨਾ। ਮੈਂ ਇੱਕ ਚਾਦਰ ਹੇਠਾਂ ਵਿਛਾਂਵਾਂਗਾ, ਇੱਕ ਉੱਪਰ ਲਵਾਂਗਾ। ਤੁਸੀਂ ਮੇਰੇ ਸਰੀਰ ਦੇ ਦੋ ਭਾਗ ਕਰ ਲਿਓ ਅਤੇ ਇੱਕ-ਇੱਕ ਚਾਦਰ ਅਤੇ ਅੱਧਾ-ਅੱਧਾ ਸਰੀਰ ਲੈ ਲੈਣਾ। ਜੋ ਲੜ-ਾਈ ਕਰੇਗਾ,ਉਸਨੂੰ ਤਿਆਗ ਦਿਆਂਗਾ। ਇੱਕ ਚਾਦਰ ਬਿਛਾਈ ਗਈ। ਭਗਤਾਂ ਨੇ ਸ਼ਰਧਾ ਨਾ਼ਲ ਉਸਦੇ ਉੱਪਰ ਦੋ-ਤਿੰਨ ਇੰਚ ਮੋਟਾਈ ਵਿੱਚ ਖੁਸ਼ਬੂਦਾਰ ਫੁੱਲ ਬਿਛਾ ਦਿੱਤੇ। ਕਬੀਰ ਜੀ ਉਨ੍ਹਾਂ ਦੇ ਉੱਪਰ ਲੇਟ ਗਏ। ਇੱਕ ਚਾਦਰ ਉੱਪਰ ਲੈ ਲਈ। ਦੋਵਾਂ ਧਰਮਾਂ ਦੇ ਲੋਕ ਆਪਣੇ ਮਨ ਵਿੱਚ ਦੋਸ਼ ਲਈ ਬੈਠੇ ਸੀ ਕਿ ਅੱਧੇ ਸਰੀਰ ਦਾ ਸਸਕਾਰ ਬਦਸ਼ਗੁਨ ਮਤਲਬ ਬੁਰਾ ਹੁੰਦਾ ਹੈ। ਇਸ ਲਈ ਯੁੱਧ ਕਰਕੇ ਪੂਰਾ ਸਰੀਰ ਲੈ ਕੇ ਸਸਕਾਰ ਕਰਾਂਗੇ। ਅੱਲਾਹ ਕਬੀਰ ਜੀ ਤਾਂ ਮਨ ਦੀ ਗੱਲ ਵੀ ਜਾਣਦੇ ਹਨ। ਕੁੱਝ ਸਮੇਂ ਬਾਅਦ ਅਕਾਸ਼ ਤੋਂ ਅਵਾਜ਼ ਆਈ ਕਿ ਚਾਦਰ ਚੁੱਕ ਕੇ ਦੇਖ਼ੋ, ਇਸਦੇ ਨੀਚੇ ਮੁਰਦਾ ਨਹੀਂ ਹੈ। ਸਭ ਨੇ ਉੱਪਰ ਨਜ਼ਰ ਕੀਤੀ। ਦੇਖ਼ਿਆ ਤਾਂ ਕਬੀਰ ਜੀ ਅਕਾਸ਼ ਵਿੱਚ ਉੱਪਰ ਵੱਲ ਜਾ ਰਹੇ ਸਨ। ਕਹਿ ਰਹੇ ਸਨ ਕਿ ਮੈਂ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਪਰਮੇਸ਼ਵਰ ਕਬੀਰ ਕਰਤਾਰ ਹਾਂ। ਤੁਸੀਂ ਮੈਨੂੰ ਸਮਝ ਨਹੀਂ ਸਕੇ। ਚਾਦਰ ਚੁੱਕੀ ਤਾਂ ਲਾਸ਼ ਦੇ ਬਰਾਬਰ ਖੁਸ਼ਬੂਦਾਰ ਫੁੱਲਾਂ ਦਾ ਢੇਰ ਲੱਗਿਆ ਹੋਇਆ ਸੀ। ਕਬੀਰ ਖ਼ੁਦਾ ਆਪਣੇ ਅਸਮਾਨ ਵਾ਼ਲੇ ਤਖ਼ਤ (ਸਿੰਘਾਸਨ) 'ਤੇ ਜਾ ਕੇ ਬੈਠ ਗਏ ਸਨ। ਜੇਕਰ ਇਹ ਚਮਤਕਾਰ ਪਰਮੇਸ਼ਵਰ ਨਾ ਕਰਦੇ ਤਾਂ ਹਿੰਦੂਆਂ ਅਤੇ ਮੁਸ਼ਲਮਾਨਾਂ ਦਾ ਘੋਰ ਯੁੱਧ

ਹੁੰਦਾ। ਹਜ਼ਾਰਾਂ ਲੋਕ ਮਾਰੇ ਜਾਂਦੇ। ਉਸ ਅਨਰਥ ਨੂੰ ਪਰਮੇਸ਼ਵਰ ਬਿਨਾਂ ਕੋਈ ਨਹੀਂ ਟਾਲ ਸਕਦਾ। ਉਸੇ ਸਮੇਂ ਹਿੰਦੂ ਅਤੇ ਮੁਸਲਮਾਨ ਆਪਸ ਵਿੱਚ ਗਲ਼ੇ ਲੱਗ ਕੇ ਅੱਲਾਹ ਦੇ ਚਲੇ ਜਾਣ ਦੇ ਗਮ ਵਿੱਚ ਭੁੱਬਾਂ ਮਾਰ ਮਾਰ ਕੇ ਰੋਣ ਲੱਗ ਪਏ। ਕਹਿਣ ਲੱਗੇ ਕਿ ਅਸੀਂ ਅੱਲਾਹ ਨੂੰ ਪਹਿਚਾਣਿਆ ਨਹੀਂ। ਸਾਡੇ ਤੋਂ ਬੜੀ ਗ਼ਲਤੀ ਹੋਈ ਹੈ। ਦੋਨਾਂ ਧਰਮਾਂ ਵਿੱਚ ਇੱਕ-ਇੱਕ ਚਾਦਰ ਅਤੇ ਅੱਧੇ-ਅੱਧੇ ਫੁੱਲ ਵੰਡੇ ਗਏ। ਬਿਜਲੀ ਖ਼ਾਨ ਪਠਾਨ (ਮਗਹਰ ਦੇ ਨਵਾਬ) ਨੇ ਆਪਣੇ ਪੀਰ ਕਬੀਰ ਜੀ ਦੇ ਲਈ ਦੋਵਾਂ ਧਰਮਾਂ ਨੂੰ ਇੱਕ ਜਗ੍ਹਾ 'ਤੇ (ਸੌ ਫੁੱਟ ਦੇ ਫਾਸਲੇ ਤੇ) ਫੁੱਲਾਂ ਦਾ ਅੰਤਿਮ ਸਸਕਾਰ ਕਰਨ ਲਈ ਜਗ੍ਹਾ ਦੇ ਦਿੱਤੀ। ਦੋਵਾਂ ਧਰਮਾਂ ਨੇ ਇੱਕ ਚਾਦਰ ਅਤੇ ਅੱਧੇ ਫੁੱਲਾਂ ਦਾ ਆਪਣੇ-ਆਪਣੇ ਰੀਤਿ-ਰਿਵਾਜ਼ਾਂ ਨਾਲ਼ ਅੰਤਿਮ ਸਸਕਾਰ ਕੀਤਾ। ਅੱਜ ਵੀ ਦੋਵੇਂ ਯਾਦਗਾਰਾਂ ਮਗਹਰ ਨਗਰ (ਜ਼ਿਲ੍ਹਾ-ਸੰਤ ਕਬੀਰ ਨਗਰ, ਉੱਤਰਪ੍ਰਦੇਸ਼, ਭਾਰਤ) ਵਿੱਚ ਮੌਜੂਦ ਹਨ। ਬਿਜਲੀ ਖ਼ਾਨ ਪਠਾਨ ਨੇ ਦੋਵਾਂ ਯਾਦਗਾਰਾਂ ਦੇ ਲਈ 500-500 ਬਿੱਘੇ ਜ਼ਮੀਨ ਦਾਨ (ਜਕਾਤ) ਵਿੱਚ ਦਿੱਤੀ ਸੀ।



ਜਦ ਪਰਮੇਸ਼ਵਰ ਕਬੀਰ ਜੀ ਸਭ ਦੇ ਵਿੱਚੋਂ ਚਲੇ ਗਏ ਤਾਂ ਇਸ ਵਿਯੋਗ ਵਿੱਚ ਸੰਤ ਧਰਮਦਾਸ ਜੀ ਨੇ ਰੋਂਦੇ ਹੋਏ ਕਿਹਾ ਸੀ ਕਿ ਹੇ ਪਰਮੇਸ਼ਵਰ ਕਬੀਰ ਜੀ ! ਮੈਨੂੰ ਫ਼ਿਰ ਤੋਂ ਦਰਸ਼ਨ ਦਿਓ। ਤੁਸੀ ਤਾਂ ਸਤਲੋਕ ਤੋਂ ਆਪਣੇ ਤਖ਼ਤ (ਸਿੰਘਾਸਣ) ਤੋਂ ਚੱਲ ਕੇ ਪ੍ਰਿਥਵੀ ਦੇ ਉੱਪਰ ਸਾਡੇ ਕਰਮ ਰੂਪੀ ਬੰਧਨ ਜ਼ੰਜੀਰ ਕੱਟਣ ਆਏ ਸੀ। ਦੋਵਾਂ (ਧਰਮਾਂ) ਦਾ ਝਗੜਾ ਹੋਣ ਜਾ ਰਿਹਾ ਸੀ। ਸਭ ਨੇ ਆਪਣੀ-ਆਪਣੀ ਸੈਨਾ ਹਥਿਆਰਾਂ ਸਹਿਤ ਲੜਨ ਨੂੰ ਤਿਆਰ ਕਰ ਦਿੱਤੀ ਸੀ। ਤੁਹਾਡਾ ਸਰੀਰ ਹੀ ਨਹੀਂ ਮਿਲਿਆ। ਤੁਸੀਂ ਕਾਦਰ ਅੱਲਾਹ ਹੋ। ਇਸਨੂੰ ਸਮਝਣ ਲਈ ਇਹ ਲੀਲਾ ਕਾਫ਼ੀ ਹੈ। ਹੇ ਪਰਮੇਸ਼ਵਰ! ਮੇਰੇ ਜੀਵਨ ਰੂਪੀ ਖੇਵੇ (ਬੇੜੀ) ਨੂੰ ਸੰਸਾਰ ਰੂਪੀ ਦਰਿਆ ਦੇ (ਪਰਲੇ ਪਾਸੇ) ਦੂਸਰੇ ਕਿਨਾਰੇ ਲਗਾਓ ਯਾਣੀ ਮੋਕਸ਼ ਪ੍ਰਦਾਨ ਕਰੋ। ਕੁੱਝ ਦਿਨਾਂ ਬਾਅਦ ਸੰਤ ਧਰਮਦਾਸ ਜੀ ਨੂੰ ਅੱਲਾਹ ਕਬੀਰ ਜੀ ਫ਼ਿਰ ਸਤਲੋਕ ਤੋਂ ਆ ਕੇ ਮਿਲੇ।ਉਹਨਾਂ ਦੇ ਨਾਲ਼ ਰਹੇ। ਸੰਤ ਧਰਮਦਾਸ ਜੀ ਨੂੰ ਸਤਲੋਕ ਭੇਜਿਆ। ਇਸ ਤੋਂ ਸਿੱਧ ਹੋਇਆ ਕਿ ਜੋ ਅਲ-ਖਿਜ਼੍ਰ ਰੂਪ ਵਿੱਚ ਹਜ਼ਰਤ

ਮੁਹੰਮਦ ਸੱਲਮ ਆਦਿ ਨੂੰ ਮਿਲਿਆ ਸੀ, ਉਹ ਅਲ-ਕਬੀਰ ਹੀ ਸ੍ਰਿਸ਼ਟੀ ਦਾ ਉਤਪੱਤੀ ਕਰਤਾ ਖ਼ੁਦਾ ਹੈ।

♦ ਗਵਾਹ ਨੰ.4 ( ਸੰਤ ਮਲੂਕ ਦਾਸ ਜੀ):- ਸੰਤ ਮਲੂਕ ਦਾਸ ਜੀ ਨੂੰ ਵੀ ਕਬੀਰ ਜੀ ਸਤਲੋਕ ਲੈ ਕੇ ਗਏ। ਸਭ ਵਿਵਸਥਾ ਦਿਖ਼ਾ ਕੇ ਵਾਪਿਸ ਸਰੀਰ ਵਿਚ ਛੱਡਿਆ ਸੀ। ਪਹਿਲਾਂ ਮਲੂਕ ਦਾਸ ਜੀ ਸ਼੍ਰੀ ਕ੍ਰਿਸ਼ਨ ਅਤੇ ਸ਼੍ਰੀ ਰਾਮ ਚੰਦਰ (ਸ਼੍ਰੀ ਵਿਸ਼ਨੂੰ ਜੀ) ਦੇ ਪਰਮ ਭਗਤ ਸਨ। ਉਸਤੋਂ ਬਾਅਦ ਪਹਿਲਾਂ ਵਾਲ਼ੀ ਪੂਜਾ ਤਿਆਗ ਕੇ ਖ਼ੁਦਾ ਕਬੀਰ ਜੀ ਦੁਆ-ਰਾ ਦੱਸੀ ਇਬਾਦਤ ਕੀਤੀ। ਮੋਕਸ਼ ਪ੍ਰਾਪਤ ਕੀਤਾ। ਸੰਤ ਮਲੂਕ ਦਾਸ ਜੀ ਨੇ ਕਿਹਾ:-

ਜਪੋ ਰੇ ਮਨ ਸਾਹੇਬ ਨਾਮ ਕਬੀਰ, ਜਪੋ ਰੇ ਮਨ ਪਰਮੇਸ਼ਵਰ ਨਾਮ ਕਬੀਰ॥
ਏਕ ਸਮੇਂ ਗੁਰੂ ਬੰਸੀ ਬਜਾਈ, ਕਾਲੰਦਰੀ ਕੇ ਤੀਰ।
ਸੁਰ ਨਰ ਮੁਨਿਜਨ ਥਕਤ ਭਯੇ, ਰੁਕ ਗਿਆ ਜਮਨਾ ਨੀਰ।
ਅੰਮ੍ਰਿਤ ਭੋਜਨ ਮਹਾਰੇ ਸਤਿਗੁਰੂ ਜੀਮੇਂ, ਸ਼ਬਦ ਦੂਧ ਕੀ ਖੀਰ।
ਦਾਸ ਮਲੂਕ ਸਲੂਕ ਕਹਤ ਹੈ, ਖੋਜੋ ਖਸਮ ਕਬੀਰ॥

ਭਾਵਅਰਥ ਸੰਤ ਮਲੂਕ ਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਕਬੀਰ ਜੀ ਦਾ ਨਾਮ ਜਪਿਆ ਕਰੋ। ਉਸ (ਖਸਮ) ਸਭ ਦੇ ਮਾਲਿਕ ਦੀ ਖੋਜ ਕਰੋ, ਉਸਨੂੰ ਪਹਿਚਾਣੋ। ਸਤ ਸਾਧਨਾ ਕਰਕੇ ਸਤਲੋਕ ਵਿੱਚ ਕਬੀਰ ਖ਼ੁਦਾ ਦੇ ਕੋਲ਼ ਜਾਓ। ਜਿਵੇਂ ਸ਼੍ਰੀ ਕ੍ਰਿਸ਼ਨ ਦੇ ਵਿਸ਼ੇ ਵਿੱਚ ਦੱਸਿਆ ਜਾਂਦਾ ਹੈ ਕਿ ਉਹ ਬੰਸਰੀ ਮਧੁਰ ਵਜਾਂਉਂਦੇ ਸਨ। ਉਸਨੂੰ ਸੁਣ ਕੇ ਗੋਪੀਆਂ ਅਤੇ ਗਾਂਵਾਂ ਖਿੱਚੀਆਂ ਚਲੀਆਂ ਆਉਂਦੀਆਂ ਸਨ। ਮਲੂਕ ਦਾਸ ਜੀ ਨੇ ਦੱਸਿਆ ਹੈ ਕਿ ਇਕ ਸਮੇਂ ਮੇਰੇ ਸਤਿਗੁਰੂ ਕਬੀਰ ਜੀ ਨੇ (ਕਾਲੰ-ਦਰੀ) ਜਮਨਾ ਨਦੀ ਦੇ ਕਿਨਾਰੇ ਬੰਸਰੀ ਵਜਾਈ ਸੀ ਜਿਸਨੂੰ ਸੁਣ ਕੇ ਸਵਰਗ ਲੋਕ ਦੇ ਦੇਵਤਾ, ਰਿਸ਼ੀਜਨ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਖਿੱਚੇ ਚਲੇ ਆਏ ਸਨ। ਹੋਰ ਕੀ ਦੱਸਾਂ ! ਜਮਨਾ ਨਦੀ ਦਾ ਪਾਣੀ ਵੀ ਰੁੱਕ ਗਿਆ ਸੀ। ਮੇਰੇ ਸਤਿਗੁਰੂ ਸ਼ਬਦ ਦੀ ਖੀਰ ਖਾਂਦੇ ਹਨ ਯਾਣੀ ਕਿ ਅੰਮ੍ਰਿਤ ਭੋਜਨ ਦੇ ਨਾਲ਼-ਨਾਲ਼ ਅਮਰ ਅਨੰਦ ਵੀ ਭੋਗਦੇ ਹਨ।ਸੰਤ ਮਲੂਕ ਦਾਸ ਜੀ ਨੇ ਅੱਖੀਂ ਦੇਖ ਦੱਸਿਆ ਕਿ ਕਬੀਰ ਪੂਰਣ ਬ੍ਰਹਮ (ਕਾਦਰ ਅੱਲਾਹ) ਹੈ।

♦ ਗਵਾਹ ਨੰ.5 (ਸ਼੍ਰੀ ਗੁਰੂ ਨਾਨਕ ਦੇਵ ਜੀ) :- ਸ਼੍ਰੀ ਨਾਨਕ ਜੀ ਨੂੰ ਪਰਮਾਤਮਾ ਮਿਲੇ ਸਨ ਜਿਸ ਸਮੇਂ ਸ਼੍ਰੀ ਨਾਨਕ ਦੇਵ ਸਾਹਿਬ ਜੀ ਸੁਲਤਾਨਪੁਰ ਸ਼ਹਿਰ ਵਿੱਚ ਨਵਾਬ ਦੇ ਇੱਥੇ ਮੋਦੀ ਖ਼ਾਨੇ ਵਿੱਚ ਨੌਕਰੀ ਕਰਦੇ ਸਨ। ਸੁਲਤਾਨਪੁਰ ਸ਼ਹਿਰ ਤੋਂ ਅੱਧਾ ਕਿ.ਮੀ. ਦੂਰ ਬੇਈ ਨਦੀ ਵਹਿੰਦੀ ਹੈ। ਸ਼੍ਰੀ ਨਾਨਕ ਜੀ ਰੋਜ਼ਾਨਾ ਉਸ ਦਰਿਆ ਵਿੱਚ ਇਸ਼ਨਾਨ ਕਰਨ ਜਾਂਦੇ ਸਨ।

ਇੱਕ ਦਿਨ ਪਰਮਾਤਮਾ ਜ਼ਿੰਦਾ ਬਾਬਾ ਦੇ ਭੇਸ ਵਿੱਚ ਬੇਈ ਨਦੀ ਉੱਤੇ ਪ੍ਰਗਟ ਹੋਏ, ਉੱਥੇ ਸ਼੍ਰੀ ਨਾਨਕ ਦੇਵ ਜੀ ਨਾਲ਼ ਗਿਆਨ ਚਰਚਾ ਹੋਈ। ਉਸ ਤੋਂ ਬਾਅਦ ਸ਼੍ਰੀ ਨਾਨਕ ਜੀ ਨੇ ਨਦੀ ਵਿੱਚ ਡੁਬਕੀ ਲਗਾਈ ਪਰ ਬਾਹਰ ਨਹੀਂ ਆਏ। ਉੱਥੇ ਮੌਜੂਦ ਲੋਕਾਂ ਨੇ ਮੰਨ ਲਿਆ ਕਿ ਨਾਨਕ ਜੀ ਨਦੀ ਵਿੱਚ ਡੁੱਬ ਗਏ ਹਨ। ਸ਼ਹਿਰ ਦੇ ਲੋਕਾਂ ਨੇ ਦਰਿਆ ਵਿੱਚ ਜਾਲ਼ ਸੁੱਟ ਕੇ ਵੀ ਖੋਜ ਕੀਤੀ, ਪਰ ਨਿਰਾਸ਼ਾ ਹੀ ਹੱਥ ਲੱਗੀ। ਕਿਉਂਕਿ ਸ਼੍ਰੀ ਨਾਨਕ ਦੇਵ ਜੀ ਤਾਂ ਜ਼ਿੰਦਾ ਬਾਬਾ ਦੇ ਰੂਪ ਵਿੱਚ ਪ੍ਰਗਟ ਪਰਮਾਤਮਾ ਦੇ ਨਾਲ਼ ਸੱਚਖੰਡ (ਸਤਲੋਕ) ਵਿੱਚ ਚਲੇ ਗਏ ਸੀ। ਤਿੰਨ ਦਿਨ ਬਾਅਦ ਸ਼੍ਰੀ ਨਾਨਕ ਦੇਵ ਜੀ ਵਾਪਸ ਧਰਤੀ 'ਤੇ ਆਏ। ਉਸੇ ਬੇਈ ਨਦੀ ਦੇ ਉਸੇ ਕੰਢੇ 'ਤੇ ਖੜ੍ਹੇ ਹੋ ਗਏ ਜਿੱਥੋਂ ਅੰਤਰਧਿਆਨ ਹੋਏ

ਸੀ। ਸ਼੍ਰੀ ਨਾਨਕ ਜੀ ਨੂੰ ਜਿਉਂਦਾ ਦੇਖ਼ ਕੇ ਸੁਲਤਾਨਪੁਰ ਦੇ ਨਿਵਾਸੀਆਂ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਸ਼੍ਰੀ ਨਾਨਕ ਜੀ ਦੀ ਭੈਣ ਨਾਨਕੀ ਵੀ ਸੁਲਤਾਨਪੁਰ ਸ਼ਹਿਰ ਵਿੱਚ ਵਿਆਹੀ ਹੋਈ ਸੀ। ਆਪਣੀ ਭੈਣ ਦੇ ਕੋ.ਲ ਸ਼੍ਰੀ ਨਾਨਕ ਜੀ ਰਿਹਾ ਕਰਦੇ ਸਨ। ਆਪਣੇ ਭਰਾ ਦੀ ਮੌਤ ਦੇ ਗਮ ਤੋਂ ਦੁਖ਼ੀ ਭੈਣ ਨਾਨਕੀ ਬਹੁਤ ਹੈਰਾਨ ਹੋਈ ਅਤੇ ਗਮ ਖੁਸ਼ੀ ਵਿੱਚ ਬਦਲ ਗਿਆ। ਸ਼੍ਰੀ ਨਾਨਕ ਦੇਵ ਜੀ ਨੂੰ ਪਰਮਾਤਮਾ ਮਿਲੇ, ਸੱਚਾ ਗਿਆਨ ਮਿਲਿਆ, ਸੱਚਾ ਨਾਮ (ਸਤਿਨਾਮ) ਮਿਲਿਆ। ਪੁਸਤਕ ਭਾਈ ਬਾਲੇ ਵਾ.ਲੀ "ਜਨਮ ਸਾਖੀ ਗੁਰੂ ਨਾਨਕ ਦੇਵ ਜੀ" ਵਿੱਚ ਅਤੇ ਪ੍ਰਾਣ ਸੰਗ.ਲੀ ਹਿੰਦੀ ਲਿੱਪੀ ਵਾ.ਲੀ ਵਿੱਚ ਜਿਸ ਦੇ ਸੰਪ-ਾਦਕ ਸੰਤ ਸੰਪੂਰਨ ਸਿੰਘ ਹਨ, ਇਨ੍ਹਾਂ ਦੋਵਾਂ ਪੁਸਤਕਾਂ ਵਿੱਚ ਪ੍ਰਮਾਣ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਖੁਦ ਮਰਦਾਨੇ ਨੂੰ ਦੱਸਿਆ ਕਿ ਮੈਨੂੰ ਪਰਮਾਤਮਾ ਜ਼ਿੰਦਾ ਬਾਬਾ ਦੇ ਰੂਪ ਵਿੱਚ ਬੇਈ ਨਦੀ 'ਤੇ ਮਿਲੇ, ਜਦੋਂ ਮੈਂ ਇਸ਼ਨਾਨ ਕਰਨ ਦੇ ਲਈ ਗਿਆ । ਮੈਂ ਤਿੰਨ ਦਿਨ ਤੱਕ ਉਹਨਾਂ ਦੇ ਨਾ.ਲ ਰਿਹਾ ਸੀ। ਉਹ ਬਾਬਾ ਜ਼ਿੰਦਾ ਮੇਰਾ ਸਤਿਗੁਰੂ ਵੀ ਹੈ ਅਤੇ ਉਹ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਵੀ ਹੈ। ਇਸ ਲਈ ਉਹੀ "ਬਾਬਾ" ਕਹਾਉਣ ਦਾ ਹੱਕਦਾਰ ਹੈ, ਦੂਜਿਆਂ ਨੂੰ "ਬਾਬਾ" ਨਹੀਂ ਕਹਿਣਾ ਚਾਹੀਦਾ, ਉਸਦਾ ਨਾਮ ਕਬੀਰ ਹੈ।

ਕਾਯਮ ਦਾਯਮ ਕੁਦਰਤੀ ਸਬ ਪੀਰਨ ਸਿਰ ਪੀਰ ਆਲਮ ਬੜਾ ਕਬੀਰ ॥

ਇਸ ਲਈ ਸ਼੍ਰੀ ਨਾਨਕ ਜੀ ਦੀ ਬਾਣੀ (ਮਹੱਲਾ 1) ਹੈ, ਉਹ ਸੂਕਸ਼ਮ ਵੇਦ ਨਾ.ਲ ਮੇ.ਲ ਖਾਂਦੀ ਹੈ, ਇਹ ਸਹੀ ਹੈ। ਹੋਰ ਸੰਤਾਂ ਦੀ ਬਾਣੀ ਇੰਨੀ ਸਟੀਕ ਨਹੀਂ ਹੈ। ਕਾਰਣ ਇਹ ਹੈ ਕਿ ਸ਼੍ਰੀ ਨਾਨਕ ਦੇਵ ਜੀ ਨੂੰ ਪਰਮਾਤਮਾ ਕਬੀਰ ਜੀ ਮਿਲੇ ਸੀ।

ਪ੍ਰਮਾਣ:- ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 24 ਤੇ ਲਿਖੀ ਬਾਣੀ:-

ਏਕੁ ਸੁਆਨੁ ਦੁਇ ਸੁਆਨੀ ਨਾਲਿ, ਭਲਕੇ ਭਉਂਕਹਿ ਸਦਾ ਬਇਆਲ,
ਕੂੜੁ ਛੁਰਾ ਮੁਠਾ ਮੁਰਦਾਰੁ, ਧਾਣਕ ਰੂਪਿ ਰਹਾ ਕਰਤਾਰ ॥
ਤੇਰਾ ਏਕੁ ਨਾਮੁ ਤਾਰੇ ਸੰਸਾਰ, ਮੈ ਏਹਾ ਆਸ ਏਹੋ ਆਧਾਰੁ, ਧਾਣਕ ਰੂਪਿ ਰਹਾ ਕਰਤਾਰ।
ਫਾਹੀ ਸੁਰਤਿ ਮਲੂਕੀ ਵੇਸੁ, ਹਉ ਠਗਵਾੜਾ ਠਗੀ ਦੇਸੁ।
ਖਰਾ ਸਿਆਣਾ ਬਹੁਤਾ ਭਾਰੁ, ਧਾਣਕ ਰੂਪਿ ਰਹਾ ਕਰਤਾਰ ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ 731 ਤੇ ਇਹ ਬਾਣੀ ਹੈ:-

ਅੰਧੁਲਾ ਨੀਚ ਜਾਤ ਪਰਦੇਸੀ , ਖਿਨੁ ਆਵੈ ਤਿਲੁ ਜਾਵੈ।
ਤਾ ਕੀ ਸੰਗਤਿ ਨਾਨਕੁ ਰਹੰਦਾ, ਕਿਉ ਕਰ ਮੂੜਾ ਪਾਵੈ॥

ਪੰਨਾ ਨੰਬਰ 721 ਤੇ ਇਹ ਬਾਣੀ ਲਿਖੀ ਹੈ :-

ਯਕ ਅਰਜ਼ ਗੁਫ਼ਤਮ ਪੇਸਿ ਤੋ ਦਰ ਗੋਸ, ਕੁਨ ਕਰਤਾਰ।
ਹਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ॥

ਇਹ ਉਪਰੋਕਤ ਅੰਮ੍ਰਿਤਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ, ਜਿਸ ਤੋਂ ਸਿੱਧ ਹੋਇਆ ਕਿ ਸ਼੍ਰੀ ਨਾਨਕ ਜੀ ਨੂੰ ਪਰਮਾਤਮਾ ਮਿਲੇ ਸੀ। ਉਹ "ਕਬੀਰ ਕਰਤਾਰ" ਹੈ ਜੋ ਕਾਸ਼ੀ ਵਿੱਚ ਧਾਣਕ ਦੇ ਰੂਪ ਵਿੱਚ ਲੀਲਾ ਕਰਨ ਆਏ ਸੀ।

ਉਪਰੋਕਤ ਪ੍ਰਮਾਣਾਂ ਤੋਂ ਸਪੱਸ਼ਟ ਹੋਇਆ ਹੈ ਕਿ ਕਬੀਰ ਜੁਲਾਹਾ ਕਾਸ਼ੀ (ਭਾਰਤ) ਵਾ.ਲਾ ਸਭ ਦੀ ਉਤਪੱਤੀ ਕਰਨ ਵਾ.ਲਾ, ਸਭ ਦਾ ਧਾਰਣ-ਪੋਸ਼ਣ ਕਰਨ ਵਾ.ਲਾ ਸਮਰੱਥ ਪਰਮਾਤਮਾ ਹੈ। ਉਹ ਹੀ ਅਲ-ਖਿਜ਼ੂ ਦੇ ਭੇਸ ਵਿੱਚ ਚੰਗੀਆਂ ਆਤਮ-ਾਂਵਾਂ ਨੂੰ ਮਿਲਿਆ ਸੀ। ਉਹ ਇਵੇਂ ਦੇ ਹੋਰ ਭੇਸ ਬਣਾ ਕੇ ਨੇਕ ਆਤਮਾਂਵਾਂ ਨੂੰ ਵੀ ਭਗਤੀ

ਦੀ ਉੱਤਮ ਵਿਧੀ ਦਾ ਗਿਆਨ ਕਰਵਾਉਂਦਾ ਹੈ। ਉੱਪਰ ਜੋ ਸੁਲਤਾਨ ਇਬ੍ਰਾਹਿਮ ਇਬਨ ਅਧਮ ਦੇ ਪ੍ਰਕਰਣ ਤੋਂ ਵੀ ਸਪੱਸ਼ਟ ਹੈ ਕਿ ਅਲ-ਖਿਜ਼੍ਰ ਹੀ ਕਬੀਰ ਅੱਲਾਹ ਹੈ।

**8. ਰੂਮੀ ਦਾ ਪਰਿਚਯ:-**

ਰੂਮੀ ਵਿਸ਼ਵ ਦੇ ਮੰਨੇ ਪ੍ਰਮੰਨੇ ਕਵੀ ਹਨ ਅਤੇ ਕਬੀਰ ਸਾਹਿਬ ਤੋਂ ਬਾਅਦ ਦੂਸਰਾ ਨੰਬਰ ਰੂਮੀ ਦਾ ਆਉਂਦਾ ਹੈ। ਪੱਛਮੀ ਦੇਸ਼ਾਂ ਵਿੱਚ ਰੂਮੀ ਕਾਫ਼ੀ ਮਸ਼ਹੂਰ ਹਨ। ਰੂਮੀ ਦੀਆਂ ਕਵਿਤਾਂਵਾਂ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਵਿਕਦੀਆਂ ਹਨ। ਰੂਮੀ ਦੀਆਂ ਰਚਨਾਵਾਂ "Mansnavi" ਅਤੇ "Diwan-e-Kabir" ਨੂੰ Melvana Museum, Konya, Turkey ਵਿੱਚ ਰੱਖਿਆ ਗਿਆ ਹੈ। ਰੂਮੀ ਦੀ ਮਜ਼ਾਰ Konya, Turkey ਵਿੱਚ ਸਥਿੱਤ ਹੈ। ਉਸ ਦੇ ਨਾਲ਼ ਰੂਮੀ ਦੇ ਮੁਰਸ਼ੀਦ ਸਮਸਤਰਬੇਜ ਦੀ ਵੀ ਕ੍ਰਿਤਿਮ ਕਬਰ ਬਣੀ ਹੋਈ ਹੈ। ਹਰ ਸਾਲ ਪੂਰੇ ਵਿਸ਼ਵ ਤੋਂ ਲੱਖਾਂ ਲੋਕ ਰੂਮੀ ਦੀ ਮਜ਼ਾਰ ਦਾ ਸਜਦਾ ਕਰਨ ਜਾਂਦੇ ਹਨ ਅਤੇ ਹੈਰਤ ਦੀ ਗੱਲ ਇਹ ਹੈ ਕਿ ਮੁਸਲ਼ਮਾਨਾਂ ਤੋਂ ਜ਼ਿਆਦਾ ਗੈਰ-ਮੁਸਲ਼ਮਾਨ ਜਾਂਦੇ ਹਨ।

**ਰੂਮੀ ਦੀ ਸਮਸਤਰਬੇਜ ਨਾਲ਼ ਮੁਲਾਕਾਤ:-**

ਰੂਮੀ ਸ਼ਹਿਰ ਕੋਣਯਾ, ਟਰਕੀ ਦੇਸ਼ ਦੀ ਮਸਜ਼ਿਦ ਦੇ ਸਭ ਤੋਂ ਵੱਡੇ ਮੌਲਵੀ ਸੀ ਅਤੇ ਮੁਸਲ਼ਮਾਨ ਧਰਮ ਦਾ ਪ੍ਰਚਾਰ -ਪ੍ਰਸਾਰ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੇ ਬਹੁਤ ਸਾਰੇ ਸ਼ਗਿਰਦ ਸਨ।

15th November 1244 ਦੀ ਦਿਨ ਇੱਕ 60 ਸਾਲ ਦਾ ਚਿੱਟੀ ਦਾੜ੍ਹੀ ਵਾਲ਼ਾ ਸਖ਼ਸ਼ ਸਿਰ ਤੋਂ ਅੱਡੀ ਤੱਕ ਕਾਲ਼ਾ ਲਿਬਾਸ ਪਹਿਨੇ ਹੋਏ ਕੋਣਯਾ ਦੇ ਮਸ਼ਹੂਰ ਚੀਨੀ ਬਜ਼ਾਰ ਵਿੱਚ ਵਪਾਰੀਆਂ ਦੀ ਸਰਾਂ ਵਿੱਚ ਪਹੁੰਚਿਆ। ਇਸ ਸਖ਼ਸ਼ ਦਾ ਨਾਮ ਸਮਸਤਰਬੇਜ (*Shams Tebrez*) ਸੀ। ਪੁੱਛਣ 'ਤੇ ਲੋਕਾਂ ਨੂੰ ਦੱਸਿਆ ਕਿ ਮੈਂ ਇੱਕ ਰਾਹ ਚੱਲਦਾ ਵਪਾਰੀ ਹਾਂ। ਉਹ ਉੱਥੇ ਜਿਵੇਂ ਕੁੱਝ ਖੋਜ ਰਹੇ ਸੀ ਅਤੇ ਆਖ਼ਿਰਕਾਰ ਉਨ੍ਹਾਂ ਨੂੰ ਰੂਮੀ ਘੋੜੇ ਦੀ ਸਵਾਰੀ ਕਰਦੇ ਹੋਏ ਦਿਖ਼ਾਈ ਦਿੱਤਾ।

ਇੱਕ ਦਿਨ ਇੱਕ ਹੌਜ (ਤਲਾਬ) ਦੇ ਕਿਨਾਰੇ ਰੂਮੀ ਪੁਰਾਣੀ ਇਲਮੀ ਕਿਤਾਬਾਂ ਦਾ ਇੱਕ ਢੇਰ ਰੱਖ ਕੇ ਬੈਠੇ ਸਨ ਅਤੇ ਆਪਣੇ ਸ਼ਗਿਰਦਾਂ ਨੂੰ ਪੜ੍ਹਾ ਰਹੇ ਸਨ। ਸਮਸਤਰਬੇਜ ਉੱਥੋਂ ਗੁਜ਼ਰੇ ਅਤੇ ਉਨ੍ਹਾਂ ਕਿਤਾਬਾਂ ਦੇ ਢੇਰ ਦੇ ਵੱਲ ਇਸ਼ਾਰਾ ਕਰਦੇ ਹੋਏ ਰੂਮੀ ਤੋਂ ਪੁੱਛਿਆ, ਇਹ ਕੀ ਹੈ? ਰੂਮੀ ਨੇ ਵਿਅੰਗਪੂਰਵਕ ਉਤਰ ਦਿੱਤਾ, ਬਾਬਾ" ਇਹ ਉਹ ਹੈ ਜੋ ਤੂੰ ਨਹੀਂ ਜਾਣਦਾ।" ਇਹ ਸੁਣ ਕੇ ਸਮਸਤਰਬੇਜ ਨੇ ਉਹਨਾਂ ਕਿਤਾਬਾਂ ਨੂੰ ਹੌਜ ਵਿੱਚ ਧੱਕਾ ਦੇ ਦਿੱਤਾ। ਇਹ ਦੇਖ਼ ਰੂਮੀ ਅੱਗ-ਬਬੂਲਾ ਹੋ ਗਏ ਅਤੇ ਕਿਹਾ ਹੇ ਬਦਬਖ਼ਤ! ਇਹ ਤੂੰ ਕੀ ਕੀਤਾ ? ਕੀ ਤੂੰ ਜਾਣਦਾ ਹੈਂ ਇਹ ਕਿਤਾਬਾਂ ਕਿੰਨੀਆਂ ਕੀਮਤੀ ਸਨ? ਇਹ ਸੁਣਕੇ ਸਮਸਤਰਬੇਜ ਹੌਜ ਵਿੱਚ ਕੁੱਦ ਗਏ ਅਤੇ ਇੱਕ-ਇੱਕ ਕਰਕੇ ਸਾਰੀਆਂ ਕਿਤਾਬਾਂ ਪਾਣੀ ਤੋਂ ਬਾਹਰ ਕੱਢ ਕੇ ਰੱਖ ਦਿੱਤੀਆਂ ਅਤੇ ਇੱਕ ਵੀ ਕਿਤਾਬ ਗਿੱਲੀ ਨਹੀਂ ਹੋਈ ਸੀ। ਉਲਟਾ ਉਨ੍ਹਾਂ ਵਿਚੋਂ ਰੇਤ ਨਿੱਕਲ ਰਹੀ ਸੀ। ਇਹ ਹੈਰਤਅੰਗੇਜ ਨਜ਼ਾਰਾ ਦੇਖ਼ ਰੂਮੀ ਹੈਰਾਨ ਰਹਿ ਗਿਆ ਅਤੇ ਸਮਸਤਰਬੇਜ ਤੋਂ ਪੁੱਛਿਆ,ਬਾਬਾ ਇਹ ਕੀ ਹੈ? ਸਮਸਤਰਬੇਜ ਨੇ ਉੱਤਰ ਦਿੱਤਾ "ਇਹ ਉਹ ਹੈ ਜੋ ਤੂੰ ਨਹੀਂ ਜਾਣਦਾ", ਅਤੇ ਉੱਥੋਂ ਚਲੇ ਗਏ।

ਅਗਲ਼ੇ ਦਿਨ ਰੂਮੀ ਆਪਣੇ ਘੋੜੇ ਉੱਤੇ ਸਵਾਰ ਹੋ ਕੇ ਬਜ਼ਾਰ ਵਿੱਚ ਪਹੁੰਚੇ। ਉੱਥੇ ਲੋਕ ਆਦਰ-ਸਤਿਕਾਰ ਵਿੱਚ ਉਹਨਾਂ ਦਾ ਹੱਥ ਚੁੰਮ ਰਹੇ ਸਨ। ਉਦੋਂ

ਅਚਾਨਕ ਸਮਸਤਰਬੇਜ ਉੱਥੇ ਪਹੁੰਚੇ ਅਤੇ ਰੂਮੀ ਦੇ ਘੋੜੇ ਦੀ ਲਗਾਮ ਫੜ੍ਹ ਲਈ। ਰੂਮੀ ਪਹਿਚਾਣ ਗਿਆ ਕਿ ਇਹ ਤਾਂ ਉਹੀ ਬਾਬਾ ਹੈ, ਰੂਮੀ ਵੀ ਉਹਨਾਂ ਨੂੰ ਮਿ-ਲਣਾ ਚਾਹੁੰਦੇ ਸਨ। ਬਾਬਾ ਨੇ ਕਿਹਾ ਕਿ ਰੂਮੀ ਇੱਕ ਮਸਲਾ ਹੈ, ਮੈਨੂੰ ਇਹ ਦੱਸੋ ਕਿ ਮੁਹੰਮਦ ਵੱਡਾ ਜਾਂ ਬਾਯਾਜਿਦ ਬਸਤਾਮੀ ਵੱਡਾ? (ਇੰਟਰਨੈੱਟ 'ਤੇ ਅਜਿਹਾ ਵਰਨਣ ਮਿਲਦਾ ਹੈ ਕਿ ਮਨਸ਼ੂਰ-ਅਲ-ਹੱਲਾਜ ਜਿਸਨੇ ਅਨਲ ਹੱਕ ਦਾ ਨਾਰਾ ਲਗਾਇਆ ਸੀ, ਬਾਯਾਜਿਦ ਬਸਤਾਮੀ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲ਼ਿਆਂ ਵਿੱਚੋ ਇੱਕ ਹੈ ) ਰੂਮੀ ਨੇ ਕਿਹਾ ਕਿ ਇਹ ਤਾਂ ਬੱਚਾ ਵੀ ਜਾਣਦਾ ਹੈ, ਮੁਹੰਮਦ ਵੱਡਾ ਹੈ। ਬਾਬਾ ਨੇ ਕਿਹਾ ਜੇਕਰ ਮੁਹੰਮਦ ਵੱਡਾ ਹੈ ਤਾਂ ਉਸਨੇ ਇਹ ਕਿਉਂ ਕਿਹਾ ਕਿ "ਹੇ ਅੱਲਾਹ! ਮੈਂ ਤੈਨੂੰ ਨਹੀਂ ਜਾਣਦਾ, ਤੂੰ ਕੌਣ ਹੈ?" ਅਤੇ ਬਾਯਾਜਿਦ ਬਸਤਾਮੀ ਨੇ ਇਹ ਕਿਉਂ ਕਿਹਾ ਕਿ "ਹੇ ਅੱਲਾਹ! ਤੂੰ ਪਾਕ ਹੈ, ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਅਤੇ ਤੇਰੀ ਬੜੀ ਸ਼ਾਨ ਹੈ।" ਦੋਵਾਂ ਦੇ ਵਿੱਚ ਕਾਫ਼ੀ ਲੰਬੀ ਚਰਚਾ ਹੁੰਦੀ ਹੈ ਅਤੇ ਬਾਬਾ ਦੇ ਤਰਕ ਸੁਣ ਕੇ ਰੂਮੀ ਬੇਹੋਸ਼ ਹੋ ਕੇ ਘੋੜੇ ਤੋਂ ਹੇਠਾਂ ਡਿੱਗ ਜਾਂਦਾ ਹੈ। ਰੂਮੀ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਆਪਣਾ ਸਿਰ ਬਾਬਾ ਦੀ ਗੋਦੀ ਵਿੱਚ ਪਾਇਆ। ਬਾਬਾ ਰੂਮੀ ਨੂੰ ਲੈ ਕੇ ਸ਼ਹਿਰ ਤੋਂ ਦੂਰ ਚਲੇ ਜਾਂਦੇ ਹਨ। ਇਸ ਤੋਂ ਬਾਅਦ ਸਮਸਤਰਬੇਜ ਕੋਣਯਾ ਤੋਂ ਗਾਇਬ ਹੋ ਜਾਂਦੇ ਹਨ। ਰੂਮੀ ਉਹਨਾਂ ਦੀ ਯਾਦ ਵਿੱਚ ਪਾਗ਼ਲ ਜਿਹਾ ਹੋ ਜਾਂਦਾ ਹੈ ਅਤੇ ਬਾਬਾ ਦੀ ਖੋਜ ਵਿੱਚ ਭੱਟਕਣ ਲੱਗਦਾ ਹੈ। ਇੱਕ ਸਾਲ ਬਾਅਦ ਰੂਮੀ ਨੂੰ ਕਿਸੇ ਤੋਂ ਪਤਾ ਲੱਗਦਾ ਹੈ ਕਿ ਸਮਸਤਰਬੇਜ ਨੂੰ Damascus (ਅੱਜ Sirya ਦੇਸ਼ ਦਾ ਇੱਕ ਸ਼ਹਿਰ) ਵਿੱਚ ਦੇਖ਼ਿਆ ਗਿਆ ਹੈ। ਰੂਮੀ ਆਪਣੇ ਵੱਡੇ ਪੁੱਤਰ ਨੂੰ ਕਹਿੰਦਾ ਹੈ ਕਿ ਘਰ ਵਿੱਚ ਜੋ ਸੋਨਾ, ਚਾਂਦੀ, ਗਹਿਣੇ, ਪੈਸਾ ਪਿਆ ਹੈ, ਸਭ ਲੈ ਜਾ ਅਤੇ ਬਾਬਾ ਨੂੰ ਇੱਥੇ ਲੈ ਆਓ। ਰੂਮੀ ਦਾ ਵੱਡਾ ਪੁੱਤਰ Damascus ਪਹੁੰਚ ਕੇ ਸਮਸਤਰਬੇਜ ਦੇ ਨਾਮ 'ਤੇ ਭੰਡਾਰਾ ਖੋ਼ਲ ਦਿੰਦਾ ਹੈ ਅਤੇ ਦੇਖ਼ਦਾ ਹੈ ਕਿ ਕੁੱਝ ਦੂਰੀ 'ਤੇ ਬਾਬਾ ਇੱਕ ਲੜਕੇ ਦੇ ਨਾ਼ਲ ਸ਼ਤਰੰਜ ਖੇਡ ਰਹੇ ਹਨ। ਰੂਮੀ ਦਾ ਪੁੱਤਰ ਬਾਬੇ ਨੂੰ ਬੇਨਤੀ ਕਰਕੇ ਉਹਨਾਂ ਨੂੰ ਘੋੜੇ 'ਤੇ ਬਿਠਾਕੇ ਕੋਣਯਾ ਲੈ ਆਉਂਦਾ ਹੈ। ਰੂਮੀ ਕਹਿੰਦਾ ਹੈ ਕਿ ਬਾਬਾ ਤੁਸੀਂ ਕਿਉਂ ਗਾਇਬ ਹੋ ਗਏ ਸੀ। ਤੁਸੀਂ ਮੇਰੇ ਨਾ਼ਲ ਅਜਿਹਾ ਕਿਉਂ ਕੀਤਾ? ਮੈਂ ਇੱਕ ਸਾਲ ਤੋਂ ਤੁਹਾਡੀ ਯਾਦ ਵਿੱਚ ਤੜਫ਼ ਰਿਹਾ ਹਾਂ। ਬਾਬਾ ਕਹਿੰਦੇ ਹਨ ਜੇਕਰ ਮੈਂ ਗਾਇਬ ਨਾ ਹੁੰਦਾ ਤਾਂ ਤੇਰੇ ਦਿਲ ਵਿੱਚ ਅੱਜ ਇਹ ਅੱਗ ਨਾ ਹੁੰਦੀ। ਬਾਬਾ ਰੂਮੀ ਨੂੰ ਇ਼ਲਮ ਦਿੰਦੇ ਹਨ ਜਿਸਨੂੰ ਪਾਉਣ ਦੇ ਬਾਅਦ ਰੂਮੀ ਆਪਣੀ ਪਰੰਪਰਾਗਤ ਪੂਜਾ-ਪਾਠ ਛੱਡ ਦਿੰਦਾ ਹੈ। ਇਹ ਦੇਖ਼ ਕੇ ਰੂਮੀ ਦੇ ਸ਼ਗਿਰਦ ਸਮਸਤਰਬੇਜ ਤੋਂ ਈਰਖਾ ਕਰਨ ਲੱਗਦੇ ਹਨ।

ਇੱਕ ਦਿਨ ਰੂਮੀ ਆਪਣੇ ਮੁਰਸ਼ਦ ਸਮਸਤਰਬੇਜ ਦੇ ਨਾ਼ਲ ਆਪਣੀ ਕੁਟੀਆ ਵਿੱਚ ਬੇਠੈ ਸਨ। ਉਦੋਂ ਰੂਮੀ ਦਾ ਛੋਟਾ ਪੁੱਤਰ ਅਤੇ ਕੁੱਝ ਸ਼ਗਿਰਦ ਸਮਸਤਰ-ਬੇਜ ਨੂੰ ਕਤ਼ਲ ਕਰਨ ਦੇ ਇਰਾਦੇ ਨਾ਼ਲ ਉੱਥੇ ਪਹੁੰਚ ਜਾਂਦੇ ਹਨ ਅਤੇ ਸਮਸਤਰਬੇਜ ਨੂੰ ਅਵਾਜ਼ ਲਗਾਉਂਦੇ ਹਨ। ਸਮਸਤਰਬੇਜ ਰੂਮੀ ਨੂੰ ਕਹਿੰਦੇ ਹਨ ਕਿ ਬੱਸ! ਹੁਣ ਮੇਰਾ ਜਾਣ ਦਾ ਸਮਾਂ ਆ ਗਿਆ ਹੈ। ਸ਼ਗਿਰਦ ਜਿਵੇਂ ਹੀ ਉਹਨਾਂ ਨੂੰ ਮਾਰਨ ਦੇ ਲਈ ਤ਼ਲਵਾਰ ਚੁੱਕਦੇ ਹਨ, ਸਮਸਤਰਬੇਜ ਗਾਇਬ ਹੋ ਜਾਂਦੇ ਹਨ।

## "ਮਨਸ਼ੂਰ ਅਲੀ ਦਾ ਉੱਧਾਰ ਕਬੀਰ ਜੀ ਨੇ ਕੀਤਾ"

ਪਰਮਾਤਮਾ ਕਬੀਰ ਜੀ ਆਪਣੇ ਸਿਧਾਂਤ ਅਨੁਸਾਰ ਇੱਕ ਚੰਗੀ ਆਤਮਾ ਸਮਸਤਰਬੇਜ ਮੁਸ.ਲਮਾਨ ਨੂੰ ਜ਼ਿੰਦਾ ਬਾਬਾ ਦੇ ਰੂਪ ਵਿੱਚ ਮਿਲੇ ਸਨ। ਉਹਨਾਂ ਨੂੰ ਅੱਲਾਹੂ ਅਕਬਰ (ਕਬੀਰ ਪਰਮਾਤਮਾ) ਯਾਣੀ ਆਪਣੇ ਵਿਸ਼ੇ ਵਿੱਚ ਸਮਝਾਇਆ, ਸਤਲੋਕ ਦਿਖਾਇਆ, ਵਾਪਿਸ ਛੱਡਿਆ। ਉਸਦੇ ਬਾਅਦ ਕਬੀਰ ਪਰਮਾਤਮਾ ਯਾਣੀ ਜ਼ਿੰਦਾ ਬਾਬਾ ਨਹੀਂ ਮਿਲੇ। ਉਸਨੂੰ ਸਿਰਫ਼ ਇੱਕ ਮੰਤਰ ਦਿੱਤਾ "ਅਨ.ਲ ਹੱਕ" ਜਿਸਦਾ ਅਰਥ ਮੁਸ.ਲਮਾਨ ਗ.ਲਤ ਕਰਦੇ ਸਨ ਕਿ ਮੈਂ ਉਹੀ ਹਾਂ ਯਾਣੀ ਮੈਂ ਅੱਲਾਹ ਹਾਂ ਅਰਥਾਤ ਜੀਵ ਹੀ ਬ੍ਰਹਮ ਹੈ। ਉਹ ਯਥਾਰਥ ਮੰਤਰ "ਸੋਹੰ"ਹੈ। ਇਸਦਾ ਕੋਈ ਅਰਥ ਕਰਕੇ ਸਿਮਰਣ ਨਹੀਂ ਕਰਨਾ ਹੁੰਦਾ। ਇਸਨੂੰ ਪਰਬ੍ਰਹਮ (ਅਕਸ਼ਰ ਪੁਰਸ਼) ਦਾ ਵਸ਼ੀਕਰਨ ਮੰਤਰ ਮੰਨ ਕੇ ਜਾਪ ਕਰਨਾ ਹੁੰਦਾ ਹੈ। ਸਮਸ਼ਤਰਬੇਜ਼ ਪਰਮਾਤਮਾ ਦੇ ਦਿੱਤੇ ਮੰਤਰ ਦਾ ਨਾਮ ਜਾਪ ਕਰਦਾ ਸੀ। ਉਸਦਾ ਆਸ਼ਰਮ ਬਗਦਾਦ (ਵਰਤਮਾਨ ਵਿੱਚ ਇਰਾਕ ਦੇਸ਼ ਦੀ ਰਾਜਧਾਨੀ) ਸ਼ਹਿਰ ਤੋਂ ਬਾਹਰ ਜੰਗਲ ਵਿੱਚ ਸੀ।

{ਇੱਕ ਜਗ੍ਹਾ ਤੇ ਅਜਿਹਾ ਵੀ ਲਿਖਿਆ ਹੈ ਕਿ ਪਰਮੇਸ਼ਵਰ ਕਬੀਰ ਜੀ ਨੇ ਸਮਸ਼ਤਰਬੇਜ਼ ਨੂੰ ਪ੍ਰੇਰਨਾ ਕਰਕੇ ਦੂਰ ਭੇਜ ਦਿੱਤਾ ਸੀ। ਖ਼ੁਦ ਸਮਸ਼ਤਰਬੇਜ਼ ਦਾ ਭੇਸ ਬਣਾਕੇ ਉਸੀ ਅਸਲੀ ਸਮਸ਼ਤਰਬੇਜ਼ ਵਾ.ਲੇ ਆਸ਼ਰਮ ਵਿੱਚ ਰਹਿਣ ਲੱਗੇ। ਫ਼ਿਰ ਮੁਲਤਾਨ ਸ਼ਹਿਰ ਵਿੱਚ ਉਸ ਲੀਲਾ ਦੇ ਅੰਤ ਵਿੱਚ ਸਮਸ਼ਤਰਬੇਜ਼ ਨੂੰ ਮੁਲਤਾਨ ਸ਼ਹਿਰ ਵਿੱਚ ਭੇਜਿਆ। ਉਸ ਸਮੇਂ ਮੁਹੰਮਦ (ਮਨਸ਼ੂਰ) ਸਰੀਰ ਤਿਆਗ ਚੁੱਕਿਆ ਸੀ। ਅਸਲੀ ਸਮਸ਼ਤਰਬੇਜ਼ ਮੌਨੀ ਹੋ ਗਿਆ ਸੀ। ਬੋ.ਲ ਨਹੀਂ ਪਾ ਰਿਹਾ ਸੀ। ਕਈ ਸਾਲਾਂ ਤੋਂ ਉਸਦੀ ਇਹੀ ਹਾਲਤ ਸੀ, ਪ੍ਰੰਤੂ ਤੰਦਰੁਸਤ ਸੀ। ਕਬੀਰ ਪਰਮੇਸ਼ਵਰ ਜੀ ਨੇ ਵੀ ਜਾਣ-ਬੁੱਝ ਕੇ ਮੁਲਤਾਨ ਵਿੱਚ ਕਈ ਦਿਨਾਂ ਤੋਂ ਮੌਨ ਧਾਰਨ ਕਰ ਰੱਖਿਆ ਸੀ। ਜਿਸ ਦਿਨ ਅਸਲੀ ਸਮਸ਼ਤਰਬੇਜ਼ ਮੁਲਤਾਨ ਵਿੱਚ ਆਇਆ, ਉਸੀ ਦਿਨ ਪਰਮਾਤਮਾ ਕਬੀਰ ਜੀ ਘੁੰਮਣ ਦੇ ਬਹਾਨੇ ਹਰ ਰੋਜ਼ ਦੀ ਤਰ੍ਹਾਂ ਆਸ਼ਰਮ ਤੋਂ ਬਾਹਰ ਗਏ। ਵਾਪਿਸ ਨਹੀਂ ਆਏ। ਜਿਸ ਸਮੇਂ ਕਬੀਰ ਜੀ (ਸਮਸ਼ਤਰਬੇਜ਼ ) ਰੋਜ਼ਾਨਾ ਵਾਪਿਸ ਆਉਂਦੇ ਸੀ, ਉਸੇ ਸਮੇਂ ਸਮਸ਼ਤਰਬੇਜ਼ ਨੇ ਆਸ਼ਰਮ ਦੇਖਿਆ। ਉਸ ਵਿੱਚ ਚਲਾ ਗਿਆ। ਹਾਜ਼ਰ ਵਿਅਕਤੀਆਂ ਨੂੰ ਕੁੱਝ ਪਤਾ ਨਹੀਂ ਲੱਗਿਆ। ਉਨ੍ਹਾਂ ਨੂੰ ਲੱਗਿਆ ਕਿ ਪੀਰ ਸਮਸ਼ਤਰਬੇਜ਼ ਸੈਰ ਕਰਕੇ ਵਾਪਿਸ ਆਏ ਹਨ। ਸਮਸ਼ਤਰਬੇਜ ਦਾ ਮੁਲਤਾਨ ਸ਼ਹਿਰ ਵਿੱਚ ਜਾਂਦੇ ਹੀ ਦਿਹਾਂਤ ਹੋ ਗਿਆ। ਲੋਕਾਂ ਨੇ ਮਜ਼ਾਰ (ਕਬਰ) ਬਣਾ ਦਿੱਤੀ।}

ਹੁਣ ਉਸ ਆਸ਼ਰਮ ਵਿੱਚ ਕਬੀਰ ਸਮਸ਼ਤਰਬੇਜ਼ ਦੇ ਰੂਪ ਵਿੱਚ ਵਿਰਾਜਮਾਨ ਰਹੇ। ਉਸ ਨਗਰੀ ਦੇ ਰਾਜਾ ਦੀ ਇੱਕ ਲੜਕੀ ਜਿਸਦਾ ਨਾਮ ਸ਼ਿਮਲੀ ਸੀ, ਸਮਸ਼ਤਰ-ਬੇਜ਼ ਦੇ ਗਿਆਨ ਅਤੇ ਸਿੱਧੀ ਤੋਂ ਪ੍ਰਭਾਵਿਤ ਹੋਕੇ ਉਨ੍ਹਾਂ ਦੀ ਪਰਮ ਭਗਤ ਬਣ ਗਈ। ਉਸਨੇ ਦਿਨ-ਰਾਤ ਨਾਮ ਜਾਪ ਕੀਤਾ। ਸਤਿਗੁਰੂ ਦੀ ਸੇਵਾ ਕਰਨ ਪ੍ਰਤੀ ਦਿਨ ਆਸ਼ਰਮ ਵਿੱਚ ਜਾਣ ਲੱਗੀ। ਪਿਤਾ ਜੀ ਤੋਂ ਆਗਿਆ ਲੈਕੇ ਕੇ ਜਾਂਦੀ ਸੀ। ਬੇਟੀ ਦੇ ਸਾਧੂ ਸੁਭਾਅ ਨੂੰ ਦੇਖ ਕੇ ਪਿਤਾ ਵੀ ਉਸਨੂੰ ਰੋਕ ਨਹੀਂ ਪਾਇਆ। ਉਹ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਸਤਿਗੁਰੂ ਜੀ ਦਾ ਭੋਜਨ ਖ਼ੁਦ ਬਣਾ ਕੇ ਲੈ ਜਾਇਆ ਕਰਦੀ ਸੀ। ਕਿਸੀ ਵਿਅਕਤੀ ਨੇ ਮਨਸ਼ੂਰ ਅਲੀ ਨੂੰ ਕਿਹਾ ਕਿ ਤੁਹਾਡੀ ਭੈਣ ਸ਼ਿਮਲੀ ਸ਼ਾਮ ਦੇ ਸਮੇਂ ਆਸ਼ਰਮ ਵਿੱਚ ਇੱਕਲੀ ਜਾਂਦੀ ਹੈ। ਇਹ ਚੰਗਾ ਨਹੀਂ ਲਗਦਾ। ਨਗਰ ਵਿੱਚ ਅਲੋਚਨਾ ਹੋ ਰਹੀ ਹੈ।

ਇੱਕ ਦਿਨ ਸ਼ਾਮ ਦੇ ਸਮੇਂ ਜਦ ਸ਼ਿਮਲੀ ਭੈਣ ਸੰਤ ਜੀ ਦਾ ਖਾਣਾ ਲੈ ਕੇ ਆਸ਼ਰਮ ਵਿੱਚ ਗਈ ਤਾਂ ਭਰਾ ਮਨਸ਼ੂਰ ਗੁਪਤ ਰੂਪ ਨਾਲ ਪਿੱਛੇ-ਪਿੱਛੇ ਆਸ਼ਰਮ ਤੱਕ ਗਿਆ। ਦੀਵਾਰ ਦੇ ਸੁਰਾਖ਼ ਵਿੱਚੋਂ ਅੰਦਰ ਦੀ ਗਤੀਵਿਧੀ ਦੇਖਣ ਲੱਗਾ। ਲੜਕੀ ਨੇ ਸੰਤ ਨੂੰ ਭੋਜਨ ਖਿਲਾਇਆ। ਫ਼ਿਰ ਸੰਤ ਜੀ ਨੇ ਗਿਆਨ ਸੁਣਾਇਆ। ਮਨਸ਼ੂਰ ਜੀ ਗਿਆਨ ਸੁਣ ਰਿਹਾ ਸੀ। ਉਹ ਜਾਨਣਾ ਚਾਹੁੰਦਾ ਸੀ ਕਿ ਇਹ ਦੋਵੇਂ ਕੀ ਗੱਲਾਂ ਕਰਦੇ ਹਨ? ਕੀ ਗਤੀਵਿਧੀ ਕਰਨਗੇ? ਹਰੇਕ ਕਿਰਿਆ ਜੋ ਸ਼ਿਮਲੀ ਅਤੇ ਸੰਤ ਸਮਸ਼ਤਰਬੇਜ਼ ਕਰ ਰਹੇ ਸਨ ਅਤੇ ਜੋ ਗੱਲਾਂ ਕਰ ਰਹੇ ਸਨ, ਧਿਆਨ ਨਾ.ਲ ਸੁਣ ਰਿਹਾ ਸੀ। ਹੋਰ ਦਿਨ ਤਾਂ ਅੱਧਾ ਘੰਟਾ ਸਤਿਸੰਗ ਕਰਦਾ ਸੀ, ਉਸ ਦਿਨ ਦੋ ਘੰਟੇ ਸਤਿਸੰਗ ਕੀਤਾ। ਮਨਸ਼ੂਰ ਨੇ ਵੀ ਹਰੇਕ ਵਚਨ ਧਿਆਨ ਨਾ.ਲ ਸੁਣਿਆ। ਉਹ ਤਾਂ ਦੋਸ਼ ਦੇਖਣਾ ਚਾਹੁੰਦਾ ਸੀ, ਪ੍ਰੰਤੂ ਉਸ ਤੱਤਵ ਗਿਆਨ ਨੂੰ ਸੁਣ ਕੇ ਸ਼ੁਕਰਗੁਜ਼ਾਰ ਹੋ ਗਿਆ।

ਪਰਮਾਤਮਾ ਦੀ ਭਗਤੀ ਜ਼ਰੂਰੀ ਹੈ। ਅੱਲਾਹ ਸਕਾਰ ਹੈ, ਕਬੀਰ ਹੈ। ਉੱਪਰ ਦੇ ਅਸਮਾਨ ਵਿੱਚ ਵਿਰਾਜਮਾਨ ਹੈ। ਪ੍ਰਿਥਵੀ ਦੇ ਉੱਪਰ ਵੀ ਮਾਨਵ ਸਰੀਰ ਵਿੱਚ ਪ੍ਰਗਟ ਹੁੰਦਾ ਹੈ। ਸਤਿਸੰਗ ਤੋਂ ਬਾਅਦ ਸੰਤ ਸਮਸ਼ਤਰਬੇਜ਼ ਅਤੇ ਭੈਣ ਸ਼ਿਮਲੀ ਨੇ ਦੋਵੇਂ ਹੱਥ ਸਹਾਮਣੇ ਕਰ ਕੇ ਪਰਮੇਸ਼ਵਰ ਤੋਂ ਪ੍ਰਸ਼ਾਦ ਮੰਗਿਆ। ਅਸਮਾਨ ਤੋਂ ਦੋ ਕਟੋਰੇ ਆਏ। ਦੋਵਾਂ ਦੇ ਹੱਥਾਂ ਵਿਚ ਆ ਕੇ ਟਿਕ ਗਏ। ਸਮਸ਼ਤਰਬੇਜ਼ ਨੇ ਉਸ ਦਿਨ ਅੱਧਾ ਅੰਮ੍ਰਿਤ ਪੀਤਾ। ਸ਼ਿਮਲੀ ਭੈਣ ਸਭ ਪੀ ਗਈ। ਸਮਸ਼ਤਰਬੇਜ਼ ਨੇ ਕਿਹਾ ਕਿ ਬੇਟੀ! ਇਹ ਬਾਕੀ ਮੇਰਾ ਅੰਮ੍ਰਿਤ ਪ੍ਰਸ਼ਾਦ ਆਸ਼ਰਮ ਦੇ ਬਾਹਰ ਖੜ੍ਹੇ ਕੁੱਤੇ ਨੂੰ ਪਿਲਾ ਦੇ। ਉਸਦਾ ਅੰਤਹ ਕਰਣ ਪਾਪ ਨਾਲ ਭਰਿਆ ਹੋਇਆ ਹੈ। ਉਸਦਾ ਦਿਲ ਸਾਫ਼ ਹੋ ਜਾਵੇਗਾ। ਸ਼ਿਮਲੀ ਗੁਰੂ ਜੀ ਵਾਲਾ ਬਾਕੀ ਬਚੇ ਪ੍ਰਸ਼ਾਦ ਨੂੰ ਲੈ ਕੇ ਕੰਧ ਵੱਲ ਗਈ। ਗੁਰੂ ਜੀ ਨੇ ਕਿਹਾ ਕਿ ਇਸ ਸੁਰਾਖ਼ ਵਿੱਚੋਂ ਸੁੱਟ ਦੇ। ਬਾਹਰ ਜਾਵੇਂਗੀ ਤਾਂ ਕੁੱਤਾ ਭੱਜ ਜਾਵੇਗਾ। ਲੜਕੀ ਨੇ ਗੁਰੂ ਜੀ ਦੇ ਹਰ ਵਚਨ ਦਾ ਪਾਲਣ ਕਰਨਾ ਸੀ। ਸ਼ਿਮਲੀ ਨੇ ਉਸ ਸੁਰਾਖ਼ ਵਿੱਚੋਂ ਅੰਮ੍ਰਿਤ ਸੁੱਟ ਦਿੱਤਾ ਜਿਸ ਵਿੱਚੋਂ ਮਨਸ਼ੂਰ ਜਾਸੂਸੀ ਕਰ ਰਿਹਾ ਸੀ। ਮਨਸ਼ੂਰ ਦਾ ਮੂੰਹ ਕੁੱਝ ਸੁਭਾਵਿਕ ਖੁੱਲ੍ਹਾ ਸੀ। ਉਸ ਵਿੱਚ ਸਾਰਾ ਅੰਮ੍ਰਿਤ ਚਲਾ ਗਿਆ। ਮਨਸ਼ੂਰ ਦਾ ਅੰਤਹ ਕਰਣ ਸਾਫ਼ ਹੋ ਗਿਆ। ਉਸਦੀ ਲਗਨ ਸਤਿਗੁਰੂ ਨੂੰ ਮਿਲਣ ਦੀ ਪ੍ਰਬਲ ਹੋ ਗਈ। ਉਹ ਆਸ਼ਰਮ ਦੇ ਦੁਆਰ ਤੇ ਆਇਆ। ਸ਼ਿਮਲੀ ਨੇ ਪਛਾਣ ਲਿਆ। ਉਹ ਡਰ ਗਈ, ਬੋਲੀ ਨਹੀਂ। ਮਨਸ਼ੂਰ ਸਿੱਧਾ ਗੁਰੂ ਸਮਸ਼ਤਰਬੇਜ਼ ਦੇ ਚਰਣਾਂ ਵਿਚ ਡਿੱਗ ਗਿਆ। ਆਪਣੇ ਮਨ ਦੇ ਪਾਪ ਨੂੰ ਦੱਸਿਆ। ਆਪਣੀ ਕਲਿਆਣ ਦੀ ਭੀਖ਼ ਮੰਗੀ। ਸਮਸ਼ਤਰਬੇਜ਼ ਨੇ ਨਾਮ ਉਪਦੇਸ਼ ਦੇ ਦਿੱਤਾ।

ਮਨਸ਼ੂਰ ਰੋਜ਼ਾਨਾ ਆਸ਼ਰਮ ਵਿੱਚ ਜਾਣ ਲੱਗਾ। "ਅਨਲ ਹੱਕ" ਮੰਤਰ ਨੂੰ ਬੋਲ -ਬੋਲ ਕੇ ਜਾਪ ਕਰਨ ਲੱਗਾ। ਮੁਸਲਿਮ ਸਮਾਜ ਨੇ ਵਿਰੋਧ ਕੀਤਾ। ਕਿਹਾ ਕਿ ਮਨਸ਼ੂਰ ਕਾਫ਼ਿਰ ਹੋ ਗਿਆ ਹੈ। ਉਹ ਪਰਮੇਸ਼ਵਰ ਨੂੰ ਮਨੁੱਖ ਜਿਹਾ ਦੱਸਦਾ ਹੈ। ਇਹ ਕਹਿੰਦਾ ਹੈ ਕਿ ਪਰਮਾਤਮਾ ਧਰਤੀ ਤੇ ਆਉਂਦਾ ਹੈ। ਅਨਲ ਹੱਕ ਦੇ ਅਰਥ ਗਲਤ ਕਰਕੇ ਕਹਿੰਦੇ ਸੀ ਕਿ ਮਨਸ਼ੂਰ ਆਪਣੇ ਆਪ ਨੂੰ ਅੱਲਾਹ ਕਹਿੰਦਾ ਹੈ। ਇਸਨੂੰ ਜ਼ਿੰਦਾ ਸਾੜਿਆ ਜਾਵੇ ਜਾਂ ਅਨਲ ਹੱਕ ਕਹਿਣਾ ਬੰਦ ਕਰਾਇਆ ਜਾਵੇ। ਮਨਸ਼ੂਰ ਬਾਦਸ਼ਾਹ ਦਾ ਪੁੱਤਰ ਸੀ। ਇਸ ਲਈ ਕਿਸੇ ਦੀ ਹਿੰਮਤ ਨਹੀਂ ਹੋ ਰਹੀ ਸੀ ਕਿ ਮਨਸ਼ੂਰ ਨੂੰ ਮਾਰ ਦੇਵੇ। ਜੇ ਕੋਈ ਸਾਧਾਰਨ ਵਿਅਕਤੀ ਹੁੰਦਾ ਤਾਂ ਕਦੋਂ ਦਾ ਰਾਮ ਨਾਮ ਸਤ ਕਰ ਦਿੰਦੇ। ਨਗਰ ਦੇ ਹਜ਼ਾਰਾਂ ਲੋਕ ਰਾਜੇ ਕੋ.ਲ ਗਏ। ਰਾਜਾ ਨੂੰ ਮਨਸ਼ੂਰ ਦੀ ਗਲਤੀ ਦੱਸੀ। ਰਾਜੇ ਨੇ ਸਭ ਦੇ ਸਾਹਮਣੇ

ਮਨਸ਼ੂਰ ਨੂੰ ਸਮਝਾਇਆ। ਪ੍ਰੰਤੂੰ ਉਹ ਅਨਲ ਹੱਕ-ਅਨਲ ਹੱਕ ਦਾ ਜਾਪ ਕਰਦਾ ਰਿਹਾ। ਮੌਜੂਦ ਵਿਅਕਤੀਆਂ ਨੂੰ ਰਾਜੇ ਨੇ ਕਿਹਾ ਕਿ ਜਨਤਾ ਦੱਸੇ ਕਿ ਮਨਸ਼ੂਰ ਨੂੰ ਕੀ ਸਜ਼ਾ ਦਿੱਤੀ ਜਾਵੇ। ਜਨਤਾ ਨੇ ਕਿਹਾ ਕਿ ਮਨਸ਼ੂਰ ਨੂੰ ਚੁਰਾਹੇ 'ਤੇ ਬੰਨ੍ਹ ਕੇ ਰੱਖਿਆ ਜਾਵੇ। ਨਗਰ ਦਾ ਹਰੇਕ ਨਾਗਰਿਕ ਇੱਕ -ਇੱਕ ਪੱਥਰ ਜੋ ਲੱਗਭਗ ਅੱਧਾ ਕਿਲੋਗ੍ਰਾਮ ਦਾ ਹੋਵੇ ਮਨਸ਼ੂਰ ਨੂੰ ਮਾਰੇ , ਅਤੇ ਕਹੇ ਕਿ ਛੱਡ ਦੇ ਕਾਫ਼ਿਰ ਭਾਸ਼ਾ। ਜਦੋਂ ਮਨਸ਼ੂਰ ਅਨਲ ਹੱਕ ਕਹੇ ਤਾਂ ਪੱਥਰ ਮਾਰੇ , ਅੱਗੇ ਚਲਾ ਜਾਵੇ। ਦੂਸਰੇ ਵੀ ਇਹੀ ਕਹੇ। ਤੰਗ ਆ ਕੇ ਮਨਸ਼ੂਰ ਅਨਲ ਹੱਕ ਕਹਿਣਾ ਛੱਡ ਦੇਵੇਗਾ।

ਨਗਰ ਦੇ ਸਾਰੇ ਨਾਗਰਿਕ ਇੱਕ-ਇੱਕ ਪੱਥਰ ਲੈ ਕੇ ਕਤਾਰ ਬਣਾ ਕੇ ਖੜ੍ਹੇ ਹੋ ਗਏ। ਉਨ੍ਹਾਂ ਨਾਗਰਿਕਾਂ ਵਿੱਚ ਭਗਤਮਤੀ ਸ਼ਿਮਲੀ ਵੀ ਕਤਾਰ ਵਿੱਚ ਖੜ੍ਹੀ ਸੀ। ਉਸ ਨੇ ਪੱਥਰ ਇਕ ਹੱਥ ਵਿਚ ਚੁੱਕਿਆ ਹੋਇਆ ਸੀ ਅਤੇ ਦੂਜੇ ਹੱਥ ਵਿਚ ਫੁੱਲ ਲਿਆ ਹੋਇਆ ਸੀ। ਸ਼ਿਮਲੀ ਨੇ ਸੋਚਿਆ ਸੀ ਕਿ ਭਗਤ ਭਰਾ ਹੈ। ਪੱਥਰਾਂ ਦੀ ਥਾਂ ਫੁੱਲ ਮਾਰ ਦਿਆਂਗੀ। ਜਨਤਾ ਵਿੱਚ ਨਿੰਦਾ ਵੀ ਨਹੀਂ ਹੋਵੇਗੀ ਅਤੇ ਭਰਾ ਨੂੰ ਵੀ ਕਸ਼ਟ ਨਹੀਂ ਹੋਵੇਗਾ। ਹਰੇਕ ਵਿਅਕਤੀ (ਮਰਦ ਜਾਂ ਔਰਤ) ਮਨਸ਼ੂਰ ਨੂੰ ਕਹਿੰਦੇ ਕਿ ਛੱਡ ਦੇ ਅਨਲ ਹੱਕ ਕਹਿਣਾ, ਨਹੀਂ ਤਾਂ ਪੱਥਰ ਲੱਗੇਗਾ। ਮਨਸ਼ੂਰ ਨੇ ਕਿਹਾ ਅਨਲ ਹੱਕ, ਅਨਲ ਹੱਕ, ਅਨਲ ਹੱਕ, ਅਨਲ ਹੱਕ। ਪੱਥਰ ਵੀ ਨਾ.ਲ -ਨਾ.ਲ ਲੱਗ ਰਹੇ ਸੀ। ਮਤਵਾਲੇ ਮਨਸ਼ੂਰ ਅਨਲ ਹੱਕ ਬੋਲਦੇ ਜਾ ਰਹੇ ਸਨ। ਸਰੀਰ ਲਹੂ-ਲੁਹਾਣ ਯਾਣੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਖ਼ੂਨ ਵਹਿ ਰਿਹਾ ਸੀ। ਪਰਮੇਸ਼ਵਰ ਦਾ ਆਸ਼ਕ ਅਨਲ ਹੱਕ ਕਹਿ ਰਿਹਾ ਸੀ। ਹੱਸ ਰਿਹਾ ਸੀ। ਜਦੋਂ ਸ਼ਿਮਲੀ ਭੈਣ ਦੀ ਵਾਰੀ ਆਈ। ਉਹ ਕੁੱਝ ਨਹੀਂ ਬੋਲੀ। ਮਨਸ਼ੂਰ ਨੇ ਪਛਾਣ ਲਿਆ ਤੇ ਕਹਿਣ ਲੱਗਾ, ਭੈਣ ! ਬੋਲ ਅਨਲ ਹੱਕ। ਸ਼ਿਮਲੀ ਨੇ ਅਨਲ ਹੱਕ ਨਹੀਂ ਬੋਲਿਆ। ਉਸ ਨੇ ਹੱਥ ਵਿਚ ਲਿਆ ਫੁੱਲ ਭਰਾ ਮਨਸੂਰ ਦੇ ਮਾਰ ਦਿੱਤਾ। ਮਨਸੂਰ ਬੁਰੀ ਤਰ੍ਹਾਂ ਰੋਣ ਲੱਗਾ। ਸ਼ਿਮਲੀ ਨੇ ਕਿਹਾ, ਵੀਰ! ਹੋਰ ਵਿਅਕਤੀ ਪੱਥਰ ਮਾਰ ਰਹੇ ਸਨ। ਜ਼ਖਮ ਹੋ ਗਏ, ਤੁਸੀ ਰੋਏ ਨਹੀਂ। ਮੈਂ ਤਾਂ ਫੁੱਲ ਮਾਰਿਆ ਹੈ ਜਿਸ ਦਾ ਕੋਈ ਦਰਦ ਨਹੀਂ ਹੁੰਦਾ। ਤੁਸੀ ਬੁਰੀ ਤਰ੍ਹਾਂ ਰੋਣ ਲੱਗ ਪਏ। ਕੀ ਕਾਰਣ ਹੈ?

ਮਨਸ਼ੂਰ ਨੇ ਕਿਹਾ ਕਿ ਭੈਣ! ਜਨਤਾ ਅਣਜਾਣ ਹੈ ਕਿ ਮੈਂ ਕਿਸ ਲਈ ਕੁਰਬਾਨ ਹਾਂ। ਤੁਹਾਨੂੰ ਤਾਂ ਗਿਆਨ ਹੈ ਕਿ ਪਰਮਾਤਮਾ ਲਈ ਤਨ, ਮਨ ਅਤੇ ਧਨ ਵੀ ਸਸਤੇ ਹਨ। ਮੈਨੂੰ ਭੋ.ਲੀ ਜਨਤਾ ਦੇ ਦੁਆਰਾ ਪੱਥਰ ਮਾਰਨ ਦਾ ਕੋਈ ਦੁੱਖ ਨਹੀ ਸੀ ਕਿਉਂਕਿ ਇਹਨਾਂ ਨੂੰ ਗਿਆਨ ਨਹੀ ਹੈ। ਹੇ ਭੈਣ! ਤੁਹਾਨੂੰ ਤਾਂ ਸਭ ਪਤਾ ਹੈ। ਮੈਨੂੰ ਇਸ ਰਸਤੇ ਤੇ ਲਿਆਉਣ ਵਾ.ਲੀ ਤੂੰ ਹੈ। ਤੇਰਾ ਹੱਥ ਮੇਰੇ ਵੱਲ ਕਿਵੇਂ ਉੱਧ ਗਿਆ? ਬੇਈਮਾਨ ਤੇਰੇ ਫੁੱਲ ਦਾ ਪੱਥਰ ਨਾਲੋਂ ਕਈ ਗੁਣਾ ਦਰਦ ਮੈਨੂੰ ਲੱਗਿਆ ਹੈ। ਤੈਨੂੰ (ਮੁਰਸ਼ਦ) ਗੁਰੂ ਜੀ ਮੁਆਫ ਨਹੀਂ ਕਰਨਗੇ। ਨਗਰ ਦੇ ਸਾਰੇ ਲੋਕ ਪੱਥਰ ਮਾਰ-ਮਾਰ ਕੇ ਘਰ ਨੂੰ ਚਲੇ ਗਏ। ਕੁੱਝ ਧਰਮ ਦੇ ਠੇਕੇਦਾਰ ਮਨਸ਼ੂਰ ਨੂੰ ਜ਼ਖਮੀ ਹਾਲਤ ਵਿਚ ਰਾਜਾ ਕੋ.ਲ ਲੈ ਗਏ ਅਤੇ ਕਿਹਾ ਕਿ ਰਾਜਾ! ਧਰਮ ਉੱਪਰ ਰਾਜ ਨਹੀਂ। ਪਰਿਵਾਰ ਨਹੀਂ ਹੈ। ਮਨਸ਼ੂਰ ਅਨਲ ਹੱਕ ਕਹਿਣਾ ਨਹੀਂ ਛੱਡ ਰਿਹਾ ਹੈ। ਇਸਨੂੰ ਕਿਹਾ ਜਾਵੇ ਕਿ ਜਾਂ ਤਾਂ ਅਨਲ ਹੱਕ ਕਹਿਣਾ ਤਿਆਗ ਦੇਵੇ, ਨਹੀਂ ਤਾਂ ਤੇਰੇ ਹੱਥ, ਗਰਦਨ, ਪੈਰ ਸਭ ਟੁੱਕੜੇ ਟੁੱਕੜੇ ਕਰ ਦਿੱਤੇ ਜਾਣਗੇ। ਜੇਕਰ ਉਹ ਅਨਲ ਹੱਕ ਕਹਿਣਾ ਨਾ ਛੱਡੇ ਤਾਂ ਇਸ ਕਾਫ਼ਰ ਦੇ ਟੁੱਕੜੇ-ਟੁੱਕੜੇ ਕਰਕੇ ਜਲਾ ਕੇ ਉਸ ਦੀ ਰਾਖ ਦਰਿਆ ਵਿੱਚ ਬਹਾ

ਦਿੱਤੀ ਜਾਵੇ। ਮਨਸ਼ੂਰ ਨੂੰ ਸਾਹਮਣੇ ਖੜ੍ਹਾ ਕਰਕੇ ਕਿਹਾ ਗਿਆ ਕਿ ਜਾਂ ਤਾਂ ਅਨਲ ਹੱਕ ਕਹਿਣਾ ਤਿਆਗ ਦੇ ਨਹੀਂ ਤਾਂ ਤੇਰਾ ਇੱਕ ਹੱਥ ਵੱਢ ਦਿੱਤਾ ਜਾਵੇਗਾ। ਮਨਸ਼ੂਰ ਨੇ ਹੱਥ ਉਸ ਕੱਟਣ ਵਾਲੇ ਵੱਲ ਕਰ ਦਿੱਤਾ (ਜੋ ਤਲਵਾਰ ਲੈ ਕੇ ਕੱਟਣ ਲਈ ਖੜ੍ਹਾ ਸੀ) ਅਤੇ ਕਿਹਾ ਅਨਲ ਹੱਕ। ਉਸ ਜਲਾਦ ਨੇ ਇੱਕ ਹੱਥ ਵੱਢ ਦਿੱਤਾ। ਫਿਰ ਕਿਹਾ ਕਿ ਅਨਲ ਹੱਕ ਕਹਿਣਾ ਛੱਡ ਦੇ, ਨਹੀਂ ਤਾਂ ਦੂਜਾ ਹੱਥ ਵੀ ਵੱਢ ਦਿੱਤਾ ਜਾਵੇਗਾ। ਮਨ-ਸ਼ੂਰ ਨੇ ਦੂਜਾ ਹੱਥ ਉਸ ਵੱਲ ਕਰ ਦਿੱਤਾ ਅਤੇ ਕਿਹਾ "ਅਨਲ ਹੱਕ"। ਦੂਜਾ ਹੱਥ ਵੀ ਵੱਢ ਦਿੱਤਾ ਗਿਆ।ਫਿਰ ਕਿਹਾ ਗਿਆ ਕਿ ਇਸ ਵਾਰ ਅਨਲ ਹੱਕ ਕਿਹਾ ਤਾਂ ਤੇਰੀ ਗਰਦਨ ਕੱਟ ਦਿੱਤੀ ਜਾਵੇਗੀ। ਮਨਸ਼ੂਰ ਬੋਲਿਆ ਅਨਲ ਹੱਕ, ਅਨਲ ਹੱਕ, ਅਨਲ ਹੱਕ। ਮਨਸ਼ੂਰ ਦੀ ਗਰਦਨ ਵੱਢ ਦਿੱਤੀ ਗਈ ਅਤੇ ਫੂਕ ਕੇ ਸੁਆਹ ਨੂੰ ਦਰਿਆ ਵਿੱਚ ਵਹਾ ਦਿੱਤਾ ਗਿਆ। ਉਸ ਸੁਆਹ ਵਿੱਚੋਂ ਵੀ ਅਨਲ ਹੱਕ, ਅਨਲ ਹੱਕ ਸ਼ਬਦ ਨਿਕਲ ਰਿਹਾ ਸੀ। ਕੁੱਝ ਦੇਰ ਬਾਅਦ ਇੱਕ ਹਜ਼ਾਰ ਮਨਸ਼ੂਰ ਨਗਰੀ ਦੀ ਗ਼ਲੀ-ਗ਼ਲੀ ਵਿੱਚ ਅਨਲ ਹੱਕ ਕਹਿੰਦੇ ਹੋਏ ਘੁੰਮਣ ਲੱਗੇ। ਸਭ ਡਰ ਕੇ ਆਪਣੇ ਆਪਣੇ ਘਰਾਂ ਵਿੱਚ ਬੰਦ ਹੋ ਗਏ।ਪਰਮਾਤਮਾ ਨੇ ਉਹ ਲੀਲਾ ਨੂੰ ਸਮੇਟ ਲਈ। ਇਕ ਮਨਸ਼ੂਰ ਗ਼ਲੀ-ਗ਼ਲੀ ਵਿੱਚ ਘੁੰਮ ਕੇ ਅਨਲ ਹੱਕ ਕਹਿਣ ਲੱਗਾ। ਫਿਰ ਅੰਤਰਧਿਆਨ ਹੋ ਗਿਆ।

ਮਨਸ਼ੂਰ ਦਾ ਨਾਂ ਬਦਲ ਕੇ ਮੁਹੰਮਦ ਰੱਖਿਆ ਅਤੇ ਉਸ ਨੂੰ ਲੈ ਕੇ ਸਤਿਗੁਰੂ ਸਮਸ਼ਤਰਬੇਜ਼ ਮੁਲਤਾਨ ਸ਼ਹਿਰ (ਪਾਕਿਸਤਾਨ) ਵੱਲ ਚੱਲ ਪਏ।

{ਇੱਕ ਕਿਤਾਬ ਵਿੱਚ ਲਿਖਿਆ ਹੈ ਕਿ ਮਨਸ਼ੂਰ ਅਲੀ ਜਿਸ ਸ਼ਹਿਰ ਦੇ ਰਾਜੇ ਦਾ ਪੁੱਤਰ ਸੀ, ਉਸ ਸ਼ਹਿਰ ਦਾ ਨਾਂ ਬਗਦਾਦ ਹੈ, ਜੋ ਇਸ ਵੇਲੇ ਇਰਾਕ ਦੇਸ਼ ਦੀ ਰਾਜਧਾਨੀ ਹੈ। ਸੰਤ ਗਰੀਬਦਾਸ ਜੀ ਦੀ ਬਾਣੀ ਵੀ ਇਹੀ ਸੰਕੇਤ ਦੇ ਰਹੀ ਹੈ। ਗਰੀਬ, ਖੁਰਾਸਾਨ ਕਾਬੁਲ ਕਿਲਾ, ਬਗਦਾਦ ਬਨਾਰਸ ਏਕ। ਬਲਖ ਔਰ ਬਿਲਾਯਤ ਲਗ, ਹਮਹੀ ਧਾਰੇ ਭੇਸ਼ ॥ ਭਾਵ ਜਿਵੇਂ ਬਨਾਰਸ (ਕਾਸ਼ੀ) ਸ਼ਹਿਰ ਵਿਚ ਕੁੱਝ ਸਮਾਂ ਰਹੇ, ਉਸੇ ਤਰ੍ਹਾਂ ਉਹ ਬਗਦਾਦ ਵਿੱਚ ਰਹੇ। ਬਗਦਾਦ ਤੋਂ ਮਨਸ਼ੂਰ ਕੱਢ ਲਿਆ। ਬਨਾਰਸ ਤੋਂ ਰਾਮਾਨੰਦ ਦਾ ਕਲਿਆਣ ਕੀਤਾ। ਬਲਖ ਸ਼ਹਿਰ ਤੋਂ ਸੁਲਤਾਨ ਇਬ੍ਰਾਹਿਮ ਇਬਨ ਅਧਮ ਨੂੰ ਕੱਢਿਆ। ਬਿਲਾਯਤ ਯਾਨੀ ਇੰਗਲੈਂਡ ਤੱਕ ਹਮ (ਪਰਮੇਸ਼ਵਰ ਕਬੀਰ ਜੀ) ਭੇਸ ਬਦਲ ਕੇ ਲੀਲਾ ਕਰਦੇ ਹਨ।}

## "ਮਨਸ਼ੂਰ ਅਲੀ ਦਾ ਸ਼ਬਦ"

ਅਗਰ ਹੈ ਸੌਂਕ ਅੱਲਾਹ ਸੇ ਮਿਲਨੇ ਕਾ, ਤੋ ਹਰਦਮ ਨਾਮ ਲੌ ਲਗਾਤਾ ਜਾ ॥(ਟੇਕ)॥
ਨਾ ਰਖ ਰੋਜ਼ਾ, ਨਾ ਮਰ ਭੂਖਾ, ਨਾ ਕਰ ਸਿਜ਼ਦਾ।
ਵਜੂ ਕਾ ਤੋੜ ਦੇ ਕੂਜਾ, ਸ਼ਰਾਬੇ ਨਾਮ ਜਾਮ ਪੀਤਾ ਜਾ ॥1॥
ਪਕੜ ਕਰ ਇਸ਼ਕ ਕਾ ਝਾੜੂ ਸਾਫ਼ ਕਰ ਦਿਲ ਕੇ ਹੁਜਰੇ ਕੋ।
ਦੁਈ ਕੀ ਧੂਲ ਰਖ ਸਿਰ ਪਰ, ਮੁਸੱਲੇ ਪਰ ਉੜਾਤਾ ਜਾ ॥2॥
ਧਾਗਾ ਤੋੜ ਦੇ ਤਸਬੀ, ਕਿਤਾਬੇਂ ਡਾਲ ਪਾਨੀ ਮੇਂ।
ਮਸਾਇਕ ਬਣਕਰ ਕਯਾ ਕਰਨਾ, ਮਜ਼ੀਖ਼ਤ ਕੋ ਜਲਾਤਾ ਜਾ ॥3॥
ਕਹੇ ਮਸੂਰ ਕਾਜ਼ੀ ਸੇ, ਨਿਵਾਲਾ ਕੁਫ਼ਰ ਕਾ ਮਤ ਖਾ।
ਅਨਲ ਹੱਕ ਨਾਮ ਬਰ ਹਕ ਹੈ, ਯਹੀ ਕਲਮਾ ਸੁਨਾਤਾ ਜਾ॥4॥

ਅਰਥਾਤ ਅੱਲਾਹ ਕਬੀਰ (ਅਲ-ਖਿਜ਼੍ਰ ਅਤੇ ਜ਼ਿੰਦਾ ਭੇਸਧਾਰੀ) ਤੋਂ ਗਿ-ਆਨ ਸੁਣਨ ਤੋਂ ਬਾਅਦ ਪਤਾ ਚੱਲ ਜਾਂਦਾ ਹੈ ਕਿ ਜੋ ਸਾਧਨਾ ਵਰਤਮਾਨ ਵਿੱਚ ਸਮਾਜ ਵਿੱਚ ਕੀਤੀ ਜਾ ਰਹੀ ਹੈ, ਇਹ ਤਾਂ ਸਾਧਾਰਨ ਲਾਭ ਦਿੰਦੀ ਹੈ। ਮੋਕਸ਼ ਤਾਂ ਸੂਕਸ਼ਮਵੇਦ ਦੇ ਗਿਆਨ ਵਿੱਚ ਦੱਸੀ ਇਬਾਦਤ ਨਾਲ਼ ਹੀ ਸੰਭਵ ਹੈ। ਜਿਸ ਕਾਰਨ ਨਾਲ਼ ਪੰਰਪਰਾਗਤ ਇਬਾਦਤ (ਪੂਜਾ) ਛੱਡ ਕੇ ਸਤਿ ਭਗਤੀ ਕਰਨੀ ਹੁੰਦੀ ਹੈ ਜੋ ਸਮਾਜ ਦੇ ਹੋਰ ਲੋਕਾਂ ਨੂੰ ਚੰਗਾ ਨਹੀਂ ਲੱਗਦਾ। ਉਹ ਭਿਆਨਕ ਵਿਰੋਧ ਕਰਦੇ ਹਨ। ਜਾਨ ਦੇ ਦੁਸ਼ਮਨ ਬਣ ਜਾਂਦੇ ਹਨ। ਇਹੀ ਕਾਰਨ ਸੀ ਭਗਤ ਮਨਸ਼ੂਰ ਜੀ ਨੂੰ ਮਾਰਨ ਦਾ। ਪ੍ਰੰਤੂ ਭਗਤ ਮਰਦੇ ਨਹੀਂ। ਜਦ ਮਨਸ਼ੂਰ ਜੀ ਨੂੰ ਦ੍ਰਿੜ ਵਿਸ਼ਵਾਸ ਹੋਇਆ ਕਿ ਪਹਿਲਾਂ ਵਾਲੀ ਸਾਧਨਾ {ਰੋਜ਼ੇ (ਵਰਤ) ਰੱਖਣਾ, ਅਜ਼ਾਨ (ਬੰਗ ਦੇਣਾ) ਲਗਾਉਣਾ, ਨਮਾਜ਼ ਅਦਾ ਕਰਨਾ, ਬੱਕਰੀ-ਬੱਕਰਾ, ਗਾਂ ਆਦਿ ਜ਼ਬਹ (ਕਤਲ) ਕਰਨਾ ਮੋਕਸ਼ ਪ੍ਰਾਪਤੀ ਦੇ ਲਈ ਸਹਿਯੋਗੀ ਨਹੀਂ ਹਨ ਅਤੇ ਕਾਫੀ ਵੀ ਨਹੀਂ ਹਨ। ਨਰਕ ਦਾ ਮਾਰਗ ਹੈ। ਤਦ ਉਸਨੇ ਆਪਣੇ ਹੀ ਧਰਮ ਦੇ ਪ੍ਰਚਾਰਕਾਂ ਨੂੰ ਸਮਝਾਉਣਾ ਚਾਹਿਆ ਅਤੇ ਕਿਹਾ ਕਿ ਹੇ ਕਾਜ਼ੀ ! ਜੇਕਰ ਤੁਹਾਨੂੰ ਅੱਲਾਹ ਨਾਲ ਮਿਲਣ ਦਾ ਸ਼ੌਂਕ (ਇੱਛਾ) ਹੈ ਤਾਂ ਹਰੇਕ ਸਵਾਂਸ ਉਸਵਾਂਸ ਵਿੱਚ ਸੱਚੇ ਨਾਮ ਦਾ ਜਾਪ (ਲੌ ਲਾ ਕੇ) ਧਿਆਨ ਲਗਾ ਕੇ ਕਰਿਆ ਕਰ। (ਰੋਜ਼ਾ) ਵਰਤ ਕਰਨਾ ਤਿਆਗ ਦੇ। ਭੁੱਖਾ ਮਰਨ ਨਾਲ ਅੱਲਾਹ ਨਹੀਂ ਮਿਲਦਾ। ਜੋ ਤੁਸੀਂ (ਵਜ਼ੂ) ਇਸ਼ਨਾਨ ਆਦਿ ਕੀਤੇ ਬਿਨਾਂ ਧਾਰਮਿਕ ਕਿਰਿਆ ਕਰਨਾ ਪਾਪ ਮੰਨਦੇ ਹੋ, ਇਹ ਸਿਰਫ਼ ਭਰਮ ਹੈ। ਇਸ਼ਨਾਨ ਦੇ ਲਈ ਪਾਣੀ ਲੈ ਕੇ ਆਉਣ ਵਾਲੇ (ਕੂਜੇ) ਟੋਕਣੇ ਯਾਣੀ ਮਟਕੇ ਨੂੰ ਭੰਨ ਕੇ ਕਿਤੇ ਸੁੱਟ ਦੇ ਅਰਥਾਤ ਨਹਾਉਣ-ਧੋਣ ਦੇ ਚੱਕਰ ਵਿੱਚ ਹੀ ਨਾ ਲੱਗਿਆ ਰਹਿ ਯਾਣੀ ਸਰੀਰ ਦੇ ਉੱਪਰ ਦੀ ਸਫਾਈ ਨਾਲ ਹੀ ਮੋਕਸ਼ ਪ੍ਰਾਪਤੀ ਦੀ ਸਾਧਨਾ ਸਫ਼ਲ ਨਹੀਂ ਹੁੰਦੀ। ਉਸਦੇ ਲਈ ਦਿਲ (ਪਾਕ) ਸ਼ੁੱਧ ਹੋਣਾ ਚਾਹੀਦਾ। ਨਾਮ ਜਾਪ ਕਰਨ ਦਾ ਨਸ਼ਾ ਕਰ ਯਾਣੀ ਨਾਮ ਜਾਪ (ਵਾਲੀ ਸ਼ਰਾਬ ਪੀਯਾ ਕਰ) ਦਾ ਨਸ਼ਾ ਕਰ। ਅੱਲਾਹ ਨਾਲ਼ ਡੂੰਘਾ ਪ੍ਰੇਮ (ਇਸ਼ਕ) ਕਰ। ਇਸ (ਇਸ਼ਕ) ਪ੍ਰੇਮ ਦੀ ਝਾੜੂ ਨਾਲ ਦਿਲ ਦਾ ਮੈਲ (ਦੋਸ਼) ਸਾਫ਼ ਕਰ (ਦੁਈ) ਈਰਖਾ ਦਾ ਨਾਸ਼ ਕਰ, ਸੱਚਾ ਭਗਤ ਬਣ। ਜੋ ਮਾਲ਼ਾ ਲੈ ਰੱਖੀ ਹੈ, ਯਥਾਰਥ ਨਾਮ ਦੀ ਸਾਧਨਾ ਨਹੀਂ ਕਰ ਰਿਹਾ ਹੈ। ਇਸ ਮਾਲਾ (ਤਸਬੀ) ਨੂੰ ਤੋੜ ਦੇ। ਜੋ ਤੁਸੀਂ ਕਿਤਾਬਾਂ (ਕੁਰਾਨ ਮਜ਼ੀਦ, ਜਬੂਰ,ਤੌਰੇਤ, ਇੰਜ਼ੀਲ) ਨੂੰ ਪੜ੍ਹਦੇ ਹੋ, ਇਸੇ ਨਾਲ ਮੋਕਸ਼ ਹੋਣਾ ਮੰਨਦੇ ਹੋ, ਇਹ ਤੁਹਾਡੀ ਧਾਰਣਾ ਗ਼ਲਤ ਹੈ। ਇਸ ਲਈ ਕਿਹਾ ਹੈ ਕਿ ਇਹਨਾਂ ਕਿਤਾਬਾਂ ਨੂੰ ਜਲ ਪ੍ਰਵਾਹ ਕਰ ਦਿਓ। ਪ੍ਰਭੂ ਪ੍ਰਾਪਤੀ ਦੇ ਲਈ ਹੰਕਾਰ ਨੂੰ ਜਲਾ ਦੇ ਯਾਣੀ ਅਭਿਮਾਨ ਕਰਨਾ ਛੱਡ ਦੇ। ਮਨਸ਼ੂਰ ਜੀ ਨੇ ਕਾਜ਼ੀ ਨੂੰ ਕਿਹਾ ਕਿ ਜੀਵ ਹਿੰਸਾ (ਗਾਂ-ਬੱਕਰਾ ਆਦਿ ਨੂੰ ਮਾਰਨਾ) ਕਰਨਾ ਤਿਆਗ ਦੇ। ਇਹ (ਕੁਫ਼ਰ) ਪਾਪ ਨਾ ਕਰ। ਅਨਲ਼ ਹੱਕ ਨਾਮ ਸੱਚਾ ਮੋਕਸ਼ ਮੰਤਰ ਹੈ। ਇਹੀ ਕਲ਼ਮਾ ਪੜ੍ਹ।

ਰੂਮੀ ਨੂੰ ਅੱਲਾਹ ਕਬੀਰ ਸਮਸਤਰਬੇਜ਼ ਦੇ ਭੇਸ ਵਿੱਚ ਮਿਲੇ ਸਨ। ਜੋ ਮਨਸ਼ੂਰ ਅਲੀ ਨੂੰ ਮਿਲੇ, ਉਹ ਸਮਸਤਰਬੇਜ਼ ਮੁਸਲਮਾਨ ਸੂਫ਼ੀ ਸੰਤ ਸਨ। ਕੁੱਝ ਪੁਸਤਕਾਂ ਵਿੱਚ ਉੱਲੇਖ ਇਹ ਵੀ ਹੈ ਕਿ ਪਰਮਾਤਮਾ ਕਬੀਰ ਨੇ ਗੁਪਤ ਪ੍ਰੇਰਣਾ ਕਰਕੇ ਸਮਸ਼ਤਰਬੇਜ਼ ਦੇ ਮਨ ਵਿੱਚ ਆਸ਼ਰਮ ਤਿਆਗ ਜਾਣ ਦੀ ਇੱਛਾ ਪੈਦਾ ਕੀਤੀ ਕਿਉਂਕਿ ਉਸ ਨਗਰੀ ਵਿੱਚ ਸਮਸ਼ਤਰਬੇਜ਼ ਦਾ ਵਿਰੋਧ ਬਹੁਤ ਵੱਧ ਗਿਆ ਸੀ। ਸਮਸ਼ਤਰਬੇਜ਼ ਦੇ ਆਸ਼ਰਮ ਛੱਡ ਕੇ ਨਿਕਲਦੇ ਹੀ ਖ਼ੁਦ ਕਬੀਰ ਜੀ ਹੀ ਸਮਸ਼ਤਰ-

ਬੇਜ਼ ਦੇ ਭੇਸ ਵਿੱਚ ਆਸ਼ਰਮ ਵਿੱਚ ਰਹਿਣ ਲੱਗੇ। ਉਥੋਂ ਆਪਣੇ ਹੰਸ ਮਨਸ਼ੂਰ ਨੂੰ ਕੱਢਣਾ ਸੀ। ਓਥੋਂ ਦੇ ਰਾਜੇ ਅਤੇ ਪ੍ਰਜਾ ਦੇ ਘੋਰ ਵਿਰੋਧ ਤੋਂ ਬਾਅਦ ਸਮਸ਼ਤਰਬੇਜ਼ ਭੇਸਧਾਰੀ ਅ.ਲ ਖਿਜ਼ੂ ਆਪਣੇ ਸ਼ਾਗਿਰਦ ਸ਼ਹਿਜ਼ਾਦੇ ਮੁੰਹਮਦ (ਮਨਸ਼ੂਰ ਦਾ ਨਾਮ ਬਦਲ ਕੇ ਮੁੰਹਮਦ ਰੱਖ ਲਿਆ ਸੀ) ਨੂੰ ਨਾਲ ਲੈ ਕੇ ਹਿੰਦੁਸਤਾਨ (ਵਰਤਮਾਨ ਪਾਕਿਸਤਾਨ) ਦੇ ਸ਼ਹਿਰ ਮੁ.ਲਤਾਨ ਵਿੱਚ ਆ ਗਏ। ਸਤਿਗੁਰੂ ਸਮਸ਼ਤਰਬੇਜ਼ ਅਤੇ ਸ਼ਹਿਜ਼ਾਦੇ ਮੁੰਹਮਦ ਨੇ ਮੁ.ਲਤਾਨ ਸ਼ਹਿਰ ਵਿੱਚ ਆਪਣਾ ਡੇਰਾ ਲਗਾਇਆ। ਉਹਨਾਂ ਦੇ ਗਿਆਨ ਨੂੰ ਸੁਣ ਕੇ ਕੁੱਝ ਚੰਗੀਆਂ ਆਤਮਾਂਵਾਂ ਉਹਨਾਂ ਦੇ ਅਨੁਯਾਈ ਬਣ ਗਏ। ਪਰੰਤੂ ਇਸਲਾਮ ਦੇ ਵਿੱਰੁਧ ਭਗਤੀ ਕਿਰਿਆ ਹੋਣ ਕਾਰਣ ਉੱਥੋਂ ਦੇ ਵਿਅਕਤੀਆਂ ਨੇ ਘੋਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜੋ ਅਨੁਯਾਈ ਬਣੇ ਸਨ, ਉਹਨਾਂ ਦਾ ਵੀ ਆਸ਼ਰਮ ਜਾਣਾ ਬੰਦ ਕਰ ਦਿੱਤਾ। ਸਮਸ਼ਤਰਬੇਜ਼ ਦੇ ਕੋ.ਲ ਬਾਲਣ ਖ਼ਤਮ ਹੋ ਗਿਆ। ਉਹਨਾਂ ਨੇ ਸ਼ਹਿਜ਼ਾਦੇ ਨੂੰ ਕਿਹਾ ਕਿ ਇਸ ਆਟੇ ਦੀ ਇੱਕ ਹੀ ਮੋਟੀ ਰੋਟੀ ਬਣਾ ਕੇ ਸ਼ਹਿਰ ਵਿੱਚ ਲੈ ਜਾ। ਕਿਸੇ ਦੇ ਘਰ ਤੋਂ ਰੋਟੀ ਪਕਾ ਕੇ ਲੈ ਆ। ਸ਼ਹਿਜ਼ਾਦਾ ਕੱਚੀ ਰੋਟੀ ਲੈ ਕੇ ਸ਼ਹਿਰ ਵਿੱਚ ਗਿਆ। ਕਿਸੇ ਨੇ ਰੋਟੀ ਨਹੀਂ ਸੇਕੀ। ਉਲਟਾ ਮੁੰਹਮਦ ਦੇ ਮੂੰਹ ਤੇ ਸੱਟ ਮਾਰ ਕੇ ਜ਼ਖ਼ਮੀ ਕਰ ਦਿੱਤਾ। ਬਿਨਾਂ ਰੋਟੀ ਪਕਾਏ ਸ਼ਾਗਿਰਦ ਵਾਪਸ ਆਇਆ ਅਤੇ ਸਤਿਗੁਰੂ ਜੀ ਨੂੰ ਦੱਸਿਆ ਕਿ ਲੋਕਾਂ ਨੇ ਮੇਰਾ ਇਹ ਹਾਲ ਕਰ ਦਿੱਤਾ। ਰੋਟੀ ਵੀ ਨਹੀਂ ਸੇਕੀ (ਪਕਾਈ)। ਤਦ ਸਮਸ਼ਤਰਬੇਜ਼ ਨੇ ਰੋਟੀ ਨੂੰ ਹੱਥ ਤੇ ਰੱਖ ਕੇ ਸੂਰਜ (SUN) ਵੱਲ ਮੂੰਹ ਕਰਕੇ ਕਿਹਾ ਇੱਥੇ ਆ ਕੇ ਮੇਰੀ ਬਾਟੀ ਸੇਕ (ਪਕਾ)। ਉਸੀ ਸਮੇਂ ਸਤਿਗੁਰੂ ਜੀ ਦੇ ਹੁਕਮ ਨਾਲ ਸੂਰਜ ਜ਼ਮੀਨ ਦੇ ਨਜ਼ਦੀਕ ਆਉਣ ਲੱਗਾ। ਗਰਮੀਂ ਇੰਨੀ ਵੱਧ ਗਈ ਕਿ ਮੁ.ਲਤਾਨ ਸ਼ਹਿਰ ਭੱਠੀ ਬਣ ਗਿਆ। ਪੂਰਾ ਮੁ.ਲਤਾਨ ਜ.ਲਣ ਲੱਗਾ। ਦਰ ਅਤੇ ਦੀਵਾਰ ਤਪਣ ਲੱਗੇ। ਕੁੱਝ ਸਮਝਦਾਰ ਲੋਕ ਸਤਿਗੁਰੂ ਦੀ ਖ਼ਿਦਮਤ ਵਿੱਚ ਪੇਸ਼ ਹੋਏ ਅਤੇ ਮਾਫ਼ੀ ਮੰਗੀ। ਕਿਹਾ ਕਿ ਕੁੱਝ ਨਾਦਾਨ ਲੋਕਾਂ ਦੇ ਕਰਮਾਂ ਦੀ ਸਜ਼ਾ ਪੂਰੇ ਮੁ.ਲਤਾਨ ਨੂੰ ਨਾ ਦੇਵੋ।

ਸਤਿਗੁਰੂ ਨੇ ਕਿਹਾ ਕਿ ਇਹ ਲੋਕ ਨਾਦਾਨ ਨਹੀਂ ਦੁਸ਼ਟ ਹਨ। ਇਹਨਾਂ ਨੇ ਅੱਗ ਵਰਗੀ ਸਸਤੀ ਚੀਜ਼ ਵੀ ਸੰਤਾਂ ਨੂੰ ਦੇਣ ਤੋਂ ਮਨ੍ਹਾ ਕਰ ਦਿੱਤਾ। ਇਸ ਬੱਚੇ ਦਾ ਮੂੰਹ ਤੋੜ ਦਿੱਤਾ। ਹੱਥ ਜੋੜ ਖੜ੍ਹੇ ਲੋਕਾਂ ਨੇ ਕਿਹਾ ਕਿ ਇਹ ਤੁਹਾਡੀ ਤਾਕਤ ਤੋਂ ਵਾਕਫ਼ ਨਹੀਂ ਹਨ। ਖ਼ੁਦਾ ਦੇ ਲਈ ਇਹਨਾਂ ਨੂੰ ਮਾਫ਼ ਕਰ ਦੇਵੋ। ਇਹ ਸੁਣ ਕੇ ਸਤਿਗੁਰੂ ਸਮਸ਼ਤਰਬੇਜ਼ ਨੇ ਕਿਹਾ ਕਿ ਤੁਸੀਂ ਖ਼ੁਦਾ ਨੂੰ ਵਿੱਚ ਲੈ ਆਏ ਹੋ ਤਾਂ ਮਾਫ਼ ਕਰ ਦਿੰਦਾ ਹਾਂ। ਸੂਰਜ ਦੀ ਤਰਫ਼ ਨਜ਼ਰ ਕਰ ਕੇ ਕਿਹਾ ਕਿ ਆਪਣੀ ਗਰਮੀਂ ਘੱਟ ਕਰ ਦੇ। ਪਤਾ ਨਹੀਂ ਇਹ ਲੋਕ ਦੋਜ਼ਖ਼ ਦੀ ਅੱਗ ਕਿਵੇਂ ਸਹਿਣ ਕਰਨਗੇ? ਇੰਨਾਂ ਕਹਿੰਦੇ ਹੀ ਸੂਰਜ ਵਾਪਸ ਆਪਣੀ ਥਾਂ ਤੇ ਚਲਾ ਗਿਆ। ਉਸ ਤੋਂ ਬਾਅਦ ਮੁ.ਲ-ਤਾਨ ਦੇ ਵਿਅਕਤੀ ਭਗਤ ਬਣਨ ਲੱਗੇ। ਸਤਿਗੁਰੂ ਕਬੀਰ ਜੀ ਜੋ ਸਮਸ਼ਤਰਬੇਜ਼ ਦਾ ਅਭਿਨਯ ਕਰ ਰਹੇ ਸਨ। ਉਹਨਾਂ ਨੇ ਆਪਣੀ ਯੋਜਨਾ ਦੇ ਤਹਿਤ ਕੁੱਝ ਦਿਨ ਮੌਨ ਧਾਰਣ ਕਰ ਲਿਆ ਕਿਉਂਕਿ ਸਮਸ਼ਤਰਬੇਜ਼ ਆਪਣੇ ਸ਼ਿਸ਼ ਮਨਸ਼ੂਰ ਦੇ ਨਾਲ ਹੋਏ ਘੋਰ-ਵਿਰੋਧ ਅਤੇ ਅੱਤਿਆਚਾਰ ਨੂੰ ਦੇਖ ਕੇ ਮੌਨ ਹੋ ਗਏ ਸਨ। ਸਮਸ਼ਤਰਬੇਜ਼ ਰੂਪ ਵਿੱਚ ਕਬੀਰ ਜੀ ਵੀ ਕਈ ਦਿਨਾਂ ਤੋਂ ਮੌਨ ਧਾਰਣ ਕੀਤੇ ਹੋਏ ਸਨ। ਰੋਜ਼ਾਨਾ ਦੀ ਤਰ੍ਹਾਂ ਸਵੇਰ ਦੀ ਸੈਰ ਕਰਨ ਗਏ। ਵਾਪਸ ਨਹੀਂ ਆਏ। ਉਸੇ ਦਿਨ ਅਸਲੀ ਸਮਸ਼ਤਰਬੇਜ਼ ਉਸ ਆਸ਼ਰਮ ਵਿੱਚ ਆ ਗਏ ਜੋ ਮੌਨੀ ਹੋ ਗਿਆ ਸੀ। ਆਉਂਦੇ

ਹੀ ਸ਼ਰੀਰ ਤਿਆਗ ਦਿੱਤਾ। ਲੋਕਾਂ ਨੂੰ ਅੱਜ ਤੱਕ ਇਸ ਰਾਜ ਦਾ ਪਤਾ ਨਹੀਂ ਹੈ। ਸਮਸ਼ਤਰਬੇਜ਼ ਦੇ ਸਰੀਰ ਨੂੰ ਕਬਰ ਵਿੱਚ ਦਫ਼ਨਾ ਦਿੱਤਾ ਗਿਆ। ਸੰਨ 1329 ਵਿੱਚ ਯਾਦਗਾਰ ਬਣਾ ਦਿੱਤੀ। ਸੰਨ 1398-1518 ਤੱਕ ਇੱਕ ਸੌ ਵੀਹ ਸਾਲ ਕਾਸ਼ੀ (ਭਾਰਤ) ਵਿੱਚ ਕਬੀਰ ਪਰਮੇਸ਼ਵਰ ਜੀ ਨੇ ਲ਼ੀਲਾ ਕੀਤੀ। ਉਸ ਸਮੇਂ ਕਮਾਲੀ ਲੜਕੀ ਕਬਰ ਵਿੱਚੋ ਕੱਢਵਾ ਕੇ ਜੀਵਿਤ ਕੀਤੀ ਸੀ। ਜਵਾਨ ਹੋਣ ਤੇ ਕਮਾਲੀ ਨੂੰ ਜਦ ਉਪਰੋਕਤ ਹਕੀਕਤ ਦਾ ਪਤਾ ਲੱਗਿਆ ਤਾਂ ਉਸਨੂੰ ਦੇਖਣ ਦੀ ਪ੍ਰਬਲ ਇੱਛਾ ਕੀਤੀ। ਸਤਿਗੁਰੂ ਨੂੰ ਬੇਨਤੀ ਕੀਤੀ। ਕਮਾਲੀ ਦਾ ਵਿਆਹ ਉਸੇ ਮੁ਼ਲਤਾਨ ਸ਼ਹਿਰ ਵਿੱਚ ਭਗਤ ਦੇ ਘਰ ਕਰ ਦਿੱਤਾ। ਸੰਤ ਗਰੀਬਦਾਸ ਜੀ ਨੇ ਕਿਹਾ ਹੈ ਕਿ:-

ਗਰੀਬ, ਸਤਿਗੁਰੂ ਸਮਸਤਰਬੇਜ਼ ਕੂੰ, ਬਾਟੀ ਧਰਿਯਾ ਹਾਥ।
ਸੂਰਜ ਕੂੰ ਸੇਕੀ ਜਹਾਂ, ਤੇਜਪੁੰਜ ਕਾ ਗਾਤ॥

ਅਰਥਾਤ ਸਤਿਗੁਰੂ ਨੇ ਕੱਚੀ ਰੋਟੀ (ਬਾਟੀ) ਹੱਥ ਤੇ ਰੱਖ ਕੇ ਸੂਰਜ ਨੂੰ ਸੇਕਣ (ਪਕਾਉਣ) ਦੇ ਲਈ ਕਿਹਾ। ਉਸੀ ਸਮੇਂ ਸੂਰਜ ਧਰਤੀ ਦੇ ਨੇੜੇ ਆ ਗਿਆ। ਉਸ ਸਮੇਂ ਸਮਸਤਰਬੇਜ਼ ਰੂਪਧਾਰੀ ਸਤਿਗੁਰੂ ਦਾ ਸਰੀਰ ਤੇਜਪੁੰਜ ਵਿੱਚ ਬਦਲ ਗਿਆ। ਨੂਰੀ ਸਰੀਰ ਦਿਖਾਈ ਦੇਣ ਲੱਗਾ। ਸੂਰਜ ਦੀ ਗਰਮੀਂ ਨਾਲ ਉਹ ਰੋਟੀ ਖਾਣ ਯੋਗ ਪੱਕ ਗਈ।

## "ਪ੍ਰਭੂ ਕਬੀਰ ਜੀ ਦਾ ਮਗਹਰ ਤੋਂ ਸਹਿਸਰੀਰ ਸਤਲੋਕ ਗਮਨ ਅਤੇ ਸੁੱਕੀ ਨਦੀ ਵਿੱਚ ਨੀਰ ਵਹਾਉਣਾ"

ਉਸ ਤੋਂ ਬਾਅਦ ਇਸ ਭਰਮ ਨੂੰ ਤੋੜਨ ਦੇ ਲਈ ਕਿ ਜੋ ਮਗਹਰ ਵਿੱਚ ਮਰਦਾ ਹੈ ਉਹ ਗਧਾ ਬਣਦਾ ਹੈ ਅਤੇ ਕਾਸ਼ੀ ਵਿੱਚ ਮਰਨ ਵਾਲਾ ਸਵਰਗ ਜਾਂਦਾ ਹੈ। (ਬੰਦੀ ਛੋੜ ਕਹਿੰਦੇ ਸਨ ਕਿ ਸਹੀ ਵਿਧੀ ਨਾਲ ਭਗਤੀ ਕਰਨ ਵਾਲਾ ਜੀਵ ਚਾਹੇ ਕਿਤੇ ਪ੍ਰਾਣ ਤਿਆਗ ਦੇਵੇ ਉਹ ਆਪਣੇ ਸਹੀ ਸਥਾਨ ਤੇ ਜਾਵੇਗਾ।) ਉਹਨਾਂ ਨਦਾਨਾਂ ਦਾ ਭਰਮ ਨਿਵਾਰਣ ਕਰਨ ਲਈ ਕਬੀਰ ਸਾਹਿਬ ਨੇ ਕਿਹਾ ਹੈ ਕਿ ਮੈਂ ਮਗਹਰ ਵਿੱਚ ਮਰਾਂਗਾ ਅਤੇ ਸਾਰੇ ਜੋਤਸ਼ੀ ਦੇਖ ਲੈਣ ਕਿ ਮੈਂ ਕਿੱਥੇ ਜਾਵਾਂਗਾ? ਨਰਕ ਵਿੱਚ ਜਾਵਾਂਗਾ ਜਾਂ ਸਵਰਗ ਤੋਂ ਵੀ ਉੱਪਰ ਸਤਲੋਕ ਵਿੱਚ।


ਕਬੀਰ ਸਾਹਿਬ ਨੇ ਕਾਸ਼ੀ ਤੋਂ ਮਗਹਰ ਦੇ ਲਈ ਪ੍ਰਸਥਾਨ ਕੀਤਾ ਬੀਰ ਸਿੰਘ ਬਘੇਲਾ ਅਤੇ ਬਿਜਲੀ ਖਾਂ ਪਠਾਣ ਇਹ ਦੋਵੇਂ ਹੀ ਸਤਿਗੁਰੂ ਦੇ ਸ਼ਿਸ਼ ਸਨ। ਬੀਰ ਸਿੰਘ ਨੇ ਆਪਣੀ ਸੈਨਾ ਨਾਲ ਲੈ ਲਈ ਕਿ ਕਬੀਰ ਸਾਹਿਬ ਉੱਥੇ ਆਪਣਾ ਸਰੀਰ ਛੱਡਣਗੇ। ਇਸ ਸਰੀਰ ਨੂੰ ਲੈ ਕੇ ਅਸੀਂ ਕਾਸ਼ੀ ਵਿੱਚ ਹਿੰਦੂ ਰੀਤੀ ਨਾਲ ਅੰਤਿਮ ਸਸਕਾਰ ਕਰਾਂਗੇ। ਜੇਕਰ ਮੁਸਲਮਾਨ ਨਹੀਂ ਮੰਨਣਗੇ ਤਾਂ ਲੜਾਈ ਕਰਕੇ ਲਾਸ਼ ਨੂੰ ਲਿਆਵਾਂਗੇ। ਸੈਨਾ ਵੀ ਨਾਲ ਲੈ ਲਈ, ਹੁਣ ਇੰਨੀ ਬੁੱਧੀ ਹੈ ਸਾਡੀ। ਹਰ ਰੋਜ਼ ਸਿੱਖਿਆ ਦਿੰਦੇ ਸੀ ਕਿ ਹਿੰਦੂ ਮੁਸਲਮਾਨ ਦੋ ਨਹੀਂ ਹਨ। ਆਖਿਰ ਵਿੱਚ ਫਿਰ ਉਹੀ ਬੁੱਧੀ। ਉਧਰ ਬਿਜਲੀ ਖਾਨ ਪਠਾਨ ਨੂੰ ਪਤਾ ਲੱਗਿਆ ਕਿ ਕਬੀਰ ਸਾਹਿਬ ਇੱਥੇ ਆ ਰਹੇ ਹਨ। ਬਿਜਲੀ ਖ਼ਾਂ ਪਠਾਨ ਨੇ ਸਤਿਗੁਰੂ ਅਤੇ ਸਾਰੇ ਆਉਣ ਵਾਲੇ ਭਗਤਾਂ ਅਤੇ ਦਰਸ਼ਕਾਂ ਦੀ ਖਾਣ ਅਤੇ ਪੀਣ ਦੀ ਸਾਰੀ ਵਿਵਸਥਾ ਕੀਤੀ ਅਤੇ ਕਿਹਾ ਕਿ ਸੈਨਾ ਤੁਸੀਂ ਵੀ ਤਿਆਰ ਕਰ ਲਓ। ਅਸੀਂ ਆਪਣੇ ਪੀਰ ਕਬੀਰ ਸਾਹਿਬ ਦਾ ਇੱਥੇ ਮੁਸ-ਲਮਾਨ ਵਿਧੀ ਨਾਲ ਅੰਤਿਮ ਸਸਕਾਰ ਕਰਾਂਗੇ। ਕਬੀਰ ਸਾਹਿਬ ਦੇ ਮਗਹਰ ਪਹੁੰਚਣ

ਤੋਂ ਬਾਅਦ ਬਿਜਲੀ ਖਾਂ ਨੇ ਕਿਹਾ ਕਿ ਮਹਾਰਾਜ ਜੀ ਇਸ਼ਨਾਨ ਕਰੋ। ਕਬੀਰ ਸਾਹਿਬ ਨੇ ਕਿਹਾ ਕਿ ਵਗਦੇ ਪਾਣੀ ਵਿੱਚ ਇਸ਼ਨਾਨ ਕਰਾਂਗਾ। ਬਿਜਲੀ ਖਾਂ ਨੇ ਕਿਹਾ ਕਿ ਸਤਿਗੁਰੂ ਦੇਵ ਇੱਥੇ ਨਾਲ ਹੀ ਇੱਕ ਆਮੀ ਨਦੀ ਹੈ, ਉਹ ਭਗਵਾਨ ਸ਼ਿਵ ਦੇ ਸਰਾਪ ਨਾਲ ਸੁੱਕੀ ਪਈ ਹੈ। ਉਸ ਵਿੱਚ ਪਾਣੀ ਨਹੀਂ ਹੈ। ਜਿਹੋ ਜਿਹੀ ਵਿਵਸਥਾ ਦਾਸ ਤੋਂ ਹੋ ਪਾਈ ਹੈ ਪਾਣੀ ਦਾ ਪ੍ਰਬੰਧ ਕਰਵਾਇਆ ਹੈ। ਪਰ ਸੰਗਤ ਬਹੁਤ ਆ ਗਈ। ਨਹਾਉਣ ਦੀ ਤਾਂ ਗੱਲ ਬਣ ਨਹੀਂ ਪਾਵੇਗੀ। ਪੀਣ ਦਾ ਪਾਣੀ ਕਾਫੀ ਮਾਤਰਾ ਵਿੱਚ ਬਾਹਰ ਤੋਂ ਮੰਗਵਾਇਆ ਹੋਇਆ ਹੈ। ਕਬੀਰ ਸਾਹਿਬ ਨੇ ਕਿਹਾ ਕਿ ਉਹ ਨਦੀ ਦੇਖਦੇ ਹਾਂ ਕਿੱਥੇ ਹੈ? ਉਸ ਨਦੀ ਤੇ ਜਾ ਕੇ ਕਬੀਰ ਸਾਹਿਬ ਨੇ ਹੱਥ ਨਾਲ ਇਸ ਤਰ੍ਹਾਂ ਇਸ਼ਾਰਾ ਕੀਤਾ ਸੀ ਜਿਵੇਂ ਟਰੈਫਿਕ ਦਾ ਸਿਪਾਹੀ ਰੁਕੀ ਹੋਈ ਗੱਡੀਆਂ ਨੂੰ ਜਾਣ ਦਾ ਸੰਕੇਤ ਕਰਦਾ ਹੈ। ਉਹ ਆਮੀ ਨਦੀ ਪੂਰੀ ਭਰ ਕੇ ਚੱਲ ਪਈ। (ਇਹ ਆਮੀ ਨਦੀ ਉੱਥੇ ਅੱਜ ਵੀ ਮੌਜੂਦ ਹੈ) ਸਭ ਨੇ ਜੈ ਜੈਕਾਰ ਕੀਤੀ।


ਸਾਹਿਬ ਨੇ ਕਿਹਾ ਕਿ ਇੱਕ ਚਾਦਰ ਹੇਠਾਂ ਵਿਛਾਓ, ਇੱਕ ਮੈਂ ਉੱਪਰ ਲਵਾਂਗਾ। (ਕਿਉਂਕਿ ਉਹ ਤਾਂ ਜਾਣੀ ਜਾਣ ਸਨ) ਕਹਿਣ ਲੱਗੇ ਕਿ ਇਹ ਸੈਨਾ ਕਿਉਂ ਲਿਆਂਦੀ ਹੋਈ ਹੈ ਤੁਸੀਂ? ਹੁਣ ਬਿਜਲੀ ਖਾਂ ਪਠਾਨ ਅਤੇ ਬੀਰ ਸਿੰਘ ਬਘੇਲ ਆਮੋ-ਸਾਹਮਣੇ ਖੜ੍ਹੇ ਹਨ । ਉਹਨਾਂ ਨੇ ਤਾਂ ਮੂੰਹ ਲਟਕਾ ਲਿਆ ਅਤੇ ਬੋਲੇ ਨਹੀਂ । ਉਹ ਦੂਸਰੇ ਹਿੰਦੂ ਅਤੇ ਮੁਸਲਮਾਨ ਬਿਨਾਂ ਨਾਮ ਵਾਲੇ ਬੋਲੇ ਕਿ ਜੀ ਅਸੀਂ ਆਪ ਦਾ ਅੰਤਿਮ ਸਸਕਾਰ ਆਪਣੀ ਵਿਧੀ ਨਾਲ ਕਰਾਂਗੇ। ਦੂਸਰੇ ਕਹਿੰਦੇ ਹਨ ਕਿ ਅਸੀਂ ਆਪਣੀ ਵਿਧੀ ਨਾਲ ਕਰਾਂਗੇ। ਚੜ੍ਹਾ ਲਈਆਂ ਬਾਹਾਂ, ਚੁੱਕ ਲਏ ਹਥਿਆਰ ਅਤੇ ਕਹਿਣ ਲੱਗੇ ਕਿ ਆ ਜਾਓ। ਕਬੀਰ ਸਾਹਿਬ ਨੇ ਕਿਹਾ ਕਿ ਅਨਜਾਣੋਂ ਕਿ ਮੈਂ ਇਹੀ ਸਿੱਖਿਆ ਦਿੱਤੀ ਸੀ 12 ਸਾਲ ਤੱਕ। ਇਸ ਮਿੱਟੀ ਦਾ ਤੁਸੀਂ ਕੀ ਕਰੋਗੇ? ਚਾਹੇ ਫੂਕ ਦਵੋ ਜਾਂ ਦਫ਼ਨਾ ਦਵੋ, ਇਸ ਤੋਂ ਕੀ ਮਿਲੇਗਾ? ਤੁਸੀਂ ਕੀ ਸਿੱਖਿਆ ਲਈ ਮੇਰੇ ਤੋਂ? ਸੁਣ ਲਓ ਜੇਕਰ ਲੜਾਈ ਕਰ ਲਈ ਤਾਂ ਮੇਰੇ ਤੋਂ ਬੁਰਾ ਨਹੀਂ ਹੋਵੇਗਾ। ਉਹ ਜਾਣਦੇ ਸਨ ਕਿ ਇਹ ਕਬੀਰ ਸਾਹਿਬ ਪਰਮ ਸ਼ਕਤੀ ਵਾਲੇ ਹਨ। ਜੇਕਰ ਕੁਝ ਕਹਿ ਦਿੱਤਾ ਤਾਂ ਗੱਲ ਵਿਗੜ ਜਾਵੇਗੀ। ਸ਼ਾਂਤ ਹੋ ਗਏ ਪਰ ਮਨ ਵਿੱਚ ਇਹੀ ਸੀ ਕਿ ਸਰੀਰ ਛੱਡਣ ਦਿਉ, ਅਸੀਂ ਤਾਂ ਇਹੀ ਕਰਨਾ ਹੈ। ਉਹ ਤਾਂ ਜਾਣੀ ਜਾਣ ਸਨ। ਉਸ ਦਿਨ ਗ੍ਰਹਿ ਯੁੱਧ ਸ਼ੁਰੂ ਹੋ ਜਾਂਦਾ, ਸਭ ਸੱਤਿਆ ਨਾਸ਼ ਹੋ ਜਾਂਦਾ ਜੇਕਰ ਸਾਹਿਬ ਆਪਣੀ ਕਿਰਪਾ ਨਾ ਬਖ਼ਸ਼ਦੇ । ਕਬੀਰ ਸਾਹਿਬ ਨੇ ਕਿਹਾ ਕਿ ਇੱਕ ਕੰਮ ਕਰ ਲੈਣਾ ਤੁਸੀਂ ਮੇਰੇ ਸਰੀਰ ਨੂੰ ਅੱਧਾ ਅੱਧਾ ਕੱਟ ਲੈਣਾ। ਪਰ ਲੜਨਾ ਨਾ। ਇਹ ਮੇਰਾ ਆਖ਼ਰੀ ਹੁਕਮ ਸੁਣ ਲਓ ਅਤੇ ਮੰਨੋ, ਇਸ ਵਿੱਚ ਜੋ ਵਸਤੂ ਮਿਲੇ ਉਸ ਨੂੰ ਅੱਧਾ ਅੱਧਾ ਕਰ ਲੈਣਾ। ਮਹੀਨਾ ਮਾਘ ਸ਼ੁਕਲ ਪਕਸ਼ ਤਿਥੀ ਇਕਾਦਸ਼ੀ ਵਿਕਰਮੀ ਸੰਮਤ (ਇੱਕ ਹਜ਼ਾਰ ਪੰਜ ਸੌ ਪੰਝੱਤਰ) ਸੰਨ 1518 ਨੂੰ ਕਬੀਰ ਸਾਹਿਬ ਨੇ ਇੱਕ ਚਾਦਰ ਹੇਠਾਂ ਵਿਛਾਈ ਅਤੇ ਇੱਕ ਉੱਪਰ ਲੈ ਲਈ। ਕੁਝ ਫੁੱਲ ਕਬੀਰ ਸਾਹਿਬ ਦੇ ਹੇਠਾਂ ਵਾਲੀ ਚਾਦਰ ਉੱਪਰ ਦੋ ਇੰਚ ਮੋਟਾਈ ਵਿੱਚ ਵਿਛਾ ਦਿੱਤੇ ਗਏ। ਥੋੜ੍ਹੀ ਦੇਰ ਵਿੱਚ ਅਕਾਸ਼ਵਾਣੀ ਹੋਈ ਕਿ ਮੈਂ ਤਾਂ ਜਾ ਰਿਹਾ ਹਾਂ ਸਤਲੋਕ ਵਿੱਚ (ਸਵਰਗ ਤੋਂ ਵੀ ਉੱਪਰ) । ਦੇਖ ਲਓ ਚਾਦਰ ਚੁੱਕ ਕੇ ਇਸ ਵਿੱਚ ਕੋਈ ਮ੍ਰਿਤਕ ਦੇਹ ਨਹੀਂ ਹੈ। ਜੋ ਵਸਤੂ ਹੈ ਉਹ ਅੱਧੀ ਅੱਧੀ ਲੈ ਲੈਣਾ ਪਰ ਲੜਨਾ ਨਹੀਂ। ਜਦ ਚਾਦਰ ਚੁੱਕੀ ਤਾਂ ਖ਼ੁਸ਼ਬੂਦਾਰ ਫੁੱਲਾਂ ਦਾ ਢੇਰ ਮ੍ਰਿਤਕ ਦੇਹ ਦੇ ਬਰਾਬਰ ਉੱਚਾ ਮਿਲਿਆ। ਬੋਲੋ ਸਤਿਗੁਰੂ ਦੇਵ ਕੀ ਜੈ।

ਬੀਰਦੇਵ ਸਿੰਘ ਬਘੇਲ ਅਤੇ ਬਿਜਲੀ ਖਾਂ ਪਠਾਨ ਇੱਕ ਦੂਜੇ ਦੇ ਸੀਨੇ ਲੱਗ ਕੇ

ਇੰਝ ਰੋਣ ਲੱਗੇ ਜਿਵੇਂ ਬੱਚਿਆਂ ਦੀ ਮਾਂ ਮਰ ਜਾਂਦੀ ਹੈ। ਫਿਰ ਤਾਂ ਉੱਥੇ ਰੋਣਾ ਧੋਣਾ ਮੱਚ ਗਿਆ। ਹਿੰਦੂਆਂ ਅਤੇ ਮੁਸਲਮਾਨਾਂ ਦਾ ਪਿਆਰ ਹਮੇਸ਼ਾ ਦੇ ਲਈ ਅਟੁੱਟ ਬਣ ਗਿਆ। ਇੱਕ ਦੂਜੇ ਨੂੰ ਸੀਨੇ ਨਾਲ ਲਗਾ ਕੇ ਹਿੰਦੂ ਅਤੇ ਮੁਸਲਮਾਨ ਰੋ ਰਹੇ ਸਨ। ਕਹਿਣ ਲੱਗੇ ਕਿ ਅਸੀਂ ਸਮਝੇ ਨਹੀਂ। ਇਹ ਤਾਂ ਅਸਲ ਵਿੱਚ ਅੱਲਾਹ ਆਏ ਹੋਏ ਸਨ। ਅਤੇ ਉੱਪਰ ਆਕਾਸ਼ ਵਿੱਚ ਪ੍ਰਕਾਸ਼ ਦਾ ਗੋਲਾ ਜਾ ਰਿਹਾ ਸੀ। ਬੋਲੋ ਸਤਿਗੁਰੂ ਦੇਵ ਕੀ ਜੈ "ਸਤ ਸਾਹਿਬ।" ਤਾਂ ਉੱਥੇ ਮਗਹਰ ਵਿੱਚ ਦੋਨੋਂ ਧਰਮ (ਹਿੰਦੂਆਂ ਅਤੇ ਮੁਸਲਮਾਨਾਂ) ਨੇ ਇੱਕ ਇੱਕ ਚਾਦਰ ਅਤੇ ਅੱਧੇ-ਅੱਧੇ ਸੁਗੰਧਤ ਫੁੱਲ ਲੈ ਕੇ ਸੋ ਫੁੱਟ ਦੇ ਅੰਤਰ ਤੇ ਇੱਕ - ਇੱਕ ਯਾਦਗਾਰ ਅਲੱਗ -ਅਲੱਗ ਬਣਾਈ ਜੋ ਅੱਜ ਵੀ ਮੌਜੂਦ ਹੈ ਅਤੇ ਕੁਝ ਫੁੱਲ ਲਿਆ ਕੇ ਕਾਸ਼ੀ ਵਿੱਚ ਜਿੱਥੇ ਕਬੀਰ ਸਾਹਿਬ ਇੱਕ ਚਬੂਤਰੇ (ਚੌਰਾ) ਉੱਤੇ ਬੈਠ ਕੇ ਸਤਸੰਗ ਕਰਦੇ ਸਨ ਉੱਥੇ ਕਾਸ਼ੀ ਚੌਰਾ ਨਾਮ ਨਾਲ ਇੱਕ ਯਾਦਗਾਰ ਬਣਾਈ। ਅੱਜ ਉੱਥੇ ਇੱਕ ਬਹੁਤ ਵੱਡਾ ਆਸ਼ਰਮ ਬਣਿਆ ਹੋਇਆ ਹੈ। ਮਗਹਰ ਵਿੱਚ ਦੋਵੇਂ ਯਾਦਗਾਰਾਂ ਦੇ ਵਿੱਚ ਇੱਕ ਸਾਂਝਾ ਦਰਵਾਜ਼ਾ ਵੀ ਹੈ, ਆਪਸ ਵਿੱਚ ਕੋਈ ਭੇਦਭਾਵ ਨਹੀਂ ਹੈ।



(ਮਗਹਰ ਸਥਾਨ ਤੋਂ ਸਤਲੋਕ ਜਾਣ ਵਾਲੇ ਸਮੇਂ ਦਾ ਦ੍ਰਿਸ਼)



(ਮਗਹਰ ਸਥਾਨ ਉੱਪਰ ਹਿੰਦੂਆਂ ਅਤੇ ਮੁਸਲਮਾਨਾਂ ਦੁਆਰਾ
ਬਣਾਈ ਗਈ ਨਾਲ-ਨਾਲ ਯਾਦਗਾਰ)

ਹਿੰਦੂ ਅਤੇ ਮੁਸਲਮਾਨ ਇਸ ਤਰਾਂ ਰਹਿੰਦੇ ਹਨ ਕਿ ਜਿਵੇਂ ਸਗੇ ਭਾਈ ਰਿਹਾ ਕਰਦੇ ਹਨ। ਉਹਨਾਂ ਨਾਲ ਅਸੀਂ ਗੱਲ ਕੀਤੀ ਸੀ ਤਾਂ ਉਹਨਾਂ ਨੇ ਕਿਹਾ ਕਿ ਸਾਡੀ ਅੱਜ ਤੱਕ ਧਰਮ ਦੇ ਨਾਂ ਤੇ ਕੋਈ ਲੜਾਈ ਨਹੀਂ ਹੋਈ ਹੈ। ਉਂਞ ਕਹਾ- ਸੁਣੀ ਤਾਂ ਘਰ ਦੀ ਘਰ ਵਿੱਚ ਹੋ ਜਾਂਦੀ ਹੈ। ਫਿਰ ਵੀ ਸਾਡੀ ਆਪਸ ਵਿੱਚ ਧਰਮ ਦੇ ਨਾਂ ਤੇ ਲੜਾਈ ਨਹੀਂ ਹੁੰਦੀ ਹੈ। ਬਿਜਲੀ ਖਾਂ ਪਠਾਨ ਨੇ ਦੋਵਾਂ ਯਾਦਗਾਰਾਂ ਦੇ ਨਾਮ ਪੰਜ ਸੌ, ਪੰਜ ਸੌ ਬੀਘਾ ਜ਼ਮੀਨ ਦਿੱਤੀ ਜਿਸ ਵਿੱਚ ਹਿੰਦੂ ਅਤੇ ਮੁਸਲਮਾਨ ਆਪਣੀ ਪ੍ਰਬੰਧਕ ਕਮੇਟੀ ਬਣਾ ਕੇ ਵਿਵਸਥਾ ਕਰ ਰਹੇ ਹਨ। ਸੰਤ ਰਾਮਪਾਲ ਦਾਸ ਜੀ ਮਹਾਰਾਜ ਆਪਣੇ ਸੈਂਕੜੇ ਸੇਵਾਦ-ਾਰਾਂ ਨਾਲ ਤਿੰਨ ਵਾਰ ਇਸ ਇਤਿਹਾਸਕ ਧਾਰਮਿਕ ਸਥਾਨ ਨੂੰ ਦੇਖ ਕੇ ਆ ਚੁੱਕੇ ਹਨ। ਉੱਥੇ ਜਾ ਕੇ ਇੰਞ ਲੱਗਦਾ ਹੈ ਕਿ ਜਿਵੇਂ ਸਾਨੂੰ ਸੱਚਾਈ ਦਾ ਖਜ਼ਾਨਾ ਪ੍ਰਾਪਤ ਹੋ ਗਿਆ ਹੋਵੇ। ਬੋਲੋ ਸਤਿਗੁਰੂ ਦੇਵ ਕੀ ਜੈ "ਸਤ ਸਾਹਿਬ।"

ਗਰੀਬ ਦਾਸ ਜੀ ਮਹਾਰਾਜ ਦੀ ਬਾਣੀ ਤੋਂ "ਪਾਰਖ ਕਾ ਅੰਗ" ਤੋਂ ਬਾਣੀ :-

ਚਲੇ ਕਬੀਰ ਮਗਹਰ ਕੇ ਤਾਂਈ, ਤਹਾਂ ਵਹਾਂ ਫੂਲਨ ਸੇਜ ਬਿਛਾਈ ।
ਦੋਨੋਂ ਦੀਨ ਅਧਿਕ ਪਰਭਾਊ, ਦੋਸ਼ੀ ਦੁਸ਼ਮਨ ਔਰ ਸਭ ਸਾਊ ॥1125॥
ਤਹਾਂ ਬਿਜਲੀ ਖਾਂ ਚਲੇ ਪਠਾਨਾ, ਬੀਰ ਸਿੰਘ ਬਘੇਲਾ ਪਦ ਪ੍ਰਵਾਨਾ।
ਕਾਸ਼ੀ ਉਮਟੀ ਚਲੀ ਮਗਹਰ ਕੂੰ, ਕੋਈ ਨ ਪਾਵੈ ਤਾਸ ਡਗਰ ਕੂੰ॥1126॥
ਵੈਰਾਗੀ ਸੰਯਾਸੀ ਜੋਗੀ, ਚਲੇ ਮਗਹਰ ਕੋ ਸਬਦ ਵਿਯੋਗੀ ।
ਤੀਨ ਰੋਜ ਮੇਂ ਪੌਹਚੇ ਜਾਈ, ਤਹਾਂ ਵਹਾਂ ਸੁਮਿਰਨ ਰਾਮ ਖੁਦਾਈ ॥1127॥
ਦਹੂੰ ਦੀਨ ਰਹੇ ਬਾਹਾਂ ਜੋਰੀ, ਸ਼ਸਤ੍ਰ ਬਾਂਧਿ ਲਿਯੇ ਭਰ ਗੋਰੀ।
ਵੈ ਗਾਡੈ ਵੈ ਜਾਰਨ ਕਹੀ, ਦੋਨੂੰ ਦੀਨ ਅਧਿਕ ਹੀ ਫਹੀ ॥1128॥
ਤਹਾਂ ਕਬੀਰ ਕਹੀ ਏਕ ਭਾਸ਼ਾ, ਸ਼ਸਤ੍ਰ ਕਰੈ ਸੋ ਤਾਹੀਂ ਤਲਾਕਾ ।

ਸ਼ਸਤ੍ਰ ਕਰੈ ਸੋ ਹਮਰਾ ਦ੍ਰੋਹੀ, ਜਾ ਕੀ ਪੈਜ ਪਿਛੋੜੀ ਹੋਈ॥1129॥
ਸੁਨ ਬਿਜਲੀ ਖਾਂ ਬਾਤ ਹਮਾਰੀ, ਹਮ ਹੈ ਸ਼ਬਦ ਰੂਪ ਨਿਰਵਿਕਾਰੀ ।
ਬੀਰ ਸਿੰਘ ਬਘੇਲਾ ਵਿਨਤੀ ਕਰਿ ਹੈ, ਹੇ ਸਤਿਗੁਰ ਤੁਮ ਕਿਸ ਵਿਧਿ ਮਰਿ ਹੈ॥1130॥
ਤਹਾਂ ਵਹਾਂ ਚਾਦਰ ਫੂਲ ਬਿਛਾਯੇ, ਸਿਜਯਾ ਛਾੜੀ ਪਦਹਿ ਸਮਾਯੇ ।
ਦੋ ਚਾਦਰ ਦਹੂੰ ਦੀਨ ਉਠਾਈ, ਤਾਕੇ ਮਧਯ ਕਬੀਰ ਨ ਪਾਈ॥1131॥
ਤਹਾਂ ਵਹਾਂ ਅਬਿਗਤ ਫੂਲ ਸੁਵਾਸੀ, ਮਗਹਰ ਘੋਰ ਔਰ ਚੌਰਾ ਕਾਸ਼ੀ ।
ਅਬਿਗਤ ਰੂਪ ਅਲਖ ਨਿਰਵਾਣੀ, ਤਹਾਂ ਵਹਾਂ ਨੀਰ ਸ਼ੀਰ ਦੀਯਾ ਛਾਂਨੀ॥1132॥
ਦੋਹਾ – ਸੰਖ ਜੁਗਨ ਜੁਗ ਜਗਤ ਮੇਂ, ਪਦ ਪ੍ਰਵਾਨਿ ਹੈ ਨ੍ਯਾਰ।
ਦਾਸ ਗਰੀਬ ਕਬੀਰ ਹਰਿ, ਅਵਿਗਤ ਅਧਰਿ ਅਧਾਰ॥ 33॥

## ਬੰਦੀ ਛੋੜ ਗਰੀਬ ਦਾਸ ਜੀ ਮਹਾਰਾਜ ਜੀ ਦੀ ਬਾਣੀ ਤੋਂ :–

## ( ਸਦਗ੍ਰੰਥ ਸਾਹਿਬ ਵਿੱਚ ਰਾਗ ਮਾਰੂ ਤੋਂ ਸ਼ਬਦ )

ਸਤਿਗੁਰੂ ਕੀਨਹਾ ਮਗਹਰ ਪਿਯਾਨਾ ਹੋ, ਦੋਨ੍ਯੂ ਦੀਨ ਚਲੇ ਸੰਗਿ ਜਾਕੈ, ਹਿੰਦੂ ਮੁਸ–ਲਮਾਨਾ ਹੋ॥ ਟੇਕ॥ਮੁਕਤੀ ਖੇਤ ਕੂੰ ਛਾੜਿ ਚਲੇ ਹੈਂ, ਤਜ ਕਾਸ਼ੀ ਅਸਥਾਨਾ ਹੋ। ਸ਼ਾਹ ਸਿਕੰਦਰ ਕਦਮ ਲੇਤ ਹੈ, ਪਾਤਿਸ਼ਾਹ ਸੁਲਤਾਨਾ ਹੋ॥1॥ ਚ੍ਯਾਰਿ ਬੇਦ ਕੇ ਬਕਤਾ ਸੰਗਿ ਹੈਂ, ਖੋਜੀ ਬੜੇ ਬਯਾਨਾ ਹੋ। ਸ਼ਾਲਿਗ੍ਰਾਮ ਸੁਰਤਿ ਸੇ ਸੇਵੈਂ, ਗਿਆਨ ਸਮੁੰਦ੍ਰ ਦਾਨਾ ਹੋ॥2॥ ਸ਼ਟਦਰਸ਼ਨ ਜਾ ਕੈ ਸੰਗਿ ਚਾਲੇ, ਗਾਵਤ ਬਾਨੀ ਨਾਨਾ ਹੋ। ਅਪਨਾ ਅਪਨਾ ਇਸ਼ਟ ਸੰਭਾਲੈਂ, ਬਾਂਚੈਂ ਪੋਥੀ ਪਾਨਾ ਹੋ॥3॥ ਚਦਰਿ ਫੂਲ ਬਿਛਾਯੇ ਸਤਿਗੁਰੂ, ਦੇਖੈ ਸਕਲ ਜਿਹਾਨਾ ਹੋ। ਚ੍ਯਾਰਿ ਦਾਗ ਸੇ ਰਹਤ ਜੁਲਹਦੀ, ਅਬਿਗਤ ਅਲਖ ਅਮਾਨਾ ਹੋ॥4॥ ਬੀਰ ਸਿੰਘ ਬਘੇਲਾ ਕਰੈ ਬੀਨਤੀ, ਬਿਜਲੀ ਖਾਨ ਪਠਾਨਾ ਹੋ। ਦੋ ਚਦਰਿ ਬਖ੍ਸ਼ੀਸ਼ ਕਰੀ ਹੈਂ, ਦੀਨਹਾ ਯੌਹ ਪ੍ਰਵਾਨਾ ਹੋ॥5॥ ਨੂਰ ਨੂਰ ਨਿਰਗੁਣ ਪਦ ਮੇਲਾ, ਦੇਖ ਭਯੇ ਹੈਰਾਨਾ ਹੋ। ਸਯੋਂ ਦੇਹੀ ਸਤਲੋਕ ਗਏ ਅਵਿਨਾਸ਼ੀ, ਪਾਯੇ ਪਿੰਡ ਨਾ ਪ੍ਰਾਨਾ ਹੋ॥ 6॥ ਸ਼ਬਦ ਸਰੂਪ ਸਾਹਿਬ ਸਰਬੰਗੀ, ਸਬਦੇਂ ਸ਼ਬਦ ਸਮਾਨਾ ਹੋ। ਦਾਸ ਗਰੀਬ ਕਬੀਰ ਅਰਸ਼ ਮੇਂ, ਫਰਕੈਂ ਧਜਾ ਨਿਸ਼ਾਨਾ ਹੋ॥7॥8॥

**ਜਦੋਂ ਕਬੀਰ ਸਾਹਿਬ ਸਤਲੋਕ ਜਾ ਰਹੇ ਸਨ ਉਸ ਸਮੇਂ ਆਦਿ ਮਾਇਆ ਪ੍ਰਕ੍ਰਿਤੀ ਨੇ ਫਿਰ ਜਾਲ ਵਿਛਾਇਆ। ਇੱਕ ਸੁੰਦਰ ਔਰਤ (ਅਪਸਰਾ) ਦਾ ਰੂਪ ਬਣਾ ਕੇ ਕਬੀਰ ਸਾਹਿਬ ਨੂੰ ਭੋਗ ਵਿਲਾਸ ਦੇ ਲਈ ਪ੍ਰੇਰਿਤ ਕਰਦੀ ਹੈ।**

### ਬੰਦੀ ਛੋੜ ਗਰੀਬ ਦਾਸ ਜੀ ਮਹਾਰਾਜ ਜੀ ਦੀ ਬਾਣੀ ਤੋਂ:–

### (ਸਦਗ੍ਰੰਥ ਸਾਹਿਬ ਵਿੱਚ ਰਾਗ ਮਾਰੂ ਵਿੱਚੋਂ ਸ਼ਬਦ)

ਦੇਖਯਾ ਮਗਹਰ ਜਹੂਰਾ ਹੋ, ਕਾਸ਼ੀ ਮੇਂ ਕੀਰਤੀ ਕਰ ਚਾਲੇ, ਝਿਲਮਿਲ ਦੇਹੀ ਨੂਰਾ ਹੋ॥ ਟੇਕ॥ ਮਾਯਾ ਆਦਿ ਅਰਸ਼ ਤੈ ਉਤਰੀ, ਬਨੀ ਅਪਸਰਾ ਹੂਰਾ ਹੋ । ਹਮ ਤੋ ਬਰੈਂ ਕਬੀਰ ਪੁਰਸ਼ ਕੂੰ, ਤੂੰ ਹੈ ਦੁਲਹਾ ਪੂਰਾ ਹੋ॥ 1॥ ਮਾਯਾ ਕਹੈ ਕਬੀਰ ਪੁਰਸ਼ ਸੇ, ਦੇਖੋ ਬਦਨ ਜਹੂਰਾ ਹੋ। ਅਰਸ਼ ਵਿਮਾਨ ਸੁਰਗ ਮੇ ਮੰਦਰ, ਭੋਗੈਂ ਹਮ ਕੂੰ ਸੂਰਾ ਹੋ॥ 2॥ ਕਹੈ ਕਬੀਰ ਸੁਨੋ ਰੀ ਮਾਯਾ, ਕੁਟਿਲ ਨਜਰਿ ਤੁਮ ਘੂਰਾ ਹੋ। ਜਿਨ ਭੋਗੀ ਸੋਈ ਕਲਿ ਰੋਗੀ, ਹੋ ਗਏ ਧੂਰਮ ਧੂਰਾ ਹੋ॥3॥ ਮਾਯਾ ਕਹੈ ਕਬੀਰ ਪੁਰਸ਼ ਸੇ, ਮੈਂ ਹੂੰ ਜਗ ਸੇ ਦੂਰਾ ਹੋ। ਮੈਂ ਤੁਮਰੀ ਪਟਰਾਨੀ ਦਾਸੀ, ਰਾਖੌਂ ਪਲਕ ਹਜੂਰ ਹੋ ॥4॥ ਕਹੈ ਕਬੀਰ ਸੁਨੌ ਰੀ ਮਾਯਾ, ਤੁਮ ਹੋ ਲੱਡੂ ਬੂਰਾ ਹੋ। ਜੋ ਤੁਝਿ ਖਾਵੈ ਹੈ ਸੋ ਬਹਿ ਜਾਵੈ, ਤਾਸ ਅਕਲਿ ਕੇ ਕੂਰਾ ਹੋ॥5॥ ਸੇਤ ਮੁਕਟ ਜਹਾਂ ਸੇਤ ਛਤ੍ਰ ਹੈ, ਬਾਜੈਂ ਅਨਹਦ ਤੂਰਾ ਹੋ। ਦਾਸ ਗਰੀਬ

ਕਬੀਰ ਕਹੈ ਸੁਨਿ ਮਾਯਾ, ਹਮ ਸੇ ਰਹਿਯੌਂ ਦੂਰਾ ਹੋ ॥6॥9॥

**॥ਬਾਣੀ॥**

ਮਾਯਾ ਸਤਿਗੁਰੂ ਸੂੰ ਅਟਕੀ, ਮਾਯਾ ਸਤਿਗੁਰੂ ਸੂੰ ਅਟਕੀ ।
ਜੋਗਨਿ ਹਮਰੈ ਕਿਊਂ ਭਟਕੀ, ਜੋਗਨੀ ਹਮਰੈ ਕਿਊਂ ਭਟਕੀ॥74॥
ਹਮ ਤੋ ਭਗਲੀਗਰ ਜੋਗੀ, ਹਮ ਤੋ ਭਗਲੀਗਰ ਜੋਗੀ ।
ਹਮ ਨਹੀਂ ਮਾਯਾ ਕੇ ਭੋਗੀ, ਹਮ ਨਹੀਂ ਮਾਯਾ ਕੇ ਭੋਗੀ ॥75॥
ਤੋਮੇਂ ਝਗਰਾ ਹੈ ਭਾਰੀ, ਤੋਮੇਂ ਝਗਰਾ ਹੈ ਭਾਰੀ ।
ਮਾਰੇ ਬੜ ਛਤ੍ਰਧਾਰੀ, ਮਾਰੇ ਬੜ ਛਤ੍ਰਧਾਰੀ ॥76॥
ਸੇਵਾ ਕਰਿ ਸੂੰ ਮੈਂ ਨੀਕੀ, ਸੇਵਾ ਕਰਿ ਸੂੰ ਮੈਂ ਨੀਕੀ ।
ਹਮ ਕੂੰ ਲਾਗਤ ਹੈ ਫੀਕੀ, ਹਮ ਕੂੰ ਲਾਗਤ ਹੈ ਫੀਕੀ॥77॥
ਹਮਰੀ ਸਾਰ ਨਹੀਂ ਜਾਨੀ, ਹਮਰੀ ਸਾਰ ਨਹੀਂ ਜਾਨੀ ।
ਅਰੀ ਤੈਂ ਤੋ ਘਾਲਿ ਦਈ ਘਾਨੀ, ਅਰੀ ਤੈਂ ਤੋ ਘਾਲਿ ਦਈ ਘਾਨੀ ॥78॥
ਚਲਟੀ ਫਿਰਤੀ ਕਯੂੰ ਨਾਂਹੀ, ਚਲਤੀ ਫਿਰਤੀ ਕਯੂੰ ਨਾਹੀਂ ।
ਹਮ ਰਹਤੇ ਅਬਿਗਤ ਪਦ ਮਾਂਹੀ, ਹਮ ਰਹਤੇ ਅਬਿਗਤ ਪਦ ਮਾਂਹੀ॥79॥
ਅਰੀ ਤੂੰ ਗਹਲੀ ਹੈ ਗੋਲੀ, ਅਰੀ ਤੂੰ ਗਹਲੀ ਹੈ ਗੋਲੀ ।
ਦਾਗ ਲਗਾਵੈਗੀ ਚੋਲੀ, ਦਾਗ ਲਗਾਵੈਗੀ ਚੋਲੀ ॥80॥
ਮੇਰਾ ਅੰਜਨ ਹੈ ਨੂਰੀ, ਮੇਰਾ ਅੰਜਨ ਹੈ ਨੂਰੀ ।
ਅੰਦਰ ਮਹਕੈ ਕਸਤੂਰੀ, ਅੰਦਰ ਮਹਕੈ ਕਸਤੂਰੀ॥83॥
ਤੁਮ ਕਿਸੀ ਰਾਜਾ ਪੈ ਜਾਵੋ, ਤੁਮ ਕਿਸੀ ਰਾਜਾ ਪੈ ਜਾਵੋ ।
ਹਮਰੇ ਮਨ ਨਾਹੀਂ ਭਾਵੋ, ਹਮਰੇ ਮਨ ਨਾਂਹੀ ਭਾਵੋ ॥82॥
ਮੈਂ ਤੋ ਅਰਧੰਗੀ ਦਾਸੀ, ਮੈਂ ਤੋ ਅਰਧੰਗੀ ਦਾਸੀ ।
ਹਮ ਹੈਂ ਅਨਹਦ ਪੁਰ ਬਾਸੀ, ਹਮ ਹੈਂ ਅਨਹਦ ਪੁਰ ਬਾਸੀ॥83॥
ਹਮਰਾ ਅਨਹਦ ਮੇਂ ਡੇਰਾ, ਹਮਰਾ ਅਨਹਦ ਮੇਂ ਡੇਰਾ ।
ਅੰਤ ਨ ਪਾਵੈਗੀ ਮੇਰਾ, ਅੰਤ ਨ ਪਾਵੈਗੀ ਮੇਰਾ॥84॥
ਹਮ ਤੋ ਆਦਿ ਜੁਗਾਦਿਨਿ ਜੀ, ਹਮ ਤੋ ਆਦਿ ਜੁਗਾਦਿਨਿ ਜੀ ।
ਅਰੀ ਤੁਝੇ ਮਾਤਾ ਕਹੂੰ ਅਕ ਧੀ, ਅਰੀ ਤੁਝੇ ਮਾਤਾ ਕਹੂੰ ਅਕ ਧੀ ॥85॥
ਅਬ ਮੈਂ ਦੇਊਂਗੀ ਗਾਰੀ, ਅਬ ਮੈਂ ਦੇਊਂਗੀ ਗਾਰੀ ।
ਹਮ ਤੋ ਜੋਗੀ ਬ੍ਰਹਮਚਾਰੀ, ਹਮ ਤੋ ਜੋਗੀ ਬ੍ਰਹਮਚਾਰੀ॥86॥
ਆਸਨ ਬੰਧੂੰਗੀ ਜਿੰਦਾ, ਆਸਨ ਬੰਧੂੰਗੀ ਜਿੰਦਾ ।
ਗਲ ਮੇਂ ਡਾਰੌਂਗੀ ਫੰਦਾ, ਗਲ ਮੇਂ ਡਾਰੌਂਗੀ ਫੰਦਾ॥87॥
ਆਸਨ ਮੁਕਤਾ ਰੀ ਮਾਈ, ਆਸਨ ਮੁਕਤਾ ਰੀ ਮਾਈ ।
ਤੀਨੂੰ ਲੋਕ ਨ ਅੰਘਾਈ, ਤੀਨੂੰ ਲੋਕ ਨ ਅੰਘਾਈ॥88॥
ਹਮਰੈ ਦਵਾਰੈ ਕਯੂੰ ਰੋਵੋ, ਹਮਰੈ ਦਵਾਰੈ ਕਯੂੰ ਰੋਵੋ।
ਕਿਸੀ ਰਾਜਾ ਰਾਣੇ ਕੂੰ ਜੋਵੋ ,ਕਿਸੀ ਰਾਜਾ ਰਾਣੇ ਕੂੰ ਜੋਵੋ ॥ 89।

ਹਮਰੈ ਭਾਂਗ ਨਹੀਂ ਭੂਨੀ, ਹਮਰੈ ਭਾਂਗ ਨਹੀਂ ਭੂਨੀ।
ਮਾਯਾ ਸ਼ੀਸ਼ ਕੂਟਿ ਰੂੰਨੀ, ਮਾਯਾ ਸ਼ੀਸ਼ ਕੂਟਿ ਰੂੰਨੀ॥90॥
ਤੂੰ ਤੋ ਜੋਗਨਿ ਹੈ ਖੰਡੀ, ਤੂੰ ਤੋ ਜੋਗਨਿ ਹੈ ਖੰਡੀ ।
ਮੌਹਰਾ ਫੇਰਿ ਚਲੀ ਲੰਡੀ, ਮੌਹਰਾ ਫੇਰਿ ਚਲੀ ਲੰਡੀ॥ 91॥

**-:ਸ਼ਬਦ:-**

ਆਜ ਮੋਹੇ ਦਰਸ਼ਨ ਦਿਯੋ ਜੀ ਕਬੀਰ॥ ਟੇਕ॥
ਸਤਯ ਲੋਕ ਸੇ ਚਲ ਕਰ ਆਏ, ਕਾਟਨ ਯਮ ਕੀ ਜੰਜੀਰ॥1॥
ਥਾਰੇ ਦਰਸ਼ਨ ਸੇ ਮਾਹਰੇ ਪਾਪ ਕਟਤ ਹੈਂ, ਨਿਰਮਲ ਹੋਵੈ ਜੀ ਸ਼ਰੀਰ॥ 2॥
ਅੰਮ੍ਰਿਤ ਭੋਜਨ ਮ੍ਹਾਰੇ ਸਤਗੁਰੂ ਜੀਮੈਂ, ਸ਼ਬਦ ਦੂਧ ਕੀ ਖੀਰ॥3॥
ਹਿੰਦੂ ਕੇ ਤੁਮ ਦੇਵ ਕਹਾਯੇ, ਮੁਸਲਮਾਨ ਕੇ ਪੀਰ॥ 4॥
ਦੋਨੋਂ ਦੀਨ ਕਾ ਝਗੜਾ ਛਿੜ ਗਯਾ, ਟੋਹੇ ਨਾ ਪਾਏ ਸ਼ਰੀਰ॥ 5॥
ਧਰਮਦਾਸ ਕੀ ਅਰਜ ਗੁਸਾਈ, ਖੇਵਾ ਲੰਘਾਈਯੋਂ ਪਰਲੇ ਤੀਰ॥ 6॥

## "ਵੇਦਾਂ ਵਿੱਚ ਕਵਿਰਦੇਵ ਭਾਵ ਕਬੀਰ ਪਰਮਾਤਮਾ ਦਾ ਪ੍ਰਮਾਣ"

## (ਪਵਿੱਤਰ ਵੇਦਾਂ ਵਿੱਚ ਪ੍ਰਵੇਸ਼ ਤੋਂ ਪਹਿਲਾਂ)

ਪਰਮਾਤਮਾ ਦੀ ਜਾਣਕਾਰੀ ਦੇ ਲਈ ਪਵਿੱਤਰ ਚਾਰੇ ਵੇਦ ਪ੍ਰਮਾਣਿਤ ਸ਼ਾਸਤਰ ਹਨ । ਪਵਿੱਤਰ ਵੇਦਾਂ ਦੀ ਰਚਨਾ ਉਸ ਸਮੇਂ ਹੋਈ ਸੀ ਜਦੋਂ ਕੋਈ ਹੋਰ ਧਰਮ ਨਹੀਂ ਸੀ। ਇਸ ਲਈ ਪਵਿੱਤਰ ਵੇਦਬਾਣੀ ਕਿਸੇ ਧਰਮ ਨਾਲ ਸੰਬੰਧਿਤ ਨਹੀਂ ਹੈ, ਸਿਰਫ਼ ਆਤਮ ਕਲਿਆਣ ਦੇ ਲਈ ਹੈ। ਇਸ ਨੂੰ ਜਾਨਣ ਦੇ ਲਈ ਹੇਠ ਦਿੱਤੀ ਵਿਆਖਿਆ ਬਹੁਤ ਧਿਆਨ ਅਤੇ ਵਿਵੇਕ ਦੇ ਨਾਲ ਪੜ੍ਹਨੀ ਅਤੇ ਵਿਚਾਰਨੀ ਹੋਵੇਗੀ।

ਪ੍ਰਭੂ ਦੀ ਵਿਸਥਾਰਪੂਰਵਕ ਅਤੇ ਸੱਚੀ ਮਹਿਮਾ ਵੇਦ ਦੱਸਦੇ ਹਨ। (ਹੋਰ ਸ਼ਾਸਤਰ "ਸ਼੍ਰੀ ਗੀਤਾ ਜੀ ਤੇ ਚਾਰ ਵੇਦਾਂ ਅਤੇ ਉਪਰੋਕਤ ਪ੍ਰਭੂ ਪ੍ਰਾਪਤ ਮਹਾਨ ਸੰਤਾਂ ਅਤੇ ਖ਼ੁਦ ਕਬੀਰ ਸਾਹਿਬ (ਕਵਿਰਦੇਵ) ਜੀ ਦੀ ਆਪਣੀ ਪੂਰਣ ਪਰਮਾਤਮਾ ਦੀ ਅੰਮ੍ਰਿਤ ਬਾਣੀ ਤੋਂ ਇਲਾਵਾ ਹੋਰ ਕਿਸੇ ਰਿਸ਼ੀ ਸਾਧਕ ਦੀ ਆਪਣੀ ਪ੍ਰਾਪਤੀ ਹੈ। ਜਿਵੇਂ ਛੇ ਸ਼ਾਸਤਰ ਗਿਆਰਾਂ ਉਪਨਿਸ਼ਦ ਅਤੇ ਸਤਯਾਰਥ ਪ੍ਰਕਾਸ਼ ਆਦਿ। ਜੇਕਰ ਇਹ ਵੇਦਾਂ ਦੀ ਕਸੌਟੀ ਤੇ ਖਰੇ ਨਹੀਂ ਉਤਰਦੇ ਹਨ ਤਾਂ ਇਹ ਸੰਪੂਰਣ ਗਿਆਨ ਨਹੀਂ ਹੈ)

ਪਵਿੱਤਰ ਵੇਦ ਅਤੇ ਗੀਤਾ ਜੀ ਖ਼ੁਦ ਕਾਲ ਪ੍ਰਭੂ (ਬ੍ਰਹਮ) ਵਲੋਂ ਦਿੱਤੇ ਹਨ । ਜਿਸ ਵਿੱਚ ਭਗਤੀ ਵਿਧੀ ਅਤੇ ਪ੍ਰਾਪਤੀ ਦੋਵਾਂ ਬਾਰੇ ਸਹੀ ਤੌਰ ਤੇ ਵਰਣਿਤ ਹਨ । ਇਹਨਾਂ ਦੇ ਇਲਾਵਾ ਜੋ ਪੂਜਾ ਵਿਧੀ ਅਤੇ ਅਨੁਭਵ ਹਨ ਉਹ ਅਧੂਰਾ ਸਮਝੋ । ਜੇਕਰ ਇਹਨਾਂ ਦੇ ਅਨੁਸਾਰ ਕੋਈ ਸਾਧਕ ਅਨੁਭਵ ਦੱਸੇ ਤਾਂ ਸੱਚ ਜਾਣੋ। ਕਿਉਂਕਿ ਕੋਈ ਵੀ ਪ੍ਰਾਣੀ ਪ੍ਰਭੂ ਤੋਂ ਜ਼ਿਆਦਾ ਨਹੀਂ ਜਾਣ ਸਕਦਾ।

ਵੇਦਾਂ ਦੇ ਗਿਆਨ ਨਾਲ ਉੱਪਰ ਦੱਸੇ ਮਹਾਤਮਾਂਵਾਂ ਦਾ ਵਰਣਨ ਸਹੀ ਮਿਲਦਾ ਹੈ । ਇਸ ਤੋਂ ਸਿੱਧ ਹੋਇਆ ਕਿ ਉਹ ਸਾਰੇ ਮਹਾਤਮਾ ਪੂਰਣ ਸਨ । ਪੂਰਣ ਪਰਮਾਤਮਾ ਦਾ ਮੇਲ ਹੋਇਆ ਹੈ ਅਤੇ ਦੱਸਿਆ ਹੈ ਉਹ ਪਰਮਾਤਮਾ ਕਬੀਰ ਸਾਹਿਬ ( ਕਵਿਰ੍ ਦੇਵ) ਹੈ।

ਉਹੀ ਗਿਆਨ ਚਾਰੇ ਪਵਿੱਤਰ ਵੇਦ ਅਤੇ ਪਵਿੱਤਰ ਗੀਤਾ ਜੀ ਵੀ ਦੱਸਦੇ ਹਨ।

ਕਲਯੁੱਗੀ ਰਿਸ਼ੀਆਂ ਨੇ ਵੇਦਾਂ ਦਾ ਟੀਕਾ ( ਭਾਸ਼ਾ ਭਾਸ਼ਯ ) ਇਸ ਤਰ੍ਹਾਂ ਕਰ

ਦਿੱਤਾ ਜਿਵੇਂ ਕਿਸੇ ਜਗ੍ਹਾ ਦੁੱਧ ਦੀ ਮਹਿਮਾ ਕਹੀ ਗਈ ਹੋਵੇ ਅਤੇ ਜਿਸਨੇ ਕਦੇ ਵੀ ਜੀਵਨ ਵਿਚ ਦੁੱਧ ਦੇਖਿਆ ਹੀ ਨਾ ਹੋਵੇ ਅਤੇ ਉਹ ਅਨੁਵਾਦ ਕਰ ਰਿਹਾ ਹੋਵੇ, ਉਹ ਇਸ ਤਰ੍ਹਾਂ ਕਰਦਾ ਹੈ:-

ਪੌਸ਼ਟਿਕਾਹਾਰ ਅਸਿ । ਪੇਯ ਪਦਾਰਥ ਅਸਿ। ਸ਼ਵੇਦਸਿ।
ਅੰਮ੍ਰਿਤ ਉਪਮਾ ਸਰਵਾ ਮਨੁਸ਼ਾਨਾਮ ਪੇਯਾਮ੍ ਸਹ ਦੂਗਧਹ ਅਸਿਹ ।


( ਪੌਸ਼ਟਿਕਾਹਾਰ ਅਸਿ) = ਕੋਈ ਸਰੀਰ ਪੁਸ਼ਟ ਕਰਣ ਵਾਲਾ ਆਹਾਰ ਹੈ (ਪੇਯ ਪਦਾਰਥ) ਪੀਣ ਦਾ ਤਰਲ ਪਦਾਰਥ (ਅਸਿ) ਹੈ। ( ਸ਼ਵੇਤ) ਸਫ਼ੇਦ ( ਅਸਿ) ਹੈ। ( ਅੰਮ੍ਰਿਤ ਉਪਮਾ) ਅੰਮ੍ਰਿਤ ਦੇ ਵਰਗਾ ਹੈ (ਸਰਵ) ਸਭ (ਮਨੁਸ਼ਾਨਾਮ) ਮਨੁੱਖਾਂ ਦੇ (ਪੇਯਾਮ੍) ਪੀਣ ਯੋਗ (ਸਹ) ਉਹ (ਦੂਗ੍ਧਹ) ਪੌਸ਼ਟਿਕ ਤਰਲ ( ਅਸਿ) ਹੈ।

ਭਾਵਾਰਥ ਕੀਤਾ :- ਕੋਈ ਸਫ਼ੇਦ ਪੀਣ ਦਾ ਤਰਲ ਪਦਾਰਥ ਹੈ ਜੋ ਅੰਮ੍ਰਿਤ ਵਰਗਾ ਹੈ, ਬਹੁਤ ਪੌਸ਼ਟਿਕ ਹੈ, ਸਭ ਮਨੁੱਖਾਂ ਦੇ ਪੀਣਯੋਗ ਹੈ, ਉਹ ਆਪ ਤਰਲ ਹੈ। ਫਿਰ ਕੋਈ ਪੁੱਛੇ ਕਿ ਉਹ ਤਰਲ ਪਦਾਰਥ ਕਿੱਥੇ ਹੈ? ਉੱਤਰ ਮਿਲੇ ਉਹ ਤਾਂ ਨਿਰਾਕਾਰ ਹੈ। ਪ੍ਰਾਪਤ ਨਹੀਂ ਹੋ ਸਕਦਾ। ਇੱਥੇ ਦੂਗਧਹ ਨੂੰ ਤਰਲ ਪਦਾਰਥ ਲਿਖ ਦਿੱਤਾ ਜਾਵੇ ਤਾਂ ਉਸ ਵਸਤੂ "ਦੁੱਧ" ਨੂੰ ਕਿਵੇਂ ਪਾਇਆ ਜਾਵੇ ਅਤੇ ਜਾਣਿਆ ਜਾਵੇ ਜਿਸਦੀ ਉਪਮਾ ਉੱਪਰ ਕੀਤੀ ਹੈ? ਇਥੇ ( ਦੂਗ੍ਧਹ) ਨੂੰ ਦੁੱਧ ਲਿਖਣਾ ਸੀ ਜਿਸ ਤੋਂ ਪਤਾ ਲੱਗੇ ਕਿ ਉਹ ਪੌਸ਼ਟਿਕ ਆਹਾਰ ਦੁੱਧ ਹੈ। ਫਿਰ ਵਿਅਕਤੀ ਦੁੱਧ ਨਾਮ ਤੋਂ ਉਸਨੂੰ ਪ੍ਰਾਪਤ ਕਰ ਸਕਦਾ ਹੈ।

ਆਓ ਵਿਚਾਰ ਕਰੀਏ:- ਜੇਕਰ ਕੋਈ ਕਹੇ ਦੂਗ੍ਧਹ ਨੂੰ ਦੁੱਧ ਕਿਵੇਂ ਲਿਖ ਦਿੱਤਾ? ਇਹ ਤਾਂ ਵਾਦ ਵਿਵਾਦ ਕਰਨ ਦਾ ਪ੍ਰਤੱਖ ਪ੍ਰਮਾਣ ਹੀ ਹੋ ਸਕਦਾ ਹੈ। ਜਿਵੇਂ ਦੁਗ੍ਧ ਦਾ ਦੁੱਧ ਅਰਥ ਗਲਤ ਨਹੀਂ ਹੈ। ਭਾਸ਼ਾ ਭਿੰਨ ਹੋਣ ਕਾਰਣ ਹਿੰਦੀ ਵਿਚ ਦੁੱਧ ਅਤੇ ਖ਼ੇਤਰੀ ਭਾਸ਼ਾ ਵਿਚ ਦੂਧੂ ਲਿਖਣਾ ਵੀ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਦੁਗ੍ਧ ਦਾ ਹੀ ਬੋਧ ਹੈ। ਜਿਵੇਂ ਪਲਵਲ ਸ਼ਹਿਰ ਦੇ ਨੇੜੇ ਦੇ ਪਿੰਡ ਵਾਸੀ ਪਰਵਰ ਕਹਿੰਦੇ ਹਨ। ਜੇਕਰ ਕੋਈ ਕਹੇ ਕਿ ਪਰਵਰ ਨੂੰ ਪਲਵਲ ਕਿਵੇਂ ਸਿੱਧ ਕਰ ਦਿੱਤਾ, ਮੈਂ ਨਹੀਂ ਮੰਨਦਾ। ਇਹ ਤਾਂ ਵਿਅਰਥ ਦਾ ਵਾਦ ਵਿਵਾਦ ਹੈ। ਠੀਕ ਇਸੇ ਤਰ੍ਹਾਂ ਕੋਈ ਕਹੇ ਕਿ ਕਵਿਰਦੇਵ ਨੂੰ ਕਬੀਰ ਪਰਮੇਸ਼ਵਰ ਕਿਵੇਂ ਸਿੱਧ ਕਰ ਦਿੱਤਾ ਇਹ ਤਾਂ ਵਿਅਰਥ ਦਾ ਵਾਦ ਵਿਵਾਦ ਹੀ ਹੈ। ਜਿਵੇਂ "ਯਜੁਰਵੇਦ" ਹੈ ਇਹ ਇਕ ਧਾਰਮਿਕ ਪਵਿੱਤਰ ਪੁਸਤਕ ਹੈ ਜਿਸ ਵਿੱਚ ਪ੍ਰਭੂ ਦੀਆਂ ਯੱਗ ਦੀਆਂ ਸਤੁਤੀਆਂ ਦੀਆਂ ਰਿਚਾਵਾਂ ਲਿਖੀਆਂ ਹਨ ਅਤੇ ਪ੍ਰਭੂ ਕਿਹੋ ਜਿਹਾ ਹੈ? ਕਿਵੇਂ ਪਾਇਆ ਜਾਂਦਾ ਹੈ? ਸਭ ਵਿਸਤਾਰ ਵਰਣਨ ਹੈ।


ਹੁਣ ਪਵਿੱਤਰ ਯਜੁਰਵੇਦ ਦੀ ਮਹਿਮਾ ਕਹੀਏ ਕਿ ਪ੍ਰਭੂ ਦੀਆਂ ਯੱਗ ਦੀਆਂ ਸਤੁਤੀਆਂ ਦੀਆਂ ਰਿਚਾਵਾਂ ਦਾ ਭੰਡਾਰ ਹੈ। ਬਹੁਤ ਵਧੀਆ ਵਿਧੀ ਅਨੁਸਾਰ ਵਰਣਨ ਹੈ। ਇੱਕ ਅਨਮੋਲ ਜਾਣਕਾਰੀ ਹੈ ਅਤੇ ਇਹ ਲਿਖਣ ਨਾ ਕਿ ਇਹ "ਯਜੁਰਵੇਦ" ਹੈ ਪਰ ਯਜੁਰਵੇਦ ਦਾ ਅਰਥ ਲਿਖ ਦੇਣ ਕਿ ਯੱਗ ਦੀਆਂ ਸਤੁਤੀਆਂ ਦਾ ਗਿਆਨ ਹੈ। ਤਾਂ ਉਸ ਵਸਤੂ (ਪਵਿੱਤਰ ਪੁਸਤਕ) ਨੂੰ ਕਿਵੇਂ ਪਾਇਆ ਜਾ ਸਕੇ? ਉਸਦੇ ਲਈ ਲਿਖਣਾ ਹੋਵੇਗਾ ਕਿ ਉਹ ਪਵਿੱਤਰ ਪੁਸਤਕ "ਯਜੁਰਵੇਦ" ਹੈ ਜਿਸ ਵਿੱਚ ਯੱਗ ਦੀਆਂ ਰਿਚਾਵਾਂ ਹਨ ।

ਹੁਣ ਯਜੁਰਵੇਦ ਸ਼ਬਦ ਨੂੰ ਤੋੜ ਕੇ ਲਿਖਦੇ ਹਾਂ । ਯਜੁਰ + ਵੇਦ, ਵੀ ਉਹੀ ਪਵਿੱਤਰ ਪੁਸਤਕ ਯਜੁਰਵੇਦ ਦਾ ਹੀ ਬੋਧ



ਹੈ। ਯਜੁਹ + ਵੇਦ ਵੀ ਉਹੀ ਪਵਿੱਤਰ ਪੁਸਤਕ ਯਜੁਰਵੇਦ ਦਾ ਹੀ ਬੋਧ ਹੈ। ਜਿਸ ਵਿੱਚ ਯੱਗ ਦੀ ਸਤੁਤੀ ਦੀਆਂ ਰਿਚਾਵਾਂ ਹਨ । ਉਸ ਧਾਰਮਿਕ ਪੁਸਤਕ ਨੂੰ ਯਜੁਰਵੇਦ ਕਹਿੰਦੇ ਹਨ। ਠੀਕ ਉਸੇ ਤਰ੍ਹਾਂ ਚਾਰੇ ਪਵਿੱਤਰ ਵੇਦਾਂ ਵਿੱਚ ਲਿਖਿਆ ਹੈ ਕਿ ਉਹ ਕਵਿਰਦੇਵ (ਕਬੀਰ ਪਰਮੇਸ਼ਵਰ) ਹੈ ਜੋ ਸਰਵ ਸ਼ਕਤੀਮਾਨ, ਜਗਤ ਪਿਤਾ, ਸਾਰੀ ਸ੍ਰਿਸ਼ਟੀ ਦਾ ਰਚਨਹਾਰ, ਕੁੱਲ ਮਾਲਕ ਅਤੇ ਪਾਪ ਵਿਨਾਸ਼ਕ ਅਤੇ ਕਾਲ ਦੀ ਜੇਲ੍ਹ ਤੋਂ ਛੁਡਵਾਉਣ ਵਾਲਾ ਅਰਥਾਤ ਬੰਦੀ ਛੋੜ ਹੈ। ਇਸ ਨੂੰ ਕਵੀਰ + ਦੇਵ ਲਿਖਦੇ ਹਾਂ ਤਾਂ ਵੀ ਕਬੀਰ ਪਰਮੇਸ਼ਵਰ ਦਾ ਬੋਧ ਹੈ। ਕਵੀਹ + ਦੇਵ ਲਿਖਦੇ ਹਾਂ ਤਾਂ ਵੀ ਕਬੀਰ ਪਰਮੇਸ਼ਵਰ ਅਰਥਾਤ ਕਵਿਰ ਪ੍ਰਭੂ ਦਾ ਹੀ ਬੋਧ ਹੈ।

ਇਸ ਲਈ ਕਵਿਰਦੇਵ ਉਹੀ ਕਬੀਰ ਸਾਹਿਬ ਦਾ ਹੀ ਬੋਧ ਕਰਵਾਉਂਦਾ ਹੈ:–



ਸਰਬ ਸ਼ਕਤੀਮਾਨ, ਅਜਰ–ਅਮਰ, ਸਾਰੇ ਬ੍ਰਹਿਮੰਡਾਂ ਦਾ ਰਚਨਹਾਰ ਕੁੱਲ ਮਾਲਕ ਹੈ ਕਿਉਂਕਿ ਉੱਪਰ ਲਿਖੇ ਪ੍ਰਭੂ ਪਾਉਣ ਵਾਲੇ ਸੰਤਾਂ ਨੇ ਆਪੋ–ਆਪਣੀ ਮਾਂ ਬੋਲੀ ਵਿੱਚ 'ਕਵਿਰ' ਨੂੰ 'ਕਬੀਰ' ਬੋਲਿਆ ਹੈ ਅਤੇ 'ਵੇਦ' ਨੂੰ 'ਬੇਦ' ਬੋਲਿਆ ਹੈ। ਇਸ ਲਈ 'ਵ' ਅਤੇ 'ਬ' ਦੇ ਅੰਤਰ ਹੋ ਜਾਣ ਵਿੱਚ ਵੀ ਪਵਿੱਤਰ ਸ਼ਾਸਤਰ ਵੇਦ ਦਾ ਹੀ ਬੋਧ ਹੈ।

ਵਿਚਾਰ ਕਰਨਾ: ਜਿਵੇਂ ਕੋਈ ਅੰਗਰੇਜ਼ੀ ਭਾਸ਼ਾ ਵਿੱਚ ਤਾਂ ਲਿਖੇ ਕਿ god (Kavir) Kaveer is all mighty ਇਸਦਾ ਹਿੰਦੀ ਅਨੁਵਾਦ ਕਰਕੇ ਲਿਖਣ ਕਵਿਰ ਜਾਂ ਕਵੀਰ ਪਰਮੇਸ਼ਵਰ ਸਰਬ ਸ਼ਕਤੀਮਾਨ ਹੈ।

ਹੁਣ ਅੰਗਰੇਜ਼ੀ ਭਾਸ਼ਾ ਵਿੱਚ ਤਾਂ ਹਲੰਤ (ਪੈਰ ਦੀ ਮਾਤਰਾ) ਦੀ ਕੋਈ ਵਿਵਸਥਾ ਹੀ ਨਹੀਂ ਹੈ। ਫਿਰ ਮਾਤ ਭਾਸ਼ਾ ਵਿੱਚ ਇਸਨੂੰ ਕਬੀਰ ਕਹਿਣ ਅਤੇ ਲਿਖਣ ਲੱਗੇ।

ਇਹੀ ਪਰਮਾਤਮਾ ਕਵਿਰਦੇਵ ( ਕਬੀਰ ਪਰਮੇਸ਼ਵਰ) ਤਿੰਨ ਯੁੱਗਾਂ ਵਿੱਚ ਨਾਮ ਬਦਲ ਕੇ ਆਉਂਦੇ ਹਨ ਜਿਹਨਾਂ ਵਿੱਚ ਇਹਨਾਂ ਦੇ ਨਾਮ ਰਹਿੰਦੇ ਹਨ – ਸਤਯੁੱਗ ਵਿੱਚ ਸਤ ਸੁਕ੍ਰਿਤ, ਤ੍ਰੇਤਾਯੁੱਗ ਵਿੱਚ ਮੁਨਿੰਦਰ, ਦਵਾਪਰ ਯੁੱਗ ਵਿੱਚ ਕਰੁਣਾਮਯ ਅਤੇ ਕਲਯੁੱਗ ਵਿੱਚ ਕਬੀਰ ਦੇਵ (ਕਵਿਰਦੇਵ) । ਵਾਸਤਵਿਕ ਨਾਮ ਉਸ ਪੂਰਣ ਬ੍ਰਹਮ ਦਾ ਕਵਿਰ ਦੇਵ ਹੀ ਹੈ। ਜੋ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵੀ ਅਨਾਮੀ ਲੋਕ ਵਿੱਚ ਵਿਰਾ–ਜਮਾਨ ਸਨ। ਇਹਨਾਂ ਦੇ ਹੋਰ ਨਾਮ ਸਤਪੁਰਸ਼, ਅਕਾਲ ਮੂਰਤ, ਪੂਰਣ ਬ੍ਰਹਮ, ਅਲਖ ਪੁਰਸ਼, ਅਗਮ ਪੁਰਸ਼, ਪਰਮ ਅਕਸ਼ਰ ਬ੍ਰਹਮ ਆਦਿ ਹਨ। ਉਹੀ ਪਰਮਾਤਮਾ ਨੂੰ ਚਾਰ ਪਵਿੱਤਰ ਵੇਦਾਂ ਵਿੱਚ "ਕਵਿਰਮਿਤੌਂਜਾ", "ਕਵਿਰਘਾਂਰੀ", "ਕਵਿਰਗਨਿ", "ਕਵਿਰਦੇਵ", ਕਿਹਾ ਹੈ ਅਤੇ ਸਰਬ ਸ਼ਕਤੀਮਾਨ, ਸਾਰੀ ਸ੍ਰਿਸ਼ਟੀ ਦਾ ਰਚਨਹਾਰ ਦੱਸਿਆ ਹੈ। ਪਵਿੱਤਰ ਕੁਰਾਨ ਸ਼ਰੀਫ ਵਿੱਚ ਸੂਰਤ ਫੁਰਕਾਨੀ ਨੰ. 25 ਆਇਤ ਨੰ. 19, 21, 52, 58, 59 ਵਿੱਚ ਵੀ ਪ੍ਰਮਾਣ ਹੈ।

ਕਈ ਵਿਰੋਧ ਕਰਦੇ ਹਨ ਕਿ ਜੋ ਸ਼ਬਦ ਕਵੀਰਦੇਵ ਹੈ ਇਸ ਸ਼ਬਦਜੋੜ ਨੂੰ ਤੋੜ ਕੇ ਕਰਨ ਵਿੱਚ ਕਵਿਹ + ਦੇਵਹ ਬਣ ਜਾਂਦਾ ਹੈ ਇਹ ਕਬੀਰ ਪਰਮੇਸ਼ਵਰ ਜਾਂ ਕਬੀਰ ਸਾਹਿਬ ਕਿਵੇਂ ਸਿੱਧ ਕੀਤਾ? ਵ ਨੂੰ ਬ ਅਤੇ ਸਿਹਾਰੀ ਦੀ (ਿ) ਮਾਤਰਾ ਨੂੰ ਬਿਹਾਰੀ (ੀ) ਦੀ ਮਾਤਰਾ ਕਰਨਾ ਮੂਰਖਤਾ ਹੈ।

ਆਓ ਵਿਚਾਰ ਕਰੀਏ:– ਇੱਕ ਪਿੰਡ ਦੇ ਮੁੰਡੇ ਦੀ ਸਰਕਾਰੀ ਨੌਕਰੀ ਲੱਗੀ

। ਜਿਸਦਾ ਨਾਮ ਕਰਮਵੀਰ ਪੁੱਤਰ ਸ਼੍ਰੀ ਧਰਮਵੀਰ ਸਰਕਾਰੀ ਕਾਗਜ਼ਾਂ ਵਿੱਚ ਅਤੇ ਕਰਮਬਿਰ ਪੁੱਤਰ ਧਰਮਬਿਰ ਪੁੱਤਰ ਪਰਤਾਪ ਪਿੰਡ ਦੇ ਚੌਂਕੀਦਾਰ ਦੀ ਡਾਇਰੀ ਵਿੱਚ ਜਨਮ ਦੇ ਸਮੇਂ ਦਾ ਲਿਖਿਆ ਸੀ। ਸਰਕਾਰ ਵੱਲੋਂ ਨੌਕਰੀ ਲੱਗਣ ਤੋਂ ਬਾਅਦ ਜਾਂਚ ਪੜਤਾਲ ਕਰਵਾਈ ਜਾਂਦੀ ਹੈ। ਇੱਕ ਸਰਕਾਰੀ ਕਰਮਚਾਰੀ ਜਾਂਚ ਲਈ ਆ-ਇਆ। ਉਸਨੇ ਪੁੱਛਿਆ ਕਰਮਵੀਰ ਪੁੱਤਰ ਸ਼੍ਰੀ ਧਰਮਵੀਰ ਦਾ ਘਰ ਕਿਹੜਾ ਹੈ, ਉਸਦੀ ਅਮੁਕ ਵਿਭਾਗ ਵਿੱਚ ਨੌਕਰੀ ਲੱਗੀ ਹੈ। ਪਿੰਡ ਵਿੱਚ ਕਰਮਵੀਰ ਨੂੰ ਕਰਮਾ ਅਤੇ ਉਸਦੇ ਪਿਤਾ ਜੀ ਨੂੰ ਧਰਮਾ ਅਤੇ ਦਾਦਾ ਜੀ ਨੂੰ ਪ੍ਰਤਾ ਆਦਿ ਉਰਫ ਨਾਂਵਾਂ ਨਾਲ ਜਾਣਦੇ ਸਨ । ਲੋਕਾਂ ਨੇ ਕਿਹਾ ਇਸ ਨਾਮ ਦਾ ਮੁੰਡਾ ਇਸ ਪਿੰਡ ਵਿੱਚ ਨਹੀਂ ਹੈ। ਕਾਫ਼ੀ ਪੁੱਛ-ਗਿੱਛ ਤੋਂ ਬਾਅਦ ਇੱਕ ਮੁੰਡਾ ਜੋ ਕਰਮਵੀਰ ਦੇ ਨਾਲ ਪੜ੍ਹਦਾ ਸੀ, ਉਸਨੇ ਦੱਸਿਆ ਇਹ ਕਰਮਾ ਦੀ ਨੌਕਰੀ ਦੇ ਬਾਰੇ ਹੈ। ਉਸ ਸਮੇਂ ਉਸ ਬੱਚੇ ਨੇ ਦੱ-ਸਆ ਇਹੀ ਕਰਮਬੀਰ ਉਰਫ਼ ਕਰਮਾ ਅਤੇ ਧਰਮਬੀਰ ਉਰਫ਼ ਧਰਮਾ ਹੀ ਹੈ। ਫ਼ਿਰ ਉਸ ਕਰਮਚਾਰੀ ਨੂੰ ਸ਼ੱਕ ਪਿਆ ਕਿ ਕਰਮਬੀਰ ਨਹੀਂ ਕਰਮਵੀਰ ਹੈ। ਉਸਨੇ ਕਿਹਾ ਚੌਂਕੀਦਾਰ ਦੀ ਡਾਇਰੀ ਲਿਆਓ, ਉਸ ਵਿੱਚ ਵੀ ਲਿਖਿਆ ਸੀ- "ਕਰਮਬਿਰ ਪੁੱਤਰ ਧਰਮਬਿਰ ਪੁੱਤਰ ਪਰਤਾਪ" ਪੂਰਾ "ਰ" "ਵ" ਦੀ ਥਾਂ 'ਤੇ "ਬ" ਅਤੇ ਿ ਸਹਾਰੀ ਿ" ਦੀ ਮਾਤਰਾ ਲੱਗੀ ਸੀ। ਤਾਂ ਵੀ ਉਹੀ ਬੱਚਾ ਕਰਮਵੀਰ ਹੀ ਸਿੱਧ ਹੋਇਆ, ਕਿ-ਓਂਕਿ ਪਿੰਡ ਦੇ ਨੰਬਰਦਾਰਾਂ ਅਤੇ ਪ੍ਰਧਾਨਾਂ ਨੇ ਵੀ ਗਵਾਹੀ ਦਿੱਤੀ ਕਿ ਬੇਸ਼ੱਕ ਮਾਤਰਾ ਛੋਟੀ ਵੱਡੀ ਜਾਂ "ਰ" ਅੱਧਾ ਜਾਂ ਪੂਰਾ ਹੈ, ਮੁੰਡਾ ਸਹੀ ਇਹੀ ਪਿੰਡ ਦਾ ਹੈ। ਸਰਕਾਰੀ ਕਰਮਚਾਰੀ ਨੇ ਕਿਹਾ ਨੰਬਰਦਾਰ ਆਪਣੇ ਹੱਥ ਨਾਲ ਲਿਖ ਦਵੇ। ਨੰਬਰਦਾਰ ਨੇ ਲਿਖ ਦਿੱਤਾ ਮੈਂ ਕਰਮਵਿਰ ਪੁੱਤਰ ਧਰਮਵਿਰ ਨੂੰ ਜਾਣਦਾ ਹਾਂ ਜੋ ਇਸ ਪਿੰਡ ਦਾ ਵਾਸੀ ਹਾਂ ਅਤੇ ਹਸਤਾਖ਼ਰ ਕਰ ਦਿੱਤੇ। ਬੇਸ਼ੱਕ ਨੰਬਰਦਾਰ ਨੇ ਵਿਰ ਵਿੱਚਿ ਸਹਾਰੀ ਿ" ਦੀ ਮਾਤਰਾ ਦਾ ਅਤੇ ਕਰਮ ਵਿੱਚ ਵੱਡੇ "ਰ" ਦਾ ਪ੍ਰਯੋਗ ਕੀਤਾ ਹੈ, ਪ੍ਰੰਤੂ ਹਸਤਾਖ਼ਰ ਕਰਨ ਵਾਲਾ ਪਿੰਡ ਦਾ ਜਾਣਿਆ ਮੰਨਿਆ ਆਦਮੀ ਹੈ। ਕਿਸੇ ਨੂੰ ਕੋਈ ਮੁਸ਼ਕਲ ਨਹੀਂ ਹੋ ਸਕਦੀ, ਕਿਉਂਕਿ ਨਾਮ ਦੇ ਸਪੈਲਿੰਗ ਗਲਤ ਨਹੀਂ ਹੁੰਦੇ।

ਠੀਕ ਇਸੇ ਪ੍ਰਕਾਰ ਪੂਰਣ ਪਰਮਾਤਮਾ ਦਾ ਨਾਮ ਸਰਕਾਰੀ ਦਸਤਾਵੇਜ਼ (ਵੇਦਾਂ) ਵਿੱਚ ਕਵਿਰਦੇਵ ਹੈ, ਪ੍ਰੰਤੂ ਪਿੰਡ (ਧਰਤੀ) ਉੱਤੇ ਆਪਣੀ-ਆਪਣੀ ਮਾਤ ਭਾਸ਼ਾ ਵਿੱਚ ਕਬੀਰ, ਕਬਿਰ, ਕਬੀਰਾ, ਕਬੀਰਨ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਇਸਨੂੰ ਹੀ ਨੰਬਰਦਾਰਾਂ (ਅੱਖੀਂ ਦੇਖਿਆ ਵਰਣਨ ਆਪਣੀ ਪਵਿੱਤਰ ਬਾਣੀ ਵਿੱਚ ਠੋਕ ਕੇ ਗਵਾਹੀ ਦਿੰਦੇ ਹੋਏ ਸਤਿਕਾਰਯੋਗ ਉੱਪਰ ਲਿਖੇ ਸੰਤਾਂ) ਨੇ ਕਵਿਰਦੇਵ ਨੂੰ ਹੱਕਾ ਕਬੀਰ, ਸਤ ਕਬੀਰ, ਕਬੀਰਾ, ਕਬੀਰਨ, ਖਬੀਰਾ, ਖਬੀਰਨ ਆਦਿ ਲਿਖ ਕੇ ਹਸਤਾਖ਼ਰ ਕੀਤੇ ਹੋਏ ਹਨ।

ਵਰਤਮਾਨ (ਸੰਨ 2006) ਤੋਂ ਲਗਭਗ 600 ਸਾਲ ਪਹਿਲਾਂ ਜਦੋਂ ਪਰਮਾਤਮਾ ਕਬੀਰ ਜੀ (ਕਵਿਰਦੇਵ ਜੀ) ਖ਼ੁਦ ਪ੍ਰਗਟ ਹੋਏ ਸਨ ਉਸ ਸਮੇਂ ਸਾਰੇ ਸਦਗ੍ਰੰਥਾਂ ਦਾ ਅਸਲ ਗਿਆਨ ਲਕੋਕਤੀਆਂ (ਦੋਹੇ, ਚੌਪਾਈਆਂ, ਸ਼ਬਦਾਂ ਅਰ-ਥਾਤ ਕਵਿਤਾਵਾਂ) ਦੇ ਰਾਹੀਂ ਆਮ ਭਾਸ਼ਾ ਵਿੱਚ ਆਮ ਜਨਤਾ ਨੂੰ ਦੱਸਿਆ ਸੀ। ਉਸ ਤੱਤਵ ਗਿਆਨ ਨੂੰ ਉਸ ਸਮੇਂ ਦੇ ਸੰਸਕ੍ਰਿਤ ਭਾਸ਼ਾ ਅਤੇ ਹਿੰਦੀ ਭਾਸ਼ਾ ਦੇ ਜਾਨਣ ਵਾਲਿਆਂ ਨੇ ਇਹ ਕਹਿ ਕੇ ਠੋਕਰ ਮਾਰ ਦਿੱਤੀ ਕਿ ਕਬੀਰ ਜੀ ਤਾਂ ਅਨ-ਪੜ੍ਹ ਹਨ। ਇਸ ਵੱਲੋਂ ਕਿਹਾ ਗਿਆ ਗਿਆਨ ਅਤੇ ਉਸ ਵਿੱਚ ਵਰਤੀ ਗਈ ਭਾਸ਼ਾ

ਵਿਆਕਰਣ ਨਜ਼ਰੀਏ ਤੋਂ ਠੀਕ ਨਹੀਂ ਹੈ।
ਜਿਵੇਂ ਕਬੀਰ ਜੀ ਨੇ ਕਿਹਾ ਹੈ :-

ਕਬੀਰ ਬੇਦ ਮੇਰਾ ਭੇਦ ਹੈ, ਮੈਂ ਨਾ ਬੇਦੋਂ ਮਾਹੀਂ।
ਜੌਣ ਬੇਦ ਸੇ ਮੈਂ ਮਿਲੁ ਯੇ ਬੇਦ ਜਾਨਤੇ ਨਾਹੀਂ॥

ਭਾਵ ਅਰਥ :- ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਨੇ ਕਿਹਾ ਹੈ ਕਿ ਜੋ ਚਾਰ ਵੇਦ ਹਨ ਇਹ ਮੇਰੇ ਵਿਸ਼ੇ ਵਿੱਚ ਹੀ ਗਿਆਨ ਦੱਸ ਰਹੇ ਹਨ ਪ੍ਰੰਤੂ ਇਹਨਾਂ ਚਾਰੇ ਵੇਦਾਂ ਵਿੱਚ ਦੱਸੀ ਵਿਧੀ ਦੁਆਰਾ ਮੈਂ (ਪੂਰਣ ਬ੍ਰਹਮ) ਪ੍ਰਾਪਤ ਨਹੀਂ ਹੋ ਸਕਦਾ। ਜਿਹੜੇ ਵੇਦ (ਸਵਸਮ ਭਾਵ ਸੂਕਸ਼ਮ ਵੇਦ) ਵਿੱਚ ਮੇਰੀ ਪ੍ਰਾਪਤੀ ਦਾ ਗਿਆਨ ਹੈ। ਉਸਨੂੰ ਚਾਰੇ ਵੇਦਾਂ ਦੇ ਗਿਆਤਾ ਨਹੀਂ ਜਾਣਦੇ। ਇਸ ਵਚਨ ਨੂੰ ਸੁਣ ਕੇ ਉਸ ਸਮੇਂ ਦੇ ਅਚਾਰੀਆ ਲੋਕ ਕਹਿੰਦੇ ਸਨ ਕਿ ਕਬੀਰ ਜੀ ਨੂੰ ਭਾਸ਼ਾ ਦਾ ਗਿਆਨ ਨਹੀਂ ਹੈ। ਦੇਖੋ 'ਵੇਦ' ਨੂੰ 'ਬੇਦ' ਕਿਹਾ ਹੈ। 'ਨਹੀਂ' ਨੂੰ 'ਨਾਹੀਂ' ਕਿਹਾ ਹੈ। ਅਜਿਹੇ ਵਿਅਕਤੀ ਨੂੰ ਸ਼ਾਸਤਰਾਂ ਦਾ ਕੀ ਗਿਆਨ ਹੋ ਸਕਦਾ ਹੈ? ਇਸਲਈ ਕਬੀਰ ਜੀ ਝੂਠਾ ਭਾਸ਼ਣ ਕਰਦੇ ਹਨ। ਇਸ ਦੀਆਂ ਗੱਲਾਂ ਤੇ ਵਿਸ਼ਵਾਸ ਨਹੀਂ ਕਰਨਾ। ਸਵਾਮੀ ਦਯਾਨੰਦ ਜੀ ਨੇ ਸਤਿਆਰਥ ਪ੍ਰਕਾਸ਼ ਸਮੁੱਲਾਸ ਗਿਆਰਾਂ ਪੰਨਾ 306 ਤੇ ਕਬੀਰ ਜੀ ਦੇ ਵਿਸ਼ੇ ਵਿੱਚ ਇਹੀ ਕਿਹਾ ਹੈ। ਵਰਤਮਾਨ ਵਿੱਚ ਸੰਤ ਰਾਮਪਾਲ ਦਾਸ ਜੀ ਮਹਾਰਾਜ ਦੇ ਵਿਸ਼ੇ ਵਿੱਚ ਇਸ਼ਤਿਹਾਰਾਂ ਵਿੱਚ ਲਿਖੇ ਲੇਖ ਉੱਤੇ ਆਰਿਆ ਸਮਾਜ ਦੇ ਆਚਾਰੀਆਂ ਨੇ ਇਹੀ ਇਤਰਾਜ਼ ਕੀਤਾ ਸੀ ਕਿ ਰਾਮਪਾਲ ਨੂੰ ਹਿੰਦੀ ਭਾਸ਼ਾ ਵੀ ਸਹੀ ਨਹੀਂ ਲਿਖਣੀ ਆਉਂਦੀ 'ਵ' ਨੂੰ 'ਬ' ਲਿਖਦਾ ਹੈ ਛੋਟੀ- ਵੱਡੀ ਮਾਤਰ-ਾਵਾਂ ਨੂੰ ਗਲਤ ਲਿਖਦਾ ਹੈ। ਕੌਮਾ ਅਤੇ ਹਲੰਤ ਵੀ ਨਹੀਂ ਲਗਾਉਂਦਾ। ਇਸਦਾ ਗਿਆਨ ਕਿਵੇਂ ਸਹੀ ਮੰਨਿਆ ਜਾਵੇ।

ਵਿਚਾਰ ਕਰੋ :- ਕਿਸੇ ਮੁੰਡੇ ਦਾ ਵਿਆਹ ਇੱਕ ਸੋਹਣੀ ਨਿਮਰ ਕੁੜੀ ਨਾਲ ਹੋ ਗਿਆ। ਉਸਨੇ ਸਧਾਰਣ ਕੱਪੜੇ ਪਾਏ ਹੋਏ ਸਨ । ਮੇਕਅੱਪ (ਹਾਰ, ਸ਼ਿੰਗਾਰ) ਨਹੀਂ ਕੀਤਾ ਸੀ। ਉਸ ਬਾਰੇ ਕੋਈ ਕਹੇ ਕਿ "ਇਹ ਵੀ ਕੋਈ ਵਿਆਹ ਹੈ। ਲਾੜੀ ਨੇ ਮੇਕਅੱਪ (ਹਾਰ, ਸ਼ਿੰਗਾਰ-ਗਹਿਣੇ ਆਦਿ ਨਹੀਂ ਪਾਏ) ਨਹੀਂ ਕੀਤਾ ਹੈ। ਵਿਚਾਰ ਕਰੋ ਵਿਆਹ ਦਾ ਅਰਥ ਹੈ ਪੁਰਸ਼ ਨੂੰ ਪਤਨੀ ਦੀ ਪ੍ਰਾਪਤੀ। ਜੇਕਰ ਮੇਕਅੱਪ (ਸ਼ਿੰਗਾਰ) ਨਹੀਂ ਕੀਤਾ ਤਾਂ ਲੋੜੀਂਦੀ ਵਸਤੂ ਪ੍ਰਾਪਤ ਹੈ। ਜੇਕਰ ਸ਼ਿੰਗਾਰ ਕੀਤਾ ਹੈ ਕੁੜੀ ਨੇ ਤਾਂ ਵੀ ਬੁਰਾ ਨਹੀਂ ਕੀਤਾ, ਪ੍ਰੰਤੂ ਇੱਕ ਸ਼ਿੰਗਾਰ ਦੀ ਕਮੀ ਨਾਲ ਵਿਆਹ ਨੂੰ ਹੀ ਨਕਾਰ ਦੇਣਾ ਕਿਹੜੀ ਸਿਆਣਪ ਹੈ। ਠੀਕ ਇਸੇ ਤਰ੍ਹਾਂ ਪਰਮੇਸ਼ਵਰ ਕਬੀਰ ਬੰਦੀ ਛੋੜ ਅਤੇ ਸੰਤ ਰਾਮਪਾਲ ਦਾਸ ਜੀ ਮਹਾਰਾਜ ਦੁਆਰਾ ਦਿੱਤਾ ਤੱਤਵ ਗਿਆਨ ਹੈ। ਵਾਸਤਵਿਕ ਗਿਆਨ ਪ੍ਰਾਪਤ ਹੈ। ਜੇਕਰ ਭਾਸ਼ਾ ਵਿੱਚ ਸ਼ਿੰਗਾਰ ਦੀ ਕਮੀ ਅਰਥਾਤ ਮਾਤਰਾਵਾਂ ਅਤੇ ਹਲੰਤਾਂ ਦੀ ਕਮੀ ਹੈ ਤਾਂ ਵਿਦਵਾਨ ਪੁਰਸ਼ ਕਿਰਪਾ ਠੀਕ ਕਰਕੇ ਪੜ੍ਹਨ।

ਇਸ ਤਰ੍ਹਾਂ ਇਸ ਉਲਝੀ ਹੋਈ ਗਿਆਨ ਗੁੱਥੀ ਨੂੰ ਸੁਲਝਾਇਆ ਜਾਵੇਗਾ। ਇਸ ਵਿੱਚ ਭਾਸ਼ਾ ਅਤੇ ਵਿਆਕਰਣ ਦੀ ਭੂਮਿਕਾ ਕੀ ਹੈ?

ਸਵਾਮੀ ਦਯਾਨੰਦ ਸਰਸਵਤੀ ਜੀ ਨੇ ਆਪਣੇ ਦੁਆਰਾ ਰਚੇ ਪਵਿੱਤਰ ਉਪਨਿ-ਸ਼ਦ "ਸਤਿਆਰਥ ਪ੍ਰਕਾਸ਼" ਦੇ ਸੱਤਵੇਂ ਸਮੁੱਲਾਸ ਵਿੱਚ (ਪੰਨਾ ਨੰ. 217, 212 ਅਜਮੇਰ ਤੋਂ ਪ੍ਰਕਾਸ਼ਿਤ ਅਤੇ ਪੰਨਾ ਨੰ. 173 ਦੀਨਾਨਗਰ ਦਯਾਨੰਦ ਮੱਠ ਪੰਜਾਬ ਤੋਂ ਪ੍ਰਕਾਸ਼ਿਤ) ਲਿਖਿਆ ਹੈ, ਉਸਦਾ ਭਾਵਾਰਥ ਹੈ ਕਿ ਬ੍ਰਹਮ ਨੇ ਵੇਦ ਬਾਣੀ ਚਾਰ ਰਿਸ਼ੀਆਂ ਵਿੱਚ ਜੀਵਸਥ ਬੋਲੇ ਜਿਵੇਂ ਲੱਗ ਰਿਹਾ ਸੀ ਕਿ ਰਿਸ਼ੀ ਵੇਦ ਬੋਲ ਰਹੇ ਸਨ, ਪ੍ਰੰਤੂ ਬ੍ਰਹਮ ਬੋਲ

ਰਿਹਾ ਸੀ ਅਤੇ ਰਿਸ਼ੀਆਂ ਦਾ ਮੂੰਹ ਵਰਤ ਰਿਹਾ ਸੀ। (''ਜੀਵਸਥ ਰੂਪ'' ਦਾ ਭਾਵਾਰਥ ਹੈ ਜਿਵੇਂ ਰਿਸ਼ੀਆਂ ਦੇ ਅੰਦਰ ਕੋਈ ਹੋਰ ਜੀਵ ਸਥਾਪਿਤ ਹੋ ਕੇ ਬੋਲ ਰਿਹਾ ਹੋਵੇ) ਬਾਅਦ ਵਿੱਚ ਉਹਨਾਂ ਰਿਸ਼ੀਆਂ ਨੂੰ ਕੁੱਝ ਵੀ ਪਤਾ ਨਹੀਂ ਕਿ ਕੀ ਬੋਲਿਆ, ਕੀ ਲਿਖਿਆ?

(ਜਿਵੇਂ ਕੋਈ ਪ੍ਰੇਤ ਆਤਮਾ ਕਿਸੇ ਦੇ ਸਰੀਰ 'ਚ ਪ੍ਰਵੇਸ਼ ਹੋ ਕੇ ਬੋਲਦੀ ਹੈ। ਉਸ ਸਮੇਂ ਲੱਗ ਰਿਹਾ ਹੁੰਦਾ ਹੈ ਕਿ ਸਰੀਰ ਵਾਲਾ ਜੀਵ ਹੀ ਬੋਲ ਰਿਹਾ ਹੈ, ਪ੍ਰੰਤੂ ਪ੍ਰੇਤ ਦੇ ਨਿੱਕਲ ਜਾਣ ਤੋਂ ਬਾਅਦ ਉਸ ਸਰੀਰ ਵਾਲੇ ਜੀਵ ਨੂੰ ਕੁੱਝ ਪਤਾ ਨਹੀਂ ਹੁੰਦਾ, ਮੈਂ ਕੀ ਬੋਲਿਆ ਸੀ)।

ਇਸੇ ਤਰ੍ਹਾਂ ਬਾਅਦ ਵਿੱਚ ਰਿਸ਼ੀਆਂ ਨੇ ਵੇਦ ਭਾਸ਼ਾ ਨੂੰ ਜਾਨਣ ਲਈ ਵਿਆਕਰਨ ਨਿਘਟੂ ਆਦਿ ਦੀ ਰਚਨਾ ਕੀਤੀ। ਜੋ ਸਵਾਮੀ ਦਯਾਨੰਦ ਜੀ ਦੇ ਸ਼ਬਦਾਂ ਵਿੱਚ ਸਤਿਅ-ਾਰਥ ਪ੍ਰਕਾਸ਼ ਤੀਸਰੇ ਸੱਮੁਲਾਸ (ਪੰਨਾ ਨੰ. 80, ਅਜਮੇਰ ਤੋਂ ਪ੍ਰਕਾਸ਼ਿਤ ਅਤੇ ਪੰਨਾ ਨੰਬਰ 64 ਦੀਨਾਨਗਰ ਪੰਜਾਬ ਤੋਂ ਪ੍ਰਕਾਸ਼ਿਤ) ਵਿੱਚ ਪਵਿੱਤਰ ਚਾਰੇ ਵੇਦ ਈਸ਼ਵਰ ਦੁਆਰਾ ਬਣਾਏ ਹੋਣ ਨਾਲ ਸੰਦੇਹ ਰਹਿਤ ਹਨ, ਵੇਦਾਂ ਦਾ ਪ੍ਰਮਾਣ ਵੇਦ ਹੀ ਹਨ। ਚਾਰੇ ਬ੍ਰਾਹਮਣ, ਵਿਆਕਰਨ, ਨਿਘਟੂ ਆਦਿ ਰਿਸ਼ੀਆਂ ਦੀ ਬਣਾਈ ਹੋਣ ਕਾਰਣ ਤਰੁਟੀ ਯੁਕਤ ਹੋ ਸਕਦੇ ਹਨ। ਉੱਪਰ ਲਿਖੇ ਵਿਚਾਰ ਸਵਾਮੀ ਦਯਾਨੰਦ ਜੀ ਦੇ ਹਨ।

ਵਿਚਾਰ ਕਰੋ ਵੇਦ ਪੜ੍ਹਨ ਵਾਲੇ ਰਿਸ਼ੀਆਂ ਦੇ ਆਪਣੇ ਵਿਚਾਰਾਂ ਨਾਲ ਰਚੇ ਉਪਨਿਸ਼ਦ ਇੱਕ ਦੂਸਰੇ ਦੇ ਉਲਟ ਵਿਆਖਿਆ ਕਰ ਰਹੇ ਹਨ। ਇਸ ਲਈ ਵੇਦ ਗਿਆਨ ਨੂੰ ਤੱਤਵ ਗਿਆਨ ਨਾਲ ਹੀ ਸਮਝਿਆ ਜਾ ਸਕਦਾ ਹੈ। ਤੱਤਵ ਗਿਆਨ (ਸਵਸਮ ਵੇਦ) ਪੂਰਣ ਬ੍ਰਹਮ ਕਵੀਰਦੇਵ ਨੇ ਖ਼ੁਦ ਆ ਕੇ ਦੱਸਿਆ ਹੈ ਅਤੇ ਚਾਰਾ ਵੇਦਾਂ ਦਾ ਗਿਆਨ ਬ੍ਰਹਮ ਵੱਲੋਂ ਦੱਸਿਆ ਗਿਆ ਹੈ ਅਤੇ ਵੇਦਾਂ ਨੂੰ ਬੋਲਣ ਵਾਲਾ ਬ੍ਰਹਮ ਖ਼ੁਦ ਪਵਿੱਤਰ ਯਜੁਰਵੇਦ ਅਧਿਆਇ ਨੰ. 40 ਮੰਤਰ ਨੰ. 10 ਵਿੱਚ ਕਹਿ ਰਿਹਾ ਹੈ ਕਿ ਉਸ ਪੂਰਣ ਬ੍ਰਹਮ ਨੂੰ ਕੋਈ ਤਾਂ (ਸੰਭਵਾਤ) ਜਨਮ ਲੈ ਕੇ ਪ੍ਰਗਟ ਹੋਣ ਵਾਲਾ ਅਰਥਾਤ ਅਕਾਰ ਵਿੱਚ (ਆਹੁਹ) ਕਹਿੰ-ਦਾ ਹੈ ਅਤੇ ਕੋਈ (ਅਸੰਭਵਾਤ) ਜਨਮ ਨਾ ਲੈਣ ਵਾਲਾ ਅਰਥਾਤ ਨਿਰਾਕਾਰ (ਆਹੁਹ) ਕਹਿੰਦੇ ਹਨ। ਪ੍ਰੰਤੂ ਇਸਦਾ ਅਸਲੀ ਗਿਆਨ ਤਾਂ (ਧੀਰਾਣਾਮ) ਪੂਰਣ ਗਿਆਨੀ ਅਰਥਾਤ ਤੱਤਵਦਰਸ਼ੀ ਸੰਤਜਨ (ਵਿਚਚਕਸ਼ਿਰੇ) ਪੂਰਯ ਨਿਰਣਾਇਕ ਅਲੱਗ ਅਲੱਗ ਦੱਸਦੇ ਹਨ (ਸ਼ੁਸ਼ਰੁਮ) ਉਸਨੂੰ ਧਿਆਨਪੂਰਵਕ ਸੁਣੋ। ਇਸਤੋਂ ਖ਼ੁਦ ਹੀ ਸਿੱਧ ਹੈ ਕਿ ਵੇਦ ਬੋਲਣ ਵਾਲਾ ਬ੍ਰਹਮ ਵੀ ਖ਼ੁਦ ਕਹਿ ਰਿਹਾ ਹੈ ਕਿ ਉਸ ਪੂਰਣ ਬ੍ਰਹਮ ਦੇ ਬਾਰੇ ਵਿੱਚ ਮੈਂ ਵੀ ਪੂਰਣ ਗਿਆਨ ਨਹੀਂ ਰੱਖਦਾ। ਉਸਨੂੰ ਤਾਂ ਕੋਈ ਤੱਤਵਦਰਸ਼ੀ ਸੰਤ ਹੀ ਦੱਸ ਸਕਦਾ ਹੈ। ਇਸੇ ਪ੍ਰਕਾਰ ਇਸੇ ਅਧਿਆਇ ਦੇ ਮੰਤਰ ਨੰ. 13 ਵਿੱਚ ਕਿਹਾ ਹੈ ਕਿ ਕੋਈ ਤਾਂ (ਵਿਦ੍ਧਾਯਾ) ਅੱਖਰ ਗਿ-ਆਨੀ ਇੱਕ ਭਾਸ਼ਾ ਨੂੰ ਜਾਣਨ ਵਾਲੇ ਨੂੰ ਤਾਂ ਵਿਦਵਾਨ ਕਹਿੰਦੇ ਹਨ, ਦੂਜਾ (ਅਵਿਦ੍ਧਾਯਾ) ਨਿਰਅੱਖਰ ਨੂੰ ਅਗਿਆਨੀ ਕਹਿੰਦੇ ਹਨ, ਇਹ ਜਾਣਕਾਰੀ ਵੀ (ਧੀਰਾਣਾਮ) ਤੱਤਵਦਰਸ਼ੀ ਸੰਤਜਨ ਹੀ (ਵਿਚਚਕਸ਼ਿਰੇ) ਵਿਸਥਾਰਪੂਰਵਕ ਵਿਆਖਿਆ ਬਿਆਨ ਕਰਦੇ ਹਨ (ਤੱਤ) ਉਸ ਤੱਤਵਗਿਆਨ ਨੂੰ ਉਹਨਾਂ ਤੋਂ (ਸ਼ੁਸ਼ਰੁਮ) ਧਿਆਨਪੂਰਵਕ ਸੁਣੋ ਅਰਥਾਤ ਤੱਤ-ਵਦਰਸ਼ੀ ਸੰਤ ਹੀ ਦੱਸੇਗਾ ਕਿ ਵਿਦਵਾਨ ਅਰਥਾਤ ਗਿਆਨੀ ਕੌਣ ਹੈ ਅਤੇ ਅਗਿਆਨੀ ਅਰਥਾਤ ਅਵਿਦਵਾਨ ਕੌਣ ਹੈ।

ਵਿਸ਼ੇਸ਼ :- ਉਪਰੋਕਤ ਪ੍ਰਮਾਣਾਂ ਨੂੰ ਵਿਵੇਚਨ ਕਰਕੇ ਸਦਭਾਵਨਾਪੂਰਵਕ ਦੁਬਾਰਾ ਵਿਚਾਰ ਕਰੋ ਅਤੇ 'ਵ' ਨੂੰ 'ਬ' ਅਤੇ ਸਿਹਾਰੀ ਬਿਹਾਰੀ ਦੀ ਸ਼ੁੱਧਤਾ-ਅਸ਼ੁੱਧਤਾ ਤੋਂ ਹੀ ਗਿ-ਆਨੀ ਜਾਂ ਅਗਿਆਨੀ ਦੀ ਪਹਿਚਾਣ ਨਹੀਂ ਹੁੰਦੀ, ਉਹ ਤਾਂ ਤੱਤਵਗਿਆਨ ਤੋਂ ਹੀ ਹੁੰਦੀ ਹੈ।

(ਕਵਿਰ ਦੇਵ) = ਕਬੀਰ ਪਰਮੇਸ਼ਵਰ ਦੇ ਵਿਸ਼ੇ ਵਿੱਚ 'ਵ' ਨੂੰ 'ਬ' ਕਿਵੇਂ ਸਾਬਿਤ ਕੀਤਾ ਹੈ?

ਸਿਹਾਰੀ (ਿ) ਦੀ ਮਾਤਰਾ ਬਿਹਾਰੀ (ੀ) ਦੀ ਮਾਤਰਾ ਕਿਵੇਂ ਸਿੱਧ ਹੋ ਸਕਦੀ ਹੈ? ਇਸ ਵਾਦ ਵਿਵਾਦ ਵਿੱਚ ਨਾ ਪੈ ਕੇ ਤੱਤਵਗਿਆਨ ਨੂੰ ਸਮਝਣਾ ਹੈ।

## "ਪੂਰਣ ਪਰਮਾਤਮਾ ਆਪਣੇ ਵਾਸਤਵਿਕ ਗਿਆਨ ਨੂੰ ਖ਼ੁਦ ਹੀ ਠੀਕ-ਠੀਕ ਦੱਸਦਾ ਹੈ "

ਪ੍ਰਮਾਣ ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਤੋਂ 18

ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਵਿੱਚ ਕਿਹਾ ਹੈ ਕਿ ਪੂਰਣ ਪਰਮਾਤਮਾ ਦੇ ਵਾਸਤਵਿਕ ਨਾਮ ਦਾ ਗਿਆਨ ਕਰਵਾਓ। ਇਸ ਦਾ ਬੋਧ ਮੰਤਰ 17 ਤੋਂ 18 ਵਿੱਚ ਵਿਸ਼ੇਸ਼ ਵਰਣਨ ਤੋਂ ਕਿਹਾ ਹੈ ਅਤੇ ਜਿੱਥੇ ਪੂਰਣ ਪਰਮਾਤਮਾ ਰਹਿੰਦਾ ਹੈ ਉਸ ਸਥਾਨ ਦਾ ਵਰਣਨ ਕੀਤਾ ਹੈ।

## "ਪਵਿੱਤਰ ਵੇਦਾਂ ਵਿੱਚ ਕਵਿਰਦੇਵ (ਕਬੀਰ ਪਰਮੇਸ਼ਵਰ) ਦਾ ਪ੍ਰਮਾਣ "

ਕਵਿਰਦੇਵ ਆਪਣੇ ਗਿਆਨ ਦਾ ਸੰਦੇਸ਼ਵਾਹਕ ਬਣ ਕੇ ਖ਼ੁਦ ਹੀ ਆਉਂਦਾ ਹੈ ਅਤੇ ਆਪਣਾ ਸਹੀ ਗਿਆਨ (ਵਾਸਤਵਿਕ ਤੱਤਵਗਿਆਨ) ਖ਼ੁਦ ਹੀ ਕਰਵਾਉਂਦੇ ਹਨ।

ਖ਼ੁਦ ਕਵਿਰਦੇਵ (ਕਬੀਰ ਪਰਮੇਸ਼ਵਰ) ਜੀ ਨੇ ਆਪਣੀ ਅੰਮ੍ਰਿਤ ਬਾਣੀ ਵਿੱਚ ਕਿਹਾ ਹੈ-

(ਕਬੀਰ ਸਾਗਰ ਦੇ ਅਧਿਆਇ "ਅਗਮ ਨਿਗਮ ਬੋਧ" ਪੰਨਾ ਨੰਬਰ 12 ਤੇ)

ਬੇਦ ਮੇਰਾ ਭੇਦ ਹੈ, ਮੈਂ ਨਾ ਬੇਦਨ ਕੇ ਮਾਂਹੀਂ ।
ਜੌਨ ਬੇਦ ਸੇ ਮੈਂ ਮਿਲੂੰ, ਵਹ ਬੇਦ ਜਾਨਤੇ ਨਾਂਹੀ।

**ਸ਼ਬਦ** :- ਅਵਿਗਤ ਸੇ ਚਲ ਆਏ, ਕੋਈ ਮੇਰਾ ਭੇਦ ਮਰਮ ਨਹੀਂ ਪਾਯਾ। (ਟੇਕ)
ਨ ਮੇਰਾ ਜਨਮ ਨ ਗਰਭ ਬਸੇਰਾ, ਬਾਲਕ ਹੋ ਦਿਖਲਾਯਾ ।
ਕਾਸ਼ੀ ਨਗਰ ਜਲ ਕਮਲ ਪਰ ਡੇਰਾ, ਵਹਾਂ ਜੁਲਾਹੇ ਨੇ ਪਾਯਾ॥
ਮਾਤ-ਪਿਤਾ ਮੇਰੇ ਕੁਛ ਨਾਹੀਂ, ਨਾ ਮੇਰੇ ਘਰ ਦਾਸੀ (ਪਤਨੀ)।
ਜੁਲਹਾ ਕਾ ਸੁਤ ਆਨ ਕਹਾਯਾ, ਜਗਤ ਕਰੇਂ ਮੇਰੀ ਹਾਂਸੀ॥
ਪਾਂਚ ਤਤਵ ਕਾ ਧੜ ਨਹੀਂ ਮੇਰਾ, ਜਾਨੂੰ ਗਿਆਨ ਅਪਾਰਾ॥
ਸਤਯ ਸਵਰੂਪੀ (ਵਾਸਤਵਿਕ) ਨਾਮ ਸਾਹੇਬ (ਪੂਰਣ ਪ੍ਰਭੂ) ਕਾ ਸੋਈ ਨਾਮ ਹਮਾਰਾ॥
ਅਧਰ ਦਵੀਪ (ਉਪਰ ਸਤਲੋਕ ਮੇਂ) ਗਗਨ ਗੁਫਾ ਮੇਂ ਤਹਾਂ ਨਿਜ ਵਸਤੁ ਸਾਰਾ।
ਜ੍ਯੋਤ ਸਵਰੂਪੀ ਅਲਖ ਨਿਰੰਜਨ (ਬ੍ਰਹਮ) ਭੀ ਧਰਤਾ ਧ੍ਯਾਨ ਹਮਾਰਾ॥
ਹਾੜ ਚਾਮ ਲਹੁ ਨਾ ਮੇਰੇ ਕੋਈ ਜਾਨੇ ਸਤਯਨਾਮ ਉਪਾਸੀ।
ਤਾਰਨ ਤਰਨ ਅਭਯ ਪਦ ਦਾਤਾ, ਮੈਂ ਹੂੰ ਕਬੀਰ ਅਵਿਨਾਸ਼ੀ॥

ਉਪਰੋਕਤ ਸ਼ਬਦ ਵਿੱਚ ਕਬੀਰ ਪਰਮਾਤਮਾ ਕਹਿ ਰਹੇ ਹਨ ਕਿ ਨਾ ਤਾਂ ਮੇਰੀ ਕੋਈ ਪਤਨੀ ਹੈ, ਨਾ ਹੀ ਮੇਰਾ ਪੰਜ ਤੱਤਵ ਦਾ (ਹੱਡੀ-ਚਮੜੀ, ਖ਼ੂਨ ਭਾਵ ਨਾੜੀਆਂ ਦੇ ਜੋੜ-ਜੁਗਾੜ ਵਾਲਾ ਸਰੀਰ) ਸਰੀਰ ਹੈ, ਮੈਂ ਸਵੰਭੂ ਹਾਂ ਅਤੇ ਕਾਸ਼ੀ ਦੇ ਲਹਿਰ ਤਾਰਾ ਨਾਮਕ ਤਲਾਬ ਦੇ ਜਲ ਵਿੱਚ ਕਮਲ ਦੇ ਫੁੱਲ ਤੇ ਖ਼ੁਦ ਪ੍ਰਗਟ ਹੋ ਕੇ ਬਾਲਕ ਰੂਪ ਬਣਾਇਆ ਸੀ। ਉਥੋਂ ਮੈਨੂੰ ਨੀਰੂ ਨਾਮਕ ਜੁਲਾਹਾ ਉਠਾ ਕੇ ਲੈ ਗਿਆ ਸੀ। ਜੋ

**ਵਾਸਤਵਿਕ ਨਾਮ ਪਰਮੇਸ਼ਵਰ ਦਾ ਭਾਵ ਮੇਰਾ ਹੈ (ਵੇਦਾਂ ਵਿੱਚ ਕਵਿਰਦੇਵ, ਗੁਰੂ ਗ੍ਰੰਥ ਸਾਹਿਬ ਵਿੱਚ ਹੱਕਾ ਕਬੀਰ ਅਤੇ ਕੁਰਾਨ ਸ਼ਰੀਫ ਵਿੱਚ ( ਅੱਲਾਹ ਕਬੀਰਨ ) ਓਹੀ ਨਾਮ ਮੇਰਾ ਹੈ, ਮੈਂ ਉੱਪਰ ਰਿੱਤਧਾਮ ਵਿੱਚ ਰਹਿੰਦਾ ਹਾਂ ਅਤੇ ਆਪ ਦਾ ਭਗਵਾਨ ਜੋਤੀ ਨਿਰੰਜਨ ( ਬ੍ਰਹਮ ) ਵੀ ਮੇਰੀ ਪੂਜਾ ਕਰਦਾ ਹੈ।**

**ਕਬੀਰ ਸਾਗਰ ਅਧਿਆਇ "ਗਿਆਨ ਬੋਧ" (ਬੋਧ ਸਾਗਰ) :**

**ਪੰਨਾ 29 –** ਨਹੀਂ ਬਾਪ ਨਾ ਮਾਤਾ ਜਾਏ, ਅਵਿਗਤ ਸੇ ਹਮ ਚਲ ਆਏ॥
ਕਲਯੁਗ ਮੇ ਕਾਂਸ਼ੀ ਚਲ ਆਏ, ਜਬ ਹਮਰੇ ਤੁਮ ਦਰਸ਼ਨ ਪਾਏ॥

**ਪੰਨਾ 36 –** ਭਗ ਕੀ ਰਾਹ ਹਮ ਨਹੀਂ ਆਏ, ਜਨਮ ਮਰਣ ਮੇਂ ਨਹੀਂ ਸਮਾਏ।
ਤ੍ਰਿਗੁਣ ਪਾਂਚ ਤਤਵ ਹਮਰੇ ਨਾਂਹੀ, ਇੱਛਾ ਰੂਪੀ ਦੇਹ ਹਮ ਆਹੀਂ॥

**ਪ੍ਰਮਾਣ –1. ਪਵਿੱਤਰ ਯਜੁਵੇਰਦ ਅਧਿਆਇ 29 ਮੰਤਰ 25:–**

ਸਮਿੱਧੋਅਦਯ ਮਨੁਸ਼ੋ ਦੁਰੋਣੇ ਦੇਵੋ ਦੇਵਾਨਯਜਸਿ ਜਾਤਵੇਦਹ ॥
ਆ ਚ ਵਹ ਮਿਤ੍ਰਮਹਸ੍ਚਿਕਿਤਵਾਨਤਵੰ ਦੂਤਹ ਕਵਿਰਸਿ ਪ੍ਰਚੇਤਾਹ ॥25।

ਸਮਿੱਧਹ–ਅਦਯ–ਮਨੁਸ਼ਹ–ਦੁਰੋਣੇ–ਦੇਵਹ–ਦੇਵਾਨ੍–ਯਜ–ਅਸਿ– ਜਾਤ –ਵੇਦਹ– ਆ–ਚ–ਵਹ–ਮਿਤ੍ਰਮਹ–ਚਿਕਿਤਵਾਨ–ਤਵਮ–ਦੂਤਹ– ਕਵਿਰ–ਅਸਿ–ਪ੍ਰਚੇਤਾਹ ।

**ਅਨੁਵਾਦ** :– (ਅਦਯ) ਅੱਜ ਅਰਥਾਤ ਵਰਤਮਾਨ ਵਿੱਚ (ਦੁਰੋਣੇ) ਸਰੀਰ ਰੂਪੀ ਮਹਿਲ ਵਿੱਚ ਦੁਰਵਿਹਾਰ ਵਾਲੀ (ਮਨੁਸ਼ਹ) ਝੂਠੀ ਪੂਜਾ ਵਿੱਚ ਲੀਨ ਚਿੰਤਨਸ਼ੀਲ ਵਿਅਕਤੀਆਂ ਨੂੰ (ਸਮਿੱਧਹ) ਲਗਾਈ ਹੋਈ ਅੱਗ ਅਰਥਾਤ ਸ਼ਾਸਤਰ ਵਿਧੀ ਰਹਿਤ ਵਰਤਮਾਨ ਪੂਜਾ ਜੋ ਹਾਨੀਕਾਰਕ ਹੁੰਦੀ ਹੈ, ਅੱਗ ਲਗਾ ਕੇ ਸੁਆਹ ਕਰ ਦਿੰਦੀ ਹੈ ਅਜਿਹੇ ਸਾਧਕ ਦਾ ਜੀਵਨ ਸ਼ਾਸਤਰ ਵਿਰੁੱਧ ਸਾਧਨਾ ਨਸ਼ਟ ਕਰ ਦਿੰਦੀ ਹੈ। ਉਸ ਦੀ ਜਗ੍ਹਾ (ਦੇਵਾਨ੍) ਦੇਵਤਿਆਂ ਦੇ (ਦੇਵਹ) ਦੇਵਤਾ (ਜਾਤਵੇਦਹ) ਪੂਰਣ ਪਰਮਾਤਮਾ ਸਤ ਪੁਰਸ਼ ਦੀ ਅਸਲ (ਯਜ) ਪੂਜਾ (ਅਸਿ) ਹੈ। (ਆ) ਦਿਆਲੂ, (ਮਿਤ੍ਰਮਹਹ ) ਜੀਵ ਦਾ ਅਸਲ ਸਾਥੀ ਪੂਰਣ ਪਰਮਾਤਮਾ ਦੇ (ਚਿਕਿਤਵਾਨ) ਸਹੀ ਗਿਆਨ ਅਰਥਾਤ ਭਗਤੀ ਨੂੰ ਸੱਚੀ ਭਗਤੀ ਨੂੰ (ਦੂਤਹ) ਦੂਤ ਬਣ ਕੇ (ਵਹ) ਲੇ ਕੇ ਆਉਣ ਵਾਲਾ (ਚ) ਅਤੇ (ਪ੍ਰਚੇਤਾਹ) ਬੋਧ ਕਰਾਉਣ ਵਾਲਾ (ਤਵਮ) ਆਪ (ਕਵਿਰਦੇਵ ਅਰਥਾਤ ਕਬੀਰ ਪਰਮੇਸ਼ਵਰ) ਕਬੀਰ (ਅਸਿ) ਹੈ।

**ਭਾਵ ਅਰਥ :– ਜਿਸ ਸਮੇਂ ਭਗਤ ਸਮਾਜ ਨੂੰ ਸ਼ਾਸਤਰ ਵਿਧੀ ਤਿਆਗ ਕੇ ਮਨਮਾਨਾ ਆਚਰਣ (ਪੂਜਾ) ਕਰਵਾਇਆ ਜਾ ਰਿਹਾ ਹੁੰਦਾ ਹੈ। ਉਸ ਸਮੇਂ ਕਵਿਰਦੇਵ (ਕਬੀਰ ਪਰਮੇਸ਼ਵਰ) ਤੱਤਵ ਗਿਆਨ ਨੂੰ ਪ੍ਰਗਟ ਕਰਦੇ ਹਨ।**

**ਜਿਹੜੀ–ਜਿਹੜੀ ਪੁੰਨ ਆਤਮਾਵਾਂ ਨੇ ਪਰਮਾਤਮਾ ਨੂੰ ਪ੍ਰਾਪਤ ਕੀਤਾ ਉਹਨਾਂ ਨੇ ਦੱਸਿਆ ਕਿ ਕੁੱਲ ਦਾ ਮਾਲਕ ਇੱਕ ਹੈ। ਉਹ ਮਨੁੱਖ ਵਰਗਾ ਤੇਜੋਮਯ ਸਰੀਰ ਯੁਕਤ ਹੈ। ਜਿਸ ਦੇ ਇੱਕ ਰੋਮ ਦਾ ਪ੍ਰਕਾਸ਼ ਕਰੋੜਾਂ ਸੂਰਜ ਅਤੇ ਕਰੋੜਾਂ ਚੰਦਰਮਾ ਦੀ ਰੌਸ਼ਨੀ ਤੋਂ ਵੀ ਵਧੇਰੇ ਹੈ। ਉਸਨੇ ਹੀ ਅਨੇਕਾਂ ਰੂਪ ਬਣਾਏ ਹਨ। ਪਰਮੇਸ਼ਵਰ ਦਾ ਅਸਲ ਨਾਮ ਆਪਣੀ–ਆਪਣੀ ਭਾਸ਼ਾਵਾਂ ਵਿੱਚ ਕਵਿਰਦੇਵ (ਵੇਦਾਂ ਵਿੱਚ ਸੰਸਕ੍ਰਿਤ ਭਾਸ਼ਾ ਵਿੱਚ) ਅਤੇ ਹੱਕਾ ਕਬੀਰ ( ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰ. 721 ਵਿੱਚ ਖੇਤਰੀ ਭਾਸ਼ਾ ਵਿੱਚ) ਅਤੇ ਸਤ ਕਬੀਰ (ਸ਼੍ਰੀ ਧਰਮ ਦਾਸ ਜੀ ਦੀ ਬਾਣੀ ਵਿੱਚ ਖੇਤਰੀ ਭਾਸ਼ਾ ਵਿੱਚ) ਅਤੇ ਬੰਦੀ ਛੋੜ ਕਬੀਰ ( ਸੰਤ ਗਰੀਬ ਦਾਸ ਜੀ ਦੇ ਸਦਗ੍ਰੰਥ ਵਿੱਚ ਖੇਤਰੀ ਭਾਸ਼ਾ ਵਿੱਚ) ਕਬੀਰਾ, ਕਬੀਰਨ ਅਤੇ ਖਬੀਰਾ ਜਾਂ ਖਬੀਰਨ (ਸ਼੍ਰੀ ਕੁਰਾਨ ਸ਼ਰੀਫ ਸੂਰਤ ਫੁਰਕਾਨੀ ਨੰ. 25 ਆ–ਇਤ ਨੰ 19, 21, 52, 58, 59 ਵਿੱਚ ਖੇਤਰੀ ਅਰਬੀ ਭਾਸ਼ਾ ਵਿੱਚ)। ਇਹੀ ਪੂਰਣ**

ਪਰਮਾਤਮਾ ਦੇ ਉਪਮਾਤਮਕ ਨਾਮ ਅਨਾਮੀ ਪੁਰਸ਼, ਅਗਮ ਪੁਰਸ਼, ਅਲਖ ਪੁਰਸ਼, ਸਤਪੁਰਸ਼, ਅਕਾਲ ਮੂਰਤਿ, ਸ਼ਬਦ ਸਵਰੂਪੀ ਰਾਮ, ਪੂਰਣ ਬ੍ਰਹਮ, ਪਰਮ ਅਕਸ਼ਰ ਬ੍ਰਹਮ ਆਦਿ ਹਨ, ਜਿਵੇਂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਸਲ ਸਰੀਰ ਦਾ ਨਾਮ ਕੁਝ ਹੋਰ ਹੁੰਦਾ ਹੈ ਅਤੇ ਉਪਮਾਤਮਕ ਨਾਮ ਪ੍ਰਧਾਨ ਮੰਤਰੀ ਜੀ, ਪ੍ਰਾਈਮ ਮਿਨਿਸਟਰ ਜੀ ਅਲੱਗ ਹੁੰਦਾ ਹੈ। ਜਿਵੇਂ ਭਾਰਤ ਦੇਸ਼ ਦੇ ਪ੍ਰਧਾਨ ਮੰਤਰੀ ਜੀ ਗ੍ਰਹਿ ਵਿਭਾਗ ਆਪਣੇ ਕੋਲ ਰੱਖ ਲੈਂਦਾ ਹੈ। ਜਦੋਂ ਉਹ ਉਸ ਵਿਭਾਗ ਦੇ ਦਸਤਾਵੇਜਾਂ ਉੱਪਰ ਹਸਤਾਖ਼ਰ ਕਰਦਾ ਹੈ ਤਾਂ ਉੱਥੇ ਗ੍ਰਹਿ ਮੰਤਰੀ ਦੀ ਭੂਮਿਕਾ ਕਰਦਾ ਹੈ ਅਤੇ ਆਪਣਾ ਪਦ ਵੀ ਗ੍ਰਹਿ ਮੰਤਰੀ ਲਿਖਦਾ ਹੈ, ਹਸਤਾਖ਼ਰ ਉਹੀ ਹੁੰਦੇ ਹਨ। ਇਸੇ ਤਰ੍ਹਾਂ ਈਸ਼ਵਰ ਦੀ ਸੱਤਾ ਨੂੰ ਸਮਝਣਾ ਹੈ।

ਜਿਹਨਾਂ ਸੰਤਾਂ ਅਤੇ ਰਿਸ਼ੀਆਂ ਨੂੰ ਪਰਮਾਤਮਾ ਪ੍ਰਾਪਤੀ ਨਹੀਂ ਹੁੰਦੀ, ਉਨਾਂ ਨੇ ਆਪਣਾ ਆਖ਼ਰੀ ਅਨੁਭਵ ਦੱਸਿਆ ਹੈ ਕਿ ਪ੍ਰਭੂ ਦਾ ਸਿਰਫ਼ ਪ੍ਰਕਾਸ਼ ਦੇਖਿਆ ਜਾ ਸਕਦਾ ਹੈ, ਪ੍ਰਭੂ ਦਿਖਾਈ ਨਹੀਂ ਦਿੰਦਾ ਕਿਉਂਕਿ ਉਸਦਾ ਕੋਈ ਅਕਾਰ ਨਹੀਂ ਹੈ ਅਤੇ ਸਰੀਰ ਵਿੱਚ ਧੁੰਨ ਸੁਣਨਾ ਆਦਿ ਪ੍ਰਭੂ ਭਗਤੀ ਦੀ ਪ੍ਰਾਪਤੀ ਹੈ।

ਆਓ ਵਿਚਾਰ ਕਰੀਏ:- ਜਿਵੇਂ ਕੋਈ ਅੰਨਾ ਹੋਰ ਦੂਸਰੇ ਅੰਨਿਆਂ ਵਿੱਚ ਆਪਣੇ ਆਪ ਨੂੰ ਅੱਖਾਂ ਵਾਲਾ ਸਾਬਤ ਕਰੀਂ ਬੈਠਾ ਹੋਵੇ ਅਤੇ ਕਹਿੰਦਾ ਹੈ ਕਿ ਰਾਤ ਨੂੰ ਚੰਦਰਮਾ ਦੀ ਰੌਸ਼ਨੀ ਬਹੁਤ ਸੋਹਣੀ ਮਨ ਨੂੰ ਭਾਉਣ ਵਾਲੀ ਹੁੰਦੀ ਹੈ, ਮੈਂ ਦੇਖਦਾ ਹਾਂ। ਹੋਰ ਅੰਨੇ ਚੇਲਿਆਂ ਨੇ ਪੁੱਛਿਆ ਕਿ ਗੁਰੂ ਜੀ ਚੰਦਰਮਾ ਕਿਹੋ ਜਿਹਾ ਹੈ। ਚਲਾਕ ਅੰਨੇ ਨੇ ਉੱਤਰ ਦਿੱਤਾ ਕਿ ਚੰਦਰਮਾ ਤਾਂ ਨਿਰਾਕਾਰ ਹੈ ਉਹ ਦਿਖਾਈ ਨਹੀਂ ਦੇ ਸਕਦਾ ਹੈ। ਕੋਈ ਕਹੇ ਸੂਰਜ ਨਿਰਾਕਾਰ ਹੈ ਉਹ ਦਿਖਾਈ ਨਹੀਂ ਦਿੰਦਾ ਸੂਰਜ ਸਵੈ ਪ੍ਰਕਾਸ਼ਮਾਨ ਹੈ ਇਸ ਲਈ ਉਸਦਾ ਕੇਵਲ ਪ੍ਰਕਾਸ਼ ਦਿਖਾਈ ਦਿੰਦਾ ਹੈ। ਗੁਰੂ ਜੀ ਦੇ ਦੱਸੇ ਅਨੁਸਾਰ ਸ਼ਿਸ਼ ਢਾਈ ਘੰਟੇ ਸਵੇਰੇ ਅਤੇ ਢਾਈ ਘੰਟੇ ਸ਼ਾਮ ਨੂੰ ਆਕਾਸ਼ ਵਿੱਚ ਦੇਖਦੇ ਹਨ। ਪਰ ਕੁਝ ਦਿਖਾਈ ਨਹੀਂ ਦਿੰਦਾ। ਖ਼ੁਦ ਹੀ ਵਿਚਾਰ ਵਟਾਂਦਰਾ ਕਰਦੇ ਹਨ ਕਿ ਗੁਰੂ ਜੀ ਤਾਂ ਸਹੀ ਕਹਿ ਰਹੇ ਹਨ, ਸਾਡੀ ਸਾਧਨਾ ਪੂਰੀ ਢਾਈ ਘੰਟੇ ਸਵੇਰੇ ਢਾਈ ਘੰਟੇ ਸ਼ਾਮ ਨਹੀਂ ਹੋ ਪਾਉਂਦੀ। ਇਸ ਲਈ ਸਾਨੂੰ ਸੂਰਜ ਅਤੇ ਚੰਦਰਮਾ ਦਾ ਪ੍ਰਕਾਸ਼ ਦਿਖਾਈ ਨਹੀਂ ਦੇ ਰਿਹਾ। ਚਲਾਕ ਗੁਰੂ ਜੀ ਦੀ ਵਿਆਖਿਆ ਤੇ ਅਧਾਰਤ ਹੋ ਕੇ ਉਹ ਚਲਾਕ ਅੰਨੇ ਦੀ (ਗਿਆਨਹੀਣ) ਵਿਆਖਿਆ ਦੇ ਪ੍ਰਚਾਰਕ ਕਰੋੜਾਂ ਅੰਨੇ (ਗਿਆਨਹੀਣ) ਹੋ ਚੁੱਕੇ ਹਨ। ਫਿਰ ਉਹਨਾਂ ਨੂੰ ਅੱਖਾਂ ਵਾਲਾ (ਤੱਤਵਦਰਸ਼ੀ ਸੰਤ) ਦੱਸੇ ਕਿ ਸੂਰਜ ਆਕਾਰ ਵਿੱਚ ਹੈ ਅਤੇ ਉਸੇ ਤੋਂ ਪ੍ਰਕਾਸ਼ ਨਿਕਲ ਰਿਹਾ ਹੈ। ਇਸੇ ਤਰ੍ਹਾਂ ਚੰਦਰਮਾ ਵਿੱਚੋਂ ਪ੍ਰਕਾਸ਼ ਨਿਕਲ ਰਿਹਾ ਹੈ ਅੰਨੇ ਲੋਕੋ ! ਚੰਦਰਮਾ ਦੇ ਬਿਨਾਂ ਰਾਤ ਵਿੱਚ ਪ੍ਰਕਾਸ਼ ਕਿਵੇਂ ਹੋ ਸਕਦਾ? ਜਿਵੇਂ ਕੋਈ ਕਹੇ ਕਿ ਟਿਊਬ ਲਾਈਟ ਦੇਖੀ, ਫੇਰ ਕੋਈ ਪੁੱਛੇ ਕਿ ਟਿਊਬ ਕਿਹੋ ਜਿਹੀ ਹੁੰਦੀ ਹੈ ਜਿਸਦੀ ਤੁਸੀਂ ਰੌਸ਼ਨੀ ਦੇਖੀ ਹੈ? ਉੱਤਰ ਮਿਲੇ ਕਿ ਟਿਊਬ ਤਾਂ ਨਿਰਾਕਾਰ ਹੋਣ ਕਰਕੇ ਦਿਖਾਈ ਨਹੀਂ ਦਿੰਦੀ। ਸਿਰਫ਼ ਪ੍ਰਕਾਸ਼ ਦੇਖਿਆ ਜਾ ਸਕਦਾ ਹੈ।

ਵਿਚਾਰ ਕਰੋ :- ਟਿਊਬ ਬਿਨਾਂ ਪ੍ਰਕਾਸ਼ ਕਿਵੇਂ?

ਜੇਕਰ ਕੋਈ ਕਹੇ ਕਿ ਹੀਰਾ ਸਵੈ-ਪ੍ਰਕਾਸ਼ਿਤ ਹੁੰਦਾ ਹੈ। ਫਿਰ ਇਹ ਵੀ ਕਹੇ ਕਿ ਹੀਰੇ ਦਾ ਕੇਵਲ ਸਿਰਫ਼ ਪ੍ਰਕਾਸ਼ ਦੇਖਿਆ ਜਾ ਸਕਦਾ ਹੈ, ਕਿਉਂਕਿ ਹੀਰਾ ਤਾਂ ਨਿ-ਰਾਕਾਰ ਹੈ, ਉਹ ਦਿਖਾਈ ਥੋੜ੍ਹੀ ਦਿੰਦਾ ਹੈ, ਤਾਂ ਉਹ ਵਿਅਕਤੀ ਹੀਰੇ ਤੋਂ ਜਾਣੂ ਨਹੀਂ ਹੈ। ਫੋਕਟ ਜੌਹਰੀ ਬਣਿਆ ਹੈ। ਜੋ ਪਰਮਾਤਮਾ ਨੂੰ ਨਿਰਾਕਾਰ ਕਹਿੰਦੇ ਹਨ ਅਤੇ ਸਿਰਫ਼ ਪ੍ਰਕਾਸ਼ ਦੇਖਣਾ ਅਤੇ ਧੁਨ ਸੁਣਨਾ ਹੀ ਪ੍ਰਭੂ ਪ੍ਰਾਪਤੀ ਮੰਨਦੇ ਹਨ ਉਹ ਪੂਰਣ ਰੂਪ ਵਿਚ

ਪ੍ਰਭੂ ਅਤੇ ਭਗਤੀ ਤੋਂ ਅਣਜਾਣ ਹਨ। ਜਦੋਂ ਉਹਨਾਂ ਨੂੰ ਪ੍ਰਾਰਥਨਾ ਕੀਤੀ ਕਿ ਕੁਝ ਨਹੀਂ ਦੇਖਿਆ ਹੈ ਤੁਸੀਂ, ਆਪਣੇ ਅਨੁਯਾਈਆਂ ਨੂੰ ਭਰਮਿਤ ਕਰਕੇ ਦੋਸ਼ੀ ਹੋ ਰਹੇ ਹੋ। ਨਾ ਤਾਂ ਤੁਹਾਡੇ ਗੁਰੂਦੇਵ ਦੇ ਤੱਤਵ ਗਿਆਨ ਰੂਪੀ ਅੱਖਾਂ ਹਨ ਅਤੇ ਨਾ ਹੀ ਤੁਹਾਡੇ। ਇਸ ਲਈ ਦੁਨੀਆ ਨੂੰ ਭਰਮਿਤ ਨਾ ਕਰੋ। ਇਸ ਗੱਲ ਤੇ ਸਾਰੇ ਅਗਿਆਨ ਰੂਪੀ ਅੱਖਾਂ ਦੇ ਅੰਨਿਆਂ ਨੇ ਡਾਂਗਾਂ ਚੁੱਕ ਲਈਆਂ ਕਿ ਅਸੀਂ ਤਾਂ ਝੂਠੇ, ਤੂੰ ਇਕ ਸੱਚਾ। ਅੱਜ ਉਹੀ ਸਥਿਤੀ ਸੰਤ ਰਾਮਪਾਲ ਜੀ ਮਹਾਰਾਜ ਦੇ ਨਾਲ ਹੈ।

ਇਸ ਵਿਵਾਦ ਦਾ ਫ਼ੈਸਲਾ ਕਿਵੇਂ ਹੋਵੇ ਕਿ ਕਿਹੜੇ ਸੰਤ ਦੇ ਵਿਚਾਰ ਸਹੀ ਹਨ ਕਿਸ ਦੇ ਗ਼ਲਤ ਹਨ? ਮੰਨ ਲਓ ਜਿਵੇਂ ਕਿਸੇ ਅਪਰਾਧ ਦੇ ਵਿਸ਼ੇ ਵਿਚ ਪੰਜ ਵਕੀਲ ਆਪਣਾ- ਆਪਣਾ ਵਿਚਾਰ ਪ੍ਰਗਟ ਕਰ ਰਹੇ ਹਨ। ਇੱਕ ਕਹੇ ਕਿ ਇਸ ਅਪਰਾਧ ਉੱਤੇ ਸੰਵਿਧਾਨ ਦੀ ਧਾਰਾ 301 ਲੱਗੇਗੀ, ਦੂਜਾ ਕਹੇ 302, ਤੀਜਾ ਕਹੇ 304, ਚੌਥਾ ਕਹੇ 306, ਅਤੇ ਪੰਜਵਾਂ ਵਕੀਲ 307 ਨੂੰ ਸਹੀ ਦੱਸੇ।

ਇਹ ਪੰਜੇ ਸਹੀ ਨਹੀਂ ਹੋ ਸਕਦੇ। ਕੇਵਲ ਇਕ ਹੀ ਸਹੀ ਹੋ ਸਕਦਾ ਹੈ ਜੇਕਰ ਉਸਦੀ ਵਿਆਖਿਆ ਆਪਣੇ ਦੇਸ਼ ਦੇ ਪਵਿੱਤਰ ਸੰਵਿਧਾਨ ਨਾਲ ਮਿਲਦੀ ਹੈ। ਜੇਕਰ ਉਸਦੀ ਵਿਆਖਿਆ ਵੀ ਸੰਵਿਧਾਨ ਦੇ ਉਲਟ ਹੈ ਤਾਂ ਪੰਜੇ ਵਕੀਲ ਗ਼ਲਤ ਹਨ। ਇਸਦਾ ਫੈਸਲਾ ਦੇਸ਼ ਦਾ ਪਵਿੱਤਰ ਸੰਵਿਧਾਨ ਕਰੇਗਾ ਜੋ ਸਾਰਿਆਂ ਨੂੰ ਸਵੀਕਾਰ ਹੁੰਦਾ ਹੈ। ਇਸ ਤਰ੍ਹਾਂ ਭਿੰਨ- ਭਿੰਨ ਵਿਚਾਰ ਧਾਰਾਵਾਂ ਵਿੱਚ ਅਤੇ ਸਾਧਨਾਵਾਂ ਵਿੱਚ ਕਿਹੜੀ ਸ਼ਾਸਤਰ ਅਨੁਕੂਲ ਹੈ ਜਾਂ ਕਿਹੜੀ ਸ਼ਾਸਤਰ ਵਿਰੁੱਧ ਹੈ? ਇਸਦਾ ਫ਼ੈਸਲਾ ਪਵਿੱਤਰ ਸਦਗ੍ਰੰਥ ਹੀ ਕਰਨਗੇ, ਜੋ ਸਾਰਿਆਂ ਨੂੰ ਮੰਨਣਯੋਗ ਹੋਣਾ ਚਾਹੀਦਾ ਹੈ (ਇਹ ਪ੍ਰਮਾਣ ਪਵਿੱਤਰ ਸ਼੍ਰੀਮਦਭਗਵਤ ਗੀਤਾ ਅਧਿਆਇ 16 ਸ਼ਲੋਕ 23-24 ਵਿੱਚ) ਕਿ "ਜੋ ਸ਼ਾਸਤਰ ਵਿਧੀ ਨੂੰ ਤਿਆਗ ਕੇ ਮਨਮਾਨਾ ਆਚਰਣ ਕਰਦੇ ਹਨ ਉਹਨਾਂ ਨੂੰ ਨਾ ਤਾਂ ਸੁੱਖ ਪ੍ਰਾਪਤ ਹੁੰਦਾ ਹੈ ਨਾ ਹੀ ਸਿੱਧੀ ਅਤੇ ਨਾ ਹੀ ਉਹਨਾਂ ਦੀ ਗਤੀ ਹੁੰਦੀ ਹੈ ਭਾਵ ਵਿਅਰਥ ।

## " ਤੱਤਵ ਗਿਆਨਹੀਣ ਭਗਤ ਨਾਲ ਗਿਆਨ ਚਰਚਾ "

❍ ਪ੍ਰਸ਼ਨ ਭਟਕੇ ਹੋਏ ਭਗਤ ਦਾ :- ਪਰਮੇਸ਼ਵਰ ਨਿਰਾਕਾਰ ਹੈ, ਤੁਸੀਂ ਸਾਕਾਰ ਕਿਸ ਆਧਾਰ ਨਾਲ ਕਹਿੰਦੇ ਹੋ, ਜੇਕਰ ਸਾਕਾਰ ਹੈ ਤਾਂ ਕਿਸ ਆਕਾਰ ਵਿੱਚ ਹਨ? ਪਸ਼ੂ, ਪੰਛੀ ਜਾਂ ਮਨੁੱਖ ਰੂਪ ਵਿੱਚ ਜਾਂ ਕੋਈ ਪੱਥਰ ਹੈ ਪਰਮਾਤਮਾ?

❍ ਉੱਤਰ ਸੰਤ ਰਾਮਪਾਲ ਜੀ ਮਹਾਰਾਜ ਦਾ :- ਮੈਂ ਪਰਮੇਸ਼ਵਰ ਨੂੰ ਵੇਦਾਂ ਦੇ ਆਧਾਰ ਤੇ ਸਾਕਾਰ ਮੰਨਦਾ ਹਾਂ ਅਤੇ ਉਹਨਾਂ ਪਰਮ ਸੰਤਾਂ ਦੇ ਅਨੁਭਵ ਦੀ ਬਾਣੀ ਦੇ ਆਧਾਰ ਨਾਲ ਸਾਕਾਰ ਮੰਨਦਾ ਹਾਂ ਜਿਹਨਾਂ ਨੇ ਪਰਮਾਤਮਾ ਦਾ ਸਾਕਸ਼ਾਤਕਾਰ ਕੀਤਾ ਹੈ। ਇਸਦੇ ਨਾਲ -ਨਾਲ ਤੱਤਵਗਿਆਨ ਦੇ ਆਧਾਰ ਨਾਲ ਗੁਰੂ ਦੇਵ ਦੁਆਰਾ ਪ੍ਰਾਪਤ ਦੀਖਿਆ ਮੰਤਰਾਂ ਦੀ ਸਾਧਨਾ ਨਾਲ ਜਾਣਿਆ ਅਤੇ ਦੇਖਿਆ ਪਰਮੇਸ਼ਵਰ ਸਾਕਾਰ ਹੈ ਅਤੇ ਨਰਾਕਾਰ ਹਨ। ਮਹਾਂਰਿਸ਼ੀ ਦਯਾਨੰਦ ਅਤੇ ਦਯਾਨੰਦ ਭਗਤਾਂ ਦੁਆਰਾ ਅਨੁ- ਵਾਦਿਤ ਕੁਝ ਵੇਦ ਮੰਤਰਾਂ ਵਿੱਚ ਵੀ ਇਹ ਸਪੱਸ਼ਟ ਹੈ ਕਿ ਪ੍ਰਮੇਸ਼ਵਰ ਇੱਕ ਦੇਸ਼ੀ ਅਤੇ ਰਾਜਾ ਦੇ ਸਮਾਨ ਦੇਖਣਯੋਗ ਹੈ ਭਾਵ ਨਰਾਕਾਰ ਹੈ। ਪਰਮੇਸ਼ਵਰ ਉੱਪਰ ਤੀਜੇ ਮੁਕਤੀ ਧਾਮ ਵਿਚ ਰਹਿੰਦਾ ਹੈ, ਉੱਥੋਂ ਗਤੀ ਕਰਕੇ ਭਾਵ ਚੱਲ ਕੇ ਆਉਂਦਾ ਹੈ ਅਤੇ ਯੋਗ ਪੁਰਸ਼ ਭਾਵ ਚੰਗੀ ਆਤਮਾ, ਜੋ ਦ੍ਰਿੜ ਭਗਤ ਹਨ। ਉਹਨਾਂ ਨੂੰ ਆ ਕੇ ਪਰਮਾਤਮਾ ਮਿਲਦਾ

ਹੈ। ਉਹਨਾਂ ਨੂੰ ਤੱਤਵਗਿਆਨ ਦਾ ਉਪਦੇਸ਼ ਸੁਣਾਉਂਦਾ ਹੈ। ਜਿਸਦਾ ਪ੍ਰਮਾਣ ਰਿਗਵੇਦ ਮੰਡਲ 9 ਸੁਕਤ 86 ਮੰਤਰ 26-27, ਰਿਗਵੇਦ ਮੰਡਲ 9 ਸੁਕਤ 82 ਮੰਤਰ 1-2, ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਤੋਂ 20, ਰਿਗਵੇਦ ਮੰਡਲ 9 ਸੁਕਤ 1 ਮੰਤਰ 8-9, ਵਿੱਚ ਹੈ। ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਵਿੱਚ ਸਪੱਸ਼ਟ ਕੀਤਾ ਹੈ ਕਿ ਪਰਮੇਸ਼ਵਰ ਪ੍ਰਿਥਵੀ ਉੱਪਰ ਕਵੀਆਂ ਦੀ ਤਰ੍ਹਾਂ ਭੂਮਿਕਾ ਕਰਦਾ ਹੋਇਆ ਵਿਚਰਨ ਕਰਦਾ ਹੈ, (ਕਵਿਯਨ ਵ੍ਰਜਮ) ਹੋਰ ਵੀ ਅਨੇਕ ਵੇਦ ਮੰਤਰਾਂ ਵਿੱਚ ਪ੍ਰਮਾਣ ਹੈ ਕਿ ਪ੍ਰਮੇਸ਼ਵਰ ਸਾਕਾਰ ਨਰ ਅਕਾਰ ਹੈ, ਜਿਹਨਾਂ ਵੇਦ ਮੰਤਰਾਂ ਵਿੱਚ ਮਹਰਿਸ਼ੀ ਦਯਾਨੰਦ ਅਤੇ ਇਸਦੇ ਭਗਤਾਂ ਨੇ ਅਰਥਾਂ ਦੇ ਅਨਰਥ ਕੀਤੇ ਹੋਏ ਹਨ । ਇਸ ਪੁਸਤਕ ਵਿੱਚ ਤੁਹਾਨੂੰ ਉਹਨਾਂ ਮੰਤਰਾਂ ਦੀਆਂ ਫੋਟੋ ਕਾਪੀਆਂ ਵੀ ਪੜ੍ਹਨ ਨੂੰ ਮਿਲਣਗੀਆਂ ਜੋ ਮਹਰਿਸ਼ੀ ਦਯਾਨੰਦ ਅਤੇ ਇਸਦੇ ਭਗਤਾਂ ਦੇ ਦੁਆਰਾ ਅਨੁਵਾਦਿਤ ਹਨ, ਜਿਹਨਾਂ ਵਿੱਚ ਸੱਚ-ਾਈ ਨੂੰ ਨਹੀਂ ਛੁਪਾ ਸਕੇ। ਉਹਨਾਂ ਨੇ ਵੇਦਾਂ ਦੇ ਉਹਨਾਂ ਮੰਤਰਾਂ ਦਾ ਯਥਾਰਥ ਅਨੁਵਾਦ ਕਰ ਦਿੱਤਾ। ਇਸਨੂੰ ਪਰਮੇਸ਼ਵਰ ਦੀ ਕਿਰਪਾ ਹੀ ਮੰਨਾਂਗੇ ਕਿ ਉਹਨਾਂ ਨੇ ਅੱਖ ਮਚੌਲੀ ਕਰਕੇ ਵੇਦਾਂ ਦੀ ਸੱਚਾਈ ਨੂੰ ਪ੍ਰਗਟ ਰੱਖਿਆ। ਆਪ ਮਹਰਿਸ਼ੀ ਦਯਾਨੰਦ ਜਾਂ ਦਯਾਨੰਦ ਦੇ ਭਗਤਾਂ ਦੁਆਰਾ ਕੀਤੇ ਗਏ ਵੇਦ ਮੰਤਰਾਂ ਦੇ ਅਨੁਵਾਦ ਦੀ ਫੋਟੋਕਾਪੀ ਵੀ ਪੜ੍ਹਾਂਗੇ । ਇਸ ਨਾਲ ਆਪਣੇ ਆਪ ਫ਼ੈਸਲਾ ਹੋ ਜਾਵੇਗਾ ਕਿ ਵਾਸਤਵਿਕਤਾ ਕੀ ਹੈ?

ਸੰਤ ਰਾਮਪਾਲ ਦਾਸ ਜੀ ਮਹਾਰਾਜ ਨੇ ਦੱਸਿਆ ਕਿ ਮੇਰੇ ਪੂਜਯ ਇਸ਼ਟ ਦੇਵ ਕਬੀਰ ਪਰਮੇਸ਼ਵਰ ਜੀ ਸੰਨ 1398 (ਬਿਕਰਮੀ ਸੰਮਤ 1455 ਜੇਠ ਸੁਦੀ ਪੂਰਨਮਾਸ਼ੀ) ਨੂੰ ਸਤਲੋਕ ਤੋਂ ਅਰਥਾਤ ਤੀਸਰੇ ਮੁਕਤੀ ਧਾਮ ਤੋਂ ਚੱਲ ਕੇ ਆਏ। ਆਪਣੀ ਚੰਗੀਆਂ ਆਤਮਾਵਾਂ, ਦ੍ਰਿੜ ਭਗਤਾਂ ( ਸਤਿਕਾਰਯੋਗ ਧਰਮਦਾਸ ਜੀ, ਸਤਿਕਾਰਯੋਗ ਮਲੂਕ ਦਾਸ ਜੀ, ਸਤਿਕਾਰਯੋਗ ਦਾਦੂ ਦਾਸ ਜੀ, ਸਤਿਕਾਰਯੋਗ ਨਾਨਕ ਦੇਵ ਜੀ, ਸਤਿਕਾਰਯੋਗ ਗਰੀਬਦਾਸ ਜੀ ਪਿੰਡ ਛੁਡਾਣੀ ਜ਼ਿਲ੍ਹਾ ਝੱਜਰ (ਹਰਿਆਣਾ) ਅਤੇ ਸਤਿਕਾਰਯੋਗ ਘੀਸਾ ਦਾਸ ਜੀ ਪਿੰਡ ਖੇਖੜਾ ਜ਼ਿਲ੍ਹਾ ਮੇਰਠ (ਉੱਤਰ ਪ੍ਰਦੇਸ਼ )) ਨੂੰ ਮਿਲੇ।

ਪਰਮ ਪੂਜਯ ਕਬੀਰ ਜੀ ਜੋ ਕਾਸ਼ੀ ਸ਼ਹਿਰ ਵਿੱਚ ਜੁਲਾਹਾ ਰੂਪ ਵਿੱਚ ਲੀਲਾ ਕਰਿਆ ਕਰਦੇ ਸਨ । ਉਹ ਆਪ ਪਰਮੇਸ਼ਵਰ ਹਨ । ਉਹਨਾਂ ਨੇ ਹੀ ਇਹ ਲੀਲਾ ਕੀਤੀਆਂ ਹਨ, ਜੋ ਵੇਦ ਦੱਸਦੇ ਹਨ ਕਿ ਪਰਮੇਸ਼ਵਰ ਅਜਿਹੀਆਂ ਲੀਲਾ ਕਰਦੇ ਹਨ। ਇਸੇ ਪ੍ਰਕਾਰ ਲੀਲਾ ਕਰਨ ਲਈ, ਪਰਮੇਸ਼ਵਰ ਹਰ ਯੁੱਗ ਵਿੱਚ ਆਉਂਦੇ ਹਨ। ਭਗਤਾਂ ਨੂੰ ਉਪਦੇਸ਼ ਦਿੰਦੇ ਹਨ ਅਤੇ ਯਥਾਰਥ ਅਧਿਆਤਮਕ ਗਿਆਨ ਨੂੰ ਆਪਣੀ ਅੰਮ੍ਰਿਤ ਬਾਣੀ (ਸਚਿੱਦਾਨੰਦ ਘਨ ਦੀ ਬਾਣੀ ਅਰਥਾਤ ਕਵਿਰਵਾਣੀ) ਵਿੱਚ ਕਹਿੰਦੇ ਹਨ। ਇਸੇ ਬਾਣੀ ਨੂੰ 'ਸੂਖ਼ਮ ਵੇਦ' ਵੀ ਕਹਿੰਦੇ ਹਨ। ਜਿਸ ਦਾ ਵਰਣਨ ਸ਼੍ਰੀਮਦ ਭਗਵਤ ਗੀਤਾ ਅਧਿਆਇ 4 ਸ਼ਲੋਕ 32, 34 ਵਿੱਚ ਵੀ ਹੈ। ਗੀਤਾ ਅਧਿਆਇ 4 ਸ਼ਲੋਕ 32 ਵਿੱਚ ਹੋਰ ਅਨੁਵਾਦ ਕਰਤਾਵਾਂ ਨੇ ਅਰਥਾਂ ਦਾ ਅਨਰਥ ਕੀਤਾ ਹੈ। ਮੂਲ ਪਾਠ ਗੀਤਾ ਅਧਿਆਇ 4 ਸ਼ਲੋਕ 32 ਵਿੱਚ "ਬ੍ਰਹਮਣਹ ਮੁਖੇ" ਸ਼ਬਦ ਹੈ ਜਿਸਦਾ ਅਨੁਵਾਦ ''ਵੇਦ ਦੀ ਬਾਣੀ'' ਕੀਤਾ ਹੈ। ਇੱਥੇ 'ਬ੍ਰਹਮਣਹ' ਦਾ ਅਰਥ ਸਹੀ ਨਹੀਂ ਕੀਤਾ ਹੈ। ਕਿਰਪਾ ਕਰਕੇ ਦੇਖੋ ਉਹਨਾਂ ਹੀ ਅਨੁਵਾਦ ਕਰਤਾਵਾਂ ਦੁਆਰਾ ਗੀਤਾ ਅਧਿਆਇ 17 ਸ਼ਲੋਕ 23 ਵਿੱਚ "ਬ੍ਰਹਮਣਹ" ਦਾ ਅਰਥ "ਸਚਿੱਦਾਨੰਦ ਘਨ ਬ੍ਰਹਮ" ਜੋ ਸਹੀ ਅਨੁਵਾਦ ਹੈ। ਇੱਥੇ ਗੀਤਾ ਅਧਿਆਇ 4 ਸ਼ਲੋਕ 32 ਵਿੱਚ ਕਿਹਾ

ਹੈ ਕਿ ਯੱਗਾਂ ਅਰਥਾਤ ਧਾਰਮਿਕ ਅਨੁਸ਼ਠਾਨਾਂ ਦਾ ਗਿਆਨ "ਬ੍ਰਹਮਣਹ ਮੁਖੇ" ਸਚਿੱਦਾਨੰਦ ਘਨ ਬ੍ਰਹਮ ਨੇ ਭਾਵ ਪਰਮੇਸ਼ਵਰ ਨੇ ਆਪਣੇ ਮੁੱਖ ਕਮਲ ਤੋਂ ਉਚਾਰਣ ਕਰਕੇ ਕਿਹਾ ਹੈ। ਉਹ 'ਸੱਚਿਦਾਨੰਦ ਘਨ' ਦੀ ਬਾਣੀ ਹੈ ਜਿਸ ਵਿੱਚ ਪਰਮੇਸ਼ਵਰ ਨੇ ਯੱਗਾਂ ਅਤੇ ਧਾਰਮਿਕ ਅਨੁਸ਼ਠਾਨਾਂ ਨੂੰ ਵਿਸਤਾਰ ਨਾਲ ਕਿਹਾ ਹੈ। ਉਹ ਗਿਆਨ ਕਬੀਰ ਪਰਮੇਸ਼ਵਰ ਨੇ ਸਾਲ 1398 ਸੰਵਤ 1455 ਜੇਠ ਪੂਰਨਮਾਸ਼ੀ ਦੇ ਸਾਲ 1518 (ਮਾਘ ਸੁਦੀ ਇਕਾਦਸ਼ੀ ਸਾਲ 1575) ਤੱਕ ਮਹਿਮਾਨ ਦੀ ਤਰ੍ਹਾਂ ਰਹਿ ਕੇ ਆਪਣੇ ਮੁੱਖ ਕਮਲ ਤੋ ਬੋਲਿਆ ਸੀ। ਜਿਸ ਨੂੰ "ਕਬੀਰ ਬਾਣੀ" ਕਹਿੰਦੇ ਹਨ ਇਸ ਨੂੰ ਹੀ ਤੱਤਵ ਗਿਆਨ ਅਤੇ ਸੂਖ਼ਮ ਵੇਦ ਵੀ ਕਹਿੰਦੇ ਹਨ।

**ਪਰਮੇਸ਼ਵਰ ਕਬੀਰ ਜੀ ਨੇ ਕਿਹਾ ਸੀ :-**

ਹਮ ਹੀ ਅਲਖ ਅੱਲਾਹ ਹੈਂ, ਕੁਤੁਬ ਗੌਸ ਔਰ ਪੀਰ।
ਮੈਂ ਹੂੰ ਖਾਲਿਕ ਧਣੀ, ਮੇਰਾ ਨਾਮ ਕਬੀਰ॥
ਬੇਦ ਮੇਰਾ ਭੇਦ ਹੈ, ਮੈਂ ਨਾ ਮਿਲੂੰ ਬੇਦਨ ਕੇ ਮਾਹੀਂ।
ਜੌਣ ਬੇਦ ਸੇ ਮੈਂ ਮਿਲੂੰ, ਵਹ ਬੇਦ ਜਾਨਤੇ ਨਾਹੀਂ॥
ਸੋਲਹ ਸੰਖ ਪਰ ਹਮਾਰਾ ਤਕਿਯਾ, ਹਮ ਗਗਨ ਮੰਡਲ ਕੇ ਜਿੰਦਾ।
ਹੁਕਮ ਹਿਸਾਬੀ ਹਮ ਚਲ ਆਏ, ਕਾਟਨ ਯਮ ਕਾ ਫੰਦਾ ॥

**ਮਹਾਂਰਿਸ਼ੀ ਰਾਮਾਨੰਦ ਜੀ ਨੂੰ ਕਬੀਰ ਪਰਮੇਸ਼ਵਰ ਜੀ ਨੇ ਕਿਹਾ ਸੀ :-**

ਏ ਸੁਆਮੀ ਸ੍ਰਿਸ਼ਟਾ ਮੈਂ, ਸ੍ਰਿਸ਼ਟੀ ਹਮਰੇ ਤੀਰ।
ਗਰੀਬ, ਦਾਸ ਅਧਰ ਬਸੂੰ, ਅਵਿਗਤ ਸਤ ਕਬੀਰ॥

**ਕਬੀਰ ਪਰਮੇਸ਼ਵਰ ਨੇ ਸਤਿਕਾਰਯੋਗ ਧਰਮ ਦਾਸ ਜੀ ਨੂੰ ਤੱਤਵ ਗਿਆਨ ਦੱਸਿਆ**

ਧਰਮਦਾਸ ਯਹ ਜਗ ਬੌਰਾਨਾ, ਕੋਈ ਨ ਜਾਨੇ ਪਦ ਨਿਰਵਾਣਾ।
ਯਹੀ ਕਾਰਨ ਮੇਂ ਕਥਾ ਪਸਾਰਾ, ਇਨ ਸੇ ਕਹਿਏ ਵਹ ਰਾਮ ਨਿਆਰਾ॥
ਅਬ ਮੈਂ ਤੁਮਸੇ ਕਹੂੰ ਚਿਤਾਈ, ਤ੍ਰਿਦੇਵਨ ਕੀ ਉਤਪੱਤੀ ਭਾਈ।
ਮਾਂ ਅਸ਼ਟੰਗੀ ਪਿਤਾ ਨਿਰੰਜਨ, ਯੇ ਜਮ ਦਾਰੂਣ ਵੰਸ਼ਨ ਅੰਜਨ॥
ਨਿਰੰਜਨ ਕਿਨ੍ਹੇਂ ਭੋਗ ਵਿਲਾਸਾ, ਦੁਰਗਾ ਕੋ ਰਹੀ ਤਬ ਆਸ਼ਾ।
ਤੀਨ ਪੁੱਤਰ ਅਸ਼ਟੰਗੀ ਜਾਯੇ। ਬ੍ਰਹਮਾ ,ਵਿਸ਼ਨੂੰ, ਸ਼ਿਵ ਨਾਮ ਧਰਾਏ॥
ਤੀਨੋਂ ਦੇਵ ਅਵਿਨਾਸ਼ੀ ਨਾਹੀਂ, ਜਨਮੇਂ ਮਰੇਂ ਆਵੇਂ ਜਾਹੀਂ।
ਤੀਨ ਦੇਵ ਕੀ ਜੋ ਕਰਤੇ ਭਗਤੀ, ਉਨ ਕੀ ਕਬਹੁ ਨਾ ਹੋਵੇ ਮੁਕਤੀ॥
ਬੇਦ ਮੇਰਾ ਭੇਦ ਹੈ, ਮੈ ਨਾ ਮਿਲੂੰ ਬੇਦਨ ਕੇ ਮਾਹੀਂ।
ਜੌਣ ਬੇਦ ਸੇ ਮੈਂ ਮਿਲੂੰ, ਉਸੇ ਬੇਦ ਜਾਨਤੇ ਨਾਹੀਂ॥

ਉਪਰੋਕਤ ਸੱਚਿਦਾਨੰਦ ਘਨ ਬ੍ਰਹਮ (ਕਬੀਰ ਪਰਮੇਸ਼ਵਰ) ਦੀ ਬਾਣੀ ਹੈ। ਜਿਸ ਵਿੱਚ ਪਰਮੇਸ਼ਵਰ ਨੇ ਆਪਣੇ ਮੁੱਖ ਕਮਲ ਤੋਂ ਕਿਹਾ ਹੈ ਕਿ ਹੇ ਧਰਮਦਾਸ ! (ਜੋ ਉਹਨਾਂ ਸ੍ਰੇਸ਼ਠ ਆਤਮਾਵਾਂ ਵਿੱਚੋਂ ਇੱਕ ਹਨ, ਜਿਨਾਂ ਨੂੰ ਪਰਮੇਸ਼ਵਰ ਮਿਲੇ ਸਨ) ਇਹ ਸਾਰਾ ਸੰਸਾਰ ਮੋਕਸ਼ ਮਾਰਗ ਤੋਂ ਅਣਜਾਣ ਹੈ, ਮੈਂ ਪੂਰਣ ਪਰਮਾਤਮਾ ਹਾਂ। ਮੈਂ ਸਾਰੀ ਸ੍ਰਿਸ਼ਟੀ ਦੀ ਰਚਨਾ, ਆਪਣੇ ਵਚਨ ਨਾਲ ਕੀਤੀ ਹੈ। ਚਾਰੇ ਵੇਦ (ਰਿਗਵੇਦ, ਯਜੁਰ-ਵੇਦ, ਸਾਮਵੇਦ, ਅਥਰਵਵੇਦ) ਮੇਰੀ ਹੀ ਮਹਿਮਾ ਦਾ ਗੁਣਗਾਨ ਕਰ ਰਹੇ ਹਨ। ਪਰ ਮੇਰੇ ਪਰਮ ਪਦ ਨੂੰ ਪ੍ਰਾਪਤ ਕਰਨ ਦਾ ਭਗਤੀ ਮਾਰਗ ਇਹਨਾਂ ਚਾਰਾਂ ਵੇਦਾਂ ਵਿੱਚ ਨਹੀਂ ਹੈ। ਜਿਸ ਵੇਦ ਤੋਂ ( ਕਬੀਰ ਬਾਣੀ ਜਿਸ ਨੂੰ 'ਸੂਖ਼ਮ ਵੇਦ' ਕਹਿੰਦੇ ਹਨ ਉਸ ਨਾਲ )

ਭਾਵ ਸੂਖ਼ਮ ਵੇਦ ਤੋਂ ਮੇਰੀ ਪ੍ਰਾਪਤੀ ਹੋ ਸਕਦੀ ਹੈ। ਉਹ ਭਗਤੀ ਵਿਧੀ ਇਹਨਾਂ ਵੇਦਾਂ ਵਿੱਚ ਨਹੀਂ ਹੈ। ਹੇ ਧਰਮਦਾਸ! ਹੋਰ ਦੱਸਦਾ ਹਾਂ ਕਿ ਜਿਹੜੇ ਤਿੰਨਾਂ ਦੇਵਤਿਆਂ ( ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂ ਜੀ ਅਤੇ ਸ਼੍ਰੀ ਸ਼ਿਵ ਜੀ) ਨੂੰ ਤੁਸੀਂ ਅਜਰ-ਅਮਰ ਅਵਿਨ-ਾਸ਼ੀ-ਅਜਨਮਾ ਕਹਿੰਦੇ ਹੋ। ਇਹ ਤਿੰਨੋਂ ਨਾਸ਼ਵਾਨ ਹਨ, ਇਹਨਾਂ ਦਾ ਜਨਮ-ਮਰਣ ਹੁੰਦਾ ਹੈ। ਜੋਤੀ ਨਿਰੰਜਨ ਭਾਵ ਸ਼ਰ ਬ੍ਰਹਮ ਇਹਨਾਂ ਤਿੰਨਾਂ ਦਾ ਪਿਤਾ ਹੈ ਅਤੇ ਦੁਰਗਾ ਇਹਨਾਂ ਦੀ ਮਾਤਾ ਹੈ। ਇਨ੍ਹਾਂ ਤਿੰਨਾਂ ਦੇਵਤਿਆਂ ਦੀ ਭਗਤੀ ਕਰਨ ਵਾਲਿਆਂ ਦੀ ਕਦੇ ਵੀ ਮੁਕਤੀ ਨਹੀਂ ਹੋ ਸਕਦੀ।

ਪੁੰਨ ਆਤਮਾਓ! ਉਸ ਸਮੇਂ ਮਹਾਂਰਿਸ਼ੀ ਦਯਾਨੰਦ ਜਿਹੇ ਗੁਰੂ ਪਦ ਪ੍ਰਾਪਤ ਬ੍ਰਾਹਮਣਾਂ ਨੇ ਪਰਮੇਸ਼ਵਰ ਕਬੀਰ ਜੀ ਦਾ ਬਹੁਤ ਵਿਰੋਧ ਕੀਤਾ ਸੀ ਅਤੇ ਜਨਤਾ ਨੂੰ ਭਰਮਾਇਆ ਸੀ ਕਿ ਕਬੀਰ ਜੀ ਅਨਪੜ੍ਹ ਹਨ, ਇਹ ਸੰਸਕ੍ਰਿਤ ਨਹੀਂ ਪੜ੍ਹਿਆ ਹੈ, ਇਹ ਸਭ ਝੂਠ ਕਹਿ ਰਿਹਾ ਹੈ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਨਾਸ਼ਵਾਨ ਹਨ , ਇਹ ਝੂਠ ਕਹਿ ਰਿਹਾ ਹੈ ਕਿ ਵੇਦਾਂ ਵਿੱਚ ਪਰਮਾਤਮਾ ਸਾਕਾਰ ਹੈ। ਇਹ ਜੁਲਾਹਾ ( ਧਾਣਕ) ਆ-ਪਣੇ ਆਪ ਨੂੰ ਪਰਮਾਤਮਾ ਕਹਿ ਰਿਹਾ ਹੈ। ਪਰਮੇਸ਼ਵਰ ਤਾਂ ਨਿਰਾਕਾਰ ਹੈ। ਉਹ ਵਿਰਾਟ ਪਰਮਾਤਮਾ ਕਣ-ਕਣ ਵਿੱਚ ਵਿਰਾਜਮਾਨ ਹੈ। ਇਹ ਕਬੀਰ ਕੀ ਜਾਣੇ ਵੇਦਾਂ, ਸ਼੍ਰੀਮਦ ਭਗਵਤ ਗੀਤਾ ਅਤੇ ਪੁਰਾਣਾਂ ਦੇ ਵਿਸ਼ਿਆਂ ਵਿਚ? ਇਸ ਦੀਆਂ ਗੱਲਾਂ ਵਿਚ ਨਾ ਆਉਣਾ।

ਉਸ ਸਮੇਂ ਉਹਨਾਂ ਅਗਿਆਨੀਆਂ ਦਾ ਦਾਅ ਲੱਗ ਗਿਆ ਕਿਉਂਕਿ ਜਨਤਾ ਪੜ੍ਹੀ ਲਿਖੀ ਨਹੀਂ ਸੀ । ਅਗਿਆਨ ਦੇ ਆਧਾਰ ਤੇ ਦਯਾਨੰਦ ਵਰਗੇ ਵੇਦ ਗਿਆਨਹੀਣ ਪ੍ਰਾਣੀ ਕੇਵਲ ਇੱਕ ਸੰਸਕ੍ਰਿਤ ਭਾਸ਼ਾ ਨੂੰ ਪੜ੍ਹ ਕੇ ਮਹਾਂਰਿਸ਼ੀ ਪਦ ਤੇ ਵਿਰਾਜਮਾਨ ਹੋ ਗਏ। ਦਯਾਨੰਦ ਸ਼ਾਸਤਰੀ ਤਾਂ ਹੋ ਸਕਦਾ ਹੈ ਮਹਾਂਰਿਸ਼ੀ ਨਹੀਂ। ਇਹੀ ਭਾਸ਼ਾ ਹੁਣ ਤੁਸੀਂ ਦਯਾਨੰਦ ਭਗਤ ਆਰੀਆ ਸਮਾਜੀ ਬੋਲ ਰਹੇ ਹੋ ਕਿ ਰਾਮਪਾਲ ਸੰਸਕ੍ਰਿਤ ਭਾਸ਼ਾ ਨਹੀ ਜਾਣਦਾ ਹੈ,

ਇਹ ਕੀ ਜਾਣੇ ਵੇਦਾਂ ਦੇ ਡੂੰਘੇ ਰਹੱਸਾਂ ਨੂੰ । ਇਸ ਗੱਲ ਤੋਂ ਵਰਤਮਾਨ ਪੜ੍ਹਿਆ ਸਮਾਜ ਵੀ ਭਰਮ ਵਿੱਚ ਹੈ ਕਿ ਵੇਦ ਸੰਸਕ੍ਰਿਤ ਭਾਸ਼ਾ ਵਿੱਚ ਹਨ ਅਤੇ ਰਾਮਪਾਲ ਜੀ ਸੰ-ਸਕ੍ਰਿਤ ਭਾਸ਼ਾ ਨਹੀਂ ਜਾਣਦਾ, ਇਸ ਲਈ ਵੇਦਾਂ ਨੂੰ ਸਮਝ ਨਹੀਂ ਪਾ ਰਿਹਾ ਅਤੇ ਪ੍ਰਮ-ਾਤਮਾ ਨੂੰ ਸਾਕਾਰ ਕਹਿ ਰਿਹਾ ਹੈ । ਮਹਾਂਰਿਸ਼ੀ ਦਯਾਨੰਦ ਨੇ ਤਾਂ ਵੇਦਾਂ ਦੇ ਆਧਾਰ ਤੋਂ " ਸਤਯਾਰਥ ਪ੍ਰਕਾਸ਼" ਦੀ ਰਚਨਾ ਕੀਤੀ ਹੈ। ਇਹ ਧਾਰਣਾ ਹੁਣ ਤੱਕ ਬਣੀ ਹੋਈ ਹੈ। ਜਦੋਂ ਤਕ ਜਨਤਾ ਵੇਦਾਂ ਦੀ ਸੱਚਾਈ ਤੋਂ ਜਾਣੂ ਨਹੀਂ ਹੋਵੇਗੀ ਓਦੋਂ ਤੱਕ ਇਸ ਸ਼ਾਸਤਰੀ ਦਯਾਨੰਦ ਨੂੰ ਮਹਾਂਰਿਸ਼ੀ ਮੰਨਦੇ ਰਹਿਣਗੇ। ਮੇਰੀ ਦਾਸ ਦੀ ਕੋਸ਼ਿਸ਼ ਹੈ ਕਿ ਵੇਦਾਂ ਦੀ ਸੱਚਾਈ ਜਨਤਾ ਦੇ ਸਾਹਮਣੇ ਕਰਾਂ । ਜਿਸ ਤੋਂ ਅਗਿਆਨ ਦਾ ਨਾਸ਼ ਅਤੇ ਗਿਆਨ ਦਾ ਪ੍ਰਕਾਸ਼ ਹੋ ਸਕੇ । ਇਸ ਲਈ " ਮਹਾਂਰਿਸ਼ੀ ਦਯਾਨੰਦ ਅਤੇ ਇਸਦੇ ਭਗਤਾਂ ਦੁਆਰਾ ਕੀਤੇ ਵੇਦਾਂ ਦਾ ਅਨੁਵਾਦ ਜਨਤਾ ਨੂੰ ਦਿਖਾਉਂਦਾ ਹਾਂ ਕਿ ਪਰਮੇਸ਼ਵਰ ਦੇ ਨਿਰਾਕਾਰ ਹੋਣ ਦਾ ਸ਼ੋਰ ਮਚਾਉਣ ਵਾਲਿਆਂ ਦੁਆਰਾ ਕੀਤੇ, ਅਨੁਵਾਦਾਂ ਵਿੱਚ ਹੀ, ਪਰਮਾਤਮਾ ਸਾਕਾਰ ਲਿਖਿਆ ਹੈ। "ਸਤਯਾਰਥ ਪ੍ਰਕਾਸ਼" ਦੀ ਚਰਚਾ ਤੋਂ ਵੀ ਪਰਮੇਸ਼ਵਰ ਸਾਕਾਰ ਸਿੱਧ ਹੁੰਦਾ ਹੈ । ਨਿਰਾਕਾਰ ਪਰਮਾਤਮਾ ਕਹਿਣ ਵਾਲਿਓ ਭਾਵ ਮਹਾਂਰਿਸ਼ੀ ਦਯਾਨੰਦ ਅਤੇ ਇਸਦੇ ਭਗਤਾਂ ਦੇ ਕਰ ਕਮਲਾਂ ਨਾਲ ਕੀਤੇ ਅਨੁਵਾਦ ਵਿੱਚ ਸਾਕਾਰ-ਨਿਰਾਕਾਰ ਪਰਮੇਸ਼ਵਰ ਦੇ ਪ੍ਰਮਾਣ ਪੇਸ਼ ਹਨ ਉਨ੍ਹਾਂ ਦੇ ਹੀ ਅਨੁਵਾਦ ਦੀਆਂ ਫੋਟੋ ਕਾਪੀਆਂ।

❍ ਪ੍ਰਸ਼ਨ ਭਰਮਿਤ ਭਗਤ ਦਾ:- ਪਰਮਾਤਮਾ ਨੂੰ ਸਾਕਾਰ ਮੰਨੀਏ ਤਾ ਉਸਦਾ ਸਰੀਰ ਸਿੱਧ ਹੋਇਆ, ਸਰੀਰ ਸਿੱਧ ਹੋਇਆ ਤਾਂ ਉਸਨੂੰ ਪੈਦਾ ਕਰਨ ਵਾਲਾ ਕੋਈ

ਹੋਰ ਹੋਵੇਗਾ, ਜੇਕਰ ਪਰਮਾਤਮਾ ਨੂੰ ਸਾਕਾਰ ਮੰਨੀਏ ਤਾਂ ਉਹ ਸਰਵਵਿਆਪਕ ਨਹੀਂ ਹੋ ਸਕਦਾ ਅਤੇ ਅੰਤਰਯਾਮੀ ਵੀ ਨਹੀਂ ਹੋ ਸਕਦਾ। ਜੇਕਰ ਇਹ ਮੰਨੀਏ ਕਿ ਪਰਮਾਤਮਾ ਨੇ ਆਪਣਾ ਸਰੀਰ ਆਪ ਬਣਾ ਲਿਆ ਤਾਂ ਇਸ ਤੋਂ ਪਹਿਲਾਂ ਪਰਮਾਤਮਾ ਨਿਰਾਕਾਰ ਸੀ। ਇਹ ਸੱਚ ਹੈ ਜੋ ਮਹਾਂਰਿਸ਼ੀ ਦਯਾਨੰਦ ਨੇ ਸਤਯਾਰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਪਰਮਾਤਮਾ ਨਿਰਾਕਾਰ ਹੈ, ਇਹ ਹੀ ਵੇਦਾਂ ਵਿੱਚ ਪ੍ਰਮਾਣ ਹੈ ਕਿ ਪਰਮਾਤਮਾ ਨਿ-ਰਾਕਾਰ ਹੈ। ਅਸੀ ਵੇਦਾਂ ਨੂੰ ਸੱਚ ਮੰਨਦੇ ਹਾਂ।

❍ ਉੱਤਰ ਸੰਤ ਰਾਮਪਾਲ ਜੀ ਮਹਾਰਾਜ :-ਵਿਚਾਰ ਕਰਨ ਯੋਗ ਵਿਸ਼ਾ ਹੈ ਕਿ ਜਿਵੇਂ ਗਿਰਗਿਟ (ਕਿਰਲਾ) ਇੱਕ ਛਿਪਕਲੀ ਵਰਗਾ ਜਾਨਵਰ ਹੁੰਦਾ ਹੈ। ਉਹ ਆਪਣਾ ਰੰਗ ਰੂਪ ਬਦਲ ਲੈਂਦਾ ਹੈ ਤਾਂ ਕੀ ਪਰਮਾਤਮਾ ਉਸ ਕਿਰਲੇ ਤੋਂ ਵੀ ਗਿਆ ਗੁਜਰਿਆ ਹੈ, ਜੋ ਉਸੇ ਪਰਮਾਤਮਾ ਦੁਆਰਾ ਬਣਾਇਆ ਗਿਆ ਹੈ। ਪਰਮਾਤਮਾ ਸਮਰੱਥ ਹੈ। ਉਹ ਇੱਕ ਵਚਨ ਤੋਂ ਸਾਰੇ ਬ੍ਰਹਿਮੰਡਾਂ ਨੂੰ ਉਤਪੰਨ ਕਰ ਦਿੰਦਾ ਹੈ। ਫਿਰ ਨਿਯਮ ਬਣਾ ਦਿੰਦਾ ਹੈ ਇਹ ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਦੇ ਬਣਾਏ ਵਿਧਾਨ ਅਨੁਸਾਰ ਬਣਦੀ ਅਤੇ ਵਿਗੜਦੀ ਰਹਿੰਦੀ ਹੈ। ਪਰਮਾਤਮਾ ਹੋਰ ਸਾਰੇ ਪ੍ਰਾਣੀਆਂ ਦੇ ਸਰੀਰ ਬਣਾਉਂਦਾ ਹੈ ਤਾਂ ਉਹ ਆਪਣਾ ਸਰੀਰ ਵੀ ਬਣਾ ਸਕਦਾ ਹੈ। ਜਿਵੇਂ ਦਰਜੀ (*tailor*) ਹੋਰਾਂ ਦੇ ਕਪੱੜੇ ਬਣਾਉਂਦਾ ਹੈ ਤਾਂ ਉਹ ਆਪਣੇ ਵੀ ਬਣਾ ਸਕਦਾ ਹੈ। ਜੋ ਗੱਲ ਵੇਦਾਂ ਵਿੱਚ ਪ੍ਰਮ-ਾਣਿਤ ਹੈ ਤਾਂ ਉਸਨੂੰ ਤੁਹਾਡੇ ਨਾ ਮੰਨਣ ਤੋਂ ਇਹੀ ਭਾਵ ਹੋਵੇਗਾ ਕਿ ਤੁਸੀਂ ਸੱਚ ਦਾ ਅਨੁਸਰਣ ਕਰਨ ਵਾਲੇ ਨਹੀਂ ਹੋ ਅਤੇ ਮਨ-ਮੁਖੀ ਅਤੇ ਜਿੱਦੀ ਵਿਅਕਤੀ ਹੋ। ਇਹ ਦੇਖੋ ਰਿਗਵੇਦ ਮੰਡਲ 9 ਸੁਕਤ 86 ਮੰਤਰ 26-27, ਰਿਗਵੇਦ ਮੰਡਲ 9 ਸੁਕਤ 82 ਮੰਤਰ 1-2, ਰਿਗਵੇਦ ਮੰਡਲ 9 ਸੁਕਤ 96 ਮੰਤਰ 18-19-20, ਰਿਗਵੇਦ ਮੰਡਲ 9 ਸੁਕਤ 1 ਮੰਤਰ 8-9 ਜੋ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ ਅਤੇ ਸਾਰਵਦੇਸ਼ਿਕ ਆਰਿਆ ਪ੍ਰਤਿਨਿਧੀ ਸਭਾ ਦਿੱਲੀ ਤੋਂ ਅਤੇ ਸ਼੍ਰੀ ਵੇਦਭਿਕਸ਼ੂ ਆ-ਰਿਆ ਸਮਾਜ ਮੰਦਰ ਕਰੋਲ ਬਾਗ਼, ਪੋ. ਮੁਖਮੇਲ ਪੁਰ, ਇਬਰਾਹਿਮ ਨਗਰ, ਦਿੱਲੀ ਤੋਂ ਪ੍ਰਕਾਸ਼ਿਤ ਹੈ।

ਦਯਾਨੰਦ ਦੇ ਭਗਤ ਕਹਿ ਰਹੇ ਹਨ ਕਿ ਸੰਤ ਰਾਮਪਾਲ ਦਾਸ ਜੀ ਮਹਾਰ-ਾਜ ਝੂਠ ਬੋਲਦਾ ਹੈ ,ਕਹਿ ਰਿਹਾ ਹੈ ਕਿ ਵੇਦਾਂ ਵਿੱਚ ਪਰਮਾਤਮਾ ਸਾਕਾਰ ਦੱਸਿਆ ਹੈ। ਹੁਣ ਤੁਸੀਂ ਆਪਣੀ ਅੱਖਾਂ ਨਾਲ ਪੜ੍ਹੋ ਵੇਦਾਂ ਵਿੱਚ ਪਰਮਾਤਮਾ ਸਾਕਾਰ ਹੈ ਨਰਾਕਾਰ ਹਨ ਦੇ ਬਹੁਤ ਸਾਰੇ ਪ੍ਰਮਾਣ । ਕਬੀਰ ਪਰਮਾਤਮਾ ਕਿਹਾ ਕਰਦੇ :-

ਨਿਰੰਜਨ ਧਨ ਤੇਰਾ ਦਰਬਾਰ, ਜਹਾਂ ਪਰ ਤਨਿਕ ਨ ਨ੍ਯਾਯ ਵਿਚਾਰ।
ਸਾਚੋਂ ਕੋ ਤੋ ਝੂਠਾ ਬਤਾਵੇਂ, ਇਨ ਝੂਠੋਂ ਕਾ ਏਤਬਾਰ॥

❍ ਪਰਮਾਤਮਾ ਕਵਿਰਦੇਵ (ਕਬੀਰ ਪਰਮੇਸ਼ਵਰ ) ਆਪਣੇ ਰੂਪ ਨੂੰ ਸਰਲ ਕਰਕੇ ਆਪਣੇ ਲੋਕ ਤੋਂ ਆਉਂਦਾ ਹੈ। ਆਪਣੇ ਉਪਾਸਕਾਂ ਦੇ ਵਿਘਨਾ ਦਾ ਨਾਸ਼ ਕਰਦੇ ਹਨ। ਚੰਗੀ ਆਤਮਾ ਨੂੰ ਮਿਲਦੇ ਹਨ।

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰਿਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

ਰਿਗਵੇਦ ਮੰਡਲ 9 ਸੁਕਤ 86 ਮੰਤਰ 26 :-

इन्दुः पुनानो अति गाहते मृधो विश्वानि कृण्वन्त्सुपथानि यज्यवे ।
गाः कृण्वानो निर्णिजं हर्यतः कविरत्यो न क्रीळन्परि वारमर्षति ॥२६॥

पदार्थः—( यज्यवे ) यज्ञ करने वाले यजमानों के लिए परमात्मा ( विश्वानि सुपथानि ) सब रास्तों को ( कृण्वन् ) सुगम करता हुआ ( मृधः ) उनके विघ्नों को ( अतिगाहते ) मर्द्दन करता है और ( पुनानः ) उनको पवित्र करता हुआ और ( निर्णिजं ) अपने रूप को ( गाः कृण्वानः ) सरल करता हुआ ( हर्यतः ) वह कान्तिमय परमात्मा ( कविः ) सर्वज्ञ ( अत्योन ) विद्युत् के समान ( क्रीळन् ) क्रीड़ा करता हुआ ( वारं ) वरणीय पुरुष को ( पर्य्यर्षति ) प्राप्त होता है ॥२६॥

ਇਹ ਰਿਗਵੇਦ ਮੰਡਲ 9 ਸੁਕਤ 86 ਦੇ 26 ਦੀ ਫੋਟੋ ਕਾਪੀ ਹੈ। ਮਹਾਂਰਿਸ਼ੀ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ। "ਪਰਮਾਤਮਾ ਭਗਤੀ ਕਰਨ ਵਾਲੇ ਭਗਤਾਂ ਦੇ ਸਾਰੇ ਵਿਘਨ ਨਾਸ਼ ਕਰਦਾ ਹੈ। ਆਪਣੇ ਰੂਪ ਨੂੰ ਸਰਲ ਕਰਦਾ ਹੋਇਆ ਭਾਵ ਆਪਣਾ ਰੂਪ ਹਲਕੇ ਤੇਜਯੁਕਤ ਕਰਕੇ ਉਹ ਕਵਿਰਦੇਵ ਭਾਵ ਕਬੀਰ ਪਰਮੇਸ਼ਵਰ ਸ਼੍ਰੇਸ਼ਠ ਪੁਰਸ਼ ਨੂੰ ਮਿਲਦਾ ਹੈ ।

ਵਿਚਾਰ ਕਰੋ :- ਦਯਾਨੰਦ ਦੇ ਭਗਤ ਕਹਿੰਦੇ ਹਨ ਕਿ "ਕਵਿਹ" ਦਾ ਅਰਥ ਕਵਿਰਦੇਵ ਜਾਂ ਕਬੀਰ ਕਿਵੇਂ ਕੀਤਾ ਹੈ, ਇਹ ਸਹੀ ਨਹੀਂ ਹੈ। ਮਹਾਂਰਿਸ਼ੀ ਦਯਾਨੰਦ ਨੇ ਯਜੁਰਵੇਦ ਅਧਿਆਇ 36 ਮੰਤਰ 1 ਵਿੱਚ " ਯਜੁਹ" ਦਾ ਅਰਥ ਯਜੁਰਵੇਦ ਕੀਤਾ ਹੈ। ਅਸੀਂ 'ਵ' ਨੂੰ 'ਬ' ਕਹਿੰਦੇ ਹਾਂ । ਦੇਵ ਦਾ ਅਰਥ ਪਰਮੇਸ਼ਵਰ ਹੁੰਦਾ ਹੈ। ਇਸਲਈ ਜਿੱਥੇ ਵੇਦਾਂ ਵਿੱਚ ਪ੍ਰਮਾਤਮਾ ਦੀ ਮਹਿਮਾ ਦਾ ਪ੍ਰਕਰਣ ਹੈ

ਉੱਥੇ ਜੇਕਰ "ਕਵਿਹ" ਸ਼ਬਦ ਲਿਖਿਆ ਹੈ ਤਾਂ ਉਸ ਦਾ ਅਰਥ ਕਵਿਰਦੇਵ ਹੈ = ਇਸ ਨੂੰ ਕਬਿਰ ਪਰਮੇਸ਼ਵਰ ਕਹਿਣ ਲੱਗੇ ਅਤੇ ਕਬੀਰ ਲਿਖਣ ਲੱਗੇ। ਪਰਮੇਸ਼ਵਰ ਦਾ ਇਹੀ ਨਾਮ ਵੇਦਾਂ ਨੇ ਕਿਹਾ ਹੈ।

❖ ਪਰਮੇਸ਼ਵਰ ਧੁਲੋਕ ਅਰਥਾਤ ਪ੍ਰਕਾਸ਼ਮਾਨ ਸਤਲੋਕ ਦੇ ਤੀਜੇ ਸਥਾਨ (ਸਥਾਨ) ਉੱਤੇ ਵਿਰਾਜਮਾਨ ਹੈ। ਇੱਕ ਦੇਸ਼ੀ ਹੈ। ਸਾਕਾਰ ਹੈ।

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰਿਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ )
ਰਿਗਵੇਦ ਮੰਡਲ 9 ਸੁਕਤ 86 ਮੰਤਰ 27 :-

असश्चतः शतधारा अभिश्रियो हरिं नवन्तेऽव ता उदन्युवः ।
क्षिपो मृजन्ति परि गोभिरावृतं तृतीये पृष्ठे अधि रोचने दिवः ॥२७॥

पदार्थः—( उदन्युवः ) प्रेम की ( ताः ) वे ( शतधाराः ) सैकड़ों धाराएं ( असश्चतः ) जो नानारूपों में ( अभिश्रियः ) स्थिति को लाभ कर रही हैं । वे ( हरिं ) परमात्मा को ( अवनवन्ते ) प्राप्त होती हैं । ( गोभिरावृतं ) प्रकाशपुञ्ज परमात्मा को ( क्षिपः ) बुद्धिवृत्तियां ( मृजन्ति ) विषय करती हैं । जो परमात्मा ( दिवस्तृतीये पृष्ठे ) द्युलोक के तीसरे पृष्ठ पर विराजमान है और ( रोचने ) प्रकाशस्वरूप है उसको बुद्धिवृत्तियाँ प्रकाशित करती हैं ॥२७॥

ਵਿਸ਼ੇਸ਼ ਵਿਵੇਚਨ :- ਇਹ ਰਿਗਵੇਦ ਮੰਡਲ 9 ਸੁਕਤ 86 ਮੰਤਰ 27 ਦੀ ਫੋਟੋ ਕਾਪੀ ਹੈ। ਜੋ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ। ਇਸ ਵਿੱਚ ਸਪੱਸ਼ਟ ਲਿਖਿਆ ਹੈ ਕਿ ਪਰਮਾਤਮਾ ਧ੍ਯੂਹ ਲੋਕ ਭਾਵ ਪ੍ਰਕਾਸ਼ਮਾਨ ਸਤਲੋਕ ਦੇ ਤੀਸਰੇ ਭਾਗ ਉੱਤੇ ਵਿਰਾਜਮਾਨ ਹੈ। ਭਾਵ ਅਰਥ ਹੈ ਕਿ ਪਰਮਾਤਮਾ ਇੱਕ ਦੇਸ਼ੀ ਹੈ ( ਇੱਕ ਸਥਾਨ ਤੇ ਰਹਿਣ ਵਾਲ਼ਾ) ਸਾਕਾਰ ਹੈ, ਉੱਥੋਂ ਚੱਲ ਕੇ ਧਰਤੀ ਤੇ ਸੱਚਾ ਗਿਆਨ ਪ੍ਰਦਾਨ ਕਰਨ ਆਉਂਦੇ ਹਨ।

❖ ਪਰਮੇਸ਼ਵਰ ਰਾਜਾ ਦੇ ਸਮਾਨ ਦੇਖਣਯੋਗ ਅਤੇ ਸਾਕਾਰ ਹੈ। ਆਪਣੇ ਨਿੱਜ ਸਥਾਨ ਤੋਂ ਜਿੱਥੇ ਪਰਮਾਤਮਾ ਰਹਿੰਦਾ ਹੈ। ਉੱਥੋਂ ਤੇਜ਼ ਗਤੀ ਨਾਲ ਬਿਜਲੀ ਜਿਹੀ ਗਤੀ ਨਾਲ ਆਉਂਦਾ ਹੈ। ਆਪਣੇ ਦ੍ਰਿੜ ਭਗਤ ਨੂੰ ਜੋ ਚੰਗੀ ਆਤਮਾ ਦ੍ਰਿੜ ਭਗਤ ਹੁੰਦਾ ਹੈ। ਉਹਨਾਂ ਨੂੰ ਆ ਕੇ ਮਿਲਦਾ ਹੈ। ਜਿਵੇਂ ਅਕਾਸ਼ੀ ਬਿਜਲੀ ਕਿਸੇ ਧਾਤ ਨੂੰ ਅਧਾਰ ਬਣਾ ਕੇ ਹੀ ਡਿੱਗਦੀ ਹੈ। ਉਸੇ ਤਰ੍ਹਾਂ ਪਰਮਾਤਮਾ ਬਿਜਲੀ ਤੋਂ ਵੀ ਜ਼ਿਆਦਾ ਤੇਜ਼ੀ ਨਾਲ ਆਉਂਦੇ ਹਨ। ਆਪਣੀ ਚੰਗੀ ਆਤਮਾ ਨੂੰ ਉਦੇਸ਼ ਬਣਾ ਕੇ ਮਿਲਦੇ ਹਨ। ਉਸਨੂੰ ਤੱਤਵਗਿਆਨ ਕਰਵਾਉਣ ਦੇ ਉਦੇਸ਼ ਨਾਲ ਮਿਲਦੇ ਹਨ।

ਦੇਖੋ ਪ੍ਰਮਾਣ :- (ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

ਰਿਗਵੇਦ ਮੰਡਲ 9 ਸੁਕਤ 82 ਮੰਤਰ 1:-

असावि सोमो अरुषो वृषा हरी राजेव दस्मो अभि गा अचिक्रदत् ।
पुनानो वारं पर्येत्यव्ययं श्येनो न योनिं घृतवन्तमासदम् ॥१॥

पदार्थः—(सोमः) जो सर्वोत्पादक प्रभु (अरुषः) प्रकाशस्वरूप (वृषा) सद्गुणों की वृष्टि करने वाला (हरिः) पापों के हरण करने वाला है, वह (राजेव) राजा के समान (दस्मः) दर्शनीय है। और वह (गाः) पृथिव्यादि लोक-लोकान्तरों के चारों ओर (अभि अचिक्रदत्) शब्दायमान हो रहा है। वह (वारं) वरणीय पुरुष को जो (अव्ययं) दृढ़भक्त है उसको (पुनानः) पवित्र करता हुआ (पर्येति) प्राप्त होता है। (न) जिस प्रकार (श्येनः) विद्युत् (घृतवन्तं) स्नेहवाले (आसदं) स्थानों को (योनिं) आधार बनाकर प्राप्त होता है। इसी प्रकार उक्त गुण वाले परमात्मा ने (असावि) इस ब्रह्माण्ड को उत्पन्न किया ॥१॥

ਵਿਸ਼ੇਸ਼ ਵਿਵੇਚਨ :- ਇਹ ਰਿਗਵੇਦ ਮੰਡਲ 9 ਸੁਕਤ 82 ਮੰਤਰ 1 ਦੀ ਫੋਟੋ ਕਾਪੀ ਹੈ ਜੋ ਦਯਾਨੰਦ ਭਗਤਾਂ ਦੁਆਰਾ ਅਨੁਵਾਦਿਤ ਹੈ। ਸਾਰਵਦੇਸ਼ਿਕ ਆਰਿਆ ਪ੍ਰਤਿਨਿਧੀ ਸਭਾ ਦਿੱਲੀ ਦੁਆਰਾ ਪ੍ਰਕਾਸ਼ਿਤ ਹੈ। ਛੋਟੇ ਅਕਾਰ ਵਾਲੇ ਰਿਗਵੇਦ ਤੋਂ ਲਿਆ ਗਿਆ ਹੈ। ਇਸ ਵਿੱਚ ਸਪੱਸ਼ਟ ਲਿਖਿਆ ਹੈ ਕਿ ਪਰਮੇਸ਼ਵਰ ਰਾਜਾ ਦੇ ਸਮਾਨ ਦੇਖਣਯੋਗ ਹੈ ਭਾਵ ਨਰਾਕਾਰ ਹੈ। ਆਪਣੇ ਦ੍ਰਿੜ ਭਗਤ ਨੂੰ ਅਚਾਨਕ ਆ ਕੇ ਮਿਲਦਾ ਹੈ। ਜਿਵੇਂ ਆਕਾਸ਼ੀ ਬਿਜਲੀ ਕਿਸੇ ਧਾਤ ਵਿਸ਼ੇਸ਼ ਤੇ ਡਿੱਗਦੀ ਹੈ।

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ )
ਰਿਗਵੇਦ ਮੰਡਲ ਨੰਬਰ 9 ਸੁਕਤ 82 ਮੰਤਰ 2 :-

कविर्वेधस्या पर्येषि माहिनमत्यो न मृष्टो अभि वाजमर्षसि ।
अपसेधन्दुरिता सोम मृलय घृतं वसानः परि यासि निर्णिजम् ॥२॥

पदार्थ—हे परमात्मन् ! ( वेधस्या ) उपदेश करने की इच्छा से आप ( माहिनं ) महापुरुषों को ( पर्येषि ) प्राप्त होते हैं और आप ( अत्यः ) अत्यन्त गतिशील पदार्थ के ( न ) समान ( अभिवाजं ) हमारे आध्यात्मिक यज्ञ को ( अभ्यर्षसि ) प्राप्त होते हैं । आप ( कविः ) सर्वज्ञ हैं ( मृष्टः ) शुद्ध स्वरूप हैं ( दुरिता ) हमारे पापों को ( अवसेधन् ) दूर करके ( सोम ) हे सोम ! ( मृलय ) आप हमको सुख दें और ( घृतं वसानः ) प्रेमभाव को उत्पन्न करते हुए ( निर्निजं ) पवित्रता को ( परियासि ) उत्पन्न करें ॥२॥

ਵਿਸ਼ੇਸ਼ ਵਿਵੇਚਨ :- ਇਹ ਰਿਗਵੇਦ ਮੰਡਲ 9 ਸੁਕਤ 82 ਮੰਤਰ 2 ਦੀ ਫੋਟੋ ਕਾਪੀ ਹੈ ਜੋ ਦਯਾਨੰਦ ਭਗਤਾਂ ਦੁਆਰਾ ਅਨੁਵਾਦਿਤ ਹੈ। ਇਸ ਵਿੱਚ ਸਪੱਸ਼ਟ ਹੈ ਕਿ ਪਰਮਾਤਮਾ ਦਾ ਨਾਮ (ਕਵਿ:) ਕਬੀਰ ਦੇਵ ਹੈ। ਰਿਗਵੇਦ ਮੰਡਲ 9 ਸੁਕਤ 82 ਮੰਤਰ 2 ਵਿੱਚ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਹ ਪਰਮਾਤਮਾ ਉਪਦੇਸ਼ ਕਰਨ ਦੀ ਇੱਛਾ ਨਾਲ (ਤੱਤਵ ਗਿਆਨ ਨੂੰ ਖ਼ੁਦ ਪ੍ਰਗਟ ਹੋ ਕੇ ਦੱਸਣ ਦੀ ਇੱਛਾ ਨਾਲ ) ਅਤਿਅੰਤ ਤੇਜ਼ ਗਤੀਸ਼ੀਲ ਪਦਾਰਥ ਦੇ ਵਾਂਗ ਅਰਥਾਤ ਬਿਜਲੀ ਜਿਹੀ ਗਤੀ ਨਾਲ ਚੱਲ ਕੇ ਭਗਤਾਂ ਨੂੰ ਅਨੁਸ਼ਠਾਨਾਂ ਵਿੱਚ ਮਿਲਦਾ ਹੈ। ਦਯਾਨੰਦ ਭਗਤਾਂ ਨੇ ''ਕਵਿ'' ਦਾ ਅਰਥ ਸਰਵਗਯ ਕੀਤਾ ਹੈ ਕੋਈ ਵੀ ''ਕਵਿ'' ਸਰਵਗਯ ਨਹੀਂ ਹੁੰਦਾ ਇਸਲਈ ਕਵਿ ਦਾ ਅਰਥ ਸਰਵਗਯ ਕਰਨਾ ਗਲਤ ਹੈ। ਕਵਿਹ ਦਾ ਅਰਥ ਕਵਿ ਜਾਂ ਕਾਵਯਕਾਰ ਤਾਂ ਕੀਤਾ ਜਾ ਸਕਦਾ ਹੈ। ਪਰ ਜਿੱਥੇ ਪਰਮਾਤਮਾ ਦੀ ਮਹਿਮਾ ਦਾ ਵਰਣਨ ਹੈ ਉੱਥੇ ਇਹ ਪਰਮਾਤਮਾ ਦਾ ਨਾਮ ਹੈ ਉੱਥੇ ''ਕਵਿਹ'' ਦਾ ਅਰਥ ਕਵਿਰਦੇਵ ਕਰਨਾ ਚਾਹੀਦਾ ਹੈ। ਮਹਾਂਰਿਸ਼ੀ ਦਯਾਨੰਦ ਨੇ ''ਸਤਿਆਰਥ ਪ੍ਰਕਾਸ਼'' ਦੇ ਤੀਜੇ ਸਮੁੱਲਾਸ ਵਿੱਚ ਪੰਨਾ 64 ਉੱਤੇ ਲਿਖਿਆ ਹੈ ਕਿ ਵੇਦ ਈਸ਼ਵਰ ਕ੍ਰਿਤ ਹੋਣ ਕਾਰਣ ਭ੍ਰਾਂਤ ਰਹਿਤ ਹੈ ਅਰਥਾਤ ਵੇਦਾਂ ਦਾ ਪ੍ਰਮਾਣ ਵੇਦ ਅਧੀਨ ਹੈ ਵੇਦ ਦੀ ਵਿਸ਼ੇਸ਼ ਵਿਆਖਿਆ "ਰਿਗਵੇਦਾਦਿ ਭਾਸ਼ਯ ਭੂਮਿਕਾ" ਨਾਮਕ ਪੁਸਤਕ ਵਿੱਚ ਦੇਖ ਲਵੋ। ਮਹਾਂਰਿਸ਼ੀ ਦਯਾਨੰਦ ਦੇ ਕਹਿਣ ਦਾ ਭਾਵ ਅਰਥ ਹੈ ਕਿ ਵੇਦਾਂ ਨੂੰ ਜਾਨਣ ਦੇ ਲਈ ਵਿਆਕਰਨ ਵਿੱਚ ਉਲਝਣ ਦੀ ਜ਼ਰੂਰਤ ਨਹੀਂ ਹੈ। ਵੇਦ ਗਿਆਨ ਪਹਿਲਾਂ ਹੈ ਵਿਆਕਰਨ ਨਿਘਟੂ ਆਦਿ ਰਿਸ਼ੀਆਂ ਦੇ ਬਣਾਏ ਹਨ ਉਹਨਾਂ ਵਿੱਚ ਗ਼ਲਤੀ ਹੋ ਸਕਦੀ ਹੈ। ਵੇਦ ਗਿਆਨ ਖ਼ੁਦ ਪ੍ਰਮਾਣ ਹੈ। ਇਸ ਲਈ ''ਕਵਿਰ੍'' ਦਾ ਅਰਥ ਕਬਿਰ ਜਾਂ ਕਬੀਰ ਕਰਨਾ ਸੂਖ਼ਮ ਵੇਦ ਅਨੁਸਾਰ ਸਹੀ ਹੈ। ਜੇਕਰ ਇਹਨਾਂ ਵਿਆਕਰਨ ਕਰਨ ਵਾਲਿਆਂ ਦੀ ਮੰਨੀਏ ਤਾਂ ਇਹ ਜਾਣ ਲਓ ਕਿ ਉਸ ਸਰਵ ਸ਼ਕਤੀਮਾਨ ਪਰਮੇਸ਼ਵਰ ਦਾ ਨਾਮ ''ਕਵਿ'' ਹੈ। ਜਿਵੇਂ ਕਿਸੇ ਕੁੜੀ ਦਾ ਨਾਮ ''ਕਵਿਤਾ'' ਹੈ। ਜੇਕਰ ਕਵਿਤਾ ਸ਼ਬਦ ਦਾ ਅਰਥ ਕਰ ਦਿੱਤਾ ਜਾਵੇ ਤਾਂ ਉਸ ਲੜਕੀ ਦਾ ਨਾਮ ਕਿਵੇਂ ਜਾਣ ਸਕਾਂਗੇ। ਜਿੱਥੇ ਬੇਟੀ ਕਵਿਤਾ ਦਾ ਵਰਣਨ ਹੈ। ਉੱਥੇ ਉਸ ਦਾ ਅਰਥ ਨਾ ਕਰ ਕੇ ਕਵਿਤਾ


ਲਿਖਣਾ ਸਹੀ ਹੈ। ਇਸ ਤਰ੍ਹਾਂ ਹੀ "ਕਵਿ" ਦੇ ਵਿਸ਼ੇ ਵਿੱਚ ਜਾਣੋ। ਉਸਨੂੰ ਕਵਿਰਦੇਵ ਵੇਦਾਂ ਵਿੱਚ ਲਿਖਿਆ ਹੈ। ਉਸਨੂੰ ਹੀ ਕਬਿਰਦੇਵ = ਕਬਿਰ ਪਰਮੇਸ਼ਵਰ = ਕਬੀਰ ਸਾਹਿਬ ਲਿਖਣ ਅਤੇ ਉਚਾਰਣ ਕਰਨ ਲੱਗੇ। ਜਿਵੇਂ ਕਿਸੇ ਦਾ ਨਾਮ ਧਰਮਵੀਰ ਹੈ। ਉਸਨੂੰ ਆਪਣੀ ਭਾਸ਼ਾ ਵਿੱਚ ਧਰਮਬਿਰ ਲਿਖਣ ਲੱਗੇ, ਬੋਲਣ ਲੱਗੇ ਫਿਰ ਵੀ ਸੰਕੇਤ "ਧਰਮਵੀਰ" ਦੇ ਵੱਲ ਹੈ। ਇਸੇ ਤਰ੍ਹਾਂ ਵੇਦਾਂ ਵਿੱਚ ਅੰਕਿਤ ਕਵਿਰਦੇਵ ਨੂੰ ਕਬਿਰ ਪਰਮੇਸ਼ਵਰ ਲਿਖਣ ਲੱਗੇ (ਕਬੀਰ ਸਾਹਿਬ ਲਿਖਣ ਅਤੇ ਬੋਲਣ ਲੱਗੇ) ਪਰ ਇਹ "ਕਬਿਰ" ਨਾਮ ਪਰਮੇਸ਼ਵਰ ਦਾ ਹੈ। ਉਹੀ ਪਰਮੇਸ਼ਵਰ ਕਾਸ਼ੀ ਸ਼ਹਿਰ ਵਿੱਚ ਜੁਲਾਹਾ ਜਾਤ ਵਿੱਚ ਪ੍ਰਗਟ ਅਤੇ ਪ੍ਰਸਿੱਧ ਹੋਇਆ। ਵੇਦ ਉਸੇ ਦਾ ਗੁਣ -ਗਾਣ ਕਰ ਰਹੇ ਹਨ।

ਹੋਰ ਉਦਾਹਰਣ:- ਯਜੁਰਵੇਦ ਅਧਿਆਇ 36 ਮੰਤਰ 1 ਦੇ ਮੂਲ ਪਾਠ ਵਿੱਚ "ਯਜੁਹ" ਸ਼ਬਦ ਲਿਖਿਆ ਹੈ। ਜੋ ਯਜੁਰਵੇਦ ਦਾ ਬੋਧਕ ਹੈ। ਮਹਾਂਰਿਸ਼ੀ ਦਯਾਨੰਦ ਨੇ (ਯਜੁਹ) ਦਾ ਅਰਥ ਯਜੁਰਵੇਦ ਕੀਤਾ ਹੈ। ਜੋ ਸਹੀ ਹੈ ਜੇਕਰ "ਯਜੁਹ" ਦਾ ਅਰਥ ਹੋਰ ਕਰ ਦਿੱਤਾ ਜਾਵੇ ਤਾਂ ਅਨਰਥ ਹੋ ਜਾਵੇਗਾ। ਯਜੁਹ ਦਾ ਅਰਥ ਯੱਗੀਯ ਸਤੁਤੀਆਂ ਅਤੇ ਉਪਾਸਨਾ ਵੀ ਹੁੰਦਾ ਹੈ। ਇਸੇ ਪ੍ਰਕਾਰ "ਕਵਿਹ" ਸ਼ਬਦ ਦਾ ਅਰਥ ਇਸ ਮੰਤਰ ਵਿੱਚ ਕਵਿਰਦੇਵ ਕਰਨਾ ਸਹੀ ਹੈ। ਕਿਉਂਕਿ ਇਸ ਵਿੱਚ ਪਰਮੇਸ਼ਵਰ ਦੀ ਮਹਿਮਾ ਦਾ ਵਰਣਨ ਹੈ।

❖ ਪਰਮਾਤਮਾ ਮਨੁੱਖ ਵਾਂਗ ਦੇਖਣਯੋਗ ਹੈ। ਸਾਧਕ ਜਨ ਸਮਾਧੀ ਵਿੱਚ ਉਸ ਨਿਰਾਕਾਰ ਪਰਮਾਤਮਾ ਨੂੰ ਦੇਖਦੇ ਹਨ। ਕਿਰਪਾ ਕਰਕੇ ਦੇਖੋ ਰਿਗਵੇਦ ਮੰਡਲ 8 ਸੁਕਤ 43 ਮੰਤਰ 27 ਵਿੱਚ ਜੋ ਮਹਾਂਰਿਸ਼ੀ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ।

( ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ )

ਰਿਗਵੇਦ ਮੰਡਲ 8 ਸੁਕਤ 43 ਮੰਤਰ 27 :-



यं त्वा जनास इन्धते मनुष्वदङ्गिरस्तम ।

अग्ने स बोधि मे वचः ॥२७॥

पदार्थः—( अङ्गिरस्तम ) हे सबको अत्यधिक रस देने वाले ! ( अग्ने ) हे सबके आधार सर्वशक्तिमान् ! ( मनुष्वत् ) विज्ञाता मनुष्यों के तुल्य ( यम् त्वाम् ) जिस तुझे ( जनासः ) मनुष्य ( इन्धते ) समाधि में देखते हैं ( सः ) वह तू ( मे वचः ) मेरे स्तुतिरूप वचनों को ( बोधि ) कृपा करके सुन ॥२७॥

ਇਹ ਰਿਗਵੇਦ ਮੰਡਲ 8 ਸੁਕਤ 43 ਮੰਤਰ 27 ਦੀ ਫੋਟੋ ਕਾਪੀ ਹੈ। ਜੋ ਮਹਾਂਰਿਸ਼ੀ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ। ਇਸ ਵਿੱਚ ਸਪੱਸ਼ਟ ਹੈ ਕਿ ਪਰਮਾਤਮਾ (ਮਨੁਸ਼ਵਤ੍) ਵਿਗਿਆਤਾ ਅਰਥਾਤ ਤੱਤਵਦਰਸ਼ੀ ਮਨੁੱਖਾਂ ਦੇ ਸਮਾਨ ਹੈ (ਤਵਾਨ) ਤੁਹਾਨੂੰ (ਜਨਾਸਹ) ਸਾਧਕ ਜਨ (ਇੰਨਧਤੇ) ਸਮਾਧੀ ਵਿੱਚ ਦੇਖਦੇ ਹਨ।

ਵਿਚਾਰ ਕਰੋ: ਇਹ ਅਨੁਵਾਦ ਪਰਮਾਤਮਾ ਨੂੰ ਨਿਰਾਕਾਰ ਦੱਸਣ ਵਾਲਿਆਂ ਦੇ ਕਰ ਕਮਲਾਂ ਤੋਂ ਹੈ। ਜਿਸ ਤੋਂ ਸਪੱਸ਼ਟ ਹੈ ਕਿ ਪਰਮਾਤਮਾ ਮਨੁੱਖ ਵਰਗਾ ਦੇਖਣਯੋਗ ਹੈ। ਸਮਾਧੀ ਵਿੱਚ ਦੇਖਿਆ ਜਾਂਦਾ ਹੈ। ਹੁਣ ਪਰਮਾਤਮਾ ਨੂੰ ਨਿਰਾਕਾਰ ਕਹਿਣ ਵਾਲਿਆਂ

ਨੂੰ ਜਾਂ ਤਾਂ ਚੁੱਲੂ ਭਰ ਪਾਣੀ ਵਿੱਚ ਡੁੱਬ ਕੇ ਮਰ ਜਾਣਾ ਚਾਹੀਦਾ ਹੈ ਜਾਂ ਸੱਚ ਨੂੰ ਮੰਨ ਕੇ ਅਕਸ਼ਯ ਮੋਕਸ਼ ਦੇ ਲਈ ਮੇਰੇ ਦਾਸ ਤੋਂ ਉਪਦੇਸ਼ ਲੈ ਕੇ ਆਪਣਾ ਅਤੇ ਆਪਣੇ ਰਿ-ਸ਼ਤੇਦਾਰਾਂ ਦਾ ਮੋਕਸ਼ ਕਰਵਾਉਣਾ ਚਾਹੀਦਾ ਹੈ। ਇਸ ਰਿਗਵੇਦ ਮੰਡਲ 8 ਸੁਕਤ 43 ਮੰਤਰ 27 ਦਾ ਯਥਾਰਥ ਅਨੁਵਾਦ ਇਸ ਪ੍ਰਕਾਰ ਹੈ (ਮਨੁਸ਼ਵਤ੍ ਅੰਗਿਰਸਤਮ ਅਗਨੇ) ਹੇ ਪਰਮੇਸ਼ਵਰ! ਤੁਸੀਂ ਮਨੁੱਖ ਦੀ ਤਰ੍ਹਾਂ ਦਿਖਣ ਵਾਲੇ ਸਾਰੇ ਅੰਗਾਂ ਵਾਲੇ ਸਾਕਾਰ ਸਹਿਸਰੀਰ ਹੋ (ਯਮ੍ ਤਵਾ) ਤੁਹਾਡੇ ਜਿਹੜੇ ਰੂਪ ਨੂੰ (ਜਨਾਸ੍) ਭਗਤ ਲੋਕ (ਇੰਧਤੇ) ਸਮਾਧੀ ਵਿੱਚ ਦੇਖਦੇ ਹਨ। (ਸ) ਉਹ ਤੁਸੀਂ (ਮੇ) ਮੈਨੂੰ (ਵਚਹ) ਆਪਣੇ ਅੰਮ੍ਰਿਤ ਵਚਨ ਅਰਥਾਤ ਤੱਤਵਗਿਆਨ (ਬੋਧਿ) ਦਾ ਬੋਧ ਕਰਵਾਓ।

❒ ਪਰਮਾਤਮਾ ਤਿੰਨ ਤਰ੍ਹਾਂ ਦੇ ਸਰੀਰ ਧਾਰਣ ਕਰਕੇ ਸੰਸਾਰ ਦਾ ਧਾਰਣ ਪੋਸ਼ਣ ਕਰਦਾ ਹੈ। ਦੇਖੋ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਰਿਗਵੇਦ ਮੰਡਲ 9 ਸੁਕਤ 67 ਮੰਤਰ 26 ਅਤੇ ਰਿਗਵੇਦ ਮੰਡਲ 9 ਸੁਕਤ 1 ਮੰਤਰ 8 ਵਿੱਚ ਜੋ ਅੱਗੇ ਲਿਖਿਆ ਹੈ:-

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

ਰਿਗਵੇਦ ਮੰਡਲ 9 ਸੁਕਤ 67 ਮੰਤਰ 26 :-

त्रिभिष्ट्वं देव सवितर्वर्षिष्ठैः सोम धामभिः ।
अग्ने दक्षैः पुनीहि नः ।२६।

पदार्थः—( सोम ) परमात्मन् ! ( अग्ने ) हे ज्ञानस्वरूप ! ( सवितः ) हे सर्वोत्पादक ! ( देव ) हे दिव्य गुणसम्पन्न परमात्मन् ! ( त्वं ) आप ( त्रिभिः ) तीन ( धामभिः ) शरीरों से ( वर्षिष्ठैः ) जो श्रेष्ठ हैं तथा ( दक्षैः ) दक्षतायुक्त हैं उनसे ( नः ) हम लोगों को ( पुनीहि ) पवित्र करिये ।।२६।।

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

ਰਿਗਵੇਦ ਮੰਡਲ 9 ਸੁਕਤ 1 ਮੰਤਰ 8 :-

तमीं हिन्वन्त्यग्रुवो धमन्ति बाकुरं दृतिम् ।
त्रिधातु वारणं मधु ।।८।।

पदार्थः—( तं ) उस पुरुष को ( अग्रुवः ) अग्रगतियें ( हिन्वन्ति ) प्रेरणा करती हैं और ( बाकुरं ) भासमान ( दृति ) शरीर को वह पुरुष प्राप्त होता है जिसमें ( त्रिधातु ) तीन प्रकार से ( वारणं ) दूसरों का वारण करने वाला ( मधु ) मधुमय शरीर मिलता है ।।८।।

ਇਹ ਰਿਗਵੇਦ ਮੰਡਲ 9 ਸੁਕਤ 1 ਮੰਤਰ 8 ਦੀ ਫੋਟੋ ਕਾਪੀ ਹੈ ਇਸਤੋਂ ਪਹਿਲਾਂ ਰਿਗਵੇਦ ਮੰਡਲ 9 ਸੁਕਤ 67 ਮੰਤਰ 26 ਦੀ ਫੋਟੋ ਕਾਪੀ ਹੈ ਜੋ ਦਯਾਨੰਦ ਭਗਤਾਂ ਵੱਲੋਂ ਅਨੁਵਾਦਿਤ ਹੈ। ਇਹਨ੍ਹਾਂ ਮੰਤਰਾਂ ਵਿੱਚ ਵੀ ਪਰਮੇਸ਼ਵਰ ਸਹਿਸਰੀਰ ਪ੍ਰਮਾਣਿਤ ਹੈ ਕਿ ਪਰਮਾਤਮਾ ਦਾ ਤਿੰਨ ਅਵਸਥਾਵਾਂ ਵਿੱਚ ਸਰੀਰ ਹੈ। ਇੱਕ ਸਰੀਰ ਵਿੱਚ ਪਰਮੇਸ਼ਵਰ ਧ੍ਯੂ ਲੋਕ ਅਰਥਾਤ ਸ਼ਾਸ਼ਵਤ ਸਥਾਨ ਜਿਸਨੂੰ ਸਤਲੋਕ ਵੀ ਕਿਹਾ ਹੈ ਉਸ ਲੋਕ ਵਿੱਚ

ਬਹੁਤ ਜ਼ਿਆਦਾ ਤੇਜੋਮਯ ਸਰੀਰ ਯੁਕਤ ਹਨ। ਉਸ ਸਰੀਰ ਦੇ ਇੱਕ ਰੋਮਕੂਪ ਦਾ ਪ੍ਰਕਾਸ਼ ਕਰੋੜ ਸੂਰਜ ਅਤੇ ਕਰੋੜ ਚੰਦਰਮਾ ਦੇ ਮਿਲੇ-ਜੁਲੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ। ਪਰਮੇਸ਼ਵਰ ਦੇ ਸਰੀਰ ਦੀ ਇਹ ਪਹਿਲੀ ਸਥਿਤੀ ਹੈ। ਦੂਸਰੀ ਸਥਿਤੀ ਜੋ ਸਰੀਰ ਧਾਰਣ ਕਰਨ ਦੀ ਹੈ ਉਸ ਵਿੱਚ ਪਰਮੇਸ਼ਵਰ ਹਰ ਇੱਕ ਯੁੱਗ ਵਿੱਚ ਇੱਕ ਨਵਜੰਮੇ ਬੱਚੇ ਦਾ ਰੂਪ ਧਾਰਨ ਕਰਕੇ ਕਿਸੇ ਸ਼ਹਿਰ ਤੋਂ ਕੁੱਝ ਦੂਰੀ ਤੇ ਜੰਗਲ ਵਿੱਚ ਜਲ ਦੇ ਉੱਪਰ ਕਮਲ ਦੇ ਫੁੱਲ ਤੇ ਵਿਰਾਜਮਾਨ ਹੁੰਦਾ ਹੈ। ਜਿਸ ਕਾਰਣ ਤੋਂ ਪਰਮੇਸ਼ਵਰ ਨੂੰ ਨਾਰਾਇਣ ਵੀ ਕਿਹਾ ਜਾਂਦਾ ਹੈ। ਨਾਰ ਦਾ ਅਰਥ ਜਲ ਅਤੇ ਆਇਣ ਦਾ ਅਰਥ ਹੈ ਅਵਤਰਿਤ ਹੋਣਾ ਅਰਥਾਤ ਆਉਣਾ। ਇਸ ਲਈ ਪਰਮੇਸ਼ਵਰ ਨੂੰ ਨਰਾਇਣ ਕਿਹਾ ਜਾਂਦਾ ਹੈ। ਜਿਸਦਾ ਅਰਥ ਹੈ ਜਲ ਉੱਤੇ ਅਰਾਮ ਕਰਨ ਵਾਲਾ । ਤੀਸਰੀ ਸਥਿਤੀ ਵਿੱਚ ਪਰਮੇਸ਼ਵਰ ਸੰਤ ਜਾਂ ਰਿਸ਼ੀ ਦਾ ਰੂਪ ਧਾਰਣ ਕਰਕੇ ਉੱਤਮ ਪੁਰਸ਼ਾਂ ਨੂੰ ਜੋ ਦ੍ਰਿੜ ਭਗਤ ਹੁੰਦੇ ਹਨ। ਉਹਨਾਂ ਨੂੰ ਮਿਲਦਾ ਹੈ। ਉਹਨਾਂ ਨੂੰ ਤੱਤਵਗਿਆਨ ਨਾਲ ਜਾਣੂੰ ਕਰਵਾਉਂਦਾ ਹੈ। ਇਸ ਮੰਤਰ ਵਿੱਚ ਦਯਾਨੰਦ ਦੇ ਭਗਤ ਆਪਣੇ ਕਰ ਕਮਲਾਂ ਨਾਲ ਲਿਖ ਰਹੇ ਹਨ ਕਿ ਪਰਮਾਤਮਾ ਸੁੰਦਰ ਸਰੀਰ ਧਾਰਣ ਕਰਦਾ ਹੈ। ਵੇਦ ਗਿਆਨ ਸਹੀ ਹੈ ਪ੍ਰੰਤੂ, ਮਹਾਂਰਿਸ਼ੀ ਦਯਾਨੰਦ ਦਾ "ਸਤਯਾਰਥ ਪ੍ਰਕਾਸ਼" ਝੂਠਾ ਹੈ। ਜਿਸ ਵਿੱਚ ਕਿਹਾ ਹੈ ਕਿ ਪਰਮਾਤਮਾ ਨਿਰਾਕਾਰ ਹੈ। ਤੁਸੀਂ ਖ਼ੁਦ ਦੇਖੋ ਇਹਨਾਂ ਵੇਦ ਮੰਤਰਾਂ ਵਿੱਚ ਸਪੱਸ਼ਟ ਹੈ ਕਿ ਪਰਮੇਸ਼ਵਰ ਤਿੰਨ ਸਥਿਤੀ ਵਿੱਚ ਸਰੀਰ ਧਾਰਣ ਕਰਦਾ ਹੈ। ਪੁਰਸ਼ ਦਾ ਅਧਿਆਤਮਕ ਅਰਥ ਪਰਮੇਸ਼ਵਰ ਹੈ। ਮਹਾਂਰਿਸ਼ੀ ਦਯਾਨੰਦ ਦੁਆਰਾ ਅਨੁਵਾਦਿਤ ਯਜੁਰਵੇਦ ਅਧਿਆਇ 40 ਮੰਤਰ 17 ਵਿੱਚ ਦਯਾਨੰਦ ਨੇ "ਪੁਰਸ਼" ਦਾ ਅਰਥ ਪੂਰਣ ਪਰਮਾਤਮਾ ਕੀਤਾ ਹੈ ਅਤੇ "ਰਿਗਵੇਦਾਦਿ ਭਾਸ਼ਯ ਭੂਮਿਕਾ" ਪੰਨਾ ਨੰ 125 ਉੱਤੇ "ਪੁਰਸ਼" ਦਾ ਅਰਥ ਕੀਤਾ ਹੈ ਕਿ "ਪੁਰਸ਼" ਉਸਨੂੰ ਕਹਿੰਦੇ ਹਨ ਜੋ ਸਰਵਸ਼ਕਤੀਮਾਨ ਈਸ਼ਵਰ ਕਹਾਉਂਦਾ ਹੈ। ਇਸ ਲਈ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰਿਗਵੇਦ ਮੰਡਲ 9 ਸੂਕਤ 1 ਮੰਤਰ 8-9 ਵਿੱਚ ਅਨੁਵਾਦ ਕਰਨ ਵਾਲਿਆਂ ਨੇ ਜੋ ਚਲਾਕੀ ਕੀਤੀ ਹੈ ਉਸਨੂੰ ਸਮਝੋ ਅਤੇ ਪੁਰਸ਼ ਦਾ ਅਰਥ ਪਰਮੇਸ਼ਵਰ ਜਾਣੋ।

❒ ਪਰਮਾਤਮਾ ਕਿਸ ਤਰ੍ਹਾਂ ਤਿੰਨ ਸਰੀਰ ਧਾਰਣ ਕਰਦਾ ਹੈ? ਕਿਰਪਾ ਕਰਕੇ ਹੇਠ ਲਿਖੀ ਵਿਆਖਿਆ ਪੜ੍ਹੋ :-

1. ਬਹੁਤ ਜ਼ਿਆਦਾ ਪ੍ਰਕਾਸ਼ਯੁਕਤ ਮਨੁੱਖ ਵਰਗੇ ਸਰੀਰ ਵਿੱਚ ਪਰਮੇਸ਼ਵਰ ਸਤਲੋਕ ਵਿੱਚ ਵਿਰਾਜਮਾਨ ਹਨ। ਜਿਸਦੇ ਇੱਕ ਰੋਮ ਦਾ ਪ੍ਰਕਾਸ਼ ਕਰੋੜ ਸੂਰਜਾਂ ਤੋਂ ਵੀ ਜ਼ਿਆਦਾ ਹੈ।

2. ਬੱਚੇ ਰੂਪ ਵਿੱਚ ਧਰਤੀ 'ਤੇ ਪ੍ਰਗਟ ਹੁੰਦਾ ਹੈ। ਲੀਲਾ ਵਾਲੇ ਸਰੀਰ ਵਿੱਚ ਵੱਡਾ ਹੁੰਦਾ ਹੈ ਫ਼ਿਰ ਤੱਤਵਗਿਆਨ ਦਾ ਪ੍ਰਚਾਰ ਕਰਦਾ ਹੈ।

3. ਰਿਸ਼ੀ ਜਾਂ ਸੰਤ ਰੂਪ ਵਿੱਚ ਕਿਤੇ ਵੀ ਪ੍ਰਗਟ ਹੋ ਕੇ ਦ੍ਰਿੜ ਭਗਤਾਂ ਨੂੰ ਮਿਲਦਾ ਹੈ ਅਤੇ ਤੱਤਵਗਿਆਨ ਦਾ ਪ੍ਰਚਾਰ ਕਰਦਾ ਹੈ।

❒ ਜਦੋਂ ਪਰਮਾਤਮਾ ਦੂਸਰੀ ਪ੍ਰਕਾਰ ਦਾ ਸਰੀਰ ਧਾਰਣ ਕਰਕੇ ਅਰਥਾਤ ਸ਼ਿਸ਼ੂ ਰੂਪ ਧਾਰਣ ਕਰਕੇ ਧਰਤੀ ਤੇ ਪ੍ਰਗਟ ਹੁੰਦਾ ਹੈ ਉਸ ਸਮੇਂ ਉਹਨਾਂ ਦੇ ਪਾਲਣ ਦੀ ਲੀਲਾ ਕੁਆਰੀ ਗਾਂਵਾਂ ਦੁਆਰਾ ਹੁੰਦੀ ਹੈ। ਕਿਰਪਾ ਪੜ੍ਹੋ ਰਿਗਵੇਦ ਮੰਡਲ 9 ਸੂਕਤ 1 ਮੰਤਰ 9 ਵਿੱਚ ਜੋ ਨਿਮਨ ਹਨ :

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

## ਰਿਗਵੇਦ ਮੰਡਲ 9 ਸੁਕਤ 1 ਮੰਤਰ 9

अभी॒ममघ्न्या॑ उ॒त श्री॒णन्ति॑ धे॒नवः॒ शिशु॑म् ।
सोम॒मिन्द्रा॑य॒ पात॑वे ॥९॥

पदार्थः—( इमं ) उस ( सोमं ) सौम्यस्वभाव वाले श्रद्धालु पुरुष को ( शिशुं ) कुमारावस्था में ही ( अभि ) सब प्रकार से ( अघ्न्याः ) अहिंसनीय ( धेनवः ) गौवें ( श्रीणन्ति ) तृप्त करती हैं ( इन्द्राय ) ऐश्वर्य्यं की ( पातवे ) वृद्धि के लिये । ( उत ) अथवा उक्त श्रद्धालु पुरुष को अहिंसनीय वाणियें ऐश्वर्य्यं की प्राप्ति के लिये संस्कृत करती हैं ॥९॥

ਵਿਸ਼ੇਸ਼ ਵਿਵੇਚਨ :- ਇਹ ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਦੀ ਫੋਟੋਕਾਪੀ ਹੈ ਜੋ ਮਹਾਂਰਿਸ਼ੀ ਦਯਾਨੰਦ ਦੇ ਭਗਤਾਂ ਦੁਆਰਾ ਅਨੁਵਾਦਿਤ ਹੈ। ਇਸ ਵਿੱਚ ਪਰਮਾਤਮਾ ਦੇ ਦੂਸਰੇ ਪ੍ਰਕਾਰ ਦੇ ਸਰੀਰ ਦੀ ਸਥਿਤੀ ਦਾ ਵਰਣਨ ਹੈ। ਜਿਸ ਸਰੀਰ ਵਿੱਚ ਪਰਮਾਤਮਾ ਸ਼ਿਸ਼ੂ ਰੂਪ ਧਾਰਣ ਕਰਕੇ ਵਣ (ਜੰਗਲ) ਵਿੱਚ ਜਲ ਉੱਪਰ ਪ੍ਰਗਟ ਹੁੰਦਾ ਹੈ। ਉਸ ਸਮੇਂ ਉਸ ਬੱਚੇ ਦੇ ਭੇਸ਼ਧਾਰੀ ਪਰਮਾਤਮਾ ਦੇ ਪੋਸ਼ਣ ਦੀ ਲੀਲਾ ਕੁਆਰੀ ਗਾਂਵਾਂ ਦੁਆਰਾ ਹੁੰਦੀ ਹੈ। ਇਹੀ ਪ੍ਰਮਾਣ ਪਵਿੱਤਰ "ਕਬੀਰ ਸਾਗਰ" ਨਾਮਕ ਸਦਗ੍ਰੰਥ ਵਿੱਚ ਹੈ। ਜੋ ਸਤਿਕਾਰਯੋਗ ਧਰਮਦਾਸ ਜੀ ਦੁਆਰਾ ਲਗਭਗ ਸੰਨ 1420 ਦੇ ਆਸਪਾਸ ਲਿਖਿਆ ਗਿਆ ਸੀ। ਉਸ ਵਿੱਚ ਲਿਖਿਆ ਹੈ ਕਿ ਪਰਮੇਸ਼ਵਰ ਕਬੀਰ ਜੀ ਸ਼ਿਸ਼ੂ ਰੂਪ ਧਾਰਨ ਕਰਕੇ 'ਲਹਿਰਤਾਰਾ' ਨਾਮਕ ਸਰੋਵਰ ਵਿੱਚ ਕਮਲ ਦੇ ਫੁੱਲ ਉੱਪਰ ਆਪਣੇ ਧ੍ਯੂਲੋਕ (ਸਤਲੋਕ) ਤੋਂ ਚੱਲ ਕੇ ਆ ਕੇ ਬਿਰਾਜਮਾਨ ਹੋਏ। ਉੱਥੇ ਉਹਨਾਂ ਨੂੰ ਇੱਕ ਬੇਔਲਾਦ ਜੁਲਾਹਾ ਜੋੜਾ ਘਰ ਲੈ ਆਇਆ। ਬੱਚੇ ਰੂਪਧਾਰੀ ਪਰਮਾਤਮਾ ਨੇ ਕਈ ਦਿਨਾਂ ਤੱਕ ਕੁੱਝ ਨਹੀਂ ਖਾਧਾ-ਪੀਤਾ। ਫੇਰ ਰਿਸ਼ੀ ਰਾਮਾਨੰਦ ਜੀ ਦੇ ਦੱਸੇ ਅਨੁਸਾਰ ਅਤੇ ਇੱਕ ਸੰਤ ਰੂਪ ਵਿੱਚ ਪ੍ਰਗਟ ਸ਼ਿਵ ਜੀ ਦੇ ਅਨੁਸਾਰ ਕੁਆਰੀ ਗਾਂ ਲਿਆਂਦੀ ਗਈ। ਪਰਮੇਸ਼ਵਰ ਕਬੀਰ ਜੀ ਦੇ ਆਸ਼ੀਰਵਾਦ ਨਾਲ ਉਸ ਕੁਆਰੀ ਗਾਂ (ਵੱਛੀ) ਨੇ ਦੁੱਧ ਦਿੱਤਾ। ਉਹ ਬੱਚੇ ਕਵਿਰਦੇਵ ਜੀ ਨੇ ਪੀਤਾ। ਉਹ ਵੱਛੀ ਰੋਜ਼ਾਨਾ ਦੁੱਧ ਦੇਣ ਲੱਗੀ। ਇਸ ਤਰ੍ਹਾਂ ਬੱਚੇ ਰੂਪ ਵਿੱਚ ਲੀਲਾ ਕਰ ਰਹੇ ਪਰਮੇਸ਼ਵਰ ਦੀ ਪਰਵਰਿਸ਼ ਦੀ ਲੀਲਾ ਹੋਈ।

ਇਹਨਾਂ ਉਪਰੋਕਤ ਵੇਦ ਮੰਤਰਾਂ ਵਿੱਚ ਸਪੱਸ਼ਟ ਹੈ ਕਿ ਪਰਮੇਸ਼ਵਰ ਇੱਕ ਦੇਸ਼ੀ ਹੈ, ਭਾਵ ਇੱਕ ਸਥਾਨ ਤੇ ਤੀਜੇ ਮੁਕਤੀ ਧਾਮ ਵਿੱਚ, ਭਾਵ ਧ੍ਯੂਲੋਕ ਦੇ ਤੀਜੇ ਭਾਗ ਤੇ ਵਿਰਾਜਮਾਨ ਹੈ। ਉੱਥੋਂ ਗਤੀ ਕਰਕੇ ਆਉਂਦਾ ਹੈ। ਜਿਸ ਤਰ੍ਹਾਂ ਵਿਅਕਤੀ ਸੁੰਦਰ ਸਰੀਰ ਧਾਰਣ ਕਰਕੇ ਆਉਂਦਾ ਹੈ। ਪਰਮੇਸ਼ਵਰ ਰਾਜਾ ਦੇ ਸਮਾਨ ਦਰਸ਼ਨੀ ਪ੍ਰਕਾਸ਼ਮਾਨ ਸਰੀਰ ਧਾਰਣ ਕਰਦਾ ਹੈ। ਸ਼ਿਸ਼ੂ ਰੂਪ ਧਾਰਣ ਕਰਕੇ ਪ੍ਰਗਟ ਹੁੰਦਾ ਹੈ। ਉਸ ਸਮੇਂ ਪਰਮਾਤਮਾ ਦੀ ਪਰਵਰਿਸ਼ ਦੀ ਲੀਲਾ ਕੁਆਰੀ ਗਾਂਵਾਂ ਨਾਲ ਹੁੰਦੀ ਹੈ। ਉਪਦੇਸ਼ ਕਰਨ ਦੀ ਇੱਛਾ ਨਾਲ ਭਾਵ ਤੱਤਵ ਗਿਆਨ ਦੇਣ ਦੇ ਲਈ ਖ਼ੁਦ ਆਉਂਦਾ ਹੈ। ਚੰਗੀਆਂ ਆਤਮਾਵਾਂ ਨੂੰ ਮਿਲਦਾ ਹੈ। ਉਹ ਨਰਾਕਾਰ ਭਾਵ ਮਨੁੱਖ ਵਰਗਾ ਦੇਖਣਯੋਗ ਹੈ।

ਇਨ੍ਹਾਂ ਉਪਰੋਕਤ ਵੇਦ ਮੰਤਰਾਂ ਦੀ ਫੋਟੋ ਕਾਪੀਆਂ ਵਿੱਚ ਤੁਹਾਨੂੰ ਸਪੱਸ਼ਟ ਹੋਇਆ ਕਿ ਵੇਦਾਂ ਵਿੱਚ ਪਰਮੇਸ਼ਵਰ ਸਾਕਾਰ ਹੈ। ਉਹ ਰਾਜਾ ਦੇ ਸਮਾਨ ਦੇਖਣਯੋਗ ਭਾਵ ਨਰਾਕਾਰ ਭਾਵ ਮਨੁੱਖ ਵਰਗਾ ਦੇਖਣਯੋਗ ਹੈ, ਦੇਖਿਆ ਜਾਣ ਵਾਲਾ ਹੈ। ਆ-ਪਣੇ ਧ੍ਯੁਲੋਕ ਦੇ ਤੀਜੇ ਸਥਾਨ ਤੇ ਇੱਕ ਜਗ੍ਹਾ ਵਿਰਾਜਮਾਨ ਹੈ। ਮਹਾਂਰਿਸ਼ੀ ਦਯਾਨੰਦ ਨੇ ਸਤਿਯਾਰਥ ਪ੍ਰਕਾਸ਼ ਵਿੱਚ ਸਮੁੱਲਾਸ 9 ਵਿਚ ਲਿਖਿਆ ਹੈ ਕਿ ਪਰਮਾਤਮਾ ਕਿਸੇ ਇੱਕ ਸਥਾਨ ਤੇ ਵਿਰਾਜਮਾਨ ਨਹੀਂ ਹੈ। ਉਹ ਸਰਵ ਵਿਆਪਕ ਹੈ। ਜਦਕਿ ਵੇਦ ਦੱਸਦੇ ਹਨ ਕਿ ਪਰਮਾਤਮਾ ਇੱਕ ਸਥਾਨ ਤੇ ਵਿਰਾਜਮਾਨ ਹੈ। ਇੱਕ ਦੇਸ਼ੀ ਹੈ। ਇਸ ਤੋਂ ਸਿੱਧ ਹੋਇਆ ਕਿ ਮਹਾਂਰਿਸ਼ੀ ਦਯਾਨੰਦ ਦਾ ਸਤਿਯਾਰਥ ਪ੍ਰਕਾਸ਼' ਵੇਦ ਗਿਆਨ ਵਿਰੁੱਧ ਕੋਰਾ ਅਗਿਆਨ ਹੈ। ਕਰੌਂਥਾ ਕਾਂਡ ਦਾ ਇਹੀ ਕਾਰਨ ਸੀ ਕਿ ਆਰੀਆ ਸਮਾਜ ਦੇ ਆਚਾਰਿਆਂ ਨੇ ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈਆਂ ਨੂੰ ਭਰਮਿਤ ਕੀਤਾ ਕਿ ਰਾਮਪਾਲ ਦਾਸ ਜੀ ਮਹਾਰਾਜ ਜਨਤਾ ਵਿੱਚ ਭਰਮ ਫੈਲਾ ਰਿਹਾ ਹੈ। ਮਹਾਂਰਿਸ਼ੀ ਦਯਾਨੰਦ ਦਾ ਅਕਸ ਖ਼ਰਾਬ ਕਰ ਰਿਹਾ ਹੈ। ਉਹ ਪਰਮਾਤਮਾ ਨੂੰ ਸਾਕਾਰ ਦੱਸ ਰਿਹਾ ਹੈ ਜਦੋਂ ਕਿ ਵੇਦਾਂ ਵਿੱਚ ਪਰਮਾਤਮਾ ਨਿਰਾਕਾਰ ਲਿਖਿਆ ਹੈ। ਹੁਣ ਇਨ੍ਹਾਂ ਆ-ਚਾਰੀਆਂ ਨੂੰ ਚੁੱਲੂ ਭਰ ਪਾਣੀ ਵਿੱਚ ਡੁੱਬ ਕੇ ਮਰ ਜਾਣਾ ਚਾਹੀਦਾ ਹੈ ਜਾਂ ਸੰਤ ਰਾਮਪ-ਾਲ ਦਾਸ ਜੀ ਮਹਾਰਾਜ ਦੇ ਕੋਲ਼ ਆ ਕੇ ਆਪਣਾ ਕਲਿਆਣ ਕਰਵਾਉਣਾ ਚਾਹੀਦਾ ਹੈ। ਜਦੋਂ ਕਿ ਵੇਦਾਂ ਵਿੱਚ ਪਰਮਾਤਮਾ ਸਾਕਾਰ ਹੈ ਅਤੇ ਇਨ੍ਹਾਂ ਦੇ ਕਰ ਕਮਲਾਂ ਤੋਂ ਵੇਦਾਂ ਦਾ ਅਨੁਵਾਦ ਹੈ। ਇਸਦਾ ਨਤੀਜਾ ਇਹ ਹੈ ਕਿ ਮਹਾਂਰਿਸ਼ੀ ਦਯਾਨੰਦ ਦੀ ਹਾਰ ਹੋਈ ਅਤੇ ਇਸ ਦਾਸ (ਸੰਤ ਰਾਮਪਾਲ ਜੀ ਮਹਾਰਾਜ) ਦੀ ਜਿੱਤ ਹੋਈ।

(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)

ਰਿਗਵੇਦ ਮੰਡਲ ਨੰਬਰ 9 ਸੁਕਤ 94 ਮੰਤਰ 1

अधि यदस्मिन्वाजिनीव शुभः स्पर्धन्ते धियः सूर्ये न विशः ।
अपो वृणानः पवते कवीयन्व्रजं न पशुवर्धनाय मन्म ॥१॥

पदार्थः—( सूर्ये ) सूर्य के विषय में ( न ) जैसे ( विशः ) रश्मियां प्रकाशित करती हैं । उसी प्रकार ( धियः ) मनुष्यों की बुद्धियें ( स्पर्धन्ते ) अपनी-अपनी उत्कट शक्ति से विषय करती हैं । ( अस्मिन् अधि ) जिस परमात्मा में ( वाजिनीव ) सर्वोपरि बलों के समान ( शुभः ) शुभ बल है वह परमात्मा ( अपो वृणानः ) कर्मों का अध्यक्ष होता हुआ ( पवते ) सबको पवित्र करता है । ( कवीयन् ) कवियों की तरह आचरण करता हुआ ( पशुवर्धनाय ) सर्वद्रष्टृत्व पद के लिए ( व्रजं, न ) इन्द्रियों के अधिकरण मन के समान 'व्रजन्ति इन्द्रियाणि यस्मिन् तद् व्रजम्' ( मन्म ) जो अधिकरणरूप है वही ध्येय का धाम है ॥१॥

ਵਿਸ਼ੇਸ਼ ਵਿਵੇਚਨ :- ਇਹ ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਦੀ ਫੋਟੋ ਕਾਪੀ ਹੈ। ਜੋ ਦਯਾਨੰਦ ਭਗਤਾਂ ਦੁਆਰਾ ਅਨੁਵਾਦਿਤ ਹੈ। ਇਸ ਮੰਤਰ ਦੇ ਅਨੁਵਾਦ ਵਿਚ ਬਹੁਤ ਸਾਰੀ ਗਲਤੀਆਂ ਹਨ। ਫਿਰ ਵੀ ਇਨ੍ਹਾਂ ਦੇ ਪਾਣੀ ਵਿੱਚ ਤੂੰਬਾ ਛੁਪਾਉਣ ਦੀ ਕੋਸ਼ਿਸ਼ ਦੇ ਬਾਅਦ ਵੀ ਸਪੱਸ਼ਟ ਹੈ ਕਿ ਪਰਮੇਸ਼ਵਰ (ਕਵਿਯਨ੍ ਨ ਵ੍ਰਜਮ) ਕਵੀਆਂ ਦੇ ਸਮਾਨ ਆਚਰਣ ਕਰਦਾ ਹੋਇਆ ਵਿਚਰਦਾ ਹੈ। ਇਕ ਸਥਾਨ ਤੋਂ ਦੂਜੇ ਸਥਾਨ ਤੱਤਵਗਿਆਨ ਪ੍ਰਚਾਰ ਕਰਨ ਲਈ ਜਾਂਦਾ ਹੈ। ਇਸ ਨਾਲ ਪਰਮੇਸ਼ਵਰ ਸਾਕਾਰ, ਨਰ ਆਕਾਰ ਸਿੱਧ ਹੋਇਆ। ਹੁਣ ਕਿੱਥੇ ਗਿਆ ਮਹਾਂਰਿਸ਼ੀ ਦਯਾਨੰਦ ਦਾ ਅਗਿਆਨ ਜੋ

ਕਹਿੰਦਾ ਸੀ ਕਿ ਵੇਦਾਂ ਵਿੱਚ ਪਰਮੇਸ਼ਵਰ ਨਿਰਾਕਾਰ ਹੈ। ਇਕ ਦੇਸ਼ੀ ਨਹੀਂ ਹੈ। ਵੇਦਾਂ ਦੇ ਪ੍ਰਮਾਣਾਂ ਤੋਂ ਸਿੱਧ ਹੋਇਆ ਕਿ ਮਹਾਂਰਿਸ਼ੀ ਦਯਾਨੰਦ ਨੂੰ ਵੇਦਾਂ ਦਾ ਗਿਆਨ ਨਹੀਂ ਸੀ ਇਸ ਲਈ ਉਹ ਮਹਾਂਰਿਸ਼ੀ ਵੀ ਨਹੀਂ ਸੀ।

**(ਮਹਾਂਰਿਸ਼ੀ ਦਯਾਨੰਦ ਦੇ ਅਨੁਯਾਈ ਆਰੀਆ ਸਮਾਜੀਆਂ ਦੇ ਅਨੁਵਾਦ ਦੀ ਫੋਟੋ ਕਾਪੀ)**

**ਰਿਗਵੇਦ ਮੰਡਲ 9 ਸੁਕਤ 96 ਮੰਤਰ 18**

ऋषिमना य ऋषिकृत्स्वर्षाः सहस्रणीथः पदवीः कवीनाम् ।
तृतीयं धाम महिषः सिषासन्त्सोमो विराजमनु राजति ष्टुप् ।।१८।।

पदार्थः—( सोमः ) सोमस्वरूप परमात्मा ( सिषासन् ) पालन की इच्छा करता हुआ ( महिषः ) जो महान् है वह परमात्मा ( तृतीयं, धाम ) देवयान और पितृयान इन दोनों से पृथक तीसरा जो मुक्तिधाम है । उसमें ( विराजम् ) विराजमान जो ज्ञानयोगी है उसको ( अनुराजति ) प्रकाश करने वाला है और ( स्तुप ) स्तूयमान है । ( कवीनाम्, पदवीः ) जो क्रान्तदर्शियों की पदवी अर्थात् मुख्य स्थान है और ( सहस्रनीथः ) अनन्त प्रकार से स्तवनीय है, ( ऋषिमनाः ) सर्वज्ञान के साधनरूप मनवाला वह परमात्मा ( यः ) जो ( ऋषिकृत ) सब ज्ञानों का प्रदाता ( स्वर्षाः ) सूर्यादिकों को प्रकाशक है । वह जिज्ञासु के लिए उपासनीय है ।।१८।।

**ਵਿਸ਼ੇਸ਼ ਵਿਵੇਚਨ :-** ਇਹ ਰਿਗਵੇਦ ਮੰਡਲ 9 ਸੁਕਤ 96 ਮੰਤਰ 18 ਦੀ ਫੋਟੋ ਕਾਪੀ ਹੈ। ਇਸਦਾ ਦਯਾਨੰਦ ਦੇ ਭਗਤਾਂ ਦੇ ਦੁਆਰਾ ਅਨੁਵਾਦ ਕੀਤਾ ਗਿਆ ਹੈ। ਇਸ ਵਿਚ ਸਪੱਸ਼ਟ ਹੈ ਕਿ ਪਰਮੇਸ਼ਵਰ ਤੀਜੇ ਮੁਕਤੀ ਧਾਮ ਵਿੱਚ ਵਿਰਾਜਮਾਨ ਹੈ। ਇਸ ਵਿੱਚ ਅਨੁਵਾਦ ਕਰਤਾ ਨੇ ਮਹਾਂਰਿਸ਼ੀ ਦਯਾਨੰਦ ਦੇ ਅਗਿਆਨ ਨੂੰ ਆਧਾਰ ਮੰਨ ਕੇ ਅਰਥ ਨੂੰ ਘੁਮਾ ਦਿੱਤਾ ਹੈ ਲਿਖ ਦਿੱਤਾ "ਜੋ ਗਿਆਨ ਯੋਗੀ" ਵਿਰਾਜਮਾਨ ਹੈ। ਪਾਠਕ ਜਨ ਰਿਗਵੇਦ ਮੰਡਲ 9 ਸੁਕਤ 86 ਮੰਤਰ 27 ਵਿੱਚ ਦਯਾਨੰਦ ਦੇ ਭਗਤਾਂ ਦੁਆਰਾ ਕੀਤੇ ਅਨੁਵਾਦ ਵਿੱਚ ਪੜ੍ਹ ਚੁੱਕੇ ਹਨ ਕਿ ਧ੍ਯੂਲੋਕ ਦੇ ਤੀਜੇ ਭਾਗ ਵਿਚ ਪਰਮਾਤਮਾ ਵਿਰਾਜਮਾਨ ਹੈ। ਗਿਆਨ ਯੋਗੀ ਨਹੀਂ ਇੱਥੇ ਅਨੁਵਾਦ ਕਰਤਾਵਾਂ ਦੇ ਦਯਾਨੰਦ ਦਾ ਸਤਯਾਰਥ ਪ੍ਰਕਾਸ਼ ਅੱਗੇ ਆ ਗਿਆ। ਇਸ ਲਈ ਅਨਰਥ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਜਦਕਿ ਮੂਲ ਪਾਠ ਵਿਚ ਗਿਆਨ ਯੋਗੀ ਦਾ ਸੰਬੰਧ ਨਹੀਂ ਹੈ। ਰਿਗਵੇਦ ਮੰਡਲ 9 ਸੁਕਤ 96 ਮੰਤਰ 27 ਆਪ ਅਨੁਵਾਦ ਵਿੱਚ ਲਿਖਿਆ ਹੈ ਕਿ ਪਰਮੇਸ਼ਵਰ ਧ੍ਯੂਲੋਕ ਦੇ ਤੀਜੇ ਪ੍ਰਸ਼ਠ (ਭਾਗ) ਉੱਪਰ ਵਿਰਾਜਮਾਨ ਹੈ। ਇੱਥੇ ਵੀ ਵੇਦ ਮੰਤਰ 18 ਵਿੱਚ ਇਹੀ ਪ੍ਰਮਾਣ ਹੈ।

ਇਸ ਰਿਗਵੇਦ ਮੰਡਲ 9 ਸੁਕਤ 96 ਮੰਤਰ 18 ਦਾ ਯਥਾਰਥ ਅਨੁਵਾਦ ਕ੍ਰਿਪਾ ਕਰਕੇ ਪੜ੍ਹੋ ਸੰਤ ਰਾਮਪਾਲ ਜੀ ਦਾਸ ਜੀ ਮਹਾਰਾਜ ਦੁਆਰਾ ਕੀਤਾ ਗਿਆ।

ਰਿਸ਼ਿਮਨਾ ਯ ਰਿਸ਼ਿਕ੍ਰਤਸਵਰਸ਼ਾਹ ਸਹਸ੍ਰਣੀਥਹ ਪਦਵੀਹ ਕਵੀਨਾਮ੍ ।
ਤ੍ਰਤੀਯੰ ਧਾਮ ਮਹਿਸ਼ਹ ਸਿਸ਼ਾਸੰਤਸੋਮੋ ਵਿਰਾਜਮਨੁ ਰਾਜਤਿ ਸ਼ਟੁਪ॥18॥

ਰਿਸ਼ਿਮਨਾ ਯ ਰਿਸ਼ਿਕ੍ਰਿਤ ਸਵਰਸ਼ਾਹ ਸਹਸਤ੍ਰਾਣੀਹ ਪਦਵੀਹ ਕਵੀਨਾਮ੍। ਤ੍ਰਿਤਯਮ੍ ਧਾਮ ਮਹਿਸ਼ਹ ਸਿਸ਼ਾ ਸੰਤ੍ ਸੋਮਹ ਵਿਰਾਜਮਾਨੁ ਰਾਜਤਿ ਸਟੁਪ੍॥

ਅਨੁਵਾਦ – ਵੇਦ ਬੋਲਣ ਵਾਲਾ ਬ੍ਰਹਮ ਕਹਿ ਰਿਹਾ ਹੈ ਕਿ (ਯ) ਜੋ ਪੂਰਣ ਪਰਮਾਤਮਾ ਵਿਲੱਖਣ ਬੱਚੇ ਦੇ ਰੂਪ ਵਿੱਚ ਆ ਕੇ (ਕਵੀਨਾਮ) ਪ੍ਰਸਿੱਧ ਕਵੀਆਂ ਦੀ (ਪਦਵੀਹ) ਉਪਾਧੀ ਪ੍ਰਾਪਤ ਕਰਕੇ ਭਾਵ ਇੱਕ ਸੰਤ ਜਾਂ ਰਿਸ਼ੀ ਦੀ ਭੂਮਿਕਾ ਕਰਦਾ ਹੈ। ਉਸ (ਰਿਸ਼ੀਕ੍ਰਿਤ) ਸੰਤ ਰੂਪ ਵਿੱਚ ਪ੍ਰਗਟ ਹੋਏ ਪ੍ਰਭੂ ਦੁਆਰਾ ਰਚੀ (ਸਹਸ੍ਰਾਣੀਥਹ) ਹਜ਼ਾਰਾਂ ਬਾਣੀਆਂ (ਰਿਸ਼ੀਮਨਾ) ਸੰਤ ਸੁਭਾਅ ਵਾਲੇ ਵਿਅਕਤੀ ਅਰਥਾਤ ਭਗਤਾਂ ਦੇ ਲਈ (ਸਵਰਸ਼ਾਹ) ਸਵਰਗ ਤੁਲ ਅਨੰਦਦਾਇਕ ਹੁੰਦੀ ਹੈ। (ਸੋਮ) ਉਹ ਅਮਰ ਪੁਰਸ਼ (ਤ੍ਰਤੀਯ) ਤੀਸਰੇ (ਧਾਮ) ਮੁਕਤੀ ਲੋਕ ਭਾਵ ਸਤਲੋਕ ਦੀ (ਮਹਿਸ਼ਹ) ਸੁਦ੍ਰਿੜ ਧਰਤੀ ਨੂੰ (ਸਿਸ਼ਾ) ਸਥਾਪਿਤ ਕਰਕੇ (ਅਨੁ) ਉਪਰੰਤ (ਸੰਤ) ਮਾਨਵ ਵਰਗਾ ਦੇਖਣਯੋਗ ਸੰਤ ਰੂਪ ਵਿੱਚ ਹੁੰਦਾ ਹੋਇਆ (ਸਟੁਪ) ਗੁਬੰਦ ਅਰਥਾਤ ਗੁਬੰਦ ਵਿੱਚ ਉੱਚੇ ਟਿੱਲੇ ਰੂਪੀ ਸਿੰਘਾਸਣ ਤੇ (ਵਿਰਾਜਮਨੁ ਰਾਜਤਿ) ਉੱਜਵਲ ਸਥੂਲ ਅਕਾਰ ਵਿੱਚ ਭਾਵ ਮਨੁੱਖ ਵਰਗਾ ਦੇਖਣਯੋਗ ਤੇਜੋਮਯ ਸਰੀਰ ਵਿੱਚ ਵਿਰਾਜਮਾਨ ਹੈ।

**ਭਾਵ ਅਰਥ – ਰਿਗਵੇਦ ਮੰਡਲ 9 ਸੁਕਤ 96 ਮੰਤਰ 17 ਵਿੱਚ ਕਿਹਾ ਹੈ ਕਿ ਕਵਿਰਦੇਵ ਸ਼ਿਸ਼ੂ ਰੂਪ ਧਾਰਣ ਕਰ ਲੈਂਦਾ ਹੈ। ਲੀਲਾ ਕਰਦਾ ਹੋਇਆ ਵੱਡਾ ਹੁੰਦਾ ਹੈ। ਕਵਿਤਾਵਾਂ ਦੁਆਰਾ ਤੱਤਵਗਿਆਨ ਵਰਣਨ ਕਰਨ ਦੇ ਕਾਰਣ ਕਵੀ ਦੀ ਪਦਵੀ ਪ੍ਰਾਪਤ ਕਰਦਾ ਹੈ ਭਾਵ ਉਸ ਨੂੰ ਰਿਸ਼ੀ, ਸੰਤ ਅਤੇ ਕਵੀ ਕਹਿਣ ਲੱਗ ਜਾਂਦੇ ਹਨ, ਅਸਲ ਵਿੱਚ ਉਹ ਪੂਰਣ ਪਰਮਾਤਮਾ ਕਵਿਰ ਹੀ ਹੈ। ਇਸਦੀ ਪੁਸ਼ਟੀ ਰਿਗਵੇਦ ਮੰਡਲ 9 ਸੂਕਤ 94 ਮੰਤਰ 1 ਨੇ ਵੀ ਕੀਤੀ ਹੈ ਕਿ ਪਰਮਾਤਮਾ ਕਵੀਆਂ ਦੀ ਤਰ੍ਹਾਂ ਆਚਰਣ ਕਰਦਾ ਹੈ। ਉਸਦੇ ਦੁਆਰਾ ਰਚੀ ਅੰਮ੍ਰਿਤ ਬਾਣੀ ਕਬੀਰ ਬਾਣੀ (ਕਵਿਰਬਾਣੀ) ਆਖੀ ਜਾਂਦੀ ਹੈ, ਜੋ ਭਗਤਾਂ ਦੇ ਲਈ ਸਵਰਗ ਦੇ ਸਮਾਨ ਸੁੱਖਦਾਈ ਹੁੰਦੀ ਹੈ। ਉਹੀ ਪਰਮਾਤਮਾ ਤੀਸਰੇ ਮੁਕਤੀ ਧਾਮ ਭਾਵ ਸਤਲੋਕ ਦੀ ਸਥਾਪਨਾ ਕਰਕੇ ਇਕ ਗੁਬੰਦ ਭਾਵ ਗੁੰਬਜ ਵਿੱਚ ਸਿੰਘਾਸਣ ਤੇ ਤੇਜੋਮਯ ਮਨੁੱਖ ਵਰਗੇ ਸਰੀਰ ਵਿੱਚ ਆ ਕੇ ਵਿੱਚ ਵਿਰਾਜਮਾਨ ਹੈ।**

ਇਸ ਮੰਤਰ ਵਿੱਚ ਰਿਗਵੇਦ ਮੰਡਲ 9 ਸੁਕਤ 96 ਮੰਤਰ 18 ਤੀਸਰਾ ਧਾਮ ਸਤਲੋਕ ਨੂੰ ਕਿਹਾ ਹੈ। ਜਿਵੇਂ ਇੱਕ ਬ੍ਰਹਮ ਦਾ ਲੋਕ ਜੋ ਇੱਕੀ ਬ੍ਰਹਿਮੰਡ ਦਾ ਖੇਤਰ ਹੈ, ਦੂਸਰਾ ਪਰਬ੍ਰਹਮ ਦਾ ਲੋਕ ਜੋ ਲੋਕ ਸੱਤ ਸੰਖ ਬ੍ਰਹਿਮੰਡ ਦਾ ਖੇਤਰ ਹੈ, ਤੀਸਰਾ ਪਰਮ ਅਕਸ਼ਰ ਬ੍ਰਹਮ ਭਾਵ ਪੂਰਣ ਬ੍ਰਹਮ ਦਾ ਸਤਲੋਕ ਹੈ ਕਿਉਂਕਿ ਪੂਰਣ ਪਰਮਾਤਮਾ ਨੇ ਸਤਲੋਕ ਵਿੱਚ ਸਤਪੁਰਸ਼ ਰੂਪ ਵਿੱਚ ਵਿਰਾਜਮਾਨ ਹੋਕੇ ਹੇਠਲੇ ਲੋਕਾਂ ਦੀ ਰਚਨਾ ਕੀਤੀ ਹੈ। ਇਸ ਲਈ ਹੇਠਾਂ ਦੇ ਲੋਕਾਂ ਦੀ ਗਣਨਾ ਕੀਤੀ ਗਈ ਹੈ।

ਇਹੀ ਅੱਖੀਂ ਦੇਖਿਆ ਪ੍ਰਮਾਣ ਸੰਤ ਗਰੀਬਦਾਸ ਜੀ ਨੇ ਦੱਸਿਆ ਹੈ ਕਿ ਅਰਸ ਕੁਰਸ ਪਰ ਸਫੇਦ ਗੁੰਬਜ ਹੈ ਜਹਾਂ ਸਤਗੁਰੂ ਕਾ ਡੇਰਾ। ਭਾਵ ਅਰਥ ਹੈ ਕਿ ਉੱਪਰ ਆਸਮਾਨ ਦੇ ਉੱਪਰੀ ਕਿਨਾਰੇ ਤੇ ਕਬੀਰ ਪਰਮੇਸ਼ਵਰ ਜੀ ਇੱਕ ਸਫੇਦ ਗੁਬੰਦ (ਗੁੰਮਬਜ) ਵਿੱਚ ਰਹਿੰਦੇ ਹਨ ।

ਰਿਗਵੇਦ ਮੰਡਲ 9 ਸੁਕਤ 86 ਮੰਤਰ 27 ਵਿੱਚ ਅਨੁਵਾਦ ਪਰਮੇਸ਼ਵਰ ਨੇ ਠੀਕ ਕਰਵਾ ਦਿੱਤਾ। ਉੱਥੇ ਸਪੱਸ਼ਟ ਲਿਖਿਆ ਹੈ "ਪਰਮਾਤਮਾ ਧ੍ਯੁਲੋਕ ਦੇ ਤੀਜੇ ਸਥਾਨ ਤੇ ਵਿਰਾਜਮਾਨ ਹੈ" ਇੱਕ ਦੇਸ਼ੀ ਹੈ ਸਾਕਾਰ ਹੈ ਦੇਖੋ ਫੋਟੋ ਕਾਪੀ ਰਿਗਵੇਦ ਮੰਡਲ 9 ਸੁਕਤ 86 ਮੰਤਰ 27 ਦੀ, ਇਸੇ ਪੁਸਤਕ ਦੇ ਪੰਨਾ 220 ਤੇ। ਰਿਗਵੇਦ ਮੰਡਲ 9 ਸੁਕਤ 82 ਮੰਤਰ 1 ਵਿੱਚ ਸਪੱਸ਼ਟ ਹੈ ਕਿ ਪਰਮਾਤਮਾ ਰਾਜਾ ਦੇ ਸਮਾਨ ਦਰਸ਼ਨੀ ਹੈ। ਰਿਗਵੇਦ ਮੰਡਲ 9 ਸੂਕਤ 1 ਮੰਤਰ 8 ਵਿੱਚ ਅਤੇ ਰਿਗਵੇਦ ਮੰਡਲ 9 ਸੁਕਤ 67

ਮੰਤਰ 26 ਵਿੱਚ ਸਪੱਸ਼ਟ ਕੀਤਾ ਹੈ ਕਿ ਪੁਰਸ਼ ਭਾਵ ਪਰਮਾਤਮਾ ਦੇਖਣਯੋਗ ਸਰੀਰ ਨੂੰ ਪ੍ਰਾਪਤ ਹੁੰਦਾ ਹੈ। ਇਨ੍ਹਾਂ ਰਿਗਵੇਦ ਮੰਡਲਾਂ ਦੇ ਮੰਤਰਾਂ ਦੇ ਅਨੁਵਾਦ ਕਰਤਾ ਵੀ ਦਯ-ਾਨੰਦ ਦੇ ਭਗਤ ਹੀ ਹਨ । ਪਰਮੇਸ਼ਵਰ ਨੇ ਸੱਚਾਈ ਸਾਹਮਣੇ ਲਿਆ ਦਿੱਤੀ।

ਉਹ ਅਮਰ ਪ੍ਰਮਾਤਮਾ ਜੋ ਆਪਣੀ ਮਹਿਮਾ ਦੀ ਅਮ੍ਰਿਤਬਾਣੀ ਨੂੰ ਕਵੀਆਂ ਦੇ ਸਮਾਨ ਬੋਲਦਾ ਹੈ। ਉਸ ਕਾਰਨ ਨਾਲ ਪ੍ਰਸਿੱਧ ਕਵੀਆਂ ਵਿਚੋਂ ਇਕ ਪ੍ਰਸਿੱਧ ਕਵੀ ਵੀ ਅਖਵਾਉਂਦਾ ਹੈ। ਪਰ ਉਹ ਕੇਵਲ ਕਵੀ ਹੀ ਨਹੀਂ, ਉਹ ਕਵੀ ਪ੍ਰਮਾਤਮਾ ( ਜਿਸਨੂੰ ਵੇਦਾਂ ਵਿੱਚ ਕਵਿਰਦੇਵ ਕਿਹਾ ਹੈ ) ਹੁੰਦਾ ਹੈ। ਇਹ ਉਸਦਾ ਵਾਸਤਵਿਕ ਗੁਪਤ ਸ੍ਰੇਸ਼ਠ ਨਾਮ ਹੈ। ਕਵਿਰਦੇਵ ਜਿਸਨੂੰ ਸੰਤ ਭਾਸ਼ਾ ਵਿੱਚ ਕਬੀਰ ਪਰਮੇਸ਼ਵਰ ਕਹਿੰਦੇ ਹਨ। ਉਸ (ਰਿਸ਼ੀਕ੍ਰਿਤ) ਕਵਿਰਦੇਵ ਦੁਆਰਾ ਰਿਸ਼ੀ ਜਾਂ ਸੰਤ ਰੂਪ ਵਿਚ ਪ੍ਰਗਟ ਹੋ ਕੇ ਆਪਣੇ ਮੁੱਖ ਕਮਲ ਤੋਂ ਉਚਾਰਣ ਕਰਕੇ ਬਣਾਈ ਗਈ ਅੰਮ੍ਰਿਤਬਾਣੀ ਉਸ ਪਰਮੇਸ਼ਵਰ ਦੇ ਅਨੁਯਾਈਆਂ ਦੇ ਲਈ ( ਸਵਰਸ਼ਾਹ ) ਅਨੰਦਦਾਇਕ ਹੁੰਦੀ ਹੈ। ਉਹ ਕਵਿਰਦੇਵ ਭਾਵ ਕਵਿਰ ਪਰਮੇਸ਼ਵਰ ਤੀਜੇ ਮੁਕਤੀ ਧਾਮ ਵਿੱਚ ਵਿਰਾਜਮਾਨ ਹੈ। ਉਹ ਇੱਕ (ਸਤੁਪ) ਗੁਬੰਦ ਵਿੱਚ ਤੇਜੋਮਯ ਰੂਪ ਵਿਚ ਪ੍ਰਕਾਸ਼ਮਾਨ ਹੈ। ਉਸ ਮਹਾਨ ਸਥਾਨ ਭਾਵ ਤੇਜੋਮਯ ਤੀਜੇ ਧਾਮ ਦੀ ਬਹੁਤ ਵੱਡੀ ਧਰਤੀ ਨੂੰ ਬਣਾਕੇ ਉਸ ਉੱਤੇ ਵਿਰਾਜਮਾਨ ਹੈ ।

## "ਪਵਿੱਤਰ ਬਾਈਬਲ ਵਿਚ ਪ੍ਰਭੂ ਮਨੁੱਖ ਵਰਗਾ ਦੇਖਣਯੋਗ ਸਾਕਾਰ ਦਾ ਪ੍ਰਮਾਣ"

ਇਸੇ ਦਾ ਪ੍ਰਮਾਣ ਪਵਿੱਤਰ ਬਾਈਬਲ ਵਿਚ ਅਤੇ ਪਵਿੱਤਰ ਕੁਰਾਨ ਸ਼ਰੀਫ਼ ਵਿੱਚ ਵੀ ਹੈ। ਕੁਰਾਨ ਸ਼ਰੀਫ ਵਿੱਚ ਪਵਿੱਤਰ ਬਾਈਬਲ ਦਾ ਵੀ ਗਿਆਨ ਹੈ, ਇਸਲਈ ਇਨ੍ਹਾਂ ਦੋਵਾਂ ਪਵਿੱਤਰ ਸਦਗ੍ਰੰਥਾਂ ਨੇ ਮਿਲ- ਜੁਲ ਕੇ ਪ੍ਰਮਾਣ ਕੀਤਾ ਹੈ ਕਿ ਕੌਣ ਅਤੇ ਕਿਹੋ ਜਿਹਾ ਹੈ ਸ੍ਰਿਸ਼ਟੀ ਦਾ ਰਚਨਹਾਰ ਅਤੇ ਉਸਦਾ ਵਾਸਤਵਿਕ ਨਾਂ ਕੀ ਹੈ?

ਪਵਿੱਤਰ ਬਾਈਬਲ ( ਉਤਪੱਤੀ ਗ੍ਰੰਥ ਪੰਨਾ ਨੰ.2 ਉੱਪਰ, ਅ.1:20 - 2: 5 ਤੇ)

ਛੇਵਾਂ ਦਿਨ :- ਪ੍ਰਾਣੀ ਅਤੇ ਮਨੁੱਖ :

ਹੋਰ ਪ੍ਰਾਣੀਆਂ ਦੀ ਰਚਨਾ ਕਰਕੇ 26. ਫਿਰ ਪਰਮੇਸ਼ਵਰ ਨੇ ਕਿਹਾ, ਅਸੀਂ ਮਨੁੱਖ ਨੂੰ ਆਪਣੇ ਸਰੂਪ ਦੇ ਅਨੁਸਾਰ ਆਪਣੀ ਸਮਾਨਤਾ ਵਿੱਚ ਬਣਾਇਆ, ਜੋ ਸਾਰੇ ਪ੍ਰਾਣੀਆਂ ਨੂੰ ਕਾਬੂ ਰੱਖੇਗਾ । 27. ਉਦੋਂ ਪਰਮੇਸ਼ਵਰ ਨੇ ਮਨੁੱਖ ਨੂੰ ਆਪਣੇ ਸਰੂਪ ਦੇ ਅਨੁਸਾਰ ਉਤਪੰਨ ਕੀਤਾ, ਆਪਣੇ ਹੀ ਸਰੂਪ ਦੇ ਅਨੁਸਾਰ ਪਰਮੇਸ਼ਵਰ ਨੇ ਉਸਨੂੰ ਉਤਪੰਨ ਕੀਤਾ, ਨਰ ਅਤੇ ਨਾਰੀ ਕਰਕੇ ਮਨੁੱਖਾਂ ਦੀ ਸ੍ਰਿਸ਼ਟੀ ਕੀਤੀ।

29. ਪ੍ਰਭੂ ਨੇ ਮਨੁੱਖਾਂ ਦੇ ਖਾਣ ਲਈ ਜਿੰਨੇ ਬੀਜ ਵਾਲੇ ਛੋਟੇ ਪੌਦੇ ਅਤੇ ਜਿੰਨੇ ਪੌਦਿਆਂ ਵਿੱਚ ਬੀਜ ਵਾਲੇ ਫ਼ਲ ਹੁੰਦੇ ਹਨ ਉਹ ਭੋਜਨ ਦੇ ਲਈ ਪ੍ਰਦਾਨ ਕੀਤੇ ਹਨ, ਮਾਸ ਖਾਣਾ ਨਹੀਂ ਕਿਹਾ ਹੈ।

ਸੱਤਵਾਂ ਦਿਨ :- ਆਰਾਮ ਦਾ ਦਿਨ :

ਪਰਮੇਸ਼ਵਰ ਨੇ ਛੇ: ਦਿਨ ਵਿਚ ਸਾਰੀ ਸ੍ਰਿਸ਼ਟੀ ਦੀ ਉੱਤਪਤੀ ਕੀਤੀ ਅਤੇ ਸੱਤਵੇਂ ਦਿਨ ਆਰਾਮ ਕੀਤਾ।

ਪਵਿੱਤਰ ਬਾਈਬਲ ਨੇ ਸਿੱਧ ਕਰ ਦਿੱਤਾ ਕਿ ਪਰਮਾਤਮਾ ਮਨੁੱਖ ਵਰਗਾ ਦੇਖਣਯੋਗ ਸਰੀਰ ਵਿੱਚ ਹੈ, ਜਿਸਨੇ ਛੇ: ਦਿਨ ਵਿੱਚ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਫਿਰ ਆਰਾਮ ਕੀਤਾ।

ਉਤਪੱਤੀ ਦੇ ਬਾਰੇ ਵਿੱਚ ਲਿਖਿਆ ਹੈ ਕਿ ਪਰਮੇਸ਼ਵਰ ਨੇ ਮਨੁੱਖ ਨੂੰ ਆਪਣੇ ਸਰੂਪ ਦੇ ਅਨੁਸਾਰ ਉਤਪੰਨ ਕੀਤਾ ।ਇਸ ਨਾਲ ਸਿੱਧ ਹੈ ਕਿ ਪ੍ਰਭੂ ਵੀ ਮਨੁੱਖ ਵਰਗੇ ਸ਼ਰੀਰ ਯੁੱਕਤ ਹੈ ਅਤੇ ਛੇ: ਦਿਨ ਵਿਚ ਸ੍ਰਿਸ਼ਟੀ ਰਚਨਾ ਕਰਕੇ ਸੱਤਵੇਂ ਦਿਨ ਤਖ਼ਤ ਉਤੇ ਜਾ ਵਿਰਾਜਿਆ।

## "ਪਵਿੱਤਰ ਕੁਰਾਨ ਸ਼ਰੀਫ ਵਿੱਚ ਪ੍ਰਮਾਣ"

ਇਸੇ ਤਰ੍ਹਾਂ ਪਵਿੱਤਰ ਕੁਰਾਨ ਸ਼ਰੀਫ ਦੇ ਅਧਿਆਇ ਸੂਰਤ ਫੁਰਕਾਨੀ ਸੰਖਿਆ 25, ਆਇਤ 52, 58–59 ਵਿੱਚ ਕਿਹਾ ਹੈ ਕਿ ਵਾਸਤਵ ਵਿੱਚ (ਇਬਾਦੀ ਕਬੀਰਾ) ਪੂਜਾ ਦੇ ਯੋਗ ਕਬੀਰ ਅੱਲਾਹ ਹੈ। ਇਹ ਕਬੀਰ ਉਹੀ ਪੂਰਣ ਪ੍ਰਮਾਤਮਾ ਹੈ ਜਿਸਨੇ ਛੇ ਦਿਨ ਵਿੱਚ ਸ਼੍ਰਿਸ਼ਟੀ ਰਚੀ ਅਤੇ ਸੱਤਵੇਂ ਦਿਨ ਤੱਖਤ ਉੱਤੇ ਜਾ ਵਿਰਾਜਿਆ, ਉਸਦੀ ਖ਼ਬਰ ਕਿਸੇ ਬਾਖ਼ਬਰ ਤੋਂ ਪੁੱਛ ਦੇਖੋ।

ਪਵਿੱਤਰ ਕੁਰਾਨ ਸ਼ਰੀਫ ਨੂੰ ਬੋਲਣ ਵਾਲਾ ਅੱਲਾਹ ਖੁਦ ਕਿਸੇ ਹੋਰ ਕਬੀਰ ਨਾਮਕ ਪ੍ਰਭੂ ਦੇ ਵੱਲ ਸੰਕੇਤ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਪੂਰਣ ਪ੍ਰਮਾਤਮਾ ਕਬੀਰ ਦੇ ਵਿਸ਼ੇ ਵਿੱਚ ਮੈਂ ਵੀ ਨਹੀਂ ਜਾਣਦਾ, ਉਸਦੇ ਵਿਸ਼ੇ ਵਿੱਚ ਕਿਸੇ ਤੱਤਵਦਰਸ਼ੀ ਸੰਤ (ਬਾਖ਼ਬਰ) ਤੋਂ ਪੁੱਛੋ।

ਕਵਿਰਦੇਵ ਨੇ ਇਹੀ ਕਿਹਾ ਸੀ ਕਿ ਮੈਂ ਖੁਦ ਪੂਰਣ ਪ੍ਰਮਾਤਮਾ (ਅੱਲਾਹ ਕਬੀਰ/ਅਕਿਬਰੂ) ਹਾਂ। ਆਪਣੇ ਸਵੱਛ ਗਿਆਨ ਦਾ ਸੰਦੇਸ਼ਵਾਹਕ ਰੂਪ ਵਿੱਚ ਮੈਂ ਆਪ ਹੀ ਆਇਆ ਹਾਂ, ਮੈਨੂੰ ਪਹਿਚਾਣੋ। ਪਰ ਇਸੇ ਤਰ੍ਹਾਂ ਹੀ ਅਚਾਰੀਆ ਪਹਿਲਾਂ ਵੀ ਪ੍ਰਮੇਸ਼ਵਰ ਦੇ ਵਾਸਤਿਵਕ ਗਿਆਨ ਨੂੰ ਜਨਤਾ ਤੱਕ ਨਹੀਂ ਜਾਣ ਦਿੰਦੇ। ਕਿਹਾ ਕਰਦੇ ਸਨ ਕਿ ਕਬੀਰ ਤਾਂ ਅਨਪੜ੍ਹ ਹੈ, ਇਹ ਸੰਸਕ੍ਰਿਤ ਤਾਂ ਜਾਣਦਾ ਹੀ ਨਹੀਂ, ਅਸੀਂ ਸਿੱਖਿਅਤ ਹਾਂ। ਇਸ ਗੱਲ ਉੱਤੇ ਪਹਿਲਾਂ ਤਾਂ ਭਗਤਜਨ ਗੁੰਮਰਾਹ ਹੋ ਗਏ ਸਨ, ਪ੍ਰੰਤੂ ਹੁਣ ਸਾਰਾ ਸਮਾਜ ਸਿੱਖਿਅਤ ਹੈ, ਇਨ੍ਹਾਂ ਮਾਰਗ ਭ੍ਰਿਸ਼ਟ ਅਚਾਰੀਆ ਦੀ ਦਾਲ ਨਹੀਂ ਗਲ਼ ਰਹੀ, ਨਾਹੀ ਗਲ਼ੇਗੀ।

ਸਲਿੱਲ ਅੱਲਾ:– ਜ–ਸ–ਦਿ ਮੁਹੰਮਦਿਨ ਫ਼ਿਲ ਅਜਸਾਦਿ ਅੱਲ੍ਹਾਹੁਮ ਮ ਸਲਿੱਲ ਅੱਲਾ ਕਵਿਰ (ਕਬੀਰ) ਮੁਹੰਮਿਦ ਫ਼ਿਲ ਕੁਬੁਰਿ ਫਜਾਇਲੇ ਜਿਕਰ –

(٥) عَنْ اَبِىْ هُرَيْرَةَ رض قَالَ قَالَ رَسُوْلُ اللّٰهِ صَلَّى اللّٰهُ عَلَيْهِ وَسَلَّمَ مَا
قَالَ عَبْدٌ لَآ اِلٰهَ اِلَّا اللّٰهُ اِلَّا فُتِحَتْ لَهٗ اَبْوَابُ السَّمَآءِ حَتّٰى يُفْضِىَ اِلَى الْعَرْشِ
مَا اجْتُنِبَتِ الْكَبَآئِرُ۔ رواه الترمذى وهكذا فى المشكوٰة لكن ليس فيها
حسن بل غريب فقط قال القارى و رواه النسائى وابن حبان وعزاه
السيوطى فى الجامع الى الترمذى و رقم له بالحسن وحكاه السيوطى فى
الدر من طريق ابن مردويه عن ابى هريرة وليس فيه ما اجتنبت الكبائر
وفى الجامع الصغير برواية الطبرانى عن معقل ابن يسار لكل شىء مفتاح
ومفتاح السموات قول لا اله الا الله ورقم له بالضعف۔

5. ਹਜੂਰੇ ਅਕਸ ਸਲੱਲਲਾਹੂ ਅਲੈਹਿ ਤੇ ਸੱਲਮ ਦਾ ਇਰਸ਼ਾਦ ਹੈ ਕਿ ਕੋਈ ਬੰਦਾ ਅਜਿਹਾ ਨਹੀਂ ਕਿ "ਲਾਇੱਲਾ-ਹ-ਇੱਲੱਲਾਹ ਕਹੇ ਅਤੇ ਉਸਦੇ ਲਈ ਆਸਮ-ਾਨਾਂ ਦੇ ਦਰਵਾਜੇ ਨਾ ਖੁੱਲ੍ਹ ਜਾਣ, ਇੱਥੋਂ ਤੱਕ ਕਿ ਇਹ ਕਲਿਮਾ ਸਿੱਧਾ ਅਰਸ਼ ਤੱਕ ਪਹੁੰਚਦਾ ਹੈ, ਬਸ਼ਰਤੇ ਕਿ ਕਬੀਰਾ ਗੁਨਾਹਾਂ ਤੋਂ ਬਚਾਉਂਦਾ ਰਹੇ।

ਫ਼- ਕਿੰਨੀ ਵੱਡੀ ਫ਼ਜੀਲਤ ਹੈ ਅਤੇ ਕਬੂਲਿਅਤ ਦੀ ਇੰਤਹਾ ਹੈ ਕਿ ਇਹ ਕਲਿਮਾ ਬਰਾਹੇ ਰਾਸਤ ਅਰਸ਼ੇ ਮੌਲਾ ਤੱਕ ਪਹੁੰਚਦਾ ਹੈ ਅਤੇ ਇਹ ਹੁਣੇ ਮਾਲੂਮ ਹੋ ਗਿਆ ਹੈ ਕਿ ਜੇ ਕਬੀਰਾ ਗੁਨਾਹਾਂ ਦੇ ਨਾਲ ਵੀ ਕਿਹਾ ਜਾਵੇ ਤਾਂ, ਨਫੇ ਤੋਂ ਉਸ ਵਕਤ ਵੀ ਖਾਲੀ ਨਹੀਂ।

ਮੁੱਲਾ ਅਲੀ ਕਾਰੀ ਰਹਮਤ ਫਰਮਾਂਉਦੇ ਹਨ ਕਿ ਕਬਾਇਰ ਤੋਂ ਬਚਣ ਦੀ ਸ਼ਰਤ ਕਬੂਲ ਕੀਤੀ ਜਲਦੀ ਅਤੇ ਆਸਮਾਨ ਦੇ ਸਭ ਦਰਵਾਜੇ ਖੁੱਲ੍ਹਣ ਦੇ ਏਤਾਬਾਰ ਤੋਂ ਹੈ, ਨਹੀਂ ਤਾਂ ਸਬਾਬ ਅਤੇ ਕਬੂਲ ਤੋਂ ਕਬਾਇਰ (ਕਬੀਰ) ਦੇ ਨਾਲ ਵੀ ਖਾਲੀ ਨਹੀਂ।

ਬਾਜ ਉਲੇਮਾ ਨੇ ਇਸ ਹਦੀਸ ਦਾ ਇਹ ਮਤਲਬ ਬਿਆਨ ਫ਼ਰਮਾਇਆ ਹੈ ਕਿ ਅਜਿਹੇ ਸਖਸ਼ ਦੇ ਲਈ ਮਰਨ ਤੋਂ ਬਾਅਦ ਉਸਦੀ ਰੂਹ ਦੇ ਏਜਾਜ਼ ਵਿੱਚ ਅਸਮਾਨ ਦੇ ਸਾਰੇ ਦਰਵਾਜੇ ਖੁੱਲ੍ਹ ਜਾਣਗੇ।

ਇੱਕ ਹਦੀਸ ਵਿੱਚ ਆਇਆ ਹੈ, ਦੋ ਕਲਮੇ ਅਜਿਹੇ ਹਨ ਕਿ ਉਨ੍ਹਾਂ ਵਿੱਚੋਂ ਇੱਕ ਲਈ ਅਰਸ਼ ਦੇ ਹੇਠਾਂ ਕੋਈ ਮੁਨਤਹਾ ਨਹੀਂ। ਦੂਸਰਾ ਆਸਮਾਨ ਅਤੇ ਜ਼ਮੀਨ ਨੂੰ (ਆਪਣੇ ਨੂਰ ਜਾਂ ਆਪਣੇ ਅਜਰ ਤੋਂ) ਭਰ ਦੇ -

ਇੱਕ "ਲਾਈਲਾ-ਹ ਇੱਲਅੱਲ੍ਹਾਹ" ਹੈ, ਦੂਸਰਾ "ਅੱਲਾਹੂ ਅਕਬਰ' (ਕਬੀਰ) ਹੈ।

## "ਪਰਮੇਸ਼ਵਰ ਕਬੀਰ ਜੀ ਦੀ ਕਿਰਪਾ ਨਾਲ ਸੁੱਖੀ ਹੋਏ ਇਨਸਾਨ"

### ਪਰਮਾਤਮਾ ਨੇ ਕੀਤੀ ਜੀਵਨ ਰਕਸ਼ਾ

॥ ਬੰਦੀ ਛੋੜ ਸੰਤ ਰਾਮਪਾਲ ਜੀ ਮਹਾਰਾਜ ਦੀ ਜੈ॥

ਇਸ ਦਾਸ ਦਾ ਨਾਮ ਰੋਹਿਤ ਪੁੱਤਰ ਸ਼੍ਰੀ ਰਾਮਬਾਬੂ ਦਾਸ ਵਾਸੀ ਓਦੈਪੁਰਾ ਜਿਲ੍ਹਾ ਰਾਏਸੇਨ (ਮੱਧ ਪ੍ਰਦੇਸ਼) ਹੈ। ਸਤਿਗੁਰੂ ਦੇਵ ਜੀ ਤੋਂ ਨਾਮ ਉਪਦੇਸ਼ ਲੈਣ ਤੋਂ ਪਹਿਲਾਂ ਮੇਰੇ ਘਰ ਦੀ ਆਰਥਿਕ ਸਥਿਤੀ ਬਹੁਤ ਖਰਾਬ ਸੀ। ਮੇਰੀ ਪਤਨੀ ਬਿਮਾਰ ਰਹਿੰਦੀ ਸੀ। ਇੰਨੀ ਪ੍ਰੇਸ਼ਾਨੀ ਹੋਣ ਦੇ ਬਾਵਜੂਦ ਵੀ ਅਸੀਂ ਦੇਵੀ ਦੇਵਤਿਆਂ ਦੀ ਭਗਤੀ ਕਰਦੇ ਰਹਿੰਦੇ ਸਨ। ਅਸੀਂ ਜੈਗੁਰੂਦੇਵ ਪੰਥ ਨਾਲ ਜੁੜੇ ਹੋਏ ਸੀ। ਲੇਕਿਨ ਕੋਈ ਫਾਇਦਾ ਨਹੀਂ ਹੋਇਆ। ਮੇਰੀ ਮਾਤਾ ਜੀ ਨੇ ਜੈਗੁਰੂਦੇਵ ਪੰਥ ਵਿੱਚ ਪਰਮਾਤਮਾ ਨੂੰ ਪਾਉਣ ਦੇ ਲਈ ਬਹੁਤ ਹੀ ਕਠਿਨ ਸਾਧਨਾ ਕੀਤੀ। 72 ਦਿਨ ਤੱਕ ਭੋਜਨ ਨਹੀਂ ਕੀਤਾ। ਉਹਨਾਂ ਦੇ ਹੱਥ ਪੈਰ ਬਿਲਕੁਲ ਹੀ ਕੰਮ ਕਰਨਾ ਬੰਦ ਕਰ ਗਏ। ਉਹਨਾਂ ਦੀ ਹਾਲਤ ਇੰਨੀ ਖਰਾਬ ਹੋ ਗਈ ਸੀ ਕਿ ਉਹ ਆਪਣੇ ਹੱਥਾਂ ਨਾਲ ਖਾਣਾ ਵੀ ਨਹੀਂ ਖਾ ਪਾਉਂਦੇ ਸੀ।

ਇੱਕ ਵਾਰ ਅਸੀ ਜੈਗੁਰੂਦੇਵ ਮਥੁਰਾ ਗਏ ਹੋਏ ਸੀ। ਉੱਥੇ ਸੰਤ ਰਾਮਪਾਲ ਜੀ ਦੇ ਭਗਤਾਂ ਨੇ ਪੁਸਤਕਾਂ ਵੰਡੀਆਂ। ਪ੍ਰੋਗਰਾਮ ਦੇ ਦੌਰਾਨ ਉੱਥੇ ਉਸ ਪੁਸਤਕ ਦੇ ਬਾਰੇ ਵਿੱਚ ਦੱਸਿਆ ਕਿ ਕੋਈ ਵਿਅਕਤੀ ਇਸ ਪੁਸਤਕ ਨੂੰ ਖੋਲ੍ਹ ਕੇ ਨਾ ਪੜੇ। ਇਸਨੂੰ ਪੜ੍ਹਨ ਨਾਲ ਆਪ ਜੀ ਬੁੱਧੀ ਭ੍ਰਿਸ਼ਟ ਹੋ ਜਾਵੇਗੀ। ਅਜਿਹਾ ਉਹਨਾਂ ਲੋਕਾਂ ਨੇ ਬੋਲਿਆ ਅਤੇ ਜੋ ਸੰਤ ਰਾਮਪਾਲ ਜੀ ਦੇ ਸ਼ਿਸ਼ ਜੋ ਉੱਥੇ ਪੁਸਤਕ ਵੰਡ ਰਹੇ ਸੀ , ਬਾਬਾ ਜੈਗੁਰੂਦੇਵ ਦੇ ਭਗਤਾਂ ਨੇ ਉਹਨਾਂ ਨੂੰ ਫੜ੍ਹ ਕੇ ਕੁੱਟਿਆ। ਸਾਰੀਆਂ ਪੁਸਤਕਾਂ ਨੂੰ ਇੱਕਠਾ ਕਰਕੇ ਜਲਾ ਦਿੱਤਾ। ਉਸ ਸਮੇਂ ਦਾਸ ਦੇ ਮਨ ਵਿੱਚ ਆਇਆ ਕਿ ਆਖਿਰ ਇਸ ਪੁਸਤਕ ਵਿੱਚ ਇਸ ਤਰ੍ਹਾਂ ਦਾ ਕੀ ਹੈ? ਲੇਕਿਨ ਮੈਨੂੰ ਉਹ ਪੁਸਤਕ ਪ੍ਰਾਪਤ ਨਹੀਂ ਹੋ ਸਕੀ ਸੀ। ਕੁਝ ਸਮੇਂ ਬਾਅਦ ਪਿੰਡ ਦੇ ਇੱਕ ਭਗਤ ਨੇ ਗਿਆਨ ਗੰਗਾ ਪੁਸਤਕ ਲਿਆ ਕੇ ਦਿੱਤੀ। ਟੀ.ਵੀ. ਤੇ ਸਤਿਸੰਗ ਵੀ ਦਿਖਾਇਆ। ਗਿਆਨ ਸਮਝ ਕੇ ਦਾਸ ਉਹਨਾਂ ਦੇ ਨਾਲ ਸਤਲੋਕ ਆਸ਼ਰਮ ਬਰਵਾਲਾ ਵਿੱਚ ਆਇਆ ਅਤੇ ਨਾਮ ਉਪਦੇਸ਼ ਲੈ ਲਿਆ। ਉਪ-ਦੇਸ਼ ਲੈਣ ਤੋਂ ਬਾਅਦ ਲਾਭ ਹੀ ਲਾਭ ਮਿਲਦੇ ਗਏ।

ਇੱਕ ਵਾਰ ਮੇਰੀ ਪਤਨੀ (ਭਗਤਮਤੀ ਰਾਧਾ) ਦੇ ਛਾਤੀ ਵਿੱਚ ਤੇਜ ਦਰਦ ਹੋਇਆ। ਮੈਂ ਉਸ ਨੂੰ ਉਪਦੇਸ਼ ਲਈ ਕਿਹਾ, ਲੇਕਿਨ ਉਸ ਨੂੰ ਪਰਮਾਤਮਾ 'ਤੇ ਵਿਸ਼ਵਾਸ ਨਹੀਂ ਸੀ, ਪਰ ਦਰਦ ਵੱਧਣ ਤੇ ਉਸਨੇ ਸਤਲੋਕ ਆਸ਼ਰਮ ਬਰਵਾਲਾ ਜਾਣ ਦਾ ਵਿਚਾਰ ਕੀਤਾ। ਠੰਡ ਦੇ ਦਿਨ ਸੀ। ਰੇਲਗੱਡੀ ਵਿੱਚ ਬਹੁਤ ਤੇਜ ਠੰਡ ਲੱਗ ਰਹੀ ਸੀ। ਮੇਰੀ ਪਤਨੀ ਨੇ ਮਨ ਹੀ ਮਨ ਵਿੱਚ ਕਿਹਾ ਕਿ ਜੇਕਰ ਪਰਮਾਤਮਾ ਹੋਂ ਤਾਂ ਮੈਨੂੰ ਠੰਡ ਤੋਂ ਬਚਾਓ। ਕੁੱਝ ਦੇਰ ਬਾਅਦ ਇੱਕ ਸਫੈਦ ਕੰਬਲ ਮੇਰੀ ਪਤਨੀ ਦੇ ਉਪਰ ਆ ਕੇ ਡਿੱਗਿਆ। ਮੈਂ ਪੁੱਛਿਆ ਇਹ ਕੰਬਲ ਕਿਸਦਾ ਹੈ? ਜਿੰਨੇ ਵੀ ਲੋਕ ਕੈਬਿਨ ਵਿੱਚ ਬੈਠੇ ਸੀ, ਸਾਰਿਆਂ ਨੇ ਮਨ੍ਹਾਂ ਕਰ ਦਿੱਤਾ। ਮੈ ਕਿਹਾ ਇਹ ਕੰਬਲ ਪਰਮਾਤਮਾ ਨੇ ਦਿੱਤਾ ਹੈ।

ਤਦ ਮੇਰੀ ਪਤਨੀ ਨੂੰ ਬਰਵਾਲਾ ਪਹੁੰਚਣ ਤੋਂ ਪਹਿਲਾਂ ਹੀ ਪਰਮਾਤਮਾ 'ਤੇ ਪੂਰਣ ਵਿਸ਼ਵਾਸ ਹੋ ਗਿਆ ਅਤੇ ਸਤਲੋਕ ਆਸ਼ਰਮ ਬਰਵਾਲਾ ਪਹੁੰਚਦੇ ਹੀ ਉਸਨੇ ਨਾਮ ਉਪਦੇਸ਼ ਲਿਆ। ਨਾਮ ਉਪਦੇਸ਼ ਲੈਣ ਤੋਂ ਬਾਅਦ ਹੀ ਉਹਨਾਂ ਦੇ ਸੀਨੇ ਦਾ ਦਰਦ ਠੀਕ ਹੋ ਗਿਆ।

ਸਭ ਤੋਂ ਵੱਡਾ ਲਾਭ ਪਰਮਾਤਮਾ ਨੇ ਮੇਰੇ ਛੋਟੇ ਪੁੱਤਰ ਅਰੁਣਦਾਸ ਨੂੰ ਨਵਾਂ ਜੀਵਨ ਦਾਨ ਦੇ ਕੇ ਕੀਤਾ। ਉਸ ਨੂੰ ਇੱਕ ਰਾਤ 10-11 ਵਜੇ ਦੇ ਆਸ ਪਾਸ ਇਕਦਮ ਸੀਨੇ ਵਿੱਚ ਦਰਦ ਅਤੇ ਸਾਹ ਲੈਣ ਵਿੱਚ ਦਿੱਕਤ ਹੋਣ ਲੱਗੀ। ਉਹ ਪੂਰਾ ਪਸੀਨੇ ਨਾਲ ਭਿੱਜ ਗਿਆ ਅਤੇ ਬੈੱਡ ਤੋਂ ਥੱਲੇ ਡਿੱਗ ਗਿਆ। ਬੇਟੇ ਦੀ ਹਾਲਤ ਦੇਖ ਕੇ ਤਾਂ ਮੈਂ ਉਸ ਨੂੰ ਮਰਿਆ ਮੰਨ ਲਿਆ ਸੀ। ਮੇਰੀ ਬੇਟੀ ਨੇ ਕਿਹਾ ਕਿ ਸਤਿਗੁਰੂ ਦੇਵ ਜੀ ਨੂੰ ਅਰਦਾਸ ਲਗਾ ਲਓ। ਮੈਂ ਕਿਹਾ ਕਿ ਰਾਤ 11 ਵਜੇ ਅਰਦਾਸ ਨਹੀਂ ਲੱਗਦੀ ਅਤੇ ਮੇਰੇ ਕੋਲ ਆਸ਼ਰਮ ਵਿੱਚ ਅਰਦਾਸ ਲਗਾਉਣ ਵਾਲਾ ਨੰਬਰ ਵੀ ਨਹੀਂ ਹੈ। ਮੇਰੀ ਬੇਟੀ ਨੇ ਮੋਬ-ਾਇਲ ਤੋਂ ਸੰਭਾਗ ਕੋਰਡੀਨੇਟਰ ਤੋਂ ਅਰਦਾਸ ਦਾ ਮੋਬਾਇਲ ਨੰਬਰ ਲੈ ਕੇ ਸਤਿਗੁਰੂ ਦੇਵ ਜੀ ਨੂੰ ਅਰਦਾਸ ਲਗਾਈ। ਅਰਦਾਸ ਲਗਾਉਣ ਦੇ ਬਾਅਦ ਬੇਟਾ ਸਾਹ ਲੈਣ ਲੱਗਿਆ। ਅਸੀਂ ਉਸ ਨੂੰ ਤੁਰੰਤ ਹਸਪਤਾਲ ਲੈ ਕੇ ਗਏ ਉਹਨਾਂ ਨੇ ਕਿਹਾ ਕਿ ਤੁਹਾਡੇ ਕੋਲ਼ ਇੱਕ ਘੰਟਾ ਹੈ। ਇਹ ਕਹਿ ਕੇ ਦੂਸਰੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਪਰ ਉੱਥੇ ਵੀ ਇੱਕ ਬੋਤਲ ਲਗਾ ਕੇ ਤੀਜੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਉੱਥੇ 15 ਦਿਨ ਤੱਕ ਮੇਰੇ ਬੇਟੇ ਨੂੰ ਆਕਸੀਜਨ ਲੱਗੀ ਰਹੀ। ਉਸ ਤੋਂ ਬਾਅਦ ਸਾਰੀ ਰਿਪੋਰਟ ਨਾਰਮਲ ਆ ਰਹੀ ਸੀ। ਡਾਕਟਰ ਵੀ ਹੈਰਾਨ ਸੀ। ਉਹਨਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਬਿਮਾਰੀ ਕੀ ਹੈ ? ਰਿਪੋਰਟ ਸਾਰੀ ਨਾਰਮਲ ਆ ਰਹੀ ਹੈ। ਇਹ ਬਹੁਤ ਵੱਡਾ ਚਮਤਕਾਰ ਮਾਲਕ ਨੇ ਕੀਤਾ, ਲੜਕਾ ਪੂਰਣ ਰੂਪ ਨਾਲ ਸਵਸਥ ਹੋ ਗਿਆ।

ਸਤਿਗੁਰੂ ਜੋ ਚਾਹੇ ਸੋ ਕਰਹੀਂ,ਚੋਦਹਾ ਕੋਟਿ ਦੂਤ ਜਮ ਡਰਹੀਂ।

ਊਤ ਭੂਤ ਜਮ ਤ੍ਰਾਸ ਨਿਵਾਰੈਂ,ਚਿਤਰ - ਗੁਪਤ ਕੇ ਕਾਗਜ ਫਾਰੈਂ॥

ਇੱਕ ਵਾਰ ਮੇਰਾ ਵੱਡਾ ਬੇਟਾ ਅਰੁਣ ਦਾਸ ਕਾਲਜ ਤੋਂ ਘਰ ਆ ਰਿਹਾ ਸੀ। ਉਸ ਦੀ ਬਸ ਦਾ ਐਕਸੀਡੈਂਟ ਹੋ ਗਿਆ ਉਸ ਵਿੱਚ ਤਿੰਨ ਬੱਚਿਆਂ ਦੀ ਮੌਤ ਹੋ ਗਈ ਪਰ ਮੇਰੇ ਬੱਚੇ ਨੂੰ ਮਾਮੂਲੀ ਝਰੀਟ ਹੀ ਆਈ ਅਤੇ ਮੇਰੇ ਬੇਟੇ ਨੂੰ ਪਰਮਾਤਮਾ ਨੇ ਨਵਾਂ ਜੀਵਨ ਦਾਨ ਦਿੱਤਾ।

ਸਤਿਗੁਰੂ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲੈਣ ਤੋਂ ਬਾਅਦ ਹੁਣ ਮੇਰੀ ਮਾਤਾ ਜੀ ਵੀ ਹੱਥ ਨਾਲ ਕੰਮ ਕਰਨ ਲੱਗੇ ਹਨ। ਹੁਣ ਉਹ ਆਪਣੇ ਹੱਥਾਂ ਨਾਲ ਖਾਣਾ ਖਾ ਪਾਉਂਦੀ ਹੈ। ਅੱਜ ਪਰਮਾਤਮਾ ਤੋਂ ਨਾਮ ਉਪਦੇਸ਼ ਲੈਣ ਤੋਂ ਬਾਅਦ ਸਾਡੀ ਆਰਥਿਕ ਸਥਿਤੀ ਬਿਲਕੁਲ ਠੀਕ ਹੈ ਅਤੇ ਅਸੀਂ ਸਹਿ ਪਰਿਵਾਰ ਪੂਰਣ ਰੂਪ ਨਾਲ ਠੀਕ ਹਾਂ ਅਤੇ ਪਰਮਾਤਮਾ ਦੀ ਭਗਤੀ ਕਰ ਰਹੇ ਹਾਂ। ਤੁਹਾਨੂੰ ਸਾਰਿਆਂ ਨੂੰ ਹੱਥ ਜੋੜ੍ਹ ਕੇ ਪ੍ਰਾਰਥਨਾ ਹੈ ਕਿ ਪੂਰਣ ਪਰਮਾਤਮਾ ਧਰਤੀ ਉੱਤੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਰੂਪ ਵਿੱਚ ਆਏ ਹੋਏ ਹਨ। ਉਹਨਾਂ ਨੂੰ ਪਹਿਚਾਣੋ ਅਤੇ ਨਾਮ ਉਪਦੇਸ਼ ਲੈ ਕੇ ਆਪਣਾ ਕਲਿਆਣ ਕਰਵਾਓ ਅਤੇ ਜਨਮ ਮਰਣ ਤੋਂ ਛੁਟਕਾਰਾ ਪਾਓ।

॥ਸਤ ਸਾਹਿਬ ਜੀ॥

ਭਗਤ ਰੋਹਿਤ ਦਾਸ
ਪਿੰਡ - ਉਦੇਪੁਰਾ,ਜ਼ਿਲਾ ਰਾਯਸੇਨ (ਮੱਧ ਪ੍ਰਦੇਸ਼)
ਸੰਪਰਕ ਸੂਤਰ - 91094 77619

## "ਗੁਰਦੇ ਠੀਕ ਕਰਨਾ ਅਤੇ ਸ਼ੈਤਾਨ ਨੂੰ ਇਨਸਾਨ ਬਣਾਉਣਾ"

ਮੈਂ ਭਗਤ ਜਗਦੀਸ਼ ਪੁੱਤਰ ਸ਼੍ਰੀ ਪ੍ਰਭੂਰਾਮ, ਪਿੰਡ-ਪੰਜਾਬ ਖੋੜ੍ਹ, ਦਿੱਲੀ-81। ਡੀ.ਟੀ.ਸੀ. (ਦਿੱਲੀ ਟ੍ਰਾਂਸਪੋਰਟ ਕਾਰਪੋਰੇਸ਼ਨ) ਵਿੱਚ ਮਕੈਨਿਕ ਹਾਂ। ਮੈਨੂੰ ਸ਼ਰਾਬ ਨੇ ਰਾਕਸ਼ਸ਼ ਵਿਰਤੀ ਦਾ ਇਨਸਾਨ ਬਣਾ ਦਿੱਤਾ ਸੀ। ਸ਼ਰਾਬ ਪੀਣਾ, ਮੁਰਗਾ ਖਾਣਾ, ਸਿਗਰਟ ਪੀਣਾ, ਹੁੱਕਾ ਪੀਣਾ।

ਮੈਂ ਨੌਕਰੀ ਤੋਂ ਸ਼ਾਮ ਨੂੰ ਲਗਭਗ 7 ਜਾਂ 8 ਵਜੇ ਆ ਜਾਂਦਾ ਸੀ। ਕਈ ਵਾਰ ਘਰ ਆਉਣ 'ਤੇ ਸ਼ਰਾਬ ਜ਼ਿਆਦਾ ਪੀਣ 'ਤੇ 9 ਜਾਂ 10 ਵੀ ਵੱਜ ਜਾਂਦੇ ਸਨ। ਸ਼ਰਾਬ ਵਿੱਚ ਪਾਗਲ ਹੋਇਆ ਇੱਕ ਵਾਰ ਇੱਧਰ ਇੱਕ ਵਾਰ ਉੱਧਰ ਲੜਖੜਾਉਂਦੇ ਹੋਏ ਪੈਰਾਂ ਨਾਲ ਘਰ ਵਿੱਚ ਵੜਦਾ ਸੀ। ਆਉਂਦੇ ਹੀ ਪਤਨੀ ਅਤੇ ਬੱਚਿਆਂ ਨੂੰ ਕੁੱਟਣਾ ਸ਼ੁਰੂ ਕਰ ਦੇਣਾ, ਹਰ ਰੋਜ਼ ਘਰ ਵਿੱਚ ਕਹਿਰ ਹੁੰਦਾ ਸੀ। ਜਿਹਨਾਂ ਬੱਚਿਆਂ ਨੂੰ ਪਿਆਰ ਨਾਲ ਛਾਤੀ ਨਾਲ ਲਗਾਉਣਾ ਚਾਹੀਦਾ ਸੀ ਉਹ ਮਾਸੂਮ ਬੱਚੇ ਮੈਨੂੰ ਦੇਖਕੇ ਮੰਜੇ ਹੇਠਾਂ ਲੁੱਕ ਜਾਂਦੇ ਸਨ। ਬੱਚੇ ਆਪਣੇ ਪਿਤਾ ਜੀ ਦੇ ਘਰ ਆਉਣ ਦੀ ਰਾਹ ਦੇਖਦੇ ਹਨ ਕਿ ਪਾਪਾ ਜੀ ਆਉਣਗੇ, ਸਾਡੇ ਲਈ ਖਾਣ ਦੀ ਕੋਈ ਚੀਜ਼ ਲਿਆਉਣਗੇ। ਪਰ ਮੈਂ ਖਾਣ ਦੀਆਂ ਚੀਜ਼ਾਂ ਦੀ ਬਜਾਏ ਸ਼ਰਾਬ ਵਿੱਚ ਪਾਗਲ ਹੋਇਆ ਲਾਲ ਅੱਖਾਂ ਨਾਲ ਉਨ੍ਹਾਂ ਨੂੰ ਮਾਰਨ ਲੱਗ ਜਾਂਦਾ ਸੀ।

ਦੂਸਰੇ ਪਾਸੇ ਮੇਰੀ ਧਰਮ ਪਤਨੀ ਸੁਮਿਤਰਾ ਦੇਵੀ ਵੀ ਆਪਣੇ ਦੁੱਖੀ ਜੀਵਨ ਦੇ ਨਾਲ ਖਤਰਨਾਕ ਬਿਮਾਰੀ ਨਾਲ ਜੂਝਦੀ ਹੋਈ ਆਪਣੇ ਸਾਹ ਪੂਰੇ ਕਰ ਰਹੀ ਸੀ। ਉਸਦੇ ਦੋਵੇਂ ਗੁਰਦੇ ਖਰਾਬ ਹੋ ਚੁੱਕੇ ਸਨ। ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਦਵਾਈ ਖਾਂਦੇ ਰਹੋ। ਪਰ ਛੇ ਮਹੀਨੇ ਤੋਂ ਜ਼ਿਆਦਾ ਇਹ ਜੀਵਿਤ ਨਹੀਂ ਰਹਿ ਸਕਦੀ। ਆਲ ਇੰਡੀਆ ਮੈਡੀਕਲ ਤੇ ਡਾ.ਰਾਮ ਮਨੋਹਰ ਲੋਹੀਆ ਹਸਪਤਾਲ ਦਿੱਲੀ ਤੋਂ ਵੀ ਇਹ ਰਿਪੋਰਟ ਮਿਲੀ ਕਿ ਗੁਰਦੇ ਖਰਾਬ ਹੋ ਚੁੱਕੇ ਹਨ ਅਤੇ ਛੇ ਮਹੀਨੇ ਤੋਂ ਜ਼ਿਆਦਾ ਜੀਵਤ ਨਹੀਂ ਰਹਿ ਸਕਦੀ ਅਤੇ ਨਾਲ ਹੀ ਦਵਾਈ ਆਖਰੀ ਸਮੇਂ ਤੱਕ ਖਾਣੀ ਪਵੇਗੀ। ਉਨ੍ਹਾਂ ਮਾਸੂਮ ਬੱਚਿਆਂ ਦਾ ਕੀ ਹਾਲ ਹੋਵੇਗਾ ਜਿਸਦਾ ਪਿਤਾ ਸ਼ਰਾਬ ਪੀਂਦਾ ਹੋਵੇ, ਮਾਂ ਮੌਤ ਦੇ ਮੂੰਹ ਵਿੱਚ ਹੋਵੇ। ਕੋਈ ਵਜਨ ਦਾ ਕੰਮ ਵੀ ਨਹੀਂ ਕਰ ਸਕਦੀ। ਤਾਂ ਉਨ੍ਹਾਂ ਬੱਚਿਆਂ ਨੂੰ ਜਦ ਇਹ ਪਤਾ ਚੱਲਿਆ ਕਿ ਉਨ੍ਹਾਂ ਦੀ ਮੰਮੀ (ਮਾਤਾ ਜੀ) ਛੇ ਮਹੀਨੇ ਤੋਂ ਜ਼ਿਆਦਾ ਜੀਵਤ ਨਹੀਂ ਰਹੇਗੀ ਤਾਂ ਉਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਹੰਝੂ ਵਹਿੰਦੇ ਰਹਿੰਦੇ ਸੀ। ਇੱਕ ਤਾਂ ਪਿਤਾ ਜੀ ਸ਼ਰਾਬੀ ਅਤੇ ਦੂਸਰੇ ਪਾਸੇ ਸਾਡੀ ਮਾਤਾ ਜੀ ਜਾਨਲੇਵਾ ਬੀਮਾਰੀ ਤੋਂ ਪੀੜਤ, ਸਾਡਾ ਕੀ ਹੋਵੇਗਾ? ਤਿੰਨੇ ਲੜਕੇ ਅਤੇ ਇੱਕ ਲੜਕੀ ਆਪਣੀ ਮਾਤਾ ਜੀ ਦੇ ਕੋਲ ਆ ਕੇ ਰੋਣ ਲੱਗੇ ਅਤੇ ਕਿਹਾ ਕਿ ਹੇ ਭਗਵਾਨ ਸਾਨੂੰ ਸਭ ਨੂੰ ਵੀ ਸਾਡੀ ਮਾਤਾ ਜੀ ਦੇ ਨਾਲ ਹੀ ਆਪਣੇ ਪਾਸ ਬੁਲਾ ਲੈਣਾ। ਇੱਥੇ ਕਿਸਦੇ ਸਹਾਰੇ ਜੀਵਾਂਗੇ?

ਪ੍ਰਮਾਤਮਾ ਨੇ ਉਨ੍ਹਾਂ ਬੱਚਿਆਂ ਦੀ ਵੀ ਪੁਕਾਰ ਸੁਣੀ ਅਤੇ ਸਾਡੇ ਸ਼ੁੱਭ ਕਰਮ ਜਾਗ ਪਏ ਸਾਡੇ ਗੁਆਂਢ ਵਿੱਚ ਹੀ ਭਗਤਮਤੀ ਨਿਹਾਲੀ ਦੇਵੀ ਨੇ ਆਪਣੇ ਗੁਰੂਦੇਵ ਸੰਤ ਰਾਮਪਾਲ ਜੀ ਮਹਾਰਾਜ ਦੀ ਆਗਿਆ ਅਨੁਸਾਰ 30-31-1 ਜਨਵਰੀ 1997 ਨੂੰ ਸਤਿਗੁਰੂ ਗਰੀਬਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦਾ ਤਿੰਨ ਦਿਨ ਦਾ ਆਖੰਡ ਪਾਠ ਆਪਣੇ ਘਰ ਕਰਵਾਇਆ। ਜਿਸ ਵਿੱਚ ਸੰਤ ਰਾਮਪਾਲ ਜੀ ਮਹਾਰਾਜ ਨੇ 31 ਦਿਸੰਬਰ 1996 ਨੂੰ ਰਾਤ ਨੂੰ 9 ਤੋਂ 11 ਵਜੇ ਤੱਕ ਸਤਿਸੰਗ ਕੀਤਾ। ਮੇਰੀ

ਪਤਨੀ ਸੁਮਿਤਰਾ ਦੇਵੀ ਵੀ ਗੁਆਂਢ ਵਿੱਚ ਸਤਿਸੰਗ ਸੁਣਨ ਚਲੀ ਗਈ। ਥੋੜ੍ਹੀ ਦੇਰ ਬਾਅਦ ਮੈਂ (ਜਗਦੀਸ਼) ਵੀ ਆਪਣੀ ਨੌਕਰੀ ਤੋਂ ਘਰ ਆ ਗਿਆ। ਘਰ ਆਉਣ ਤੋਂ ਬਾਅਦ ਬੱਚਿਆਂ ਤੋਂ ਪਤਾ ਲੱਗਾ ਕਿ ਸਾਡੀ ਮਾਤਾ ਜੀ ਗੁਆਂਢ ਵਿੱਚ ਮਾਈ ਨਿਹਾਲੀ ਦੇਵੀ ਦੇ ਘਰ ਸਤਿਸੰਗ ਸੁਣਨ ਦੇ ਲਈ ਗਈ ਹੈ। ਇਹ ਸੁਣ ਕੇ ਮੈਂ ਬਹੁਤ ਗੁੱਸੇ ਹੋਇਆ ਕਿ ਕਿੱਥੇ ਪਾਖੰਡੀਆਂ ਦੇ ਕੋਲ਼ ਚਲੀ ਗਈ? ਮੈਂ ਹੁਣੇ ਉਸਨੂੰ ਕੁੱਟਦੇ ਹੋਏ ਘਰ ਲਿਆਉਂਦਾ ਹਾਂ। ਇਹ ਵਿਚਾਰ ਕਰਕੇ ਮੈਂ ਭਗਤਮਤੀ ਨਿਹਾਲੀ ਦੇਵੀ ਦੇ ਘਰ ਚਲਿਆ ਗਿਆ। ਮੈਂ ਸ਼ਰਾਬ ਪੀਤੀ ਹੋਈ ਸੀ। ਜਦ ਮੈਂ ਨਿਹਾਲੀ ਮਾਈ ਦੇ ਘਰ ਪਹੁੰਚਿਆ ਤਾਂ ਸੰਤ ਰਾਮਪਾਲ ਜੀ ਮਹਾਰਾਜ ਸਤਿਸੰਗ ਕਰ ਰਹੇ ਸਨ। ਬਹੁਤ ਸੰ-ਖਆ ਵਿੱਚ ਭਗਤਜਨ ਸਤਿਸੰਗ ਸੁਣ ਰਹੇ ਸਨ। ਉਨ੍ਹਾਂ ਸਭ ਨੂੰ ਦੇਖਕੇ ਮੈਂ ਕੁਝ ਨਹੀਂ ਬੋਲਿਆ ਤੇ ਚੁੱਪਚਾਪ ਸਭ ਤੋਂ ਪਿੱਛੇ ਬੈਠ ਗਿਆ। ਮੈਂ ਸਤਿਸੰਗ ਸੁਣਿਆ। ਸਤਿਸੰਗ ਵਿੱਚ ਮਹਾਰਾਜ ਜੀ ਨੇ ਦੱਸਿਆ ਕਿ:

ਸ਼ਰਾਬ ਪੀਵੇ ਕੜਵਾ ਪਾਨੀ, ਸੱਤਰ ਜਨਮ ਸ਼ਵਾਨ ਕੇ ਜਾਨੀ।
ਗਰੀਬ , ਸੋ ਨਾਰੀ ਜਾਰੀ ਕਰੇ , ਸੁਰਾਪਾਨ ਸੋ ਬਾਰ।
ਏਕ ਚਿਲਮ ਹੁੱਕਾ ਭਰੈਂ , ਡੁਬੈਂ ਕਾਲੀ ਧਾਰ ॥
ਕਬੀਰ, ਮਾਨੁਸ਼ ਜਨਮ ਪਾਏ ਕਰ, ਨਹੀਂ ਭਜੇ ਹਰਿ ਨਾਮ।
ਜੈਸੇ ਕੂਆ ਜਲ ਬਿਨਾ, ਖੁਦਵਾਯਾ ਕਿਸ ਕਾਮ ॥

ਮਹਾਰਾਜ ਜੀ ਨੇ ਸਤਿਸੰਗ ਵਿੱਚ ਦੱਸਿਆ ਕਿ ਜਿਹਨਾਂ ਬੱਚਿਆ ਨੂੰ ਪਿਤਾ ਜੀ ਨੂੰ ਸੀਨੇ ਨਾਲ ਲਗਾਉਣਾ ਚਾਹੀਦਾ ਹੈ, ਉਹ ਸ਼ਰਾਬੀ ਵਿਅਕਤੀ ਨੂੰ ਦੇਖਕੇ ਬੱਚੇ ਮੰਜੇ ਦੇ ਹੇਠਾਂ ਛੁਪ ਜਾਂਦੇ ਹਨ। ਸ਼ਰਾਬੀ ਵਿਅਕਤੀ ਆਪ ਵੀ ਦੁੱਖੀ, ਧਨ ਹਾਨੀ, ਸਮਾਜ ਵਿੱਚ ਇੱਜ਼ਤ ਖਤਮ ਅਤੇ ਪਰਿਵਾਰ ਅਤੇ ਗੁਆਂਢ ਅਤੇ ਰਿਸ਼ਤੇਦਾਰਾਂ ਤੱਕ ਨੂੰ ਪਰੇਸ਼ਾਨ ਕਰਕੇ ਬਦ ਦੁਆਵਾਂ ਪ੍ਰਾਪਤ ਕਰਦਾ ਹੈ। ਜਿਵੇਂ ਸ਼ਰਾਬੀ ਦੀ ਪਤਨੀ ਤੇ ਬੱਚੇ ਤਾਂ ਕਹਿਰ ਦਾ ਸ਼ਿਕਾਰ ਹੁੰਦੇ ਹਨ। ਪ੍ਰੰਤੂ ਪਤਨੀ ਦੇ ਮਾਤਾ-ਪਿਤਾ, ਭੈਣ-ਭਾਈ ਵੀ ਦਿਨ-ਰਾਤ ਚਿੰਤਤ ਰਹਿੰਦੇ ਹਨ। ਸਰਵ ਪਾਪ ਦਾ ਭਾਰ ਉਸ ਨਾਦਾਨ ਸ਼ਰਾਬੀ ਦੇ ਸਿਰ ਉੱਤੇ ਆ ਜਾਂਦਾ ਹੈ। ਮਨੁੱਖ ਜਨਮ ਪ੍ਰਭੂ ਨੇ ਭਗਤੀ ਕਰਕੇ ਆਤਮ ਕਲਿਆਣ ਦੇ ਲਈ ਦਿੱਤਾ ਹੈ, ਇਸਨੂੰ ਸ਼ਰਾਬ ਆਦਿ ਵਿੱਚ ਨਸ਼ਟ ਨਹੀਂ ਕਰਨਾ ਚਾਹੀਦਾ। ਜਿਵੇਂ ਬੱਚਾ ਸਕੂਲ ਵਿੱਚ ਸਿੱਖਿਆ ਗ੍ਰਹਿਣ ਨਹੀਂ ਕਰਦਾ, ਅਵਾਰਾਗਰਦੀ ਵਿੱਚ ਘੁੰਮਦਾ ਰਹਿੰਦਾ ਹੈ। ਉਹ ਸਿੱਖਿਆ ਤੋਂ ਵਾਂਝਾ ਰਹਿ ਜਾਂਦਾ ਹੈ। ਫਿਰ ਸਾਰੀ ਉਮਰ ਮਜ਼ਦੂਰੀ ਕਰਕੇ ਗੁਜ਼ਾਰਾ ਕਰਦਾ ਹੈ। ਫਿਰ ਉਸਨੂੰ ਯਾਦ ਆਉਂਦਾ ਹੈ ਕਿ ਜੇ ਮੈਂ ਅਵਾਰਾਗਰਦੀ ਨਾ ਕਰਦਾ ਤਾਂ ਅੱਜ ਆਪਣੇ ਸਹਿਪਾਠੀਆਂ ਦੀ ਤਰ੍ਹਾਂ ਵੱਡਾ ਅਧਿਕਾਰੀ ਹੁੰਦਾ। ਪ੍ਰੰਤੂ ਹੁਣ ਕੀ ਬਣੇ, ਇਹ ਤਾਂ ਉਸ ਸਮੇਂ ਸੋਚਣਾ ਸੀ।

ਕਬੀਰ ਸਾਹਿਬ ਕਹਿੰਦੇ ਹਨ ਕਿ:-

ਆਛੇ ਦਿਨ ਪੀਛੇ ਗਯੇ, ਗੁਰੂ ਸੇ ਕੀਯਾ ਨਾ ਹੇਤ।
ਅਬ ਪਛਤਾਵਾ ਕਯਾ ਕਰੇ, ਜਬ ਚਿੜੀਆਂ ਚੁਗ ਗਈਂ ਖੇਤ॥

ਇਸ ਪ੍ਰਕਾਰ ਜੇਕਰ ਮਨੁੱਖ ਜਨਮ ਵਿੱਚ ਜੋ ਪਾਣੀ ਪ੍ਰਭੂ ਭਗਤੀ ਨਹੀਂ ਕਰਦਾ ਉਹ ਪਸ਼ੂ-ਪੰਛੀਆਂ ਦੀ ਜੂਨੀਆਂ ਨੂੰ ਪ੍ਰਾਪਤ ਹੁੰਦਾ ਹੈ। ਜੋ ਵਿਅਕਤੀ ਸ਼ਰਾਬ ਪੀਂਦਾ

ਹੈ, ਉਹ ਸ਼ਰਾਬ ਦੇ ਨਸ਼ੇ ਵਿੱਚ ਭੋਜਨ ਦੀ ਭਰੀ ਥਾਲੀ ਨੂੰ ਲੱਤ ਮਾਰਦਾ ਹੈ। ਭਗਤੀ ਨਾ ਕਰਨ ਨਾਲ ਭਿੰਨ-ਭਿੰਨ ਪ੍ਰਾਣੀਆਂ ਦੀਆਂ ਜੂਨੀਆਂ ਵਿੱਚ ਕਸ਼ਟ ਉਠਾਉਂਦਾ ਹੈ। ਕਦੇ ਉਹ ਕੁੱਤੇ ਦੀ ਜੂਨੀ ਧਾਰਣ ਕਰਦਾ ਹੈ। ਕੁੱਤਾ ਸਾਰੀ ਰਾਤ ਸਰਦੀ ਵਿੱਚ ਗਲੀ ਵਿੱਚ ਰਹਿੰਦਾ ਹੈ। ਉੱਪਰ ਤੋਂ ਵਰਖਾ ਅਤੇ ਸਰਦੀ ਦੀ ਰਾਤ ਵਿੱਚ ਮਹਾਂਕਸ਼ਟ ਉਠਾਉਂ-ਦਾ ਹੈ। ਸਵੇਰੇ ਭੁੱਖ ਸਤਾਉਂਦੀ ਹੈ। ਕਿਸੇ ਘਰ ਦੀ ਰਸੋਈ ਵਿੱਚ ਵੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਘਰਵਾਲੇ ਡੰਡਾ ਜਾਂ ਪੱਥਰ ਮਾਰਦੇ ਹਨ। ਕੁੱਤਾ ਬਹੁਤ ਦੇਰ ਤੱਕ ਚਿਲਾਉਂਦਾ ਰਹਿੰਦਾ ਹੈ। ਫਿਰ ਹੋਰ ਘਰ ਵਿੱਚ ਵੜਦਾ ਹੈ, ਉੱਥੇ ਕੀ ਪਤਾ ਰੋਟੀ ਮਿਲੇਗੀ ਜਾਂ ਸੋਟੀ (ਡਾਂਗ)। ਜੇ ਉੱਥੇ ਵੀ ਡੰਡਾ ਨਸੀਬ ਵਿੱਚ ਹੋਇਆ ਤਾਂ ਉਹ ਸ਼ਰਾਬੀ ਜੋ ਹੁਣ ਕੁੱਤਾ ਬਣਿਆ ਹੈ , ਪਿੰਡ ਦੇ ਬਾਹਰ ਜਾਂਦਾ ਹੈ। ਭੁੱਖ ਨਾਲ ਵਿਆਕੁਲ ਹੋਇਆ ਮਨੁੱਖਾਂ ਦਾ ਮਲ (ਟੱਟੀ) ਖਾਂਦਾ ਹੈ। ਜੇਕਰ ਉਹ ਨਾਦਾਨ ਪ੍ਰਾਣੀ ਜਦ ਮਨੁੱਖ ਸਰੀਰ ਵਿੱਚ ਸੀ, ਸਤਿਸੰਗ ਵਿੱਚ ਆਉਂਦਾ, ਚੰਗੇ ਵਿਚਾਰ ਸੁਣਦਾ, ਬੁਰਾਈ ਤਿਆਗ ਕੇ ਆਪਣਾ ਕਲਿਆਣ ਕਰਵਾਉਂਦਾ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਪ੍ਰਭੂ ਦੀ ਦੀਖਿਆ ਪ੍ਰਦਾਨ ਕਰਵਾਉਂਦਾ, ਸਦਾ ਸੁਖੀ ਹੋ ਜਾਂਦਾ। ਸ਼ਰਾਬ ਦਾ ਨਸ਼ਾ ਕੁਝ ਸਮੇਂ ਰਹਿੰਦਾ ਹੈ। ਪ੍ਰਮਾਤਮਾ ਦੇ ਨਾਮ ਭਜਨ ਨਾਲ ਹੋਏ ਸੁੱਖ ਦਾ ਆਨੰਦ ਸਦਾ ਨਾਲ ਰਹਿੰਦਾ ਹੈ।

ਉਪਰੋਕਤ ਸਤਿਸੰਗ ਸਤਿਕਾਰਯੋਗ ਸੰਤ ਰਾਮਪਾਲਜੀ ਮਹਾਰਾਜ ਦਾ ਸੁਣ ਕੇ ਮੇਰੀ ਸ਼ਰਾਬ ਛੂ ਮੰਤ੍ਰ ਹੋ ਗਈ। ਅੱਖਾਂ ਵਿੱਚੋਂ ਹੰਝੂ ਬਹਿ ਚੱਲੇ। ਘਰ ਚਲਾ ਗਿਆ, ਨੀਂਦ ਨਾ ਆਈ।

1 ਜਨਵਰੀ 1997 ਦੁਪਹਿਰ 1:30 ਵਜੇ ਆਪਣੀ ਪਤਨੀ ਨੂੰ ਨਾਲ ਲੈ ਕੇ ਸੰਤ ਰਾਮਪਾਲ ਜੀ ਮਹਾਰਾਜ ਦੇ ਕੋ਼ਲ ਗਿਆ, ਉਨ੍ਹਾਂ ਤੋਂ ਆਤਮ ਕਲਿਆਣ ਦੇ ਲਈ ਉਪਦੇਸ਼ ਪ੍ਰਾਪਤ ਕੀਤਾ। ਉਸਦੇ ਬਾਅਦ ਅੱਜ (2005) ਤੱਕ ਸ਼ਰਾਬ, ਤੰਬਾਕੂ ਅਤੇ ਮਾਸ ਛੂਹਿਆ ਵੀ ਨਹੀਂ। ਮੇਰੀ ਪਤਨੀ ਨੇ ਵੀ ਸਤਿਗੁਰੂ ਰਾਮਪਾਲ ਜੀ ਤੋਂ ਉਪਦੇਸ਼ ਲਿਆ। ਉਸ ਦਿਨ ਦੇ ਬਾਅਦ ਉਹ ਬਿਲਕੁਲ ਠੀਕ ਹੈ। ਡਾਕਟਰਾਂ ਦੇ ਇਲਾਜ ਅਤੇ ਐਕਸ-ਰੇ ਆਦਿ ਦੀਆਂ ਰਿਪੋਰਟਾਂ ਅੱਜ ਵੀ ਸਾਡੇ ਘਰ ਪਈਆਂ ਹਨ। ਜਨ-ਜਨ ਨੂੰ ਦਿਖਾਉਂਦੇ ਹਾਂ।

ਮੇਰੀ ਸਭ ਨੂੰ ਪ੍ਰਾਰਥਨਾ ਹੈ ਕਿ ਆਪ ਵੀ ਪ੍ਰਭੂ ਦੇ ਚਰਣਾਂ ਵਿੱਚ ਆਉ। ਸੰਤ ਰੂਪ ਵਿੱਚ ਆਏ ਪ੍ਰਮੇਸ਼ਵਰ ਦੇ ਸੰਦੇਸ਼ ਵਾਹਕ ਸੰਤ ਰਾਮਪਾਲ ਜੀ ਨੂੰ ਪਹਿਚਾਣੋ। ਮੁਫਤ ਨਾਮ ਉਪਦੇਸ਼ ਪ੍ਰਾਪਤ ਕਰਕੇ ਕਿਰਪਾ ਕਰਕੇ ਆਪਣਾ ਕਲਿਆਣ ਕਰਵਾਉ।

॥ਸਤਿ ਸਾਹਿਬ॥

ਭਗਤ ਜਗਦੀਸ਼
ਪਿੰਡ : ਪੰਜਾਬਖੋੜ (ਦਿੱਲੀ)
ਸੰਪਰਕ ਨੰਬਰ: 9268475242

## “ਅਨਹੋਣੀ ਕੀਤੀ ਪਰਮਾਤਮਾ ਨੇ”

### (ਵਿਆਹ ਦੇ 16 ਸਾਲ ਬਾਅਦ ਸੰਤਾਨ ਪ੍ਰਾਪਤੀ)

ਸਤਿਗੁਰੂ ਕੇ ਦਰਬਾਰ ਮੇਂ ਕਮੀ ਕਾਹੇ ਕੀ ਨਾਹੀਂ। ਹੰਸਾ ਮੌਜ ਨ ਪਾਵਤਾ ਤੇਰੀ ਚੂਕ ਚਾਕਰੀ ਮਾਹੀਂ ॥

ਮੈਂ ਭਗਤ ਰਾਮਜੀ ਦਾਸ ਪਿੰਡ - ਕਟਰਾ ਪੋਸਟ- ਸਲੇਹਾ, ਜ਼ਿਲ੍ਹਾ - ਪੰਨਾ (ਮੱਧਪ੍ਰਦੇਸ਼) ਦਾ ਨਿਵਾਸੀ ਹਾਂ। ਮੈਂ ਬਚਪਨ ਤੋਂ ਪਰਮਾਤਮਾ ਦੀ ਖੋਜ ਵਿੱਚ ਲੱਗਿਆ ਹੋਇਆ ਸੀ ਅਤੇ ਹਿੰਦੂ ਧਰਮ ਦੇ ਮੰਦਰਾਂ ਤੇ ਧਾਮਾਂ ਆਦਿ ਤੇ ਜਾਂਦਾ ਰਹਿੰਦਾ ਸੀ। ਨਾਲ

ਹੀ ਇਕ ਕਬੀਰਪੰਥੀ ਸੰਤ ਤੋਂ ਨਾਮ- ਉਪਦੇਸ਼ ਵੀ ਲਿਆ ਹੋਇਆ ਸੀ। ਮੇਰੇ ਵਿਆਹ ਨੂੰ ਕਈ ਸਾਲ ਬੀਤ ਗਏ ਸਨ। ਪਰ ਸਾਨੂੰ ਕੋਈ ਸੰਤਾਨ ਪ੍ਰਾਪਤੀ ਨਹੀਂ ਹੋਈ। ਜਿੱਥੇ ਮੈਡੀਕਲ ਫੇਲ੍ਹ ਹੋ ਜਾਂਦਾ ਹੈ, ਉਥੇ ਪਰਮਾਤਮਾ ਦਾ ਵਿਧਾਨ ਸ਼ੁਰੂ ਹੁੰਦਾ ਹੈ।

ਕਈ ਜਗ੍ਹਾ (ਦੇਵੀ - ਦੇਵਤਿਆਂ ਦੇ ਕੋਲ ਮੰਦਰ - ਮਸਜਿਦ, ਝਾੜ-ਫੂੰਕ ਕਰਵਾਇਆ) ਗਏ, ਵੈਸ਼ਨੋ ਦੇਵੀ ਜੰਮੂ ਵੀ ਗਿਆ, ਵੱਡੇ-ਵੱਡੇ ਡਾਕਟਰਾਂ ਨੂੰ ਦਿਖਾਇਆ। ਸਭ ਤੋਂ ਪਹਿਲਾਂ ਸਿਵਿਲ ਹਸਪਤਾਲ ਮੈਹਰ ਵਿੱਚ ਡਾ. ਸ੍ਰੀਮਤੀ ਐਸ. ਬੀ. ਅਵਧੀਆ ਐਮ. ਡੀ. (DGO), ਪ੍ਰਸੂਤੀ ਅਤੇ ਇਸਤਰੀ ਰੋਗਾਂ ਦੇ ਡਾਕਟਰ ਨੂੰ ਦਿਖਾਇਆ ਅਤੇ ਅਲਟਰਾਸਾਊਂਡ ਸੋਨੋਗ੍ਰਾਫੀ ਦੇ ਦੁਆਰਾ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੀ ਬੱਚੇਦਾਨੀ ਵਿੱਚ ਗੰਢਾਂ ਹਨ, ਉਹ ਕੱਢਣੀਆਂ ਪੈਣਗੀਆਂ। ਇਸ ਲਈ ਸਤਨਾ ਵਿੱਚ ਜਾਣਾ ਪਵੇਗਾ। 18 ਫਰਵਰੀ 2009 ਵਿੱਚ ਸ਼ਕੁੰਤਲਮ ਨਰਸਿੰਗ ਹੋਮ ਸਤਨਾ ਵਿੱਚ ਬੱਚੇਦਾਨੀ ਦਾ ਆਪਰੇਸ਼ਨ ਹੋਇਆ। ਇਸਦੇ ਬਾਅਦ ਵੀ ਸਾਨੂੰ ਸੰਤਾਨ ਪ੍ਰਾਪਤੀ ਨਹੀਂ ਹੋਈ। ਪਰ ਦਵਾਈਆਂ ਚਲਦੀਆਂ ਰਹੀਆਂ। ਇਸਦੇ ਬਾਅਦ ਸਾਲ 2012 ਵਿੱਚ ਸ਼ਾਰਦਾ ਹਸਪਤਾਲ ਅਤੇ ਰਿਸਰਚ ਸੈਂਟਰ ਸਤਨਾ ਵਿੱਚ ਡਾ. ਮਹਿੰਦਰ ਸਿੰਘ MBBS, DGO), ਦੇ ਇੱਕ ਸਾਲ ਇਲਾਜ ਚੱਲਿਆ। ਫਿਰ ਆਖ਼ਿਰ ਵਿੱਚ ਡਾਕਟਰਾਂ ਨੇ ਸਾਨੂੰ ਕਹਿ ਦਿੱਤਾ ਕਿ ਤੁਸੀਂ ਟੈਸਟ-ਟਿਯੂਬ ਬੇਬੀ ਕਰਵਾ ਸਕਦੇ ਹੋ। ਪਰ ਉਸਦੀ ਵੀ ਕੋਈ ਗਰੰਟੀ ਨਹੀਂ ਹੈ। ਉਸ ਵਿੱਚ ਲੱਖ ਦੋ ਲੱਖ ਰੁਪਏ ਖ਼ਰਚ ਆਉਂਦਾ ਹੈ।

ਅਸੀਂ ਗਰੀਬ ਆਦਮੀ ਇੰਨੀ ਵੱਡੀ ਰਕਮ ਕਿਥੋਂ ਲਿਆਉਂਦੇ? ਅਸੀਂ ਮਨ੍ਹਾ ਕਰ ਦਿੱਤਾ। ਅਸੀਂ ਦੁਨੀਆਂ ਦੇ ਲੋਕਾਂ ਦੀ ਰੋਜ਼ਾਨਾ ਦੀਆਂ ਗੱਲਾਂ ਨਾਲ ਤੰਗ ਆ ਕੇ ਫੈਸਲਾ ਕੀਤਾ ਕਿ ਚੱਲੋ! ਰੋਜ਼ ਦੀ ਖਿਚ-ਖਿਚ ਨਾਲੋਂ ਚੰਗਾ ਆਪਾਂ ਨੋਇਡਾ ( ਉਤਰ ਪ੍ਰਦੇਸ਼) ਚੱਲਦੇ ਹਾਂ। ਉਥੇ ਕੰਮ ਕਰਾਂਗੇ ਅਤੇ ਉਥੇ ਹੀ ਇਲਾਜ ਕਰਾਵਾਂਗੇ। ਫਿਰ ਅਸੀਂ ਸੁਣਿਆ ਹੋਇਆ ਸੀ ਕਿ ਵੈਸ਼ਨੋ ਦੇਵੀ ਜਾਣ ਨਾਲ ਸੰਤਾਨ ਪ੍ਰਾਪਤੀ ਹੁੰਦੀ ਹੈ ਤਾਂ ਜੁਲ-ਾਈ 2012 ਵਿੱਚ ਕਟਰਾ (ਜੰਮੂ) ਜਾ ਕੇ ਵੈਸ਼ਣੋ ਦੇਵੀ ਦੀ ਯਾਤਰਾ ਕੀਤੀ। ਇਸ ਨਾਲ ਵੀ ਕੋਈ ਰਾਹਤ ਨਹੀਂ ਮਿਲੀ। ਅਸੀਂ ਮਕਰ ਸੰਕ੍ਰਾਂਤੀ ਨੂੰ ਜਨਵਰੀ 2013 ਨੂੰ ਘਰ ਆਏ। ਅਸੀਂ ਸਾਧਨਾ ਚੈਨਲ ਉਤੇ ਸਤਿਸੰਗ ਪ੍ਰੋਗਰਾਮ ਦੇਖਦੇ ਸੀ। ਮੇਰੇ ਪਿਤਾ ਜੀ ਨੇ ਕਿਹਾ ਕਿ ਕਬੀਰ ਸਾਹਿਬ ਜੀ ਦਾ ਸਤਿਸੰਗ ਆਉਂਦਾ ਹੈ, ਤੁਸੀਂ ਵੀ ਦੇਖੋ। ਅਸੀਂ ਸਤਿਸੰਗ ਦੇਖਿਆ ਅਤੇ ਪੁਸਤਕ " ਗਿਆਨ ਗੰਗਾ" ਮੰਗਵਾਈ ਜਿਹੜੀ ਸਾਡੇ ਘਰ ਮੁਫ਼ਤ ਪ੍ਰਾਪਤ ਹੋਈ । ਪਿਤਾ ਜੀ ਨੇ ਕਿਹਾ ਕਿ ਤੁਸੀਂ ਬਰਵਾਲਾ ਆਸ਼ਰਮ ਚਲੇ ਜਾਓ, ਪ੍ਰਮਾਤਮਾ ਸ਼ਾਇਦ ਦਯਾ ਕਰ ਦੇਣ।

ਅਸੀਂ ਦੋਵਾਂ ਨੇ 21 ਅਪ੍ਰੈਲ 2013 ਨੂੰ ਸਤਲੋਕ ਆਸ਼ਰਮ ਬਰਵਾਲਾ ਵਿੱਚ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਤੋਂ ਨਾਮ - ਉਪਦੇਸ਼ ਲੈਕੇ ਅਰਦਾਸ ਲਗਾਈ ਕਿ ਕਈ ਸਾਲ ਹੋ ਗਏ, ਸਾਨੂੰ ਸੰਤਾਨ ਪ੍ਰਾਪਤੀ ਨਹੀਂ ਹੋ ਰਹੀ ਹੈ। ਪਰਮਾਤਮਾ ਨੇ ਕਿਹਾ ਕਿ ਬੇਟਾ! ਭਗਤੀ ਕਰੋ, ਪਰਮਾਤਮਾ ਦਯਾ ਕਰਨਗੇ। ਇਸ ਤਰ੍ਹਾਂ ਚੱਲਦੇ-ਚੱਲਦੇ ਨਵੰਬਰ 2014 ਵਿੱਚ ਬਰਵਾਲਾ ਕਾਂਡ ਦੀ ਲੀਲਾ ਹੋ ਗਈ। ਅਸੀਂ ਘਰ ਆ ਗਏ। ਸਾਨੂੰ ਪਤਾ ਲੱਗ ਗਿਆ ਕਿ ਇਹ ਮਾਨਵ ਜੀਵਨ ਕਿਸ ਲਈ ਮਿਲਿਆ ਹੈ ਅਤੇ ਅਸੀਂ ਭਗਤੀ ਕਰਨ ਲੱਗੇ ਸੀ। ਕੁੱਝ ਦਿਨਾਂ ਬਾਅਦ ਫਿਰ ਘਰ-ਪਰਿਵਾਰ ਵਾਲੇ ਅਤੇ ਰਿਸ਼ਤੇਦਾਰ ਉਹੀ ਪੁਰਾਣਾ ਰੋਣਾ ਰੋਣ ਲੱਗੇ ਕਿ ਇਕ ਸੰਤਾਨ ਤਾਂ ਹੋਣੀ ਹੀ ਚਾਹੀਦੀ।

ਪਿੰਡ ਦੇ ਲੋਕ ਤਾਂ ਕਦੇ ਕਦੇ ਇੱਥੋਂ ਤੱਕ ਬੋਲਣ ਲੱਗੇ ਕਿ ਇਹਨਾਂ ਦਾ ਤਾਂ ਮੂੰਹ ਵੀ ਨਹੀਂ ਦੇਖਣਾ ਚਾਹੀਦਾ। ਇੱਕ ਦਿਨ ਭਗਤਮਤੀ ਬੋਲੀ ਕਿ ਚਲੋ ਇਲਾਜ਼ ਕਰਵਾਉਂ-ਦੇ ਹਾਂ। ਪਰਮਾਤਮਾ ਦਵਾਈ ਦੇ ਲਈ ਤਾਂ ਮਨ੍ਹਾ ਨਹੀਂ ਕਰਦੇ। ਅਸੀਂ ਗੁਰੂ ਜੀ ਤੋਂ ਅਰਦਾਸ ਲਗਾਈ ਕਿ ਇਲਾਜ਼ ਕਰਵਾ ਲਈਏ। ਗੁਰੂ ਜੀ ਬੋਲੇ ਕਿ ਕਰਵਾ ਲਓ, ਪਰਮਾਤਮਾ ਦਯਾ ਕਰਨਗੇ। ਫਿਰ ਅਸੀਂ ਡਾ. ਆਭਾ ਪਾਠਕ (M.B.B.S., M.S., Gynecoloigst & Obstetirican) ਪਾਠਕ ਨਰਸਿੰਗ ਹੋਮ ਸਤਨਾ ਵਿੱਚ ਮਾਰਚ 2019 ਵਿੱਚ ਇਲਾਜ਼ ਸ਼ੁਰੂ ਕੀਤਾ। ਉਨ੍ਹਾਂ ਨੇ ਵੀ ਲਾਸਟ ਵਿੱਚ ਬੋਲ ਦਿੱਤਾ ਕਿ ਅਸੀਂ ਅਜਿਹੇ ਕੇਸ ਨਹੀਂ ਲੈਂਦੇ। ਤੁਹਾਡਾ ਤਾਂ ਭਗਵਾਨ ਹੀ ਮਾਲਿਕ ਹੈ। ਹੁਣ ਮੈਡੀਕਲ ਅਤੇ ਸਾਇੰਸ ਦੋਵੇਂ ਫੇਲ੍ਹ ਹੋ ਚੁੱਕੇ ਸੀ।

ਡਾਕਟਰ ਮੈਡਮ ਦੇ ਅਜਿਹਾ ਬੋਲਣ ਤੇ ਅਸੀਂ ਫ਼ੈਸਲਾ ਕਰ ਲਿਆ ਕਿ ਹੁਣ ਅਸੀਂ ਕਿਤੇ ਇਲਾਜ਼ ਨਹੀਂ ਕਰਵਾਵਾਂਗੇ। ਜੋ ਕਰਨਗੇ, ਉਹ ਬੰਦੀ ਛੋੜ ਸਤਿਗੁਰੂ ਰਾ-ਮਪਾਲ ਜੀ ਮਹਾਰਾਜ ਹੀ ਕਰਨਗੇ।ਫਿਰ ਸਿਤੰਬਰ 2020 ਵਿੱਚ ਪਰਮਾਤਮਾ ਨੇ ਆਪਣੇ ਕੋਟੇ ਤੋਂ ਇੱਕ ਭਗਤ ਆਤਮਾ ਸਾਨੂੰ ਸੰਤਾਨ ਰੂਪ ਵਿੱਚ ਦਿੱਤੀ ਜੋ ਸਾਡੀ ਕਿਸਮਤ ਵਿੱਚ ਨਹੀਂ ਸੀ। ਉਹ ਪਰਮਾਤਮਾ ਨੇ ਦਿੱਤੀ। ਇੱਥੋਂ ਤੱਕ ਕਿ ਜਦੋਂ ਮੇਰੀ ਭਗਤਮਤੀ ਘਰ ਤੋਂ ਬਾਹਰ ਨਿੱਕਲਦੀ ਸੀ ਤਾਂ ਲੋਕ ਕਹਿੰਦੇ ਸੀ ਕਿ ਇਹ ਬਾਂਝ ਹੈ, ਇਸਦਾ ਮੂੰਹ ਨਹੀਂ ਦੇਖਣਾ ਚਾਹੀਦਾ। ਪਰਮਾਤਮਾ ਨੇ ਉਨ੍ਹਾਂ ਨੂੰ ਵੀ ਦਿਖਾ ਦਿੱਤਾ।

ਉਸਤੋਂ ਬਾਅਦ ਤਾਂ ਪਰਮਾਤਮਾ ਪਲ - ਪਲ ਸਾਡੇ ਨਾਲ ਚਮਤਕਾਰ ਕਰਦੇ ਹਨ। ਇੱਕ ਸਮੇਂ ਦੀ ਗੱਲ ਹੈ, ਮੈਂ ਅਤੇ ਭਗਤਮਤੀ ਮੋਟਸਾਈਕਲ ਤੇ ਕਿਤੇ ਜਾ ਰਹੇ ਸੀ। ਅਚਾਨਕ ਸਾਡਾ ਐਕਸੀਡੈਂਟ ਹੋ ਗਿਆ। ਭਗਤਮਤੀ ਦਾ ਸਿਰ ਫੱਟ ਗਿਆ। ਮੂੰਹ ਤੋਂ ਝੱਗ ਨਿੱਕਲਣ ਲੱਗੀ, ਮੰਨੋ ਮੌਤ ਹੋ ਗਈ ਹੋਵੇ। ਹਸਪਤਾਲ ਵਿੱਚ ਡਾਕਟਰ ਨੂੰ ਦਿਖਾਇਆ ਤਾਂ ਉਨ੍ਹਾਂ ਨੇ ਕਿਹਾ ਇਹ ਬੇਹੋਸ਼ ਹੈ ਅਤੇ ਸਿਰ ਦੀ ਸੱਟ ਹੈ। ਜੇ ਇਹਨਾਂ ਨੂੰ ਹੋਸ਼ ਨਹੀਂ ਆਇਆ ਤਾਂ ਇਹ ਕੋਮਾ ਵਿੱਚ ਵੀ ਜਾ ਸਕਦੀ ਹੈ। ਸਵੇਰੇ 10:00 ਵਜੇ ਸਾਡਾ ਐਕਸੀਡੈਂਟ ਹੋਇਆ ਸੀ ਅਤੇ ਸ਼ਾਮ ਨੂੰ 3:00 ਵਜੇ ਦੇ ਆਸਪਾਸ ਭਗਤਮਤੀ ਜੀ ਨੂੰ ਹੋਸ਼ ਆ ਗਿਆ ਅਤੇ ਅਸੀਂ ਘਰ ਆ ਗਏ।

ਇੱਕ ਜਗ੍ਹਾ ਦਾਸ ਮਜਦੂਰੀ ਕਰਦਾ ਹੈ। ਇੱਕ ਜਗ੍ਹਾ ਕੰਮ ਦੇ ਲਈ ਗਿਆ ਸੀ। ਜਿਨ੍ਹਾਂ ਦੇ ਕੰਮ ਕਰਨਾ ਸੀ, ਉਨ੍ਹਾਂ ਦਾ ਮਕਾਨ ਖਰਾਬ ਸੀ। ਜਿਵੇਂ ਹੀ ਦਾਸ ਨੇ ਪ੍ਰਵੇਸ਼ ਕੀਤਾ, ਉਸ ਮਕਾਨ ਵਿੱਚ ਉੱਪਰ ਤੋਂ ਇੱਕ ਲੱਕੜੀ ਦਾ ਗਾਡਰ ਮੇਰੇ ਉੱਪਰ ਡਿੱਗ ਗਿਆ ਅਤੇ ਲੋਕਾਂ ਨੇ ਕਿਹਾ ਕਿ ਇਹ ਤਾਂ ਮਰ ਗਿਆ ਹੋਵੇਗਾ। ਲੇਕਿਨ ਜਦੋਂ ਦਾਸ ਨੇ ਉੱਪਰ ਦੇਖਿਆ ਤਾਂ ਸਿਰ ਤੋਂ 6 ਉਂਗਲ ਉੱਪਰ ਉਹ ਗਾਡਰ ਦਾ ਟੁਕੜਾ ਹਵਾ ਵਿੱਚ ਲਟਕਦਾ ਰਿਹਾ। ਜਦੋਂ ਦਾਸ ਨੇ ਉਸਨੂੰ ਦੇਖਿਆ ਤਾਂ ਦਾਸ ਦੇ ਹੰਝੂ ਨਿੱਕਲਣ ਲੱਗੇ। ਪਰਮਾਤਮਾ ਦੀ ਕੇਵਲ ਇੱਕ ਬਾਣੀ ਯਾਦ ਆਈ ਕਿ:-

ਸੰਤ ਸ਼ਰਨ ਮੇਂ ਆਨੇ ਸੇ ਆਈ ਟਲੇ ਬਲਾ।
ਜੇ ਮਸਤਕ ਮੇਂ ਸੂਲੀ ਹੋ, ਵੋ ਕਾਂਟੇ ਮੇਂ ਟਲ ਜਾ॥

॥ ਸਤ ਸਾਹੇਬ॥
ਤੁਹਾਡਾ ਦਾਸ
ਰਾਮਜੀ ਕੋਰੀ, ਪਿੰਡ : ਕਟਰਾ,
ਜ਼ਿਲ੍ਹਾ: ਪੰਨਾ (ਮੱਧਪ੍ਰਦੇਸ਼)

## "ਸ਼ਾਸਤਰ ਵਿਰੁੱਧ ਸਾਧਨਾ ਤੋਂ ਛੁਟਕਾਰਾ"

ਮੈਂ ਭਗਤ ਹੇਮਚੰਦ ਦਾਸ ਸੋਲਨ (ਹਿਮਾਚਲ ਪ੍ਰਦੇਸ਼) ਦਾ ਰਹਿਣ ਵਾਲਾ ਹਾਂ। ਪਹਿਲਾਂ ਮੈਂ ਆਪਣੇ ਪਿੰਡ ਵਿੱਚ ਮਹਾਂਕਾਲੀ ਮੰਦਰ ਵਿੱਚ ਪੁਜਾਰੀ ਰਿਹਾ। 25 ਸਾਲ ਤੋਂ ਮੈਂ ਉੱਥੇ ਪੁਜਾਰੀ ਦਾ ਕੰਮ ਕਰਦਾ ਸੀ। ਭਜਨ ਕੀਰਤਨ ਅਤੇ ਹੋਰ ਵੀ ਪੂਜਾ ਮੰਦਰ ਵਿੱਚ ਹੁੰਦੀਆਂ, ਸਾਰੀਆਂ ਕਿਰਿਆਵਾਂ ਕਰਦਾ ਸੀ। ਪਿੱਤਰ ਪੂਜਾ, ਸਰਾਧ ਕੱਢਣੇ , ਸ਼ਿਵਜੀ ਨੂੰ ਜਲ ਚੜ੍ਹਾਉਣਾ ਆਦਿ ਕਿਰਿਆਵਾਂ ਕਰਦਾ ਸੀ। ਪਰ ਫਿਰ ਵੀ ਅਸੀਂ ਦੁਖੀ ਰਹਿੰਦੇ ਸੀ ਮੇਰੀ ਪਤਨੀ ਨੂੰ ਪੈਰਾਂਲਾਈਸਿਸ ਸੀ। ਘਰ ਦੀ ਆਰਥਿਕ ਸਥਿਤੀ ਠੀਕ ਨਹੀਂ ਸੀ।

ਸਨ 2005–2006 ਵਿੱਚ ਸੰਤ ਰਾਮਪਾਲ ਜੀ ਦੇ ਕੁੱਝ ਲੇਖ ਅਖਬਾਰਾਂ ਵਿੱਚ ਆਉਂਦੇ ਸਨ। ਮੈਂ ਉਹਨਾਂ ਨੂੰ ਸਮਝ ਨਹੀਂ ਸਕਿਆ ਪਰ ਮੈਂ ਇਸ ਤਰ੍ਹਾਂ ਦੇ ਧਾਰਮਿਕ ਕਾਗਜਾਂ ਨੂੰ ਸੰਭਾਲ ਕੇ ਰੱਖ ਲੈਂਦਾ ਸੀ। ਕੁਝ ਸਮੇਂ ਬਾਅਦ ਜਿਵੇਂ ਹੀ ਰੱਦੀ ਵਿੱਚ ਉਹ ਕਾਗਜ਼ ਮਿਲੇ ਮੈਂ ਉਸ ਨੂੰ ਪੜ੍ਹਨ ਬੈਠ ਗਿਆ ਅਤੇ ਪੜ੍ਹਦੇ ਪੜ੍ਹਦੇ ਮੇਰੇ ਦਿਲ ਵਿੱਚ ਠੇਸ ਲੱਗੀ ਕਿ ਇਹ ਗਿਆਨ ਕਿੱਥੇ ਲੁਕਿਆ ਹੋਇਆ ਸੀ ? ਫੇਰ ਮੈਂ ਉਸ ਵਿੱਚ ਆਸ਼ਰਮ ਦੇ ਫੋਨ ਨੰਬਰ ਦੇਖੇ ਅਤੇ ਕਿਤਾਬ ਮੰਗਵਾਈ ਉਸ ਵਿੱਚ ਜਦ ਮੈਂ ਗਿਆਨ ਪੜ੍ਹਿਆ ਤਾਂ ਮੈਂ ਹੈਰਾਨ ਰਹਿ ਗਿਆ, ਪੈਰਾਂ ਥੱਲੋਂ ਜਮੀਨ ਖਿਸਕ ਗਈ ਕਿਉਂਕਿ ਮੰਦਰ ਵਿੱਚ ਪੁਜਾਰੀ ਹੋਣ ਦੇ ਬਾਵਜੂਦ ਮੈਂ ਅਜਿਹਾ ਨਵਾਂ ਗਿਆਨ ਕਦੇ ਵੀ ਨਹੀਂ ਸੁਣਿਆ ਸੀ।

ਮੈਂ ਪਹਿਲਾਂ ਮੰਨਦਾ ਰਿਹਾ ਕਿ ਬ੍ਰਹਮਾ, ਵਿਸ਼ਨੂ ਅਤੇ ਸ਼ਿਵਜੀ ਤੋਂ ਉੱਪਰ ਕੋਈ ਹੈ ਹੀ ਨਹੀਂ। ਪਰਮਾਤਮਾ ਨਿਰਾਕਾਰ ਹੈ। ਸੰਤ ਰਾਮਪਾਲ ਜੀ ਮਹਾਰਾਜ ਦੀ ਪੁਸਤਕਾਂ ਤੋਂ ਗਿਆਨ ਹੋਇਆ ਕੀ ਪਰਮਾਤਮਾ ਸਾਕਾਰ ਹੈ, ਕਬੀਰ ਜੀ ਪੂਰਣ ਪਰਮਾਤਮਾ ਹਨ। ਪਰਮਾਤਮਾ ਨੇ ਅੰਦਰ ਅਜਿਹੀ ਪ੍ਰੇਰਣਾ ਕੀਤੀ ਕਿ ਸੰਤ ਰਾਮਪਾਲ ਜੀ ਦੇ ਕੋਲ਼ ਉਹ ਅਮਰ ਮੰਤਰ ਹੈ ਜਿਸ ਨਾਲ ਸਾਡਾ ਕਲਿਆਣ ਹੋਣਾ ਹੈ।ਇਸ ਨਾਲ ਸਾਡਾ ਜਨਮ ਮਰਨ ਦਾ ਖਤਰਨਾਕ ਰੋਗ ਕਟੇਗਾ। ਉਨਾਂ ਦੇ ਗਿਆਨ ਤੋਂ ਪ੍ਰਭਾਵਿਤ ਹੋ ਕੇ ਮੈਂ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲਿਆ। ਮੈਂ ਹਰ ਤਰ੍ਹਾਂ ਦੀ ਸ਼ਾਸਤਰ ਵਿਰੁੱਧ ਪੂਜਾ ਬੰਦ ਕਰ ਦਿੱਤੀਆਂ। ਪਿੱਤਰ ਪੂਜਾ, ਸਰਾਧ ਕੱਢਣੇ, ਆਦਿ ਸਭ ਤਿਆਗ ਦਿੱਤਾ।

ਗੁਰੂ ਜੀ ਦਾ ਉਪਦੇਸ਼ ਲੈਣ ਤੋਂ ਬਾਅਦ ਮੈਨੂੰ ਸਭ ਤੋਂ ਵੱਡਾ ਅਧਿਆਤਮਿਕ ਲਾਭ ਹੋਇਆ। ਜਨਮ ਮਰਨ ਤੋਂ ਮੁਕਤੀ ਦੀ ਸੱਚੀ ਰਾਹ ਮਿਲੀ। ਮੇਰੀ ਭਗਤਮਤੀ ਨੂੰ ਪਹਿਲਾ ਪੈਰਾਲਾਈਸਸ ਦੀ ਪਰੇਸ਼ਾਨੀ ਸੀ। ਸਭ ਥਾਵਾਂ ਵੱਡੇ–ਵੱਡੇ ਡਾਕਟਰਾਂ ਅਤੇ ਨੀਮ ਹਕੀਮਾਂ ਦੇ ਚੱਕਰ ਲਗਾ ਚੁੱਕੇ ਸੀ, ਪਰ ਪਰਮਾਤਮਾ ਦੇ ਆਸ਼ੀਰਵਾਦ ਨਾਲ ਹੀ ਮੇਰੀ ਭਗਤਮਤੀ ਠੀਕ ਹੋ ਗਈ। ਪਰਮਾਤਮਾ ਦੀ ਦਯਾ ਨਾਲ ਸਾਡੀ ਆਰਥਿਕ ਸਥਿਤੀ ਵੀ ਠੀਕ ਹੋ ਗਈ।

ਫੇਰ ਮੈਂ ਇਹ ਗਿਆਨ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਮੈਨੂੰ ਲੱਗਿਆ ਕਿ ਇਹ ਗਿਆਨ ਤਾਂ ਜਨ ਜਨ ਤੱਕ ਪਹੁੰਚਣਾ ਚਾਹੀਦਾ ਹੈ। ਪਰ ਮੇਰੀਆਂ ਗੱਲਾਂ ਤੇ ਕਿਸੇ ਨੇ ਧਿਆਨ ਨਹੀਂ ਦਿੱਤਾ। ਲੋਕਾਂ ਨੇ ਵਿਰੋਧ ਕੀਤਾ, ਕਿ ਤੂੰ ਇਹ ਕਿੱਥੋਂ ਅਲੱਗ ਦਾ ਗਿਆਨ ਲੈ ਆਇਆ।ਅਜਿਹੀਆਂ ਗੱਲਾਂ ਨਾ ਕਰਿਆ ਕਰੋ। ਪਰ ਮੈਨੂੰ ਇਸ ਗਿਆਨ ਤੋਂ ਪਰਮਾਤਮਾ ਦੀ ਦਯਾ ਨਾਲ ਕੋਈ ਡਗ ਮਗ ਨਹੀਂ ਕਰ ਸਕਿਆ। ਅਜਿਹਾ ਸਤ ਗਿਆਨ ਅਤੇ ਸਤ ਭਗਤੀ ਮਾਰਗ ਧਰਤੀ ਤੇ ਹੋਰ ਕਿਤੇ ਨਹੀਂ ਹੈ।

ਮੇਰੀ ਸਭ ਨੂੰ ਬੇਨਤੀ ਹੈ ਕਿ ਤੁਸੀਂ ਵੀ ਪ੍ਰਭੂ ਦੇ ਚਰਨਾਂ ਵਿੱਚ ਆਓ। ਸੰਤ ਰੂਪ

ਵਿੱਚ ਆਏ ਪਰਮੇਸ਼ਵਰ ਦੇ ਸੰਦੇਸ਼ ਵਾਹਕ ਸੰਤ ਰਾਮਪਾਲ ਜੀ ਮਹਾਰਾਜ ਨੂੰ ਪਹਿਚਾਣੋ। ਮੁਫਤ ਨਾਮ ਉਪਦੇਸ਼ ਪ੍ਰਾਪਤ ਕਰਕੇ ਕਿਰਪਾ ਆਪਣਾ ਕਲਿਆਣ ਕਰਵਾਓ।

ਭਗਤ ਹੇਮਚੰਦ ਦਾਸ
ਮੋਬਾਈਲ ਨੰ. 9816781489

## "ਲੁੱਟੇ ਪਿੱਟਿਆਂ ਨੂੰ ਸਹਾਰਾ"

ਮੈਂ ਭਗਤ ਬਲਵਾਨ ਸੈਣੀ ਪੁੱਤਰ ਸ਼੍ਰੀ ਕ੍ਰਿਸ਼ਨ ਸੈਣੀ ਨਿਊ ਮਾਡਲ ਟਾਊਨ, ਹਿਸਾਰ ਦਾ ਰਹਿਣ ਵਾਲਾ ਹਾਂ। ਅਸੀਂ ਪੰਜ ਭਾਈ – ਭੈਣ ਹਾਂ। ਸਾਡੇ ਪੂਰੇ ਪਰਿਵਾਰ ਨੇ 18 ਸਾਲ ਤੋਂ ਸਿਰਸਾ ਡੇਰੇ ਤੋਂ ਉਪਦੇਸ਼ ਲਿਆ ਹੋਇਆ ਸੀ। ਸਾਡੇ ਘਰ ਵਿੱਚ ਭੂਤ-ਪ੍ਰੇਤ ਦੀ ਬਹੁਤ ਜ਼ਿਆਦਾ ਸਮੱਸਿਆ ਸੀ। ਮੇਰੀ ਭੈਣ ਨੂੰ ਸਾਨੂੰ ਰੱਸੀ ਨਾਲ ਬੰਨ੍ਹ ਕੇ ਰੱਖਣਾ ਪੈਂਦਾ ਸੀ। ਪ੍ਰੇਤ ਬਾਧਾ ਦੇ ਕਾਰਣ ਉਹ ਛੱਤ ਤੋਂ ਵੀ ਛਾਲ਼ ਮਾਰ ਦਿੰਦੀ ਸੀ। ਮੇਰੇ ਪਿਤਾ ਜੀ ਦੇ ਫੇਫੜੇ ਵੀ ਖਰਾਬ ਹੋ ਚੁੱਕੇ ਸਨ। ਜਿਸ ਕਾਰਣ ਉਹ ਮੰਜੇ ਤੇ ਹੀ ਰਹਿਣ ਲੱਗੇ। ਮੇਰੀ ਮਾਤਾ ਦੇ ਗੋਡਿਆਂ ਵਿੱਚ ਬਹੁਤ ਦਰਦ ਰਹਿੰਦਾ ਸੀ।

ਮੇਰੇ ਪਿਤਾ ਜੀ ਹਲਵਾਈ ਦਾ ਕੰਮ ਕਰਦੇ ਸਨ। ਭੂਤ ਪ੍ਰੇਤ ਅਤੇ ਪਿਤਾ ਜੀ ਦੀ ਬਿਮਾਰੀ ਦੇ ਕਾਰਣ ਸਾਡਾ ਕੰਮ ਬਿਲਕੁਲ ਬੰਦ ਹੋ ਚੁੱਕਾ ਸੀ। ਪਹਿਲਾਂ ਸਾਡੇ ਹਾਂਸੀ ਵਿੱਚ ਤਿੰਨ ਮਕਾਨ ਅਤੇ ਇੱਕ ਦੁਕਾਨ ਸੀ। ਘਰ ਵਿੱਚ ਨੌਕਰ ਕੰਮ ਕਰਦੇ ਸਨ। ਪਰ ਕਰਮਾਂ ਦੀ ਮਾਰ ਕਾਰਣ ਸਾਨੂੰ ਸਭ ਕੁਝ ਵੇਚਣਾ ਪਿਆ। ਘਰ ਵਿੱਚ ਖਾਣ ਦੀ ਵੀ ਤੰਗੀ ਆ ਗਈ।

ਅਸੀਂ ਦੇਵੀ ਦੇਵਤਿਆਂ ਨੂੰ ਵੀ ਮੰਨਦੇ ਸੀ। ਅਸੀਂ 2003 ਤੋਂ ਹਰ ਮਹੀਨੇ ਮਹਿੰਦੀਪੁਰ ਜਾਂਦੇ ਸੀ। ਸਾਡਾ ਪੂਰਾ ਪਰਿਵਾਰ ਹੋਲੀ ਦੀਵਾਲੀ ਵੀ ਮਹਿੰਦੀਪੁਰ ਵਿੱਚ ਹੀ ਮਨਾਉਂਦਾ ਸੀ। ਅਸੀਂ ਡਾਕਟਰਾਂ ਦੇ ਕੋਲ਼ ਜਾ ਕੇ ਵੀ ਥੱਕ ਚੁੱਕੇ ਸੀ। ਅਸੀਂ ਮਾਤਾ ਚੌਂਕੀ, ਸੇਵੜੇ ਆਦਿ ਜੰਤਰ ਮੰਤਰ ਕਰਨ ਵਾਲਿਆਂ ਦੇ ਕੋਲ਼ ਵੀ ਜਾਂਦੇ ਸੀ। ਅਸੀਂ ਨਰੜ ਪੀਰ (ਰਾਜਸਥਾਨ) ਦੀ ਮੜੀ ਤੇ ਇੱਕ ਸਾਲ ਰਹਿ ਕੇ ਆਏ ਸੀ। ਅਸੀਂ ਪੰਜ ਸਾਲ ਤੱਕ ਹਰ ਮਹੀਨੇ ਸਜਾੜਾ ਧਾਮ, ਜੋਧਪੁਰ ਜਿੱਥੇ ਸ਼ੰਕਰ ਭਗਵਾਨ ਦੀ ਪੂਜਾ ਹੁੰਦੀ ਸੀ, ਉੱਥੇ ਫੇਰੀ ਲਗਾਉਣ ਜਾਂਦੇ ਰਹੇ, ਪਰੰਤੂ ਸਾਨੂੰ ਕੋਈ ਲਾਭ ਨਹੀਂ ਮਿਲਿਆ। ਮੇਰੀ ਮਾਂ ਅਤੇ ਮੈਂ ਵਰਤ ਵੀ ਰੱਖਦੇ ਸੀ। ਮੈਂ ਬਾਲਾ ਜੀ ਧਾਮ, ਸਾਲਾਸਰ ਨੰਗੇ ਪੈਰ ਵੀ ਦੋ ਤਿੰਨ ਵਾਰ ਗਿਆ। ਮਾਤਾ ਗੁੜਗਾਵਾਂ ਵਾਲੀ ਸਾਡੀ ਕੁੱਲ ਦੀ ਦੇਵੀ ਸੀ। ਮੈਂ ਉੱਥੇ ਹੱਥ ਤੇ ਜੋਤੀ ਰੱਖ ਕੇ ਪੰਦਰਾਂ ਮਿੰਟ ਆਰਤੀ ਵੀ ਕੀਤੀ ਸੀ। ਹੱਥ ਬਿਲਕੁਲ ਗਲ ਚੁੱਕਿਆ ਸੀ। ਪਰੰਤੂ ਸਾਨੂੰ ਕੋਈ ਰਾਹਤ ਕਿਸੇ ਵੀ ਸਾਧਨਾ ਤੋਂ ਨਹੀਂ ਮਿਲੀ। ਅੰਤ ਵਿੱਚ ਅਸੀਂ ਹਾਰ ਮੰਨ ਚੁੱਕੇ ਸੀ। ਅਸੀਂ ਦੁਖੀ ਹੋ ਕੇ ਘਰ ਤੇ ਹੀ ਰਹਿਣ ਲੱਗੇ। ਅਸੀਂ ਸਾਰੀਆਂ ਪੂਜਾ ਤਿਆਗ ਦਿੱਤੀਆਂ।

ਫਿਰ ਮੈਨੂੰ 24 ਫਰਵਰੀ 2012 ਨੂੰ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਪੁਸਤਕ "ਗਿਆਨ ਗੰਗਾ" ਮਿਲੀ। ਮੈਂ ਉਸ ਪੁਸਤਕ ਨੂੰ ਪੜ੍ਹਿਆ ਅਤੇ ਸਾਰੇ ਪਰਿਵਾਰ ਨੇ ਨਾਮ ਲੈ ਲਿਆ। ਮੈਨੂੰ ਨਿਯਮ ਦੱਸੇ ਗਏ ਕਿ ਤੁਹਾਨੂੰ ਕਿਸੇ ਦੇਵੀ-ਦੇਵਤਾ ਦੇ ਧਾਮ ਤੇ ਪੂਜਾ ਲਈ ਨਹੀਂ ਜਾਣਾ ਹੈ। ਮੈਂ ਘਰ ਆ ਗਿਆ। ਮੈਨੂੰ ਰਾਤ ਨੂੰ ਨੀਂਦ ਨਹੀਂ ਆਈ, ਮੈਂ ਬੇਚੈਨ ਹੋ ਗਿਆ ਕਿਉਂਕਿ ਮੈਂ ਖਾਟੂ ਸ਼ਾਮ, ਰਾਧੇ ਕ੍ਰਿਸ਼ਨ

ਨੂੰ ਬਹੁਤ ਜ਼ਿਆਦਾ ਮੰਨਦਾ ਸੀ। ਮੈਂ ਉਹਨਾਂ ਨੂੰ ਛੱਡ ਨਹੀਂ ਸਕਦਾ ਸੀ। ਅਗਲੇ ਦਿਨ ਹੀ ਮੈਂ ਖਾਟੂ ਸ਼ਾਮ ਚਲਾ ਗਿਆ। ਉੱਥੇ ਮੈਂ 5-6 ਦਿਨ ਰਿਹਾ। ਉੱਥੇ ਮੈਂ ਪੈਸੇ ਦੇ ਕੇ VIP ਲਾਈਨ ਵਿੱਚ ਲੱਗ ਕੇ ਦਰਸ਼ਨ ਕਰਨ ਗਿਆ। ਜਦੋਂ ਮੈਂ ਦਰਸ਼ਨ ਕਰਨ ਲੱਗਾ ਤਾਂ ਆਵਾਜ਼ ਆਈ ਕਿ ਬਲਵਾਨ! ਤੂੰ ਆਪਣਾ ਭਗਵਾਨ ਤਾਂ ਬਰਵਾਲੇ ਵਿੱਚ ਛੱਡ ਆਇਆ ਹੈਂ,ਇੱਥੇ ਕੁਝ ਵੀ ਨਹੀਂ ਹੈ। ਫਿਰ ਮੈਂ ਰੋਂਦੇ ਹੋਏ ਘਰ ਆ ਗਿਆ। ਫਿਰ ਮੈਂ ਦੁਬਾਰਾ ਸੰਤ ਰਾਮਪਾਲ ਜੀ ਮਹਾਰਾਜ ਦੇ ਆਸ਼ਰਮ ਵਿੱਚ ਜਾ ਕੇ ਨਾਮ ਸ਼ੁੱਧ ਕਰਵਾਇਆ।

ਮੇਰੇ ਪਿਤਾ ਜੀ ਦੇ ਫੇਫੜੇ ਖਰਾਬ ਹੋ ਚੁੱਕੇ ਸਨ। ਉਹਨਾਂ ਨੂੰ ਹੋਲੀ ਹਸਪਤਾਲ, ਹਿਸਾਰ ਵਿੱਚ ਦਾਖ਼ਲ ਕਰਵਾਇਆ। ਉਹਨਾਂ ਦੀ ਹਾਲਤ ਜ਼ਿਆਦਾ ਵਿਗੜ ਗਈ ਅਤੇ ਡਾਕਟਰਾਂ ਨੇ ਜਵਾਬ ਦੇ ਦਿੱਤਾ। ਕਿਹਾ ਕਿ ਇਹਨਾਂ ਨੂੰ ਘਰ ਲੈ ਜਾਓ। ਇਹ ਕੁਝ ਘੰਟੇ ਦਾ ਮਹਿਮਾਨ ਹੈ। ਫਿਰ ਮੈਂ ਆਸ਼ਰਮ ਵਿੱਚ ਫੋਨ ਕੀਤਾ। ਗੁਰੂ ਜੀ ਤੋਂ ਪ੍ਰਾਰਥਨਾ ਕਰਵਾਈ। ਗੁਰੂ ਜੀ ਨੇ ਕਿਹਾ ਕਿ ਅਸੀਂ ਪੂਰਣ ਪਰਮਾਤਮਾ ਦੀ ਭਗਤੀ ਕਰਦੇ ਹਾਂ। ਇਸ ਬੱਚੇ ਦਾ ਬਾਲ ਵੀ ਵਿੰਗਾ ਨਹੀਂ ਹੋਵੇਗਾ। ਆਪ ਭਗਵਾਨ ਤੇ ਵਿਸ਼ਵਾਸ ਰੱਖੋ। ਮੈਂ ਦੁਬਾਰਾ ਡਾਕਟਰ ਨੂੰ ਬੇਨਤੀ ਕੀਤੀ ਕਿ ਆਪ ਇਹਨਾਂ ਨੂੰ ਦੋ ਤਿੰਨ-ਦਿਨ ਦੇ ਲਈ ਆਈ.ਸੀ.ਯੂ ਵਿੱਚ ਦਾਖ਼ਲ ਕਰ ਲਵੋ। ਡਾਕਟਰ ਨੇ ਕਿਹਾ ਕਿ ਇਸ ਨਾਲ ਕੋਈ ਫਾਇਦਾ ਨਹੀਂ ਹੋਵੇਗਾ। ਪਰ ਮੇਰੇ ਜ਼ਿਆਦਾ ਕਹਿਣ ਤੇ ਡਾਕਟਰ ਨੇ ਮੇਰੇ ਸਾਈਨ ਕਰਵਾ ਲਏ ਅਤੇ ਫੀਸ ਲੈ ਕੇ ਆਈ.ਸੀ.ਯੂ ਵਿੱਚ ਦਾਖ਼ਲ ਕਰ ਲਿਆ। ਮੇਰੀ ਭੈਣ ਘਰ ਹੀ ਸੀ। ਉਸ ਨੂੰ ਸੁਪਨਾ ਆਇਆ ਕਿ ਸਤਿਗੁਰੂ ਰਾਮਪਾਲ ਜੀ ਮੇਰੇ ਪਿਤਾ ਜੀ ਦੇ ਬੈਡ ਦੇ ਕੋਲ ਖੜ੍ਹੇ ਹਨ। ਅਗਲੇ ਦਿਨ ਮੇਰੇ ਪਿਤਾ ਜੀ ਨੂੰ ਹੋਸ਼ ਆ ਗਿਆ ਅਤੇ ਹਾਲਤ ਵਿੱਚ ਸੁਧਾਰ ਹੋਣ ਲੱਗਾ। ਡਾਕਟਰ ਵੀ ਹੈਰਾਨ ਰਹਿ ਗਏ ਕਿ ਇਹ ਤਾਂ ਭਗਵਾਨ ਨੇ ਹੀ ਕੀਤਾ ਹੈ, ਸਾਨੂੰ ਅਜਿਹੀ ਕੋਈ ਆਸ ਨਹੀਂ ਸੀ।

ਉਸ ਦਿਨ ਦੇ ਬਾਅਦ ਤੋਂ ਹੀ ਸਾਡਾ ਸਾਰਾ ਪਰਿਵਾਰ ਸੁੱਖ ਨਾਲ ਰਹਿ ਰਿਹਾ ਹੈ। ਮੇਰੀ ਭੈਣ ਦੀ ਬਿਮਾਰੀ ਬਿਲਕੁਲ ਠੀਕ ਹੋ ਗਈ ਅਤੇ ਉਸਦਾ ਵਿਆਹ ਕਰ ਦਿੱਤਾ। ਮੇਰੀ ਮਾਂ ਦੇ ਗੋਡਿਆਂ ਦਾ ਦਰਦ ਵੀ ਬਿਲਕੁਲ ਠੀਕ ਹੋ ਗਿਆ। ਫਿਰ ਅਸੀਂ ਹਿਸਾਰ ਰਹਿਣ ਲੱਗੇ ਅਤੇ ਕੁਲਫ਼ੀ ਦੀ ਰੇਹੜੀ ਲਗਾਉਣ ਲੱਗੇ। ਪਰਮਾਤਮਾ ਦੀ ਦਇਆ ਨਾਲ ਸਾਡਾ ਕੰਮ ਚੱਲ ਪਿਆ। ਅਸੀਂ ਹਿਸਾਰ ਵਿੱਚ ਦੁਬਾਰਾ ਆਪਣਾ ਮਕਾਨ ਬਣਾ ਲਿਆ।

ਦੋ ਸਾਲ ਬਾਅਦ ਮੇਰੀ ਭੈਣ ਪੂਜਾ ਦੇ ਆਪਰੇਸ਼ਨ ਨਾਲ ਬੱਚਾ ਹੋਣਾ ਸੀ। ਉਸ ਨੂੰ ਅਸੀਂ ਅਗ੍ਰੋਹਾ ਮੈਡੀਕਲ ਵਿੱਚ ਭਰਤੀ ਕਰਵਾਇਆ। ਬੱਚੇ ਦੀ ਡਿਲੀਵਰੀ ਦੇ ਸਮੇਂ ਡਾਕਟਰਾਂ ਤੋਂ ਗ਼ਲਤੀ ਨਾਲ ਬੱਚੇਦਾਨੀ ਦੀ ਕੋਈ ਨੱਸ ਕੱਟੀ ਗਈ। ਮੇਰੀ ਭੈਣ ਦੀ ਬਲੀਡਿੰਗ ਬੰਦ ਨਹੀਂ ਹੋ ਰਹੀ ਸੀ। ਮੇਰੀ ਭੈਣ ਨੂੰ ਮੰਗਲਮ ਲੈਬ ਤੋਂ ਲੈ ਕੇ 45 ਬੋਤਲਾਂ ਖ਼ੂਨ ਦੀਆਂ ਚੜਾਈਆਂ ਗਈਆਂ। ਲੇਕਿਨ ਉੱਥੇ ਵੀ ਕੋਈ ਅਰਾਮ ਨਹੀਂ ਮਿਲਿਆ। ਫਿਰ ਅਸੀਂ ਆਪਣੀ ਭੈਣ ਨੂੰ ਜਿੰਦਲ ਹਸਪਤਾਲ ਲੈ ਕੇ ਆਏ। ਉੱਥੇ ਵੀ 12 ਦਿਨ ਤੱਕ ਕੋਈ ਆਰਾਮ ਨਹੀਂ ਹੋਇਆ ਅਤੇ ਡਾਕਟਰਾਂ ਨੇ ਕੀ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ ਕਿ ਇਹ ਬਚੇਗੀ ਜਾਂ ਨਹੀਂ।

ਫਿਰ ਮੈਂ ਗੁਰੂ ਜੀ ਨੂੰ ਪ੍ਰਾਰਥਨਾ ਲਗਵਾਈ। ਗੁਰੂ ਜੀ ਬੋਲੇ ਕੇ ਬੇਟਾ! ਮੈਂ ਬੇਟੀ

ਨੂੰ ਜੀਵਨਦਾਨ ਦੇ ਦਿੱਤਾ ਹੈ। ਉਹ ਠੀਕ ਹੋ ਜਾਵੇਗੀ। ਫਿਰ ਤੀਸਰੇ ਦਿਨ ਮੇਰੀ ਭੈਣ ਨੂੰ ਹੋਸ਼ ਆ ਗਿਆ ਅਤੇ ਉਸਦੀ ਹਾਲਤ ਸੁਧਰਨ ਲੱਗੀ। ਪੂਰੇ ਹਸਪਤਾਲ ਵਿੱਚ ਚਰਚਾ ਹੋਈ ਕਿ ਇਹ ਕੰਮ ਤਾਂ ਭਗਵਾਨ ਹੀ ਕਰ ਸਕਦਾ ਹੈ। ਮੇਰੀ ਭੈਣ ਅੱਜ ਬਿਲਕੁਲ ਸਿਹਤਮੰਦ ਹੈ। ਉਸਨੂੰ ਪਰਮਾਤਮਾ ਨੇ ਇੱਕ ਪੁੱਤਰੀ ਦਿੱਤੀ ਹੈ ਜੋ ਬਿਲਕੁਲ ਠੀਕ ਹੈ। ਪਰਮਾਤਮਾ ਦੀ ਦਇਆ ਨਾਲ ਅੱਜ ਸਾਡੇ ਘਰ ਵਿੱਚ ਕਿਸੇ ਵਸਤੂ ਦੀ ਕਮੀ ਨਹੀਂ ਹੈ।

ਕਬੀਰ, ਪੀਛੇ ਲਾਗਯਾ ਜਾਊਂ ਥਾ, ਮੈ ਲੋਕ ਵੇਦ ਕੇ ਸਾਥ।
ਰਾਸਤੇ ਮੇਂ ਸਤਿਗੁਰੂ ਮਿਲੇ, ਦੀਪਕ ਦੀਨਹਾ ਹਾਥ॥

॥ ਸਤ ਸਾਹਿਬ॥

ਭਗਤ ਬਲਵਾਨ ਦਾਸ
ਮਾਡਲ ਟਾਊਨ, ਹਿਸਾਰ (ਹਰਿਆਣਾ)
ਮੋਬਾਇਲ ਨੰਬਰ :- 9996593021

## "ਪ੍ਰਭੂ ਪਿਆਸੇ ਭਗਤ ਬਸੰਤ ਸਿੰਘ ਸੈਣੀ ਨੂੰ ਮਾਰਗ ਮਿਲਣਾ"

ਮੈਂ ਬਸੰਤ ਸਿੰਘ ਸੈਣੀ ਪਿੰਡ ਗਾਂਧਰਾ ਜਿਲ੍ਹਾ- ਰੋਹਤਕ ਹਰਿਆਣਾ ਦਾ ਰਹਿਣ ਵਾਲਾ ਹਾਂ ਅਤੇ ਪੁਰਾਣਾ ਪਤਾ ਮ.ਨੰ. ਐਸ. 161 ਪਾਂਡਵ ਨਗਰ, ਨਜ਼ਦੀਕ ਮਦਰ ਡੇਅਰੀ, ਯਮੁਨਾਪਾਰ, ਦਿੱਲੀ-92 ਵਿੱਚ ਰਹਿੰਦਾ ਸੀ। ਸਾਡੇ ਪਰਿਵਾਰ ਉੱਪਰ ਮੰਨੋ ਕਿ ਦੁੱਖਾਂ ਦਾ ਪਹਾੜ ਟੁੱਟਿਆ ਹੋਇਆ ਸੀ। ਫਿਰ ਵੀ ਪਰਮਾਤਮਾ ਨੂੰ ਪਾਉਣ ਦੀ ਚਾਹ ਅਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸੰਤਾਂ ਅਤੇ ਮਹੰਤਾਂ ਦੇ ਕੋਲ਼ ਆਉਂਦੇ ਜਾਂਦੇ ਰਹਿੰਦੇ ਸੀ। ਪ੍ਰੰਤੂ ਕਿਤੇ ਵੀ ਦੁੱਖਾਂ ਦਾ ਨਿਵਾਰਣ ਨਹੀਂ ਹੋਇਆ। ਆਖਰਕਾਰ ਇੱਕ ਮੰਨੇ-ਪ੍ਰਮੰਨੇ ਸੰਤ ਸ਼੍ਰੀ ਆਸਾਰਾਮ ਬਾਪੂ ਨੂੰ ਮਿਲੇ। ਉਸ ਸਮੇਂ ਬਾਪੂ ਜੀ ਦੀ ਸੰਗਤ ਦਿੱਲੀ ਵਿੱਚ ਲਗਭਗ ਇੱਕ ਹਜ਼ਾਰ ਸੀ। ਜਿਸਦੇ ਕਾਰਣ ਬਹੁਤ ਨੇੜੇ ਤੋਂ ਮਿਲਣ ਦਾ ਮੌਕਾ ਮਿਲਿਆ । ਅਸੀਂ ਆਪਣੇ ਦੁੱਖ ਅਤੇ ਪਰਮਾਤਮਾ ਪਾਉਣ ਦੀ ਜਗਿਆਸਾ ਉਨ੍ਹਾਂ ਦੇ ਸਾਹਮਣੇ ਰੱਖੀ। ਉਹਨਾਂ ਨੇ ਸਾਨੂੰ 7 ਮੰਤਰ (ਓਮ ਗੁਰੂ, ਹਰਿ ਓਮ, ਓਮ ਏਂ ਨਮਹ, ਓਮ ਨਮਹ ਸ਼ਿਵਾਯ, ਓਮ ਨਮੋ ਭਗਵਤੇ ਵਾਸੁਦੇਵਾਯ, ਹਰੀਅਮ ਰਾਮਾਏ ਨਮਹ ਅਤੇ ਗਾਇਤ੍ਰੀ ਮੰਤਰ ਆਦਿ) ਦੱਸੇ। ਜਿਹਨਾਂ ਵਿੱਚੋਂ ਇੱਕ ਛਾਂਟਣ ਦੇ ਲਈ ਕਿਹਾ ਗਿਆ ਅਤੇ ਇੱਕ 'ਸੋਹੰ' ਮੰਤਰ ਜੋ ਸਾਹ ਦੁਆਰਾ 'ਸੋ'ਅੰਦਰ ਅਤੇ 'ਹੰ' ਬਾਹਰ ਕੱਢ ਕੇ ਜਾਪ ਕਰਨ ਲਈ ਕਿਹਾ ਗਿਆ, ਜ਼ਿਆਦਾ ਤੋਂ ਜ਼ਿਆਦਾ ਤ੍ਰਿਬੰਧ ਪ੍ਰਾਣਾਯਾਮ ਅਤੇ ਸਿੱਧ ਆਸਣ ਵਿੱਚ ਬੈਠ ਕੇ ਧਿਆਨ ਲਗਾਉਣਾ ਅਤੇ ਅਨੁਸ਼ਠਾਨ ਕਰਨਾ ਦੱਸਿਆ। ਅਸੀਂ ਮੰਤਰ ਲਿਆ ਅਤੇ ਆਪਣੇ ਦੁੱਖ ਉਹਨਾਂ ਦੇ ਸਾਹਮਣੇ ਰੋਏ ਅਤੇ ਦੱਸਿਆ ਕਿ ਸਾਡੇ ਤਾਇਆ ਜੀ ਜੋ 40 ਸਾਲ ਪਹਿਲਾਂ ਮਰ ਗਏ ਸਨ ਉਹ ਬਹੁਤ ਵੱਡੇ ਪ੍ਰੇਤ ਬਣੇ ਹੋਏ ਹਨ। ਉਹਨਾਂ ਨੇ ਸਾਡੇ ਦੋ ਭਰਾਵਾਂ ਨੂੰ ਮਾਰ ਦਿੱਤਾ, ਅੱਠ ਦਸ ਮੱਝਾਂ ਨੂੰ ਮਾਰ ਦਿੱਤਾ, ਪੰਜ ਛੇ ਗਾਵਾਂ ਨੂੰ ਮਾਰ ਦਿੱਤਾ, ਪਸ਼ੂਆਂ ਦਾ ਕੋਈ ਵੀ ਬੱਚਾ ਜ਼ਿੰਦਾ ਨਹੀਂ ਰਹਿੰਦਾ। ਘਰ ਦੇ ਸਾਰੇ ਮੈਂਬਰ ਬਿਮਾਰ ਰਹਿੰਦੇ ਹਨ। ਦੁੱਖ ਦੇ ਕਾਰਣ ਬੁਰੇ ਹਾਲ ਹਨ ਅਤੇ ਕਿਸੇ ਵੀ ਕੰਮ ਧੰਦੇ ਨੂੰ ਨਹੀਂ ਚੱਲਣ ਦਿੰਦਾ। ਹੁਣ ਕਹਿ ਰਿਹਾ ਹੈ ਕਿ ਤੁਹਾਡੇ ਪਿਤਾ ਜੀ ਨੂੰ ਲੈ ਕੇ ਜਾਵਾਂਗਾ। ਅਸੀਂ ਬਾਪੂ ਜੀ ਨੂੰ ਪ੍ਰਾਰਥਨਾ ਕੀਤੀ ਕਿ ਸਾਨੂੰ ਬਚਾਓ। ਪਰੰ-ਤੂ ਛੇ ਮਹੀਨੇ ਬਾਅਦ ਉਹ ਪ੍ਰੇਤ ਸਾਡੇ ਪਿਤਾ ਜੀ ਨੂੰ ਵੀ ਲੈ ਗਿਆ। ਬਾਪੂ ਜੀ ਨੇ

ਕਿਹਾ ਕਿ ਜੋ ਹੋਇਆ ਉਹ ਤਾਂ ਹੋਣਾ ਹੀ ਸੀ, ਪਸ਼ੂ ਆਦਿ ਤੇ ਧਨ ਦੀ ਹਾਨੀ ਅਤੇ ਸਰੀਰਕ ਬਿਮਾਰੀ ਤਾਂ ਪਾਪ ਦਾ ਭੋਗ ਹੈ ਜੋ ਜੀਵ ਦੀ ਕਿਸਮਤ ਵਿੱਚ ਲਿਖਿਆ ਹੁੰਦਾ ਹੈ, ਉਹ ਤਾਂ ਭੋਗਣਾ ਹੀ ਪੈਂਦਾ ਹੈ। ਤੁਸੀਂ ਭਗਤੀ ਕਰੋ। ਅਸੀਂ ਪਰਮਾਤਮਾ ਪ੍ਰਾਪਤੀ ਦੇ ਲਈ ਲੱਗੇ ਰਹੇ। ਬਾਪੂ ਜੀ ਦੇ ਸਮਝਾਉਣ ਤੋਂ ਬਾਅਦ ਅਸੀਂ ਪਰਮ-ਾਤਮਾ ਪ੍ਰਾਪਤੀ ਦੇ ਲਈ ਪੂਰੀ ਸ਼ਰਧਾ ਦੇ ਨਾਲ ਲੱਗ ਗਏ ਅਤੇ ਮੈਂ (ਬਸੰਤ ਦਾਸ) ਸਭ ਤੋਂ ਪਹਿਲਾਂ ਸ਼੍ਰੀ ਆਸਾਰਾਮ ਬਾਪੂ ਆਸ਼ਰਮ ਦਿੱਲੀ ਵਿੱਚ 40 ਦਿਨ ਦਾ ਅਨੁਸ਼ਠਾਨ ਮਹੰਤ ਨਰੇਂਦਰ ਬ੍ਰਹਮਚਾਰੀ ਦੀ ਸਲਾਹ ਨਾਲ ਕੀਤਾ। ਇਸ ਤੋਂ ਬਾਅਦ 40 ਦਿਨ ਦੇ ਛੇ ਅਨੁਸ਼ਠਾਨ ਆਸਾਰਾਮ ਬਾਪੂ ਆਸ਼ਰਮ ਪੰਚੇੜ ਰਤਲਾਮ, ਮੱਧਪ੍ਰਦੇਸ਼ ਵਿੱਚ ਮਹੰਤ ਕਾਕਾ ਜੀ ਦੀ ਦੇਖਰੇਖ ਵਿੱਚ ਕੀਤੇ। ਉਸ ਤੋਂ ਬਾਅਦ ਦੋ ਅਨੁਸ਼ਠਾਨ ਆਸਾਰਾਮ ਆਸ਼ਰਮ ਸਾਬਰਮਤੀ ਅਹਿਮਦਾਬਾਦ ਗੁਜਰਾਤ ਦੇ ਮੌਨ ਮੰਦਿਰ ਵਿੱਚ ਕੀਤੇ। ਜਿੱਥੇ ਸ਼੍ਰੀ ਆਸਾਰਾਮ ਬਾਪੂ ਜੀ ਨਾਲ ਚੰਗੀ ਤਰ੍ਹਾਂ ਗੱਲ ਕਰਨ ਦਾ ਮੌਕਾ ਮਿਲਿਆ। ਉਦੋਂ ਮੈਂ ਬਾਪੂ ਜੀ ਨੂੰ ਪੁੱਛਿਆ ਕਿ ਜਿਸ ਪਰਮਾਤਮਾ ਨੂੰ ਪਾਉਣ ਦੇ ਲਈ ਮੈਂ ਅਤੇ ਸਾਰਾ ਭਗਤ ਸਮਾਜ ਲੱਗਿਆ ਹੋਇਆ ਹੈ ਉਹ ਪਰਮਾਤਮਾ ਕੌਣ ਹੈ? ਕਿਹੋ ਜਿਹਾ ਹੈ? ਅਤੇ ਕਿੱਥੇ ਰਹਿੰਦਾ ਹੈ? ਦੱਸਣ ਦੀ ਕਿਰਪਾ ਕਰੋ।

ਇਹ ਸੁਣਕੇ ਬਾਪੂ ਜੀ ਨੇ ਕਿਹਾ ਕਿ ਆਪ ਲੱਗੇ ਰਹੋ ਸਭ ਪਤਾ ਚੱਲ ਜਾਵੇਗਾ ਅਤੇ ਦੱਸਿਆ ਕਿ ਗੀਤਾ ਜੀ ਦੇ ਇੱਕ ਅਧਿਆਇ ਦਾ ਪਾਠ ਹਰ ਰੋਜ਼ ਕਰਨਾ ਹੈ ਅਤੇ ਕਦੇ ਮੇਰੇ ਦਰਸ਼ਨਾਂ ਦੀ ਇੱਛਾ ਹੋਵੇ ਤਾਂ ਇੱਕ ਕਿਰਿਆ ਦੱਸਦਾ ਹਾਂ ਕਿ ਤਿੰਨ ਦਿਨ ਤੱਕ ਕਮਰੇ ਵਿੱਚ ਬੰਦ ਹੋ ਜਾਓ । ਕਮਰੇ ਵਿੱਚ ਬੰਦ ਹੋਣ ਤੋਂ ਪਹਿਲਾਂ ਖਾਣਾ ਪੀਣਾ ਛੱਡ ਦਿਓ ਤਾਂ ਕਿ ਸ਼ਾਮ ਤੱਕ ਬਾਥਰੂਮ ਲੈਟਰੀਨ ਤੋਂ ਰਹਿਤ ਹੋ ਜਾਵਾਂ । ਉਸਦੇ ਤਿੰਨ ਦਿਨ ਤੱਕ ਕੁਝ ਵੀ ਖਾਣਾ ਪੀਣਾ ਨਹੀਂ ਹੈ, ਨਾ ਬਾਹਰ ਨਿਕਲਣਾ ਹੈ। ਕਮਰੇ ਵਿੱਚ ਹੀ ਰਹੋ, ਤ੍ਰਾਟਕ ਕਰੋ। ਘਰ ਜਾਕੇ ਮੈਂ ਇਹ ਤਿੰਨ ਵਾਰ ਕੀਤਾ, ਪਰ ਬਾਪੂ ਜੀ ਦੇ ਦਰਸ਼ਨ ਨਹੀਂ ਹੋਏ। ਅਨੁਸ਼ਠਾਨ ਦੇ ਸਮੇਂ ਜੀਵਨ ਮੌਤ ਨਾਲ ਲੜ੍ਹ ਕੇ ਬਿਮਾਰੀ ਦਾ ਸਾਹਮਣਾ ਕਰਨਾ ਪਿਆ। ਪਰ ਫਿਰ ਵੀ ਪਰਮਾਤਮਾ ਪਾਉਣ ਲਈ ਲੱਗਿਆ ਰਿਹਾ।

ਸਤੰਬਰ 2000 ਵਿੱਚ ਸੰਤ ਰਾਮਪਾਲ ਦਾਸ ਜੀ ਮਹਾਰਾਜ ਦਾ ਸਤਿਸੰਗ ਕਾਠਮੰਡੀ ਰੋਹਤਕ ਵਿੱਚ ਸੁਣਿਆ, ਜਿਨ੍ਹਾਂ ਨੇ ਤੱਤਵਗਿਆਨ ਦੇ ਆਧਾਰ ਉੱਤੇ ਗੀਤਾ ਜੀ ਨੂੰ ਸਮਝਾਇਆ ਉਸਦੇ ਬਾਅਦ ਗੀਤਾ ਜੀ ਦਾ ਪਾਠ ਕਰਨ ਵੇਲੇ ਮਨ ਵਿੱਚ ਆਉਣ ਲੱਗਾ ਕਿ ਗੀਤਾ ਜੀ ਵਿੱਚ ਭਗਵਾਨ ਕੀ ਕਹਿ ਰਹੇ ਹਨ ਅਤੇ ਬਾਪੂ ਜੀ ਕੀ ਦੱਸ ਰਹੇ ਹਨ। ਕਿਤੇ ਸੱਚ ਹੀ ਅਸੀਂ ਭਗਵਾਨ ਦੇ ਵਿਰੁੱਧ ਸਾਧਨਾ ਤਾਂ ਨਹੀਂ ਕਰ ਰਹੇ ਹਾਂ । ਸੰਤ ਰਾਮਪਾਲ ਜੀ ਦੇ ਦੁਆਰਾ ਦੱਸੇ ਗੀਤਾ ਦੇ ਅਨੁਵਾਦ ਨੂੰ ਸਮਝਿਆ ਤਾਂ ਅੰਤਰ ਆਤਮਾ ਰੋਣ ਲੱਗੀ ਅਤੇ ਬਾਪੂ ਜੀ ਨਾਲ ਮਿਲ ਕੇ ਇਹ ਸਭ ਸ਼ੰਕਾਂਵਾਂ ਪੁੱਛਣੀਆਂ ਚਾਹੀਆਂ। ਮੈਂ ਬਾਪੂ ਜੀ ਦੇ ਕੋ.ਲ ਗੀਤਾ ਲੈ ਕੇ ਗਿਆ ਅਤੇ ਗੀਤਾ ਜੀ ਦਿਖਾ ਕੇ ਸਾਰੀ ਸ਼ੰਕਾ ਪੁੱਛੀ। ਪ੍ਰੰਤੂ ਬਾਪੂ ਜੀ ਨੇ ਕਿਸੇ ਸ਼ੰਕਾ ਦਾ ਸਮਾਧਾਨ ਨਹੀਂ ਕੀਤਾ। ਮੈਂ ਬਾਪੂ ਜੀ ਨੂੰ ਕਿਹਾ ਕਿ ਬਾਪੂ ਜੀ ਜੇਕਰ ਤੁਹਾਨੂੰ ਪਰਮਾਤਮਾ ਬਾਰੇ ਨਹੀਂ ਪਤਾ ਤਾਂ ਇਹ ਭਗਤ ਸਮਾਜ ਨੂੰ ਆਪਣੇ ਕੋਲ ਕਿਉਂ ਉਲਝਾ ਰਹੇ ਹੋ, ਇਹ ਗੱਲ ਸੁਣ ਕੇ ਮੈਨੂੰ ਘੂਰ ਕੇ ਦੇਖਿਆ ਅਤੇ ਬੋਲੇ ਤੂੰ ਕੀ ਜਾਣੇ ਭਗਤੀ ਦੇ ਬਾਰੇ । ਮੈਂ ਉਠ ਕੇ ਰੋਂਦਾ ਹੋਇਆ ਆਪਣੇ ਘਰ ਆ ਗਿਆ।

ਪਰਮਾਤਮਾ ਦੀ ਪ੍ਰਾਪਤੀ ਨਾ ਹੋਣ ਅਤੇ ਉਲਝੇ ਹੋਏ ਜੀਵਨ ਨੂੰ ਦੇਖਦੇ ਹੋਏ

ਅਤੇ ਹਠ ਰੂਪੀ ਅਨੁਸ਼ਠਾਨ ਅਤੇ ਵਰਤਾਂ ਨੂੰ ਕਰਕੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ ਅਤੇ ਮੌਤ ਨੇੜੇ ਦਿਖਾਈ ਦੇਣ ਲੱਗ ਪਈ ਸੀ। ਫਿਰ ਹੋਰ ਸੰਤਾਂ (ਰਾਧਾਸਵਾਮੀ ਪੰਥ, ਧੰਨ ਧੰਨ ਸਤਿਗੁਰੂ, ਸ਼੍ਰੀ ਸਤਪਾਲ ਜੀ ਮਹਾਰਾਜ, ਸ਼੍ਰੀ ਬਾਲਯੋਗੇਸ਼ਵਰ ਜੀ ਮਹਾਰਾਜ, ਦਿਵਯ ਜਯੋਤੀ, ਬ੍ਰਹਮਕੁਮਾਰੀ, ਨਿਰੰਕਾਰੀ ਮਿਸ਼ਨ, ਜੈ ਗੁਰੂਦੇਵ ਮਥੁਰਾ ਵਾਲੇ ਆਦਿ) ਦੇ ਕੋਲ ਭਟਕਿਆ, ਪਰੰਤੂ ਜੋ ਗਿਆਨ ਸੰਤ ਰਾਮਪਾਲ ਜੀ ਨੇ ਦੱਸਿਆ ਉਹ ਉਪਰੋਕਤ ਕਿਸੇ ਵੀ ਸੰਤ ਜਾ ਪੰਥ ਦੇ ਕੋਲ ਨਹੀਂ ਹੈ। ਮੈਂ ਪਛਤਾਉਣ ਲੱਗਾ ਕਿ ਇਸ ਸਮੇਂ ਸ਼ਾਇਦ ਧਰਤੀ'ਤੇ ਕੋਈ ਵੀ ਸੰਤ ਅਜਿਹਾ ਨਹੀਂ ਹੈ ਜਿਸਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ ਅਤੇ ਜੋ ਦੱਸ ਸਕੇ ਕਿ ਪਰਮਾਤਮਾ ਕਿਹੋ ਜਿਹਾ ਹੈ? ਕੌਣ ਹੈ? ਅਤੇ ਕਿੱਥੇ ਰਹਿੰਦਾ ਹੈ? ਇਹ ਵਿੱਚਾਰ ਕਰਕੇ ਮੈਂ ਫੁੱਟ-ਫੁੱਟ ਕੇ ਰੋਂਦਾ ਰਿਹਾ, ਸੰਤਾਂ ਤੋਂ ਵਿਸ਼ਵਾਸ ਉੱਠ ਗਿਆ। ਮਨ ਵਿੱਚ ਆਉਣ ਲੱਗਾ ਕਿ ਜਦ ਸ਼੍ਰੀ ਆਸਾਰਾਮ ਜੀ ਜਿਹੇ ਪ੍ਰਸਿੱਧ ਸੰਤ ਹੀ ਸ਼ਾਸਤਰ ਵਿਧੀ ਤਿਆਗ ਕੇ ਮਨਮਾਨੀ ਪੂਜਾ ਕਰਵਾ ਰਹੇ ਹਨ ਤਾਂ ਕਿਸ ਸੰਤ'ਤੇ ਵਿਸ਼ਵਾਸ਼ ਕੀਤਾ ਜਾਵੇ। ਸੰਤ ਰਾਮਪਾਲ ਜੀ ਮਹਾਰਾਜ ਗਿਆਨ ਤਾਂ ਸਭ ਤੋਂ ਵਧੀਆ ਦੱਸ ਰਹੇ ਹਨ ਪਰ ਇਨ੍ਹਾਂ ਕੋਲ ਸੰਗਤ ਕੁਝ ਵੀ ਨਹੀਂ ਹੈ। ਇਹ ਪੂਰਣ ਸੰਤ ਕਿਸ ਤਰ੍ਹਾਂ ਹੋ ਸਕਦੇ ਹਨ? ਇਹ ਸ਼ੰਕਾ ਮਨ ਵਿੱਚ ਆਈ। ਕੁਝ ਦਿਨਾਂ ਬਾਅਦ ਸਾਡੇ ਪਿੰਡ ਸੰਤ ਰਾਮਪਾਲ ਜੀ ਦਾ ਇੱਕ ਸ਼ਿਸ਼ ਮਿਲਿਆ ਅਤੇ ਮੇਰੀ ਕਹਾਣੀ ਸੁਣਕੇ ਉਸਨੇ ਮੈਨੂੰ ਪਰਮਾਤਮਾ ਸਵਰੂਪ ਪੂਰਣ ਸੰਤ ਰਾਮਪਾਲ ਜੀ ਮਹਾਰਾਜ ਜੀ ਦੇ ਸਤਿਸੰਗ ਵਿੱਚ ਦੁਬਾਰਾ ਲੈ ਆਇਆ। ਮੈਂ ਇੱਕ ਘੰਟੇ ਦਾ ਸਤਿਸੰਗ ਸੁਣਿਆ ਅਤੇ ਸਤਿਸੰਗ ਸੁਣਨ ਤੋਂ ਬਾਅਦ ਰੋਂਦਾ ਹੋਇਆ ਮਹਾਰਾਜ ਜੀ ਨੂੰ ਮਿਲਿਆ । ਮਹਾਰਾਜ ਜੀ ਨੇ ਮੈਨੂੰ ਸੀਨੇ ਨਾਲ ਲਾ ਕੇ ਕਿਹਾ ਜਿਸ ਸੰਤ ਦੇ ਕੋ.ਲ ਆਪ ਜਾਂਦੇ ਹੋ ਉਹ ਸ਼ਾਸਤਰ ਵਿਧੀ ਤਿਆਗ ਕੇ ਮਨਮਾਨੀ ਪੂਜਾ ਕਰ ਅਤੇ ਕਰਵਾ ਰਹੇ ਹਨ। ਜਿਵੇਂ ਇਹ ਸਭ ਉਹ ਪਹਿਲਾਂ ਤੋਂ ਹੀ ਜਾਣਦੇ ਸਨ ਕਿ ਮੈਨੂੰ ਕੀ ਚਾਹੀਦਾ ਹੈ ਅਤੇ ਮੇਰੀਆਂ ਸ਼ੰਕਾਂਵਾਂ ਦਾ ਹੱਲ ਸੰਤ ਰਾਮਪਾਲ ਜੀ ਮਹਾਰਾਜ ਨੇ ਆਪਣੇ ਚਰਣਾਂ ਵਿੱਚ ਬਿਠਾਕੇ ਇਸ ਤਰ੍ਹਾਂ ਕੀਤਾ।

ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਨੇ ਦੱਸਿਆ ਕਿ ਪਵਿੱਤਰ ਗੀਤਾ ਜੀ ਅਧਿਆਇ 9 ਮੰਤਰ 25 ਵਿੱਚ ਪਿੱਤਰ ਪੂਜਾ ਅਰਥਾਤ ਸ਼ਰਾਧ ਕੱਢਣੇ ਮਨ੍ਹਾਂ ਕੀਤੇ ਹਨ। ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ ਨੂੰ ਮੂਰਖ ਲਿਖਿਆ ਹੈ। (ਗੀਤਾ ਅਧਿਆਇ 7 ਮੰਤਰ 12 ਤੋਂ 15 ਅਤੇ 20 ਤੋਂ 23 ਤੱਕ)। ਪਰੰਤੂ ਸ਼੍ਰੀ ਆਸਾਰਾਮ ਜੀ "ਸ਼ਰਾਧ ਮਹਿਮਾ" ਨਾਮਕ ਪੁਸਤਕ ਵਿੱਚ ਸ਼ਰਾਧ ਕੱਢਣ ਦੀ ਉੱਤਮ ਵਿਧੀ ਦੱਸਦੇ ਹਨ। ਸੰਤ ਸ਼੍ਰੀ ਆਸਾਰਾਮ ਜੀ ਦੇ ਸਾਬਰਮਤੀ ਅਹਿਮਦਾਬਾਦ ਆਸ਼ਰਮ ਤੋਂ ਪ੍ਰਕਾਸ਼ਿਤ ਪੱਤ੍ਰਿਕਾ ਰਿਸ਼ੀ ਪ੍ਰਸਾਦ ਅੰਕ-135 ਮਾਰਚ 2004 ਵਿੱਚ ਲਿਖਿਆ ਹੈ ਕਿ ਭੂਤ ਪੂਜਣ ਵਾਲੇ ਤੇ ਪਿੱਤਰ ਪੂਜਣ ਵਾਲੇ ਅਤੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ ਕੀ ਬਨਣਗੇ, ਪੜ੍ਹੋ ਪੱਤਰਿਕਾ ਦੇ ਅਗਲੇ ਅੰਕ ਵਿੱਚ......

ਅਗਲੇ ਅੰਕ ਦੀ ਪੱਤ੍ਰਿਕਾ ਰਿਸ਼ੀ ਪ੍ਰਸਾਦ ਅੰਕ 136 ਅਪ੍ਰੈਲ 2004 ਪੰਨਾ 19 ਵਿੱਚ ਲਿਖਿਆ ਹੈ ਕਿ ਭੂਤ ਪੂਜਣ ਵਾਲੇ ਭੂਤ ਲੋਕ ਨੂੰ ਪ੍ਰਾਪਤ ਹੋਣਗੇ ਅਤੇ ਪਿੱਤਰ ਪੂਜਣ ਵਾਲੇ ਪਿੱਤਰ ਲੋਕਾਂ ਨੂੰ ਪ੍ਰਾਪਤ ਹੋਣਗੇ ਅਤੇ ਸ਼੍ਰੀ ਕ੍ਰਿਸ਼ਨ ਦੇ ਪੁਜਾਰੀ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਬੈਕੁੰਠ ਲੋਕ ਨੂੰ ਪ੍ਰਾਪਤ ਹੋਣਗੇ।

ਵਿਚਾਰ ਕਰੋ :- ਸ਼੍ਰੀ ਆਸ਼ਾਰਾਮ ਜੀ ਦੁਆਰਾ ਪ੍ਰਕਾਸ਼ਿਤ "ਸ਼ਰਾਧ ਮਹਿਮਾ"

**ਨਾਮਕ ਪੁਸਤਕ ਵਿੱਚ ਪਿੱਤਰ ਪੂਜਾ ਦੀ ਚੰਗੀ ਵਿਧੀ ਵੀ ਲਿਖੀ ਹੈ।**

**ਕਿਰਪਾ ਕਰਕੇ ਸੋਚੋ:- ਕੋਈ ਵਿਅਕਤੀ ਇਹ ਵੀ ਕਹਿ ਰਿਹਾ ਹੈ ਕਿ ਖੂਹ ਵਿੱਚ ਡਿੱਗਣ ਵਾਲੇ ਦੀ ਮੌਤ ਹੋ ਜਾਵੇਗੀ। ਫਿਰ ਆਪ ਹੀ ਖੂਹ ਵਿੱਚ ਡਿੱਗਣ ਲਈ ਸੁਝਾਅ ਵੀ ਦੇ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਖੂਹ ਵਿੱਚ ਡਿੱਗਣ ਦੀ ਚੰਗੀ ਵਿਧੀ ਮੈਂ ਦੱਸਦਾ ਹਾਂ ਕਿ ਦੋਵੇਂ ਪੈਰ ਚੁੱਕ ਕੇ ਇਕਦਮ ਛਲਾਂਗ ਲਗਾਓ । ਇਹ ਖੂਹ ਵਿੱਚ ਡਿੱਗ ਕੇ ਮਰਨ ਦੀ ਉੱਤਮ ਵਿਧੀ ਹੈ। ਜੋ ਅਜਿਹਾ ਨਹੀਂ ਕਰਦਾ ਉਹ ਦੋਸ਼ੀ ਹੈ।**

**ਕੀ ਉਹ ਵਿਅਕਤੀ ਨੇਕ ਹੈ? ਇਹ ਭੂਮਿਕਾ ਸ਼੍ਰੀ ਆਸ਼ਾਰਾਮ ਜੀ ਸੰਤ ਕਰ ਰਹੇ ਹਨ ਕਿ ਇੱਕ ਪਾਸੇ ਤਾਂ ਕਹਿ ਰਹੇ ਹਨ ਕਿ ਪਿੱਤਰ ਅਤੇ ਭੂਤ ਪੂਜਾ ਵਾਲੇ ਭੂਤਲੋਕ ਅਤੇ ਪਿੱਤਰ ਲੋਕ ਨੂੰ ਪ੍ਰਾਪਤ ਹੋਣਗੇ, ਜਿੱਥੇ ਉਹ ਭੁੱਖੇ ਪਿਆਸੇ ਰਹਿੰਦੇ ਹਨ। ਫਿਰ ਉਨ੍ਹਾਂ ਨੂੰ ਸ਼ਰਾਧ ਦੁਆਰਾ ਤ੍ਰਿਪਤ ਕੀਤਾ ਜਾਂਦਾ ਹੈ। ਇੱਕ ਹੋਰ ਵਿਚਾਰ ਯੋਗ ਵਿਸ਼ਾ ਹੈ ਕਿ ਜਦ ਮਾਤਾ-ਪਿਤਾ ਜਿੰਦਾ ਸੀ ਤਾਂ ਉਹ ਦਿਨ ਵਿੱਚ ਘੱਟ ਤੋਂ ਘੱਟ ਦੋ ਬਾਰ ਭੋਜਨ ਕਰਦੇ ਸੀ। ਹੁਣ ਮੌਤ ਤੋਂ ਬਾਅਦ ਉਹ ਸ਼੍ਰੀ ਗੀਤਾ ਜੀ ਦੇ ਵਿਰੁੱਧ ਸਾਧਨਾ ਕਰਕੇ ਦੁਖਦਾਈ ਭੂਤ ਅਤੇ ਪਿੱਤਰ ਜੂਨੀ ਨੂੰ ਪ੍ਰਾਪਤ ਕਰ ਚੁੱਕੇ ਹਨ। ਹੁਣ ਇੱਕ ਦਿਨ ਦੇ ਸ਼ਰਾਧ ਨਾਲ ਉਹ ਕਿਵੇਂ ਤ੍ਰਿਪਤ ਹੋ ਸਕਦੇ ਹਨ। 364 ਦਿਨ ਉਹ ਕੀ ਖਾਣਗੇ? ਜਿਸਦੇ ਲਈ ਸੰਤ ਜਨ ਅਤੇ ਗੁਰੂ ਜਨ ਦੋਸ਼ੀ ਹਨ ਜੋ ਭੋਲੀ-ਭਾਲੀ ਆਤਮਾਂਵਾਂ ਨੂੰ ਗੁੰਮਰਾਹ ਕਰ ਰਹੇ ਹਨ। ਸ਼ਾਸਤਰ ਗਿਆਨ ਤੋਂ ਉਲਟ ਸੰਤ ਹੀ ਇਸ ਜੀਵ ਨੂੰ ਸ਼ਾਸਤਰ ਵਿਧੀ ਰਹਿਤ ਸਾਧਨਾ ਕਰਵਾ ਕੇ ਦੁੱਖ-ਮਈ ਜੂਨੀਆਂ ਵਿੱਚ ਪਾ ਸਕਦਾ ਹੈ।**

**ਸ਼੍ਰੀ ਆਸ਼ਾਰਾਮ ਜੀ ਸ਼੍ਰੀ ਸ਼ਿਵ ਜੀ ਦੀ ਭਗਤੀ ਦਾ ਮੰਤਰ (ਓਮ ਨਮੋ ਸ਼ਿਵਾਯ) ਅਤੇ ਸ਼੍ਰੀ ਵਿਸ਼ਨੂੰ ਜੀ ਦਾ ਮੰਤਰ (ਓਮ ਨਮੋ ਭਗਵਤੇ ਵਾਸਦੇਵਾਯ) ਦੱਸਦੇ ਹਨ। ਇਸਤੋਂ ਇਲਾਵਾ ਹਰੀ ਓਮ, ਓਮ ਗੁਰੂ ਆਦਿ ਨਾਵਾਂ ਵਿੱਚੋਂ ਕੋਈ ਇੱਕ ਮੰਤਰ ਆਪਣੀ ਇੱਛਾ ਅਨੁਸਾਰ ਚੁਣ ਲੈਣ ਨੂੰ ਕਹਿੰਦੇ ਹਨ ਅਤੇ ਸੋਹੰ ਨੂੰ ਦੋ ਹਿੱਸੇ ਕਰਕੇ ਸਾਹ ਦੁਆਰਾ ਸਿਰਮਣ ਕਰਨਾ ਆਦਿ ਮੰਤਰ ਦਿੰਦੇ ਹਨ ਜੋ ਕਿਸੇ ਸ਼ਾਸਤਰ ਵਿੱਚ ਪ੍ਰਮਾਣ ਨਹੀਂ ਹੈ।**

ਵਿਚਾਰ ਕਰੋ:- ਕੋਈ ਰੋਗੀ ਜਿਸਦੇ ਪੇਟ ਵਿੱਚ ਦਰਦ ਹੋਵੇ ਕਿਸੇ ਵੈਦ ਦੇ ਕੋਲ਼ ਇਲਾਜ ਦੇ ਲਈ ਪ੍ਰਾਰਥਨਾ ਕਰੇ। ਵੈਦ ਉਸਦੇ ਅੱਗੇ ਛੇ ਤਰ੍ਹਾਂ ਦੀਆਂ ਗੋਲੀਆਂ ਰੱਖ ਦੇਵੇ ਅਤੇ ਕਹੇ ਕਿ ਜੋ ਤੈਨੂੰ ਚੰਗੀ ਲੱਗੇ, ਇਹਨਾਂ ਵਿੱਚੋਂ ਇੱਕ ਚੱਕ ਲੈ। ਕੀ ਉਹ ਵੈਦ ਹੋ ਸਕਦਾ ਹੈ?

ਪਵਿੱਤਰ ਗੀਤਾ ਜੀ ਅਧਿਆਇ 8 ਮੰਤਰ 13 ਵਿੱਚ ਕਿਹਾ ਹੈ ਕਿ:

ਓਮ ਇਤਿ ਏਕਾਕਸ਼ਰਮ ਬ੍ਰਹਮ, ਵਯਾਹਰਨ ਮਾਮ ਅਨੁਸਮਰਨ,

ਯਹ ਪ੍ਰਯਾਤਿ ਤਯਜਨ ਦੇਹਮ ਸਹ ਯਾਤਿ ਪਰਮਾਮ ਗਤਿਮ ॥13॥

ਇਸਦਾ ਸ਼ਬਦਅਰਥ ਹੈ ਕਿ ਗੀਤਾ ਬੋਲਣ ਵਾਲਾ ਬ੍ਰਹਮ ਅਰਥਾਤ ਕਾਲ ਕਹਿ ਰਿਹਾ ਹੈ ਕਿ (ਮਾਮ ਬ੍ਰਹਮ) ਮੇਰਾ ਬ੍ਰਹਮ ਦਾ ਤਾਂ (ਇਤਿ) ਇਹ ਇੱਕ (ਓਮ ਏਕਾਕਸ਼ਰਮ) ਓਮ ਇੱਕ ਅੱਖਰ ਹੈ (ਵਯਾਹਰਨ) ਉੱਚਾਰਨ ਕਰਕੇ (ਅਨੁਸਮਰਨ) ਸਿਮਰਨ ਕਰਨ ਦਾ (ਯਹ) ਜੋ ਸਾਧਕ (ਤਯਜਨ ਦੇਹਮ) ਸਰੀਰ ਤਿਆਗਣ ਤੱਕ ਅਰਥਾਤ ਅੰਤਮ ਸਾਹ ਤੱਕ (ਪ੍ਰਯਾਤਿ)

ਸਿਮਰਨ ਸਾਧਨਾ ਕਰਦਾ ਹੈ (ਸਹ) ਉਹ ਸਾਧਕ ਹੀ ਮੇਰੇ ਵਾਲੀ (ਪਰਮਾਮ ਗਤਿਮ) ਪਰਮਗਤਿ ਨੂੰ (ਯਾਤਿ) ਪ੍ਰਾਪਤ ਹੁੰਦਾ ਹੈ।

**ਭਾਵਅਰਥ ਹੈ ਕਿ ਸ਼੍ਰੀ ਕਿਸ਼ਨ ਜੀ ਦੇ ਸਰੀਰ ਵਿੱਚ ਪ੍ਰੇਤ ਵਾਂਗ ਪ੍ਰਵੇਸ਼ ਕਰਕੇ ਬ੍ਰਹਮ ਅਰਥਾਤ ਹਜ਼ਾਰ ਬਾਹਵਾਂ ਵਾਲਾ ਜੋਤੀ ਨਿਰੰਜਨ ਕਾਲ ਕਹਿ ਰਿਹਾ ਹੈ ਕਿ ਮੇਰੀ ਬ੍ਰਹਮ ਦੀ ਸਾਧਨਾ ਸਿਰਫ਼ ਇੱਕ ਓਮ ਨਾਮ ਦਾ ਜਾਪ ਮੌਤ ਤੱਕ ਕਰਨ ਵਾਲੇ ਸਾਧਕ ਨੂੰ ਸਿਰਫ਼ ਮੇਰੇ ਤੋਂ ਮਿਲਣ ਵਾਲੇ ਲਾਭ ਪ੍ਰਾਪਤ ਹੋਣਗੇ, ਹੋਰ ਕੋਈ ਮੰਤਰ ਮੇਰੀ ਭਗਤੀ ਦਾ ਨਹੀਂ ਹੈ ਅਤੇ ਆਪਣੀ ਗਤੀ ਨੂੰ ਵੀ ਗੀਤਾ ਅਧਿਆਇ 7 ਮੰਤਰ 18 ਵਿੱਚ ਅਨੁੱਤਮਾਮ ਅਰਥਾਤ ਅਤਿ ਘਟੀਆ ਕਿਹਾ ਹੈ। ਇਸਦਾ ਪ੍ਰਮਾਣ ਗੀਤਾ ਅਧਿਆਇ 9 ਮੰਤਰ 20 ਅਤੇ 25 ਵਿੱਚ ਕਿਹਾ ਹੈ ਕਿ ਜੋ ਤਿੰਨ ਵੇਦਾਂ (ਰਿਗਵੇਦ, ਯਜੁਰਵੇਦ ਅਤੇ ਸਾਮਵੇਦ) ਵਿੱਚ ਵਰਣਿਤ ਵਿਧੀ ਦੁਆਰਾ ਮੇਰੀ ਸਾਧਨਾ ਕਰਦੇ ਹਨ ਅਤੇ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ ਉਨ੍ਹਾਂ ਦੀ ਜਨਮ-ਮੌਤ ਅਤੇ ਸਵਰਗ-ਨਰਕ ਬਣਿਆ ਰਹਿੰਦਾ ਹੈ ਅਤੇ ਪਿੱਤਰ ਪੂਜਣ ਵਾਲੇ (ਸ਼ਰਾਧ ਕਰਨ ਵਾਲੇ) ਪਿੱਤਰ ਬਣ ਕੇ ਪਿੱਤਰਾਂ ਨੂੰ ਪ੍ਰਾਪਤ ਹੁੰਦੇ ਹਨ। ਭੂਤ ਪੂਜਣ ਵਾਲੇ (ਤੇਰਵੀਂ, ਸੱਤਵੀਂ, ਬਰਸੀ, ਹੱਡੀਆਂ ਚੁੱਕ ਕੇ ਗੰਗਾ ਆਦਿ ਵਿੱਚ ਕਿਰਿਆ ਕਰਵਾ ਕੇ ਪ੍ਰਵਾਹ ਕਰਵਾਉਣਾ, ਪਿੰਡ ਭਰਨਾ ਆਦਿ ਭੂਤ ਪੂਜਾ ਹੈ) ਭੂਤ ਬਣਕੇ ਭੂਤਲੋਕ ਵਿੱਚ ਚਲੇ ਜਾਣਗੇ, ਫਿਰ ਧਰਤੀ ਉੱਤੇ ਹੀ ਭਟਕਦੇ ਰਹਿਣ-ਗੇ। ਇਹ ਪੂਜਾ ਅਵਿਧੀ ਪੂਰਵਕ ਅਗਿਆਨ ਪੂਰਵਕ ਮਨ-ਮਾਨੀ ਪੂਜਾ ਹੈ। ਇਸਲਈ ਬੇਕਾਰ ਹੈ। ਪ੍ਰਮਾਣ ਗੀਤਾ ਅਧਿਆਇ 16 ਮੰਤਰ 23-24। ਵਿਸ਼ੇਸ਼ : ਇੱਥੇ ਚੌਥੇ ਅੱਥਰਵਵੇਦ ਦਾ ਵਰਣਨ ਇਸਲਈ ਨਹੀਂ ਹੈ ਕਿ ਇਸ ਵਿੱਚ ਪੂਜਾ ਦੀ ਵਿਧੀ ਘੱਟ ਅਤੇ ਸ੍ਰਿਸ਼ਟੀ ਰਚਨਾ ਜ਼ਿਆਦਾ ਹੈ। ਇਸ ਲਈ ਗੀਤਾ ਅਧਿਆਇ 18 ਮੰਤਰ 62 ਵਿੱਚ ਕਿਹਾ ਹੈ ਕਿ ਉਸ ਪਰਮਾਤਮਾ ਦੀ ਸ਼ਰਣ ਵਿੱਚ ਜਾ ਜਿਸ ਨਾਲ ਤੇਰੀ ਪੂਰਣ ਮੁਕਤੀ ਹੋਵੇਗੀ ਅਤੇ ਪਰਮ ਸ਼ਾਂਤੀ ਅਰਥਾਤ ਸ਼ਾਸ਼ਵਤ ਸਥਾਨ ਅਰਥਾਤ ਸਤਲੋਕ ਨੂੰ ਪ੍ਰਾਪਤ ਹੋਵੇਂਗਾ ਅਤੇ ਗੀਤਾ ਅਧਿਆਇ 15 ਮੰਤਰ 4 ਵਿੱਚ ਕਿਹਾ ਹੈ ਕਿ ਤੱਤ-ਵਦਰਸ਼ੀ ਸੰਤ ਮਿਲਣ ਉੱਤੇ ਉਸਦੇ ਦੱਸੇ ਅਨੁਸਾਰ ਸ਼ਾਸਤਰ ਵਿਧੀ ਅਨੁਸਾਰ ਸਾਧਨਾ ਕਰਨੀ ਚਾਹੀਦੀ ਹੈ। ਫਿਰ ਉਸ ਪਰਮਪਦ ਪਰਮੇਸ਼ਵਰ ਦੀ ਖੋਜ ਕਰਨੀ ਚਾਹੀਦੀ ਹੈ ਜਿੱਥੇ ਜਾਣ ਤੋਂ ਬਾਅਦ ਸਾਧਕ ਦਾ ਕਦੇ ਜਨਮ-ਮਰਣ ਨਹੀਂ ਹੁੰਦਾ ਅਰਥਾਤ ਅਨਾਦਿ ਮੋਕਸ਼ ਪ੍ਰਾਪਤ ਹੋ ਜਾਂਦਾ ਹੈ। (ਗੀਤਾ ਬੋਲਣ ਵਾਲਾ ਕਾਲ ਅਰਥਾਤ ਸ਼ਰਪੁਰਸ਼-ਬ੍ਰਹਮ ਕਹਿ ਰਿਹਾ ਹੈ ਕਿ) ਮੈਂ ਵੀ ਉਸੇ ਆਦਿ ਪੁਰਸ਼ ਪਰਮੇਸ਼ਵਰ ਦੀ ਸ਼ਰਣ ਵਿੱਚ ਹਾਂ।**

ਸੰਤ ਰਾਮਪਾਲ ਜੀ ਮਹਾਰਾਜ ਜੀ ਨੇ ਦੱਸਿਆ ਕਿ ਹੋਰ ਸਾਰੇ ਸੰਤ ਕਹਿੰਦੇ ਹਨ ਕਿ ਪਾਪ ਦਾ ਭੋਗ ਪ੍ਰਾੱਬਧ ਲਿਖਿਆ ਹੋਣ ਕਾਰਣ ਜੀਵ ਨੂੰ ਭੋਗਣਾ ਹੀ ਪੈਂਦਾ ਹੈ। ਭਗਤੀ ਕਰਦੇ ਰਹਿਣਾ ਚਾਹੀਦਾ ਹੈ, ਆਉਣ ਵਾਲਾ ਦੂਸਰਾ ਜੀਵਨ ਸੁਖਮਈ ਹੋ ਜਾਵੇਗਾ।

ਕਿਰਪਾ ਕਰਕੇ ਵਿਚਾਰ ਕਰੋ:- ਕਿਸੇ ਦੇ ਪੈਰ ਵਿੱਚ ਕੰਡਾ ਲੱਗਿਆ ਹੋਵੇ ਜਿਸ ਕਾਰਣ ਉਸਨੂੰ ਬਹੁਤ ਦਰਦ ਹੋ ਰਿਹਾ ਹੈ। ਉਸ ਕੰਡੇ ਦੇ ਦੁੱਖ ਦੇ ਨਿਵਾਰਣ ਲਈ ਉਹ ਕਿਸੇ ਕੋ.ਲ ਪ੍ਰਾਰਥਨਾ ਕਰੇ ਤਾਂ ਉੱਤਰ ਮਿਲੇ ਕਿ ਕੰਡਾ ਤਾਂ ਲੱਗਿਆ ਰਹਿਣ ਦਿਓ, ਜੁੱਤੀ ਪਾ ਲਵੋ, ਅੱਗੇ ਭਵਿੱਖ ਵਿੱਚ ਕੰਡਾ ਨਹੀਂ ਲੱਗੇਗਾ। ਕੀ ਉਹ ਵਿਅਕਤੀ ਸਹੀ ਸਲਾਹ ਦੇ ਰਿਹਾ ਹੈ? ਕਿਉਂਕਿ ਕੰਡਾ ਲੱਗੇ ਪੈਰ ਵਿੱਚ ਜੁੱਤੀ ਪਾਈ ਨਹੀਂ ਜਾ ਸਕਦੀ । ਪਹਿਲਾਂ ਕੰਡਾ ਨਿਕਲੇ ਫਿਰ ਇਸ ਡਰ ਨਾਲ ਜੁੱਤੀ ਪਾਵੇਗਾ ਕਿ ਕੀਤੇ ਫੇਰ

ਕੰਡਾ ਨਾ ਲੱਗ ਜਾਵੇ। ਠੀਕ ਇਸੇ ਤਰ੍ਹਾਂ ਪੂਰਣ ਪਰਮਾਤਮਾ ਦੇ ਪੂਰਣ ਸੰਤ ਦੀ ਸ਼ਰਣ ਵਿੱਚ ਆਉਣ ਨਾਲ ਪਾਪ ਰੂਪੀ ਕੰਡੇ ਦਾ ਦੁੱਖ ਖ਼ਤਮ ਹੋ ਜਾਂਦਾ ਹੈ। ਫਿਰ ਸਾਧਕ ਪੂਰਣ ਪ੍ਰਭੂ ਦੀ ਸਾਸ਼ਤਰ ਵਿਧੀ ਅਨੁਸਾਰ ਸਾਧਨਾ ਰੂਪੀ ਜੁੱਤੀ ਇਸ ਡਰ ਨਾਲ ਪਾਵੇਗਾ ਕਿ ਫਿਰ ਤੋਂ ਕੋਈ ਪਾਪ ਰੂਪੀ ਕੰਡਾ ਕਸ਼ਟ ਨਾ ਦੇਵੇ ।

ਸਾਰੇ ਸੰਤਾਂ ਨੇ ਪਵਿੱਤਰ ਗੀਤਾ ਜੀ ਦੇ ਅਧਿਆਇ ਦੇ ਅਰਥਾਂ ਦਾ ਅਨਰਥ ਕੀਤਾ ਹੈ। ਗੀਤਾ ਅਧਿਆਇ 7 ਮੰਤਰ 18-24 ਵਿੱਚ ਅਨੁੱਤਮਾਮ ਦਾ ਅਰਥ ਅਤਿ ਉੱਤਮ ਕੀਤਾ ਹੈ ਅਤੇ ਅਧਿਆਇ 18 ਮੰਤਰ 66 ਵਿੱਚ ਵ੍ਰਜ ਦਾ ਅਰਥ ਆਉਣਾ ਕੀਤਾ ਹੈ। ਜਦਕਿ ਅਨੁੱਤਮ ਦਾ ਅਰਥ ਅਤਿ ਘਟੀਆ ਹੁੰਦਾ ਹੈ ਅਤੇ ਵ੍ਰਜ ਦਾ ਅਰਥ ਜਾਣਾ ਹੁੰਦਾ ਹੈ। ਤੱਤਵਗਿਆਨ ਦੀ ਕਮੀ ਨਾਲ ਅਤੇ ਗਿਆਨਹੀਣ ਗੁਰੂਆਂ ਦੇ ਕਾਰਣ ਵੀ ਸਾਰਾ ਭਗਤ ਸਮਾਜ ਸ਼ਾਸਤਰ ਵਿਧੀ ਰਹਿਤ ਸਾਧਨਾ ਕਰਕੇ ਮਨੁੱਖੀ ਜੀਵਨ ਵਿਅਰਥ ਕਰ ਰਿਹਾ ਹੈ (ਪਵਿੱਤਰ ਗੀਤਾ ਅਧਿਆਇ 16 ਮੰਤ੍ਰ 23-24) । ਸਾਰੇ ਪਵਿੱਤਰ ਧਰਮਾਂ ਦੀ ਪਵਿੱਤਰ-ਆਤਮਾਂਵਾਂ ਤੱਤਵਗਿਆਨ ਤੋਂ ਜਾਣੂ ਨਹੀਂ ਹਨ। ਜਿਸ ਕਾਰਣ ਨਕਲੀ ਗੁਰੂਆਂ, ਸੰਤਾਂ, ਮਹੰਤਾਂ ਅਤੇ ਰਿਸ਼ੀਆਂ ਦਾ ਦਾਅ ਲੱਗਿਆ ਹੋਇਆ ਹੈ। ਜਿਸ ਸਮੇਂ ਪਵਿੱਤਰ ਭਗਤ ਸਮਾਜ ਅਧਿਆਤਮਕ ਤੱਤਵਗਿਆਨ ਤੋਂ ਜਾਣੂ ਹੋ ਜਾਵੇਗਾ ਉਸ ਸਮੇਂ ਇਨ੍ਹਾਂ ਨਕਲੀ ਗੁਰੂਆਂ, ਸੰਤਾਂ ਅਤੇ ਅਚਾਰੀਆਂ ਨੂੰ ਲੁੱਕਣ ਲਈ ਜਗ੍ਹਾ ਨਹੀਂ ਮਿਲੇਗੀ।

ਉਪਰੋਕਤ ਸੱਚਾਈ ਨੂੰ ਅੱਖੀਂ ਦੇਖ ਕੇ ਮੈਂ ਅਤੇ ਹੋਰ ਪਰਿਵਾਰ ਦੇ ਮੈਂਬਰ ਸੰਤ ਰਾਮਪਾਲ ਮਹਾਰਾਜ ਜੀ ਦੇ ਚਰਣਾਂ ਵਿੱਚ ਲੱਗੇ ਹਾਂ। ਪੂਰੇ ਪਰਿਵਾਰ ਵਿੱਚ ਕੋਈ ਬੀਮਾਰੀ ਨਹੀਂ ਰਹੀ ਅਤੇ ਜੋ ਭੂਤ ਕਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਮਾਰ ਦਿੰਦੇ ਸੀ, ਕਿਸੇ ਪਸ਼ੂ ਨੂੰ ਮਾਰ ਦਿੰਦੇ ਸੀ, ਕੰਮ-ਧੰਦੇ ਨੂੰ ਚੱਲਣ ਨਹੀਂ ਦਿੰਦੇ ਸੀ, ਉਹ ਘਰ ਤੋਂ ਹੀ ਨਹੀਂ ਪਿੰਡ ਤੋਂ ਵੀ ਭੱਜ ਗਏ ਅਤੇ ਦੂਸਰੇ ਰਿਸ਼ਤੇਦਾਰਾਂ ਦੇ ਘਰ ਚਲੇ ਗਏ ਹਨ, ਜੋ ਹੁਣ ਵੀ ਸ਼੍ਰੀ ਆਸਾਰਾਮ ਜੀ ਦੇ ਪੁਜਾਰੀ ਹਨ। ਉੱਥੇ ਜਾ ਕੇ ਭੂਤ ਕਹਿੰਦੇ ਹਨ ਕਿ ਬਸੰਤ ਦੇ ਘਰ ਤਾਂ ਪਰਮਾਤਮਾ ਦਾ ਨਿਵਾਸ ਹੋ ਗਿਆ ਹੈ, ਉਨ੍ਹਾਂ ਨੂੰ ਪਰਮਾਤਮਾ ਸਵਰੂਪ ਪੂਰਣ ਸੰਤ ਮਿਲ ਗਏ ਹਨ, ਅਸੀਂ ਉਹਨਾਂ ਕੋਲ ਨਹੀਂ ਜਾ ਸਕਦੇ। ਸੰਤ ਰਾਮਪਾਲ ਜੀ ਤੋਂ ਨਾਮ ਲੈਣ ਤੋਂ ਬਾਅਦ ਅਸੀਂ ਪੂਰੀ ਤਰ੍ਹਾਂ ਤੰਦਰੁਸਤ ਅਤੇ ਸੁਖੀ ਜੀਵਨ ਜੀ ਰਹੇ ਹਾਂ। ਸਾਡੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਲਗਭਗ ਦੋ ਸੌ ਮੈਬਰਾਂ ਨੇ ਸੰਤ ਰਾਮਪਾਲ ਜੀ ਮਹਾਰਾਜ ਜੀ ਤੋਂ ਨਾਮ ਪ੍ਰਾਪਤ ਕਰ ਲਿਆ ਹੈ ਜੋ ਪਹਿਲਾਂ ਸ਼੍ਰੀ ਆਸਾਰਾਮ ਜੀ ਦੇ ਸ਼ਿਸ਼ ਸਨ। ਸੰਤ ਰਾਮਪਾਲ ਜੀ ਦੇ ਦੁਆਰਾ ਦੱਸੇ ਤੱਤਵਗਿਆਨ ਨੂੰ ਸਮਝ ਕੇ ਲਗਭਗ ਦਸ ਹਜ਼ਾਰ ਸ਼੍ਰੀ ਆਸਾਰਾਮ ਜੀ ਦੇ ਸ਼ਿਸ਼ ਵੀ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਸ਼ਰਣ ਵਿੱਚ ਆ ਚੁੱਕੇ ਹਨ। ਉਹ ਵੀ ਮੇਰੀ ਤਰ੍ਹਾਂ ਪਛਤਾ ਰਹੇ ਹਨ। ਮੇਰੀ ਭਗਤ ਸਮਾਜ ਨੂੰ ਪ੍ਰਾਰਥਨਾ ਹੈ ਕਿ ਜਿਸਨੂੰ ਪ੍ਰਮਾਤਮਾ ਪਾਉਣ ਦੀ ਚਾਹ ਹੈ, ਖੋਜ ਹੈ, ਕਿਰਪਾ ਕਰਕੇ ਪਰਮਾਤਮਾ ਸਵਰੂਪ ਸੰਤ ਰਾਮਪਾਲ ਜੀ ਮਹਾਰਾਜ ਜੀ ਦੇ ਚਰਣਾਂ ਵਿੱਚ ਆ ਕੇ ਆਪਣੇ ਜੀਵਨ ਨੂੰ ਸੁਖੀ ਬਣਾਓ ਅਤੇ ਪਰਮਾਤਮਾ ਨੂੰ ਪ੍ਰਾਪਤ ਕਰੋ ।

ਭਗਤ ਬਸੰਤ ਦਾਸ
ਮੋਬ. ਨੰ. 9053275569

ਉਪਰੋਕਤ ਕੁਝ ਭਗਤ ਆਤਮਾਵਾਂ ਦੀ ਆਤਮ ਕਥਾਵਾਂ ਤੁਸੀਂ ਪੜ੍ਹੀਆਂ। ਅਜਿਹੇ ਅਜਿਹੇ ਭਗਤ ਹਜ਼ਾਰਾਂ ਲੱਖਾਂ ਹਨ ਜੋ ਆਪਣੀ ਆਤਮ ਕਥਾ ਪੁਸਤਕਾਂ ਵਿੱਚ ਲਿਖਵਾਉਣਾ ਚਾਹੁੰਦੇ ਹਨ। ਪਰ ਇੱਥੇ ਜਗ੍ਹਾ ਦੀ ਕਮੀ ਦੇ ਕਾਰਣ ਅਸੀਂ ਕੁੱਝ ਕੁ ਭਗਤਾਂ ਦੀ ਆਤਮ ਕਥਾ ਦੇ ਪਾਏ। ਜੇਕਰ ਸਾਰੇ ਭਗਤਾਂ ਦੀ ਆਤਮ ਕਥਾ ਅਸੀਂ ਲਿਖਣ ਬੈਠ ਜਾਈਏ ਤਾਂ ਸ਼ਾਇਦ ਸੈਂਕੜਾਂ ਪੁਸਤਕਾਂ ਛਪ ਜਾਣਗੀਆਂ। ਇਸ ਲਈ ਸਮਝਦਾਰ ਵਿਅਕਤੀ ਨੂੰ ਇਸ਼ਾਰਾ (ਸੰਕੇਤ) ਹੀ ਕਾਫੀ ਹੁੰਦਾ ਹੈ।

ਭਗਤੀ ਵਿੱਚ ਅੰਤਰ : ਭਗਤੀ ਭਗਤੀ ਵਿੱਚ ਬਹੁਤ ਅੰਤਰ ਹੁੰਦਾ ਹੈ। ਤੁਸੀਂ ਚਾਹੇ ਕਿਸੇ ਦੇਵ/ਦੇਵੀ ਦੀ ਭਗਤੀ ਕਰੋ ਉਸਦਾ ਫ਼ਲ ਜ਼ਰੂਰ ਮਿਲੇਗਾ ਜੋ ਕਿ ਨਾਸ਼ਵਾਨ ਹੋਵੇਗਾ ਪਰ ਮੁਕਤੀ ਨਹੀਂ ਹੋ ਪਾਵੇਗੀ ਅਤੇ ਪਾਪ ਕਰਮ ਵੀ ਖ਼ਤਮ ਨਹੀਂ ਹੋਣਗੇ ਜਿਨਾਂ ਨੂੰ ਭੋਗਣ ਦੇ ਲਈ ਵਾਰ-ਵਾਰ ਜਨਮ ਲੈਂਦੇ ਰਹਿਣਾ ਪਵੇਗਾ। ਮੁਕਤੀ ਤਾਂ ਸਿਰਫ਼ ਪੂਰਣ ਸੰਤ ਦੀ ਸ਼ਰਣ ਵਿੱਚ ਜਾ ਕੇ ਅਰਥਾਤ ਉਹਨਾਂ ਤੋਂ ਨਾਮ ਉਪਦੇਸ਼ ਲੈ ਕੇ ਪੂਰਣ ਪਰਮ-ਾਤਮਾ ਦੀ ਭਗਤੀ ਕਰਨ ਨਾਲ ਹੀ ਹੋ ਪਾਵੇਗੀ ਨਹੀਂ ਤਾਂ ਨਹੀਂ ਹੋਣੀ।

ਯੇ ਸੰਸਾਰ ਸਮਝਦਾ ਨਾਂਹੀ, ਕਹੰਦਾ ਸ਼ਾਮ ਦੁਪਹਰੇ ਨੂੰ।
ਗਰੀਬਦਾਸ ਯੇ ਵਕਤ ਜਾਤ ਹੈ, ਰੋਵੋਗੇ ਇਸ ਪਹਿਰੇ ਨੂੰ॥

# ''ਸ਼੍ਰਿਸ਼ਟੀ ਰਚਨਾ''

## (ਸੁਖ਼ਸ਼ਮ ਵੇਦ ਤੋਂ ਨਤੀਜੇ ਵੱਜੋਂ ਸ੍ਰਿਸ਼ਟੀ ਰਚਨਾ ਦਾ ਵਰਣਨ)

ਪ੍ਰਭੂ ਪ੍ਰੇਮੀ ਆਤਮਾਵਾਂ ਪਹਿਲੀ ਵਾਰ ਇਸ ਸ਼੍ਰਿਸ਼ਟੀ ਦੀ ਰਚਨਾ ਨੂੰ ਪੜ੍ਹਨਗੀਆਂ ਤਾਂ ਅਜਿਹਾ ਲੱਗੇਗਾ ਕਿ ਜਿਵੇਂ ਦੰਤ ਕਥਾ ਹੋਵੇ, ਪ੍ਰੰਤੂ ਸਭ ਪਵਿੱਤਰ ਸਦਗ੍ਰੰਥਾਂ ਦੇ ਪ੍ਰਮਾਣਾਂ ਨੂੰ ਪੜ੍ਹ ਕੇ ਦੰਦਾਂ ਥੱਲੇ ਉਂਗਲ ਦਬਾਉਣਗੇ ਕਿ ਇਹ ਵਾਸਤਵਿਕ ਅੰਮ੍ਰਿਤ ਗਿਆਨ ਕਿੱਥੇ ਲੁਕਿਆ ਸੀ? ਕਿਰਪਾ ਕਰਕੇ ਧੀਰਜ ਦੇ ਨਾਲ ਪੜ੍ਹਦੇ ਰਹੋ ਅਤੇ ਇਸ ਅੰਮ੍ਰਿਤ ਗਿਆਨ ਨੂੰ ਸੁਰੱਖਿਅਤ ਰੱਖੋ। ਤੁਹਾਡੀ ਇੱਕ ਸੌ ਇੱਕ ਪੀੜ੍ਹੀ ਤੱਕ ਕੰਮ ਆਵੇਗਾ। ਪਵਿੱਤਰ ਆਤਮਾਵਾਂ ਕਿਰਪਾ ਕਰਕੇ ਸਤ ਨਰਾਇਣ (ਅਵਿਨਾਸ਼ੀ ਪ੍ਰਭੂ / ਸਤਪੁਰਸ਼) ਦੁਆਰਾ ਰਚੀ ਸ੍ਰਿਸ਼ਟੀ ਰਚਨਾ ਦਾ ਵਾਸਤਵਿਕ ਗਿਆਨ ਪੜ੍ਹੋ।

1. ਪੂਰਣ ਬ੍ਰਹਮ:- ਇਹ ਸ੍ਰਿਸ਼ਟੀ ਰਚਨਾ ਵਿੱਚ ਸਤਪੁਰਸ਼-ਸਤਲੋਕ ਦਾ ਸਵਾਮੀ (ਪ੍ਰਭੂ), ਅਲਖ ਪੁਰਸ਼-ਅਲਖ ਲੋਕ ਦਾ ਸਵਾਮੀ (ਪ੍ਰਭੂ), ਅਗਮ ਪੁਰਸ਼-ਅਗਮ ਲੋਕ ਦਾ ਸਵਾਮੀ (ਪ੍ਰਭੂ), ਅਤੇ ਅਨਾਮੀ ਪੁਰਸ਼-ਅਨਾਮੀ ਅਕਹਿ ਲੋਕ ਦਾ ਸਵਾਮੀ (ਪ੍ਰਭੂ) ਤਾਂ ਇੱਕ ਹੀ ਪੂਰਣ ਬ੍ਰਹਮ ਹੈ, ਜੋ ਅਸਲ ਵਿੱਚ ਅਵਿਨਾਸ਼ੀ ਪ੍ਰਭੂ ਹੈ ਜੋ ਭਿੰਨ-2 ਰੂਪ ਧਾਰਣ ਕਰਕੇ ਆਪਣੇ ਚਾਰਾਂ ਲੋਕਾਂ ਵਿੱਚ ਰਹਿੰਦਾ ਹੈ। ਜਿਸਦੇ ਅਧੀਨ ਅਸੰਖ ਬ੍ਰਹਿਮੰਡਾਂ ਆਉਂਦੇ ਹਨ।

2. ਪਰਬ੍ਰਹਮ:- ਇਹ ਸਿਰਫ਼ ਸੱਤ ਸੰਖ ਬ੍ਰਹਿਮੰਡਾਂ ਦਾ ਸਵਾਮੀ (ਪ੍ਰਭੂ) ਹੈ। ਇਹ ਅਕਸ਼ਰ ਪੁਰਸ਼ ਵੀ ਕਹਾਉਂਦਾ ਹੈ। ਪ੍ਰੰਤੂ ਇਹ ਅਤੇ ਇਸਦੇ ਬ੍ਰਹਿਮੰਡ ਵੀ ਵਾਸਤਵ ਵਿੱਚ ਅਵਿਨਾਸ਼ੀ ਨਹੀਂ ਹਨ।

3. ਬ੍ਰਹਮ:- ਇਹ ਸਿਰਫ਼ ਇੱਕੀ ਬ੍ਰਹਿਮੰਡਾਂ ਦਾ ਸਵਾਮੀ (ਪ੍ਰਭੂ) ਹੈ। ਇਸਨੂੰ ਸ਼ਰਪੁਰਸ਼, ਜੋਤੀ ਨਿਰੰਜਨ, ਕਾਲ ਆਦਿ ਉਪਮਾ ਨਾਲ ਜਾਣਿਆ ਜਾਂਦਾ ਹੈ। ਇਹ ਅਤੇ ਇਸਦੇ ਸਾਰੇ ਬ੍ਰਹਿਮੰਡ ਵੀ ਨਾਸ਼ਵਾਨ ਹਨ।

(ਉਪਰੋਕਤ ਤਿੰਨਾਂ ਪੁਰਸ਼ਾਂ (ਪ੍ਰਭੂਆਂ) ਦਾ ਪ੍ਰਮਾਣ ਪਵਿੱਤਰ ਸ਼੍ਰੀਮਦ ਭਗਵਤ ਗੀਤਾ ਅ: 15 ਸ਼ਲੋਕ 16-17 ਵਿੱਚ ਵੀ ਹੈ।)

4. ਬ੍ਰਹਮਾ:- ਬ੍ਰਹਮਾ ਇਸ ਬ੍ਰਹਮ ਦਾ ਜੇਠਾ ਪੁੱਤਰ ਹੈ, ਵਿਸ਼ਨੂੰ ਵਿਚਕਾਰਲਾ ਪੁੱਤਰ ਹੈ ਅਤੇ ਸ਼ਿਵ ਅੰਤਮ ਤੀਸਰਾ ਪੁੱਤਰ ਹੈ। ਇਹ ਤਿੰਨੇ ਬ੍ਰਹਮ ਦੇ ਪੁੱਤਰ ਸਿਰਫ਼ ਇੱਕ ਬ੍ਰਹਿਮੰਡ ਵਿੱਚ ਇੱਕ ਵਿਭਾਗ (ਗੁਣ) ਦੇ ਸਵਾਮੀ (ਪ੍ਰਭੂ) ਹਨ। ਵਿਸਥਾਰ ਵਰਣਨ ਦੇ ਲਈ ਕਿਰਪਾ ਕਰਕੇ ਪੜ੍ਹੋ ਨਿਮਨ ਲਿਖਤ ਸ੍ਰਿਸ਼ਟੀ ਰਚਨਾ:

{ਕਵਿਰਦੇਵ (ਕਬੀਰ ਪਰਮੇਸ਼ਵਰ) ਨੇ ਸੁਖ਼ਸ਼ਮ ਵੇਦ ਅਰਥਾਤ ਕਬੀਰਬਾਣੀ ਵਿੱਚ ਆਪਣੇ ਦੁਆਰਾ ਰਚੀ ਸ੍ਰਿਸ਼ਟੀ ਦਾ ਗਿਆਨ ਆਪ ਹੀ ਦੱਸਿਆ ਹੈ ਜੋ ਨਿਮਨਲਿਖਤ ਹੈ}:-


ਸਭ ਤੋਂ ਪਹਿਲਾਂ ਸਿਰਫ਼ ਇੱਕ ਸਥਾਨ 'ਅਨਾਮੀ (ਅਨਾਮਯ) ਲੋਕ' ਸੀ। ਜਿਸ ਨੂੰ ਅਕਹਿ ਲੋਕ ਵੀ ਕਿਹਾ ਜਾਂਦਾ ਹੈ, ਪੂਰਣ ਪਰਮਾਤਮਾ ਉਸ ਅਨਾਮੀ ਲੋਕ ਵਿੱਚ ਇੱਕਲਾ ਰਹਿੰਦਾ ਸੀ। ਉਸ ਪਰਮਾਤਮਾ ਦਾ ਵਾਸਤਵਿਕ ਨਾਮ ਕਵਿਰਦੇਵ ਅਰਥਾਤ ਕਬੀਰ ਪਰਮੇਸ਼ਵਰ ਹੈ। ਸਭ ਆਤਮਾਵਾਂ ਉਸ ਪੂਰਣ ਧਨੀ ਦੇ ਸਰੀਰ ਵਿੱਚ ਸਮਾਈਆਂ ਹੋਈਆਂ ਸਨ। ਇਸੇ ਕਵਿਰਦੇਵ ਦਾ ਉਪਮਾਤਮਕ (ਪਦਵੀ ਦਾ) ਨਾਮ ਅਨਾਮੀ ਪੁਰਸ਼

# ਪਰਮੇਸ਼ਵਰ ਕਬੀਰ ਸਾਹਿਬ ਦੇ ਅਸੰਖ ਬ੍ਰਹਿਮੰਡਾਂ ਦਾ ਲਘੂ ਚਿੱਤਰ

[illegible]

ਅਗਮ ਲੋਕ:- ਇਸ ਲੋਕ ਵਿੱਚ ਕਬੀਰ ਸਾਹਿਬ ਅਗਮ ਪੁਰਸ਼ ਰੂਪ ਵਿੱਚ ਰਹਿੰਦੇ ਹਨ।

ਅਲਖ ਲੋਕ:- ਇਸ ਲੋਕ ਵਿੱਚ ਕਬੀਰ ਸਾਹਿਬ ਅਲਖ ਪੁਰਸ਼ ਰੂਪ ਵਿੱਚ ਰਹਿੰਦੇ ਹਨ।



ਹੈ (ਪੁਰਸ਼ ਦਾ ਅਰਥ ਪ੍ਰਭੂ ਹੁੰਦਾ ਹੈ, ਪ੍ਰਭੂ ਨੇ ਮਨੁੱਖ ਨੂੰ ਆਪਣੇ ਹੀ ਸਵਰੂਪ ਵਿੱਚ ਬਣਾਇਆ ਹੈ, ਇਸਲਈ ਮਨੁੱਖ ਦਾ ਨਾਮ ਵੀ ਪੁਰਸ਼ ਹੀ ਪਿਆ ਹੈ।) ਅਨਾਮੀ ਪੁਰਸ਼ ਦੇ ਇੱਕ ਰੋਮ ਕੂਪ ਦਾ ਪ੍ਰਕਾਸ਼ ਅਸੰਖਾਂ ਸੂਰਜਾਂ ਦੀ ਰੌਸ਼ਨੀ ਤੋਂ ਵੀ ਜ਼ਿਆਦਾ ਹੈ।

ਵਿਸ਼ੇਸ਼:- ਜਿਵੇਂ ਕਿਸੇ ਦੇਸ਼ ਦੇ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ ਦਾ ਸਰੀਰ ਦਾ ਨਾਮ ਕੋਈ ਹੋਰ ਹੁੰਦਾ ਹੈ ਅਤੇ ਅਹੁਦੇ ਦਾ ਉਪਮਾਤਮਕ (ਪਦਵੀ ਦਾ) ਨਾਮ ਪ੍ਰਧਾਨਮੰਤਰੀ ਹੁੰਦਾ ਹੈ।

ਕਈ ਵਾਰ ਪ੍ਰਧਾਨ ਮੰਤਰੀ ਜੀ ਆਪਣੇ ਕੋਲ ਕਈ ਵਿਭਾਗ ਰੱਖ ਲੈਂਦੇ ਹਨ। ਤਦ ਜਿਸ ਵੀ ਵਿਭਾਗ ਦੇ ਦਸਤਾਵੇਜ਼ਾਂ ਉੱਤੇ ਦਸਤਖ਼ਤ ਕਰਦੇ ਹਨ ਤਾਂ ਉਸ ਸਮੇਂ ਉਸੇ ਅਹੁਦੇ ਨੂੰ ਲਿਖਦੇ ਹਨ। ਜਿਵੇਂ ਗ੍ਰਹਿ ਮੰਤਰਾਲੇ ਦੇ ਦਸਤਾਵੇਜ਼ਾਂ ਉੱਤੇ ਦਸਤਖ਼ਤ ਕਰਨਗੇ ਤਾਂ ਆਪਣੇ ਆਪ ਨੂੰ ਗ੍ਰਹਿ ਮੰਤਰੀ ਲਿਖਣਗੇ। ਉੱਥੇ ਉਸੇ ਵਿਅਕਤੀ ਦੇ ਦਸਤਖ਼ਤ ਦੀ ਸ਼ਕਤੀ ਘੱਟ ਹੁੰਦੀ ਹੈ। ਇਸੇ ਪ੍ਰਕਾਰ ਕਬੀਰ ਪਰਮੇਸ਼ਵਰ (ਕਵਿਰਦੇਵ) ਦੀ ਰੌਸ਼ਨੀ ਵਿੱਚ ਅੰਤਰ ਭਿੰਨ-2 ਲੋਕਾਂ ਵਿੱਚ ਹੁੰਦਾ ਜਾਂਦਾ ਹੈ।

ਠੀਕ ਇਸੇ ਤਰ੍ਹਾਂ ਪੂਰਣ ਪਰਮਾਤਮਾ ਕਵਿਰਦੇਵ (ਕਬੀਰ ਪਰਮੇਸ਼ਵਰ) ਨੇ ਹੇਠਾਂ ਦੇ ਤਿੰਨ ਹੋਰ ਲੋਕਾਂ (ਅਗਮਲੋਕ, ਅਲਖਲੋਕ, ਸਤਲੋਕ) ਦੀ ਰਚਨਾ ਸ਼ਬਦ (ਵਚਨ) ਨਾਲ ਕੀਤੀ। ਇਹੀ ਪੂਰਣ ਬ੍ਰਹਮ ਪਰਮਾਤਮਾ ਕਵਿਰਦੇਵ (ਕਬੀਰ ਪਰਮੇਸ਼ਵਰ) ਹੀ ਅਗਮਲੋਕ ਵਿੱਚ ਪ੍ਰਗਟ ਹੋਇਆ ਅਤੇ ਕਵਿਰਦੇਵ (ਕਬੀਰ ਪਰਮੇਸ਼ਵਰ) ਅਗਮਲੋਕ ਦਾ ਵੀ ਸਵਾਮੀ ਹੈ ਅਤੇ ਉੱਥੇ ਇਨ੍ਹਾਂ ਦਾ ਉਪਮਾਤਮਕ (ਪਦਵੀ ਦਾ) ਨਾਮ ਅਗਮ ਪੁਰਸ਼ ਅਰਥਾਤ ਅਗਮ ਪ੍ਰਭੂ ਹੈ। ਇਸੇ ਅਗਮ ਪ੍ਰਭੂ ਦਾ ਮਨੁੱਖ ਵਰਗਾ ਦੇਖਣਯੋਗ ਸਰੀਰ ਬਹੁਤ ਤੇਜੋਮਈ ਹੈ ਜਿਸਦੇ ਇੱਕ ਰੋਮਕੂਪ ਦੀ ਰੌਸ਼ਨੀ ਖਰਬ ਸੂਰਜਾਂ ਦੀ ਰੌਸ਼ਨੀ ਤੋਂ ਵੀ ਜ਼ਿਆਦਾ ਹੈ ।

ਇਹ ਪੂਰਣ ਪਰਮਾਤਮਾ ਕਵਿਰਦੇਵ (ਕਬਿਰ ਦੇਵ = ਕਬੀਰ ਪਰਮੇਸ਼ਵਰ) ਅਲਖ ਲੋਕ ਵਿੱਚ ਪ੍ਰਗਟ ਹੋਇਆ ਅਤੇ ਖ਼ੁਦ ਹੀ ਅਲਖ ਲੋਕ ਦਾ ਵੀ ਸਵਾਮੀ ਹੈ ਅਤੇ ਉਪਮਾਤਮਕ (ਪਦਵੀ ਦਾ) ਨਾਮ ਅਲਖ ਪੁਰਸ਼ ਵੀ ਇਸੇ ਪਰਮੇਸ਼ਵਰ ਦਾ ਹੈ ਅਤੇ ਇਸ ਪੂਰਣ ਪ੍ਰਭੂ ਦਾ ਮਨੁੱਖ ਵਰਗਾ ਦੇਖਣਯੋਗ ਸਰੀਰ ਤੇਜੋਮਈ (ਸਵਰ੍ਜਯੋਤੀ) ਸਵੈ ਪ੍ਰਕ-ਾਸ਼ਿਤ ਹੈ। ਇੱਕ ਰੋਮਕੂਪ ਦੀ ਰੌਸ਼ਨੀ ਅਰਬ ਸੂਰਜਾਂ ਦੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ।

ਇਹੀ ਪੂਰਣ ਪ੍ਰਭੂ ਸਤਲੋਕ ਵਿੱਚ ਪ੍ਰਗਟ ਹੋਇਆ ਅਤੇ ਸਤਲੋਕ ਦਾ ਵੀ ਮਾਲਕ ਇਹੀ ਹੈ। ਇਸਲਈ ਇਸਦਾ ਉਪਮਾਤਮਕ (ਪਦਵੀ ਦਾ) ਨਾਮ ਸਤਪੁਰਸ਼ (ਅਵਿਨਾਸ਼ੀ ਪ੍ਰਭੂ) ਹੈ। ਇਸੇ ਦੇ ਨਾਮ ਅਕਾਲਮੂਰਤਿ - ਸ਼ਬਦ ਸਰੂਪੀ ਰਾਮ - ਪੂਰਣ ਬ੍ਰਹਮ-ਪਰਮ ਅਕਸ਼ਰ ਬ੍ਰਹਮ ਆਦਿ ਹਨ। ਇਸੇ ਸਤਪੁਰਸ਼ ਕਵਿਰਦੇਵ (ਕਬੀਰ ਪ੍ਰਭੂ) ਦਾ ਮਨੁੱਖ ਵਰਗਾ ਸਰੀਰ ਤੇਜੋਮਈ ਹੈ। ਜਿਸਦੇ ਇੱਕ ਰੋਮਕੂਪ ਦਾ ਪ੍ਰਕਾਸ਼ ਕਰੋੜਾਂ ਸੂਰਜਾਂ ਅਤੇ ਇੰਨੇ ਹੀ ਚੰਦਰਮਾ ਦੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ।

ਇਸ ਕਵਿਰਦੇਵ (ਕਬੀਰ ਪ੍ਰਭੂ) ਨੇ ਸਤਪੁਰਸ਼ ਰੂਪ ਵਿੱਚ ਪ੍ਰਗਟ ਹੋ ਕੇ ਸਤਲੋਕ ਵਿੱਚ ਵਿਰਾਜਮਾਨ ਹੋ ਕੇ ਸਭ ਤੋਂ ਪਹਿਲਾਂ ਸਤਲੋਕ ਵਿੱਚ ਹੋਰ ਰਚਨਾ ਕੀਤੀ। ਇੱਕ ਸ਼ਬਦ (ਵਚਨ) ਨਾਲ ਸੋਲ੍ਹਾਂ ਦੀਪਾਂ ਦੀ ਰਚਨਾ ਕੀਤੀ। ਫਿਰ ਸੋਲ੍ਹਾਂ ਸ਼ਬਦਾਂ ਤੋਂ ਸੋਲ੍ਹਾਂ ਪੁੱਤਰਾਂ ਦੀ ਉਤਪੱਤੀ ਕੀਤੀ। ਇੱਕ ਮਾਨਸਰੋਵਰ ਦੀ ਰਚਨਾ ਕੀਤੀ ਜਿਸ ਵਿੱਚ ਅੰਮ੍ਰਿਤ ਭਰਿਆ। ਸੋਲ੍ਹਾਂ ਪੁੱਤਰਾਂ ਦੇ ਨਾਮ ਹਨ:-(1)"ਕੂਰਮ",(2)"ਗਿਆਨੀ", (3)"ਵਿਵੇਕ", (4)"ਤੇਜ", (5)"ਸਹਿਜ", (6)"ਸੰਤੋਸ਼", (7)"ਸੁਰਤਿ",

(8)"ਆਨੰਦ", (9) "ਕਸ਼ਮਾ", (10) "ਨਿਸ਼ਕਾਮ", (11) "ਜਲਰੰਗੀ", (12) "ਅਚਿੰਤ", (13) "ਪ੍ਰੇਮ", (14) "ਦਯਾਲ", (15) "ਧੈਰਯ", (16) "ਯੋਗ ਸੰਤਾਇਨ" ਅਰਥਾਤ "ਯੋਗਜੀਤ" ।

ਸਤਪੁਰਸ਼ ਕਵਿਰਦੇਵ ਨੇ ਆਪਣੇ ਪੁੱਤਰ ਅਚਿੰਤ ਨੂੰ ਸਤਲੋਕ ਦੀ ਹੋਰ ਰਚਨਾ ਦਾ ਭਾਰ ਸੌਂਪਿਆ ਅਤੇ ਸ਼ਕਤੀ ਪ੍ਰਦਾਨ ਕੀਤੀ। ਅਚਿੰਤ ਨੇ ਸ਼ਬਦ ਤੋਂ ਅਕਸ਼ਰ ਪੁਰਸ਼ (ਪਰਬ੍ਰਹਮ) ਦੀ ਉਤਪੱਤੀ ਕੀਤੀ ਅਤੇ ਕਿਹਾ ਕਿ ਮੇਰੀ ਮਦਦ ਕਰਨਾ। ਅਕਸ਼ਰ ਪੁਰਸ਼ ਇਸ਼ਨਾਨ ਕਰਨ ਮਾਨਸਰੋਵਰ ਉੱਤੇ ਗਿਆ, ਉੱਥੇ ਆਨੰਦ ਆਇਆ ਅਤੇ ਸੋ ਗਿਆ। ਲੰਬੇ ਸਮੇਂ ਤੱਕ ਬਾਹਰ ਨਹੀਂ ਆਇਆ। ਤਦ ਅਚਿੰਤ ਦੀ ਪ੍ਰਾਰਥਨਾ ਉੱਤੇ ਅਕਸ਼ਰ ਪੁਰਸ਼ ਨੂੰ ਨੀਂਦ ਤੋਂ ਜਗਾਉਣ ਦੇ ਲਈ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਉਸੇ ਮਾਨ-ਸਰੋਵਰ ਤੋਂ ਕੁੱਝ ਅੰਮ੍ਰਿਤ ਜਲ ਲੈ ਕੇ ਇੱਕ ਅੰਡਾ ਬਣਾਇਆ ਅਤੇ ਉਸ ਅੰਡੇ ਵਿੱਚ ਇੱਕ ਆਤਮਾ ਪ੍ਰਵੇਸ਼ ਕੀਤੀ ਅਤੇ ਅੰਡੇ ਨੂੰ ਮਾਨਸਰੋਵਰ ਦੇ ਅੰਮ੍ਰਿਤ ਜਲ ਵਿੱਚ ਛੱਡ ਦਿੱਤਾ। ਅੰਡੇ ਦੀ ਗੜਗੜਾਹਟ ਨਾਲ ਅਕਸ਼ਰ ਪੁਰਸ਼ ਦੀ ਨੀਂਦ ਭੰਗ ਹੋਈ। ਉਸ ਨੇ ਅੰਡੇ ਨੂੰ ਕ੍ਰੋਧ ਨਾਲ ਦੇਖਿਆ ਜਿਸ ਕਾਰਣ ਅੰਡੇ ਦੇ ਦੋ ਭਾਗ ਹੋ ਗਏ। ਉਸ ਵਿੱਚੋਂ ਜੋਤੀ ਨਿਰੰਜਨ (ਸ਼ਰਪੁਰਸ਼) ਨਿੱਕਲਿਆ ਜੋ ਅੱਗੇ ਚੱਲ ਕੇ 'ਕਾਲ' ਕਹਾਇਆ। ਇਸ ਦਾ ਵਾਸਤਵਿਕ ਨਾਮ "ਕੈਲ" ਹੈ। ਉਦੋਂ ਸਤਪੁਰਸ਼ ( ਕਵਿਰਦੇਵ) ਨੇ ਅਕਾਸ਼ਬਾਣੀ ਕੀਤੀ ਕਿ ਤੁਸੀਂ ਦੋਵੇਂ ਬਾਹਰ ਆਓ ਅਤੇ ਅਚਿੰਤ ਦੇ ਦੀਪ ਵਿੱਚ ਰਹੋ। ਹੁਕਮ ਮਿਲਣ ਤੇ ਅਕਸ਼ਰ ਪੁਰਸ਼ ਅਤੇ ਸ਼ਰਪੁਰਸ਼ (ਕੈਲ) ਦੋਵੇਂ ਅਚਿੰਤ ਦੇ ਦੀਪ ਵਿੱਚ ਰਹਿਣ ਲੱਗੇ (ਬੱਚਿਆਂ ਦੀ ਨਾਇ-ਲੈਕੀ ਉਨ੍ਹਾਂ ਨੂੰ ਹੀ ਦਿਖਾਈ ਕਿ ਕਿਤੇ ਫਿਰ ਪ੍ਰਭੁਤਾ ਦੀ ਤੜਫ਼ ਨਾ ਬਣ ਜਾਵੇ, ਕਿਉਂਕਿ ਸਮਰੱਥ ਬਿਨਾਂ ਕਾਰਜ ਸਫ਼ਲ ਨਹੀਂ ਹੁੰਦਾ) ਫਿਰ ਪੂਰਣ ਧਨੀ ਕਵਿਰਦੇਵ ਨੇ ਸਾਰੀ ਰਚਨਾ ਖ਼ੁਦ ਕੀਤੀ। ਆਪਣੀ ਸ਼ਬਦ ਸ਼ਕਤੀ ਨਾਲ ਇੱਕ ਰਾਜੇਸ਼ਵਰੀ (ਰਾਸ਼ਟਰੀ) ਸ਼ਕਤੀ ਉਤਪੰਨ ਕੀਤੀ, ਜਿਸ ਤੋਂ ਸਭ ਬ੍ਰਹਿਮੰਡਾਂ ਨੂੰ ਸਥਾਪਿਤ ਕੀਤਾ।

ਇਸਨੂੰ ਪਰਾਸ਼ਕਤੀ ਪਰਾਨੰਦਨੀ ਵੀ ਕਹਿੰਦੇ ਹਨ। ਪੂਰਣ ਬ੍ਰਹਮ ਨੇ ਸਭ ਆਤਮਾਵਾਂ ਨੂੰ ਆਪਣੇ ਹੀ ਅੰਦਰੋਂ ਆਪਣੀ ਵਚਨ ਸ਼ਕਤੀ ਨਾਲ ਆਪਣੇ ਮਨੁੱਖ ਸਰੀਰ ਸਦ੍ਰਿਸ਼ ਉਤਪੰਨ ਕੀਤਾ। ਹਰੇਕ ਹੰਸ ਆਤਮਾ ਦਾ ਪ੍ਰਮਾਤਮਾ ਵਰਗਾ ਸਰੀਰ ਰਚਿਆ ਜਿਸਦਾ ਤੇਜ 16 (ਸੋਲ੍ਹਾਂ) ਸੂਰਜਾਂ ਦੇ ਸਮਾਨ ਮਾਨਵ ਸੁਦ੍ਰਿਸ਼ ਹੀ ਹੈ। ਪ੍ਰੰਤੂ ਪਰਮੇਸ਼ਵਰ ਦੇ ਸਰੀਰ ਦੇ ਇੱਕ ਰੋਮਕੂਪ ਦਾ ਪ੍ਰਕਾਸ਼ ਕਰੋੜਾਂ ਸੂਰਜਾਂ ਤੋਂ ਵੀ ਜ਼ਿਆਦਾ ਹੈ। ਬਹੁਤ ਸਮੇਂ ਬਾਅਦ ਸ਼ਰਪੁਰਸ਼ (ਜੋਤੀ ਨਿਰੰਜਨ) ਨੇ ਸੋਚਿਆ ਕਿ ਅਸੀਂ ਤਿੰਨੋਂ (ਅਚਿੰਤ-ਅਕਸ਼ਰ ਪੁਰਸ਼-ਸ਼ਰਪੁਰਸ਼ ) ਇੱਕ ਹੀ ਦੀਪ ਵਿੱਚ ਰਹਿ ਰਹੇ ਹਾਂ ਤੇ ਹੋਰ ਇੱਕ-ਇੱਕ ਦੀਪ ਵਿੱਚ ਰਹਿ ਰਹੇ ਹਨ। ਮੈਂ ਵੀ ਸਾਧਨਾ (ਪੂਜਾ) ਕਰਕੇ ਅਲੱਗ ਦੀਪ ਪ੍ਰਾਪਤ ਕਰਾਂਗਾ। ਉਸਨੇ ਅਜਿਹਾ ਵਿਚਾਰ ਕਰਕੇ ਇੱਕ ਪੈਰ ਉੱਤੇ ਖੜ੍ਹਾ ਹੋ ਕੇ 70 (ਸੱਤਰ) ਯੁੱਗ ਤਪ ਕੀਤਾ।

## "ਆਤਮਾਵਾਂ ਕਾਲ ਦੇ ਜਾਲ (ਜਨਮ-ਮਰਨ ਦੇ ਚੱਕਰ) ਵਿੱਚ ਕਿਵੇਂ ਫਸੀਆਂ?"

ਵਿਸ਼ੇਸ਼:- ਜਦ ਬ੍ਰਹਮ (ਜੋਤੀ ਨਿਰੰਜਨ) ਤਪ ਕਰ ਰਿਹਾ ਸੀ, ਅਸੀਂ ਸਭ ਆਤਮਾਵਾਂ, ਜੋ ਅੱਜ ਜੋਤੀ ਨਿਰੰਜਨ ਦੇ ਇੱਕੀ (21) ਬ੍ਰਹਿਮੰਡਾਂ ਵਿੱਚ ਰਹਿੰਦੇ ਹਾਂ, ਇਸਦੀ ਸਾਧਨਾ ਉੱਤੇ ਆਸੱਕਤ ਹੋ ਗਏ ਅਤੇ ਹਿਰਦੇ ਤੋਂ ਇਸਨੂੰ ਚਾਹੁਣ ਲੱਗੇ।

**ਆਪਣੇ ਸੁੱਖਦਾਈ ਪ੍ਰਭੂ ਸਤਪੁਰਸ਼ ਤੋਂ ਬੇਮੁੱਖ ਹੋ ਗਏ, ਜਿਸ ਕਾਰਣ ਅਸੀਂ ਪਤੀ-ਵਰਤਾ ਪਦ ਤੋਂ ਡਿੱਗ ਗਏ। ਪੂਰਣ ਪ੍ਰਭੂ ਦੇ ਵਾਰ-ਵਾਰ ਸਾਵਧਾਨ ਕਰਨ ਉੱਤੇ ਵੀ ਸਾਡੀ ਆਸਥਾ ਸ਼ਰਪੁਰਸ਼ ਤੋਂ ਨਹੀਂ ਹਟੀ।** {ਇਹੀ ਪ੍ਰਭਾਵ ਅੱਜ ਵੀ ਕਾਲ ਦੀ ਸ਼੍ਰਿਸ਼ਟੀ ਵਿੱਚ ਮੌਜੂਦ ਹੈ। ਜਿਵੇਂ ਨੌਜਵਾਨ ਬੱਚੇ ਫ਼ਿਲਮ ਸਟਾਰਾਂ (ਅਭਿਨੇਤਾਵਾਂ ਅਤੇ ਅਭਿਨੇਤਰੀਆਂ) ਦੀਆਂ ਬਨਾਵਟੀ ਅਦਾਵਾਂ ਅਤੇ ਆਪਣੇ ਰੋਜ਼ਗਾਰ ਉਦੇਸ਼ ਲਈ ਕੀਤੀ ਜਾ ਰਹੀ ਭੂਮਿਕਾ ਉੱਤੇ ਅਤਿ ਆਸੱਕਤ ਹੋ ਜਾਂਦੇ ਹਨ, ਰੋਕੇ ਤੋਂ ਨਹੀਂ ਰੁਕਦੇ। ਜੇਕਰ ਕੋਈ ਅਭਿਨੇਤਾ ਜਾਂ ਅਭਿਨੇਤਰੀ ਨੇੜੇ ਦੇ ਸ਼ਹਿਰ ਵਿੱਚ ਆ ਜਾਵੇ ਤਾਂ ਦੇਖੋ ਉਹਨਾਂ ਨਾਦਾਨ ਬੱਚਿਆਂ ਦੀ ਭੀੜ ਸਿਰਫ਼ ਦਰਸ਼ਨ ਕਰਨ ਦੇ ਲਈ ਬਹੁ ਸੰਖਿਆ ਵਿੱਚ ਇਕੱਤਰ ਹੋ ਜਾਂਦੀ ਹੈ। "ਲੈਣਾ ਇੱਕ ਨਾ ਦੇਣੇ ਦੋ" ਰੋਜੀ ਰੋਟੀ ਅਭਿਨੇਤਾ ਕਮਾ ਰਹੇ ਹਨ, ਨੌਜਵਾਨ ਬੱਚੇ ਲੁੱਟ ਰਹੇ ਹਨ। ਮਾਤਾ-ਪਿਤਾ ਕਿੰਨਾ ਹੀ ਸਮਝਾਉਣ ਪਰ ਬੱਚੇ ਨਹੀਂ ਮੰਨਦੇ, ਕਿਤੇ ਨਾ ਕਿਤੇ, ਕਦੀ ਨਾ ਕਦੀ, ਲੁੱਕ-ਛੁਪ ਕੇ ਜਾਂਦੇ ਹੀ ਰਹਿੰਦੇ ਹਨ।)}

**ਪੂਰਣ ਬ੍ਰਹਮ ਕਵਿਰਦੇਵ (ਕਬੀਰ ਪ੍ਰਭੂ) ਨੇ ਸ਼ਰਪੁਰਸ਼ ਤੋਂ ਪੁੱਛਿਆ ਕਿ ਬੋਲੋ ਕੀ ਚਾਹੁੰਦੇ ਹੋ? ਉਸਨੇ ਕਿਹਾ ਕਿ ਪਿਤਾ ਜੀ ਇਹ ਸਥਾਨ ਮੇਰੇ ਲਈ ਘੱਟ ਹੈ, ਮੈਨੂੰ ਅਲੱਗ ਤੋਂ ਦੀਪ ਪ੍ਰਦਾਨ ਕਰਨ ਦੀ ਕਿਰਪਾ ਕਰੋ। ਹੱਕਾ ਕਬੀਰ (ਸਤਿਕਬੀਰ) ਨੇ ਉਸਨੂੰ 21 (ਇੱਕੀ) ਬ੍ਰਹਿਮੰਡ ਪ੍ਰਦਾਨ ਕਰ ਦਿੱਤੇ। ਕੁਝ ਸਮੇਂ ਉਪਰੰਤ ਜੋਤੀ ਨਿਰੰ-ਜਨ ਨੇ ਸੋਚਿਆ ਕਿ ਇਸ ਵਿੱਚ ਕੁੱਝ ਰਚਨਾ ਕਰਨੀ ਚਾਹੀਦੀ ਹੈ। ਖਾਲੀ ਬ੍ਰਹਿਮੰਡ (ਪਲਾਟ) ਕਿਸ ਕੰਮ ਦੇ। ਇਹ ਵਿਚਾਰ ਕਰਕੇ ਫਿਰ ਉਸਨੇ 70 ਯੁੱਗ ਤੱਪ ਕਰਕੇ ਪੂਰਣ ਪ੍ਰਮਾਤਮਾ ਕਵਿਰਦੇਵ (ਕਬੀਰ ਪ੍ਰਭੂ) ਤੋਂ ਰਚਨਾ ਦੀ ਸਮੱਗਰੀ ਦੀ ਪ੍ਰਾਰਥਨਾ ਕੀਤੀ। ਸਤਪੁਰਸ਼ ਨੇ ਉਸਨੂੰ ਤਿੰਨ ਗੁਣ ਅਤੇ ਪੰਜ ਤੱਤ ਪ੍ਰਦਾਨ ਕਰ ਦਿੱਤੇ, ਜਿਸ ਨਾਲ ਬ੍ਰਹਮ (ਜੋਤੀ ਨਿਰੰਜਨ) ਨੇ ਆਪਣੇ ਬ੍ਰਹਿਮੰਡਾਂ ਵਿੱਚ ਕੁਝ ਰਚਨਾ ਕੀਤੀ। ਫਿਰ ਸੋਚਿਆ ਕਿ ਇਸ ਵਿੱਚ ਜੀਵ ਵੀ ਹੋਣੇ ਚਾਹੀਦੇ ਹਨ, ਇਕੱਲੇ ਦਾ ਦਿਲ ਨਹੀਂ ਲੱਗਦਾ। ਇਹ ਵਿਚਾਰ ਕਰਕੇ 64 (ਚੌਂਹਠ) ਯੁੱਗ ਤੱਕ ਫ਼ੇਰ ਤਪ ਕੀਤਾ। ਪੂਰਣ ਪ੍ਰਮਾਤਮਾ ਕਵਿਰਦੇਵ ਦੇ ਪੁੱਛਣ ਉੱਤੇ ਦੱਸਿਆ ਕਿ ਮੈਨੂੰ ਕੁਝ ਆਤਮਾ ਦੇ ਦਿਓ, ਮੇਰਾ ਇੱਕਲੇ ਦਾ ਦਿਲ ਨਹੀਂ ਲੱਗ ਰਿਹਾ। ਤਦ ਸਤਪੁਰਸ਼ ਕਵਿਰਅਗਨੀ (ਕਬੀਰ ਪਰਮੇਸ਼ਵਰ) ਨੇ ਕਿਹਾ ਕਿ ਬ੍ਰਹਮ ਤੇਰੇ ਤਪ ਦੇ ਬਦਲੇ ਮੈਂ ਤੈਨੂੰ ਹੋਰ ਬ੍ਰਹਿਮੰਡ ਦੇ ਸਕਦਾ ਹਾਂ, ਪਰ ਆਪਣੀਆਂ ਆਤਮਾਵਾਂ ਨੂੰ ਕਿਸੇ ਵੀ ਜਪ-ਤਪ ਸਾਧਨਾ ਦੇ ਫ਼ਲਰੂਪ ਵਿੱਚ ਨਹੀਂ ਦੇ ਸਕਦਾ। ਹਾਂ, ਜੇਕਰ ਕੋਈ ਆਤਮਾ ਆਪਣੀ ਮਰਜ਼ੀ ਨਾਲ ਤੇਰੇ ਨਾਲ ਜਾਣਾ ਚਾਹੇ ਤਾਂ ਉਹ ਜਾ ਸਕਦਾ ਹੈ। ਯੁਵਾ ਕਵਿਰ (ਸਮਰੱਥ ਕਬੀਰ) ਦੇ ਵਚਨ ਸੁਣਕੇ ਜੋਤੀ ਨਿਰੰਜਨ ਸਾਡੇ ਕੋਲ ਆਇਆ। ਅਸੀਂ ਸਭ ਹੰਸ ਆਤਮਾਵਾਂ ਪਹਿਲਾਂ ਤੋਂ ਹੀ ਉਸ ਉੱਤੇ ਆਸੱਕਤ ਸੀ। ਅਸੀਂ ਉਸਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਖੜ੍ਹੇ ਹੋ ਗਏ। ਜੋਤੀ ਨਿਰੰਜਨ ਨੇ ਕਿਹਾ ਕਿ ਮੈਂ ਪਿਤਾ ਜੀ ਤੋਂ ਅਲੱਗ ਇੱਕੀ ਬ੍ਰਹਿਮੰਡ ਪ੍ਰਾਪਤ ਕੀਤੇ ਹਨ। ਉੱਥੇ ਅਨੇਕਾਂ ਪ੍ਰਕਾਰ ਦੇ ਰਮਣੀਕ ਸਥਾਨ ਬਣਾਏ ਹਨ। ਕੀ ਤੁਸੀਂ ਮੇਰੇ ਨਾਲ ਚੱਲੋਗੇ? ਅਸੀਂ ਸਾਰੇ ਹੰਸਾਂ ਨੇ ਜੋ ਅੱਜ 21 ਬ੍ਰਹਿਮੰਡਾਂ ਵਿੱਚ ਪਰੇਸ਼ਾਨ ਹਾਂ, ਕਿਹਾ ਕਿ ਅਸੀਂ ਤਿਆਰ ਹਾਂ ਜੇਕਰ ਪਿਤਾ ਜੀ ਆਗਿਆ ਦੇ ਦੇਣ, ਤਦ ਸ਼ਰਪੁਰਸ਼ ਪੂਰਣ ਬ੍ਰਹਮ ਮਹਾਨ ਕਵਿਰ (ਸਮਰੱਥ ਕਬੀਰ ਪ੍ਰਭੂ) ਦੇ ਕੋਲ ਗਿਆ ਅਤੇ ਸਾਰੀ ਗੱਲ ਕਹੀ। ਤਦ ਕਵਿਰਅਗਿਨੀ (ਕਬੀਰ ਪਰਮੇਸ਼ਵਰ) ਨੇ ਕਿਹਾ ਕਿ ਮੇਰੇ ਸਾਹਮਣੇ ਹਾਮੀ ਭਰਨ ਵਾਲੇ ਨੂੰ ਮੈਂ ਆਗਿਆ ਦੇਵਾਂਗਾ। ਸ਼ਰਪੁਰਸ਼ ਅਤੇ ਪਰਮ ਅਕਸ਼ਰ ਪੁਰਸ਼ (ਕਵਿਰਮਿਤੌਂਜਾ) ਦੋਵੇਂ ਸਾਡੇ ਸਭ ਹੰਸ ਆਤਮਾਵਾਂ ਦੇ ਕੋਲ ਆਏ। ਸਤ ਕਵਿਰਦੇਵ**

ਨੇ ਕਿਹਾ ਕਿ ਜੋ ਹੰਸ ਆਤਮਾ ਬ੍ਰਹਮ ਦੇ ਨਾਲ ਜਾਣਾ ਚਾਹੁੰਦੀ ਹੈ ਆਪਣਾ ਹੱਥ ਉੱਪਰ ਕਰਕੇ ਹਾਮੀ ਭਰ ਦੇਵੇ। ਆਪਣੇ ਪਿਤਾ ਦੇ ਸਾਹਮਣੇ ਕਿਸੇ ਦੀ ਹਿੰਮਤ ਨਾ ਹੋਈ। ਕਿਸੇ ਨੇ ਹਾਮੀ ਨਹੀਂ ਭਰੀ। ਬਹੁਤ ਸਮੇਂ ਤੱਕ ਸੰਨਾਟਾ ਛਾਇਆ ਰਿਹਾ। ਕੁਝ ਸਮੇਂ ਪਿੱਛੋਂ ਇੱਕ ਹੰਸ ਆਤਮਾ ਨੇ ਹਿੰਮਤ ਕੀਤੀ ਅਤੇ ਕਿਹਾ ਕਿ ਪਿਤਾ ਜੀ ਮੈਂ ਜਾਣਾ ਚਾਹੁੰਦਾ ਹਾਂ। ਫਿਰ ਤਾਂ ਉਸਦੀ ਦੇਖਾ-ਦੇਖੀ (ਜੋ ਅੱਜ ਕਾਲ (ਬ੍ਰਹਮ) ਦੇ 21 ਬ੍ਰਹਿਮੰਡਾਂ ਵਿੱਚ ਫਸੀਆਂ ਹਨ) ਅਸੀਂ ਸਭ ਆਤਮਾਂਵਾਂ ਨੇ ਹਾਮੀ ਭਰ ਦਿੱਤੀ। ਪਰਮੇਸ਼ਵਰ ਕਬੀਰ ਜੀ ਨੇ ਜੋਤੀ ਨਿਰੰਜਨ ਨੂੰ ਕਿਹਾ ਕਿ ਤੁਸੀਂ ਆਪਣੇ ਸਥਾਨ ਉੱਤੇ ਜਾਓ । ਜਿਨ੍ਹਾਂ ਨੇ ਤੇਰੇ ਨਾਲ ਜਾਣ ਦੀ ਹਾਮੀ ਭਰੀ ਹੈ ਮੈਂ ਉਨ੍ਹਾਂ ਸਭ ਹੰਸ ਆਤਮਾਵਾਂ ਨੂੰ ਤੁਹਾਡੇ ਕੋਲ ਭੇਜ ਦੇਵਾਂਗਾ। ਜੋਤੀ ਨਿਰੰਜਨ ਆਪਣੇ 21 ਬ੍ਰਹਿਮੰਡਾਂ ਵਿੱਚ ਚਲਾ ਗਿਆ। ਉਸ ਸਮੇਂ ਤੱਕ ਇਹ ਇੱਕੀ ਬ੍ਰਹਿਮੰਡ ਸਤਲੋਕ ਵਿੱਚ ਹੀ ਸਨ।

ਉਸ ਤੋਂ ਬਾਅਦ ਪੂਰਣ ਬ੍ਰਹਮ ਨੇ ਸਭ ਤੋਂ ਪਹਿਲਾਂ ਸਹਿਮਤੀ ਦੇਣ ਵਾਲੇ ਹੰਸ ਨੂੰ ਲੜਕੀ ਦਾ ਰੂਪ ਦਿੱਤਾ ਪ੍ਰੰਤੂ ਇਸਤਰੀ ਇੰਦਰੀ ਨਹੀਂ ਰਚੀ ਅਤੇ ਸਭ ਆਤਮਾਵਾਂ ਨੂੰ (ਜਿਨ੍ਹਾਂ ਨੇ ਜੋਤੀ ਨਿਰੰਜਨ (ਬ੍ਰਹਮ) ਦੇ ਨਾਲ ਜਾਣ ਦੀ ਹਾਮੀ ਭਰੀ ਸੀ) ਉਸ ਲੜਕੀ ਦੇ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ ਅਤੇ ਉਸਦਾ ਨਾਮ ਆਸ਼ਟ੍ਰਾ (ਆਦਿ ਮਾਇਆ/ ਪ੍ਰਕ੍ਰਿਤੀ ਦੇਵੀ/ਦੁਰਗਾ ) ਪਿਆ ਅਤੇ ਸਤਪੁਰਸ਼ ਨੇ ਕਿਹਾ ਕਿ ਪੁੱਤਰੀ ਮੈਂ ਤੈਨੂੰ ਸ਼ਬਦ ਸ਼ਕਤੀ ਪ੍ਰਦਾਨ ਕਰ ਦਿੱਤੀ ਹੈ ਜਿੰਨੇ ਜੀਵ ਬ੍ਰਹਮ ਕਹੇ ਤੂੰ ਉਤਪੰਨ ਕਰ ਦੇਣਾ। ਪੂਰਣ ਬ੍ਰਹਮ ਕਵਿਰਦੇਵ (ਕਬੀਰ ਸਾਹਿਬ) ਨੇ ਆਪਣੇ ਪੁੱਤਰ ਸਹਿਜ ਦਾਸ ਦੇ ਦੁਆਰਾ ਪ੍ਰਕ੍ਰਿਤੀ ਨੂੰ ਸ਼ਰਪੁਰਸ਼ ਦੇ ਕੋਲ ਭੇਜ ਦਿੱਤਾ। ਸਹਿਜ ਦਾਸ ਜੀ ਨੇ ਜੋਤੀ ਨਿਰੰਜਨ ਨੂੰ ਦੱਸਿਆ ਕਿ ਪਿਤਾ ਜੀ ਨੇ ਇਸ ਭੈਣ ਦੇ ਸਰੀਰ ਵਿੱਚ ਉਨ੍ਹਾਂ ਸਭ ਆਤਮਾਵਾਂ ਨੂੰ ਪ੍ਰਵੇਸ਼ ਕਰ ਦਿੱਤਾ ਹੈ ਜਿਨ੍ਹਾਂ ਨੇ ਤੇਰੇ ਨਾਲ ਜਾਣ ਦੀ ਸਹਿਮਤੀ ਪ੍ਰਗਟ ਕੀਤੀ ਸੀ ਅਤੇ ਇਸਨੂੰ ਪਿਤਾ ਜੀ ਨੇ ਵਚਨ ਸ਼ਕਤੀ ਪ੍ਰਦਾਨ ਕੀਤੀ ਹੈ, ਤੁਸੀਂ ਜਿੰਨੇ ਜੀਵ ਚਾਹੋਗੇ ਪ੍ਰਕ੍ਰਿਤੀ ਆ-ਪਣੇ ਸ਼ਬਦ ਨਾਲ ਉਤਪੰਨ ਕਰ ਦੇਵੇਗੀ। ਇਹ ਕਹਿ ਕੇ ਸਹਿਜ ਦਾਸ ਵਾਪਸ ਆਪਣੇ ਦੀਪ ਵਿੱਚ ਆ ਗਿਆ।

ਜਵਾਨ ਹੋਣ ਦੇ ਕਾਰਣ ਲੜਕੀ ਦਾ ਰੰਗ ਰੂਪ ਨਿੱਖ਼ਰਿਆ ਹੋਇਆ ਸੀ। ਬ੍ਰਹਮ ਦੇ ਅੰਦਰ ਵਿਸ਼ੇ-ਵਾਸਨਾ ਉਤਪੰਨ ਹੋ ਗਈ ਅਤੇ ਪ੍ਰਕ੍ਰਿਤੀ ਦੇਵੀ ਨਾਲ ਅਸ਼ਲੀਲ ਗਤੀਵਧੀ ਆਰੰਭ ਕੀਤੀ। ਤਦ ਦੁਰਗਾ ਨੇ ਕਿਹਾ ਕਿ ਜੋਤੀ ਨਿਰੰਜਨ ਮੇਰੇ ਕੋਲ ਪਿਤਾ ਜੀ ਦੀ ਪ੍ਰਦਾਨ ਕੀਤੀ ਹੋਈ ਸ਼ਬਦ ਸ਼ਕਤੀ ਹੈ। ਆਪ ਜਿੰਨੇ ਜੀਵ ਕਹੋਗੇ ਮੈਂ ਉਤਪੰਨ ਕਰ ਦੇਵਾਂਗੀ। ਤੁਸੀਂ ਮੈਥੁਨ ਪਰੰਪਰਾ ਸ਼ੁਰੂ ਨਾ ਕਰੋ। ਤੁਸੀਂ ਵੀ ਉਸੇ ਪਿਤਾ ਦੇ ਸ਼ਬਦ ਨਾਲ ਅੰਡੇ ਤੋਂ ਉਤਪੰਨ ਹੋਏ ਹੋ ਅਤੇ ਮੈਂ ਵੀ ਉਸੇ ਪਰਮ ਪਿਤਾ ਦੇ ਵਚਨ ਨਾਲ ਹੀ ਬਾਅਦ ਵਿੱਚ ਉਤਪੰਨ ਹੋਈ ਹਾਂ। ਤੁਸੀਂ ਮੇਰੇ ਵੱਡੇ ਭਰਾ ਹੋ, ਭੈਣ-ਭਰਾ ਦਾ ਇਹ ਯੋਗ ਮਹਾਂਪਾਪ ਦਾ ਕਾਰਣ ਬਣੇਗਾ। ਪ੍ਰੰਤੂ ਜੋਤੀ ਨਿਰੰਜਨ ਨੇ ਪ੍ਰਕ੍ਰਿਤੀ ਦੇਵੀ ਦੀ ਇੱਕ ਵੀ ਪ੍ਰਾਰਥਨਾ ਨਹੀਂ ਸੁਣੀ ਅਤੇ ਆਪਣੀ ਸ਼ਬਦ ਸ਼ਕਤੀ ਦੁਆਰਾ ਨੂੰਹਾਂ ਨਾਲ ਇਸਤਰੀ ਇੰਦਰੀ (ਯੋਨੀ) ਪ੍ਰਕ੍ਰਿਤੀ ਨੂੰ ਲਗਾ ਦਿੱਤੀ ਅਤੇ ਬਲਾਤਕਾਰ ਕਰਨ ਦੀ ਠਾਣੀ। ਉਸੇ ਸਮੇਂ ਦੁਰਗਾ ਨੇ ਆਪਣੀ ਇੱਜ਼ਤ ਰੱਖਿਆ ਦੇ ਲਈ ਕੋਈ ਹੋਰ ਚਾਰਾ ਨਾ ਦੇਖ ਸੂਖ਼ਸ਼ਮ ਰੂਪ ਬਣਾਇਆ ਅਤੇ ਜੋਤੀ ਨਿਰੰਜਨ ਦੇ ਖੁੱਲ੍ਹੇ ਮੁੱਖ ਦੁਆਰਾ ਉਸਦੇ ਪੇਟ ਵਿੱਚ ਪ੍ਰਵੇਸ਼ ਕਰਕੇ ਅਤੇ ਪੂਰਣ ਬ੍ਰਹਮ ਕਵਿਰਦੇਵ ਤੋਂ ਆਪਣੀ ਰੱਖਿਆ ਲਈ ਪ੍ਰਾਰਥਨਾ ਕੀਤੀ। ਉਸੇ ਸਮੇਂ ਕਵਿਰਦੇਵ ਆਪਣੇ ਪੁੱਤਰ

ਯੋਗ ਸੰਤਾਇਨ ਅਰਥਾਤ ਜੋਗਜੀਤ ਦਾ ਰੂਪ ਬਣਾ ਕੇ ਉੱਥੇ ਪ੍ਰਗਟ ਹੋਏ ਅਤੇ ਕੰਨਿਆ ਨੂੰ ਬ੍ਰਹਮ ਦੇ ਢਿੱਡ ਵਿੱਚੋਂ ਕੱਢਿਆ ਅਤੇ ਕਿਹਾ ਕਿ ਜੋਤੀ ਨਿਰੰਜਨ ਅੱਜ ਤੋਂ ਤੇਰਾ ਨਾਮ 'ਕਾਲ' ਹੋਵੇਗਾ। ਤੇਰੇ ਅਤੇ ਤੇਰੇ ਇੱਕੀ-ਬ੍ਰਹਿਮੰਡਾਂ ਵਿੱਚ ਰਹਿਣ ਵਾਲੇ ਪ੍ਰਾਣੀਆਂ ਦੇ ਜਨਮ-ਮਰਣ ਹੁੰਦੇ ਰਹਿਣਗੇ। ਇਸ ਲਈ ਤੇਰਾ ਨਾਮ ਸ਼ਰਪੁਰਸ਼ ਹੋਵੇਗਾ ਅਤੇ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਨੂੰ ਰੋਜ਼ਾਨਾ ਖਾਇਆ ਕਰੇਂਗਾ ਅਤੇ ਸਵਾ ਲੱਖ ਨੂੰ ਉਤਪੰਨ ਕਰਿਆ ਕਰੇਂਗਾ। ਤੁਹਾਨੂੰ ਦੋਵਾਂ ਨੂੰ 21 ਬ੍ਰਹਿਮੰਡਾਂ ਸਮੇਤ ਕੱਢਿਆ ਜਾਂਦਾ ਹੈ। ਇੰਨਾ ਕਹਿੰਦੇ ਹੀ 21 ਬ੍ਰਹਿਮੰਡ ਵਿਮਾਨ ਦੀ ਤਰ੍ਹਾਂ ਚੱਲ ਪਏ। ਸਹਿਜ ਦਾਸ ਦੇ ਦੀਪ ਦੇ ਕੋਲੋਂ ਹੁੰਦੇ ਹੋਏ ਸਤਲੋਕ ਤੋਂ ਸੋਲ੍ਹਾਂ (16) ਸੰਖ ਕੋਸ (ਇੱਕ ਕੋਸ ਲਗਭਗ 3 ਕਿ:ਮੀ: ਦਾ ਹੁੰਦਾ ਹੈ) ਦੀ ਦੂਰੀ ਉੱਤੇ ਜਾ ਕੇ ਰੁਕ ਗਏ।

ਵਿਸ਼ੇਸ਼ ਵਿਵਰਣ - ਹੁਣ ਤੱਕ ਤਿੰਨ ਸ਼ਕਤੀਆਂ ਦਾ ਵਿਵਰਣ ਆਇਆ ਹੈ।

1. ਪੂਰਣ ਬ੍ਰਹਮ ਜਿਸਨੂੰ ਹੋਰ ਉਪਮਾਤਮਕ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ ਸਤਪੁਰਸ਼, ਅਕਾਲਪੁਰਸ਼, ਸ਼ਬਦ ਸਰੂਪੀ ਰਾਮ, ਪਰਮ ਅਕਸ਼ਰ ਬ੍ਰਹਮ/ ਪੁਰਸ਼ ਆਦਿ। ਇਹ ਪੂਰਣ ਬ੍ਰਹਮ ਅਸੰਖ ਬ੍ਰਹਿਮੰਡਾਂ ਦਾ ਸਵਾਮੀ ਹੈ ਅਤੇ ਵਾਸਤਵ ਵਿੱਚ ਅਵਿਨਾਸ਼ੀ ਹੈ।

2. ਪਰਬ੍ਰਹਮ ਜਿਸਨੂੰ "ਅਕਸ਼ਰ ਪੁਰਸ਼" ਅਤੇ "ਈਸ਼ਵਰ" ਵੀ ਕਿਹਾ ਜਾਂਦਾ ਹੈ। ਇਹ ਵਾਸਤਵ ਵਿੱਚ ਅਵਿਨਾਸ਼ੀ ਨਹੀਂ ਹੈ। ਇਹ ਸੱਤ ਸੰਖ ਬ੍ਰਹਿਮੰਡਾਂ ਦਾ ਸਵਾਮੀ ਹੈ।


3. ਬ੍ਰਹਮ ਜਿਸਨੂੰ ਜੋਤੀ ਨਿਰੰਜਨ, ਕਾਲ, ਕੈਲ, ਸ਼ਰਪੁਰਸ਼ ਅਤੇ ਧਰਮਰਾਏ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜੋ ਸਿਰਫ਼ ਇੱਕੀ ਬ੍ਰਹਿਮੰਡਾਂ ਦਾ ਸਵਾਮੀ ਹੈ। ਹੁਣ ਅੱਗੇ ਇਸੀ ਬ੍ਰਹਮ (ਕਾਲ) ਦੀ ਸ੍ਰਿਸ਼ਟੀ ਦੇ ਇੱਕ ਬ੍ਰਹਿਮੰਡ ਦੀ ਜਾਣਕਾਰੀ ਦਿੱਤੀ ਜਾਵੇਗੀ , ਜਿਸ ਵਿੱਚ ਤਿੰਨ ਹੋਰ ਨਾਮ ਆਪ ਜੀ ਦੇ ਪੜ੍ਹਨ ਵਿੱਚ ਆਉਣਗੇ :- ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ।

ਬ੍ਰਹਮ ਅਤੇ ਬ੍ਰਹਮਾ ਵਿੱਚ ਭੇਦ- ਇੱਕ ਬ੍ਰਹਿਮੰਡ ਵਿੱਚ ਬਣੇ ਸਰਵਉੱਚ ਸਥਾਨ ਉੱਤੇ ਬ੍ਰਹਮ (ਸ਼ਰਪੁਰਸ਼) ਖ਼ੁਦ ਤਿੰਨ ਗੁਪਤ ਸਥਾਨਾਂ ਦੀ ਰਚਨਾ ਕਰਕੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਰੂਪ ਵਿੱਚ ਰਹਿੰਦਾ ਹੈ ਅਤੇ ਆਪਣੀ ਪਤਨੀ ਪ੍ਰਕ੍ਰਿਤੀ (ਦੁਰਗਾ ) ਦੇ ਸਹਿਯੋਗ ਨਾਲ ਤਿੰਨ ਪੁੱਤਰਾਂ ਦੀ ਉਤਪੱਤੀ ਕਰਦਾ ਹੈ। ਉਨ੍ਹਾਂ ਦੇ ਨਾਮ ਵੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਰੱਖਦਾ ਹੈ। ਜੋ ਬ੍ਰਹਮ ਦਾ ਪੁੱਤਰ ਬ੍ਰਹਮਾ ਹੈ ਉਹ ਇੱਕ ਬ੍ਰਹਿਮੰਡ ਵਿੱਚ ਸਿਰਫ਼ ਤਿੰਨ ਲੋਕਾਂ ( ਪ੍ਰਿਥਵੀ ਲੋਕ, ਸਵਰਗ ਲੋਕ ਅਤੇ ਪਾਤਾਲ ਲੋਕ) ਵਿੱਚ ਇੱਕ ਰਜਗੁਣ ਵਿਭਾਗ ਦਾ ਮੰਤਰੀ (ਸਵਾਮੀ) ਹੈ। ਇਸਨੂੰ ਤ੍ਰਿ-ਲੋਕੀ ਬ੍ਰਹਮਾ ਕਿਹਾ ਹੈ ਅਤੇ ਬ੍ਰਹਮ ਜੋ ਬ੍ਰਹਮਲੋਕ ਵਿੱਚ ਬ੍ਰਹਮਾ ਰੂਪ ਵਿੱਚ ਰਹਿੰਦਾ ਹੈ ਉਸਨੂੰ ਮਹਾਂਬ੍ਰਹਮਾ ਅਤੇ ਬ੍ਰਹਮਲੋਕੀ ਬ੍ਰਹਮਾ ਕਿਹਾ ਹੈ। ਇਸੇ ਬ੍ਰਹਮ (ਕਾਲ) ਨੂੰ ਸਦਾਸ਼ਿਵ, ਮਹਾਂਸ਼ਿਵ, ਮਹਾਂਵਿਸ਼ਨੂੰ ਵੀ ਕਿਹਾ ਹੈ।


ਸ਼੍ਰੀ ਵਿਸ਼ਨੂੰ ਪੁਰਾਣ ਵਿੱਚ ਪ੍ਰਮਾਣ:- ਚਤੁਰਥ ਅੰਸ਼ ਅਧਿਆਇ 1 ਪੰਨਾ 230-231 ਉੱਤੇ ਸ਼੍ਰੀ ਬ੍ਰਹਮਾ ਜੀ ਨੇ ਕਿਹਾ:- ਜਿਸ ਅਜੰਨਮਾ, ਸਰਵਮਯ ਵਿਧਾਤਾ ਪਰਮੇਸ਼ਵਰ ਦਾ ਆਦਿ, ਮੱਧ, ਅੰਤ, ਸਵਰੂਪ, ਸੁਭਾਅ ਅਤੇ ਸਾਰ ਅਸੀਂ ਨਹੀਂ ਜਾਣ ਪਾਉਂਦੇ (ਸ਼ਲੋਕ 83)

ਜੋ ਮੇਰਾ ਰੂਪ ਧਾਰਣ ਕਰ ਸੰਸਾਰ ਦੀ ਰਚਨਾ ਕਰਦਾ ਹੈ, ਸਥਿਤੀ ਦੇ ਸਮੇਂ ਜੋ ਪੁਰਸ਼ ਰੂਪ ਹੈ ਅਤੇ ਜੋ ਰੁਦਰ ਰੂਪ ਨਾਲ ਵਿਸ਼ਵ ਦਾ ਗ੍ਰਾਸ ਕਰ ਜਾਂਦਾ ਹੈ, ਅਨੰਤ ਰੂਪ ਨਾਲ ਸੰਪੂਰਣ ਜਗਤ ਨੂੰ ਧਾਰਣ ਕਰਦਾ ਹੈ। (ਸ਼ਲੋਕ 86)

# ਇੱਕ ਬ੍ਰਹਿਮੰਡ ਦਾ ਲਘੂ ਚਿੱਤਰ



# ਜੋਤੀ ਨਿਰੰਜਨ (ਕਾਲ) ਬ੍ਰਹਮ ਦੇ ਲੋਕ (21 ਬ੍ਰਹਿਮੰਡ) ਦਾ ਲਘੂ ਚਿੱਤਰ



# "ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਤੇ ਸ਼੍ਰੀ ਸ਼ਿਵਜੀ ਦੇ ਮਾਤਾ-ਪਿਤਾ ਕੌਣ ਹਨ"

ਕਾਲ (ਬ੍ਰਹਮ) ਨੇ ਪ੍ਰਕ੍ਰਿਤੀ (ਦੁਰਗਾ) ਨੂੰ ਕਿਹਾ ਕਿ ਹੁਣ ਮੇਰਾ ਕੌਣ ਕੀ ਵਿਗਾੜੇਗਾ? ਮਨਮਾਨੀ ਕਰਾਂਗਾ। ਪ੍ਰਕ੍ਰਿਤੀ ਨੇ ਫਿਰ ਪ੍ਰਾਰਥਨਾ ਕੀਤੀ ਕਿ ਤੁਸੀਂ ਕੁਝ ਸ਼ਰਮ ਕਰੋ। ਪਹਿਲਾਂ ਤਾਂ ਤੁਸੀਂ ਮੇਰੇ ਵੱਡੇ ਭਰਾ ਹੋ, ਕਿਉਂਕਿ ਉਸ ਹੀ ਪੂਰਣ ਪਰਮਾਤਮਾ (ਕਵਿਰਦੇਵ) ਦੀ ਵਚਨ ਸ਼ਕਤੀ ਤੋਂ ਤੁਹਾਡੀ (ਬ੍ਰਹਮ ਦੀ) ਅੰਡੇ ਤੋਂ ਉਤਪੱਤੀ ਹੋਈ ਅਤੇ ਬਾਅਦ ਵਿੱਚ ਮੇਰੀ ਉਤਪੱਤੀ ਉਸ ਹੀ ਪਰਮੇਸ਼ਵਰ ਦੇ ਵਚਨ ਤੋਂ ਹੋਈ ਹੈ। ਦੂਸਰਾ ਮੈਂ ਤੁਹਾਡੇ ਪੇਟ ਤੋਂ ਬਾਹਰ ਨਿਕਲੀ ਹਾਂ, ਮੈਂ ਤੁਹਾਡੀ ਬੇਟੀ ਹੋਈ ਅਰਥਾਤ ਤੁਸੀਂ ਮੇਰੇ ਪਿਤਾ ਹੋਏ। ਇਹਨਾਂ ਪਵਿੱਤਰ ਨਾਤਿਆਂ ਵਿੱਚ ਵਿਗਾੜ ਕਰਨਾ ਮਹਾਂਪਾਪ ਹੋਵੇਗਾ। ਮੇਰੇ ਕੋਲ ਪਿਤਾ ਜੀ ਦੀ ਪ੍ਰਦਾਨ ਕੀਤੀ ਹੋਈ ਸ਼ਬਦ ਸ਼ਕਤੀ ਹੈ, ਜਿੰਨੇ ਪ੍ਰਾਣੀ ਕਹੋਗੇ ਮੈਂ ਵਚਨ ਤੋਂ ਉਤਪੰਨ ਕਰ ਦੇਵਾਂਗੀ। ਜੋਤੀ ਨਿਰੰਜਨ ਨੇ ਦੁਰਗਾ ਦੀ ਇੱਕ ਵੀ ਬੇਨਤੀ ਨਹੀਂ ਸੁਣੀ ਅਤੇ ਕਿਹਾ ਮੈਨੂੰ ਜੋ ਸਜ਼ਾ ਮਿਲਣੀ ਸੀ ਮਿਲ ਗਈ, ਮੈਨੂੰ ਸਤਲੋਕ ਤੋਂ ਕੱਢ ਦਿੱਤਾ। ਹੁਣ ਮੈਂ ਮਨਮਾਨੀ ਕਰਾਂਗਾ। ਇਹ ਕਹਿ ਕੇ ਕਾਲ ਪੁਰਸ਼ (ਸ਼ਰਪੁਰਸ਼ ) ਨੇ ਪ੍ਰਕ੍ਰਿਤੀ ਨਾਲ ਜ਼ਬਰਦਸਤੀ ਵਿਆਹ ਕੀਤਾ ਅਤੇ ਤਿੰਨ ਪੁੱਤਰਾਂ (ਰਜਗੁਣ ਯੁਕਤ-ਬ੍ਰਹਮਾ ਜੀ, ਸਤਗੁਣ ਯੁਕਤ-ਵਿਸ਼ਨੂੰ ਜੀ, ਤਮਗੁਣ ਯੁਕਤ- ਸ਼ਿਵ ਸ਼ੰਕਰ ਜੀ) ਦੀ ਉਤਪੱਤੀ ਕੀਤੀ। ਜਵਾਨ ਹੋਣ ਤੱਕ ਤਿੰਨਾਂ ਪੁੱਤਰਾਂ ਨੂੰ ਦੁਰਗਾ ਦੇ ਦੁਆਰਾ ਅਚੇਤ ਕਰਵਾ ਦਿੰਦਾ ਹੈ, ਫਿਰ ਜਵਾਨ ਹੋਣ ਉੱਤੇ ਸ਼੍ਰੀ ਬ੍ਰਹਮਾ ਜੀ ਨੂੰ ਕਮਲ ਦੇ ਫੁੱਲ ਉੱਤੇ, ਸ਼੍ਰੀ ਵਿਸ਼ਨੂੰ ਜੀ ਨੂੰ ਸ਼ੇਸ਼ਨਾਗ ਦੀ ਸੇਜ ਉੱਤੇ ਅਤੇ ਸ਼੍ਰੀ ਸ਼ਿਵਜੀ ਨੂੰ ਕੈਲਾਸ਼ ਪਰਬਤ ਉੱਤੇ ਸਚੇਤ ਕਰਕੇ ਇਕੱਠੇ ਕਰ ਦਿੰਦਾ ਹੈ। ਉਸ ਤੋਂ ਬਾਅਦ ਪ੍ਰਕ੍ਰਿਤੀ (ਦੁਰਗਾ ) ਦੁਆਰਾ ਇਨ੍ਹਾਂ ਤਿੰਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਅਤੇ ਇੱਕ ਬ੍ਰਹਿਮੰਡ ਵਿੱਚ ਤਿੰਨ ਲੋਕਾਂ (ਸਵਰਗ ਲੋਕ, ਪ੍ਰਿਥਵੀ ਲੋਕ ਅਤੇ ਪਾਤਾਲ ਲੋਕ) ਵਿੱਚ ਇੱਕ-ਇੱਕ ਵਿਭਾਗ ਵਿੱਚ ਮੰਤਰੀ (ਪ੍ਰਭੂ) ਨਿਯੁਕਤ ਕਰ ਦਿੰਦਾ ਹੈ। ਜਿਵੇਂ ਸ਼੍ਰੀ ਬ੍ਰਹਮਾ ਜੀ ਨੂੰ ਰਜੋਗੁਣ ਵਿਭਾਗ ਦਾ ਅਤੇ ਸ਼੍ਰੀ ਵਿਸ਼ਨੂੰ ਜੀ ਨੂੰ ਸਤੋਗੁਣ ਵਿਭਾਗ ਦਾ ਅਤੇ ਸ਼੍ਰੀ ਸ਼ਿਵਜੀ ਨੂੰ ਤਮੋਗੁਣ ਵਿਭਾਗ ਦਾ ਅਤੇ ਆਪ ਗੁਪਤ (ਮਹਾਂਬ੍ਰਹਮਾ - ਮਹਾਂਵਿਸ਼ਨੂੰ - ਮਹਾਂਸ਼ਿਵ) ਰੂਪ ਵਿੱਚ ਮੁੱਖ ਮੰਤਰੀ ਅਹੁਦੇ ਨੂੰ ਸੰਭਾਲਦਾ ਹੈ। ਇੱਕ ਬ੍ਰਹਿਮੰਡ ਵਿੱਚ ਇੱਕ ਬ੍ਰਹਮਲੋਕ ਦੀ ਰਚਨਾ ਕੀਤੀ ਹੈ। ਉਸੇ ਵਿੱਚ ਤਿੰਨ ਗੁਪਤ ਸਥਾਨ ਬਣਾਏ ਹਨ। ਇੱਕ ਰਜੋਗੁਣ ਪ੍ਰਧਾਨ ਸਥਾਨ ਹੈ ਜਿੱਥੇ ਇਹ ਬ੍ਰਹਮ (ਕਾਲ) ਆਪ ਮਹਾਂਬ੍ਰਹਮਾ (ਮੁੱਖਮੰਤਰੀ ) ਰੂਪ ਵਿੱਚ ਰਹਿੰਦਾ ਹੈ ਅਤੇ ਆਪਣੀ ਪਤਨੀ ਨੂੰ ਮਹਾਂਸਾਵਿਤਰੀ ਰੂਪ ਵਿੱਚ ਰੱਖਦਾ ਹੈ। ਇਨ੍ਹਾਂ ਦੋਵਾਂ ਦੇ ਸੰਯੋਗ ਨਾਲ ਜੋ ਪੁੱਤਰ ਇਸ ਸਥਾਨ ਉੱਤੇ ਉਤਪੰਨ ਹੁੰਦਾ ਹੈ ਉਹ ਆਪ ਹੀ ਰਜੋਗੁਣੀ ਬਣ ਜਾਂਦਾ ਹੈ। ਦੂਸਰਾ ਸਥਾਨ ਸਤੋਗੁਣ ਪ੍ਰਧਾਨ ਸਥਾਨ ਬਣਾਇਆ ਹੈ। ਉੱਥੇ ਸ਼ਰਪੁਰਸ਼ ਆਪ ਮਹਾਂਵਿਸ਼ਨੂੰ ਰੂਪ ਬਣਾ ਕੇ ਰਹਿੰਦਾ ਹੈ ਅਤੇ ਆਪਣੀ ਪਤਨੀ ਦੁਰਗਾ ਨੂੰ ਮਹਾਂਲਕਸ਼ਮੀ ਰੂਪ ਵਿੱਚ ਰੱਖ ਕੇ ਜੋ ਪੁੱਤਰ ਉਤਪੰਨ ਕਰਦਾ ਹੈ ਉਸਦਾ ਨਾਮ ਵਿਸ਼ਨੂੰ ਰੱਖਦਾ ਹੈ, ਇਹ ਬਾਲਕ ਸਤੋਗੁਣ ਯੁਕਤ ਹੁੰਦਾ ਹੈ ਅਤੇ ਤੀਸਰਾ ਇਸੇ ਕਾਲ ਨੇ ਉੱਥੇ ਹੀ ਇੱਕ ਤਮੋਗੁਣ ਪ੍ਰਧਾਨ ਖੇਤਰ ਬਣਾਇਆ ਹੈ। ਉਸ ਵਿੱਚ ਉਹ ਆਪ ਸਦਾਸ਼ਿਵ ਰੂਪ ਬਣਾ ਕੇ ਰਹਿੰਦਾ ਹੈ ਅਤੇ ਆਪਣੀ ਪਤਨੀ ਦੁਰਗਾ ਨੂੰ ਮਹਾਂਪਾਰਵਤੀ ਰੂਪ ਵਿੱਚ ਰੱਖਦਾ ਹੈ।

ਇਨ੍ਹਾਂ ਦੋਵਾਂ ਦੇ ਪਤੀ-ਪਤਨੀ ਵਿਹਾਰ ਨਾਲ ਜੋ ਪੁੱਤਰ ਉਤਪੰਨ ਹੁੰਦਾ ਹੈ ਉਸਦਾ ਨਾਮ ਸ਼ਿਵ ਰੱਖ ਦਿੰਦੇ ਹਨ ਅਤੇ ਤਮੋਗੁਣ ਯੁਕਤ ਕਰ ਦਿੰਦੇ ਹਨ। (ਪ੍ਰਮਾਣ ਲਈ ਦੇਖੋ ਪਵਿੱਤਰ ਸ਼੍ਰੀ ਸ਼ਿਵ ਮਹਾਂਪੁਰਾਣ, ਵਿਧਯਵੇਸ਼ਵਰ ਸੰਹਿਤਾ ਪੰਨਾ 24-26 ਜਿਸ ਵਿੱਚ ਬ੍ਰਹਮਾ, ਵਿਸ਼ਨੂੰ, ਰੁਦ੍ਰ ਅਤੇ ਮਹੇਸ਼ਵਰ ਤੋਂ ਹੋਰ ਸਦਾ ਸ਼ਿਵ ਹੈ ਅਤੇ ਰੁਦ੍ਰ ਸੰਹਿਤਾ ਅਧਿਆਇ 6 ਅਤੇ 7, 9 ਪੰਨਾ ਨੰ. 100 ਤੋਂ,105 ਅਤੇ 110 ਉੱਤੇ ਅਨੁਵਾਦ ਕਰਤਾ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਂਦਾਰ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਅਤੇ ਪਵਿੱਤਰ ਸ਼੍ਰੀਮਦ ਦੇਵੀ ਮਹਾਂਪੁਰਾਣ ਤੀਸਰਾ ਸਕੰਦ ਪੰਨਾ ਨੰ. 114 ਤੋਂ 123 ਤੱਕ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ, ਜਿਸਦੇ ਅਨੁਵਾਦ ਕਰਤਾ ਸ਼੍ਰੀ ਹਨੂੰਮਾਨ ਪ੍ਰਸਾਦ ਪੋਂਦਾਰ ਚਿਮਨ ਲਾਲ ਗੋਸਵਾਮੀ) ਫਿਰ ਇਨ੍ਹਾਂ ਨੂੰ ਧੋਖੇ ਵਿੱਚ ਰੱਖ ਕੇ ਆਪਣੇ ਖਾਣ ਦੇ ਲਈ ਜੀਵਾਂ ਦੀ ਉਤਪੱਤੀ ਸ਼੍ਰੀ ਬ੍ਰਹਮਾ ਜੀ ਦੁਆਰਾ ਅਤੇ ਸਥਿਤੀ (ਇੱਕ ਦੂਸਰੇ ਨਾਲ ਮੋਹ ਮਮਤਾ ਵਿੱਚ ਰੱਖ ਕੇ ਕਾਲ ਜਾਲ ਵਿੱਚ ਰੱਖਣਾ) ਸ਼੍ਰੀ ਵਿਸ਼ਨੂੰ ਜੀ ਤੋਂ ਅਤੇ ਸੰਹਾਰ (ਕਿਉਂਕਿ ਕਾਲ ਪੁਰਸ਼ ਨੂੰ ਸਰਾਪਵੱਸ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦੇ ਸੂਖ਼ਸ਼ਮ ਸਰੀਰ ਵਿੱਚੋਂ ਮੈਲ ਕੱਢ ਕੇ ਖਾਣਾ ਹੁੰਦਾ ਹੈ, ਉਸਦੇ ਲਈ ਇੱਕੀਵੇਂ ਬ੍ਰਹਿਮੰਡ ਵਿੱਚ ਇੱਕ ਤਪਤਸ਼ਿਲਾ ਹੈ ਜੋ ਹਮੇਸ਼ਾ ਗਰਮ ਰਹਿੰਦੀ ਹੈ, ਉਸ ਉੱਤੇ ਮਨੁੱਖਾਂ ਨੂੰ ਗਰਮ ਕਰਕੇ ਮੈਲ ਪਿਘਲਾ ਕੇ ਖਾਂਦਾ ਹੈ, ਜੀਵ ਮਰਦੇ ਨਹੀਂ ਪਰ ਕਸ਼ਟ ਅਸਹਿ ਹੁੰਦਾ ਹੈ, ਫਿਰ ਪ੍ਰਾਣੀਆਂ ਨੂੰ ਕਰਮ ਆਧਾਰ ਉੱਤੇ ਹੋਰ ਸਰੀਰ ਪ੍ਰਦਾਨ ਕਰਦਾ ਹੈ) ਸ਼੍ਰੀ ਸ਼ਿਵਜੀ ਦੁਆਰਾ ਕਰਵਾਉਂਦਾ ਹੈ। ਜਿਵੇਂ ਕਿਸੇ ਮਕਾਨ ਦੇ ਤਿੰਨ ਕਮਰੇ ਬਣੇ ਹੋਣ। ਇੱਕ ਕਮਰੇ ਵਿੱਚ ਅਸ਼ਲੀਲ ਚਿੱਤਰ ਲੱਗੇ ਹੋਣ, ਉਸ ਕਮਰੇ ਵਿੱਚ ਜਾਂਦੇ ਹੀ ਮਨ ਵਿੱਚ ਗੰਦੇ ਵਿਚਾਰ ਉਤਪੰਨ ਹੋ ਜਾਂਦੇ ਹਨ। ਦੂਸਰੇ ਕਮਰੇ ਵਿੱਚ ਸਾਧੂ-ਸੰਤਾਂ, ਭਗਤਾਂ ਦੇ ਚਿੱਤਰ ਲੱਗੇ ਹੋਣ ਤਾਂ ਮਨ ਵਿੱਚ ਚੰਗੇ ਵਿਚਾਰ, ਪ੍ਰਭੂ ਦਾ ਚਿੰਤਨ ਹੀ ਬਣਿਆ ਰਹਿੰਦਾ ਹੈ। ਤੀਸਰੇ ਕਮਰੇ ਵਿੱਚ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਚਿੱਤਰ ਲੱਗੇ ਹੋਣ ਤਾਂ ਮਨ ਵਿੱਚ ਉਹੋ ਜਿਹੇ ਹੀ ਜੋਸ਼ੀਲੇ ਵਿਚਾਰ ਉਤਪੰਨ ਹੋ ਜਾਂਦੇ ਹਨ। ਠੀਕ ਇਸੇ ਤਰ੍ਹਾਂ ਬ੍ਰਹਮ (ਕਾਲ) ਨੇ ਆਪਣੀ ਸੂਝ-ਬੂਝ ਨਾਲ ਇਹ ਤਿੰਨੇ ਗੁਣ ਪ੍ਰਧਾਨ ਸਥਾਨਾਂ ਦੀ ਰਚਨਾ ਕੀਤੀ ਹੋਈ ਹੈ।

## "ਤਿੰਨੋਂ ਗੁਣ ਕੀ ਹਨ? ਪ੍ਰਮਾਣ ਸਹਿਤ"

"ਤਿੰਨੋਂ ਗੁਣ ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂੰ ਜੀ, ਤਮਗੁਣ ਸ਼ਿਵਜੀ ਹਨ। ਬ੍ਰਹਮ (ਕਾਲ) ਅਤੇ ਪ੍ਰਕ੍ਰਿਤੀ (ਦੁਰਗਾ) ਤੋਂ ਉਤਪੰਨ ਹੋਏ ਹਨ ਅਤੇ ਤਿੰਨੋਂ ਨਾਸ਼ਵਾਨ ਹਨ।"

ਪ੍ਰਮਾਣ :- ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਸ਼੍ਰੀ ਸ਼ਿਵ ਮਹਾਂਪੁਰਾਣ ਜਿਸਦੇ ਸੰਪਾਦਕ ਹਨ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਂਦਾਰ ਪੰਨਾ ਨੰ. 24-26 ਵਿਧਯਵੇਸ਼ਵਰ ਸੰਹਿਤਾ ਅਤੇ ਪੰਨਾ 110 ਅਧਿਆਇ 9 ਰੁਦ੍ਰ ਸੰਹਿਤਾ "ਇਸ ਤਰ੍ਹਾਂ ਬ੍ਰਹਮਾ-ਵਿਸ਼ਨੂੰ ਅਤੇ ਸ਼ਿਵ ਤਿੰਨੋਂ ਦੇਵਤਿਆਂ 'ਚ ਗੁਣ ਹਨ, ਪ੍ਰੰਤੂ ਸ਼ਿਵ (ਬ੍ਰਹਮ-ਕਾਲ) ਗੁਣਾਤੀਤ ਕਿਹਾ ਗਿਆ ਹੈ।

ਦੂਸਰਾ ਪ੍ਰਮਾਣ:-ਗੀਤਾਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਸ਼੍ਰੀਮਦ ਦੇਵੀਭਾਗਵਤ ਪੁਰਾਣ ਜਿਸਦੇ ਸੰਪਾਦਕ ਹਨ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਂਦਾਰ ਚਿਮਨ ਲਾਲ ਗੋਸਵਾਮੀ, ਤੀਸਰਾ ਸਕੰਦ, ਅਧਿਆਇ 5 ਪੰਨਾ 123:- ਭਗਵਾਨ ਵਿਸ਼ਨੂੰ ਨੇ ਦੁਰਗਾ ਦੀ ਉਸਤੱਤ ਕੀਤੀ : ਕਿਹਾ ਕਿ ਮੈਂ (ਵਿਸ਼ਨੂੰ), ਬ੍ਰਹਮਾ ਅਤੇ ਸ਼ੰਕਰ ਆਪਦੀ ਕਿਰਪਾ

ਕਰਕੇ ਨਾਲ ਹੀ ਮੌਜੂਦ ਹਾਂ। ਸਾਡਾ ਤਾਂ ਆਵਿਰਭਾਵ (ਜਨਮ) ਅਤੇ ਤਿਰੋਭਾਵ (ਮੌਤ) ਹੁੰਦੀ ਹੈ। ਅਸੀਂ ਨਿੱਤ (ਅਵਿਨਾਸ਼ੀ) ਨਹੀਂ ਹਾਂ। ਤੁਸੀਂ ਹੀ ਨਿੱਤ ਹੋ, ਜਗਤ ਜਨਨੀ ਹੋ, ਪ੍ਰਕ੍ਰਿਤੀ ਅਤੇ ਸਨਾਤਨੀ ਦੇਵੀ ਹੋ। ਭਗਵਾਨ ਸ਼ੰਕਰ ਨੇ ਕਿਹਾ: ਜੇ ਭਗਵਾਨ ਬ੍ਰਹਮਾ ਅਤੇ ਭਗਵਾਨ ਵਿਸ਼ਨੂੰ ਤੁਹਾਡੇ ਤੋਂ ਉਤਪੰਨ ਹੋਏ ਹਨ ਤਾਂ ਉਹਨਾਂ ਤੋਂ ਬਾਅਦ ਉਤਪੰਨ ਹੋਣ ਵਾਲਾ ਮੈਂ ਤਮੋਗੁਣੀ ਲੀਲਾ ਕਰਨ ਵਾਲਾ ਸ਼ੰਕਰ ਕੀ ਤੁਹਾਡੀ ਸੰਤਾਨ ਨਹੀਂ ਹੋਇਆ? ਅਰਥਾਤ ਮੈਨੂੰ ਉਤਪੰਨ ਕਰਨ ਵਾਲੀ ਤੁਸੀਂ ਹੀ ਹੋ। ਇਸ ਸੰਸਾਰ ਦੀ ਸ਼੍ਰਿਸ਼ਟੀ-ਸਥਿਤੀ-ਸੰਹਾਰ ਵਿੱਚ ਤੁਹਾਡੇ ਗੁਣ ਸਦਾ ਸਰਵਦਾ ਹਨ। ਇਹਨਾਂ ਤਿੰਨਾਂ ਗੁਣਾਂ ਤੋਂ ਉਤਪੰਨ ਅਸੀਂ, ਬ੍ਰਹਮਾ-ਵਿਸ਼ਨੂੰ ਤੇ ਸ਼ੰਕਰ ਨਿਯਮ ਅਨੁਸਾਰ ਕਾਰਜ ਕਰਨ ਲਈ ਤੱਤਪਰ ਰਹਿੰਦੇ ਹਾਂ।

ਉਪਰੋਕਤ ਇਹ ਵਿਵਰਣ ਸਿਰਫ ਹਿੰਦੀ ਵਿੱਚ ਅਨੁਵਾਦਿਤ ਸ਼੍ਰੀ ਦੇਵੀ ਮਹਾਂਪੁਰਾਣ ਤੋਂ ਹੈ, ਜਿਸ ਵਿੱਚ ਕੁਝ ਤੱਥਾਂ ਨੂੰ ਛੁਪਾਇਆ ਗਿਆ ਹੈ। ਇਸ ਲਈ ਇਹੀ ਪ੍ਰਮਾਣ ਦੇਖੋ ਸ਼੍ਰੀ ਮਦਦੇਵੀਭਾਗਵਤ ਮਹਾਂਪੁਰਾਣ ਸਭਾਸ਼ਟਿਕਮ ਸਮਹਾਤਯਮ੍, ਖੇਮਰਾਜ ਸ਼੍ਰੀ ਕ੍ਰਿਸ਼ਨ ਦਾਸ ਪ੍ਰਕਾਸ਼ਨ ਮੁੰਬਈ, ਇਸ ਵਿੱਚ ਸੰਸਕ੍ਰਿਤ ਸਹਿਤ ਹਿੰਦੀ ਅਨੁਵਾਦ ਕੀਤਾ ਹੈ। ਤੀਸਰਾ ਸਕੰਦ ਅਧਿਆਇ 4 ਪੰਨਾ 10, ਸ਼ਲੋਕ 42:-

ਬ੍ਰਹਮਾ-ਅਹਮ੍ ਈਸ਼ਵਰਹ ਫਿਲ ਤੇ ਪ੍ਰਭਾਵਾਤਸ੍ਰਵੇ ਵਯੰ ਜਨਿ ਯੁਤਾ ਨ ਯਦਾ ਤੂ ਨਿਤ੍ ਯਾਹ, ਕੇ ਅਨ੍ਯੇ ਸੁਰਾਹ ਸ਼ਤਮਖ ਪ੍ਰਮੁੱਖਾਹ ਚ ਨਿਤ੍ਯਾ ਨਿਤ੍ਯਾ ਤ੍ਵਮੇਵ ਜਨਨੀ ਪ੍ਰਕ੍ਰਿਤੀਹ ਪੁਰਾਣਾ। (42)

ਪੰਜਾਬੀ ਅਨੁਵਾਦ:- ਹੇ ਮਾਤਾ! ਬ੍ਰਹਮਾ, ਮੈਂ ਅਤੇ ਸ਼ਿਵ ਤੇਰੇ ਹੀ ਪ੍ਰਭਾਵ ਤੋਂ ਜਨਮਵਾਨ ਹਾਂ, ਨਿੱਤ ਨਹੀਂ ਹਾਂ, ਅਰਥਾਤ ਅਸੀਂ ਅਵਿਨਾਸ਼ੀ ਨਹੀ ਹਾਂ, ਫਿਰ ਇੰ-ਦਰ ਆਦਿ ਦੂਜੇ ਦੇਵਤਾ ਕਿਸ ਤਰ੍ਹਾਂ ਨਿੱਤ ਹੋ ਸਕਦੇ ਹਨ। ਤੁਸੀਂ ਹੀ ਅਵਿਨਾਸ਼ੀ ਹੋ, ਪ੍ਰਕ੍ਰਿਤੀ ਅਤੇ ਸਨਾਤਨੀ ਦੇਵੀ ਹੋ। (42)

ਪੰਨਾ 11-12, ਅਧਿਆਇ 5, ਸ਼ਲੋਕ 8:-

ਯਦਿ ਦਯਾਦ੍ਰਮਨਾ ਨ ਸਦਾਅੰਬਿਕੇ ਕਥਮਹੰ ਵਿਹਿਤਹ ਚ ਤਮੋਗੁਣਹ ਕਮਲਜਸ਼ਚ ਰਜੋਗੁਣਸੰਭਵਹ ਸੁਵਿਹਿਤਹ ਕਿਮੁ ਸਤਵਗੁਣੋਂ ਹਰਿਹ। (8)

ਅਨੁਵਾਦ:- ਭਗਵਾਨ ਸ਼ੰਕਰ ਬੋਲੇ:-ਹੇ ਮਾਤਾ! ਜੇ ਤੁਸੀਂ ਸਾਡੇ ਉੱਪਰ ਦਯਾ ਯੁਕਤ ਹੋ ਤਾਂ ਮੈਨੂੰ ਤਮੋਗੁਣ ਕਿਉਂ ਬਣਾਇਆ, ਕਮਲ ਤੋਂ ਉਤਪੰਨ ਬ੍ਰਹਮਾ ਨੂੰ ਰਜੋਗੁਣ ਕਿਸ ਲਈ ਬਣਾਇਆ ਅਤੇ ਵਿਸ਼ਨੂੰ ਨੂੰ ਸਤੋਗੁਣ ਕਿਉਂ ਬਣਾਇਆ? ਅਰਥਾਤ ਜੀਵਾਂ ਦੇ ਜਨਮ-ਮਰਣ ਰੂਪੀ ਦੁਸ਼ਕਰਮ ਵਿੱਚ ਕਿਉਂ ਲਗਾਇਆ?

ਸ਼ਲੋਕ 12:- ਰਮਯਸੇ ਸਵਪਤਿੰ ਪੁਰੁਸ਼ੰ ਸਦਾ ਤਵ ਗਤਿੰ ਨ ਹਿ ਵਿਹ ਵਿਦ੍ਮ ਸ਼ਿਵੇ (12)

ਪੰਜਾਬੀ:- ਆਪਣੇ ਪਤੀ ਪੁਰਸ਼ ਅਰਥਾਤ ਕਾਲ ਭਗਵਾਨ ਦੇ ਨਾਲ ਸਦਾ ਭੋਗ-ਵਿਲਾਸ ਕਰਦੀ ਰਹਿੰਦੀ ਹੋ। ਤੁਹਾਡੀ ਗਤੀ ਕੋਈ ਨਹੀਂ ਜਾਣਦਾ।

ਸਿੱਟਾ :- ਉਪਰੋਕਤ ਪ੍ਰਮਾਣਾਂ ਤੋਂ ਪ੍ਰਮਾਣਿਤ ਹੋਇਆ ਕਿ ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਨੂੰ, ਅਤੇ ਤਮਗੁਣ- ਸ਼ਿਵ ਹੈ ਇਹ ਤਿੰਨੋਂ ਨਾਸ਼ਵਾਨ ਹਨ। ਦੁਰਗਾ ਦਾ ਪਤੀ ਬ੍ਰਹਮ (ਕਾਲ) ਹੈ, ਇਹ ਉਸ ਨਾਲ ਭੋਗ ਵਿਲਾਸ ਕਰਦਾ ਹੈ।

# "ਪਵਿੱਤਰ ਸ਼੍ਰੀਮਦ ਦੇਵੀ ਮਹਾਂਪੁਰਾਣ ਵਿੱਚ ਸ਼੍ਰਿਸ਼ਟੀ ਰਚਨਾ ਦਾ ਪ੍ਰਮਾਣ"

"ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਮਾਤਾ-ਪਿਤਾ"

(ਦੁਰਗਾ ਅਤੇ ਬ੍ਰਹਮ ਦੇ ਯੋਗ ਤੋਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਜਨਮ)

**ਪਵਿੱਤਰ ਸ਼੍ਰੀਮਦ ਦੇਵੀ ਮਹਾਂਪੁਰਾਣ ਤੀਸਰਾ ਸਕੰਦ (ਗੀਤਾ ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਤਿ, ਅਨੁਵਾਦਕਰਤਾ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਂਦਾਰ ਅਤੇ ਚਿਮਨ ਲਾਲ ਗੋਸਵਾਮੀ ਜੀ, ਪੰਨਾ ਨੰਬਰ 114 ਤੋਂ)**

ਪੰਨਾ ਨੰਬਰ: 114 ਤੋਂ 118 ਤੱਕ ਵਿਵਰਣ ਹੈ ਕਿ ਕਿੰਨੇ ਹੀ ਅਚਾਰੀਆ ਭਵਾਨੀ ਨੂੰ ਸੰਪੂਰਣ ਮਨੋਰਥ ਪੂਰਣ ਕਰਨ ਵਾਲੀ ਦੱਸਦੇ ਹਨ। ਉਹ ਪ੍ਰਕ੍ਰਿਤੀ ਕਹਾਉਂਦੀ ਹੈ ਅਤੇ ਬ੍ਰਹਮ ਨਾਲ ਅਭੇਦ ਸੰਬੰਧ ਹੈ {ਜਿਵੇਂ ਪਤਨੀ ਨੂੰ ਅਰਧਾਂਗਨੀ ਕਹਿੰਦੇ ਹਨ ਅਰਥਾਤ ਦੁਰਗਾ ਬ੍ਰਹਮ (ਕਾਲ) ਦੀ ਪਤਨੀ ਹੈ।} ਇੱਕ ਬ੍ਰਹਿਮੰਡ ਦੀ ਸ਼੍ਰਿਸ਼ਟੀ ਰਚਨਾ ਦੇ ਵਿਸ਼ੇ ਵਿੱਚ ਰਾਜਾ ਸ਼੍ਰੀ ਪ੍ਰੀਕਸ਼ਿਤ ਦੇ ਪੁੱਛਣ 'ਤੇ ਸ਼੍ਰੀ ਵਿਆਸ ਜੀ ਨੇ ਦੱਸਿਆ ਕਿ ਮੈਂ ਸ਼੍ਰੀ ਨਾਰਦ ਜੀ ਤੋਂ ਪੁੱਛਿਆ ਸੀ ਕਿ ਹੇ ਦੇਵਰਿਸ਼ੇ! ਇਸ ਬ੍ਰਹਿਮੰਡ ਦੀ ਰਚਨਾਂ ਕਿਵੇਂ ਹੋਈ? ਮੇਰੇ ਇਸ ਪ੍ਰਸ਼ਨ ਦੇ ਉਤੱਰ ਵਿੱਚ ਸ਼੍ਰੀ ਨਾਰਦ ਜੀ ਨੇ ਕਿਹਾ ਕਿ ਮੈਂ ਆਪਣੇ ਪਿਤਾ ਸ਼੍ਰੀ ਬ੍ਰਹਮਾ ਜੀ ਨੂੰ ਪੁੱਛਿਆ ਕਿ ਹੇ ਪਿਤਾ ਸ਼੍ਰੀ ਇਸ ਬ੍ਰਹਿਮੰਡ ਦੀ ਰਚਨਾ ਤੁਸੀਂ ਕੀਤੀ ਜਾਂ ਸ਼੍ਰੀ ਵਿਸ਼ਨੂੰ ਜੀ ਇਸਦੇ ਰਚਾਇਤਾ ਹਨ ਜਾਂ ਸ਼ਿਵ ਜੀ ਨੇ ਰਚਿਆ ਹੈ? ਸੱਚ-ਸੱਚ ਦੱਸਣ ਦੀ ਕਿਰਪਾ ਕਰੋ। ਤਦ ਮੇਰੇ ਪੂਜਯ ਪਿਤਾ ਸ਼੍ਰੀ ਬ੍ਰਹਮਾ ਜੀ ਨੇ ਦੱਸਿਆ ਕਿ ਬੇਟਾ ਨਾਰਦ, ਮੈਂ ਆਪਣੇ ਆਪ ਨੂੰ ਕਮਲ ਦੇ ਫੁੱਲ ਉੱਤੇ ਬੈਠਾ ਪਾਇਆ ਸੀ, ਮੈਨੂੰ ਗਿਆਨ ਨਹੀਂ ਇਸ ਅਗਾਧ ਜਲ ਵਿੱਚ ਮੈਂ ਕਿੱਥੋਂ ਉਤਪੰਨ ਹੋ ਗਿਆ। ਇੱਕ ਹਜ਼ਾਰ ਸਾਲ ਤੱਕ ਪ੍ਰਿਥਵੀ ਦੀ ਭਾਲ ਕਰਦਾ ਰਿਹਾ, ਕਿਤੇ ਜਲ ਦਾ ਓਰ-ਛੋਰ ਨਹੀਂ ਪਾਇਆ। ਫਿਰ ਆਕਾਸ਼ਬਾਣੀ ਹੋਈ ਕਿ ਤਪ ਕਰੋ। ਇੱਕ ਹਜ਼ਾਰ ਸਾਲ ਤੱਕ ਤਪ ਕੀਤਾ। ਫਿਰ ਸ਼੍ਰਿਸ਼ਟੀ ਕਰਨ ਦੀ ਆਕਾਸ਼ਬਾਣੀ ਹੋਈ। ਇੰਨੇ ਨੂੰ ਮਧੂ ਅਤੇ ਕੈਟਭ ਨਾਮ ਦੇ ਦੋ ਰਾਕਸ਼ ਆਏ, ਉਨ੍ਹਾਂ ਦੇ ਡਰ ਨਾਲ ਮੈਂ ਕਮਲ ਦਾ ਡੰਡਲ ਫੜ੍ਹ ਕੇ ਹੇਠਾਂ ਉੱਤਰਿਆ। ਉੱਥੇ ਭਗਵਾਨ ਵਿਸ਼ਨੂੰ ਜੀ ਸ਼ੇਸ਼ ਸ਼ੈਯਾ ਉੱਤੇ ਅਚੇਤ ਪਏ ਸਨ। ਉਨ੍ਹਾਂ ਵਿੱਚੋਂ ਇੱਕ ਔਰਤ (ਪ੍ਰੇਤਵਤ ਪ੍ਰਵੇਸ਼ ਦੁਰਗਾ) ਨਿਕਲੀ। ਉਹ ਆਕਾਸ਼ ਵਿੱਚ ਗਹਿਣੇ ਪਹਿਨੇ ਦਿਖਾਈ ਦੇਣ ਲੱਗੀ। ਤਦ ਭਗਵਾਨ ਵਿਸ਼ਨੂੰ ਹੋਸ਼ ਵਿੱਚ ਆਏ। ਹੁਣ ਮੈਂ ਅਤੇ ਵਿਸ਼ਨੂੰ ਜੀ ਦੋ ਸੀ। ਇੰਨੇ ਨੂੰ ਭਗਵਾਨ ਸ਼ੰਕਰ ਵੀ ਆ ਗਏ। ਦੇਵੀ ਨੇ ਸਾਨੂੰ ਵਿਮਾਨ ਵਿੱਚ ਬੈਠਾਇਆ ਅਤੇ ਬ੍ਰਹਮਲੋਕ ਵਿੱਚ ਲੈ ਗਈ। ਉੱਥੇ ਇੱਕ ਬ੍ਰਹਮਾ, ਇੱਕ ਵਿਸ਼ਨੂੰ ਅਤੇ ਇੱਕ ਸ਼ਿਵ ਹੋਰ ਦੇਖਿਆ ਫਿਰ ਇੱਕ ਦੇਵੀ ਦੇਖੀ, ਉਸਨੂੰ ਦੇਖਕੇ ਵਿਸ਼ਨੂੰ ਜੀ ਨੇ ਵਿਵੇਕ ਪੂਰਵਕ ਨਿਮਨ ਵਰਨਣ ਕੀਤਾ (ਬ੍ਰਹਮ-ਕਾਲ ਨੇ ਭਗਵਾਨ ਵਿਸ਼ਨੂੰ ਨੂੰ ਚੇਤਨਾ ਪ੍ਰਦਾਨ ਕਰ ਦਿੱਤੀ, ਉਸਨੂੰ ਆਪਣੇ ਬਚਪਨ ਦੀ ਯਾਦ ਆਈ ਤਦ ਬਚਪਨ ਦੀ ਕਹਾਣੀ ਸੁਣਾਈ)।

ਪੰਨਾ 119-120 ਉੱਤੇ ਭਗਵਾਨ ਵਿਸ਼ਨੂੰ ਜੀ ਨੇ ਸ਼੍ਰੀ ਬ੍ਰਹਮਾ ਜੀ ਅਤੇ ਸ਼੍ਰੀ ਸ਼ਿਵ ਜੀ ਨੂੰ ਕਿਹਾ ਕਿ ਇਹ ਤਿੰਨਾਂ ਦੀ ਮਾਤਾ ਹੈ, ਇਹੀ ਜਗਤ ਜਨਨੀ ਪ੍ਰਕ੍ਰਿਤੀ ਦੇਵੀ ਹੈ। ਮੈਂ ਇਸ ਦੇਵੀ ਨੂੰ ਤਦ ਦੇਖਿਆ ਸੀ ਜਦ ਮੈਂ ਛੋਟਾ ਜਿਹਾ ਬੱਚਾ ਸੀ, ਇਹ ਮੈਨੂੰ ਪੰਘੂੜੇ ਵਿੱਚ ਝੁਲਾਅ ਰਹੀ ਸੀ।

ਤੀਸਰਾ ਸਕੰਦ ਸਫਾ ਨੰਬਰ 123 ਉੱਤੇ ਸ਼੍ਰੀ ਵਿਸ਼ਨੂੰ ਜੀ ਨੇ ਸ਼੍ਰੀ ਦੁਰਗਾ ਜੀ ਦੀ ਉਸਤੱਤ ਕਰਦੇ ਹੋਏ ਕਿਹਾ- ਤੁਸੀਂ ਸ਼ੁੱਧ ਸਰੂਪਾ ਹੋ, ਇਹ ਸਾਰਾ ਸੰਸਾਰ ਤੁਹਾਡੇ

ਤੋਂ ਉਦਭਾਸਿਤ ਹੋ ਰਿਹਾ ਹੈ, ਮੈਂ (ਵਿਸ਼ਨੂੰ), ਬ੍ਰਹਮਾ ਅਤੇ ਸ਼ੰਕਰ ਅਸੀਂ ਸਭ ਤੁਹਾਡੀ ਕਿਰਪਾ ਨਾਲ ਹੀ ਵਿਦਮਾਨ ਹਾਂ। ਸਾਡਾ ਆਵਿਰਭਾਵ (ਜਨਮ) ਅਤੇ ਤਿਰੋਭਾਵ (ਮੌਤ) ਹੋਇਆ ਕਰਦਾ ਹੈ ਅਰਥਾਤ ਅਸੀਂ ਤਿੰਨੇ ਦੇਵ ਨਾਸ਼ਵਾਨ ਹਾਂ, ਸਿਰਫ ਤੁਸੀਂ ਹੀ ਨਿੱਤ (ਅਵਿਨਾਸ਼ੀ) ਹੋ, ਜਗਤ ਜਨਨੀ ਹੋ, ਪ੍ਰਕ੍ਰਿਤੀ ਦੇਵੀ ਹੋ।

ਭਗਵਾਨ ਸ਼ੰਕਰ ਬੋਲੇ :- ਦੇਵੀ ਜੇ ਮਹਾਂਭਾਗ ਵਿਸ਼ਨੂੰ ਤੁਹਾਡੇ ਤੋਂ ਪ੍ਰਗਟ (ਉਤਪੰਨ) ਹੋਏ ਹਨ ਤਾਂ ਉਨ੍ਹਾਂ ਤੋਂ ਬਾਅਦ ਉਤਪੰਨ ਹੋਣ ਵਾਲੇ ਬ੍ਰਹਮਾ ਵੀ ਤੁਹਾਡੇ ਹੀ ਬਾਲਕ ਹੋਏ। ਫਿਰ ਮੈਂ ਤਮੋਗੁਣੀ ਲੀਲ੍ਹਾ ਕਰਨ ਵਾਲਾ ਸ਼ੰਕਰ ਕੀ ਤੁਹਾਡੀ ਸੰਤਾਨ ਨਹੀਂ ਹੋਇਆ? ਅਰਥਾਤ ਮੈਨੂੰ ਵੀ ਉਤਪੰਨ ਕਰਨ ਵਾਲੀ ਤੁਸੀਂ ਹੀ ਹੋ।

ਵਿਚਾਰ ਕਰੋ:- ਉਪਰੋਕਤ ਵਰਣਨ ਤੋਂ ਸਿੱਧ ਹੋਇਆ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵਜੀ ਨਾਸ਼ਵਾਨ ਹਨ। ਮ੍ਰਿਤੁੰਜਯ (ਅਜਰ-ਅਮਰ) ਤੇ ਸਰਵੇਸ਼ਵਰ ਨਹੀਂ ਹਨ ਅਤੇ ਦੁਰਗਾ (ਪ੍ਰਕ੍ਰਿਤੀ) ਦੇ ਪੁੱਤਰ ਹਨ ਅਤੇ ਬ੍ਰਹਮ (ਕਾਲ-ਸਦਾ ਸ਼ਿਵ) ਇਨ੍ਹਾਂ ਦਾ ਪਿਤਾ ਹੈ।

ਤੀਸਰਾ ਸਕੰਦ ਪੰਨਾ ਨੰਬਰ 125 ਉੱਤੇ ਬ੍ਰਹਮਾ ਜੀ ਦੇ ਪੁੱਛਣ ਉੱਤੇ ਕਿ ਹੇ ਮਾਤਾ! ਵੇਦਾਂ ਵਿੱਚ ਜੋ ਬ੍ਰਹਮ ਕਿਹਾ ਹੈ ਉਹ ਤੁਸੀਂ ਹੋ ਜਾਂ ਕੋਈ ਹੋਰ ਪ੍ਰਭੂ ਹੈ? ਇਸਦੇ ਉੱਤਰ ਵਿੱਚ ਇੱਥੇ ਤਾਂ ਦੁਰਗਾ ਕਹਿ ਰਹੀ ਹੈ ਕਿ ਮੈਂ ਅਤੇ ਬ੍ਰਹਮ ਇੱਕ ਹੀ ਹਾਂ। ਫਿਰ ਇਸੇ ਸਕੰਦ ਦੇ ਪੰਨਾ ਨੰਬਰ 129 ਉੱਤੇ ਕਿਹਾ ਹੈ ਕਿ ਹੁਣ ਮੇਰਾ ਕਾਰਜ ਸਿੱਧ ਕਰਨ ਦੇ ਲਈ ਵਿਮਾਨ ਉੱਤੇ ਬੈਠ ਕੇ ਤੁਸੀਂ ਜਲਦੀ ਪਧਾਰੋ (ਜਾਓ)। ਕੋਈ ਕਠਿਨ ਕਾਰਜ ਹੋਣ ਉੱਤੇ ਜਦ ਤੁਸੀਂ ਮੈਨੂੰ ਯਾਦ ਕਰੋਗੇ, ਤਾਂ ਮੈਂ ਸਾਹਮਣੇ ਆ ਜਾਵਾਂਗੀ। ਦੇਵਤਾਓ ਮੇਰਾ (ਦੁਰਗਾ ਦਾ) ਅਤੇ ਬ੍ਰਹਮ ਦਾ ਧਿਆਨ ਤੁਹਾਨੂੰ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ। ਸਾਡਾ ਦੋਵਾਂ ਦਾ ਸਿਮਰਨ ਕਰਦੇ ਰਹੋਗੇ ਤਾਂ ਤੁਹਾਡੇ ਕਾਰਜ ਸਿੱਧ ਹੋਣ ਵਿੱਚ ਕੋਈ ਵੀ ਸੰਦੇਹ ਨਹੀਂ ਹੈ।

ਉਪਰੋਕਤ ਵਿਆਖਿਆ ਤੋਂ ਸਾਫ਼ ਸਿੱਧ ਹੈ ਕਿ ਦੁਰਗਾ (ਪ੍ਰਕ੍ਰਿਤੀ) ਅਤੇ ਬ੍ਰਹਮ (ਕਾਲ) ਹੀ ਤਿੰਨਾਂ ਦੇਵਤਿਆਂ ਦੇ ਮਾਤਾ-ਪਿਤਾ ਹਨ ਅਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿ-ਵਜੀ ਨਾਸ਼ਵਾਨ ਹਨ ਤੇ ਪੂਰਣ ਸ਼ਕਤੀ ਯੁਕਤ ਨਹੀਂ ਹਨ।

ਤਿੰਨਾਂ ਦੇਵਤਿਆਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵਜੀ) ਦੀ ਸ਼ਾਦੀ ਦੁਰਗਾ (ਪ੍ਰਕ੍ਰਿਤੀ ਦੇਵੀ) ਨੇ ਕੀਤੀ। ਪੰਨਾ ਨੰ.128-129 ਉੱਤੇ ਤੀਸਰੇ ਸਕੰਦ ਵਿੱਚ ਪੜ੍ਹੋ।

## "ਪਵਿੱਤਰ ਸ਼ਿਵ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

### (ਕਾਲ ਬ੍ਰਹਮ ਤੇ ਦੁਰਗਾ ਤੋਂ ਵਿਸ਼ਨੂੰ, ਬ੍ਰਹਮ ਤੇ ਸ਼ਿਵ ਦੀ ਉਤਪੱਤੀ)

ਇਸੇ ਦਾ ਪ੍ਰਮਾਣ ਪਵਿੱਤਰ ਸ਼੍ਰੀ ਸ਼ਿਵ ਪੁਰਾਣ ਗੀਤਾ ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ, ਅਨੁਵਾਦ ਕਰਤਾ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਦਾਰ, ਇਸਦੇ ਅਧਿਆਇ 6 ਰੁਦਰ ਸੰਹਿਤਾ, ਪੰਨਾ ਨੰਬਰ 100 ਉੱਤੇ ਕਿਹਾ ਹੈ ਕਿ ਜੋ ਮੂਰਤੀ ਰਹਿਤ ਪਰਬ੍ਰਹਮ ਹੈ, ਉਸੇ ਦੀ ਮੂਰਤੀ ਭਗਵਾਨ ਸਦਾ ਸ਼ਿਵ ਹੈ। ਇਨ੍ਹਾਂ ਦੇ ਸਰੀਰ ਵਿੱਚੋਂ ਇੱਕ ਸ਼ਕਤੀ ਨਿਕਲੀ, ਉਹ ਸ਼ਕਤੀ ਅੰਬਿਕਾ, ਪ੍ਰਕ੍ਰਿਤੀ (ਦੁਰਗਾ), ਤ੍ਰਿਦੇਵ ਜਨਨੀ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਨੂੰ ਉਤਪੰਨ ਕਰਨ ਵਾਲੀ ਮਾਤਾ) ਕਹਾਈ। ਜਿਸਦੀਆਂ ਅੱਠ ਭੁਜਾਵਾਂ ਹਨ। ਉਹ ਜੋ ਸਦਾ ਸ਼ਿਵ ਹਨ, ਉਨ੍ਹਾਂ ਨੂੰ ਸ਼ਿਵ, ਸ਼ੰਭੂ ਅਤੇ

ਮਹੇਸ਼ਵਰ ਵੀ ਕਹਿੰਦੇ ਹਨ। (ਪੰਨਾ ਨੰ.101 ਉੱਤੇ) ਉਹ ਆਪਣੇ ਸਾਰੇ ਅੰਗਾਂ ਉੱਤੇ ਭਸਮ ਰਮਾਏ ਰਹਿੰਦੇ ਹਨ। ਉਸ ਕਾਲ ਰੂਪੀ ਬ੍ਰਹਮ ਨੇ ਇੱਕ ਸ਼ਿਵਲੋਕ ਨਾਮਕ ਸਥਾਨ ਦਾ ਨਿਰਮਾਣ ਕੀਤਾ। ਫਿਰ ਦੋਵਾਂ ਨੇ ਪਤੀ-ਪਤਨੀ ਦਾ ਵਿਵਹਾਰ ਕੀਤਾ ਜਿਸਤੋਂ ਇੱਕ ਪੁੱਤਰ ਉਤਪੰਨ ਹੋਇਆ। ਉਸਦਾ ਨਾਮ ਵਿਸ਼ਨੂੰ ਰੱਖਿਆ। (ਪੰਨਾ ਨੰ. 102)

ਫਿਰ ਰੁਦਰ ਸੰਹਿਤਾ ਅਧਿਆਇ ਨੰ.7 ਪੰਨਾ ਨੰ.103 ਉੱਤੇ ਬ੍ਰਹਮਾ ਜੀ ਨੇ ਕਿਹਾ ਕਿ ਮੇਰੀ ਉਤਪੱਤੀ ਵੀ ਭਗਵਾਨ ਸਦਾ ਸ਼ਿਵ (ਬ੍ਰਹਮ-ਕਾਲ) ਅਤੇ ਪ੍ਰਕ੍ਰਿਤੀ (ਦੁਰਗਾ) ਦੇ ਸੰਯੋਗ ਨਾਲ ਅਰਥਾਤ ਪਤੀ-ਪਤਨੀ ਦੇ ਵਵਿਹਾਰ ਤੋਂ ਹੋਈ। ਫਿਰ ਮੈਨੂੰ ਬੇਹੋਸ਼ ਕਰ ਦਿੱਤਾ।

ਫਿਰ ਰੁਦਰ ਸੰਹਿਤਾ ਅਧਿਆਇ ਨੰ. 9 ਪੰਨਾ ਨੰ.110 ਉੱਤੇ ਕਿਹਾ ਹੈ ਕਿ ਇਸ ਪ੍ਰਕਾਰ ਬ੍ਰਹਮਾ, ਵਿਸ਼ਨੂੰ ਅਤੇ ਰੁਦਰ ਇਨ੍ਹਾਂ ਤਿੰਨਾਂ ਦੇਵਤਿਆਂ ਵਿੱਚ ਗੁਣ ਹਨ, ਪ੍ਰੰਤੂ ਸ਼ਿਵ (ਕਾਲ-ਬ੍ਰਹਮ) ਗੁਣਾਤੀਤ ਮੰਨੇ ਗਏ ਹਨ।

ਇੱਥੇ ਚਾਰ ਸਿੱਧ ਹੋਏ ਅਰਥਾਤ ਸਦਾ ਸ਼ਿਵ (ਕਾਲ-ਬ੍ਰਹਮ) ਤੇ ਪ੍ਰਕ੍ਰਿਤੀ (ਦੁਰਗਾ) ਤੋਂ ਹੀ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਉਤਪੰਨ ਹੋਏ ਹਨ। ਤਿੰਨੋਂ ਭਗਵਾਨਾਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ) ਦੀ ਮਾਤਾ ਜੀ ਸ਼੍ਰੀ ਦੁਰਗਾ ਜੀ ਅਤੇ ਪਿਤਾ ਜੀ ਸ਼੍ਰੀ ਜੋਤੀ ਨਿਰੰਜਨ (ਬ੍ਰਹਮ) ਹੈ। ਇਹ ਤਿੰਨੋਂ ਪ੍ਰਭੂ ਰਜਗੁਣ -ਬ੍ਰਹਮਾ ਜੀ, ਸਤਗੁਣ-ਵਿਸ਼ਨੂੰ ਜੀ ਤਮਗੁਣ-ਸ਼ਿਵ ਜੀ ਹਨ।

## "ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਸ਼੍ਰਿਸ਼ਟੀ ਰਚਨਾ ਦਾ ਪ੍ਰਮਾਣ"

**ਇਸੇ ਦਾ ਪ੍ਰਮਾਣ ਪਵਿੱਤਰ ਬਾਈਬਲ ਵਿੱਚ ਅਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਵੀ ਹੈ। ਕੁਰਾਨ ਸ਼ਰੀਫ ਵਿੱਚ ਪਵਿੱਤਰ ਬਾਈਬਲ ਦਾ ਵੀ ਗਿਆਨ ਹੈ, ਇਸਲਈ ਇਹਨਾਂ ਦੋਵਾਂ ਪਵਿੱਤਰ ਸਦਗ੍ਰੰਥਾਂ ਨੇ ਮਿਲ-ਜੁਲ ਕੇ ਪ੍ਰਮਾਣਿਤ ਕੀਤਾ ਹੈ ਕਿ ਕੌਣ ਅਤੇ ਕੈਸਾ ਹੈ ਸ਼੍ਰਿਸ਼ਟੀ ਰਚਨਹਾਰ ਅਤੇ ਉਸਦਾ ਵਾਸਤਵ ਨਾਮ ਕੀ ਹੈ।**

**ਪਵਿੱਤਰ ਬਾਈਬਲ (ਉਤਪੱਤੀ ਗ੍ਰੰਥ ਸਫਾ ਨੰ: 2 ਤੇ, ਅਧਿਆਇ: 1:20-2:5 'ਤੇ)**

ਛੇਵਾਂ ਦਿਨ:- ਪ੍ਰਾਣੀ ਅਤੇ ਮਨੁੱਖ : ਹੋਰ ਪ੍ਰਾਣੀਆਂ ਦੀ ਰਚਨਾ ਕਰਕੇ 26. ਫਿਰ ਪ੍ਰਮੇਸ਼ਵਰ ਨੇ ਕਿਹਾ, ਅਸੀਂ ਮਨੁੱਖਾਂ ਨੂੰ ਆਪਣੇ ਸਵਰੂਪ ਅਨੁਸਾਰ ਆਪਣੀ ਸਮਾਨਤਾ ਵਿੱਚ ਬਣਾਈਏ, ਜੋ ਸਰਵ ਪ੍ਰਾਣੀਆਂ ਤੇ ਕਾਬੂ ਰੱਖੇਗਾ। 27. ਤਦ ਪ੍ਰਮੇਸ਼ਵਰ ਨੇ ਮਨੁੱਖ ਨੂੰ ਆਪਣੇ ਸਵਰੂਪ ਦੇ ਅਨੁਸਾਰ ਉਤਪੰਨ ਕੀਤਾ, ਆਪਣੇ ਹੀ ਸਵਰੂਪ ਅਨੁਸਾਰ ਪ੍ਰਮੇਸ਼ਵਰ ਨੇ ਉਸ ਨੂੰ ਉਤਪੰਨ ਕੀਤਾ, ਨਰ ਅਤੇ ਨਾਰੀ ਕਰਕੇ ਮਨੁੱਖਾਂ ਦੀ ਸ਼੍ਰਿਸ਼ਟੀ ਕੀਤੀ।

29. ਪ੍ਰਭੂ ਨੇ ਮਨੁੱਖਾਂ ਦੇ ਖਾਣ ਲਈ ਜਿੰਨੇ ਬੀਜ਼ ਵਾਲੇ ਛੋਟੇ ਪੌਦੇ ਤੇ ਜਿੰਨੇ ਦਰੱਖਤਾਂ ਵਿੱਚ ਬੀਜ਼ ਵਾਲੇ ਫ਼ਲ ਹੁੰਦੇ ਹਨ ਉਹ ਭੋਜਨ ਲਈ ਪ੍ਰਦਾਨ ਕੀਤੇ (ਮਾਸ ਖਾਣਾ ਨਹੀਂ ਕਿਹਾ)

ਸੱਤਵਾਂ ਦਿਨ:- ਵਿਸ਼ਰਾਮ ਦਾ ਦਿਨ : ਪ੍ਰਮੇਸ਼ਵਰ ਨੇ ਛੇ ਦਿਨ ਵਿੱਚ ਸਭ ਸ਼੍ਰਿਸ਼ਟੀ ਦੀ ਉਤਪੱਤੀ ਕੀਤੀ ਅਤੇ ਸੱਤਵੇਂ ਦਿਨ ਆਰਾਮ ਕੀਤਾ।

**ਪਵਿੱਤਰ ਬਾਈਬਲ ਨੇ ਸਿੱਧ ਕਰ ਦਿੱਤਾ ਕਿ ਪ੍ਰਮਾਤਮਾ ਮਾਨਵ ਸਦ੍ਰਿਸ਼ ਸਰੀਰ ਵਿੱਚ ਹੈ, ਜਿਸ ਨੇ ਛੇ ਦਿਨ ਵਿੱਚ ਸਰਵ ਸ਼੍ਰਿਸ਼ਟੀ ਦੀ ਰਚਨਾ ਕੀਤੀ ਅਤੇ ਵਿਸ਼ਰਾਮ ਕੀਤਾ।**

**ਪਵਿੱਤਰ ਕੁਰਾਨ ਸ਼ਰੀਫ (ਸੁਰਤ ਫੁਰਕਾਨੀ 25, ਆਇਤ ਨੰਬਰ 52, 58, 59)**

ਆਇਤ 52:- ਫ਼ਲਾ ਤੁਤਿਅਲ - ਕਾਫਿਰਨ ਵ ਜਹਿਦਹੁਮ ਬਿਹੀ ਜਿਹਾਦਨ ਕਬੀਰਾ (ਕਬੀਰਨ) ॥52॥

ਇਸਦਾ ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਜੀ ਦਾ ਖ਼ੁਦਾ (ਪ੍ਰਭੂ) ਕਹਿ ਰਿਹਾ ਹੈ ਕਿ ਹੇ ਪੈਗੰਬਰ! ਤੁਸੀਂ ਕਾਫਿਰਾਂ (ਜੋ ਇੱਕ ਪ੍ਰਭੂ ਦੀ ਭਗਤੀ ਤਿਆਗ ਕੇ ਹੋਰ ਦੇਵੀ ਦੇਵਤਿਆਂ ਅਤੇ ਮੂਰਤੀ ਆਦਿ ਦੀ ਪੂਜਾ ਕਰਦੇ ਹਨ) ਦਾ ਕਹਿਣਾ ਨਾ ਮੰਨਣਾ, ਕਿਉਂਕਿ ਉਹ ਲੋਕ ਕਬੀਰ ਨੂੰ ਪੂਰਣ ਪ੍ਰਮਾਤਮਾ ਨਹੀਂ ਮੰਨਦੇ। ਤੁਸੀਂ ਮੇਰੇ ਦੁਆਰਾ ਦਿੱਤੇ ਇਸ ਕੁਰਾਨ ਦੇ ਗਿਆਨ ਦੇ ਆਧਾਰ ਉੱਤੇ ਅਟੱਲ ਰਹਿਣਾ ਕਿ ਕਬੀਰ ਹੀ ਪੂਰਣ ਪ੍ਰਭੂ ਹੈ ਅਤੇ ਕਬੀਰ ਅੱਲਾਹ ਦੇ ਲਈ ਸੰਘਰਸ਼ ਕਰਨਾ (ਲੜਨਾ ਨਹੀਂ) ਅਰਥਾਤ ਅਡਿੱਗ ਰਹਿਣਾ।

ਆਇਤ:- 58 :- ਵ - ਤਵਕਕਲ ਅਲਲ - ਹਰਿਉੱਲਜੀ ਲਾ ਯਮੂਤੁ ਵ ਸਬ੍ਬਿਹ ਬਹਿਮ੍ਦਹੀ ਤੇ ਕਫਾ ਬਿਹੀ ਬਜ਼ਿਨੂਬੀ ਇਬਾਦਿਹੀ ਖਬੀਰਾ (ਕਬੀਰਾ) ॥58॥

**ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਜੀ ਜਿਸ ਨੂੰ ਆਪਣਾ ਪ੍ਰਭੂ ਮੰਨਦੇ ਹਨ ਉਹ ਅੱਲਾਹ (ਪ੍ਰਭੂ) ਕਿਸੇ ਹੋਰ ਪੂਰਣ ਪ੍ਰਭੂ ਦੇ ਬਾਰੇ ਸੰਕੇਤ ਕਰ ਰਿਹਾ ਹੈ ਕਿ ਹੇ ਪੈਗੰਬਰ ਉਸ ਕਬੀਰ ਪ੍ਰਮਾਤਮਾ ਉੱਤੇ ਵਿਸ਼ਵਾਸ਼ ਰੱਖ ਜੋ ਤੈਨੂੰ ਜ਼ਿੰਦਾ ਮਹਾਤਮਾ ਦੇ ਰੂਪ ਵਿੱਚ ਆ ਕੇ ਮਿਲਿਆ ਸੀ। ਉਹ ਕਦੇ ਮਰਨ ਵਾਲਾ ਨਹੀਂ ਹੈ ਅਰਥਾਤ ਵਾਸਤਵ ਵਿੱਚ ਅਵਿਨਾਸ਼ੀ ਹੈ। ਤਾਰੀਫ ਨਾਲ ਉਸਦੀ ਪਾਕੀ (ਪਵਿੱਤਰ ਮਹਿਮਾ) ਦਾ ਗੁਣਗਾਣ ਕਰਦਾ ਜਾ, ਉਹ ਕਬੀਰ ਅੱਲਾਹ (ਕਵਿਰਦੇਵ) ਪੂਜਾ ਦੇ ਯੋਗ ਹੈ ਅਤੇ ਆਪਣੇ ਉਪਾਸਕਾਂ ਦੇ ਸਰਵ ਪਾਪਾਂ ਦਾ ਵਿਨਾਸ਼ ਕਰਨ ਵਾਲਾ ਹੈ।**

ਆਇਤ 59:- ਅਲਲਜੀ ਖਲਕਸ੍ਸਮਾਵਾਤਿ ਵਲਅਰਜ ਵ ਮਾ ਬੈਨਹੁਮਾ ਫੀ ਸਤਿਤਤਿ ਅਯਯਾਮਿਨ ਸੁਮਮਸਤਵਾ ਅਲਲਅਰਿਸ਼ ਅਰਰਹਮਾਨੁ ਫਸਅਲ ਬਿਹੀ ਖਬੀਰਨ (ਕਬੀਰ)॥59॥

**ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਨੂੰ ਕੁਰਾਨ ਸ਼ਰੀਫ ਬੋਲਣ ਵਾਲਾ ਪ੍ਰਭੂ (ਅੱਲਾਹ) ਕਹਿ ਰਿਹਾ ਹੈ ਕਿ ਉਹ ਕਬੀਰ ਪ੍ਰਭੂ ਉਹੀ ਹੈ ਜਿਸਨੇ ਜਮੀਨ ਅਤੇ ਆਸਮਾਨ ਦੇ ਵਿੱਚ ਜੋ ਵੀ ਮੌਜੂਦ ਹੈ ਸਰਵ ਸ਼੍ਰਿਸ਼ਟੀ ਦੀ ਰਚਨਾ ਛੇ ਦਿਨ ਵਿੱਚ ਕੀਤੀ ਅਤੇ ਸੱਤਵੇਂ ਦਿਨ ਉੱਪਰ ਆਪਣੇ ਸਤਲੋਕ ਵਿੱਚ ਸਿੰਘਾਸਣ ਉੱਤੇ ਵਿਰਾਜਮਾਨ ਹੋ (ਬੈਠ) ਗਿਆ। ਉਸਦੇ ਵਿਸ਼ੇ ਵਿੱਚ ਜਾਣਕਾਰੀ ਕਿਸੇ (ਬਾਖ਼ਬਰ) ਤੱਤਵਦਰਸ਼ੀ ਸੰਤ ਤੋਂ ਪੁੱਛੋ।**

**ਉਸ ਪੂਰਣ ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਵੇਗੀ ਅਤੇ ਵਾਸਤਵਿਕ ਗਿਆਨ ਤਾਂ ਕਿਸੇ ਤੱਤਵਦਰਸ਼ੀ ਸੰਤ (ਬਾਖਬਰ) ਤੋਂ ਪੁੱਛੋ, ਮੈਂ ਨਹੀਂ ਜਾਣਦਾ।**

**ਉਪਰੋਕਤ ਦੋਵੇਂ ਪਵਿੱਤਰ ਧਰਮਾਂ (ਇਸਾਈ ਅਤੇ ਮੁਸਲਮਾਨ) ਦੇ ਪਵਿੱਤਰ ਸ਼ਾਸ਼ਤਰਾਂ ਨੇ ਵੀ ਮਿਲ-ਜੁਲ ਕੇ ਪ੍ਰਮਾਣਿਤ ਕਰ ਦਿੱਤਾ ਹੈ ਕਿ ਸਰਵ ਸ਼੍ਰਿਸ਼ਟੀਰਚਨਹਾਰ, ਸਰਵ ਪਾਪ ਵਿਨਾਸ਼ਕ, ਸਰਵ ਸ਼ਕਤੀਮਾਨ, ਅਵਿਨਾਸ਼ੀ ਪ੍ਰਮਾਤਮਾ ਮਾਨਵ ਦ੍ਰਿਸ਼ ਸਰੀਰ ਵਿੱਚ ਆਪਣੇ ਸਤਲੋਕ ਵਿੱਚ ਰਹਿੰਦਾ ਹੈ। ਉਸਦਾ ਨਾਮ ਕਬੀਰ ਹੈ, ਉਸੀ ਨੂੰ ਅੱਲਾਹੂ ਅਕਬਿਰੂ ਵੀ ਕਹਿੰਦੇ ਹਨ।**

**ਸਤਿਕਾਰਯੋਗ ਧਰਮਦਾਸ ਜੀ ਨੇ ਪੂਜਯ ਕਬੀਰ ਪ੍ਰਭੂ ਤੋਂ ਪੁੱਛਿਆ ਕਿ ਹੇ ਸਰਵ ਸ਼ਕਤੀਮਾਨ! ਅੱਜ ਤੱਕ ਇਹ ਤੱਤਵਗਿਆਨ ਕਿਸੇ ਨੇ ਨਹੀਂ ਦੱਸਿਆ, ਵੇਦਾਂ ਦੇ ਮਾਹਰ ਗਿਆਨੀਆਂ ਨੇ ਵੀ ਨਹੀਂ ਦੱਸਿਆ। ਇਸ ਤੋਂ ਸਿੱਧ ਹੈ ਕਿ ਚਾਰੇ ਪਵਿੱਤਰ ਵੇਦਾਂ ਅਤੇ ਚਾਰੇ ਪਵਿੱਤਰ ਕਤੇਬ (ਕੁਰਾਨ ਸ਼ਰੀਫ ਆਦਿ) ਝੂਠੇ ਹਨ।**

**ਪੂਰਣ ਪ੍ਰਮਾਤਮਾ ਨੇ ਕਿਹਾ ਕਿ:**

ਕਬੀਰ, ਵੇਦ ਕਤੇਬ ਝੂਠੇ ਨਹੀਂ ਭਾਈ, ਝੂਠੇ ਹੈ ਜੋ ਸਮਝੇ ਨਾਹੀਂ।

**ਭਾਵਅਰਥ ਹੈ ਕਿ ਚਾਰੇ ਪਵਿੱਤਰ ਵੇਦ (ਰਿਗਵੇਦ -ਅਥਰਵਵੇਦ- ਯਜੁਰ-ਵੇਦ-ਸਾਮਵੇਦ) ਤੇ ਪਵਿੱਤਰ ਚਾਰੇ ਕਤੇਬ (ਕੁਰਾਨ ਸ਼ਰੀਫ-ਜਬੂਰ- ਤੌਰਾਤ - ਇੰਜਿ-ਜਲ) ਗਲਤ ਨਹੀਂ ਹਨ। ਪ੍ਰੰਤੂ ਜੋ ਇਸਨੂੰ ਸਮਝ ਨਹੀਂ ਪਾਏ ਉਹ ਨਾਦਾਨ ਹਨ।**

## "ਪੂਜਯ ਕਬੀਰ ਪ੍ਰਮੇਸ਼ਵਰ (ਕਵਿਰਦੇਵ) ਜੀ ਦੀ ਅੰਮ੍ਰਿਤਬਾਣੀ ਵਿੱਚ ਸ਼੍ਰਿਸ਼ਟੀ ਰਚਨਾ"

**ਵਿਸ਼ੇਸ਼:- ਹੇਠ ਲਿਖੀ ਅੰਮ੍ਰਿਤਬਾਣੀ ਸੰਨ 1403 ਤੋਂ (ਜਦ ਪੂਜਯ ਕਵਿਰ ਦੇਵ (ਕਬੀਰ ਪ੍ਰਮੇਸ਼ਵਰ) ਲੀਲਾਮਈ ਸਰੀਰ ਵਿੱਚ ਪੰਜ ਸਾਲਾਂ ਦੇ ਹੋਏ) ਸੰਨ 1518 (ਜਦ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਮਗਹਰ ਸਥਾਨ ਤੇ ਸਹਿ ਸਰੀਰ ਸਤਲੋਕ ਗਏ) ਦੇ ਵਿੱਚ ਲਗਭਗ 600 ਸਾਲ ਪਹਿਲਾਂ ਪਰਮ ਪੂਜਯ ਕਬੀਰ ਪ੍ਰਮੇਸ਼ਵਰ ( ਕਵਿਰ ਦੇਵ) ਜੀ ਦੁਆਰਾ ਆਪਣੇ ਨਿੱਜੀ ਸੇਵਕ (ਦਾਸ ਭਗਤ) ਸਤਿਕਾਰਯੋਗ ਧਰਮਦਾਸ ਸਾਹਿਬ ਜੀ ਨੂੰ ਸੁਣਾਈ ਸੀ ਅਤੇ ਧਨੀ ਧਰਮਦਾਸ ਸਾਹਿਬ ਜੀ ਨੇ ਲਿੱਪੀਬੱਧ ਕੀਤੀ ਸੀ। ਪ੍ਰੰਤੂ ਉਸ ਸਮੇਂ ਦੇ ਪਵਿੱਤਰ ਹਿੰਦੂਆਂ ਅਤੇ ਪਵਿੱਤਰ ਮੁਸਲਮਾਨਾਂ ਦੇ ਨਾਦਾਨ ਗੁਰੂਆਂ (ਨੀਮ-ਹਕੀਮਾਂ) ਨੇ ਕਿਹਾ ਕਿ ਇਹ ਧਾਣਕ (ਜੁਲਾਹਾ) ਕਬੀਰ ਝੂਠਾ ਹੈ। ਕਿਸੇ ਵੀ ਸਦਗ੍ਰੰਥ ਵਿੱਚ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਦੇ ਮਾਤਾ-ਪਿਤਾ ਦਾ ਨਾਮ ਨਹੀਂ ਹੈ। ਇਹ ਤਿੰਨੇ ਪ੍ਰਭੂ ਅਵਿਨਾਸ਼ੀ ਹਨ ਇਹਨਾਂ ਦਾ ਜਨਮ ਮੌਤ ਨਹੀਂ ਹੁੰਦੀ। ਨਾ ਹੀ ਪਵਿੱਤਰ ਵੇਦਾਂ ਤੇ ਪਵਿੱਤਰ ਕੁਰਾਨ ਸ਼ਰੀਫ ਆਦਿ ਵਿੱਚ ਕਬੀਰ ਪ੍ਰਮੇਸ਼ਵਰ ਦਾ ਪ੍ਰਮਾਣ ਹੈ ਅਤੇ ਪ੍ਰਮਾਤਮਾ ਨੂੰ ਨਿਰਾਕਾਰ ਲਿਖਿਆ ਹੈ। ਅਸੀਂ ਰੋਜ਼ਾਨਾ ਪੜ੍ਹਦੇ ਹਾਂ। ਭੋਲੀ ਆਤਮਾਵਾਂ ਨੇ ਉਨ੍ਹਾਂ ਵਿਚਕਸ਼ਣਾਂ (ਚਤੁਰ ਗੁਰੂਆਂ) ਉੱਤੇ ਵਿਸ਼ਵਾਸ਼ ਕਰ ਲਿਆ ਸੱਚਮੁੱਚ ਇਹ ਕਬੀਰ ਧਾਣਕ ਤਾਂ ਅਨਪੜ੍ਹ ਹੈ ਅਤੇ ਗੁਰੂ ਜੀ ਪੜ੍ਹੇ -ਲਿੱਖੇ ਹਨ, ਸੱਚ ਕਹਿ ਰਹੇ ਹੋਣਗੇ। ਅੱਜ ਉਹੀ ਸੱਚਾਈ ਪ੍ਰਕਾਸ਼ ਵਿੱਚ ਆ ਰਹੀ ਹੈ ਅਤੇ ਆਪਣੇ ਸਰਵ ਪਵਿੱਤਰ ਧਰਮਾਂ ਦੇ ਪਵਿੱਤਰ ਸਦਗ੍ਰੰਥ ਗਵਾਹ ਹਨ। ਇਸਤੋਂ ਸਿੱਧ ਹੈ ਕਿ ਪੂਰਣ ਪ੍ਰਮੇਸ਼ਵਰ, ਸਰਵ ਸ਼੍ਰਿਸ਼ਟੀ ਰਚਨਹਾਰ, ਕੁੱਲ ਕਰਤਾਰ ਅਤੇ ਸਰਵੱਗ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੀ ਹੈ ਜੋ ਕਾਸ਼ੀ (ਬਨਾਰਸ) ਵਿੱਚ ਕਮਲ ਦੇ ਫੁੱਲ ਉੱਤੇ ਪ੍ਰਗਟ ਹੋਏ ਅਤੇ 120 ਸਾਲ ਤੱਕ ਵਾਸਤਵਿਕ ਤੇਜੋਮਈ ਸਰੀਰ ਦੇ ਉੱਪਰ ਮਾਨਵ ਸੁਦ੍ਰਿਸ਼ ਸਰੀਰ ਹਲਕੇ ਤੇਜ ਦਾ ਬਣਾਕੇ ਰਹੇ ਅਤੇ ਆਪਣੇ ਦੁਆਰਾ ਰਚੀ ਸ਼੍ਰਿਸ਼ਟੀ ਦਾ ਠੀਕ-ਠਾਕ (ਵਾਸਤਿਵਕ ਤੱਤਵ) ਗਿਆਨ ਦੇ ਕੇ ਸਹਿਸਰੀਰ ਸਤਲੋਕ ਚਲੇ ਗਏ। ਕਿਰਪਾ ਕਰਕੇ ਪ੍ਰੇਮੀ ਪਾਠਕ ਪੜ੍ਹੋ ਨਿਮਨ ਅੰਮ੍ਰਿਤਬਾਣੀ ਪ੍ਰਮੇਸ਼ਵਰ ਕਬੀਰ ਸਾਹਿਬ ਜੀ ਦੁਆਰਾ ਉਚਾਰਿਤ:**

ਧਰਮਦਾਸ ਯਹ ਜਗ ਬੋਰਾਨਾ। ਕੋਇ ਨਾ ਜਾਨੇ ਪੇ ਪਦ ਨਿਰਵਾਨਾ॥1॥
ਯਹਿ ਕਾਰਨ ਮੈਂ ਕਥਾ ਪਸਾਰਾ। ਜਗ ਸੇ ਕਹਿਯੋ ਰਾਮ ਨਿਆਰਾ॥
ਯਹੀ ਗਿਆਨ ਜਗ ਜੀਵ ਸੁਨਾਓ। ਸਭ ਜੀਵੋਂ ਕਾ ਭਰਮ ਨਸ਼ਾਓ॥
ਅਬ ਮੈਂ ਤੁਮਸੇ ਕਹੋਂ ਚਿਤਾਈ। ਤ੍ਰਿਦੇਵਨ ਕੀ ਉੱਤਪਤੀ ਭਾਈ ॥

ਕੁਛ ਸੰਖੇਪ ਕਹੂੰ ਗੁਹਰਾਈ। ਸਬ ਸੰਸ਼ਯ ਤੁਮਹਰੇ ਮਿਟ ਜਾਈ॥
ਭਰਮ ਗਏ ਜਗ ਵੇਦ ਪੁਰਾਨਾ। ਆਦਿ ਰਾਮ ਕਾ ਭੇਦ ਨਾ ਜਾਨਾ॥
ਰਾਮ ਰਾਮ ਸਬ ਜਗਤ ਬਖਾਨੇ। ਆਦਿ ਰਾਮ ਕੋਈ ਬਿਰਲਾ ਜਾਨੇ॥
ਗਿਆਨੀ ਸੁਨੇ ਸੋ ਹਿਰਦੇ ਲਗਾਈ। ਮੂਰਖ ਸੁਨੇ ਸੋ ਗਮ੍ਯ ਨਾ ਪਾਈ॥
ਮਾਂ ਅਸ਼ਟੰਗੀ ਪਿਤਾ ਨਿਰੰਜਨ। ਵੇ ਜਮ ਦਾਰੁਣ ਵੰਸ਼ਨ ਅੰਜਨ॥
ਪਹਿਲੇ ਕੀਨਹ ਨਿਰੰਜਨ ਰਾਈ। ਪੀਛੇ ਸੇ ਮਾਯਾ ਉਪਜਾਈ॥
ਮਾਯਾ ਰੂਪ ਦੇਖ ਅਤਿ ਸ਼ੋਭਾ। ਦੇਵ ਨਿਰੰਜਨ ਤਨ ਮਨ ਲੋਭਾ॥
ਕਾਮਦੇਵ ਧਰਮਰਾਯ ਸੱਤਾਯੇ। ਦੇਵੀ ਕੋ ਤੁਰਤਹੀ ਧਰ ਖਾਯੇ॥
ਪੇਟ ਸੇ ਦੇਵੀ ਕਰੀ ਪੁਕਾਰਾ। ਹੇ ਸਾਹਿਬ ਮੇਰਾ ਕਰੋ ਉਬਾਰਾ॥
ਟੇਰ ਸੁਨੀ ਤਬ ਹਮ ਤਹਾਂ ਆਯੇ। ਅਸ਼ਟੰਗੀ ਕੋ ਬੰਧ ਛੁੜਾਯੇ॥
ਸਤਲੋਕ ਮੇ ਕੀਨ੍ਹਾਂ ਦੁਰਾਚਾਰੀ, ਕਾਲ ਨਿਰੰਜਨ ਦਿਨ੍ਹਾਂ ਨਿਕਾਰਿ॥
ਮਾਯਾ ਸਮੇਤ ਦੀਯਾ ਭਗਾਈ, ਸੋਲ੍ਹ ਸ਼ੰਖ ਕੋਸ ਦੂਰੀ ਪਰ ਆਈ॥
ਅਸ਼ਟੰਗੀ ਔਰ ਕਾਲ ਅਬ ਦੋਈ, ਮੰਦ ਕਰਮ ਸੇ ਗਏ ਬਿਗੋਈ॥
ਧਰਮਰਾਯ ਕੋ ਹਿਕਮਤ ਕੀਨ੍ਹਾਂ। ਨਖ਼ ਰੇਖਾ ਸੇ ਭਗ ਕਰ ਲੀਨ੍ਹਾਂ॥
ਧਰਮਰਾਯ ਕੀਨਹਾ ਭੋਗ ਵਿਲਾਸਾ। ਮਾਯਾ ਕੋ ਰਹੀ ਤਬ ਆਸਾ॥
ਤੀਨ ਪੁੱਤਰ ਅਸ਼ਟੰਗੀ ਜਾਯੇ। ਬ੍ਰਹਮਾ ਵਿਸ਼ਨੂੰ ਸ਼ਿਵ ਨਾਮ ਧਰਾਯੇ॥
ਤੀਨ ਦੇਵ ਵਿਸਤਾਰ ਚਲਾਯੇ। ਇਨਮੇ ਯਹ ਜਗ ਧੋਖਾ ਖਾਯੇ॥
ਪੁਰਸ਼ ਗਮ੍ਯ ਕੈਸੇ ਕੋ ਪਾਵੈ। ਕਾਲ ਨਿਰੰਜਨ ਜਗ ਭਰਮਾਵੈ॥
ਤੀਨ ਲੋਕ ਆਪਨੇ ਸੁਤ ਦੀਨ੍ਹਾਂ। ਸੁੰਨ ਨਿਰੰਜਨ ਬਾਸਾ ਲੀਨ੍ਹਾ॥
ਅਲਖ ਨਿਰੰਜਨ ਸੁੰਨ ਠਿਕਾਨਾ। ਬ੍ਰਹਮਾ ਵਿਸ਼ਨੂੰ ਸ਼ਿਵ ਭੇਦ ਨਾ ਜਾਨਾ॥
ਤੀਨ ਦੇਵ ਸੋ ਉਨਕੋ ਧਾਂਵੇ। ਨਿਰੰਜਨ ਕਾ ਵੇ ਪਾਰ ਨਾ ਪਾਵੇ॥
ਅਲਖ਼ ਨਿਰੰਜਨ ਬੜਾ ਬਟਪਾਰਾ। ਤੀਨ ਲੋਕ ਜਿਵ ਕੀਨਹ ਅਹਾਰਾ॥
ਬ੍ਰਹਮਾ ਵਿਸ਼ਨੂੰ ਸ਼ਿਵ ਨਹੀਂ ਬਚਾਯੇ। ਸਕਲ ਖਾਯ ਪੁੰਨ ਧੂਰ ਉੜਾਯੇ॥
ਤਿਨਕੇ ਸੁਤ ਹੈਂ ਤੀਨੋਂ ਦੇਵਾ। ਆਂਧਰ ਜੀਵ ਕਰਤ ਹੈ ਸੇਵਾ॥
ਅਕਾਲ ਪੁਰਸ਼ ਕਾਹੂ ਨਹਿੰ ਚੀਨ੍ਹਾਂ। ਕਾਲ ਪਾਯ ਸਬਹੀ ਗਹ ਲੀਨ੍ਹਾਂ॥
ਬ੍ਰਹਮ ਕਾਲ ਸਕਲ ਜਗ ਜਾਨੇ। ਆਦਿ ਬ੍ਰਹਮ ਕੋ ਨਾ ਪਹਿਚਾਨੇ॥
ਤੀਨੋਂ ਦੇਵਾ ਔਰ ਔਤਾਰਾ। ਤਾ ਕੋ ਭਜੇ ਸਕਲ ਸੰਸਾਰਾ॥
ਤੀਨੋਂ ਗੁਣਕਾ ਯਹ ਵਿਸਤਾਰਾ। ਧਰਮਦਾਸ ਮੈਂ ਕਹੋ ਪੁਕਾਰਾ॥
ਗੁਣ ਤੀਨੋਂ ਕੀ ਭਕਤਿ ਮੇਂ, ਭੂਲ ਪਰੋ ਸੰਸਾਰ॥
ਕਹੈ ਕਬੀਰ ਨਿਜ ਨਾਮ ਬਿਨ, ਕੈਸੇ ਉਤਰੈਂ ਪਾਰ॥

**ਉਪਰੋਕਤ ਅੰਮ੍ਰਿਤ ਬਾਣੀ ਵਿੱਚ ਪ੍ਰਮੇਸ਼ਵਰ ਕਬੀਰ ਸਾਹਿਬ ਜੀ ਆਪਣੇ ਨਿੱਜੀ ਸੇਵਕ ਸ਼੍ਰੀ ਧਰਮਦਾਸ ਸਾਹਿਬ ਜੀ ਨੂੰ ਕਹਿ ਰਹੇ ਹਨ ਕਿ ਧਰਮਦਾਸ ਇਹ ਸਾਰਾ ਸੰਸਾਰ ਤੱਤਵਗਿਆਨ ਦੀ ਘਾਟ ਨਾਲ ਵਿਚਲਿਤ ਹੈ। ਕਿਸੇ ਨੂੰ ਪੂਰਣ ਮੋਕਸ਼ ਮਾਰਗ ਅਤੇ ਪੂਰਣ ਸ਼੍ਰਿਸ਼ਟੀ ਰਚਨਾ ਦਾ ਗਿਆਨ ਨਹੀਂ ਹੈ। ਇਸ ਲਈ ਮੈਂ ਤੁਹਾਨੂੰ ਮੇਰੇ**

ਦੁਆਰਾ ਰਚੀ ਸ਼੍ਰਿਸ਼ਟੀ ਦੀ ਕਥਾ ਸੁਣਾਉਂਦਾ ਹਾਂ। ਬੁੱਧੀਮਾਨ ਵਿਅਕਤੀ ਤਾਂ ਤੁਰੰਤ ਹੀ ਸਮਝ ਜਾਣਗੇ। ਪ੍ਰੰਤੂ ਜੋ ਸਾਰੇ ਪ੍ਰਮਾਣਾਂ ਨੂੰ ਦੇਖ ਕੇ ਵੀ ਨਹੀਂ ਮੰਨਣਗੇ ਤਾਂ ਉਹ ਨਾਦਾਨ ਪ੍ਰਾਣੀ ਕਾਲ ਦੇ ਪ੍ਰਭਾਵ ਤੋਂ ਪ੍ਰਭਾਵਿਤ ਹਨ, ਉਹ ਭਗਤੀ ਯੋਗ ਨਹੀਂ। ਹੁਣ ਮੈਂ ਦੱਸਦਾ ਹਾਂ ਤਿੰਨੋਂ ਭਗਵਾਨਾਂ (ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵਜੀ) ਦੀ ਉਤਪੱਤੀ ਕਿਵੇਂ ਹੋਈ? ਇਹਨਾਂ ਦੀ ਮਾਤਾ ਜੀ ਤਾਂ ਅਸ਼ਟੰਗੀ (ਦੁਰਗਾ) ਹੈ ਅਤੇ ਪਿਤਾ ਜੋਤੀ ਨਿਰੰਜਨ (ਬ੍ਰਹਮ, ਕਾਲ) ਹੈ। ਪਹਿਲੇ ਬ੍ਰਹਮ ਦੀ ਉਤਪਤੀ ਆਂਡੇ ਤੋਂ ਹੋਈ। ਫਿਰ ਦੁਰਗਾ ਦੀ ਉਤਪਤੀ ਹੋਈ। ਦੁਰਗਾ ਦੇ ਰੂਪ ਤੇ ਆਸਕਤ ਹੋ ਕੇ ਕਾਲ (ਬ੍ਰਹਮ) ਨੇ ਗਲਤੀ (ਛੇੜ-ਛਾੜ) ਕੀਤੀ, ਤਦ ਦੁਰਗਾ (ਪ੍ਰਕ੍ਰਿਤੀ) ਨੇ ਇਸਦੇ ਪੇਟ ਵਿੱਚ ਸ਼ਰਣ ਲਈ। ਮੈਂ ਉੱਥੇ ਗਿਆ ਜਿੱਥੇ ਜੋਤੀ ਨਿਰੰਜਨ ਕਾਲ ਸੀ। ਤਦ ਭਵਾਨੀ ਨੂੰ ਬ੍ਰਹਮ ਦੇ ਪੇਟ ਤੋਂ ਕੱਢ ਕੇ ਉਸਦੇ ਇੱਕੀ ਬਹਮਿੰਡ ਸਮੇਤ 16 ਸੰਖ ਕੋਸ ਦੀ ਦੂਰੀ ਤੇ ਭੇਜ ਦਿੱਤਾ। ਜੋਤੀ ਨਿਰੰਜਨ (ਧਰਮਰਾਏ) ਨੇ ਪ੍ਰਕ੍ਰਿਤੀ ਦੇਵੀ (ਦੁਰਗਾ) ਦੇ ਨਾਲ ਭੋਗ-ਵਿਲਾਸ ਕੀਤਾ। ਇਨ੍ਹਾਂ ਦੋਵਾਂ ਦੇ ਸੰਯੋਗ ਨਾਲ ਤਿੰਨੋਂ ਗੁਣਾਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵਜੀ) ਦੀ ਉੱਤਪਤੀ ਹੋਈ। ਇਨ੍ਹਾਂ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂੰ ਜੀ, ਤਮਗੁਣ ਸ਼ਿਵਜੀ) ਦੀ ਹੀ ਸਾਧਨਾ ਕਰਕੇ ਸਰਵ ਪ੍ਰਾਣੀ ਕਾਲ ਜਾਲ ਵਿੱਚ ਫ਼ਸੇ ਹਨ। ਜਦ ਤੱਕ ਵਾਸਤਵਿਕ ਮੰਤਰ ਨਹੀਂ ਮਿਲੇਗਾ, ਪੂਰਣ ਮੋਕਸ਼ ਕਿਵੇਂ ਹੋਵੇਗਾ?

ਵਿਸ਼ੇਸ਼:- ਪਿਆਰੇ ਪਾਠਕੋ ਵਿਚਾਰ ਕਰੋ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵਜੀ ਦੀ ਸਥਿਤੀ ਅਵਿਨਾਸ਼ੀ ਦੱਸੀ ਗਈ ਸੀ। ਸਰਵ ਹਿੰਦੂ ਸਮਾਜ ਹੁਣ ਤੱਕ ਤਿੰਨੋਂ ਪ੍ਰਮਾਤਮਾ ਨੂੰ ਅਜਰ, ਅਮਰ ਤੇ ਜਨਮ-ਮੌਤ ਰਹਿਤ ਮੰਨਦੇ ਰਹੇ ਜਦਕਿ ਇਹ ਤਿੰਨੋਂ ਨਾਸ਼ਵਾਨ ਹਨ। ਇਨ੍ਹਾਂ ਦੇ ਪਿਤਾ ਕਾਲ ਰੂਪੀ ਬ੍ਰਹਮ ਅਤੇ ਮਾਤਾ ਦੁਰਗਾ (ਪ੍ਰਕ੍ਰਿਤੀ/ਅਸ਼ਟੰਗੀ) ਹੈ ਜਿਵੇਂ ਤੁਸੀਂ ਪਹਿਲਾਂ ਦੇ ਪ੍ਰਮਾਣਾਂ ਵਿੱਚ ਪੜ੍ਹਿਆ ਇਹ ਗਿਆਨ ਆਪਣੇ ਸ਼ਾਸ਼ਤਰਾਂ ਵਿੱਚ ਵੀ ਮੌਜੂਦ ਹੈ ਪ੍ਰੰਤੂ ਹਿੰਦੂ ਸਮਾਜ ਦੇ ਕਲਯੁੱਗੀ ਗੁਰੂਆਂ, ਰਿਸ਼ੀਆਂ, ਸੰਤਾਂ ਨੂੰ ਗਿਆਨ ਨਹੀਂ। ਜੋ ਅਧਿਆਪਕ ਪਾਠਕ੍ਰਮ (ਸਿਲੇਬਸ) ਤੋਂ ਹੀ ਅਣਜਾਣ ਹੈ ਉਹ ਅਧਿਆਪਕ ਠੀਕ ਨਹੀਂ (ਵਿ ਦਵਾਨ ਨਹੀਂ) ਹੈ, ਵਿਦਿਆਰਥੀਆਂ ਦੇ ਭਵਿੱਖ ਦਾ ਦੁਸ਼ਮਣ ਹੈ। ਇਸ ਪ੍ਰਕਾਰ ਜਿਹੜੇ ਗੁਰੂਆਂ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਨੂੰ, ਅਤੇ ਸ਼੍ਰੀ ਸ਼ਿਵਜੀ ਦੇ ਮਾਤਾ-ਪਿਤਾ ਕੌਣ ਹਨ? ਤਾਂ ਉਹ ਗੁਰੂ,ਰਿਸ਼ੀ,ਸੰਤ ਗਿਆਨਹੀਣ ਹਨ । ਜਿਸ ਕਰਕੇ ਸਾਰੇ ਭਗਤ ਸਮਾਜ ਨੂੰ ਸ਼ਾਸ਼ਤਰ ਵਿਰੁੱਧ ਗਿਆਨ (ਲੋਕ ਵੇਦ ਅਰਥਾਤ ਦੰਤ ਕਥਾ) ਸੁਣਾ ਕੇ ਅਗਿਆਨ ਨਾਲ ਭਰਪੂਰ ਕਰ ਦਿੱਤਾ। ਸ਼ਾਸਤਰਵਿਧੀ ਵਿਰੁੱਧ ਭਗਤੀ ਸਾਧਨਾ ਕਰਾ ਕੇ ਪ੍ਰਮਾਤਮਾ ਦੇ ਵਾਸਤਵਿਕ ਲਾਭ (ਪੂਰਣ ਮੋਕਸ਼) ਤੋਂ ਵੰਚਿਤ ਰੱਖਿਆ ਸਭ ਦਾ ਮਾਨਵ ਜਨਮ ਨਸ਼ਟ ਕਰਵਾ ਦਿੱਤਾ ਕਿਉਂਕਿ ਸ਼੍ਰੀ ਮਦਭਗਵਤ ਗੀਤਾ ਅਧਿਆਇ 16 ਸ਼ਲੋਕ 23-24 ਵਿੱਚ ਵੀ ਇਹੀ ਪ੍ਰਮਾਣ ਹੈ ਕਿ ਜੋ ਸ਼ਾਸ਼ਤਰ ਵਿਧੀ ਨੂੰ ਤਿਆਗ ਕੇ ਮਨਮਾਨੀ ਪੂਜਾ ਕਰਦਾ ਹੈ। ਉਸਨੂੰ ਕੋਈ ਲਾਭ ਨਹੀਂ ਹੁੰਦਾ। ਪੂਰਣ ਪ੍ਰਮਾਤਮਾ ਕਬੀਰ ਜੀ ਨੇ ਸੰਨ 1403 ਤੋਂ ਹੀ ਸਰਵ ਸ਼ਾਸ਼ਤਰਾਂ ਯੁਕਤ ਗਿਆਨ ਆਪਣੀ ਅੰਮ੍ਰਿਤਬਾਣੀ (ਕਵਿਰਬਾਣੀ) ਵਿੱਚ ਦੱਸਣਾ ਸ਼ੁਰੂ ਕੀਤਾ ਸੀ। ਪ੍ਰੰਤੂ ਉਹਨਾਂ ਅਗਿਆਨੀ ਗੁਰੂਆਂ ਨੇ ਇਹ ਗਿਆਨ ਭਗਤ ਸਮਾਜ ਤੱਕ ਜਾਣ ਨਹੀਂ ਦਿੱਤਾ। ਜੋ ਵਰਤਮਾਨ ਵਿੱਚ ਸਪੱਸ਼ਟ ਹੋ ਰਿਹਾ ਹੈ। ਇਸਤੋਂ ਸਿੱਧ ਹੈ ਕਿ ਕਵਿਰਦੇਵ (ਕਬੀਰ ਪ੍ਰਭੂ) ਤੱਤਵਦਰਸ਼ੀ ਸੰਤ ਰੂਪ ਵਿੱਚ ਆਪ ਪੂਰਣ ਪ੍ਰਮਾਤਮਾ ਹੀ ਆਏ ਸੀ।

## "ਸਤਿਕਾਰਯੋਗ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਸ਼੍ਰਿਸ਼ਟੀ ਰਚਨਾ ਦਾ ਸੰਕੇਤ"

**ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੀ ਅੰਮ੍ਰਿਤਬਾਣੀ, ਮਹਲਾ 1, ਰਾਗ ਬਿਲਾਵਲੁ ਅੰਸ਼ 1**
**(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ (ਪੰਨਾ 839)**

ਆਪੇ ਸਚੁ ਕੀਆ ਕਰ ਜੋੜਿ। ਅੰਡਜ ਫੋੜਿ ਜੋੜਿ ਵਿਛੋੜ॥
ਧਰਤੀ ਆਕਾਸ਼ ਕੀਏ ਬੈਸਣ ਕਉ ਥਾਉ। ਰਾਤਿ ਦਿਨੰਤੁ ਕੀਏ ਭਉ-ਭਾਉ॥
ਜਿਨ ਕੀਏ ਕਰਿ ਵੇਖਣਹਾਰਾ। (3)
ਤ੍ਰਿਤੀਆ ਬ੍ਰਹਮਾ-ਬਿਸਨੁ-ਮਹੇਸਾ। ਦੇਵੀ ਦੇਵ ਉਪਾਏ ਵੇਸਾ। (4)
ਪਉਣ ਪਾਣੀ ਅਗਨੀ ਬਿਸਰਾਉ॥ ਤਾਹੀ ਨਰਿੰਜਨੁ ਸਾਚੋ ਨਾਉ ॥
ਤਿਸੁ ਮਾਹਿ ਮਨੂਆ ਰਹਿਆ ਲਿਵ ਲਾਇ। ਪ੍ਰਣਵਤਿ ਨਾਨਕੁ ਕਾਲੁ ਨਾ ਖਾਇ॥ (10)

**ਉਪਰੋਕਤ ਅੰਮ੍ਰਿਤਬਾਣੀ ਦਾ ਅਰਥ ਹੈ ਕਿ ਸੱਚੇ ਪ੍ਰਮਾਤਮਾ (ਸਤਪੁਰਸ਼) ਨੇ ਆਪ ਹੀ ਆਪਣੇ ਹੱਥਾਂ ਨਾਲ ਸਭ ਸ਼੍ਰਿਸ਼ਟੀ ਦੀ ਰਚਨਾ ਕੀਤੀ ਹੈ। ਉਸੀ ਨੇ ਆਂਡਾ ਬਣਾਇਆ ਫਿਰ ਤੋੜਿਆ ਅਤੇ ਉਸ ਵਿੱਚੋਂ ਜੋਤੀ ਨਿਰੰਜਨ ਨਿਕਲਿਆ। ਉਸੇ ਪੂਰਣ ਪ੍ਰਮਾਤਮਾ ਨੇ ਸਭ ਪ੍ਰਾਣੀਆਂ ਦੇ ਰਹਿਣ ਲਈ ਧਰਤੀ, ਆਕਾਸ਼, ਪਵਨ, ਪਾਣੀ ਆਦਿ ਪੰਜ ਤੱਤਵ ਰਚੇ। ਆਪਣੇ ਦੁਆਰਾ ਰਚੀ ਸ਼੍ਰਿਸ਼ਟੀ ਦਾ ਉਹ ਆਪ ਹੀ ਸ਼ਾਕਸ਼ੀ ਹੈ। ਦੂਸਰਾ ਕੋਈ ਸਹੀ ਜਾਣਕਾਰੀ ਨਹੀਂ ਦੇ ਸਕਦਾ। ਫਿਰ ਆਂਡੇ ਦੇ ਟੁੱਟਣ ਨਾਲ ਨਿਕਲੇ ਜੋਤੀ ਨਿਰੰਜਨ ਤੋਂ ਬਾਅਦ ਤਿੰਨੋਂ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਦੀ ਉੱਤਪਤੀ ਹੋਈ ਅਤੇ ਹੋਰ ਦੇਵੀ-ਦੇਵਤਾ ਪੈਦਾ ਹੋਏ ਅਤੇ ਅਣਗਿਣਤ ਜੀਵਾਂ ਦੀ ਉੱਤਪਤੀ ਹੋਈ। ਉਸਤੋਂ ਬਾਅਦ ਹੋਰ ਦੇਵਾਂ ਦੇ ਜੀਵਨ ਚਰਿੱਤਰ ਅਤੇ ਹੋਰ ਰਿਸ਼ੀਆਂ ਦੇ ਅਨੁਭਵ ਦੇ ਛੇ ਸ਼ਾਸ਼ਤਰ ਅਤੇ ਅਠਾਰਾਂ ਪੁਰਾਣ ਬਣ ਗਏ। ਪੂਰਣ ਪ੍ਰਮਾਤਮਾ ਦੇ ਸੱਚੇ ਨਾਮ (ਸਤਿਨਾਮ) ਦੀ ਸਾਧਨਾ ਮਨ ਤੋਂ ਕਰਕੇ ਅਤੇ ਗੁਰੂ ਮਰਿਆਦਾ ਵਿੱਚ ਰਹਿਣ ਵਾਲੇ (ਪ੍ਰਣਵਤ) ਨੂੰ ਸ਼੍ਰੀ ਨਾਨਕ ਜੀ ਕਹਿ ਰਹੇ ਹਨ ਕਿ ਕਾਲ ਨਹੀਂ ਖਾਂਦਾ।**

**ਰਾਗ ਮਾਰੂ (ਅੰਸ਼) ਅੰਮ੍ਰਿਤਬਾਣੀ ਮਹੱਲਾ 1**
**(ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ਨੰ: 1037)**

ਸੁੰਨਹੁ ਬ੍ਰਹਮਾ, ਬਿਸਨੁ, ਮਹੇਸੁ ਉਪਾਏ। ਸੁੰਨੇ ਵਰਤੇ ਜੁਗ ਸਬਾਏ॥
ਇਸੁ ਪਦ ਬਿਚਾਰੇ ਸੋ ਜਨੁ ਪੂਰਾ। ਤਿਸੁ ਮਿਲੀਐ ਭਰਮ ਚੁਕਾਇਦਾ॥ (3)
ਸਾਮਵੇਦ, ਰਿਗੁ ਜੁਜਰੁ ਅਥਰਬਣੁ। ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ॥
ਤਾ ਕੀ ਕੀਮਤਿ ਕਹਿ ਨ ਸਕੈ। ਕੋ ਤਿਉ ਬੋਲੇ ਜਿਉ ਬੁਲਾਇਦਾ॥ (9)

**ਉਪਰੋਕਤ ਅੰਮ੍ਰਿਤਬਾਣੀ ਦਾ ਸਾਰੰਸ਼ ਹੈ ਕਿ ਜੋ ਸੰਤ ਪੂਰਣ ਸ਼੍ਰਿਸ਼ਟੀ ਰਚਨਾ ਸੁਣਾ ਦੇਵੇਗਾ ਅਤੇ ਦੱਸੇਗਾ ਕਿ ਆਂਡੇ ਦੇ ਭਾਗ ਹੋ ਕੇ ਕੌਣ ਨਿਕਲਿਆ, ਜਿਸਨੇ ਫਿਰ ਬ੍ਰਹਮਲੋਕ ਦੀ ਸੁੰਨ ਵਿੱਚ ਅਰਥਾਤ ਗੁਪਤ ਸਥਾਨ ਉੱਤੇ ਬ੍ਰਹਮਾ-ਵਿਸ਼ਨੂੰ- ਸ਼ਿਵ ਜੀ ਦੀ ਉਤਪਤੀ ਕੀਤੀ ਅਤੇ ਉਹ ਪ੍ਰਮਾਤਮਾ ਕੌਣ ਹੈ ਜਿਸਨੇ ਬ੍ਰਹਮ (ਕਾਲ) ਦੇ ਮੂੰਹ ਤੋਂ ਚਾਰੇ ਵੇਦ (ਪਵਿੱਤਰ ਰਿਗਵੇਦ, ਯਜੁਰਵੇਦ, ਸਾਮਵੇਦ ,ਅਥਰਵਵੇਦ) ਨੂੰ ਉਚਾਰਣ ਕਰਵਾਇਆ, ਉਹ ਪੂਰਣ ਪ੍ਰਮਾਤਮਾ ਜਿਵੇਂ ਚਾਹੇ ਉਸੇ ਤਰ੍ਹਾਂ ਹੀ ਹਰ ਪ੍ਰਾਣੀ ਨੂੰ ਬੁਲ-ਾਉਂਦਾ ਹੈ। ਇਸ ਸਾਰੇ ਗਿਆਨ ਨੂੰ ਪੂਰਣ ਦੱਸਣ ਵਾਲਾ ਸੰਤ ਮਿਲ ਜਾਵੇ ਤਾਂ ਉਸਦੇ ਕੋਲ ਜਾਉ ਅਤੇ ਜੋ ਸਭ ਸ਼ੰਕਾਂਵਾਂ ਦਾ ਪੂਰਣ ਨਿਵਾਰਣ ਕਰਦਾ ਹੈ, ਉਹੀ ਪੂਰਣ ਸੰਤ ਅਰਥਾਤ ਤੱਤਵਦਰਸ਼ੀ ਹੈ।**

## "ਸਤਯੁਗ, ਤ੍ਰੇਤਾਯੁੱਗ, ਦ੍ਵਾਪਰਯੁਗ ਵਿੱਚ ਪਰਮੇਸ਼ਵਰ ਦਾ ਆਗਮਨ"

**ਧਰਮਦਾਸ ਜੀ ਨੇ ਨਿਮਰਤਾ ਨਾਲ ਹੱਥ ਜੋੜ ਕੇ ਪ੍ਰਸ਼ਨ ਕੀਤਾ। ਹੇ ਜਿੰਦਾ ਮਹਾਤਮਾ ਜੀ! ਕੀ ਤੁਸੀਂ ਸਤਯੁਗ ਵਿੱਚ ਵੀ ਆਏ ਸੀ।**

**ਕਬੀਰ ਦੇਵ (ਕਬੀਰ ਪਰਮੇਸ਼ਵਰ) ਨੇ ਉਤਰ ਦਿੱਤਾ:-**

ਸਤਯੁਗ ਮੇਂ ਸਤਸੁਕਰਤ ਅਵਤਾਰਾ, ਤ੍ਰੇਤਾ ਨਾਮ ਮੁਨਿੰਦਰ ਮੇਰਾ।
ਦੁਆਪਰ ਮੇਂ ਕਰੁਣਾਮਯ ਕਹਾਯਾ, ਕਲਯੁਗ ਮੇਂ ਕਬੀਰ ਕਹ ਟੇਰਾ॥
ਚਾਰੋਂ ਯੁਗ ਮੇਂ ਹਮ ਪੁਕਾਰੇ, ਕੂਕ ਕਹਾ ਹਮ ਹੇਲ ਰੇ।
ਹੀਰੇ ਮਾਣਿਕ ਮੋਤੀ ਬਰਸ਼ੇ,ਯਹ ਜਗ ਚੁਗਤਾ ਢੇਲ ਰੇ ॥
ਸਤਯੁਗ ਮੇਂ ਮਨੂ ਸਮਝਾਯਾ, ਕਾਲ ਵਸ਼ ਰਹਾ ਮਾਰਗ ਨਹੀ ਪਾਯਾ।
ਉਲਟਾ ਦੋਸ਼ ਮੋਹੀ ਪਰ ਲਗਾਯਾ, ਵਾਮਦੇਵ ਮੇਰਾ ਨਾਮ ਧਰਾਯਾ ॥
ਤ੍ਰੇਤਾ ਮੇਂ ਨਲ ਨੀਲ ਚੇਤਾਯਾ, ਲੰਕਾ ਮੇਂ ਚੰਦਰਵਿਜੇ ਸਮਝਾਯਾ॥
ਸੀਖ ਮੰਦੋਦਰੀ ਰਾਨੀ ਮਾਨੀ, ਸਮਝਾ ਨਹੀ ਰਾਵਨ ਅਭਿਮਾਨੀ ॥
ਵਿਭੀਸ਼ਨ ਕਿਨ੍ਹੀ ਸੇਵ ਹਮਾਰੀ, ਤਾਤੇਂ ਹੂਆ ਲੰਕਾ ਛੱਤਰਧਾਰੀ ॥
ਹਾਰ ਗਏ ਥੇ ਜਬ ਤ੍ਰਿਭੁਵਨ ਰਾਯਾ, ਸਮੁੰਦਰ ਪਰ ਸੇਤੂ ਮੈਂ ਹੀ ਬਨਵਾਯਾ ॥
ਤੀਨ ਦਿਵਸ਼ ਰਾਮ ਅਰਜ ਲਗਾਈ, ਸਮੁੰਦਰ ਪ੍ਰਕਟਯਾ ਯੁਕਤੀ ਬਤਾਈ॥
ਨਲ ਨੀਲ ਕੀ ਸ਼ਕਤੀ ਬਤਾਈ, ਨਲ ਨੀਲ ਮੇਂ ਮਸਤੀ ਛਾਈ ॥
ਉਨ ਨਹੀਂ ਕਿਨਹਾ ਯਾਦ ਗੁਰੂਦੇਵ, ਤਾਂਤੇ ਹਮ ਸ਼ਕਤੀ ਛੀਨ ਲੇਵ ॥
ਨਲ ਨੀਲ ਕੋ ਲਗੀ ਅੰਘਾਈ, ਤਾਂਤੇ ਪੱਥਰ ਤਿਰੇ ਨਹੀਂ ਭਾਈ ॥
ਮੈਂ ਕਿਨ੍ਹੇਂ ਹਲਕੇ ਵੇ ਪੱਥਰ ਭਾਰੀ, ਸੇਤੂ ਬਾਂਧ ਰਘੁਵਰ ਸੇਨਾ ਤਾਰੀ॥
ਲੀਨੇ ਚਰਣ ਰਾਮ ਜਬ ਮੋਰੇ, ਲਕਸ਼ਮਣ ਨੇ ਦੋਹੋਂ ਕਰ ਜੋੜੇ ॥
ਦੋਨੋਂ ਬੋਲੇ ਏਕ ਬਿਚਾਰ, ਰਿਸ਼ੀਵਰ ਤੁਮਹਾਰੀ ਸ਼ਕਤੀ ਅਪਾਰ ॥
ਹਨੂਮਾਨ ਨਤ ਮਸਤਕ ਹੋਯਾ, ਅੰਗਦ ਸੁਗਰੀਵ ਨੇ ਮਾਨਾ ਲੋਹਾ ॥
ਸੇਤੂ ਬੰਧ ਕਾ ਭੇਦ ਨ ਜਾਨੈ ਭਾਈ, ਸੁਕੀ ਦੀਨੀ ਰਾਮ ਬੜਾਈ ॥
ਰਾਮ ਚੰਦਰ ਕਹ ਕੋਈ ਸ਼ਕਤੀ ਨਯਾਰੀ, ਜਿਨ੍ਹ ਯਹ ਰਚਿ ਸ੍ਰਿਸ਼ਟੀ ਸਾਰੀ ॥
ਅਗਿਆਨੀ ਕਹੇ ਰਾਮਚੰਦਰ ਰਚਨੇਹਾਰਾ, ਜਿਨੇ ਦਸ਼ਰਥ ਘਰ ਲੀਨਹਾ ਅਵਤਾਰਾ॥
ਐਸੀ ਭੂਲ ਪੜੀ ਧਰਮਦਾਸਾ, ਯਥਾਰਤ ਗਿਆਨ ਨਾ ਕਿਸ ਹੀ ਪਾਸਾ॥
ਉਵਾਬਾਈ ਬਕੇਂ ਬ੍ਰਹਮ ਗਿਆਨੀ, ਤੱਤਵਗਿਆਨ ਕੀ ਸਾਰ ਨ ਜਾਨੀ ॥
ਦੁਆਪਰ ਪਾਂਡਵ ਯਗ ਪੂਰਣ ਕਿਨਹੀ, ਹੋ ਗਈ ਥੀ ਸਬਨ ਕੀ ਹੀਨਿ ॥
ਸਹੰਸ ਅਠਾਸੀ ਬੈਠੇ ਰਿਸ਼ੀਜਨ, ਸਭ ਹੀ ਲਿਯਾ ਥਾ ਭੋਜਨ ॥
ਤੇਤੀਸ ਕੋਟਿ ਦੇਵਤਾ ਸਾਰੇ, ਸ਼ੰਖ ਨਹੀ ਬਜਾ ਰਹੇ ਸਬ ਹਾਰੇ ॥
ਦ੍ਵਾਦਸ ਕਰੋੜ ਬ੍ਰਾਹਮਣ ਆਏ, ਬੈਠੇ ਸਭੀ ਮੂੰਹ ਲਟਕਾਏ ॥
ਬ੍ਰਹਮਾ, ਵਿਸ਼ਣੂੰ, ਸ਼ਿਵ, ਗੁਪਤ ਜਗ ਮਾਂਹੇ, ਬਜਾ ਨ ਸੰਖ ਭੋਜਨ ਖਾਏਂ ॥
ਛਪਨ ਕਰੋੜ ਯਾਦਵ ਆਰੇ, ਦੇਖ ਰਹੇ ਤਮਾਸਾ ਸਾਰੇ ॥
ਕ੍ਰਿਸ਼ਣ ਚੰਦਰ ਪਰ ਲਗੀ ਆਸ਼ਾ ਭਾਰੀ, ਨਹੀਂ ਬਜਾ ਸਕੇ ਸੰਖ ਬਾਲ ਬਿਹਾਰੀ॥
ਏਕ ਬਾਲਮੀਕ ਸਾਧਕ ਮ੍ਹਾਰਾ, ਉਨ ਸਮਝਾ ਗਯਾਨ ਤਤ੍ ਸਾਰਾ।
ਸ਼੍ਰੀ ਕ੍ਰਿਸ਼ਣ ਜਬ ਧਿਆਨ ਲਗਾਯਾ, ਨਿਰੰਜਨ ਨੇ ਗੁਪਤ ਭੇਦ ਬਤਾਯਾ॥

ਕ੍ਰਿਸ਼ਣ ਚੰਦਰ ਪਾਂਡਵ ਸਮਝਾਯਾ, ਏਕ ਸੁਦਰਸ਼ਨ ਭਗਤ ਬਤਾਯਾ।
ਵਹ ਯੱਗ ਮੇਂ ਆਵੈ ਭਾਈ, ਤਬ ਯਹ ਸ਼ੰਖ ਆਵਾਜ਼ ਕਰਾਹੀ॥
ਬਾਲਮੀਕੀ ਹੈ ਸਾਧਕ ਪੂਰਾ, ਪੂਰਣ ਪ੍ਰਭੂ ਕੇ ਚਰਣ ਹਜੂਰਾ।
ਪਾਚੋਂ ਪਾਂਡਵ ਚਲੇ ਸੁਦਰਸ਼ਨ ਪਾਸਾ, ਮੈਂ ਕਿਨਹਾ ਏਕ ਅਜਬ ਤਮਾਸਾ॥
ਭੇਜ ਦੀਯਾ ਸੁਦਰਸ਼ਨ ਕੇਹੀ ਠੋਰਾ, ਸੁਦਰਸ਼ਨ ਰੂਪਧਰਿ ਬਨ ਬੈਠਾ ਮੇਂ ਭੋਰਾ(ਭੋਲਾ)।
ਛੇ: ਜਨੋਂ ਮੋਹੇ ਸਾਸ਼ਟਾਂਗ ਲਗਾਈ, ਤਬ ਮੇਂ ਵਾਕੇਸੰਗ ਯੱਗ ਮਹਿ ਆਈ॥
ਮੋਹੇ ਦੇਖ ਮਨ ਮੇਂ ਸਬਨ ਹੰਸੀ ਆਈ, ਯਹ ਸ਼ੁਦ੍ਰ ਕੈਸੇ ਸ਼ੰਖ ਬਜਾਈ।
ਦ੍ਰੋਪਦੀ ਭੋਜਨ ਧਰ ਲਾਈ ਥਾਰੀ, ਖੀਰ ਸਬਜ਼ੀ ਔਰ ਹਲਵਾਪੁਰੀ ਨ੍ਯਾਰੀ ਨ੍ਯਾਰੀ॥
ਮੈਂ ਕਿਨਹੀ ਸਬ ਏਕਮ੍-ਏਕਾ, ਦ੍ਰੋਪਦੀ ਨੇ ਯਹ ਸਬ ਦੇਖਾ।
ਅੰਦਰ ਰੋਸ਼ ਕੀਯਾ ਦ੍ਰੋਪਦੀ ਰਾਨੀ, ਯਹ ਸ਼ੁਦਰ ਮਹਾ ਅਗਿਆਨੀ॥
ਜਿਨੇ ਨਹੀਂ ਭੋਜਨ ਖਾਣਾ ਆਯ, ਕੈਸੇ ਦੇ ਯਹ ਸ਼ੰਖ ਬਜਾਯ।
ਧੁੰਵੇਂ ਆਂਖ ਫੁਟਿ ਭੋਜਨ ਬਨਾਯਾ, ਅਨਾੜੀ ਨੇ ਸਰਵ ਮਿਲਾਯਾ॥
ਫੂਟ ਗਏ ਹੈ ਭਾਗ ਹਮਾਰੇ, ਐਸੇ ਮੂਰਖ ਘਰ ਪਧਾਰੇ।
ਦ੍ਰੋਪਦੀ ਦੇ ਦਿਲ ਕੀ ਬਾਤਾਂ, ਜਾਣ ਗਏ ਹਮ ਫਿਰ ਖਾਈ ਭਾਤਾਂ॥
ਪਾਂਚ ਗ੍ਰਾਸ ਭੋਜਨ ਖਾਯਾ, ਪਾਂਚ ਬਾਰ ਕੀ ਆਵਾਜ਼ ਸ਼ੰਖ ਰਾਯਾ।
ਕ੍ਰਿਸ਼ਣ ਕੋ ਮੈਂ ਪ੍ਰੇਰਣਾ ਦਿਨ੍ਹੀਂ, ਤਬ ਵਹ ਜਾਨਾ ਮੇਰੀ ਮਾਯਾ ਝਿਨੀ॥
ਕ੍ਰਿਸ਼ਣ ਕਹਾ ਯਹ ਪੂਰਣ ਕਰਤਾਰਾ, ਇਨਸੇ ਬਾਜੇ ਸੰਖ ਤੁਮਹਾਰਾ।
ਕ੍ਰਿਸ਼ਣ ਚੰਦਰ ਨੇ ਦ੍ਰੋਪਦੀ ਕੋ ਸਮਝਾਯਾ, ਤਬ ਮੇਰੇ ਚਰਣ ਧੋਏ ਚਰਣਾਮ੍ਰਤ ਬਨਾਯਾ॥
ਪੀਯਾ ਦ੍ਰੋਪਦੀ ਹੋ ਆਧੀਨ ਅਪਾਰਾ, ਸ਼ੇਸ਼ ਪੀਆ ਸ਼੍ਰੀ ਕ੍ਰਿਸ਼ਨ ਸਾਰਾ।
ਬਾਜਾ ਸੰਖ ਅਖੰਡ ਧੁਨ ਲਾਈ, ਪੂਰੀ ਪ੍ਰਿਥਵੀ ਪਰ ਆਵਾਜ਼ ਸੁਨਾਈ॥
ਤੀਨੋ ਲੋਕੋਂ ਮੇਂ ਸੁਨਿ ਸ਼ੰਖ ਆਵਾਜ਼, ਤੁਮ ਸੁਦਰਸ਼ਨ ਸੰਤਨ ਸਿਰ ਤਾਜ।
ਤਾਕੋ ਸਤਭਕਤਿ ਸਮਝਾਈ, ਅਪਣੀ ਮਹਿਮਾ ਆਪ ਬਤਾਈ॥
ਮੇਰੇ ਗੁਰੂ ਕਰੁਣਾਮਯ ਤੱਤਵਗਿਆਨੀ, ਯੇ ਸਬ ਰਿਸ਼ੀ ਦੇਵ ਹੈ ਅਭਿਮਾਨੀ।
ਉਨਸੇ ਦਿਕਸ਼ਾ ਲੋ ਚਲ ਸਬ ਭਾਈ, ਤਾਤੇਂ ਤੁਮਰਾ ਕਲਿਆਣ ਹੂਜਾਈ॥
ਮਾਨੇ ਨਹੀਂ ਮਤੀ ਕੇ ਹੀਨਾ, ਕ੍ਰਿਸ਼ਨ ਬੋਲੇ ਬਚਨ ਅਧਿਨਾ।
ਹਮ ਪਰ ਕ੍ਰਿਪਾ ਤੁਮ ਬਹੁ ਕੀਨਹੀ, ਹਮਰੀ ਲੱਜਾ ਰਖ ਤੁਮ ਲਿਨਹੀਂ॥
ਕ੍ਰਿਸ਼ਣ ਕਹ ਤੁਝੇ ਸਥਾਨ ਪਹੁੰਚਾਉਂ, ਰਥ-ਘੋੜੇ ਜੋੜ ਸ਼ੀਘ੍ਰ ਮੰਗਾਉਂ।
ਏਤਾ ਕਸ਼ਟ ਨਾ ਕਰੋ ਸੁਜਾਨਾ, ਤਬ ਹਮ ਹੁਏ ਅੰਤਰਧਿਆਨਾ॥
ਅਬ ਮੈਂ ਕਲਯੁਗ ਮੇਂ ਲੀਨਹਾ ਅਵਤਾਰਾ, ਕਾਸ਼ੀ ਨਗਰ ਹੈ ਅਸਥਾਨ ਹਮਾਰਾ।
ਕਬੀਰ ਨਾਮ ਹੈ ਮੇਰਾ ਭਾਈ, ਰਿਸ਼ੀ ਰਾਮਾਨੰਦ ਸੇ ਦਿਕਸ਼ਾ ਪਾਈ॥
ਮਾਤ-ਪਿਤਾ ਮੇਰੇ ਨਹੀਂ ਬਾਲਕ ਰੂਪ ਪ੍ਰਕਟਾਯਾ।
ਲਹਿਰਾਤਾਰਾ ਤਾਲਾਬ ਕਮਲ ਪਰ, ਤਹਾਂ ਜੁਲਾਹੇ ਨੇ ਪਾਯਾ॥
ਆਯਾ ਜਗਤ ਭਵ ਸਾਗਰ ਤਾਰਣ, ਸਾਚਿ ਕਹੁੰ ਜਗ ਲਾਗੈ ਮਾਰਨ।
ਜੋ ਕੋਈ ਮਾਨੇ ਕਹਾ ਹਮਾਰਾ, ਫਿਰ ਨਹੀਂ ਹੋਵੇ ਜਨਮ ਦੁਬਾਰਾ॥
ਏਸਾ ਗਿਆਨ ਸੁਨਾ ਜਬ ਦੋਈ, ਚਰਣ ਪਕੜ ਦੰਪੱਤਿ ਰੋਈ।
ਹਮੇਂ ਗਿਆਨ ਸੁਣਾਓ ਜ਼ਿੰਦਾ, ਕਾਟੋ ਜਨਮ ਮਰਣ ਗਲ ਫੰਦਾ॥

**ਉਪਰੋਕਤ ਵਿੱਲਖਣ ਗਿਆਨ ਦਾ ਸੰਕੇਤ ਸੁਣ ਕੇ ਦੋਵਾਂ (ਧਰਮਦਾਸ**

ਅਤੇ ਆਮਿਨੀ) ਨੇ ਪਰਮੇਸ਼ਵਰ ਨੂੰ ਪੂਰਣ ਗਿਆਨ ਸੁਣਾਉਣ ਦੀ ਪ੍ਰਾਰਥਨਾ ਕੀਤੀ। ਪਰਮੇਸ਼ਵਰ ਕਬੀਰ ਜੀ ਨੇ ਸ੍ਰਿਸ਼ਟੀ ਰਚਨਾ ਦੁਬਾਰਾ ਸੁਣਾਈ :- (ਕਿਰਪਾ ਪਾਠਕਜਨ ਪੜ੍ਹਨ ਸ੍ਰਿਸ਼ਟੀ ਰਚਨਾ ਇਸੇ ਪੁਸਤਕ ਦੇ ਪੰਨਾ 250 ਤੋਂ 269 ਤੇ) ਤੱਤਵਗਿਆਨ ਨੂੰ ਪਰਮੇਸ਼ਵਰ ਦੇ ਮੁੱਖ ਕਮਲ ਤੋਂ ਸੁਣ ਕੇ ਦੋਵੇਂ ਸ਼ਰਧਾਲੂ (ਧਰਮਦਾਸ ਅਤੇ ਆਮਿਨੀ) ਬਹੁਤ ਪ੍ਰਸੰਨ ਹੋਏ ਅਤੇ ਹਰੇਕ ਪ੍ਰਤੱਖ ਪ੍ਰਮਾਣ ਨੂੰ ਆਪਣੇ ਹੀ ਸਦਗ੍ਰੰਥਾਂ ਵਿੱਚ ਦੇਖ ਕੇ ਨਿਰਉੱਤਰ ਹੋ ਗਏ। ਦੋਵਾਂ ਨੇ ਪਰਮੇਸ਼ਵਰ ਤੋਂ ਉਪਦੇਸ਼ (ਦੀਕਸ਼ਾ) ਪ੍ਰਾਪਤ ਕੀਤਾ। ਪਰਮੇਸ਼ਵਰ ਕਬੀਰ ਜੀ ਨੇ ਪ੍ਰਥਮ ਮੰਤਰ ਦਿੱਤਾ {ਜੋ ਮੰਤਰ ਇਹ ਦਾਸ (ਸੰਤ ਰਾਮਪਾਲ ਦਾਸ) ਦਿੰਦਾ ਹੈ} ਇੱਕ ਦਿਨ ਗਿ-ਆਨ ਚਰਚਾ ਕਰਦੇ ਸਮੇਂ ਧਰਮ ਦਾਸ ਜੀ ਨੇ ਕਿਹਾ ਹੇ ਪਰਵਰਦਿਗਾਰ! ਤੁਹਾਡਾ ਗਿਆਨ ਵਿੱਲਖਣ ਹੈ ਪ੍ਰੰਤੂ ਅੱਜ ਤੱਕ ਕਿਸੇ ਨੇ ਨਹੀਂ ਦੱਸਿਆ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼ਿਵ ਜੀ ਤੋਂ ਵੀ ਅਲਗ ਪਰਮ ਈਸ਼ਵਰ ਹੈ। ਜੇਕਰ ਤੁਸੀਂ ਆਪਣੇ ਧਾਮ (ਸਤਲੋਕ) ਦੀ ਇੱਕ ਝਲਕ ਮੁਝ ਦਾਸ ਨੂੰ ਦਿਖਾ ਦਿਓ ਤਾਂ ਮੇਰਾ ਮਨ ਮੈਨੂੰ ਭਰਮਿਤ ਨਹੀਂ ਕਰੇਗਾ।

ਪਰਮੇਸ਼ਵਰ ਕਬੀਰ ਜੀ ਨੇ ਕਿਹਾ ਚੰਗਾ ਭਗਤ ਤੁਹਾਨੂੰ ਸਤਲੋਕ ਲੈ ਚੱਲਦਾ ਹਾਂ। ਇਹ ਕਹਿ ਕੇ ਧਰਮਦਾਸ ਦੀ ਆਤਮਾ ਨੂੰ ਸਰੀਰ ਤੋਂ ਅਲਗ ਕਰਕੇ ਪਰਮੇਸ਼ਵਰ ਕਬੀਰ ਜੀ ਆਪਣੇ ਨਾਲ ਲੈ ਗਏ। ਧਰਮਦਾਸ ਜੀ ਬੇਹੋਸ਼ ਹੋ ਗਏ ਅਰਥਾਤ ਧਰਮਦਾਸ ਜੀ ਦਾ ਸਰੀਰ ਰਹਿ ਗਿਆ। ਜੋ ਬੇਹੋਸ਼ ਅਵਸਥਾ ਵਿੱਚ ਨਜ਼ਰ ਆ ਰਿਹਾ ਸੀ ਪ੍ਰੰਤੂ ਮ੍ਰਿਤਕ ਨਜ਼ਰ ਨਹੀਂ ਆ ਰਿਹਾ ਸੀ। ਪੂਰਣ ਪਰਮਾਤਮਾ ਨੇ ਭਗਤ ਧਰਮਦਾਸ ਜੀ ਨੂੰ ਇੱਕ ਬ੍ਰਹਿਮੰਡ ਦੀ ਸਭ ਵਿਵਸਥਾ ਦਿਖਾਈ, ਤਿੰਨੇ ਦੇਵਤਿਆਂ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ) ਦੇ ਲੋਕ ਅਤੇ ਸਵਰਗ-ਨਰਕ ਅਤੇ ਇੰਦਰ ਦਾ ਲੋਕ, ਧਰਮਰਾਜ ਦਾ ਲੋਕ ਉਸ ਦੇ ਉੱਪਰ ਬ੍ਰਹਮਲੋਕ ਅਤੇ ਬ੍ਰਹਮਲੋਕ ਵਿੱਚ ਬਣੇ ਨਕਲੀ ਸਤਲੋਕ, ਅਲਖ ਲੋਕ, ਅਗਮ ਲੋਕ ਅਤੇ ਅਨਾਮੀ ਲੋਕ ਦਿਖਾਏ ਜੋ ਕਾਲ ਰੂਪੀ ਬ੍ਰਹਮ ਦਾ ਮਾਇਆ ਜਾਲ਼ ਹੈ। ਜੋ ਜੀਵ ਨੂੰ ਧੋਖਾ ਦੇਣ ਦੇ ਲਈ ਬਣਾਇਆ ਹੈ। ਕਿਉਂਕਿ ਉਸਨੂੰ ਪਤਾ ਹੈ ਕਿ ਪਰਮੇਸ਼ਵਰ ਆਪਣੀ ਆਤਮਾਵਾਂ ਨੂੰ ਲੈਣ ਦੇ ਲਈ ਆਪਣੇ ਕਿਸੇ ਪੁੱਤਰ ਨੂੰ ਭੇਜੇਗਾ ਅਤੇ ਉਹ ਉੱਪਰ ਦੀ ਜਾਣਕਾਰੀ ਦੇਵੇਗਾ। ਉਸਦੇ ਗਿਆਨ ਨੂੰ ਜਾਣ ਕੇ ਜੀਵ ਆਤਮਾ ਇਸ ਨਕਲੀ ਸਤਲੋਕ ਵਿੱਚ ਆ ਕੇ ਆਪਣੇ ਆਪ ਨੂੰ ਪੂਰਣ ਮੁਕਤ ਸਮਝਣਗੇ ਅਤੇ ਮੇਰੇ (ਕਾਲ ਦੇ) ਜਾਲ਼ ਵਿੱਚ ਫਸੇ ਰਹਿਣਗੇ।

ਇਸ ਤੋਂ ਬਾਅਦ ਬ੍ਰਹਮਲੋਕ ਵਿੱਚ ਸਭ ਤੋਂ ਉੱਪਰੀ ਥਾਂ ਤੇ ਇਸੇ ਕਾਲ ਰੂਪੀ ਬ੍ਰਹਮ ਨੇ ਤਿੰਨ ਗੁਪਤ ਸਥਾਨ ਬਣਾਏ ਹਨ। ਜਿੱਥੇ ਇਹ ਆਪਣੀ ਪਤਨੀ ਦੁਰਗਾ ਦੇ ਨਾਲ ਸਾਕਾਰ ਰੂਪ ਵਿੱਚ ਰਹਿੰਦਾ ਹੈ। ਇਸੇ ਬ੍ਰਹਮਲੋਕ ਵਿੱਚ ਇੱਕ ਦੁਰਗਾ ਦਾ ਲੋਕ ਅਲੱਗ ਵੀ ਹੈ। ਇਸਦੇ ਬਾਅਦ ਕਾਲ ਵਿੱਚ ਇੱਕੀ ਬ੍ਰਹਿਮੰਡਾਂ ਦਾ ਭੇਦ ਦਿਖਾ ਅਤੇ ਦੱਸ ਕੇ ਪਰਮੇਸ਼ਵਰ ਕਬੀਰ ਦੇਵ ਜੀ ਆਪਣੀ ਪਿਆਰੀ ਆਤਮਾ ਧਰਮਦਾਸ ਜੀ ਨੂੰ ਪਰ-ਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਤੋਂ ਪਾਰ ਆਪਣੇ ਸਤਲੋਕ ਵਿੱਚ ਲੈ ਗਏ। ਭੰਵਰ ਗੁਫ਼ਾ ਦੇ ਤੁਰੰਤ ਬਾਅਦ ਸਤਲੋਕ ਸ਼ੁਰੂ ਹੋ ਜਾਂਦਾ ਹੈ। ਧਰਮਦਾਸ ਜੀ ਸਤਲੋਕ ਵਿੱਚ ਪਹੁੰਚ ਕੇ ਬਹੁਤ ਪ੍ਰਸੰਨ ਹੋਇਆ। ਉੱਥੇ ਦੇ ਹੰਸ ਆਤਮਾਵਾਂ ਨੂੰ ਮਿਲੇ ਅਤੇ ਕਾਲ ਜਾਲ਼ ਵਿੱਚ

ਫਸਣ ਦੇ ਕਾਰਣ ਤੋਂ ਜਾਣੂੰ ਹੋਇਆ।

ਧਰਮਦਾਸ ਜੀ ਨੇ ਦੇਖਿਆ ਕਿ ਇੱਕ ਬਹੁਤ ਵੱਡੇ ਗੁੰਬਦ ਵਿੱਚ ਇੱਕ ਸਫੇਦ ਆਸਨ ਉੱਤੇ ਪਰਮੇਸ਼ਵਰ ਵਿਰਾਜਮਾਨ ਹਨ। ਪਰਮੇਸ਼ਵਰ ਦੇ ਸਰੀਰ ਤੋਂ ਬਹੁਤ ਜ਼ਿਆਦਾ ਪ੍ਰਕਾਸ਼ ਨਿਕਲ ਰਿਹਾ ਹੈ। ਧਰਮਦਾਸ ਜੀ ਨੂੰ ਨਾਲ ਲੈ ਕੇ ਗਿਆ ਸੀ ਉਹ ਜ਼ਿੰਦਾ ਸੰਤ ਗੁੰਬਦ ਵਿੱਚ ਪ੍ਰਵੇਸ਼ ਹੋਇਆ ਅਤੇ ਪਰਮੇਸ਼ਵਰ ਦੇ ਸਿਰ ਉੱਪਰ ਚੌਰ ਕਰਨ ਲੱਗਾ। ਧਰਮਦਾਸ ਜੀ ਨੇ ਸੋਚਿਆ ਕਿ ਸਰਵ ਸ੍ਰਿਸ਼ਟੀ ਰਚਨਹਾਰ, ਪੂਰਣ ਪਰਮਾਤਮਾ ਤਾਂ ਸਿੰਘਾਸਨ ਉੱਤੇ ਵਿਰਾਜਮਾਨ ਹੈ ਅਤੇ ਇਹ ਜ਼ਿੰਦਾ ਸੰਤ ਇੱਥੋਂ ਦਾ ਸੇਵਕ ਲੱਗਦਾ ਹੈ ਜੋ ਪਰਮੇਸ਼ਵਰ ਉੱਪਰ ਚੌਰ ਕਰ ਰਿਹਾ ਹੈ। ਉਸੇ ਸਮੇਂ ਧਰਮਦਾਸ ਨੇ ਦੇਖਿਆ ਕਿ, ਤਖ਼ਤ (ਸਿੰਘਾਸਣ) ਉੱਪਰ ਬੈਠੇ ਤੇਜੋਮਈ ਸਰੀਰ ਯੁਕਤ ਪਰਮੇਸ਼ਵਰ ਨੇ ਆਸਣ ਛੱਡ ਦਿੱਤਾ ਅਤੇ ਜ਼ਿੰਦਾ ਸੰਤ ਉਸ ਸਿੰਘਾਸਣ ਉੱਪਰ ਬੈਠ ਗਿਆ ਅਤੇ ਪਰਮੇਸ਼ਵਰ ਜ਼ਿੰਦਾ ਉੱਪਰ ਚੌਰ ਕਰਨ ਲੱਗਾ। ਧਰਮਦਾਸ ਨੂੰ ਅਨੋਖਾ ਲੱਗਿਆ ਕਿ ਇੱਕ ਸੇਵਕ ਉੱਪਰ ਪਰਮੇਸ਼ਵਰ ਚੌਰ ਕਿਸ ਲਈ ਕਰ ਰਹੇ ਹਨ? ਦੇਖਦੇ ਹੀ ਦੇਖਦੇ ਤੇਜੋਮਈ ਸਰੀਰ ਯੁਕਤ ਪਰਮੇਸ਼ਵਰ ਸਿੰਘਾਸਣ ਉੱਪਰ ਵਿਰਾਜਮਾਨ ਜ਼ਿੰਦਾ ਸੰਤ ਦੇ ਸਰੀਰ ਵਿੱਚ ਸਮਾ ਗਏ ਇੱਕਲੇ ਜ਼ਿੰਦਾ ਸੰਤ ਤਖ਼ਤ (ਸਿੰਘਾਸਣ) ਉੱਪਰ ਵਿਰਾ-ਜਮਾਨ ਸਨ। ਤਦ ਧਰਮਦਾਸ ਨੂੰ ਗਿਆਨ ਹੋਇਆ ਕਿ ਇਹ ਜ਼ਿੰਦਾ ਕੋਈ ਸਧਾਰਣ ਸੇਵਕ ਜਾਂ ਸੰਤ ਨਹੀਂ ਹੈ। ਇਹ ਤਾਂ ਪੂਰਣ ਪਰਮਾਤਮਾ ਹੈ।

ਧਰਮਦਾਸ ਜੀ ਨੂੰ ਕਬੀਰ ਪਰਮੇਸ਼ਵਰ ਨੇ ਕਿਹਾ ਧਰਮਦਾਸ! ਮੈਂ ਵਰਤਮਾਨ ਵਿੱਚ ਬਨਾਰਸ (ਕਾਸ਼ੀ) ਸ਼ਹਿਰ ਵਿੱਚ ਕਬੀਰ ਜੁਲਾਹੇ ਦੀ ਭੂਮਿਕਾ ਕਰਨ ਗਿਆ ਹੋਇਆ ਹਾਂ। ਉੱਥੇ ਕਾਲ ਦੁਆਰਾ ਫੈਲਾਏ ਅਗਿਆਨ ਨੂੰ ਖਤਮ ਕਰਨ ਦੇ ਲਈ ਤੱਤਵਗਿਆਨ ਪ੍ਰਚਾਰ ਕਰ ਰਿਹਾ ਹਾਂ। ਗੁਰੂ ਮਰਿਯਾਦਾ ਬਣਾਏ ਰੱਖਣ ਦੇ ਲਈ ਮੈਂ ਸਵਾਮੀ ਰਾਮਾਨੰਦ ਮਹਾਰਾਜ ਜੀ ਨੂੰ ਗੁਰੂ ਬਣਾਇਆ ਹੈ। ਉਨ੍ਹਾਂ ਨੂੰ ਵੀ ਮੈਂ ਇੱਥੇ (ਸਤਲੋਕ ਵਿੱਚ) ਲਿਆਇਆ ਸੀ ਤਦ ਸਵਾਮੀ ਰਾਮਾਨੰਦ ਜੀ ਦਾ ਸੰਸ਼ਾ ਨਸ਼ਟ ਹੋਇਆ ਸੀ ਅਤੇ ਹੁਣ ਉਹ ਮੇਰੇ ਦੁਆਰਾ ਦੱਸੇ ਗਏ ਤੱਤਵਗਿਆਨ ਦੇ ਆਧਾਰ ਨਾਲ ਭਗਤੀ ਕਰ ਰਹੇ ਹਨ ਅਤੇ ਪਹਿਲਾਂ ਵਾਲ਼ੀ ਸਾਧਨਾ ਤਿਆਗ ਦਿੱਤੀ ਹੈ। ਹੁਣ ਤੁਸੀਂ ਵਾਪਸ ਆਪਣੇ ਘਰ ਜਾਓ ਤੁਹਾਡਾ ਪਰਿਵਾਰ ਤੁਹਾਨੂੰ ਬੇਹੋਸ਼ ਦੇਖ ਕੇ ਤਿੰਨ ਦਿਨਾਂ ਤੋਂ ਦੁਖੀ ਹੈ। ਧਰਮਦਾਸ ਜੀ ਨੇ ਪਰਮੇਸ਼ਵਰ ਕਬੀਰ ਜੀ ਨੂੰ ਬੇਨਤੀ ਕੀਤੀ ਹੇ ਪਰਮੇਸ਼ਵਰ! ਮੈਨੂੰ ਇੱਥੇ ਹੀ ਆਪਣੇ ਕੋਲ ਸਤਲੋਕ ਵਿੱਚ ਰੱਖ ਲਓ ਉਸ ਕਾਲ ਲੋਕ ਵਿੱਚ ਨਾ ਭੇਜੋ। ਉੱਥੇ ਤਾਂ ਹਰੇਕ ਪ੍ਰਾਣੀ ਮਹਾਂਕਸ਼ਟ ਭੋਗ ਰਿਹਾ ਹੈ। ਸਾਰੇ ਪ੍ਰਾਣੀ ਕਾਲ ਰੂਪੀ ਬ੍ਰਹਮ ਨੂੰ ਹੀ ਪਰਮੇਸ਼ਵਰ ਮੰਨ ਕੇ ਉਸੇ ਦੀ ਸਾਧਨਾ ਕਰਕੇ ਜਨਮ-ਮੌਤ-ਨਰਕ ਅਤੇ ਸਵਰਗ ਵਿੱਚ ਹਰਹਟ ਦੇ ਖ਼ੂਹ ਵਾਂਗ ਚੱਕਰ ਲਗਾ ਰਹੇ ਹਨ।

ਮੋਹੇ ਰਾਖ ਲਿਯੋ ਮਹਾਰਾਜ ਹਮ ਸੇ ਬਿਗੜੀ ਹੈ। ਟੇਕ ।
ਬਿਗੜੀ ਹੈ ਮਹਾਰਾਜ ਹਮ ਸੇ ਬਿਗੜੀ ਹੈ॥
ਹਮ ਜਾਨੇ ਵਹ ਪਰਿਵਾਰ ਹਮਾਰਾ, ਵਹ ਤੋ ਸਬ ਕਾਲ ਕਾ ਚਾਰਾ।
ਮਤ ਭੇਜੋ ਮਹਾਰਾਜ ਕਾਲ ਕੀ ਨਗਰੀ ਹੈ (ਮੋਹੇ ਰਾਖ ਲਿਓ---------)
ਧਰਮ-ਕਰਮ ਕੀ ਸਾਰ ਨਾ ਜਾਨੀ, ਬਨਾ ਫਿਰੂੰ ਥਾ ਮਹਾਂ ਅਭਿਮਾਨੀ।
ਬਚਾ ਲਿਯੋ ਮਹਾਰਾਜ, ਆਗ ਸੀ ਲਗਰੀ ਹੈ (ਮੋਹੇ ਰਾਖ ਲਿਓ------)

ਸਤਲੋਕ ਹੈ ਨਿਜ ਘਰ ਹਮਾਰਾ, ਕਾਲ ਬਲੀ ਨੇ ਜਾਲ ਪਸਾਰਾ।
ਭੂਲ ਹੁਈ ਮਹਾਰਾਜ ਹਮ ਸੇ ਤਗੜੀ ਹੈ (ਮੋਹੇ ਰਾਖ ਲਿਓ------)
ਧਰਮਦਾਸ ਹੈ ਦਾਸ ਤੁਮਹਾਰਾ, ਮਤ ਧਕਾ ਦੋ ਹੇ ਕਰਤਾਰ।
ਦਯਾ ਕਰੋ ਮਹਾਰਾਜ ਪਾਪ ਕੀ ਗਠਰੀ ਹੈ (ਮੋਹੇ ਰਾਖ ਲਿਓ------)

**ਪਰਮੇਸ਼ਵਰ ਨੇ ਕਿਹਾ ਹੇ ਪਿਆਰੀ ਆਤਮਾ ਧਰਮਦਾਸ! ਜਿੰਨੀਆਂ ਵੀ ਆਤਮਾਵਾਂ ਕਾਲ ਕੇ ਲੋਕ ਵਿੱਚ ਗਈਆਂ ਹਨ। ਉਹ ਆਪਣੀ ਇੱਛਾ ਨਾਲ ਗਈਆਂ ਹਨ। ਜਿੰਨੀ ਪ੍ਰਬਲ ਇੱਛਾ ਨਾਲ ਕਾਲ ਬ੍ਰਹਮ (ਜੋਤੀ ਨਿਰੰਜਨ) ਦੇ ਨਾਲ ਆਤਮਾਵਾਂ ਗਈਆਂ ਹਨ ਉਨੀ ਹੀ ਪ੍ਰਬਲ ਇੱਛਾ ਸਤਲੋਕ ਜਾਣ ਦੀ ਪੈਦਾ ਹੋਵੇਗੀ ਤਦ ਹੀ ਇੱਥੇ ਸਤਲੋਕ ਵਿੱਚ ਪ੍ਰਵੇਸ਼ ਹੋ ਸਕੇਗਾ। ਉਸ ਤੋਂ ਪਹਿਲਾਂ ਤੁਸੀਂ ਸਭ ਆਤਮਾਵਾਂ ਨੇ ਸਤ ਸਾਧਨਾ ਕਰਕੇ ਭਗਤੀ ਦੇ ਧਨੀ ਹੋਣਾ ਹੈ ਅਤੇ ਕਾਲ ਦੇ ਲੋਕ ਦਾ ਕਰਜ਼ਾ ਵੀ ਚੁਕਾਉਣਾ ਹੈ। ਉਹ ਤਦ ਹੀ ਤੁਹਾਨੂੰ ਮੁਕਤ ਕਰੇਗਾ।**

{ਵਿਸ਼ੇਸ਼ :- ਇਹੀ ਪ੍ਰਮਾਣ ਗੀਤਾ ਅਧਿਆਇ 18 ਸਲੋਕ 62 ਅਤੇ 66 ਵਿੱਚ ਹੈ ਗੀਤਾ ਗਿਆਨ ਦਾਤਾ ਕਾਲ ਰੂਪੀ ਬ੍ਰਹਮ ਨੇ ਸਲੋਕ 62 ਵਿੱਚ ਕਿਹਾ ਹੈ ਕਿ ਹੇ ਅਰਜੁਨ (ਭਾਰਤ) ਤੂੰ ਸਰਵ ਭਾਵ ਨਾਲ ਉਸ ਪਰਮੇਸ਼ਵਰ ਦੀ ਸ਼ਰਣ ਵਿੱਚ ਜਾ (ਜੋ ਗੀਤਾ ਗਿਆਨ ਦਾਤਾ ਤੋਂ ਅਲੱਗ ਹੈ) ਉਸ ਪਰਮਾਤਮਾ ਦੀ ਕਿਰਪਾ ਨਾਲ ਹੀ ਤੂੰ ਪਰਮ ਸ਼ਾਂਤੀ ਨੂੰ ਅਤੇ ਸਨ-ਾਤਨ (ਸਦਾ ਰਹਿਣ ਵਾਲ਼ੇ ਅਰਥਾਤ ਸਤ) ਸਥਾਨ (ਲੋਕ) ਨੂੰ ਪ੍ਰਾਪਤ ਹੋਵੇਗਾ। (ਗੀ.18/ਸੰ.62) ਗੀਤਾ ਅਧਿਆਇ 17 ਸਲੋਕ 23 ਵਿੱਚ ਓਮ੍-ਤਤ੍-ਸਤ੍ ਮੰਤਰ ਦੇ ਜਾਪ ਨੂੰ ਪੂਰਣ ਪਰਮਾਤਮਾ ਪ੍ਰਾਪਤੀ ਦਾ ਕਿਹਾ ਹੈ ਅਤੇ ਗੀਤਾ ਅਧਿਆਇ 8 ਸਲੋਕ 13 ਵਿੱਚ ਕਿਹਾ ਹੈ ਕਿ ਓਮ ਇਹ ਇੱਕ ਅੱਖਰ ਮੇਰੇ ਬ੍ਰਹਮ (ਗੀਤਾ ਗਿਆਨ ਦਾਤਾ) ਦਾ ਨਾਮ ਮੰਤਰ ਹੈ ਜੋ ਆਖਰੀ ਸਾਹ ਤੱਕ ਜਾਪ ਕਰਨ ਦਾ ਹੈ। ਇਸਦੀ ਨਾਮ ਜਾਪ ਦੀ ਕਮਾਈ ਕਰਨੀ ਹੈ। ਤਤ੍ ਮੰਤਰ ਇਹ ਸੰਕੇਤਿਕ ਹੈ। ਇਸਦਾ ਜਾਪ ਪਰਬ੍ਰਹਮ ਦੀ ਕਮਾਈ ਦਾ ਹੈ। ਸਤ ਮੰਤਰ ਵੀ ਸੰਕੇਤਿਕ ਹੈ। ਜੋ ਪੂਰਣ ਬ੍ਰਹਮ ਦੀ ਕਮਾਈ ਦਾ ਹੈ। ਜੋ ਸਾਧਕ ਤਿੰਨ ਮੰਤਰ (ਓਮ੍-ਤਤ੍-ਸਤ੍) ਦਾ ਜਾਪ ਜੀਵਨ ਭਰ ਕਰਦਾ ਹੈ ਅਤੇ ਸਰੀਰ ਤਿਆਗ ਕੇ ਜਾਂਦਾ ਹੈ। ਤਾਂ ਬ੍ਰਹਮ ਅਰਥਾਤ ਕਾਲ ਦੇ ਓਮ ਨਾਮ ਦੇ ਜਾਪ ਦੀ ਕਮਾਈ ਅਤੇ ਯੱਗ ਆਦਿ ਸਭ ਧਾਰਮਿਕ ਪੂਜਾਵਾਂ ਬ੍ਰਹਮ (ਗੀਤਾ ਗਿਆਨ ਦਾਤਾ) ਨੂੰ ਤਿਆਗ ਦਿੰਦਾ ਹੈ। ਇਸ ਬ੍ਰਹਮ ਦੀ ਧਾਰਮਿਕ ਪੂਜਾਵਾਂ ਦਾ ਲਾਭ ਕਾਲ ਲੋਕ ਵਿੱਚ ਪ੍ਰਾਪਤ ਨਹੀਂ ਕਰਦਾ {ਓਮ ਨਾਮ ਦੀ ਸਾਧਨਾ ਦੀ ਕਮਾਈ ਨਾਲ ਸਾਧਕ ਬ੍ਰਹਮਲੋਕ ਵਿੱਚ ਬਣੇ ਨਕਲੀ ਸਤਲੋਕ ਵਿੱਚ ਚਲਿਆ ਜਾਂਦਾ ਹੈ। ਉੱਥੇ ਆਪਣੇ ਪੁੰਨਾਂ ਨੂੰ ਖਤਮ ਕਰਕੇ ਪਾਪ ਕਰਮਾਂ ਦਾ ਫ਼ਲ ਨਰਕ ਵਿੱਚ ਭੋਗਦਾ ਹੈ ਫਿਰ ਦੁਬਾਰਾ ਜਨਮ ਪ੍ਰਿਥਵੀ ਲੋਕ 'ਤੇ ਕਰਮ ਆਧਾਰ ਨਾਲ ਪ੍ਰਾਪਤ ਕਰਕੇ ਕਾਲ ਜਾਲ਼ ਵਿੱਚ ਫਸ ਕੇ ਰਹਿ ਜਾਂਦਾ ਹੈ ਪਰਮਸ਼ਾਂਤੀ ਅਰਥਾਤ ਪੂਰਣ ਮੋਕਸ਼ ਪ੍ਰਾਪਤ ਨਹੀਂ ਕਰ ਸਕਦਾ। ਤੱਤਵਦਰਸ਼ੀ ਸੰਤ ਦੇ ਦੱਸੇ ਮਾਰਗ ਅਨੁਸਾਰ ਸਾਧਕ ਓਮ ਨਾਮ ਦੇ ਜਾਪ ਦੀ ਭਗਤੀ ਕਮਾਈ ਦਾ ਪ੍ਰਤੀਫ਼ਲ ਪ੍ਰਾਪਤ ਨਹੀਂ ਕਰਦਾ} ਉਸਨੂੰ ਬ੍ਰਹਮ (ਕਾਲ ਰੂਪੀ ਬ੍ਰਹਮ ਅਰਥਾਤ ਗੀਤਾ ਅਤੇ ਵੇਦ ਗਿਆਨ ਦਾਤਾ) ਨੂੰ ਦੇ ਦਿੰਦਾ ਹੈ। ਜਿਸ ਕਾਰਣ ਸਾਧਕ ਬ੍ਰਹਮ ਕਾਲ ਦੇ (ਪਾਪ ਕਰਮਾਂ ਰੂਪੀ) ਕਰਜ਼ੇ ਤੋਂ ਮੁਕਤ ਹੋ ਕੇ ਅੱਗ ਸਤਲੋਕ ਨੂੰ ਪ੍ਰਸਥਾਨ ਕਰ ਦਿੰਦਾ ਹੈ ਅਤੇ ਤਤ੍ ਮੰਤਰ (ਜੋ ਸੰਕੇਤਿਕ ਹੈ ਅਕਸ਼ਰ ਪੁਰਸ਼ ਅਰਥਾਤ ਪਰਬ੍ਰਹਮ ਦਾ ਜਾਪ ਹੈ) ਦੀ ਭਗਤੀ ਕਮਾਈ ਨੂੰ ਪਰਬ੍ਰਹਮ ਨੂੰ ਦੇ ਦਿੰਦਾ ਹੈ ਜਿਸ ਕਾਰਣ ਪਰਬ੍ਰਹਮ ਦੇ ਲੋਕ ਤੋਂ ਪਾਰ ਜਾਣ ਦਾ ਕਰਜ਼ਾ ਉਤਰ ਜਾਂਦਾ ਹੈ। ਸਤ੍ ਮੰਤਰ (ਜੋ ਪਰਮ ਅਕਸ਼ਰ ਬ੍ਰਹਮ ਅਰਥਾਤ ਪੂਰਣ ਬ੍ਰਹਮ ਦਾ ਨਾਮ ਜਾਪ ਹੈ ਜਿਸਦੇ ਜਾਪ ਦੀ ਕਮਾਈ ਨਾਲ ਸਤਲੋਕ ਵਿੱਚ ਸਥਾਈ ਸਥਾਨ

ਪ੍ਰਾਪਤ ਕਰਦਾ ਹੈ) ਦੇ ਜਾਪ ਦੀ ਕਮਾਈ ਨੂੰ ਨਾਲ ਲੈ ਕੇ ਤ੍ਰੀ ਨਾਮ ਸਾਧਕ ਸਤਲੋਕ ਵਿੱਚ ਉਸ ਪਰਮੇਸ਼ਵਰ (ਸਤਿ ਪੁਰਸ਼) ਦੇ ਕੋਲ ਚਲਿਆ ਜਾਂਦਾ ਹੈ ਅਤੇ ਸਨਾਤਨ ਸਥਾਨ ਅਰਥਾਤ ਸਤਲੋਕ ਪ੍ਰਾਪਤ ਕਰਦਾ ਹੈ ਅਤੇ ਪਰਮਸ਼ਾਂਤੀ (ਪੂਰਣ ਮੋਕਸ਼) ਨੂੰ ਪ੍ਰਾਪਤ ਕਰਦਾ ਹੈ। ਉਸ ਤੋਂ ਬਾਅਦ ਸਾਧਕ ਮੁੜ ਕੇ ਇਸ ਸੰਸਾਰ ਵਿੱਚ ਕਦੇ ਨਹੀਂ ਆਉਂਦੇ ਅਰਥਾਤ ਉਹਨਾਂ ਦਾ ਪੁਨਰ ਜਨਮ ਨਹੀਂ ਹੁੰਦਾ। ਗੀਤਾ ਅਧਿਆਇ 15 ਸਲੋਕ 1 ਤੋਂ 4 ਵਿੱਚ ਵੀ ਪ੍ਰਮਾਣ ਹੈ। ਇਸਲਈ ਗੀਤਾ ਅਧਿਆਇ 18 ਸਲੋਕ 66 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਗੀਤਾ ਅਧਿਆਇ 18 ਸਲੋਕ 62 ਵਿੱਚ ਜਿਸ ਹੋਰ ਉਸ ਪਰਮੇਸ਼ਵਰ ਦੀ ਸ਼ਰਣ ਵਿੱਚ ਜਾਣ ਨੂੰ ਕਿਹਾ ਹੈ ਉਸ ਦੀ ਵਿਧੀ ਹੈ ਕਿ :-

ਗੀਤਾ ਅਧਿਆਇ 18 ਸਲੋਕ 66 ਦਾ ਹਿੰਦੀ ਅਨੁਵਾਦ

सर्वधर्मान्परित्यज्य मामेकं शरणं व्रज।
अहं त्वा सर्वपापेभ्यो मोक्षयिष्यामि मा शुचः। ६६।

ਸਰਵਧ੍ਰਮਾਨ੍ ਪਰਿਤਜਯਮਾਮ੍ ਏਕਮ੍ ਸ਼ਰਣਮ੍ ਵ੍ਰਜ।
ਅਹਮ੍ ਤਵਾ ਸਰਵ ਪਾਪੇਭਯਮ੍ ਮੋਕਸ਼ਿਯਾਮਿ ਮਾ ਸ਼ੁਚਮ੍॥

ਅਨੁਵਾਦ: ਮੇਰੀ (ਸਰਵਧ੍ਰਮਾਨ੍) ਸਭ ਧਾਰਮਿਕ ਪੂਜਾਵਾਂ, ਅਰਥਾਤ ਓਮ ਨਾਮ ਦੇ ਜਾਪ ਕੀ ਕਮਾਈ ਅਤੇ ਯੱਗ ਆਦਿ ਨੂੰ (ਮਾਮ੍) ਮੇਰੇ ਗੀਤਾ ਗਿਆਨ ਦਾਤਾ ਵਿੱਚ (ਪਰਿਤਜਯ) ਤਿਆਗ ਕੇ (ਏਕਮ੍) ਉਸ ਇੱਕ ਸਰਵਸ਼ਕਤੀਮਾਨ ਪਰਮੇਸ਼ਵਰ ਦੀ (ਸ਼ਰਣਮ੍) ਸ਼ਰਣ ਵਿੱਚ (ਵ੍ਰਜ) ਜਾ (ਅਹਮ੍) ਮੈਂ ਅਰਥਾਤ ਗੀਤਾ ਗਿਆਨ ਦਾਤਾ (ਤਵਾ) ਤੈਨੂੰ (ਸਰਵਪਾਪੇਭਯਮ੍) ਸੰਪੂਰਣ ਪਾਪਾਂ ਤੋਂ ਮੁਕਤ ਕਰ ਦਿਆਂਗਾ (ਮਾ ਸ਼ੁਚਮ੍) ਤੂੰ ਸ਼ੋਕ ਨਾ ਕਰ (ਗੀਤਾ ਅ.18/ਮੰ.66)

ਨੋਟ ਵਿਸ਼ੇਸ਼ :- ਅੱਜ (ਸੰਨ 2014) ਤੱਕ ਜਿੰਨੇ ਵੀ ਗੀਤਾ ਜੀ ਦੇ ਅਨੁਵਾਦ ਕਰਨ ਵਾਲਿਆਂ ਨੇ ਗੀਤਾ ਜੀ ਦੇ ਅਨੁਵਾਦ ਵਿੱਚ ਵ੍ਰਜ ਸ਼ਬਦ ਦਾ ਅਰਥ ਆਉਣਾ ਕੀਤਾ ਹੈ ਜਦਕਿ ਵ੍ਰਜ ਸ਼ਬਦ ਦਾ ਅਰਥ ਜਾਣਾ, ਚਲੇ ਜਾਣਾ, ਦੂਰ ਜਾਣਾ, ਗਮਨ ਕਰਨਾ ਹੈ। ਤੱਤਵ ਗਿਆਨ ਦੀ ਕਮੀ ਨਾਲ ਹੀ ਸ਼੍ਰੀ ਮਦ੍ ਭਗਵਤ ਗੀਤਾ ਜੀ ਦੇ ਗਿਆਨ ਦਾ ਆਪਣੇ ਹਿੰਦੀ ਅਨੁਵਾਦ ਵਿੱਚ ਅਗਿਆਨ ਕੀਤਾ ਹੈ। ਜਿਵੇਂ ਅੰਗਰੇਜ਼ੀ ਦੇ ਸ਼ਬਦ ਗੋ ਦਾ ਅਰਥ ਜਾਣਾ ਹੁੰਦਾ ਹੈ ਜੇਕਰ ਗੋ ਦਾ ਅਰਥ ਕਿਤੇ ਆਉਣਾ ਕੀਤਾ ਹੋਵੇ ਤਾਂ ਉਹ ਠੀਕ ਨਹੀਂ ਹੈ। ਉਪਰੋਕਤ ਇਸ ਵਿਸ਼ੇਸ਼ ਵਿਵਰਣ ਦਾ ਭਾਵਅਰਥ ਹੈ ਕਿ ਪੂਰਣ ਪਰਮਾਤਮਾ ਕੋਈ ਹੋਰ ਹੀ ਹੈ ਜਿਸਦਾ ਉੱਲੇਖ ਗੀਤਾ ਅਧਿਆਇ 15 ਸਲੋਕ 16-17 ਵਿੱਚ ਵੀ ਹੈ। ਜਿਸ ਪੂਰਣ ਬ੍ਰਹਮ ਦੀ ਸ਼ਰਣ ਵਿੱਚ ਜਾਣ ਨਾਲ ਹੀ ਜੀਵ ਆਤਮਾ ਪੂਰਣ ਮੋਕਸ਼ (ਪਰਮਸ਼ਾਂਤੀ) ਨੂੰ ਪ੍ਰਾਪਤ ਕਰਦਾ ਹੈ। ਉਸ ਦੇ ਕੋਲ ਜਾਣ ਦਾ ਮਾਰਗ ਤੱਤਵਦਰਸ਼ੀ ਸੰਤ ਦੱਸੇਗਾ (ਗੀਤਾ ਅਧਿਆਇ 4/ਮੰ.34 ਵਿੱਚ ਤੱਤਵਦਰਸ਼ੀ ਸੰਤ ਦਾ ਉੱਲੇਖ ਹੈ) ਤਿੰਨ ਨਾਮ ਦੀ ਭਗਤੀ ਕਰਕੇ ਪ੍ਰਥਮ ਮੰਤਰ ਓਮ ਅੱਖਰ ਦੇ ਜਾਪ ਦੀ ਕਮਾਈ ਅਤੇ ਯੱਗ ਆਦਿ ਕ੍ਰਿਆਵਾਂ ਦਾ ਪੁੰਨ ਬ੍ਰਹਮਕਾਲ (ਜੋਤੀ ਨਿਰੰਜਨ) ਵਿੱਚ ਤਿਆਗ ਦੇਣ ਤੋਂ ਬਾਅਦ ਕਰਜ਼ਾ ਮੁਕਤ ਹੋ ਕੇ ਜੀਵ ਆਤਮਾ ਨਿਸ਼ਪਾਪ ਹੋ ਕੇ ਸਤਲੋਕ ਵਿੱਚ ਉਸ ਪਰਮੇਸ਼ਵਰ (ਤਤ੍ ਬ੍ਰਹਮ) ਦੇ ਕੋਲ ਚਲਾ ਜਾਵੇਗਾ ਉਸ ਪਰਮ ਅਕਸ਼ਰ ਬ੍ਰਹਮ (ਪੂਰਣ ਪਰਮਾਤਮਾ) ਦੀ ਕਿਰਪਾ ਨਾਲ ਹੀ ਪ੍ਰਾਣੀ ਪਰਮਸ਼ਾਂਤੀ ਅਰਥਾਤ ਪੂਰਣ ਮੋਕਸ਼ ਪ੍ਰਾਪਤ ਕਰੇਗਾ। ਇਸੇ ਲਈ ਭਗਤ ਧਰਮਦਾਸ ਜੀ ਤੁਹਾਨੂੰ ਕਾਲ ਦੇ ਕਰਜ਼ੇ ਤੋਂ ਮੁਕਤ ਹੋਣਾ ਹੈ ਉਸ ਦੀ ਵਿਧੀ ਉਪਰੋਕਤ ਹੈ।}

**ਧਰਮਦਾਸ ਜੀ ਨੇ ਨਿਮਰਤਾ ਨਾਲ ਬੇਨਤੀ ਪੂਰਵਕ ਕਿਹਾ ਕਿ ਹੇ ਪਰਮੇਸ਼ਵਰ !**

**ਬ੍ਰਹਮ (ਕਾਲ) ਦੇ ਕਰਜ਼ੇ ਤੋਂ ਮੁਕਤ ਹੋਣ ਦੀ ਵਿਧੀ ਕੀ ਹੈ? ਕਿਰਪਾ ਮੈਨੂੰ ਅਪਰਾਧੀ ਨੂੰ ਦੱਸੋ। ਪਰਮੇਸ਼ਵਰ ਨੇ ਕਿਹਾ ਹੇ ਧਰਮਦਾਸ! ਮੈਂ ਕਾਸ਼ੀ ਸ਼ਹਿਰ ਵਿੱਚ (ਭਾਰਤ ਵਰਸ਼ ਦੀ ਪਵਿੱਤਰ ਧਰਤੀ 'ਤੇ) "ਕਬੀਰ" ਨਾਮ ਧਾਰਣ ਕਰਕੇ ਜੁਲਾਹੇ ਦਾ ਕੰਮ ਕਰਨ ਦਾ ਅਭਿਨਯ ਕਰਕੇ ਤੱਤਵਦਰਸ਼ੀ ਸੰਤ ਦੀ ਭੂਮਿਕਾ ਕਰਨ ਗਿਆ ਹੋਇਆ ਹਾਂ। ਮੈਂ ਕਾਸ਼ੀ ਸ਼ਹਿਰ ਦੇ ਲਹਿਰ ਤਾਰਾ ਨਾਮਕ ਜਲਾਸ਼ਯ ਵਿੱਚ ਇੱਕ ਕਮਲ ਦੇ ਫੁੱਲ ਉੱਤੇ ਸ਼ਿਸ਼ੂ ਰੂਪ ਧਾਰਣ ਕੀਤਾ ਸੀ। ਉਸ ਦਿਨ ਨੀਰੂ ਨਾਮਕ ਜੁਲਾਹਾ ਆਪਣੀ ਪਤਨੀ ਨੀਮਾ ਦੇ ਨਾਲ ਉਸ ਤਲਾਬ ਵਿੱਚ ਇਸ਼ਨਾਨ ਕਰਨ ਲਈ ਆਇਆ ਸੀ। ਉਹ ਬੇਔਲਾਦ ਸੀ। ਮੈਨੂੰ ਬਾਲਕ ਰੂਪ ਵਿੱਚ ਪ੍ਰਾਪਤ ਕਰਕੇ ਉਸ ਦੀ ਪਤਨੀ ਨੀਮਾ ਦਾ ਮੇਰੇ ਪ੍ਰਤੀ ਬਹੁਤ ਪ੍ਰੇਮ ਹੋ ਗਿਆ। ਉਹ ਮੈਨੂੰ ਆਪਣੇ ਘਰ ਲੈ ਗਏ ਅਤੇ ਪੁੱਤਰ ਰੂਪ ਵਿੱਚ ਮੇਰਾ ਪਾਲਣ ਕੀਤਾ। ਮੈਂ ਕੁਆਰੀ ਗਾਂ ਦਾ ਦੁੱਧ ਬਚਪਨ ਵਿੱਚ ਪੀਤਾ ਸੀ ਜੋ ਮੇਰੀ ਕਿਰਪਾ ਨਾਲ ਹੀ ਸੰਭਵ ਹੋ ਸਕਿਆ ਸੀ। ਮੈਂ ਜਦ ਵੀ ਜਿਸ ਯੁੱਗ ਵਿੱਚ ਪ੍ਰਗਟ ਹੁੰਦਾ ਹਾਂ ਅਤੇ ਇੱਕ ਮਾਨਵ ਜੀਵਨ ਵਰਗੀ ਪੂਰਣ ਲੀਲਾ ਕਰਨ ਜਾਂਦਾ ਹਾਂ ਤਾਂ ਉਸ ਸਮੇਂ ਸ਼ਿਸ਼ੂ ਰੂਪ ਹੀ ਧਾਰਣ ਕਰਦਾ ਹਾਂ। ਤਦ ਮੇਰੀ ਪਰਵਰਿਸ਼ (ਪਾਲਣ) ਲੀਲਾ ਕੁਆਂਰੀ ਗਾਂਵਾਂ ਨਾਲ ਹੀ ਹੁੰਦੀ ਹੈ।**

{ਵਿਸ਼ੇਸ਼ :- ਇਹੀ ਪ੍ਰਮਾਣ "ਰਿਗਵੇਦ" ਮੰਡਲ 9 ਸੁਕਤ 1 ਮੰਤਰ 9 ਅਤੇ ਮੰਡਲ 9 ਸੁਕਤ 96 ਮੰਤਰ 16 ਤੋਂ 20 ਤੱਕ ਵਿੱਚ ਵੀ ਹੈ।

ਹੇ ਧਰਮਦਾਸ! ਕਾਲ ਬ੍ਰਹਮ ਨੇ ਸਭ ਆਤਮਾਵਾਂ ਨੂੰ ਜੀਵਰੂਪ ਪ੍ਰਦਾਨ ਕਰ ਦਿੱਤਾ ਹੈ ਅਤੇ ਤੱਤਵਗਿਆਨ ਨੂੰ ਛੁਪਾ ਕੇ ਲੋਕਵੇਦ (ਕਹੇ-ਸੁਣੇ ਗਿਆਨ) ਤੇ ਆਰੁੜ੍ਹ ਕੀਤਾ ਹੋਇਆ ਹੈ। ਇਸਲਈ ਤੱਤਵਗਿਆਨ ਦੱਸਣ ਦੇ ਲਈ ਮੈਂ (ਕਵਿਰਦੇਵ) ਉੱਥੇ ਤੱਤਵਦਰਸ਼ੀ ਸੰਤ ਦੀ ਭੂਮਿਕਾ ਕਰਕੇ ਇੱਕ ਪੂਰਣ ਜੀਵਨ (ਜੋ ਮਾਨਵ ਦਾ ਹੁੰਦਾ ਹੈ) ਧਰਤੀ 'ਤੇ ਰਹਿੰਦਾ ਹਾਂ। ਮੈਨੂੰ ਪ੍ਰਸਿੱਧ ਕਵੀ ਦੀ ਉਪਾਧੀ ਵੀ ਜਨਤਾ ਦੁਆਰਾ ਦਿੱਤੀ ਜਾਂਦੀ ਹੈ ਉਹ ਮੇਰੇ 'ਤੇ ਵਿਸ਼ਵਾਸ ਨਹੀਂ ਕਰਦੇ। ਭੋਲੇ ਸ਼ਰਧਾਲੂ ਮੈਨੂੰ ਪਰਮੇਸ਼ਵਰ ਨੂੰ ਜਾਣ ਨਹੀਂ ਪਾਉਂਦੇ ਕਿਉਂਕਿ ਕਾਲ ਬ੍ਰਹਮ ਦੇ ਲੋਕ ਵੇਦ ਦੇ ਆਧਾਰ ਤੇ ਸਭ ਕਾਲ ਦੇ ਦੂਤਾਂ (ਸੰਤਾਂ) ਨੇ ਪਰਮੇਸ਼ਵਰ ਨੂੰ ਨਿਰਾਕਾਰ ਦੱਸਿਆ ਹੁੰਦਾ ਹੈ ਅਤੇ ਸਮਾਧੀ ਵਿੱਚ ਉਸਦਾ ਪ੍ਰਕਾਸ਼ ਸਰੀਰ ਵਿੱਚ ਦੇਖਣਾ ਹੀ ਆਖਰੀ ਉਪਲਬਧੀ ਅਰਥਾਤ ਪ੍ਰਭੂ ਪ੍ਰਾਪਤੀ ਦੱਸੀ ਹੁੰਦੀ ਹੈ। ਜਦ ਕਿ ਚਾਰੇ ਵੇਦ ਗਵਾਹ ਹਨ ਕਿ ਪਰਮੇਸ਼ਵਰ ਸਹਿਸਰੀਰ ਹੈ। ਮਾਨਵ ਵਾਂਗ ਸਕਾਰ ਹੈ। ਯਜੁਰਵੇਦ ਅਧਿਆਇ 5 ਸਲੋਕ 1 ਵਿੱਚ ਮੇਰੀ ਦੋਨੋਂ ਸਥਿਤੀਆਂ ਵਿੱਚ ਸਹਿਸਰੀਰ ਹੋਣ ਦਾ ਪ੍ਰਮਾਣ ਹੈ। ਫਿਰ ਵੀ ਗਿਆਨ-ਹੀਣ ਰਿਸ਼ੀਜਨ ਕਾਲ ਦੁਆਰਾ ਹਰੀ ਗਈ ਬੁੱਧੀ ਦੇ ਕਾਰਣ ਲੋਕ ਵੇਦ ਨੂੰ ਹੀ ਉੱਤਮ ਮੰਨਦੇ ਰਹਿੰਦੇ ਹਨ ਅਤੇ ਇਹੀ ਲੋਕ ਵੇਦ ਜਨਤਾ ਵਿੱਚ ਪ੍ਰਚਾਰ ਕਰਕੇ ਦਿਗਭ੍ਰਸ਼ਟ (ਗੁਮਰਾਹ) ਕਰਦੇ ਰਹਿੰਦੇ ਹਨ।

ਯਜੁਰਵੇਦ ਅਧਿਆਇ 5 ਮੰਤਰ 1 ਵਿੱਚ ਲਿਖਿਆ ਹੈ

ਅਗਨੇ: ਤਨੁ: ਅਸਿ। ਵਿਸ਼ਣਵੇ ਤਵਾ ਸੋਮਸਯ ਤਨੁ: ਅਸਿ।

ਵਿਸ਼ਣਵੇ ਤਵਾ ਅਤਿਥਯੇਹ ਅਤਿਥਯਮ੍ ਅਸਿ ਵਿਸ਼ਣਵੇਤਵਾ ਸ਼ਯੇਨਾਯ ਤਵਾ ਸੋਮ ਭ੍ਰਤੇ ਵਿਸ਼ਣਵੇ ਤਵਾ ਅਗਨਵੇ ਤਵਾ ਅਗ੍ਨਯੇ ਤ੍ਵਾ ਰਾਯਹ ਪੋਸ਼ਦੇ ਵਿਸ਼ਣਵੇ ਤ੍ਵਾ (1)

ਅਨੁਵਾਦ (ਹਿੰਦੀ ਵਿੱਚ) :- (ਅਗਨੇ:) ਹੇ ਪਰਮੇਸ਼ਵਰ ਤੁਹਾਡਾ (ਤਨੁ:) ਸਰੀਰ (ਅਸਿ) ਹੇ ਅਰਥਾਤ ਹੇ ਪਰਮੇਸ਼ਵਰ ਤੁਸੀ ਸਹਿਸਰੀਰ ਹੋ। (ਵਿਸ਼ਣਵੇ) ਸਭ ਦਾ ਪਾਲਣ ਕਰਨ ਦੇ ਲਈ (ਤਵਾ) ਉਸ (ਸੋਮਸਯ) ਅਮਰ ਪਰਮੇਸ਼ਵਰ ਦਾ (ਤਨੁ:) ਸਰੀਰ (ਅਸੀ) ਹੈ। (ਤਵਾ) ਉਹ ਪਰਮੇਸ਼ਵਰ (ਵਿਸ਼ਣਵੇ) ਤੱਤਵ ਗਿਆਨ ਨਾਲ ਪਰਿਪੂਰਣ ਕਰਨ ਦੇ ਲਈ

ਅਰਥਾਤ ਤੱਤਵ ਗਿਆਨ ਨਾਲ ਆਤਮਾਵਾਂ ਦਾ ਪੋਸ਼ਣ ਕਰਨ ਦੇ ਲਈ (ਅਤਿਥਯੇ) ਅਤਿਥੀ ਰੂਪ ਵਿੱਚ ਆਉਂਦਾ ਹੈ ਉਸ ਅਤਿਥੀ ਰੂਪ ਵਿੱਚ ਆਏ ਪਰਮੇਸ਼ਵਰ ਦਾ (ਅਤਿਥਯਮ੍) ਅਤਿਥੀ ਸਤਿਕਾਰ ਕਰਨ ਯੋਗ ਹੈ ਅਰਥਾਤ ਉਹੀ ਤੱਤਵਦਰਸ਼ੀ ਸੰਤ ਰੂਪ ਵਿੱਚ ਪ੍ਰਗਟ ਪਰਮੇਸ਼ਵਰ ਪੂਜਯ ਹੈ। (ਤਵਾ) ਉਹ ਪਰਮੇਸ਼ਵਰ (ਵਿਸ਼ਣਵੇ) ਤੱਤਵ ਗਿਆਨ ਦੁਆਰਾ ਆਤਮਾਵਾਂ ਦਾ ਪੋਸ਼ਣ ਕਰਨ ਦੇ ਲਈ (ਸ਼ਯੇਨਾਯ) ਅਲਲ ਪੰਛੀ ਦੀ ਤਰ੍ਹਾਂ ਸ਼ੀਘ੍ਰ ਗਾਮੀ ਹੋ ਕੇ ਇੱਥੇ ਆ ਕੇ ਅਗਿਆਨ ਨੀਂਦ ਵਿੱਚ ਸੋਏ ਹੋਇਆਂ ਨੂੰ ਜਗਾਉਣ ਵਾਲ਼ਾ ਹੈ। (ਤਵਾ) ਉਹ ਪਰਮੇਸ਼ਵਰ ਖੁਦ (ਸੋਮਭ੍ਰਤੇ) ਸਤਿਪੁਰਸ਼ ਦੀ ਭਗਤੀ ਰੂਪੀ ਅਮ੍ਰਿਤ ਨਾਲ ਭਰਪੂਰ ਕਰਨ ਵਾਲ਼ਾ (ਤਵਾ) ਉਹ ਪਰਮੇਸ਼ਵਰ ਖੁਦ ਹੀ (ਵਿਸ਼ਣਵੇ) ਪਾਲਣ ਦੇ ਲਈ ਵਿਸ਼ਨੂੰ ਰੂਪ ਵਿੱਚ ਪ੍ਰਸਿੱਧ ਹੈ। (ਅਗਨੇਯ) ਪਰਮੇਸ਼ਵਰ ਦੇ ਲਈ ਕੋਈ ਵੀ ਕੰਮ ਅਸੰਭਵ ਨਹੀਂ ਹੈ ਉਹ ਪਰਮੇਸ਼ਵਰ (ਤਵਾ) ਖੁਦ (ਰਾਯ:ਪੋਸ਼ਦੇ) ਭਗਤੀ ਰੂਪੀ ਧਨ ਨਾਲ ਭਰਪੂਰ ਕਰਨ ਵਾਲ਼ਾ (ਵਿਸ਼ਣਵੇ) ਅਤੇ ਪਾਲਣ ਕਰਨ ਦੇ ਲਈ ਪਾਲਣ ਕਰਤਾ ਹੈ।

ਭਾਵਅਰਥ:- ਇਸ ਮੰਤਰ ਵਿੱਚ ਵੇਦ ਗਿਆਨ ਦਾਤਾ ਨੇ ਪੂਰਣ ਪਰਮਾਤਮਾ ਦੀ ਮਹਿਮਾ ਅਤੇ ਸਥਿਤੀ ਦੱਸੀ ਹੈ। ਇਸ ਵਿੱਚ ਦੋ ਵਾਰ ਗਵਾਹੀ ਦਿੱਤੀ ਹੈ ਕਿ ਪਰਮੇਸ਼ਵਰ ਸਹਿਸ-ਰੀਰ ਹੈ। ਉਸ ਪਰਮੇਸ਼ਵਰ ਅਰਥਾਤ ਅਮਰ ਪੁਰਸ਼ ਦਾ ਹੋਰ ਸਰੀਰ ਵੀ ਹੈ ਜਿਸਨੂੰ ਧਾਰਣ ਕਰਕੇ ਇਸ ਲੋਕ ਵਿੱਚ ਅਤਿਥੀ ਅਰਥਾਤ ਮਹਿਮਾਨ ਰੂਪ ਵਿੱਚ ਆਉਂਦਾ ਹੈ। ਅਤਿਥੀ ਦਾ ਅਰਥ ਹੈ ਜਿਸ ਦੇ ਆਉਣ ਦੀ ਤਿਥੀ ਪਹਿਲਾਂ ਨਿਰਧਾਰਤ ਨਾ ਹੋਵੇ। ਬਿਨਾਂ ਨਿਰਧਾਰਤ ਤਿਥੀ ਨੂੰ ਆਉਣ ਵਾਲ਼ੇ ਨੂੰ ਅਤਿਥੀ ਕਹਿੰਦੇ ਹਨ। ਉਹ ਪਰਮਾਤਮਾ ਅਤਿਥੀ ਰੂਪ ਵਿੱਚ ਸੰਤ ਰੂਪ ਧਾਰਣ ਕਰਕੇ ਤੱਤਵਗਿਆਨ ਦੁਆਰਾ ਸਭ ਆਤਮਾਵਾਂ ਨੂੰ ਯਥਾਰਥ ਭਗਤੀ ਸਾਧਨਾ ਦੱਸ ਕੇ ਭਗਤੀ ਰੂਪੀ ਧਨ ਨਾਲ ਧਨੀ ਬਣਾਉਂਦਾ ਹੈ। ਉਹ ਅਲਲ ਪੰਛੀ ਦੀ ਤਰ੍ਹਾਂ ਤੇਜ਼ ਗਤੀ ਵਾਲਾ ਹੈ। ਉਹੀ ਪੂਜਾ ਦੇ ਯੋਗ ਹੈ। ਇਹੀ ਪ੍ਰਮਾਣ ਰਿਗਵੇਦ ਮੰਡਲ 9 ਸੁਕਤ 86 ਮੰਤਰ 26-27 ਸੁਕਤ 82 ਮੰਤਰ 1 ਤੋਂ 3 ਵਿੱਚ ਵੀ ਹੈ}

**ਪਰਮੇਸ਼ਵਰ ਨੇ ਕਿਹਾ ਹੇ ਧਰਮਦਾਸ ! ਤੁਸੀਂ ਕਾਸ਼ੀ ਸ਼ਹਿਰ ਵਿੱਚ ਆਓ ਤੁਹਾਨੂੰ ਦੂਸਰਾ ਮੰਤਰ ਅਰਥਾਤ ਸਤਿਨਾਮ ਪ੍ਰਦਾਨ ਕਰਾਂਗਾ ਫਿਰ ਤੁਹਾਡੀ ਭਗਤੀ ਕਮਾਈ ਦੇਖ ਕੇ ਸਾਰਨਾਮ (ਜੋ ਤਿੰਨ ਮੰਤਰ ਦਾ ਹੁੰਦਾ ਹੈ) ਦੇ ਕੇ ਪੂਰਣ ਮੋਕਸ਼ ਦਾ ਅਧਿਕਾਰੀ ਬਣਾਵਾਂਗਾ। ਤੁਸੀਂ ਵਾਪਸ ਜਾਓ। ਚਿੰਤਾ ਨਾ ਕਰ ਮੈਂ ਤੇਰੇ ਨਾਲ-ਨਾਲ ਰਹਾਂਗਾ। ਕਾਲ ਦੁਆਰਾ ਦਿੱਤੀ ਜਾਣ ਵਾਲ਼ੀ ਹਰੇਕ ਪੀੜਾ ਤੋਂ ਤੇਰੀ ਰੱਖਿਆ ਕਰਾਂਗਾ। ਤੀਸਰੇ ਦਿਨ ਧਰਮਦਾਸ ਜੀ ਸਚੇਤ ਹੋਇਆ ਅਰਥਾਤ ਹੋਸ਼ ਵਿੱਚ ਆਇਆ। ਆਪਣੇ ਕੋਲ ਬੈਠੇ ਰਿਸ਼ਤੇਦਾਰਾਂ ਨੂੰ ਦੇਖ ਕੇ ਹੈਰਾਨ ਹੋਇਆ ਕਿ ਅਸਲ ਵਿੱਚ ਮੈਂ ਸਤਲੋਕ ਦੀ ਸੈਰ ਕਰਕੇ ਆਇਆ ਹਾਂ। ਜੇਕਰ ਧਰਮਦਾਸ ਜੀ ਨੂੰ ਇਹ ਸਭ ਸਤਲੋਕ ਦੀ ਸੈਰ ਇੱਕ ਰਾਤ ਵਿੱਚ ਹੋ ਜਾਂਦੀ ਤਾਂ ਉਹ ਇਸਨੂੰ ਸੁਪਨਾ ਮਾਤਰ ਸਮਝਦਾ। ਧਰਮਦਾਸ ਜੀ ਦੇ ਹੋਸ਼ ਵਿੱਚ ਆਉਣ ਨਾਲ ਸਾਰੇ ਰਿਸ਼ਤੇਦਾਰਾਂ ਦੇ ਦਿਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।**

**ਧਰਮਦਾਸ ਜੀ ਪ੍ਰਿਥਵੀ 'ਤੇ ਆ ਕੇ ਬਹੁਤ ਦੁਖੀ ਹੋ ਗਏ। ਆਪਣੀ ਪਤਨੀ ਆਮਿਨੀ ਨੂੰ ਦੱਸਿਆ ਕਿ ਜੋ ਜ਼ਿੰਦਾ ਮਹਾਤਮਾ ਰੂਪ ਵਿੱਚ ਆਪਣੇ ਘਰ ਆਏ ਸਨ ਉਹ ਪੂਰਣ ਪਰਮਾਤਮਾ ਹਨ। ਉਹਨਾਂ ਦੀ ਮਹਿਮਾ ਨੂੰ ਮੈਂ ਅੱਖੀਂ ਦੇਖ ਕੇ ਆਇਆ ਹਾਂ। ਉਹ ਮੈਨੂੰ ਆਪਣੇ ਨਾਲ ਸਤਲੋਕ ਵਿੱਚ ਲੈ ਕੇ ਗਏ ਸਨ। ਅੱਜ ਵਾਪਸ ਭੇਜਿਆ ਹੈ। ਇਹ ਤਾਂ ਕਾਲ ਦਾ ਭਿਆਨਕ ਲੋਕ ਹੈ। ਉਹ ਪਰਮੇਸ਼ਵਰ ਬਨਾਰਸ (ਕਾਸ਼ੀ) ਵਿੱਚ ਕਬੀਰ ਨਾਮ ਨਾਲ ਪ੍ਰਗਟ ਹਨ ਅਤੇ ਜੁਲਾਹੇ ਦਾ ਕੰਮ ਕਰਦੇ ਹਨ। ਮੈਂ ਕਾਸ਼ੀ ਸ਼ਹਿਰ ਵਿੱਚ ਜਾ ਕੇ ਪਰਮੇਸ਼ਵਰ ਦੇ ਦਰਸ਼ਨ ਕਰਾਂਗਾ। ਦੂਸਰੇ ਦਿਨ ਧਰਮਦਾਸ ਜੀ ਨੇ ਕਾਸ਼ੀ ਨੂੰ ਪ੍ਰਸਥਾਨ ਕੀਤਾ। ਕਾਸ਼ੀ ਸ਼ਹਿਰ**

ਵਿਚ ਕਬੀਰ ਪਰਮੇਸ਼ਵਰ ਦਾ ਓਹੀ ਰੂਪ ਜੋ ਸਤਲੋਕ ਵਿਚ ਜ਼ਿੰਦਾ ਰੂਪ ਵਿਚ ਸਿੰਘਾਸਨ ਤੇ ਵਿਰਾਜਮਾਨ ਵੇਖਿਆ ਸੀ ਬਨਾਰਸ ਵਿੱਚ ਵੇਖ ਕੇ ਉਨ੍ਹਾਂ ਦੇ ਚਰਨਾਂ ਵਿੱਚ ਡਿੱਗ ਪਿਆ ਅਤੇ ਧਿਆਨ ਪੂਰਵਕ ਵੇਖਦਾ ਰਿਹਾ ਤਾਂ ਪਰਮੇਸ਼ਵਰ ਨੇ ਬਿਨਾਂ ਨਾਂ ਪੁੱਛੇ ਹੀ ਕਿਹਾ, ਆਓ ਧਰਮਦਾਸ ਮੈ ਆਪ ਦਾ ਹੀ ਇੰਤਜ਼ਾਰ ਕਰ ਰਿਹਾ ਸੀ। ਪਰਮੇਸ਼ਵਰ ਦੇ ਮੁੱਖ ਤੋਂ ਆਪਣਾ ਨਾਂ ਸੁਣ ਕੇ ਨਿਰਸੰਸ਼ੇ ਹੋ ਗਿਆ ਕਿ ਇਹ ਓਹੀ ਪਰਮੇਸ਼ਵਰ ਹੈ। ਧਰਮ ਦਾਸ ਜੀ ਨੇ ਅੱਖਾਂ ਵਿੱਚ ਪਾਣੀ ਭਰ ਕੇ ਭਰੇ ਗਲੇ ਨਾਲ ਕਿਹਾ ਕਿ ਹੇ ਦੀਨ ਦਿਆਲ! ਆਪ ਸਾਡੇ ਪਾਪੀਆਂ ਦੇ ਲਈ ਆਪਣਾ ਸੁਖਦਾਈ ਸਥਾਨ ਤਿਆਗ ਕਸ਼ਟ ਉਠਾਉਂਣ ਲਈ ਆਏ ਹੋ।

ਪਰਮੇਸ਼ਵਰ ਬੋਲੇ,ਹੇ ਪਿਆਰੀ ਆਤਮਾ ਧਰਮ ਦਾਸ! ਮੈ ਸਾਰੇ ਪ੍ਰਾਣੀਆਂ ਦਾ ਪਿਤਾ ਹਾਂ। ਪਿਤਾ ਆਪਣੀ ਸੰਤਾਨ ਨੂੰ ਸੁਖੀ ਕਰਨ ਲਈ ਖੁਦ ਅਨੇਕਾਂ ਕਸ਼ਟ ਉਠਾ ਕੇ ਵੀ ਕਸ਼ਟ ਮਹਿਸੂਸ ਨਹੀਂ ਕਰਦਾ। ਪਰੰਤੂ ਇਸ ਕਾਲ ਬ੍ਰਹਮ ਨੇ ਮੇਰੀ ਆਤਮਾਵਾਂ ਨੂੰ ਉਲਟੇ ਗਿਆਨ ਨਾਲ ਭ੍ਰਮਿਤ ਕਰ ਰੱਖਿਆ ਹੈ।ਜਿਸ ਕਾਰਨ ਨਾਲ ਇਹ ਮੈਨੂੰ ਪਹਿਚਾਣ ਨਹੀਂ ਪਾ ਰਹੇ। ਆਪ ਨੂੰ ਇਸ ਲਈ ਸਤਲੋਕ ਦੇ ਦਰਸ਼ਨ ਕਰਾਏ ਹਨ ਕਿ ਆਪ ਮੇਰੇ ਗਿਆਨ ਦੇ ਗਵਾਹ (ਸਾਕਸ਼ੀ)ਬਣ ਸਕੋ। ਆਉਣ ਵਾਲੇ ਸਮੇਂ ਵਿੱਚ ਆਪ ਨੂੰ ਮੇਰਾ ਗਵਾਹ ਮੰਨਿਆ ਜਾਵੇਗਾ।

ਮੈਂ ਰੋਵਤ ਹੂੰ ਸ੍ਰਿਸ਼ਟੀ ਕੋ,ਸ੍ਰਿਸ਼ਟੀ ਰੋਵਤ ਮੋਹੇ।
ਕਹੇ ਕਬੀਰ ਇਸ ਵਿਯੋਗ ਕੋ, ਜਾਨ ਨਾ ਸਕਤਾ ਕੋਏ॥

ਭਾਵਾਰਥ:-ਕਬੀਰ ਪਰਮੇਸ਼ਵਰ ਨੇ ਕਿਹਾ , ਮੈਂ ਆਪਣੀਆਂ ਆਤਮਾਵਾਂ ਲਈ ਰੋਂਦਾ ਹਾਂ ਕਿ ਮੈਨੂੰ ਪਹਿਚਾਣੋਂ ਅਤੇ ਸਤਲੋਕ ਚਲੋ। ਆਤਮਾਵਾਂ ਸੁਖਦਾਈ ਪਰਮੇਸ਼ਵਰ ਨੂੰ ਖੋਜ ਰਹੀਆਂ ਹਨ।ਪਰਮ ਸ਼ਾਂਤੀ ਪ੍ਰਦਾਨ ਕਰਨ ਵਾਲੇ ਪਰਮੇਸ਼ਵਰ ਲਈ ਰੋਂਦੀਆਂ ਹਨ। ਮੈਂ ਕਹਿੰਦਾ ਹਾਂ ਕਿ ਮੈਂ ਪੂਰਨ ਪਰਮਾਤਮਾ ਹਾਂ । ਇਹ ਕਾਲ ਬ੍ਰਹਮ ਦੁਆਰਾ ਭਰਮਿਤ ਆਤਮਾਵਾਂ ਕਹਿੰਦੀਆਂ ਹਨ ਕਿ ਤੂੰ ਜੁਲਾਹਾ ਕਿਵੇਂ ਪੂਰਨ ਪਰਮਾਤਮਾ ਹੋ ਸਕਦਾ ਹੈ? ਇਸ ਤਰ੍ਹਾਂ ਸਾਡੇ ਵਿਯੋਗ ਨੂੰ ਕੋਈ ਨਹੀਂ ਸਮਝ ਰਿਹਾ। ਆਪ ਵਰਗੀਆਂ ਪੁੰਨ ਆਤਮਾਵਾਂ ਦੁਆਰਾ ਇਨ੍ਹਾਂ ਦਾ ਭਰਮ ਨਿਵਾਰਨ ਕਰਕੇ ਤੱਤਵ ਗਿਆਨ ਪ੍ਰਦਾਨ ਕਰਾਂਗਾ ਅਤੇ ਸੱਤ ਸਾਧਨਾ ਦੱਸ ਕੇ ਭਗਤੀ ਦੇ ਧਨੀ ਬਣਾਵਾਂਗਾ ।ਜਿਸ ਨਾਲ ਇਹ ਸਾਰੇ ਸਾਧਕ ਕਾਲ ਬ੍ਰਹਮ ਦੇ ਕਰਜ਼ ਤੋ ਮੁਕਤ ਹੋ ਕੇ ਪੂਰਨ ਮੋਕਸ਼ ਪ੍ਰਾਪਤ ਕਰਕੇ ਮੇਰੇ ਕੋਲ ਸਤਲੋਕ ਵਿਚ ਆਨੰਦ ਨਾਲ ਰਹਿਣਗੇ।

## '' ਤੱਪਤਸ਼ਿਲਾ ਉੱਪਰ ਸੜ ਰਹੇ ਪ੍ਰਾਣੀਆਂ ਨਾਲ ਗੱਲਬਾਤ ''

ਧਰਮਦਾਸ ਜੀ ਨੇ ਪ੍ਰਸ਼ਨ ਕੀਤਾ ਕਿ ਹੇ ਪਰਮੇਸ਼ਵਰ! ਅਸੀਂ ਤੁਹਾਡੇ ਨਾਲ ਵਿਸ਼ਵਾਸ਼ਘਾਤ ਕਰਕੇ ਆਏ ਸੀ। ਆਪ ਨੂੰ ਸਾਡੇ ਨੀਚ ਆਤਮਾਵਾਂ ਤੇ ਫਿਰ ਵੀ ਦਯਾ ਆ ਗਈ। ਤੁਹਾਡਾ ਇਸ ਕਾਲ ਬ੍ਰਹਮ ਦੇ ਇਸ ਭਿਆਨਕ ਲੋਕ ਵਿਚ ਕਿਵੇਂ ਅਤੇ ਕਦੋਂ-ਕਦੋਂ ਆਗਮਨ ਹੋਇਆ।

ਉੱਤਰ ( ਕਬੀਰ ਦੇਵ ਜੀ ਦਾ) :- ਜਿਸ ਸਮੇਂ ਸ੍ਰਿਸ਼ਟੀ ਰਚਨਾ ਕੀਤੀ ਅਤੇ ਕਾਲ ਬ੍ਰਹਮ ਨੇ ਇਨ੍ਹਾਂ ਆਤਮਾਵਾਂ ਨੂੰ ਆਕਰਸ਼ਿਤ ਕੀਤਾ। ਇਹ ਇਸਦੇ ਨਾਲ ਆਪਣੀ ਇੱਛਾ ਨਾਲ ਇੱਥੇ ਆ ਗਏ। ਕੁੱਝ ਸਮੇਂ ਬਾਅਦ ਹੀ ਕਾਲ ਬ੍ਰਹਮ ਇਹਨਾਂ ਨੂੰ ਤੱਪਤਸ਼ਿਲਾ ਉੱਪਰ ਗਰਮ ਕਰਕੇ ਤੜਫਾਉਣ ਲੱਗਾ ਅਤੇ ਹੋਰ ਕਸ਼ਟ ਦੇਣ ਵਾਲੇ ਪ੍ਰਾਣੀਆਂ ਦੇ ਸਰੀਰਾਂ ਵਿੱਚ ਪਾ ਕੇ ਕਸ਼ਟ ਭੋਗਣ ਲਈ ਮਜਬੂਰ ਕਰਨ ਲੱਗਾ ਉਦੋਂ ਸਾਰੀਆਂ ਆਤਮਾਵਾਂ ਪਰਮੇਸ਼ਵਰ ਨੂੰ ਯਾਦ ਕਰਕੇ ਸੁੱਖ ਦੀ ਇੱਛਾ ਕਰਨ ਲੱਗੀਆਂ ਉਦੋਂ ਆਪਣੀਆਂ ਆਤਮਾਵਾਂ ਦਾ ਕਸ਼ਟ ਮੇਰੇ ਤੋਂ ਦੇਖਿਆ ਨਾ ਗਿਆ। ਮੈਂ ਪਹਿਲੇ

ਸਤਯੁੱਗ ਵਿਚ ਇਸ ਕਾਲ ਬ੍ਰਹਮ ਦੇ ਲੋਕ ਵਿਚ ਹੋਰ ਰੂਪ ਧਾਰਨ ਕਰਕੇ ਆਇਆ।

ਸਭ ਤੋਂ ਪਹਿਲਾਂ ਉਸ ਸਥਾਨ ਉਤੇ ਪਹੁੰਚਿਆ ਜਿੱਥੇ ਰੋਜ਼ਾਨਾ ਇਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦੇ ਸੂਖਸ਼ਮ ਸਰੀਰ ਨੂੰ ਤੱਪਤਸ਼ਿਲਾ ਉੱਪਰ ਗਰਮ ਕਰਕੇ ਉਨ੍ਹਾਂ ਵਿਚੋ ਨਿਕਲੇ ਮੈਲ਼ ਨੂੰ ਖਾਂਦਾ ਹੈ। ਤੱਪਤਸ਼ਿਲਾ, ਇੱਕ ਪੱਥਰ ਦੀ ਟੁਕੜੀ ਹੈ। ਜਿਹੜੀ ਤਵੇ ਦੇ ਆਕਾਰ ਦੀ ਹੈ ਜਿਹੜੀ ਆਪਣੇ ਆਪ ਗਰਮ ਰਹਿੰਦੀ ਹੈ। ਉਸ ਸਮੇਂ ਉਸ ਤੱਪਤਸ਼ਿਲਾ ਉੱਪਰ ਇਕ ਲੱਖ ਪ੍ਰਾਣੀ ਤੜਫ਼ ਰਹੇ ਸਨ, ਹਾਹਾਕਾਰ ਮੱਚਿਆ ਸੀ। ਦਿਲ ਦਹਿਲਾਉਣ ਵਾਲੀਆਂ ਚੀਕਾਂ ਮਾਰ ਰਹੇ ਸਨ। ਜਿਵੇਂ ਚਾਵਲਾਂ ਨਾਲ ਖਿੱਲ ਬਣਾਉਂਦੇ ਸਮੇਂ ਚਟਕ-ਮਟਕ ਹੁੰਦੀ ਹੈ । ਇਸ ਤਰ੍ਹਾਂ ਸਾਰੇ ਪ੍ਰਾਣੀ ਉਸ ਤੱਪਤਸ਼ਿਲਾ ਉੱਪਰ ਚਟਕ ਰਹੇ ਸਨ। ਮੈਂ ਉਸ ਤੱਪਤਸ਼ਿਲਾ ਦੇ ਕੋਲ ਜਾ ਕੇ ਖੜ੍ਹਾ ਹੋਇਆ। ਮੇਰੇ ਪ੍ਰਤਾਪ ਨਾਲ ਤੱਪਤਸ਼ਿਲਾ ਦੀ ਅੱਗ ਦੀ ਲਾਟ ਨੇ ਉਹਨਾਂ ਪ੍ਰਾਣੀਆਂ ਨੂੰ ਪ੍ਰਭਾਵਿਤ ਕਰਨਾ ਬੰਦ ਕਰ ਦਿੱਤਾ। ਤੱਪਤਸ਼ਿਲਾ ਉਸੇ ਪ੍ਰਕਾਰ ਜ਼ਲ ਰਹੀ ਸੀ ਪ੍ਰੰਤੂ ਮੇਰੀ ਮੌਜੂਦਗੀ ਦੇ ਕਾਰਣ ਅੱਗ ਦੀ ਲਾਟ ਉਨ੍ਹਾਂ ਪ੍ਰਾਣੀਆਂ ਨੂੰ ਜਲਾ ਨਹੀਂ ਰਹੀ ਸੀ। ਸਾਰੇ ਪ੍ਰਾਣੀ ਆਪਣੇ ਆਪ ਨੂੰ ਕਸ਼ਟ ਰਹਿਤ ਜਾਣ ਕੇ ਸ਼ਾਂਤ ਹੋ ਕੇ ਉਸ ਤੱਪਤਸ਼ਿਲਾ ਉੱਪਰ ਬੈਠ ਕੇ ਮੇਰੇ ਵੱਲ ਦੇਖਣ ਲੱਗੇ। ਮੇਰੇ ਤੋਂ ਪੁੱਛਿਆ ਹੇ ਪਰਮੇਸ਼ਵਰ! ਇੱਥੇ ਅਸੀਂ ਕਿਹੜੇ ਕਰਮ ਦੀ ਸਜ਼ਾ ਭੋਗ ਰਹੇ ਹਾਂ? ਹੇ ਪ੍ਰਭੂ ! ਤੁਹਾਡੀ ਕਿਰਪਾ ਨਾਲ ਸਾਨੂੰ ਹੁਣ ਕੋਈ ਕਸ਼ਟ ਨਹੀਂ ਹੈ। ਅਸੀਂ ਅੱਗ ਵਿੱਚ ਬੈਠੇ ਹੋਏ ਵੀ ਆਪਣੇ ਆਪ ਨੂੰ ਆਮ ਨਾਲੋਂ ਜ਼ਿਆਦਾ ਸੁਖੀ ਮਹਿਸੂਸ ਕਰ ਰਹੇ ਹਾਂ? ਤੁਸੀਂ ਕੌਣ ਹੋ? ਕੀ ਤੁਸੀਂ ਹੀ ਕਾਲ ਬ੍ਰਹਮ ਹੋ? ਜਾਂ ਕੋਈ ਉਹਨਾਂ ਦੇ ਚੇਲੇ ਹੋ ਕਿਰਪਾ ਕਰਕੇ ਸਾਨੂੰ ਸਾਰਾ ਭੇਦ ਦੱਸੋ?

ਉੱਤਰ (ਕਵਿਰਦੇਵ ਜੀ ਦਾ) :- ਮੈਂ ਉਨ੍ਹਾਂ ਦੁੱਖੀ ਪ੍ਰਾਣੀਆਂ ਨੂੰ ਦੱਸਿਆ। ਹੇ ਜੀਵ ਆਤਮਾਓ ! ਮੈਂ ਕਾਲ ਬ੍ਰਹਮ ਨਹੀਂ ਹਾਂ। ਮੈਂ ਤੱਤ ਬ੍ਰਹਮ ਭਾਵ ਉਹ ਪਰਮਾਤਮਾ ਹਾਂ। ਜਿਸਦੇ ਬਾਰੇ ਵਿੱਚ ਵੇਦ ਵੀ ਕਹਿੰਦੇ ਹਨ ਕਿ ਉਸ ਪੂਰਣ ਪਰਮਾਤਮਾ ਦਾ ਪੂਰਣ ਗਿਆਨ ਅਸੀਂ ਨਹੀਂ ਜਾਣਦੇ ਉਹ ਦੇ ਬਾਰੇ ਵਿਚ ਤਾਂ ਤੱਤਵਦਰਸ਼ੀ ਸੰਤ ਹੀ ਅਸਲ ਗਿਆਨ ਦਿੰਦੇ ਹਨ । ਉਨ੍ਹਾਂ ਨੂੰ ਪੁੱਛੋ। { ਯਜੁਰਵੇਦ ਅਧਿਆਇ 40 ਸਲੋਕ 10 ਅਤੇ 13 ਵਿੱਚ ਕਿਹਾ ਹੈ ਕਿ ਪਰਮਾਤਮਾ ਕਿਹੋ ਜਿਹਾ ਹੈ? ਅਤੇ ਵਿਦਵਾਨ ਕੌਣ ਹੈ? ਇਹ ਗਿਆਨ ਧੀਰਾਣਾਮ ਭਾਵ ਤੱਤਵਦਰਸ਼ੀ ਸੰਤ ਹੀ ਦੱਸਦੇ ਹਨ ਉਹਨਾਂ ਤੋਂ ਸੁਣੋ। ਇਹੀ ਪ੍ਰਮਾਣ ਗੀਤਾ ਅਧਿਆਇ 4 ਸ਼ਲੋਕ 34 ਵਿੱਚ ਲਿਖਿਆ ਹੈ ਕਿ ਤੱਤਵਗਿਆਨ ਨੂੰ ਤੱਤਵਦਰਸ਼ੀ ਸੰਤਾਂ ਦੇ ਕੋਲ ਜਾ ਕੇ ਹੀ ਸਮਝ ਜੋ ਪਰਮ-ਾਤਮਾ ਦੇ ਬਾਰੇ ਵਿਚ ਪੂਰੇ ਜਾਣਕਾਰ ਹਨ। ਤੱਤਵਦਰਸ਼ੀ ਸੰਤ ਦੀ ਪਹਿਚਾਣ ਗੀਤਾ ਅਧਿਆਇ 15 ਸ਼ਲੋਕ 1 ਵਿਚ ਦੱਸੀ ਹੈ। ਜਿਹੜੀ ਸ਼ਲੋਕ 1 ਤੋਂ 4 ਦੇ ਵਿਵਰਣ ਵਿਚ ਸਪੱਸ਼ਟ ਰੂਪ ਨਾਲ ਸਮਝੀ ਜਾ ਸਕਦੀ ਹੈ। ਗੀਤਾ ਅਧਿਆਇ 13 ਸ਼ਲੋਕ 2 ਤੇ 11 ਵਿਚ ਵੀ ਗੀਤਾ ਗਿਆਨ ਦਾਤਾ ਕਾਲ ਬ੍ਰਹਮ ਨੇ ਕਿਹਾ ਹੈ ਕਿ ਜੋ ਤੱਤਵ ਗਿਆਨ ਹੈ, ਉਹੀ ਅਸਲ ਗਿਆਨ ਹੈ। ਇਹ ਮੇਰਾ ਮੱਤ ਹੈ।

ਵਿਚਾਰਣਯੋਗ ਵਿਸ਼ਾ ਹੈ ਕਿ ਵੇਦਾਂ ਤੇ ਗੀਤਾ ਦੇ ਗਿਆਨ ਦਾਤਾ ਕਾਲ ਬ੍ਰਹਮ ਨੇ ਕਿਹਾ ਹੈ ਕਿ ਜਿਹੜਾ ਮੇਰੇ ਦੁਆਰਾ ਦਿੱਤਾ ਗਿਆਨ ( ਵੇਦਾਂ ਤੇ ਹੋਰ ਦਾ ਗਿਆਨ) ਪੂਰਣ ਨਹੀਂ ਹੈ ਉਸ ਤੱਤਵਗਿਆਨ ਨੂੰ ਤਾਂ ਤੱਤਵਦਰਸ਼ੀ ਸੰਤ ਹੀ ਜਾਣਦੇ ਹਨ। ਉਹਨਾਂ ਦੀ ਖੋਜ ਕਰਕੇ ਆਪਣਾ ਕਲਿਆਣ ਕਰਵਾਓ ।} ਵੇਦਾਂ ਤੇ ਗੀਤਾ ਦੇ ਗਿਆਨ ਦੇ ਆਧਾਰ ਨਾਲ ਭਗਤੀ ਕਰਨ ਵਾਲਿਆਂ ਨੂੰ ਜਨਮ -ਮਰਣ, ਸਵਰਗ -ਨਰਕ ਦਾ ਚੱਕਰ ਅਤੇ ਇਹ ਤਪਤਸ਼ਿਲਾ ਦਾ ਕਸ਼ਟ ਹਮੇਸ਼ਾ ਬਣਿਆ ਰਹੇਗਾ। ਤੁਸੀਂ ਜਿਸ ਕਾਲ ਬ੍ਰਹਮ ਦੇ ਬਾਰੇ ਜਾਣਦੇ ਹੋ ਜੋ ਲੋਕ ਵੇਦ ਦੇ ਆਧਾਰ ਤੇ ਪੁਰੁਸ਼ੋਤਮ ਪ੍ਰਸਿੱਧ ਹੈ ਪਰ ਵਾਸਤਵ ਵਿੱਚ ਪੁਰਸ਼ੋਤਮ ਤਾਂ ਕੋਈ ਹੋਰ ਹੈ।

ਪ੍ਰਮਾਣ ਗੀਤਾ ਅਧਿਆਇ 15 ਸ਼ਲੋਕ 16 ਤੋਂ 18 ਵਿੱਚ ਗੀਤਾ ਗਿਆਨ ਦਾਤਾ

ਖੁਦ ਕਹਿ ਰਿਹਾ ਹੈ ਕਿ ਉੱਤਮ ਪੁਰਸ਼ ਅਰਥਾਤ ਪੁਰਸ਼ੋਤਮ ਤਾਂ ਹੋਰ ਹੈ। ਜੋ ਪ੍ਰਮਾਤਮਾ ਕਿਹਾ ਜਾਂਦਾ ਹੈ। ਜੋ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭ ਦਾ ਧਾਰਣ ਪੋਸ਼ਣ ਕਰਦਾ ਹੈ।ਉਹ ਵਾਸਤਵ ਵਿੱਚ ਅਵਿਨਾਸ਼ੀ ਪ੍ਰਭੂ ਹੈ।ਜੋ ਪਰਮਾਤਮਾ ਕਿਹਾ ਜਾਂਦਾ ਹੈ। ਜੋ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭ ਦਾ ਪਾਲਣ ਪੋਸ਼ਣ ਕਰਦਾ ਹੈ। ਉਹ ਵਾਸਤਵ ਵਿੱਚ ਅਵਿਨਾਸ਼ੀ ਪ੍ਰਭੂ ਹੈ।(ਗੀਤਾ ਅਧਿਆਇ 15 ਸ਼ਲੋਕ 17 ਵਿੱਚ) ਫਿਰ ਗੀਤਾ ਅਧਿਆਇ 15 ਸ਼ਲੋਕ 18 ਵਿੱਚ ਆਪਣੇ ਵਿਸ਼ੇ ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਮੈਨੂੰ ਤਾਂ ਲੋਕ ਵੇਦ ਦੇ ਆਧਾਰ ਤੇ ਪਰਸ਼ੋਤਮ ਮੰਨਦੇ ਹਨ ਮੈਂ ਵਾਸਤਵ ਵਿੱਚ ਪੁਰਸ਼ੋਤਮ ਨਹੀਂ ਹਾਂ। ਜੋ ਗੀਤਾ ਅਧਿਆਇ 11 ਸ਼ਲੋਕ 32 ਵਿੱਚ ਕਹਿੰਦਾ ਹੈ ਕਿ ਮੈਂ ਕਾਲ ਹਾਂ ਸਭ ਨੂੰ ਖਾਣ ਦੇ ਲਈ ਆਇਆ ਹਾਂ। ਗੀਤਾ ਅਧਿਆਇ 11 ਸ਼ਲੋਕ 21 ਵਿੱਚ ਅਰਜੁਨ ਨੇ ਅੱਖੀਂ ਦੇਖਿਆ ਵਿ-ਵਰਣ ਕਿਹਾ ਹੈ ਕਿ ਹੇ ਭਗਵਾਨ ਆਪ ਤਾਂ ਉਹਨਾਂ ਰਿਸ਼ੀਆਂ ਨੂੰ ਵੀ ਖਾ ਰਹੇ ਹੋਂ ਜੋ ਆਪ ਦੀ ਵੇਦ ਮੰਤਰਾਂ ਦੁਆਰਾ ਉਸਤਤ ਕਰ ਰਹੇ ਹਨ।ਆਪ ਦੇਵਤਿਆਂ ਅਤੇ ਸਿੱਧਾਂ ਦੇ ਸਮੂਹ ਨੂੰ ਵੀ ਖਾਣ ਨੂੰ ਤਿਆਰ ਹੋ ਉਹ ਆਪਣੀ ਜਾਨ ਦੀ ਰੱਖਿਆ ਦੇ ਲਈ ਮੰਗਲ ਕਾਮਨਾ ਕਰ ਰਹੇ ਹਨ। ਕਾਲ ਭਗਵਾਨ ਨੇ ਕਿਹਾ ਹੈ ਕਿ ਮੈਂ ਸਭ ਨੂੰ ਖਾਣ ਦੇ ਲਈ ਪ੍ਰਗਟ ਹੋਇਆ ਹਾਂ।

ਹੇ ਧਰਮਦਾਸ ! ਉਸ ਤਪਤਸ਼ਿਲਾ ਉੱਤੇ ਰਿਸ਼ੀ ਤੇ ਹੋਰ ਵੇਦ ਪਾਠ ਕਰਨ ਤੇ ਪੜ੍ਹਨ ਵਾਲੇ ਵਿਦਵਾਨ ਵੀ ਕਸ਼ਟ ਉਠਾ ਰਹੇ ਸੀ। ਜੋ ਵੇਦਾਂ ਦੇ ਮੰਤਰਾਂ ਤੋਂ ਵੀ ਪਰਿਚਿਤ ਸੀ। ਉਹ ਸਭ ਇੱਕ ਆਵਾਜ਼ ਵਿੱਚ ਬੋਲੇ ਹੇ ਪੂਰਣ ਪ੍ਰਮਾਤਮਾ ! ਆਪ ਸੱਚ ਕਹਿ ਰਹੇ ਹੋ ਇਹ ਗਿ-ਆਨ ਵੇਦਾਂ ਵਿੱਚ ਲਿਖਿਆ ਹੈ।(ਵੇਦਾਂ ਦਾ ਸਾਰ ਗਿਆਨ ਹੀ ਗੀਤਾ ਜੀ ਵਿੱਚ ਲਿੱਪੀਬੱਧ ਹੈ) ਸਤਯੁੱਗ ਵਿੱਚ ਸਾਰੇ ਮਨੁੱਖ ਸਾਧਨਾਵਾਂ ਕਰਦੇ ਸੀ। ਕੋਈ ਸ਼੍ਰੀ ਵਿਸ਼ਨੂੰ ਜੀ ਤੇ ਸ਼੍ਰੀ ਸ਼ਿਵ ਜੀ ਦੀ,ਕੋਈ ਦੇਵੀ ਦੀ ਜੋ ਉਸ ਸਮੇਂ ਦੇ ਗੁਰੂਆਂ ਨੇ ਪ੍ਰਚਲਿਤ ਕੀਤੀ ਹੋਈ ਸੀ। ਜੋ ਵੇਦਾਂ ਨੂੰ ਵੀ ਠੀਕ ਤੋਂ ਨਾ ਸਮਝਣ ਵਾਲੇ ਰਿਸ਼ੀਆਂ ਦੁਆਰਾ ਦੱਸੀ ਗਈ ਸੀ। ਕੁਝ ਗੁਰੂਜਨ ਤੇ ਰਿ-ਸ਼ੀਜਨ ਵੀ ਉਸੇ ਤਪਤਸ਼ਿਲਾ ਉੱਪਰ ਕਸ਼ਟ ਭੋਗ ਰਹੇ ਸੀ। ਜੋ ਆਪਣੀਆਂ -2 ਸਾਧਨਾਵਾਂ ਨੂੰ ਸ੍ਰੇਸ਼ਟ ਮੰਨ ਕੇ ਖੁਦ ਕਰ ਰਹੇ ਸੀ ਅਤੇ ਆਪਣੇ ਅਨੁਆਈਆਂ ਤੋਂ ਵੀ ਕਰਵਾ ਰਹੇ ਸੀ। ਉਹ ਵੀ ਕਹਿਣ ਲੱਗੇ ਹੇ ਪਰਮੇਸ਼੍ਵਰ ! ਸਾਡੀ ਭਗਤੀ ਸਾਸ਼ਤਰ ਵਿਰੁੱਧ ਸੀ। ਹੁਣ ਤੁਹਾਡੀ ਕ੍ਰਿਪਾ ਤੋਂ ਸਾਨੂੰ ਗਿਆਨ ਹੋਇਆ ਹੈ। ਸਾਡੀ ਉਹ ਸ਼ਾਸਤਰ ਵਿਰੁੱਧ ਸਾਧਨਾ ਕੋਈ ਕੰਮ ਨਹੀਂ ਆਈ। ਅਸੀਂ ਇੱਥੇ ਤਪਤਸ਼ਿਲਾ ਉੱਤੇ ਮਹਾਂਕਸ਼ਟ ਉੱਠਾ ਰਹੇ ਹਾਂ।{ਇਹੀ ਪ੍ਰਮਾਣ ਗੀਤਾ ਅਧਿਆਏ 16 ਸ਼ਲੋਕ 23 ਵਿੱਚ ਕਿਹਾ ਹੈ ਕਿ ਜੋ ਸ਼ਾਸ਼ਤਰਵਿਧੀ ਨੂੰ ਤਿਆਗ ਕੇ ਮਨਮਾਨਾ ਆਚਰਣ (ਪੂਜਾ) ਕਰਦੇ ਹਨ। ਉਹਨਾਂ ਨੂੰ ਨਾ ਤਾਂ ਕੋਈ ਸੁੱਖ ਹੁੰਦਾ ਹੈ, ਨਾ ਉਨ੍ਹਾਂ ਨੂੰ ਕੋਈ ਸਿੱਧੀ ਪ੍ਰਾਪਤ ਹੁੰਦੀ ਹੈ ਅਤੇ ਨਾ ਉਨ੍ਹਾਂ ਦੀ ਗਤੀ ਅਰਥਾਤ ਮੁਕਤੀ ਹੁੰਦੀ ਹੈ ਅਰਥਾਤ ਸਾਸ਼ਤਰਵਿਧੀ ਵਿਰੁੱਧ ਭਗਤੀ ਵਿਅਰਥ ਹੈ।}ਤਦ ਮੈਂ (ਕਬੀਰ ਦੇਵ ਨੇ) ਉਨ੍ਹਾਂ ਤਪਤਸ਼ਿਲਾ ਉੱਤੇ ਵਿਰਾਜਮਾਨ ਪ੍ਰਾਣੀਆਂ ਨੂੰ ਸ੍ਰਿਸ਼ਟੀ ਰਚਨਾ ਸੁਣਾਈ ( ਕ੍ਰਿਪਾ ਪਾਠਕ ਪੜ੍ਹੋ ਸ੍ਰਿਸ਼ਟੀ ਰਚਨਾ ਇਸੀ ਪੁਸਤਕ ਦੇ ਪੰਨਾ 250 ਤੋਂ 269 ਤੇ) ਜਿਸ ਕਾਰਨ ਤੋਂ ਉਹਨਾਂ ਨੂੰ ਗਿਆਨ ਹੋਇਆ ਕਿ ਉਹ ਕਿਵੇਂ ਆਪਣੇ ਪੈਰ ਉੱਤੇ ਕੁਲਹਾੜੀ ਮਾਰ ਕੇ ਕਾਲ ਬ੍ਰਹਮ ਦੇ ਜਾਲ ਵਿੱਚ ਫਸੇ ਸੀ। ਉਨ੍ਹਾਂ ਸਭ ਪ੍ਰਾਣੀਆਂ ਨੇ ਕਿਹਾ ਹੇ ਪਰਮੇਸ਼੍ਵਰ ! ਸਾਨੂੰ ਇਸ ਮਹਾਂਦੁੱਖ ਦਾਇਕ ਕਾਲ ਲੋਕ ਤੋਂ ਕੱਢ ਲਓ।ਸਾਨੂੰ ਆਪਣੇ ਸਤਲੋਕ ਵਿੱਚ ਲੈ ਚੱਲੋ, ਤਦ ਮੈਂ ਉਨ੍ਹਾਂ ਸਭ ਪ੍ਰਾਣੀਆਂ ਨੂੰ ਕਿਹਾ ਐਵੇਂ ਮੈਂ ਆਪ ਨੂੰ ਸਤਲੋਕ ਨਹੀਂ ਲੈ ਜਾ ਸਕਦਾ। ਕਿਉਂਕਿ ਆਪ ਆਪਣੀ ਇੱਛਾ ਤੋਂ ਇਸ ਕਾਲ ਬ੍ਰਹਮਾ ਦੇ ਨਾਲ ਆਏ ਸੀ।ਆਪ ਦੇ ਪੁੰਨ ਸਮਾਪਤ ਹੋ ਚੁੱਕੇ ਹਨ। ਤੁਹਾਡੇ ਉੱਪਰ ਕਾਲ ਬ੍ਰਹਮ ਦਾ ਕਰਜ਼ਾ ਹੈ। ਉਸ ਕਰਜ਼ੇ ਤੋਂ ਮੁਕਤ ਹੋ ਕੇ ਹੀ ਤੁਸੀਂ

ਸਤਲੋਕ ਜਾ ਸਕਦੇ ਹੋ। ਉਸਦੀ ਵਿਧੀ ਹੈ ਕਿ "ਜਦ ਤੁਹਾਨੂੰ ਧਰਤੀ 'ਤੇ ਮਨੁੱਖ ਜਨਮ ਪ੍ਰਾਪਤ ਹੋਵੇ ਅਤੇ ਮੈਂ ਕਿਸੇ ਹੋਰ ਭੇਸ ਵਿੱਚ ਪ੍ਰਗਟ ਹੋ ਕੇ ਇਹ ਤੱਤਵਗਿਆਨ ਦੱਸਣ ਆਵਾਂ ਜਾਂ ਆਪਣੇ ਕਿਸੇ ਅੰਸ਼ ਨੂੰ ਭੇਜਾਂ ਤਦ ਤੁਸੀਂ ਸਾਡੇ ਸਤ ਸ਼ਬਦ (ਸਾਰ ਸ਼ਬਦ) ਅਤੇ ਸਾਰ ਗਿਆਨ ਅਰਥਾਤ ਤੱਤਵਗਿਆਨ ਨੂੰ ਗ੍ਰਹਿਣ ਕਰ ਕੇ ਮਰਿਯਾਦਾ ਵਿੱਚ ਰਹਿੰਦੇ ਹੋਏ ਭਗਤੀ ਕਰਨਾ ਤਦ ਤੁਹਾਡਾ ਸਤਲੋਕ ਜਾਣਾ ਸੰਭਵ ਹੋਵੇਗਾ।

ਹੇ ਧਰਮਦਾਸ! ਮੈਂ (ਕਬੀਰ ਪਰਮੇਸ਼ਵਰ ਨੇ) ਉਨ੍ਹਾਂ ਰਿਸ਼ੀਆਂ ਨੂੰ ਪ੍ਰਸ਼ਨ ਕੀਤਾ ਜੋ ਤਪਤਸ਼ਿਲਾ ਉੱਪਰ ਮੌਜੂਦ ਸਨ ਅਤੇ ਉਹ ਪ੍ਰਿਥਵੀ ਲੋਕ ਵਿੱਚ ਵੇਦਾਂ ਦੇ ਮਹਾਨ ਵਿਦਵਾਨ ਪ੍ਰਸਿੱਧ ਸਨ। ਪ੍ਰਸ਼ਨ (ਕਬੀਰ ਜੀ ਦਾ) :- ਤੁਸੀਂ ਵੇਦਾਂ ਨੂੰ ਪੜ੍ਹਿਆ ਹੈ। ਕਿਰਪਾ ਦੱਸੋ ਵੇਦਾਂ ਵਿੱਚ ਪ੍ਰਭੂ ਨੂੰ ਸਾਕਾਰ ਲਿਖਿਆ ਹੈ ਜਾਂ ਨਿਰਾਕਾਰ? ਉਨ੍ਹਾਂ ਰਿਸ਼ੀ-ਆਂ ਨੇ ਇੱਕ ਆਵਾਜ਼ ਵਿੱਚ ਉੱਤਰ ਦਿੱਤਾ ਪਰਮਾਤਮਾ ਨਿਰਾਕਾਰ ਹੈ। ਕੇਵਲ ਉਸਦਾ ਪ੍ਰਕਾਸ਼ ਹੀ ਸਮਾਧੀ ਦੁਆਰਾ ਸਰੀਰ ਵਿੱਚ ਦੇਖਿਆ ਜਾ ਸਕਦਾ ਹੈ। ਸਮਾਧੀ ਵਿੱਚ ਪਰਮਾਤਮਾ ਪ੍ਰਤੱਖ ਹੁੰਦਾ ਹੈ। ਮੈਂ (ਕਬੀਰ ਪਰਮੇਸ਼ਵਰ ਨੇ) ਉਨ੍ਹਾਂ ਮੂਰਖਾਂ ਨੂੰ ਪੁੱਛਿਆ ਪ੍ਰਤੱਖ ਤੋਂ ਤੁਹਾਡਾ ਕੀ ਮਤਲਬ ਹੈ? ਉਹਨਾਂ ਨੇ ਉੱਤਰ ਦਿੱਤਾ ਕਿ "ਪ੍ਰਤੱਖ ਦਾ ਮਤਲਬ ਹੈ" ਸਮਾਧੀ ਵਿੱਚ ਪਰਮਾਤਮਾ ਦੇ ਦਰਸ਼ਨ ਹੋਣਾ। ਮੈਂ ਕਿਹਾ "ਪ੍ਰਤੱਖ" ਤਾਂ ਅਸਲ ਵਸਤੂ ਦਾ ਹੁੰਦਾ ਹੈ। ਜਿਵੇਂ ਕਿਸੇ ਨੇ ਕਿਸੇ ਨੂੰ ਕਿਹਾ ਪਾਣੀ ਲਿਆਉਣਾ। ਉਸਨੇ ਪਾਣੀ ਲਿਆ ਕੇ ਰੱਖ ਦਿੱਤਾ। ਉਹ ਲਿਆਂਦਾ ਗਿਆ ਪਦਾਰਥ ਭਾਵ ਪਾਣੀ ਅਸਲ ਵਸਤੂ ਹੈ "ਜਲ" ਸ਼ਬਦ ਨਹੀਂ। ਜਿਵੇਂ ਕਿਸੇ ਨੇ ਘੜੇ ਨੂੰ ਦੇਖਿਆ ਫਿਰ ਸਮਾਧੀ ਅਵਸਥਾ ਵਿੱਚ ਘੜੇ ਦੇ ਦਰਸ਼ਨ ਹੋਏ ਇਸ ਤਰ੍ਹਾਂ ਜੋ ਅਸਲ ਵਸਤੂ ਬਾਹਰ ਹੈ ਉਸੇ ਦਾ ਦਰਸ਼ਨ ਸਮਾਧੀ ਅਵਸਥਾ ਵਿੱਚ ਹੁੰਦਾ ਹੈ। ਜਿਸ ਵਸਤੂ ਦਾ ਆਕਾਰ ਹੀ ਨਹੀਂ ਹੈ। ਉਸਦਾ ਦਰਸ਼ਨ ਹੋਣਾ ਅਸੰਭਵ ਹੈ। ਇਹ ਤੁਹਾਡਾ ਮਿੱਥਕ ਗਿਆਨ ਹੈ। ਤੁਹਾਨੂੰ ਕਦੇ ਵੀ ਪਰਮਾਤਮਾ ਦੇ ਦਰਸ਼ਨ ਨਹੀਂ ਹੋਏ ਹਨ। ਤੁਸੀਂ ਵਿਅਰਥ ਵਿੱਚ ਮਹਿਮਾ ਬਣਾ ਕੇ ਅਨੁਯਾਈਆਂ ਨੂੰ ਭਰਮਿਤ ਕਰਕੇ ਮਹਾਂਪਾਪ ਦੇ ਭਾਗੀ ਹੋ ਕੇ ਇੱਥੇ ਕਾਲ ਬ੍ਰਹਮ ਦੇ ਲੋਕ ਵਿੱਚ ਮਹਾਂ ਕਸ਼ਟ ਭੋਗ ਰਹੇ ਹੋ।

(ਪਰਮੇਸ਼ਵਰ ਕਬੀਰ ਜੀ ਨੇ ਕਿਹਾ) ਹੇ ਰਿਸ਼ੀ ਜਨੋ ! ਤੁਸੀਂ ਕਿਹਾ ਕਿ ਪਰਮਾਤਮਾ ਨਿਰਾਕਾਰ ਹੈ ਸਿਰਫ ਉਸਦਾ ਪ੍ਰਕਾਸ਼ ਹੀ ਦੇਖਿਆ ਜਾ ਸਕਦਾ ਹੈ। ਹੇ ਭੋਲੇ ਪ੍ਰਾਣੀਓਂ! ਵਿਚਾਰ ਕਰੋ ਜਿਵੇਂ ਕੋਈ ਅੰਨ੍ਹਾ ਦੂਸਰੇ ਅੰਨ੍ਹੇ ਨੂੰ ਸੂਰਜ ਦੇ ਵਿਸ਼ੇ ਵਿੱਚ ਮਿੱਥਕ ਗਿਆਨ ਪ੍ਰਾਪਤ ਕਰਕੇ ਅੱਗੇ ਪ੍ਰਚਾਰ ਕਰ ਰਿਹਾ ਹੋਵੇ ਉਹ ਕਹਿ ਰਿਹਾ ਹੋਵੇ ਕਿ "ਸੂਰਜ" ਨਿਰਾਕਾਰ ਹੈ। ਉਸਦਾ ਸਿਰਫ ਪ੍ਰਕਾਸ਼ ਹੀ ਦੇਖਿਆ ਜਾ ਸਕਦਾ ਹੈ। ਉਸ ਅੰਨ੍ਹੇ ਨੂੰ ਪੁੱਛੋ ਕਿ ਸੂਰਜ ਤੋਂ ਬਿਨਾਂ ਪ੍ਰਕਾਸ਼ ਕਿਸ ਦਾ ਦੇਖਿਆ! ਤੁਸੀਂ ਸੂਰਜ ਨੂੰ ਨਿਰਾਕਾਰ ਦੱਸ ਰਹੇ ਹੋ ਉਸਦੇ ਪ੍ਰਕਾਸ਼ ਨੂੰ ਦੇਖਣ ਦਾ ਪ੍ਰਚਾਰ ਕਰ ਰਹੇ ਹੋ ਕਿਉਂ ਮਿੱਥਕ ਭਾਸ਼ਣ ਦੇ ਰਹੇ ਹੋ। ਠੀਕ ਉਸੇ ਤਰ੍ਹਾਂ ਵੇਦ ਗਿਆਨ ਨੂੰ ਤੱਤਵ ਨਾਲ ਜਾਣਨ ਦਾ ਮਿੱਥਕ ਦਾਅਵਾ ਕਰਨ ਵਾਲੇ ਗਿਆਨ ਹੀਨ ਰਿਸ਼ੀਆਂ ਅਤੇ ਮਹਿਰਿਸ਼ੀਆਂ ਦੀ ਅਵਸਥਾ ਹੈ। ਤੁਹਾਨੂੰ ਨਾ ਵੇਦ ਗਿਆਨ ਦੀ ਪੂਰਣ ਜਾਣਕਾਰੀ ਹੈ ਅਤੇ ਨਾ ਤੁਹਾਡੀ ਭਗਤੀ ਵਿਧੀ ਸ਼ਾਸਤਰ ਅਨੁਸਾਰ ਹੈ। ਤੁਸੀਂ ਮਹਾਂਦੋਸ਼ ਦੇ ਪਾਤਰ ਬਣ ਗਏ ਹੋ ਤੁਹਾਨੂੰ ਘੋਰ ਨਰਕ ਵਿੱਚ ਸੁੱਟਿਆ ਜਾਵੇਗਾ। ਪ੍ਰਿਥਵੀ ਲੋਕ 'ਤੇ ਤੁਹਾਨੂੰ ਇੱਕ ਪਰਮ ਗਿਆਨੀ ਮੰਨ ਕੇ ਤੁਹਾਡੇ ਸੈਂਕੜੇ ਚੇਲੇ ਤੁਹਾਡੇ ਦੁਆਰਾ ਦੱਸੇ ਮਿੱਥਕ ਗਿਆਨ ਦਾ ਪ੍ਰਚਾਰ ਕਰਕੇ ਲੱਖਾਂ ਭੋਲੀ ਆਤਮਾਵਾਂ ਨੂੰ ਕਾਲ ਜਾਲ਼ ਵਿੱਚ ਫਸਾਏ ਜਾ ਰਹੇ ਹਨ। ਤੁਹਾਨੂੰ ਰਿਸ਼ੀ ਤੇ

ਮਹਾਂਪੁਰਸ਼ ਸਮਝ ਕੇ ਤੁਹਾਡੀਆਂ ਮੂਰਤੀਆਂ ਸਥਾਪਿਤ ਕੀਤੀਆਂ ਜਾਣਗੀਆਂ। ਕੁਝ ਚਲਾਕ ਲੋਕ ਉੱਥੇ ਮੰਦਰ ਆਦਿ ਬਣਾ ਕੇ ਆਪਣੇ ਸੁਆਰਥ ਸਿੱਧ ਕਰਨਗੇ। ਤੁਸੀਂ ਕਈ ਸਾਲਾਂ ਤੱਕ ਇਹ ਸਾਰੇ ਦੋਸ਼ ਝੱਲਦੇ ਰਹੋਗੇ। ਭੋਲੀ-ਭਾਲੀ ਜਨਤਾ ਤੁਹਾਡੇ ਵਰਗੇ ਅਗਿਆਨੀ ਲੋਕਾਂ ਨੂੰ ਮਹਾਂਰਿਸ਼ੀ ਸਮਝ ਕੇ ਤੁਹਾਡੇ ਨਾਮ 'ਤੇ ਕਈ ਸੰਸਥਾਵਾਂ ਚਲ-ਾਉਣਗੀਆਂ ਅਤੇ ਤੁਹਾਡੇ ਦੁਆਰਾ ਲਿਖੀਆਂ ਤਜੁਰਬੇ ਦੀਆਂ ਕਿਤਾਬਾਂ ਭੋਲੀ-ਭਾਲੀ ਜਨਤਾ ਨੂੰ ਵੇਚ ਕੇ ਪੈਸਾ ਕਮਾ ਕੇ ਆਪਣਾ ਪਰਿਵਾਰ ਪਾਲਣਗੀਆਂ ਅਤੇ ਮੌਜ-ਮਸਤੀ ਵਿਚ ਉਹ ਧਨ ਖਰਚ ਕਰਨਗੀਆਂ। ਤੁਹਾਡੇ ਦੁਆਰਾ ਲਿਖੀ ਗਈ ਪੁਸਤਕ ਜੋ ਵੇਦਾਂ ਦੇ ਗਿਆਨ ਦੇ ਵਿਰੁੱਧ ਹੈ, ਲੱਖਾਂ ਲੋਕ ਉਸ ਗਿਆਨ ਨੂੰ ਮੰਨ ਕੇ ਨਰਕ ਵਿੱਚ ਪੈ ਜਾਣਗੇ। ਇਹ ਸਾਰਾ ਦੋਸ਼ ਵੀ ਤੁਹਾਡੇ ਸਿਰ ਮੜ੍ਹਿਆ ਜਾਵੇਗਾ। ਧਰਤੀ ਦੇ ਉਹ ਭੋਲੇ-ਭਾਲੇ ਜੀਵ ਤੇਰੀ ਜੈ ਜੈਕਾਰ ਕਰ ਰਹੇ ਹੋਣਗੇ ਅਤੇ ਤੁਸੀਂ ਉਸ ਭਿਆਨਕ ਨਰਕ ਵਿੱਚ ਚੀਕਾਂ ਮਾਰ ਰਹੇ ਹੋਵੋਗੇ। ਬਹੁਤ ਦਰਦ ਦੇ ਕਾਰਨ ਚੀਕ ਰਹੇ ਹੋਵੋਗੇ ਅਤੇ ਰੋ ਰਹੇ ਹੋਵੋਗੇ । ਧਰਤੀ ਉੱਤੇ ਤੁਹਾਡੀ ਮਹਿਮਾ ਦਾ ਕੀ ਫਾਇਦਾ ਹੋਇਆ?

ਹੇ ਧਰਮਦਾਸ! ਮੇਰੇ ਇਸ ਤੱਤਵਗਿਆਨ ਦੀ ਕੌੜੀ ਸੱਚਾਈ ਤੋਂ ਜਾਣੂ ਹੋ ਕੇ, ਉਹ ਨਕਲੀ ਗੁਰੂ ਅਤੇ ਸਾਧੂ ਉਹਨਾਂ ਦੀਆਂ ਕਰਤੂਤਾਂ ਨੂੰ ਜਾਣ ਕੇ ਡਰ ਨਾਲ ਕੰਬਣ ਲੱਗੇ। ਕਿਉਂਕਿ ਉਥੇ ਉਹਨਾ ਨੂੰ ਹੱਥੋਂ-ਹੱਥ ਪ੍ਰਮਾਣ ਮਿਲ ਰਿਹਾ ਸੀ। ਮੈਂ ਉਸ ਨੂੰ ਕਿਹਾ ਭਾਈ, ਜੇਕਰ ਮੈਂ ਜਾਂ ਮੇਰੇ ਵੱਲੋਂ ਭੇਜੇ ਗਏ ਕਿਸੇ ਸੰਤ ਨੇ ਤੁਹਾਡੇ ਇਨ੍ਹਾਂ ਚੇਲਿਆਂ ਦੇ ਸਾਹਮਣੇ ਧਰਤੀ 'ਤੇ ਇਹ ਸੱਚ ਦੱਸ ਦਿੱਤਾ ਹੁੰਦਾ, ਤਾਂ ਤੁਸੀਂ ਅਤੇ ਤੁਹਾਡੇ ਚੇਲੇ ਮੈਨੂੰ ਜਾਂ ਮੇਰੇ ਭੇਜੇ ਸੰਤ ਨੂੰ ਮਾਰਨ ਲਈ ਦੌੜ ਜਾਂਦੇ ਅਤੇ ਜਨਤਕ ਤੌਰ 'ਤੇ ਸਾਡੀ ਬਦਨ-ਾਮੀ ਕਰਦੇ। ਸਾਨੂੰ ਸੰਤਾਂ-ਮਹਾਂਪੁਰਸ਼ਾਂ ਦੇ ਨਿੰਦਕ ਕਹਿ ਕੇ, ਸਾਡੀ ਇੱਕ ਗੱਲ ਵੀ ਨਾ ਸੁਣਦੇ। ਉਥੇ ਮੌਜੂਦ ਸਾਰੇ ਨਕਲੀ ਸਾਧਾਂ-ਗੁਰੂਆਂ ਅਤੇ ਉਨ੍ਹਾਂ ਦੇ ਨਾਲ ਮੌਜੂਦ ਉਨ੍ਹਾਂ ਦੇ ਚੇਲਿਆਂ ਨੇ ਇਕ ਆਵਾਜ਼ ਵਿਚ ਕਿਹਾ, ਤੁਸੀਂ! ਸੱਚ ਕਹਿ ਰਹੇ ਹੋ, ਉੱਥੇ ਅਸੀਂ ਆਪਣੇ ਗਿਆਨ ਨੂੰ ਸਰਵਉੱਚ ਸਮਝ ਰਹੇ ਸੀ। ਹੇ ਪਰਮਾਤਮਾ! ਤੁਸੀਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ।

ਪਰਮਾਤਮਾ ਕਬੀਰ ਦੇਵ ਜੀ ਨੇ ਕਿਹਾ, ਹੇ ਧਰਮਦਾਸ! ਮੈਂ ਉਨ੍ਹਾਂ ਨਕਲੀ ਮਹਾਂਰਿਸ਼ੀਆਂ ਨੂੰ ਕਿਹਾ ਕਿ ਤੁਸੀਂ ਵੇਦਾਂ ਵਿੱਚ ਰੱਬ ਨੂੰ ਨਿਰਾਕਾਰ ਦੱਸਿਆ ਹੈ। ਤੁਹਾਡਾ ਇਹ ਕਥਨ ਵੀ ਝੂਠਾ ਹੈ ਕਿਉਂਕਿ ਵੇਦਾਂ ਨੇ ਮੇਰੇ ਬਾਰੇ ਵਿੱਚ ਕਿਹਾ ਹੈ ਕਿ ਪਰਮਾਤਮਾ ਸਹਿਸ਼ਰੀਰ ਹੈ ਅਤੇ ਉਹੀ ਪ੍ਰਮਾਤਮਾ ਇੱਕ ਹੋਰ ਸਰੀਰ ਧਾਰਣ ਕਰਕੇ ਕਾਲ ਬ੍ਰਹਮ ਦੇ ਸੰਸਾਰ ਵਿੱਚ ਕੁਝ ਸਮੇਂ ਲਈ ਮਹਿਮਾਨ ਵਾਂਗ ਆਉਂਦਾ ਹੈ। ਉਸ ਸਮੇਂ ਅਗਿਆਨਤਾ ਨਾਲ ਸੁੱਤੇ ਹੋਏ ਜੀਵਾਂ ਨੂੰ ਅਧਿਆਤਮਿਕ ਗਿਆਨ ਪ੍ਰਦਾਨ ਕਰਾਉਂਦਾ ਹੈ।

ਪ੍ਰਮਾਣ:- ਇਹ ਯਜੁਰਵੇਦ ਅਧਿਆਇ 5 ਸ਼ਲੋਕ 1 ਅਤੇ ਅਧਿਆਇ 1 ਸ਼ਲੋਕ 15 ਅਤੇ ਰਿਗਵੇਦ ਮੰਡਲ 9 ਸੂਕਤ 96 ਮੰਤਰ 17 ਤੋਂ 20 ਵਿੱਚ ਵੀ ਹੈ।

{ਪਰਮੇਸ਼ਵਰ ਕਬੀਰ ਜੀ ਤਪਤਸ਼ਿਲਾ 'ਤੇ ਹੋਈ ਵਾਰਤਾ ਰਾਹੀਂ ਆਪਣੇ ਪਿਆਰੀ ਆਤਮਾ ਭਗਤ ਧਰਮਦਾਸ ਜੀ ਨੂੰ ਵੀ ਤੱਤਵਗਿਆਨ ਦੀ ਜਾਣ-ਪਛਾਣ ਕਰਵਾ ਰਹੇ ਸਨ। ਇਹ ਤੱਤਵਗਿਆਨ ਦੀ ਅੰਮ੍ਰਿਤਬਾਣੀ ਧਰਮਦਾਸ ਜੀ ਨੇ ਲਿਪੀਬੱਧ ਕੀਤੀ ਹੈ ਜੋ ਪੰਜਵੇਂ ਵੇਦ ਅਰਥਾਤ ਕਬੀਰ ਸਾਗਰ ਦੇ ਨਾਮ ਨਾਲ ਪ੍ਰਸਿੱਧ ਹੈ।}

ਪਰਮਾਤਮਾ ਕਬੀਰ ਜੀ ਨੇ ਕਿਹਾ, ਹੇ ਧਰਮਦਾਸ! ਮੇਰੇ ਦੁਆਰਾ ਦਿੱਤੇ ਵੇਦਾਂ ਦੇ ਮੰਤਰ ਸੁਣਦੇ ਸਾਰ ਹੀ ਉਨ੍ਹਾਂ ਨਕਲੀ ਰਿਸ਼ੀਆਂ ਨੂੰ ਯਾਦ ਆ ਗਿਆ ਕਿ ਤੁਸੀਂ

**ਸੱਚ ਕਹਿ ਰਹੇ ਹੋ, ਮਾਲਿਕ! ਵੇਦਾਂ ਵਿਚ ਇਸੇ ਤਰ੍ਹਾਂ ਹੀ ਲਿਖਿਆ ਹੈ। ਅਸੀਂ ਪੜ੍ਹਦੇ ਸੀ ਪਰ ਸਾਡੀ ਅਕਲ ਕਾਲ ਬ੍ਰਹਮ ਨੇ ਬੰਨ੍ਹੀ ਹੋਈ ਸੀ। ਅਸੀਂ ਸਮਝ ਹੀ ਨਹੀਂ ਸਕੇ। ਸਿਰਫ਼ ਲੋਕ ਵੇਦ ( ਸੁਣਾ ਸੁਣਾਇਆ ਗਿਆਨ ਜੋ ਵੇਦਾਂ ਵਿਰੁੱਧ ਸੀ ਉਸ ਨੂੰ) ਹੀ ਸੁਣਾਇਆ ਕਰਦੇ ਸੀ। ।** {ਗੀਤਾ ਅਧਿਆਇ 10 ਸ਼ਲੋਕ 9 ਤੋ 11 ਵਿੱਚ ਪ੍ਰਮਾਣ ਹੈ। ਜਿਸ ਵਿੱਚ ਕਿਹਾ ਹੈ ਕਿ ਜੋ ਮੇਰੇ ਕਾਲ ਬ੍ਰਹਮ ਉਤੇ ਹੀ ਨਿਰਭਰ ਹਨ ਉਹਨਾਂ ਨੂੰ ਮੈ ਅਜਿਹਾ ਗਿਆਨ ਦਿੰਦਾ ਹਾਂ। ਉਹ ਆਪਸ ਵਿੱਚ ਵਿਚਾਰ ਕਰਕੇ ਮੇਰੇ ਹੀ ਗੁਣਾਂ ਦਾ ਗਿਆਨ ਹੀ ਕਰਦੇ ਕਰਵਾਉਦੇ ਰਹਿੰਦੇ ਹਨ। ਜਿਸ ਕਾਰਨ ਉਹ ਮੇਰੇ ਵਿੱਚ ਖੁਸ਼ ਰਹਿੰਦੇ ਹਨ। ਉਹਨਾਂ ਮੇਰੇ ਤੇ ਹੀ ਨਿਰਭਰ ਸ਼ਰਧਾਲੂਆਂ ਨੂੰ ਮੈਂ (ਕਾਲ ਬ੍ਰਹਮ) ਉਹ ਗਿਆਨ ਦਿੰਦਾ ਹਾਂ ਜਿਸ ਤੋਂ ਉਹ ਮੈਨੂੰ ਹੀ ਪ੍ਰਾਪਤ ਹੁੰਦੇ ਹਨ ਅਰਥਾਤ ਕਾਲ ਦੇ ਜਾਲ ਵਿੱਚ ਹੀ ਰਹਿ ਜਾਂਦੇ ਹਨ। ਉਹਨਾਂ ਉੱਤੇ ਮਿਹਰ ਕਰਨ ਲਈ, ਮੈਂ ਖੁਦ ਹੀ ਉਨਾਂ ਨੂੰ ਉਹ ਗਿਆਨ ਦਿੰਦਾ ਹਾਂ ਜਿਸ ਤੋਂ ਉਹ ਮੈਨੂੰ ਹੀ ਪ੍ਰਾਪਤ ਹੁੰਦੇ ਹਨ।}

**(ਕਬੀਰ ਸਾਗਰ ਵਿੱਚ ਬਾਣੀ) ਕਬੀਰ ਜੀ ਦਾ ਜੀਵਾਂ ਦੇ ਨਾਲ ਵਾਰਤਾਲਾਪ:-**

ਬਹੁ ਵਿਧਿ ਜੀਵਨ ਕੀਨਹ ਪੁਕਾਰਾ,ਕਾਲ ਦੇਤ ਹੈ ਕਸ਼ਟ ਅਪਾਰਾ॥
ਯਮ ਕਾ ਕਸ਼ਟ ਸਹਾ ਨਹੀ ਜਾਈ, ਹੇ ਸਤਗੁਰੂ ਹੋਹੁ ਸਹਾਈ॥
ਆਏ ਜਹਾਂ ਯਮ ਜੀਵ ਸਤਾਵੈ, ਕਾਲ ਨਿਰੰਜਨ ਜੀਵ ਨਚਾਵੈ॥
ਚਟਕ-ਪਟਕ ਕਰੈ ਜੀਵ ਤਹ ਭਾਈ, ਠਾਡੇ ਭਯਾ ਪੁਨਿ ਤਹਾਂ ਮੈ ਜਾਈ॥
ਮੋਹਿ ਦੇਖ ਜੀਵ ਕੀਨਹ ਪੁਕਾਰਾ, ਹੇ ਸਾਹਿਬ ਹਮੋ ਲੇਹੁ ਉਭਾਰਾ॥
ਤਬ ਹਮ ਸਤਯ ਸ਼ਬਦ ਗੁਹਰਾਵਾ, ਪੁਰੁਸ਼ ਸ਼ਬਦ ਸੇ ਜੀਵ ਤਪਤ ਬੁਝਾਵਾ॥
ਯਮ ਤੇ ਛੁੜਾਵ ਲੇਵ ਤੁਮ ਸੁਆਮੀ, ਦਇਆ ਕਰੋ ਪ੍ਰਭੂ ਅਨਤਰ ਯਾਮਿ॥

**ਭਾਵ ਅਰਥ:- ਉਪਰੋਕਤ ਬਾਣੀ ਵਿੱਚ ਤਪਤਸ਼ਿਲਾ ਉੱਤੇ ਕਸ਼ਟ ਭੋਗ ਰਹੇ ਪ੍ਰਾਣੀਆਂ ਨੇ ਪਰਮ ਸ਼ਕਤੀ ਤੋਂ ਕਸ਼ਟ ਨਿਵਾਰਣ ਦੀ ਪ੍ਰਾਰਥਨਾ ਕੀਤੀ ਉਦੋਂ ਮੈਂ (ਕਬੀਰ ਪਰਮੇਸ਼ਵਰ) ਉਸ ਤਪਤਸ਼ਿਲਾ ਦੇ ਕੋਲ ਪ੍ਰਗਟ ਹੋਇਆ। ਆਪਣੀ ਸ਼ਕਤੀ ਨਾਲ ਤਪਤ-ਸ਼ਿਲਾ ਦੀ ਗਰਮੀ ਨੂੰ ਸ਼ਾਂਤ ਕੀਤਾ। ਸਾਰੇ ਪ੍ਰਾਣੀਆਂ ਨੇ ਤੱਤਵ ਗਿਆਨ ਤੋਂ ਜਾਣੂ ਹੋ ਕੇ ਮੇਰੇ ਤੋਂ (ਕਬੀਰ ਪਰਮੇਸ਼ਵਰ ਤੋਂ ) ਕਾਲ ਦੇ ਜਾਲ ਤੋਂ ਕੱਢਣ ਦੀ ਪ੍ਰਾਰਥਨਾ ਕੀਤੀ।**

ਤਬ ਮੈਂ ਕਹਾ ਜੀਵਨ ਸਮਝਾਈ, ਜੋਰ ਕਰੂ ਤੋ ਵਚਨ ਨਸਾਈ॥

**ਭਾਵ ਅਰਥ:- ਕਬੀਰ ਪਰਮੇਸ਼ਵਰ ਜੀ ਦੱਸ ਰਹੇ ਹਨ। ਕੀ ਉਦੋਂ ਮੈਂ ਉਹਨਾਂ ਪ੍ਰਾਣੀਆਂ ਨੂੰ ਕਿਹਾ ਕਿ ਮੈਂ ਬਲਪੂਰਵਕ ਤੁਹਾਨੂੰ ਕਾਲ ਤੋਂ ਛੁਡਾ ਸਕਦਾ ਹਾਂ ਪਰ ਮੈਂ ਇਸ ਨੂੰ ਵਚਨ ਦਿੱਤਾ ਹੈ। ਕਿ ਮੈਂ ਬਲਪੂਰਵਕ ਜੀਵਾਂ ਨੂੰ ਨਹੀਂ ਲੈ ਕੇ ਜਾਵਾਂਗਾ ਕਿਉਂਕਿ ਮੈਂ ਹੀ ਤੁਹਾਡੀ ਇੱਛਾ ਨਾਲ ਕਾਲ ਲੋਕ ਵਿੱਚ ਆਉਣ ਦੀ ਆਗਿਆ ਦਿੱਤੀ ਹੋਈ ਹੈ ਅਤੇ ਉਦੋਂ ਕਿਹਾ ਸੀ ਕਿ ਤੁਸੀਂ ਇੱਥੇ (ਸਤਲੋਕ ਵਿੱਚ) ਖੁਦ ਦੀ ਇੱਛਾ ਨਾਲ ਆਉਣ ਦੀ ਪ੍ਰਾਰਥਨਾ ਕਰੋਗੇ ਉਦੋਂ ਤੁਹਾਨੂੰ ਭਗਤੀ ਸ਼ਕਤੀ ਯੁਕਤ ਕਰਕੇ ਸਤਲੋਕ ਲਿਆਵਾਂਗਾ।**

ਜਬ ਤੁਮ ਜਾਯ ਧਰੋ ਜਗ ਦੇਹਾ, ਤਬ ਤੁਮ ਕਰਿਹੋ ਸ਼ਬਦ ਸਨੇਹਾ॥
ਪੁਰੁਸ਼ ਨਾਮ ਸੁਮਿਰਨ ਸਹਿਦਾਨਾ, ਬੀਰਾ ਸਾਰ ਗਹੋ ਪਰਵਾਨਾ॥
ਦੇਹ ਧਰੋ ਸਤਯ ਸ਼ਬਦ ਸਮਾਈ, ਤਬ ਹਮ ਸਤਲੋਕ ਲੈ ਜਾਈ॥
ਜਹਾਂ ਆਸ਼ਾ ਤਹਾਂ ਬਾਸਾ ਹੋਈ, ਮਨ ਕਰਮ ਵਚਨ ਸੁਮਿਰੈ ਜੋਈ॥

**ਭਾਵ ਅਰਥ :- ਪਰਮੇਸ਼ਵਰ ਕਬੀਰ ਜੀ ਕਹਿ ਰਹੇ ਹਨ ਕਿ ਹੇ ਪ੍ਰਾਣਿਓ! ਜਦੋਂ ਤੁਸੀਂ ਸੰਸਾਰ ਵਿੱਚ ਮਨੁੱਖੀ ਸਰੀਰ ਪ੍ਰਾਪਤ ਕਰੋ ਉਸ ਸਮੇਂ ਮੇਰੇ ਪੂਰਣ ਸੰਤ ਤੋਂ ਸੰਪੂਰਣ ਮੰਤਰ (ਸਤਨਾਮ ਤੇ ਸਾਰ ਸ਼ਬਦ) ਪ੍ਰਾਪਤ ਕਰਕੇ ਸੱਚੇ ਮਨ ਨਾਲ ਭਗਤੀ**

ਕਰਨਾ। ਜਦੋ ਤੁਸੀਂ ਮਨੁੱਖੀ ਸਰੀਰ ਪ੍ਰਾਪਤ ਕਰਕੇ ਸੱਚੀ ਸਾਧਨਾ (ਤਿੰਨ ਮੰਤਰਾਂ ਓਮ,ਤੱਤ,ਸਤ ) ਦੀ ਆਖਰੀ ਸਾਹ ਤੱਕ ਕਰੋਗੇ ਉਦੋਂ ਮੈ ਤੁਹਾਨੂੰ ਸਤਲੋਕ ਲੈ ਜਾਵਾਂਗਾ ਤੁਸੀਂ ਪੂਰੇ ਮਨ ਨਾਲ ਕਰਮ ਵਚਨ ਮਨ ਤੋਂ ਮੇਰੇ (ਕਬੀਰ ਪਰਮੇਸ਼ਵਰ) ਵਿੱਚ ਸੱਚੀ ਲਗਨ ਲਗਾਉਣਾ ਉਹ ਸੱਚੀ ਆਸ਼ਾ ਜੋ ਸਤਲੋਕ ਜਾਣ ਦੀ ਹੋਵੇਗੀ ਉਸੇ ਆਧਾਰ ਤੇ ਤੁਸੀ ਸਤਲੋਕ ਵਿੱਚ ਨਿਵਾਸ ਕਰੋਗੇ। ਕਿਉ ਕਿ ਜਿੱਥੇ ਜਾਣ ਦੀ ਸੱਚੀ ਲਗਨ ਹੁੰਦੀ ਹੈ। ਸਾਧਕ ਆਖਰੀ ਸਮੇਂ ਵਿੱਚ ਉਸ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ।

**॥ ਚੌਪਾਈ॥**

ਕਹੇ ਜੀਵ ਸੁਨ ਪੁਰੁਸ਼ ਪੁਰਾਨਾ,ਦੇਹ ਧਰੀ ਬਿਸਰੋ ਨਹੀਂ ਗਿਆਨਾ ॥
ਪੂਰਸ਼ ਜਾਨਿ ਸੁਮਿਰਾ ਜਮਰਾਈ, ਬੇਦ ਪੁਰਾਨ ਕਹੇ ਸਮੁਝਾਈ॥
ਬੇਦ ਪੁਰਾਨ ਕਹੇ ਮਤਿ ਯੇਹਾ, ਨਿਰਾਕਾਰ ਸੇ ਕਿਜੈ ਨੇਹਾ॥
ਸੁਰ ਨਰ ਮੁਨਿਜਨ ਤੈਂਤੀਸ ਕਰੋੜਿ, ਬੰਧੇ ਸਬ ਨਿਰੰਜਨ ਡੋਰਿ॥
ਤਾਕੇ ਮਤੇ ਕੀਨਹ ਹਮ ਆਸ਼ਾ, ਅਬ ਮੋਹਿ ਚੀਨਹ ਪਰਾ ਯਮ ਫਾਂਸਾ॥

**ਭਾਵ ਅਰਥ :-** ਸਾਰੇ ਪ੍ਰਾਣੀਆਂ ਨੇ ਕਿਹਾ ਹੇ ਆਦਿ ਪੁਰਸ਼ ਪਰਮੇਸ਼ਵਰ ! ਜਦੋਂ ਵੀ ਮਨੁੱਖੀ ਸਰੀਰ ਪ੍ਰਾਪਤ ਹੋਵੇਗਾ ਆਪ ਦੇ ਇਸ ਤੱਤਵ ਗਿਆਨ ਨੂੰ ਨਹੀਂ ਭੁੱਲਾਂਗੇ। ਅਸੀਂ ਤਾਂ ਕਾਲ ਬ੍ਰਹਮ (ਸ਼ਰ ਪੁਰਸ਼ ) ਨੂੰ ਪਰਮੇਸ਼ਵਰ ਮੰਨ ਕੇ ਪੂਜਾ ਕੀਤੀ ਸੀ। ਜਿਸ ਤਰ੍ਹਾਂ ਵੀ ਵੇਦਾਂ ਨੂੰ ਅਸੀਂ ਸਮਝ ਸਕੇ ਉਸ ਲੋਕ ਵੇਦ ਆਧਾਰ ਤੇ ਅਤੇ ਪੁਰਾਣਾਂ ਦੇ ਗਿਆਨ ਦੇ ਆਧਾਰ ਤੇ ਕਾਲ ਦੀ ਪੂਜਾ ਪੂਰਣ ਪਰਮਾਤਮਾ ਜਾਣ ਕੇ ਕੀਤੀ ਹੈ। ਅਸੀਂ ਹੀ ਨਹੀਂ ਹੇ ਪਰਮੇਸ਼ਵਰ! ਤੇਤੀ ਕਰੋੜ ਦੇਵਤੇ, ਅਠਾਸੀ ਹਜ਼ਾਰ ਰਿਸ਼ੀ ਆਦਿ ਅਤੇ ਹੋਰ ਸਾਰੇ ਸਾਧਕ ਵੀ ਕਾਲ ਬ੍ਰਹਮ ਨੂੰ ਹੀ ਪੂਰਣ ਪਰਮਾਤਮਾ ਜਾਣ ਕੇ ਸਾਧਨਾ ਕਰਕੇ ਕਾਲ ਬ੍ਰਹਮ ਦੀ ਹੀ ਡੋਰੀ ਵਿੱਚ ਬੰਨੇ ਹਨ ਅਰਥਾਤ ਉਹ ਵੀ ਸਾਰੇ ਕਾਲ ਵਿੱਚ ਹੀ ਹਨ। ਜਨਮ ਮਰਣ ਦਾ ਕੁਚੱਕਰ ਉਹਨਾਂ ਉੱਤੇ ਵੀ ਸਦਾ ਚਲੇਗਾ।

ਸੁਨੋ ਜੀਵ ਯਹ ਛਲ ਯਮ ਕੇਰਾ, ਯਹ ਯਮ ਫੰਦਾ ਕੀਨਹ ਘਨੇਰਾ॥

**॥ਛੰਦ॥**

ਕਾਲ ਕਲਾ ਅਨੇਕ ਕੀਨਹੋ, ਜੀਵ ਕਾਰਣ ਠਾਟ ਹੋ।
ਬੇਦ ਸ਼ਾਸਤਰ ਪੁਰਾਨ ਸਮ੍ਰਿਤਿ, ਅੰਤ ਰੋਕੈ ਬਾਟ ਹੋ॥
ਸੋਰਠਾ-ਜੀਵ ਪੜੇ ਬਸ ਕਾਲਕੇ, ਕਾਲ ਕਰਾਲ ਪ੍ਰਚੰਡ।
ਸਤਨਾਮ ਚਿਨਹੇ ਬਿਨਾ, ਜਨਮ ਜਨਮ ਭਵ ਦੰਡ ॥

**ਭਾਵ ਅਰਥ:-** ਕਬੀਰ ਪਰਮੇਸ਼ਵਰ ਨੇ ਕਿਹਾ ਹੇ ਪ੍ਰਾਣੀਓ ! ਸੁਣੋ ! ਇਹ ਸਾਰਾ ਛੱਲ ਕਾਲ ਬ੍ਰਹਮ ਨੇ ਤੁਹਾਨੂੰ ਸਾਰੇ ਪ੍ਰਾਣੀਆਂ ਨੂੰ ਆਪਣੇ ਜਾਲ ਵਿੱਚ ਫਸਾਏ ਰੱਖਣ ਦੇ ਲਈ ਕੀਤਾ ਹੈ ਜੋ ਚਾਰਾਂ ਵੇਦਾਂ (ਰਿਗਵੇਦ ਯਜੁਰਵੇਦ ਸਾਮਵੇਦ ਅਤੇ ਅਰਥਵ ਵੇਦ) ਦਾ ਗਿਆਨ ਅਧੂਰਾ ਹੈ। ਕਿਉਂਕਿ ਪੂਰਨ ਗਿਆਨ ਤੱਤਵਦਰਸ਼ੀ ਸੰਤ ਦੱਸਦੇ ਹਨ ਜੋ ਕਿ ਪੂਰਣ ਮੋਕਸ਼ ਦਾਇਕ ਹੈ। ਪੁਰਾਣਾਂ ਅਤੇ ਹੋਰ ਸਮਿਤੀ ਤੇ ਛੇ ਸ਼ਾਸਤਰਾਂ ਦਾ ਗਿਆਨ ਉਹਨਾਂ ਦੇਵਤਿਆਂ ਅਤੇ ਰਿਸ਼ੀਆਂ ਦਾ ਅਨੁਭਵ ਹੈ ਜੋ ਖ਼ੁਦ ਵੇਦ ਗਿਆਨ ਤੋਂ ਜਾਣੂ ਨਹੀਂ ਹਨ। ਇਸ ਲਈ ਤੱਤਵ ਗਿਆਨ ਦੇ ਆਧਾਰ ਤੇ ਸਤਨਾਮ ਦੇ ਸਿਮਰਣ ਤੋਂ ਹੀ ਪੂਰਨ ਮੋਕਸ਼ ਸੰਭਵ ਹੈ ਨਹੀਂ ਤਾਂ ਸਦਾ ਜਨਮ ਮਰਣ ਦਾ ਕਸ਼ਟ ਬਣਿਆ ਰਹੇਗਾ।

## " ਪਰਮੇਸ਼ਵਰ ਕਬੀਰ ਜੀ ਨਾਲ ਕਾਲ ਬ੍ਰਹਮ ਦਾ ਵਿਵਾਦ ਕਰਨਾ "

ਹੇ ਧਰਮਦਾਸ ਕਾਲ ਬ੍ਰਹਮ ਆਹਾਰ ਕਰਨ ਦੇ ਲਈ ਤੱਪਤਸ਼ਿਲਾ ਦੇ ਵੱਲ ਚੱਲਿਆ। ਉਦੋਂ ਮੈਂ ਉਨ੍ਹਾਂ ਸਾਰੇ ਪ੍ਰਾਣੀਆਂ ਨੂੰ ਕਿਹਾ ਦੇਖੋ ਉਹ ਆ ਰਿਹਾ ਹੈ ਕਾਲ ਬ੍ਰਹਮ ਸਾਕਾਰ ਹੈ, ਜਿਸਨੂੰ ਤੁਸੀ ਨਿਰਾਕਾਰ ਕਹਿੰਦੇ ਹੋ। ਤੇਜਮਯ ਸਰੀਰ, ਛੋਟਾ ਮੱਥਾ, ਲੰਬੇ ਦੰਦ, ਡਰਾਵਣੀ ਸੂਰਤ ਹੈ। ਹੇ ਪ੍ਰਾਣਿਓ! ਹੁਣ ਤੁਸੀਂ ਜਾਓ। ਇਨ੍ਹਾਂ ਕਹਿੰਦੇ ਹੀ ਸਾਰੇ ਪ੍ਰਾਣੀ ਜੋ ਤੱਪਤਸ਼ਿਲਾ ਤੇ ਮੌਜੂਦ ਸੀ ਅਕਾਸ਼ ਵਿੱਚ ਉੱਡ ਗਏ ਅਤੇ ਧਰਮਰਾਜ ਦੇ ਦਰਬਾਰ ਵਿੱਚ ਆ ਗਏ। ਉੱਥੇ ਕਰਮ ਆਧਾਰ ਤੇ ਸਵਰਗ-ਨਰਕ ਜਾਂ ਕਿਸੇ ਪ੍ਰਾਣੀ ਦੇ ਸਰੀਰ ਵਿੱਚ ਭੇਜ ਦਿੱਤਾ ਜਾਂਦਾ ਹੈ।

ਹੇ ਧਰਮਦਾਸ! ਜਦੋਂ ਕਾਲ ਬ੍ਰਹਮ (ਜੋਤੀ ਨਿਰੰਜਨ) ਤਪਤਸ਼ਿਲਾ ਦੇ ਕੋਲ ਆਇਆ। ਉਸ ਵਕਤ ਉਸਨੂੰ ਮੇਰਾ ਸਵਰੂਪ ਮੇਰੇ ਉਸ ਪੁੱਤਰ ਯੋਗਸੰਤਾਇਨ ਉਰਫ ਯੋਗਜੀਤ ਦਾ ਦਿਖਾਈ ਦਿੱਤਾ ਜਿਸ ਰੂਪ ਵਿੱਚ ਮੈਂ ਕਾਲ ਬ੍ਰਹਮ ਨੂੰ ਸਤਲੋਕ ਤੋਂ ਨਿਕ-ਾਸਿਤ ਕੀਤਾ ਸੀ ਅਤੇ ਮੈਨੂੰ ਯੋਗਜੀਤ ਜਾਣ ਕੇ ਗੁੱਸਾ ਹੋ ਕੇ ਬੋਲਿਆ ਹੈ ਯੋਗਜੀਤ ! ਇੱਥੇ ਮੇਰੇ ਲੋਕ ਵਿੱਚ ਮੇਰੀ ਆਗਿਆ ਦੇ ਬਿਨਾਂ ਕਿਸ ਲਈ ਆਇਆ।ਅੱਜ ਮੈਂ ਤੈਨੂੰ ਮਾਰਾਂਗਾ , ਤੇਰੀ ਜੀਵਨ ਲੀਲਾ ਖਤਮ ਕਰਾਂਗਾ । ਤੂੰ ਮੈਨੂੰ ਸਤਲੋਕ ਵਿੱਚੋਂ ਧੱਕੇ ਮਾਰ ਕੇ ਕੱਢਿਆ ਸੀ। ਮੈਂ ਤੈਨੂੰ ਬਹੁਤ ਬੇਨਤੀ ਕੀਤੀ ਸੀ ਸਤਲੋਕ ਤੋਂ ਨਾ ਕੱਢਣ ਦੀ ਪਰ ਤੂੰ ਇੱਕ ਨਹੀਂ ਸੁਣੀ ਸੀ। ਕੀ ਤੁਸੀਂ ਪਿਤਾ ਜੀ ਦਾ (ਸਤਪੁਰਸ਼ ਦਾ) ਕੋਈ ਸੰਦੇਸ਼-ਆਦੇਸ਼ ਲੇ ਕੇ ਆਏ ਹੋ ਉਹ ਮੈਨੂੰ ਦੱਸੋ ਉਸ ਤੋਂ ਬਾਅਦ ਯੁੱਧ ਲਈ ਤਿਆਰ ਹੋ ਜਾਓ। (ਮੈਂ ਜਾਣ ਲਿਆ ਸੀ ਧਰਮਦਾਸ ਕਿ ਇਹ ਮੈਨੂੰ ਯੋਗਜੀਤ ਸਮਝ ਰਿਹਾ ਹੈ, ਇਸ ਲਈ ਮੈਂ ਯੋਗਜੀਤ ਦੀ ਭੂਮਿਕਾ ਕਰਦੇ ਹੋਏ ਇਹ ਸ਼ਬਦ ਕਹੇ) ਮੈਂ ਕਿਹਾ ਹੇ ਕਾਲ ਨਿਰੰਜਨ! ਮੈਨੂੰ ਪਿਤਾ ਜੀ ਭਾਵ ਸਤਪੁਰਸ਼ ਨੇ ਭੇਜਿਆ ਹੈ। ਤੇਰੇ ਲੋਕ ਵਿੱਚ ਸਾਰੀ ਆਤਮਾਵਾਂ ਮਹਾਂ ਕਸ਼ਟ ਉਠਾ ਰਹੀਆਂ ਹਨ। ਉਹਨਾਂ ਦੀ ਪੁਕਾਰ ਪਰਮਾਤਮਾ ਨੇ ਸੁਣ ਲਈ ਹੈ। ਹੁਣ ਮੈਂ ਤੇਰੇ ਹੇਠਾਂ ਦੇ ਬ੍ਰਹਿਮੰਡਾਂ ਵਿੱਚ ਜਾਵਾਂਗਾ। ਤੇਰੇ ਦੁਆਰਾ ਦੱਸੇ ਗਏ ਲੋਕ ਵੇਦ (ਵਿਅਰਥ ਗਿਆਨ) ਦਾ ਪਰਦਾ ਫਾਸ਼ ਕਰਾਂਗਾ ਅਤੇ ਤੱਤਵਗਿਆਨ ਦੁਆਰਾ ਸਾਰੇ ਪ੍ਰਾਣੀਆਂ ਨੂੰ ਪੂਰਣ ਪਰਮਾਤਮਾ ਦਾ ਗਿਆਨ ਕਰਵਾ ਕੇ ਸਤ ਸਾਧਨਾ ਪ੍ਰਾਪਤ ਕਰਾਵਾਂਗਾ। ਜਿਸ ਤੋਂ ਸਾਰੇ ਪ੍ਰਾਣੀ ਮਾਨਵ ਸਰੀਰ ਧਾਰੀ ਸਤ ਸਾਧਨਾ ਕਰਕੇ ਆਪਣੇ ਪੂਰਵ ਵਾਲੇ ਸਥਾਨ ਸਤਲੋਕ ਵਿੱਚ ਚਲੇ ਜਾਣਗੇ।

ਹੇ ਧਰਮਦਾਸ! ਮੇਰੀ ਗੱਲ ਸੁਣ ਕੇ ਕਾਲ ਬ੍ਰਹਮ ਬਹੁਤ ਗੁੱਸਾ ਹੋ ਗਿਆ ਅਤੇ ਮੈਨੂੰ ਖਤਮ ਕਰਨ ਦੇ ਉਦੇਸ਼ ਤੋਂ ਮੇਰੇ ਉੱਪਰ ਹਮਲਾ ਕੀਤਾ। ਮੈਂ ਸਤਨਾਮ ਦਾ ਸਿਮਰਨ ਕੀਤਾ ਜਿਸਦੇ ਪ੍ਰਭਾਵ ਤੋਂ ਕਾਲ ਬ੍ਰਹਮ ਥੱਲੇ ਪਾਤਾਲ ਲੋਕ ਵਿੱਚ ਡਿੱਗ ਗਿਆ। ਡਰ ਦੇ ਮਾਰੇ ਕੰਬਣ ਲੱਗਿਆ ਉਸਦੀ ਸਥਿਤੀ ਇੰਝ ਹੋ ਗਈ ਜਿਵੇਂ ਪੰਛੀ ਦੇ ਖੰਬ ਕੱਟ ਜਾਂਦੇ ਹਨ ਉਹ ਇਕ ਸਥਾਨ ਤੇ ਡਿੱਗਿਆ ਹੋਇਆ ਫ਼ੜ੍ਹਫ਼ੜਾਉਂਦਾ ਹੈ ਪਰ ਉੱਡ ਨਹੀਂ ਪਾਉਂਦਾ ਮੈਂ ਵੀ ਉਸਦੇ ਨਾਲ ਪਾਤਾਲ ਲੋਕ ਵਿੱਚ ਪਹੁੰਚ ਗਿਆ। ਕਾਲ ਬ੍ਰਹਮ ਨੇ ਜਾਣ ਲਿਆ ਕਿ ਯੋਗਜੀਤ ਦੇ ਕੋਲ ਸਿੱਧੀ ਹੈ ਇਹ ਮੇਰੇ ਤੋਂ ਮਾਰਿਆ ਨਹੀਂ ਜਾ ਸਕਦਾ। ਤਾਂ ਉਸ (ਕਾਲ ਬ੍ਰਹਮ) ਨੇ ਆਪਣਾ ਸਵਾਰਥ ਸਿੱਧ ਕਰਨ ਦੀ ਹੋਰ ਯੁਕਤੀ ਸੋਚੀ। ਉਸਨੇ ਕਿਹਾ ਹੇ ਯੋਗਜੀਤ ਤੁਸੀਂ ਮੇਰੇ ਵੱਡੇ ਭਰਾ ਹੋ ਮੈਂ ਤੁਹਾਡਾ ਛੋਟਾ ਭਰਾ ਹਾਂ। ਛੋਟੇ ਤਾਂ ਉਤਪਾਤ ਹੀ ਕਰਿਆ ਕਰਦੇ ਹਨ ਪਰ ਵੱਡੇ ਦੀ ਮਹਾਨਤਾ ਮਾਫ਼ ਕਰਨ ਵਿੱਚ ਹੀ ਹੁੰਦੀ

ਹੈ। ਮੈਨੂੰ ਮਾਫ਼ ਕਰੋ ਇਹ ਕਹਿੰਦੇ ਹੋਏ ਕਾਲ ਬ੍ਰਹਮ ਘਿਸਰਦਾ ਹੋਇਆ ਮੇਰੇ ਬਹੁਤ ਨੇੜੇ ਆਇਆ ਅਤੇ ਮੇਰੇ ਚਰਣ ਫੜ੍ਹ ਕੇ ਗਿੜਗਿੜਾਉਣ ਲੱਗਾ। ਮੈਂ ਉਸਨੂੰ ਲੈ ਕੇ ਫਿਰ ਇੱਕੀਵੇਂ ਬ੍ਰਹਿਮੰਡ ਵਿੱਚ ਤਪਤਸ਼ਿਲਾ ਦੇ ਕੋਲ ਲੈ ਗਿਆ। ਮੈਂ ਕਿਹਾ ਹੇ ਕਾਲ ਨਿਰੰਜਨ! ਮੈਂ ਤੈਨੂੰ ਮਾਫ਼ ਕਰ ਦਿੱਤਾ ਮੇਰੇ ਪੈਰ ਛੱਡ ਮੈਂ ਹੇਠਾਂ ਦੇ ਲੋਕਾਂ ਵਿੱਚ ਜਾਣਾ ਹੈ ਅਤੇ ਸਭ ਆਤਮਾਵਾਂ ਨੂੰ ਤੇਰੇ ਜਾਲ ਤੋਂ ਮੁਕਤ ਕਰਵਾਉਣਾ ਹੈ।

ਕਾਲ ਬ੍ਰਹਮ (ਜਯੋਤੀ ਨਿਰੰਜਨ) ਨੇ ਕਿਹਾ ਹੇ ਵੱਡੇ ਭਰਾ! ਮੈਂ ਤੁਹਾਨੂੰ ਪਿਤਾ ਵਾਂਗ ਮੰਨਦਾ ਹਾਂ। ਤੁਸੀਂ ਮੈਨੂੰ ਕੁਝ ਵਰਦਾਨ ਦਿਓ ਜਿਸ ਨਾਲ ਮੇਰੇ ਲੋਕ ਦੀਆਂ ਕੁਝ ਕਮੀਆਂ ਦੂਰ ਹੋ ਜਾਣ।ਤੁਸੀਂ ਫਿਰ ਭਾਵੇਂ ਹੇਠਾਂ ਦੇ ਲੋਕਾਂ ਵਿੱਚ ਚਲੇ ਜਾਣਾ। ਮੈਂ ਕਿਹਾ ਮੰਗ ਕੀ ਮੰਗਦਾ ਹੈ। ਕਾਲ ਬ੍ਰਹਮ ਨੇ ਕਿਹਾ ਤੁਸੀਂ ਵਚਨ ਬੱਧ ਹੋ ਜਾਓ ਤਦ ਮੰਗਾਗਾਂ। ਮੈਂ ਕਿਹਾ ਮੈਂ ਵਚਨ ਬੱਧ ਹੁੰਦਾ ਹਾਂ ਮੰਗ ਕੀ ਮੰਗਦਾ ਹੈ?

ਕਾਲ ਬ੍ਰਹਮ ਨੇ ਕਿਹਾ (1) ਤਿੰਨ ਯੁੱਗਾਂ (ਸਤਯੁੱਗ, ਤ੍ਰੇਤਾ, ਦੁਆਪਰ ਯੁੱਗਾਂ) ਵਿੱਚ ਜੀਵ ਥੋੜ੍ਹੇ ਲੈ ਜਾਣਾ। ਚੌਥੇ ਯੁੱਗ ਕਲਯੁੱਗ ਵਿੱਚ ਤੁਸੀਂ ਜ਼ਿਆਦਾ ਜੀਵ ਮੁਕਤ ਕਰਵਾਉਣਾ। ਪਿਤਾ ਜੀ ਨੇ ਮੈਨੂੰ ਸਰਾਪ ਦਿੱਤਾ ਹੋਇਆ ਹੈ, ਇੱਕ ਲੱਖ ਮਨੁੱਖੀ ਸਰੀਰ ਧਾਰੀ ਪ੍ਰਾਣੀਆਂ ਨੂੰ ਹਰ ਰੋਜ਼ ਖਾਣ ਦਾ ਜੇਕਰ ਤੁਸੀਂ ਸਾਰੇ ਜੀਵਾਂ ਨੂੰ ਇੱਕ ਹੀ ਯੁੱਗ ਵਿੱਚ ਲੈ ਜਾਵੋਗੇ ਤਾਂ ਮੈਂ ਭੁੱਖਾ ਮਰ ਜਾਵਾਗਾਂ। (2) ਮੈਂ ਤੁਹਾਡਾ ਰੂਪ ਧਾਰਣ ਕਰ ਸਕਾਂ। (3) ਜੋ ਆਤਮਾ ਤੁਹਾਡੇ ਗਿਆਨ ਨੂੰ ਸਮਝ ਕੇ ਤੁਹਾਡੇ ਭਗਤੀ ਮਾਰਗ ਨੂੰ ਗ੍ਰਹਿਣ ਕਰਕੇ ਸਾਰੀ ਉਮਰ ਸਾਧਨਾ ਕਰੇਗਾ। ਉਹ ਤੁਹਾਡੇ ਲੋਕ ਵਿੱਚ ਜਾਵੇ। ਜਿਸ ਆਤਮਾ ਦਾ ਨਾਮ ਖੰਡ ਹੋ ਜਾਵੇ ਭਾਵ ਉਹ ਤੁਹਾਡੇ ਭਗਤੀ ਮਾਰਗ ਨੂੰ ਤਿਆਗ ਕੇ ਮੇਰੀ ਭਗਤੀ ਕਰਨ ਲੱਗੇ ਅਤੇ ਤੁਹਾਡੇ ਮਾਰਗ ਨੂੰ ਸਵੀਕਾਰ ਹੀ ਨਾ ਕਰੇ ਉਹ ਸਾਰੇ ਪ੍ਰਾਣੀ ਮੇਰੇ ਲੋਕ ਵਿੱਚ ਹੀ ਰਹਿਣ। (4) ਤ੍ਰੇਤਾ ਯੁੱਗ ਵਿੱਚ ਮੇਰੇ ਅੰਸ਼ ਵਿਸ਼ਨੂੰ ਅਵਤਾਰ ਰਾਮਚੰਦਰ ਦੀ ਸਮੁੰਦਰ ਉੱਤੇ ਪੁਲ਼ ਬਣਾਉਣ ਵਿੱਚ ਮਦਦ ਕਰਨਾ। (5) ਦ੍ਵਾਪਰ ਵਿੱਚ ਮੇਰਾ ਅੰਸ਼ ਕ੍ਰਿਸ਼ਨ ਰੂਪ ਵਿੱਚ ਜਾਵੇਗਾ। ਉਹ ਇੱਕ ਜਗਨਨਾਥ ਨਾਂ ਦਾ ਮੰਦਰ ਬਣਵਾਉਣਾ ਚਾਹੇਗਾ ਸਮੁੰਦਰ ਉਸਨੂੰ ਤੋੜੇਗਾ। ਤੁਸੀਂ ਉਸ ਮੰਦਰ ਦੀ ਸਮੁੰਦਰ ਤੋਂ ਰੱਖਿਆ ਕਰਨਾ। ਉਪਰੋਕਤ ਵਰਦਾਨ ਮੈਨੂੰ ਦੇ ਕੇ ਤੁਸੀਂ ਹੇਠਾਂ ਜਾਓ ਅਤੇ ਪਿਤਾ ਜੀ ਦੀ ਆਗਿਆ ਦਾ ਪਾਲਣ ਕਰੋ। ਮੈਂ ਕਾਲ ਬ੍ਰਹਮ ਨੂੰ ਕਿਹਾ ਹੇ ਜੋਤੀ ਨਿਰੰਜਨ! ਜੋ ਉਪਰੋਕਤ ਵਰਦਾਨ ਤੂੰ ਮੰਗੇ ਉਹ ਸਾਰੇ ਮੈਂ ਤੈਨੂੰ ਦੇ ਦਿੱਤੇ (ਤਥਾ ਅਸਤੂ)

ਹੇ ਧਰਮਦਾਸ ! ਉਸ ਸੁਆਰਥੀ ਨੇ ਤੁਰੰਤ ਮੇਰੇ ਪੈਰ ਛੱਡ ਦਿੱਤੇ ਅਤੇ ਕਿਹਾ ਹੇ ਜੋਗਜੀਤ! ਤੁਸੀਂ ਕਿਹੜੇ ਨਾਮ ਜਾਪ ਨਾਲ ਭਗਤੀ ਕਰਾਓਗੇ? ਉਹ ਮੈਨੂੰ ਦੱਸ ਦਿਓ ਤਾਂਕਿ ਮੈਂ ਉਹਨਾਂ ਆਤਮਾਵਾਂ ਨੂੰ ਸਤਲੋਕ ਜਾਣ ਦਿਆਂਗਾ ਜਿਨ੍ਹਾਂ ਕੋਲ ਤੁਹਾਡਾ ਮੰਤਰ ਜਾਪ ਹੋਵੇਗਾ। ਮੈਂ ਉਨ੍ਹਾਂ ਨੂੰ ਛੱਡ ਦਿਆਗਾਂ। ਹੇ ਧਰਮਦਾਸ ! ਕਾਲ ਨੇ ਮੇਰੇ ਨਾਲ ਧੋਖਾ ਕਰਨਾ ਚਾਹਿਆ ਕਿ ਸਤਿਨਾਮ ਅਤੇ ਸਾਰਨਾਮ ਨੂੰ ਜਾਣ ਕੇ ਉਹ ਆਪਣੇ ਦੂਤਾਂ (ਸੰਦੇਸ਼ ਵਾਹਕ ਗੁਰੂਆਂ) ਨੂੰ ਦੱਸ ਦਿੰਦਾ। ਉਨ੍ਹਾਂ ਦੁਆਰਾ ਦੱਸੇ ਗਏ ਇਸ ਸਾਰਨਾਮ ਦਾ ਸਾਧਕ ਨੂੰ ਕੋਈ ਲਾਭ ਨਾ ਮਿਲਦਾ ਅਤੇ ਜਦ ਮੈਂ ਜਾਂ ਮੇਰਾ ਅੰਸ਼ ਇਹੀ ਮੰਤਰ ਜਾਪ ਦਿੰਦੇ ਤਾਂ ਸਾਰੇ ਪ੍ਰਾਣੀ ਕਹਿੰਦੇ ਇਹ ਤਾਂ ਸਾਡੇ ਗੁਰੂਦੇਵ ਨੇ ਜਾਪ ਮੰਤਰ ਦਿੱਤਾ ਹੋਇਆ ਹੈ ਤੁਸੀਂ ਕੀ ਨਵਾਂ ਦੱਸ ਰਹੇ ਹੋ। ਹੇ ਧਰਮਦਾਸ ! ਇਹ ਮਹਾਂ ਧੋਖਾ ਹੋ ਜਾਂਦਾ। ਇਸ ਲਈ ਮੈਂ ਕਾਲ ਬ੍ਰਹਮ ਨੂੰ ਕਿਹਾ ਕਿ ਮੈਂ ਤੇਰੀ ਚਾਲ ਨੂੰ ਸਮਝ ਗਿਆ ਹਾਂ। ਮੈਂ ਤੈਨੂੰ ਉਹ ਸਾਰਨਾਮ ਤੇ ਸਾਰਗਿਆਨ (ਤੱਤਵਗਿਆਨ) ਨਹੀਂ ਦੱਸਾਂਗਾ। ਜਿਸ ਪ੍ਰਾਣੀ ਦੇ ਕੋਲ ਸਾਡੇ ਦੁਆਰਾ

ਦੱਸਿਆ ਸਾਰਨਾਮ ਹੋਵੇਗਾ ਉਸਦੇ ਨੇੜੇ ਤੂੰ ਨਹੀਂ ਜਾ ਸਕਦਾ ਉਸਨੂੰ ਤੂੰ ਨਹੀਂ ਰੋਕ ਸਕਦਾ ਉਹ ਤੇਰੇ ਸਿਰ ਉੱਪਰ ਪੈਰ ਰੱਖਕੇ ਉਸ ਸਾਰਨਾਮ ਦੀ ਭਗਤੀ ਦੀ ਸ਼ਕਤੀ ਨਾਲ ਸਤਲੋਕ ਚਲਾ ਜਾਵੇਗਾ।

**ਹੇ ਧਰਮਦਾਸ! ਉਦੋਂ ਕਾਲ ਬ੍ਰਹਮ ਨੇ ਹੱਸਦੇ ਹੋਏ ਕਿਹਾ ਕਿ ਸਹਿਜ ਦਾਸ!** (ਹੇ ਧਰਮਦਾਸ ਕਾਲ ਬ੍ਰਹਮ ਨੂੰ ਮੈਂ ਭਿੰਨ-ਭਿੰਨ ਰੂਪ ਆਪਣੇ ਪੁੱਤਰਾਂ ਦੇ ਦਿਖਾ ਰਿਹਾ ਸੀ ਉਹ ਕਦੇ ਮੈਨੂੰ ਯੋਗਜੀਤ ਸਮਝ ਰਿਹਾ ਸੀ ਕਦੇ ਉਸਨੂੰ ਲੱਗਦਾ ਸੀ ਸ਼ਾਇਦ ਉਹ ਸਹਿਜ ਦਾਸ ਹੈ ਕਦੇ ਲੱਗਦਾ ਸੀ ਕਿ ਉਹ ਗਿਆਨੀ ਹੈ। ਇਹ ਸਾਰੇ ਨਾਮ ਉਨ੍ਹਾਂ 16 ਪੁੱਤਰਾਂ ਦੇ ਹਨ ਜੋ ਸਤਲੋਕ ਸ੍ਰਿਸ਼ਟੀ ਦੀ ਆਦਿ ਵਿੱਚ ਆਪਣੀ ਵਚਨ ਸ਼ਕਤੀ ਨਾਲ ਉਤਪੰਨ ਕੀਤੇ ਸਨ। ਕਿਰਪਾ ਕਰਕੇ ਪੜ੍ਹੋ ਸ੍ਰਿਸ਼ਟੀ ਰਚਨਾ ਵਿੱਚ) **ਤੁਸੀਂ ਜਾਓ ਹੇਠਾਂ ਸੰਸਾਰ ਵਿੱਚ ਮੈਂ ਸਾਰੇ ਜੀਵਾਂ ਨੂੰ ਲੋਕਵੇਦ ਉੱਤੇ ਆਧਾਰਿਤ ਕੀਤਾ ਹੋਇਆ ਹੈ। ਮੈਂ ਆਪਣੇ ਰਿਸ਼ੀਆਂ ਤੇ ਮਹਾਂਰਿਸ਼ੀਆ ਨੂੰ ਸ਼ਾਸ਼ਤਰਾਂ (ਵੇਦਾਂ) ਦੇ ਉਲਟ ਗਿਆਨ ਪ੍ਰਦਾਨ ਕਰ ਰੱਖਿਆ ਹੈ ਉਹ ਕਹਿੰਦੇ ਹਨ ਕਿ ਅਸੀਂ ਵੇਦਾਂ ਅਨੁਸਾਰ ਗਿਆਨ ਦੱਸ ਰਹੇ ਹਾਂ ਪ੍ਰੰਤੂ ਉਨ੍ਹਾਂ ਦਾ ਲੋਕਵੇਦ ਸ਼ਾਸਤਰਾਂ ਦੇ ਗਿਆਨ ਦੇ ਉਲਟ ਹੈ। ਉਹਨਾਂ ਰਿਸ਼ੀਆਂ ਨੂੰ ਮਹਾਂਗਿਆਨੀ ਮੰਨ ਕੇ ਹੋਰ ਜਨਤਾ ਉਹਨਾਂ ਦੇ ਗਿਆਨ ਉੱਤੇ ਬਹੁਤ ਦ੍ਰਿੜ ਹੋ ਕੇ ਲੱਗੀ ਹੈ। ਉਹ ਕਹਿੰਦੇ ਹਨ ਕਿ ਪੂਰਣ ਪ੍ਰਮਾਤਮਾ ਦੀ ਭਗਤੀ ਕਰੋ। ਉਹ ਹੀ ਮੋਕਸ਼ ਦਾਇਕ ਹੈ ਪ੍ਰੰਤੂ ਸਾਧਨਾ ਵਿਧੀ ਮੇਰੇ (ਕਾਲ ਬ੍ਰਹਮ) ਜਾਲ਼ ਵਿੱਚ ਫਸੇ ਰਹਿਣ ਦੀ ਹੀ ਦੱਸਦੇ ਹਨ ਜਿਸ ਕਾਰਣ ਨਾਲ ਸਾਰੇ ਸਾਧਕ ਤੇ ਰਿਸ਼ੀ ਜਨ ਮੇਰੇ ਹੀ ਫੰਦੇ ਵਿੱਚ ਉਲਝੇ ਰਹਿੰਦੇ ਹਨ। ਕਲਯੁਗ ਵਿੱਚ ਕਈ ਧਰਮ ਬਣਵਾ ਦੇਵਾਂਗਾ ਤੇ ਆਪਸ ਵਿੱਚ ਲੜਦੇ ਮਰਦੇ ਰਹਿਣਗੇ। ਹੋਰ ਕਿਸੇ ਵੀ ਸੰਤ ਜਾਂ ਗੁਰੂ ਦੇ ਗਿਆਨ ਨੂੰ ਸਵੀਕਾਰ ਨਹੀਂ ਕਰਨਗੇ। ਕਲਯੁਗ ਵਿੱਚ ਊਤ ਭੂਤ ਦੀ ਪੂਜਾ, ਭੈਰੋ, ਕਾਲੀ ਆਦਿ ਦੀ ਪੂਜਾ ਦੇਵੀ ਤੇ ਹੋਰ ਦੇਵਾਂ ਦੀ ਪੂਜਾ ਅਤੇ ਤੀਰਥ, ਵਰਤ ਆਦਿ ਕਰਨ ਵਿੱਚ ਹੀ ਸਾਰੀ ਜਨਤਾ ਆਪਣਾ ਮੋਕਸ਼ ਸਮਝੇਗੀ। ਮੰਦਰ ਪੂਜਾ, ਸਮਾਧ ਪੂਜਾ, ਮੂਰਤੀ ਪੂਜਾ ਜਾਂ ਮੌਤ ਨੂੰ ਪ੍ਰਾਪਤ ਹੋਏ ਗੁਰੂਆਂ ਦੇ ਧਾਮਾਂ ਦੀ ਪੂਜਾ ਅਤੇ ਪਿਤਰ ਪੂਜਾ (ਸ਼ਰਾਧ- ਪਿੰਡ ਦਾਨ ਕਰਨਾ) ਉੱਤੇ ਹੀ ਸਾਰੇ ਸਾਧਕ ਦ੍ਰਿੜਤਾ ਨਾਲ ਲਗਾ ਦੇਵਾਂਗਾ। ਸ਼੍ਰੀ ਵਿਸ਼ਨੂੰ ਅਵਤਾਰ ਰਾਮ ਤੇ ਕ੍ਰਿਸ਼ਨ ਤੇ ਸ੍ਰੀ ਸ਼ਿਵ ਜੀ ਨੂੰ ਹੀ ਪੂਰਣ ਪਰਮਾਤਮਾ ਮੰਨ ਕੇ ਉਨ੍ਹਾਂ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂੰ ਅਤੇ ਤਮਗੁਣ ਸ਼ਿਵ ਜੀ) ਦੀ ਪੂਜਾ ਵਿੱਚ ਹੀ ਆਪਣਾ ਕਲਿਆਣ ਮੰਨਣਗੇ। ਇਹਨਾਂ ਤਿੰਨਾਂ ਵਿੱਚੋਂ ਵਿਸ਼ੇਸ਼ ਰੂਪ ਵਿੱਚ ਵਿਸ਼ਨੂੰ ਤੇ ਸ਼ਿਵ ਨੂੰ ਸਰਵੇਸ਼ਵਰ, ਮਹੇਸ਼ਵਰ, ਅਜਰ, ਅਮਰ ਇਹਨਾਂ ਦੇ ਕੋਈ ਮਾਤਾ-ਪਿਤਾ ਨਹੀਂ ਹੈ। ਇਹ ਹੀ ਪੂਜਾ ਦੇ ਯੋਗ ਹੈ। ਇਸ ਤੋਂ ਭਿੰਨ ਕੋਈ ਦੇਵ ਪੂਜਾ ਯੋਗ ਨਹੀਂ ਹੈ ਇਸ ਗਿਆਨ ਉਪਰ ਸਾਰਾ ਹਿੰਦੂ ਸਮਾਜ ਨਿਰਭਰ ਕਲਯੁਗ ਵਿੱਚ ਕਰ ਦਿੱਤਾ ਜਾਵੇਗਾ।**

**ਜਿਸ ਸਮੇਂ ਆਪ ਜਾਂ ਆਪ ਦਾ ਕੋਈ ਸੰਦੇਸ਼ਵਾਹਕ ਕਲਯੁਗ ਵਿੱਚ ਸਾਰਗਿਆਨ ਭਾਵ ਤੱਤਵਗਿਆਨ ਪ੍ਰਦਾਨ ਕਰਨਾ ਚਾਹੇਗਾ ਉਹ ਉਪਰੋਕਤ ਸਾਧਨਾਵਾਂ ਨੂੰ ਵਿਅਰਥ ਦੱਸੇਗਾ ਅਤੇ ਵਿਸ਼ਨੂੰ ਤੇ ਸ਼ਿਵ ਤੋਂ ਉੱਪਰ ਕੋਈ ਹੋਰ ਪਰਮੇਸ਼ਵਰ ਦਾ ਗਿਆਨ ਦੱਸੇਗਾ ਤਾਂ ਤੁਸੀਂ ਜਾਂ ਤੁਹਾਡੇ ਅੰਸ਼ ( ਸੰਤ) ਦੀ ਗੱਲਾਂ ਨੂੰ ਕੋਈ ਨਹੀਂ ਸੁਣੇਗਾ। ਇਸਦੇ ਉਲਟ ਨਿੰਦਾ ਦੇ ਪਾਤਰ ਕਹਾਓਗੇ ਅਤੇ ਤੁਹਾਡੇ ਨਾਲ ਝਗੜਾ ਵੀ ਮੇਰੇ ਸੰਤ (ਦੂਤ) ਕਰਨਗੇ ਅਤੇ ਜਨਤਾ ਨੂੰ ਤੁਹਾਡੇ ਵਿਰੁੱਧ ਕਰਕੇ ਤੁਹਾਡਾ ਦੁਸ਼ਮਣ ਬਣਾ ਦੇਣਗੇ। ਤੁਸੀਂ ਮੇਰੇ ਦੁਆਰਾ ਰਚੇ ਚੱਕਰਵਿਊ ਨੂੰ ਤੋੜ ਨਹੀਂ ਸਕੋਗੇ। ਖਾਲੀ ਹੱਥ ਵਾਪਸ ਜਾਵੋਗੇ ਅਤੇ ਹੁਣ ਸਹਿਜ ਦਾਸ! ਤੁਸੀਂ ਇਕ ਪੰਥ ਚਲਾਉਗੇ ਪਰਮੇਸ਼ਵਰ ਦੇ ਨਾਮ ਨਾਲ ਮੈਂ ਤੁਹਾਡੇ ਪੰਥ**

**ਵਰਗੇ ਬਾਰਾਂ ਪੰਥ ਨਕਲੀ ਪਰਮੇਸ਼ਵਰ ਦੇ ਚਲਾਵਾਂਗਾ। ਉਹਨਾਂ ਬਾਰਾਂ ਪੰਥਾਂ ਵਿੱਚ ਮੇਰੇ ਦੁਆਰਾ ਭੇਜੇ ਗਏ ਦੂਤਾਂ ਤੋਂ ਜੋ ਨਾਮ ਉਪਦੇਸ਼ ਲਵੇਗਾ ਉਹ ਮਹਿਮਾ ਤਾਂ ਆਪ ਜੀ ਦੇ ਗਿਆਨ ਅਨੁਸਾਰ (ਕਬੀਰ ਸਾਗਰ ਅਤੇ ਹੋਰ ਸੰਤਾਂ ਦੁਆਰਾ ਬੋਲੀ ਮਿਲਦੀ ਜੁਲਦੀ ਬਾਣੀ ਅਨੁਸਾਰ) ਦੱਸਣਗੇ ਪਰਤੂੰ ਨਾਮ ਗਲਤ ਪ੍ਰਦਾਨ ਕਰਨਗੇ। ਜਿਸ ਨਾਲ ਉਹ ਮੇਰੇ ਹੀ ਜਾਲ ਵਿੱਚ ਰਹਿ ਜਾਣਗੇ। ਇਸ ਪ੍ਰਕਾਰ ਮੈ ਸਾਰੇ ਜੀਵਾਂ ਨੂੰ ਭਰਮਿਤ ਕਰਕੇ ਮੁਕਤ ਨਹੀ ਹੋਣ ਦੇਵਾਂਗਾਂ। ਉਪਰੋਕਤ ਉੱਲੇਖ ਨਿਮਨ ਬਾਣੀਆਂ ਦਾ ਸਾਰਾਂਸ਼ ਹੈ।**

**॥ਕਬੀਰ ਵਚਨ॥**

ਚੋਪਾਈ=ਧਰਮਦਾਸ ਜੋ ਪੁਛੋ ਮੋਹਿ, ਯੁਗ-2 ਕਥਾ ਕਹੋ ਮੈਂ ਤੋਹਿ।
ਜਬਹੀ ਪੁਰਸ਼ ਆਗਿਆ ਕੀਨਹਾ, ਜੀਵਨ ਕਾਜ ਪ੍ਰਿਥਵੀ ਪਗ ਦੀਨ੍ਹਾ॥
ਕਰਿ ਪ੍ਰਣਾਮ ਤਬਹੀ ਪਗੁਧਾਰਾ, ਪਹੁੰਚੇ ਜਾਏ ਧਰਮ ਦਰਬਾਰਾ।
ਪ੍ਰਥਮ ਚਲੇ ਜੀਵ ਕੇ ਕਾਜਾ ਪੁਰਸ਼ ਪ੍ਰਤਾਪ ਸ਼ੀਸ਼ ਪਰ ਛਾਜਾ॥
ਆਵਤ ਮਿਲੇ ਧਰਮ ਅਨਿਆਈ, ਤਿਨ ਪੁਨਿ ਹਮਸੇ ਰਾਰ ਬੜਾਈ।
ਮੋ ਕੂੰ ਦੇਖ ਧਰਮ ਠੀਗ ਆਵਾ, ਮਹਾ ਕ੍ਰੋਧ ਬੋਲੇ ਅਤੁਰਾਵਾ॥

**॥ਕਾਲ ਬ੍ਰਹਮ ਵਚਨ॥**

ਯੋਗ ਜੀਤ ਇਹਵਾਂ ਕਸ ਆਵੋ ਸੋ ਤੁਮ ਹਮ ਸੋ ਵਚਨ ਸੁਨਾਓ।
ਕੈ ਤੁਮ ਹਮ ਮਾਰਨ ਆਓ, ਪੁਰਸ਼ ਵਚਨ ਸੋ ਮੋਹਿ ਸੁਨਾਓ॥

**॥ਕਬੀਰ ਵਚਨ॥**

ਤਾਸੋ ਕਹਯੋ ਸੁਣੋ ਧਰਮਰਾਈ, ਜੀਵ ਕਾਜ ਸੰਸਾਰ ਸਿੰਧਾਈ।
ਜੀਵਨ ਕਹਿ ਤੁਮ ਬਹੁਤ ਭੁਲਾਵਾ, ਬਾਰ-ਬਾਰ ਜੀਵਨ ਸਤਾਵਾ॥
ਪੁਰੁਸ਼ ਭੇਦ ਤੁਮ ਗੁਪਤ ਰਾਖਾ, ਅਪਨੀ ਮਹਿਮਾ ਪ੍ਰਕਟ ਭਾਖਾ।
ਤਪਤ ਸ਼ਿਲਾ ਪਰ ਜੀਵ ਜਰਾਵਹੁ, ਜਾਰਿ ਵਾਰਿ ਨਿਜਸਵਾਦ ਕਰਾਵਹੁ॥
ਤੁਮ ਅਸ ਕਸ਼ਟ ਜੀਵਨ ਕਹੈ ਦੀਹਨਾ, ਤਾਤੇ ਪੁਰਸ਼ ਮੋਹਿ ਆਗਿਆ ਦੀਹਨਾ।
ਜੀਵ ਚਿਤਾਯ ਲੋਕ ਲੇ ਜਾਊਂ, ਕਾਲ ਕਸ਼ਟ ਸੇ ਜੀਵ ਬਚਾਊਂ॥
ਤਾਤੇ ਹਮ ਸੰਸਾਰ ਹੀ ਜਾਯਬ, ਦੇ ਪ੍ਰਵਾਨਾ ਲੋਕ ਪਠਾਯਬ।
ਯਹ ਸੁਨੀ ਕਾਲ ਭਯੰਕਰ ਭਯਊ, ਹਮ ਕਹਿ ਤ੍ਰਾਸ ਦਿਖਾਨ ਲਯਊ॥

**॥ਧਰਮਰਾਯ (ਕਾਲ ਬ੍ਰਹਮ) ਵਚਨ॥**

ਸੱਤਰ-2 ਯੁਗ ਹਮ ਸੇਵਾ ਕੀਨਹੀ, ਰਾਜ ਬੜਾਈ ਪੁਰਸ਼ ਮੋਹਿ ਦੀਨਹੀ।
ਫਿਰ ਚੌਂਸਠ ਯੁਗ ਸੇਵਾ ਠਯਊ, ਅਸ਼ਟ ਖੰਡ ਪੁਰਸ਼ ਮਹਿ ਦਯਊ॥
ਤਬ ਤੁਮ ਮਾਰਿ ਨਿਕਾਰੇ ਮੋਹਿ, ਜੋਗਜੀਤ ਨਹੀਂ ਛੋਡੁ ਤੋਹਿ।

**॥ਸਤਗੁਰੂ ਕਬੀਰ ਵਚਨ॥**

ਤਬ ਹਮ ਕਹਿਯੋ ਸੁਨੋ ਧਰਮਰਾਯਾ, ਹਮ ਤੁਮਹਰੇ ਡਰ ਨਹੀ ਡਰਾਯਾ।
ਹਮ ਕੰਹ ਤੇਜ ਪੁਰਸ਼ ਬਲ ਆਹੀ, ਅਰੇ ਕਾਲ ਤਵ ਡਰ ਮੋਹਿ ਨਾਹਿ॥
ਪੁਰਸ਼ ਪ੍ਰਤਾਪ ਸੁਮਿਰਾ ਤਿਹਿ ਬਾਰਾ, ਸ਼ਬਦ ਅੰਗਤੇ ਕਾਲਹਿ ਸਾਰਾ।
ਤਤਸ਼ਣ ਦ੍ਰਿਸ਼ਟਿ ਤਾਹਿ ਪਰ ਹੇਰਾ, ਸ਼ਯਾਮ ਲਲਾਟ ਭਓ ਤਿਹਿ ਕੇਰਾ॥
ਪੰਖ ਘਾਤ ਜਸ ਹੋਯ ਪਖੇਰੁ, ਐਸੇ ਕਾਲ ਮਹਿ ਪਰ ਹੇਰੁ।
ਕਰੇ ਕ੍ਰੋਧ ਕਛੁ ਨਾਹੀਂ ਬਸਾਈ, ਤਬ ਪੁਨਿ ਪਰੇਉ ਚਰਣਨ ਤਰ ਆਈ॥

**॥ਨਿਰੰਜਨ (ਕਾਲ ਬ੍ਰਹਮ) ਵਚਨ॥**

ਕਹ ਨਿਰੰਜਨ ਸੁਨੋ ਗਿਆਨੀ, ਕਰੋ ਵਿਨਤੀ ਤੋਹੀ ਸੋ।
ਜਾਨ ਬੰਧੂ ਵਿਰੋਧ ਕੀਨਹੋ, ਘਾਟ ਭਈ ਅਬ ਮੋਹੀ ਸੋ॥
ਪੁਰੁਸ਼ ਸਮ ਅਬ ਤੋਹਿ ਜਾਨੋ, ਨਹੀਂ ਦੂਜੀ ਭਾਵਨਾ।
ਤੁਮ ਬੜੇ ਸਰਵੱਗਯ ਸਾਹਿਬ, ਸ਼ਮਾ ਛਤਰ ਤਨਾਵਨਾ॥
ਤੁਮ ਹੂੰ ਕਰੋ ਬਖਸੀਸ਼, ਪੁਰਸ਼ ਦੀਨਹ ਜਸ ਰਾਜ ਹਮ।
ਸ਼ੋਡਸ ਮੇਂ ਤੁਮ ਈਸ਼, ਗਿਆਨੀ ਪੁਰਸ਼ ਸੋ ਏਕ ਸਮ॥

**॥ ਚੋਪਾਈ ॥**

ਧਰਮਰਾਯ ਅਸ ਵਿਨਤੀ ਠਾਨੀ, ਮੈਂ ਸੇਵਕ ਦ੍ਵਿਤਿਯ ਨਹੀਂ ਜਾਨੀ।
ਦਯਾਵੰਤ ਤੁਮ ਸਾਹਿਬ ਦਾਤਾ, ਏਤਿਕ ਕ੍ਰਿਪਾ ਕਰੋ ਹੇ ਤਾਤਾ॥
ਪੁਰਸ਼ ਸ਼ਾਪ ਮੋ ਕੰਹ ਅਸ ਦੀਨਹਾ, ਲਖ ਜੀਵ ਨਿਤ ਗ੍ਰਾਸਨ ਕੀਨਹਾ॥
ਜੋ ਜੀਵ ਸਕਲ ਲੋਕ ਤੁਮ ਆਵੇ, ਤੋ ਕੈਸੇ ਸ਼ੁਧਿਆ ਮੋਰਿ ਬੁਤਾਵੇ।
ਗਿਆਨੀ ਵਿਨਤੀ ਏਕ ਹਮਾਰਾ, ਸੋ ਨ ਕਰਹੂੰ ਜਿਹੀ ਮੋਰ ਬਿਗਾੜਾ॥
ਪੁਰਸ਼ ਦੀਨਹ ਜਸ ਮੋ ਕਹੰ ਰਾਜੁ, ਤੁਮ ਭੀ ਦੇਹੁ ਤੋ ਹੋਏ ਕਾਜੁ।
ਅਬ ਹਮ ਵਚਨ ਤੁਮਹਾਰਾ ਮਾਨੀ, ਲੀਜੋ ਹੰਸਾ ਹਮ ਸੋ ਗਿਆਨੀ॥
ਵਿਨਤੀ ਏਕ ਕਰੋ ਤੋ ਸੋ ਤਾਤਾ, ਵਚਨ ਬੰਧ ਮਾਨੋ ਹਮਰੀ ਬਾਤਾ।
ਸਤਯੁਗ ਤ੍ਰੇਤਾ ਦ੍ਵਾਪਰ ਮਾਹੀਂ, ਤੀਨੋਂ ਯੁਗ ਜੀਵ ਥੋੜ੍ਹੇ ਜਾਹੀ॥
ਚੌਥਾ ਯੁਗ ਜਬ ਕਲਿਯੁਗ ਆਵੈ, ਤਬ-ਤਵ ਸ਼ਰਣ ਜੀਵ ਬਹੁ ਜਾਵੈ।
ਐਸਾ ਵਚਨ ਹਰਿ ਮੋਹਿ ਦੀਜੈ, ਤਬ ਸੰਸਾਰ ਗਮਨ ਤੁਮ ਕੀਜੈ॥

**॥ ਕਬੀਰ ਵਚਨ ॥**

ਵਿਨਤੀ ਤੋਰ ਲੀਨਹ ਮੈਂ ਜਾਨੀ, ਮੋਕਹ ਠਗੇ ਕਾਲ ਅਭਿਮਾਨੀ।
ਜਸ ਵਿਨਤੀ ਤੂੰ ਮੋ ਸੰਗ ਕੀਨਹੀ, ਸੋ ਅਬ ਬਕਸ ਤੋਹੀ ਮੈਂ ਦੀਨਹੀ॥
ਚੌਥਾ ਯੁਗ ਜਬ ਕਲਿਯੁਗ ਆਵੈ, ਤਬ ਹਮ ਅਪਣਾ ਅੰਸ਼ ਪਠਾਵੈਂ।
ਜਿਹਿ ਪਰਵਾਨਾ ਦੇਹ ਹੈ, ਸਤਯਸ਼ਬਦ ਦੇ ਹਾਥ।
ਸੋ ਜੀਵ ਯਮ ਨਾਹਿ ਪਾਯ ਹੈ, ਸਦਾ ਤਾਹਿ ਹਮ ਸਾਥ॥

**॥ ਨਿਰੰਜਨ (ਕਾਲ) ਵਚਨ ॥**

ਸੰਧਿ ਛਾਪ ਮੋਹੀ ਦੀਜੇ ਗਯਾਨੀ, ਜਸ ਦੇਹੋ ਹੰਸ ਹੀ ਸਹਿਦਾਨੀ॥
ਜੋ ਜੀਵ ਮੋਕਹੁ ਸੰਧੀ ਬਤਾਵੇ, ਤਾਕੇ ਨਿਕਟ ਕਾਲ ਨਹੀਂ ਆਵੈ॥
ਨਾਮ ਨਿਸ਼ਾਨੀ ਮੋ ਕਹ ਦੀਜੇ, ਹੇ ਸਾਹਿਬ ਯਹ ਦਾਯਾ ਕੀਜੈ॥

**॥ ਸਤਿਗੁਰੂ ਕਬੀਰ ਵਚਨ ॥**

ਜੋ ਤੋਹਿ ਦੇਹੁੰ ਸੰਧਿ ਲਖਾਈ, ਜੀਵਨ ਕਾਜ ਹੋਈ ਹੋ ਦੁਖ ਦਾਈ॥
ਤਵ ਪਰਪੰਚ ਗਿਆਨ ਹਮ ਪਾਵਾ, ਕਾਲ ਚਲੈ ਨਹੀਂ ਤੁਮਹਾਰਾ ਦਾਵਾ॥
ਧਰਮਰਾਯ ਤੋਹਿ ਪ੍ਰਕਟ ਭਾਖਾ, ਗੁਪਤ ਅੰਕ ਬੀੜਾ ਹਮ ਰਾਖਾ।
ਜੋ ਕੋਈ ਲੈਹ ਨਾਮ ਹਮਾਰਾ, ਤਾਹਿ ਛੋੜ ਤੁਮ ਹੋਹੁ ਨਿਆਰਾ।
ਜੋ ਤੁਮ ਹੰਸ ਹੀ ਰੋਕੋ ਜਾਈ, ਤੋ ਤੁਮ ਕਾਲ ਰਹਨ ਨਹੀਂ ਪਾਈ॥

**॥ਧਰਮਰਾਯ (ਕਾਲ ਬ੍ਰਹਮ) ਵਚਨ॥**

ਹੇ ਸਾਹਿਬ ਤੁਮ ਪੰਥ ਚਲਾਓ, ਜੀਵ ਉਬਾਰ ਲੋਕ ਲੇ ਜਾਊਂ।
ਪੰਥ ਏਕ ਤੁਮ ਆਪ ਚਲਾਓ, ਜੀਵਨ ਲੈ ਸਤਲੋਕ ਪਠਾਓ॥
ਦਵਾਦਸ ਪੰਥ ਕਰੋ ਮੈਂ ਸਾਜਾ, ਨਾਮ ਤੁਮਹਾਰਾ ਲੇ ਕਰੋ ਅਵਾਜਾ।
ਦਵਾਦਸ ਯਮ ਸੰਸਾਰ ਪਠਹੋ, ਨਾਮ ਤੁਮਹਾਰੇ ਪੰਥ ਚਲੈਹੋ॥
ਪ੍ਰਥਮ ਦੂਤ ਮਮ ਪ੍ਰਗਟੇ ਜਾਈ, ਪੀਛੇ ਅੰਸ਼ ਤੁਮਹਾਰਾ ਆਈ॥
ਯਹੀ ਵਿਧਿ ਜੀਵਨ ਕੋ ਭਰਮਾਊਂ, ਪੁਰੂਸ਼ ਨਾਮ ਜੀਵਨ ਸਮਝਾਊਂ॥
ਦਵਾਦਸ ਪੰਥ ਨਾਮ ਜੋ ਲੈਹੇ, ਸੋ ਹਮਰੇ ਮੁੱਖ ਆਨ ਸਮੈ ਹੈ॥
ਕਹਾ ਤੁਮਹਾਰਾ ਜੀਵ ਨਹੀਂ ਮਾਨੇ, ਹਮਾਰੀ ਓਰ ਹੋਯ ਬਾਦ ਬਖਾਨੈ॥
ਔਰ ਅਨੇਕ ਪੰਥ ਚਲਾਊਂ, ਵਾਸੇ ਭ੍ਰਮਿਤ ਗਯਾਨ ਫੈਲਾਊਂ॥
ਮੈਂ ਦ੍ਰਿੜ ਫੰਦਾ ਰਚੀ ਬਣਾਈ, ਜਾਮੇਂ ਜੀਵ ਰਹੇ ਉਰਝਾਈ॥
ਦੇਵਲ ਦੇਵ ਪਾਸ਼ਾਨ ਪੂਜਾਈ, ਤੀਰਥ ਵਰਤ ਜਪ-ਤਪ ਮਨ ਲਾਈ॥
ਯਗਯ ਹੋਮ ਅਰੂ ਨੇਮ ਅਚਾਰਾ, ਔਰ ਅਨੇਕ ਫੰਦ ਮੇਂ ਡਾਰਾ॥
ਜੋ ਗਿਆਨੀ ਜੇਹੋ ਸੰਸਾਰਾ, ਜੀਵ ਨਾ ਮਾਨੈ ਕਹਾ ਤੁਮਹਾਰਾ॥

**(ਸਤਿਗੁਰੂ ਕਬੀਰ ਵਚਨ)**

ਗਿਆਨੀ ਕਹੇ ਸੁਨੋ ਅਨਯਾਈ, ਕਾਟੋਂ ਫੰਦ ਜੀਵ ਲੇ ਜਾਈ॥
ਜੇਤਿਕ ਫੰਦ ਤੁਮ ਰਚੇ ਵਿਚਾਰੀ, ਤੱਤਵ ਗਿਆਨ ਤੈ ਸਬੈ ਵਿੰਡਾਰੀ॥
ਜੌਨ ਜੀਵ ਹਮ ਸ਼ਬਦ ਦ੍ਰਿੜਾਵੈ, ਫੰਦ ਤੁਮਹਾਰਾ ਸਕਲ ਮੁਕਾਵੈ॥
ਨਿਸ਼ਚਯ ਕਰ ਪ੍ਰਵਾਨਾ ਪਾਈ, ਪੁਰੂਸ਼ ਨਾਮ ਤਿਹਿ ਦੇਊਂ ਚਿਨਹਾਈ॥
ਤਾਕੇ ਨਿਕਟ ਕਾਲ ਨਹੀਂ ਆਵੈ, ਸੰਧਿ ਦੇਖੀ ਤਾਕਹਂ ਸਿਰ ਨਾਵੈ॥

**॥ਛੰਦ॥**

ਜੋ ਮੇਟਿ ਡਾਰੋਂ ਤੋਹਿ ਕੋ, ਅਬ ਪਲਟਿ ਕਲਾ ਦਿਖਲਾਊਂ।
ਲੈ ਜੀਵ ਬੰਦ ਛੋੜਾਯੇ ਯਮ ਸੋ, ਅਮਰ ਲੋਕ ਸਿੱਧਵਾਊਂ॥
ਯਹ ਸੋਚ ਚਿੱਤ ਕੀਨਹੇਊਂ, ਪੁਰੂਸ਼ ਵਚਨ ਅਸ ਨਾਹੀ।
ਸਤਯ ਸ਼ਬਦ ਦ੍ਰਿੜ ਜੋ ਗਹੇ, ਲੇ ਪਹੁੰਚਾਊਂ ਤਾਹਿ॥

**॥ਧਰਮਰਾਯ (ਕਾਲ ਬ੍ਰਹਮ) ਵਚਨ॥**

ਕਹਿ ਧਰਮਰਾਯ ਜਾਓ ਸੰਸਾਰਾ, ਆਨਹੁ ਜੀਵ ਨਾਮ ਆਧਾਰਾ।
ਜੋ ਹੰਸਾ ਤੁਮਰੋ ਗੁਣ ਗਾਈ, ਤਾਹਿ ਨਿਕਟ ਤੋ ਹਮ ਨਹੀਂ ਆਈ।
ਜੋ ਕੋਈ ਜੈ ਹੈ ਸ਼ਰਣ ਤੁਮਹਾਰਾ, ਹਮ ਸਿਰ ਪਗ ਦੈ ਹੋਵੇ ਪਾਰਾ।
ਹਮਤੋ ਤੁਮ ਸੰਗ ਕਿਨਹੀ ਢਿਠਾਈ, ਪਿਤਾ ਜਾਨ ਕੀਨਹੀ ਲਰਿਕਾਈ।
ਕੋਟਿਨ ਅਵਗੁਨ ਬਾਲਕ ਕਰਈ, ਪਿਤਾ ਏਕ ਹ੍ਰਿਦਯ ਨਹੀਂ ਧਰਈ।
ਜੋ ਪਿਤੁ ਬਾਲਕ ਦੇਹੀ ਨਿਕਾਰੀ, ਤਬ ਕੋ ਰਕਸ਼ਾ ਕਰੈ ਹਮਾਰੀ।

**॥ ਗਿਆਨੀ ਵਚਨ (ਕਬੀਰ ਵਚਨ) ॥**

ਧਰਮ ਦਾਸ ਉਠ ਸ਼ੀਸ਼ ਨਿਵਾਯੋ, ਤਬ ਹਮ ਸੰਸਾਰ ਸਿਧਾਯੋ।
ਜਬ ਹਮ ਦੇਖਾ ਧਰਮ ਸਕਾਨਾ, ਤਬ ਤਹਵਾਂ ਸੇ ਕੀਨਹ ਪਯਾਨਾ।
ਕਹ ਕਬੀਰ ਸੁਨਿ ਧਰਮਨਿ ਨਾਗਰ, ਤਬ ਮੈਂ ਚਲੀ ਆਯਊ ਭੌਸਾਗਰ।
ਆਯੇ ਚਤੁਰਾਨਨ ਕੇ ਪਾਸਾ, ਤਾਸੋ ਕੀਨਹਾ ਸ਼ਬਦ ਪ੍ਰਕਾਸ਼।
ਵਾਕੋ ਮੈ ਅਪਨਾ ਨਾਮ ਜਨਾਯਾ, ਅਗਿਨ ਰਿਸ਼ੀ ਨਾਮ ਬਤਾਯਾ।
ਬ੍ਰਹਮ ਚਿਤ ਦੈ ਸੁਨਵੇ ਲੀਨਹਾ, ਪੁਛੋ ਬਹੁਤ ਪੂਰਸ਼ ਕਾ ਚਿਨਹਾ।
ਬ੍ਰਹਮ ਮੋਹੇ ਸਤਿਗੁਰੂ ਕਹ ਟੇਰਾ, ਅਗਨੀ ਗਿਆਨ ਅਦ੍ਰਿਤ ਹੈ ਤੇਰਾ।
ਪ੍ਰਥਮ ਮੰਤਰ ਬ੍ਰਹਮਾ ਲੀਨਹਾ, ਤਬ ਵਹਾਂ ਤੇ ਗਵਨ ਮੈਂ ਕੀਨਹਾ।
ਤਬ ਹੀ ਨਿਰੰਜਨ ਕੀਨਹੀ ਉਪਾਈ, ਜੇਸ਼ਠ ਪੁੱਤਰ ਬ੍ਰਹਮਾ ਮੋਰ ਜਾਈ ।
ਨਿਰੰਜਨ ਮਨ ਘਟ ਆਨ ਵਿਰਾਜੈ, ਬ੍ਰਹਮਾ ਬੁਧਿ ਫੇਰਿ ਉਪਰਾਜੈ।

**ਹੇ ਧਰਮਦਾਸ! ਕਾਲ ਬ੍ਰਹਮ ਦੀ ਉਪਰੋਕਤ ਗੱਲਾਂ ਸੁਣ ਕੇ ਮੈਂ ਕਿਹਾ ਹੇ ਜੋਤੀ ਨਿਰੰਜਨ ! ਤੂੰ ਮਹਾਂ ਪਾਪੀ ਹੈ ਜੋ ਭੋਲੀ ਆਤਮਾਵਾਂ ਦੇ ਨਾਲ ਮਹਾਂਧੋਖਾ ਕਰ ਰਿਹਾ ਹੈ। ਮੈਂ ਤੇਰੇ ਸਾਰੇ ਦਾਅ ਵਿਅਰਥ ਕਰ ਦੇਵਾਂਗਾ। ਮੈਂ ਕਲਯੁਗ ਵਿੱਚ ਜਦੋਂ ਪ੍ਰਗਟ ਹੋਵਾਂਗਾ ਉਦੋਂ ਗਿਆਨ ਦਾ ਪ੍ਰਚਾਰ ਕਰਕੇ ਆਵਾਂਗਾ ਪ੍ਰੰਤੂ ਸਾਰਨਾਮ ਅਤੇ ਸਾਰਗਿਆਨ ਨੂੰ ਗੁਪਤ ਰੱਖਾਂਗਾ। ਉਹ ਸਾਰਗਿਆਨ ਤੇ ਸਾਰਨਾਮ ਮੇਰੇ ਦੁਆਰਾ ਦਿੱਤੇ ਗਿਆਨ (ਪੰਜਵੇਂ ਵੇਦ) ਵਿੱਚ ਹੀ ਹੋਵੇਗਾ ਪ੍ਰੰਤੂ ਉਹ ਬਾਰ੍ਹਾਂ ਪੰਥ (ਜੋ ਕਬੀਰ ਨਾਮ ਦੇ ਪੰਥ ਅਖਵਾਉਣਗੇ ਜਾਂ ਤੇਰੇ ਦੁਆਰਾ ਪ੍ਰੇਰਿਤ ਹੋਰ ਪੰਥ) ਉਸ ਗਿਆਨ ਨੂੰ ਅਤੇ ਸਾਰਨਾਮ ਨੂੰ ਨਹੀਂ ਸਮਝ ਪਾਉਣਗੇ। ਬਾਰ੍ਹਵੇਂ ਪੰਥ ਵਿੱਚ (ਗਰੀਬਦਾਸ ਪੰਥ ਵਿੱਚ) ਵਿੱਚ ਮੇਰੀ ਮਹਿਮਾ ਦੀ ਬਾਣੀ ਪ੍ਰਗਟ ਹੋਵੇਗੀ ਪਰ ਬਾਰਵੇਂ ਪੰਥ (ਗਰੀਬਦਾਸ ਪੰਥ) ਸਮੇਤ ਸਾਰੇ ਪੰਥਾਂ ਦੇ ਅਨੁਯਾਈਆਂ ਦੇ ਕੋਲ ਸਾਰਗਿਆਨ ਤੇ ਸਾਰਨਾਮ ਨਹੀਂ ਹੋਵੇਗਾ। ਜਿਸ ਕਾਰਣ ਤੋਂ ਉਹ ਉਹਨਾਂ ਬਾਰ੍ਹਾਂ ਪੰਥਾਂ ਦੇ ਅਨੁਯਾਈ ਅਸੰਖ ਜਨਮਾਂ ਤੱਕ ਸਤਲੋਕ ਨਹੀ ਜਾ ਸਕਣਗੇ। ਕਿਉਂਕਿ ਉਹ ਹੰਕਾਰੀ ਹੋਣਗੇ। ਮੇਰੇ ਦੁਆਰਾ ਭੇਜੇ ਵੰਸ਼ (ਅੰਸ਼) ਦੀਆਂ ਗੱਲਾਂ ਨਹੀਂ ਮੰਨਣਗੇ। ਫਿਰ ਬਾਰ੍ਹਵੇਂ ਪੰਥ (ਗਰੀਬਦਾਸ ਪੰਥ) ਵਿੱਚ ਅੱਗੇ ਚੱਲ ਕੇ ਅਸੀਂ ਹੀ ਆਵਾਂਗੇ। ਉਹ ਤੇਰ੍ਹਵਾਂ ਅੰਸ਼ ਮੇਰਾ ਹੋਵੇਗਾ ਉਦੋਂ ਸਾਰੇ ਪੰਥਾਂ ਨੂੰ ਸਮਾਪਤ ਕਰਕੇ ਇੱਕ ਪੰਥ ਚਲਾਵੇਗਾ।**

**ਵਿਸ਼ੇਸ਼ ਵਿਚਾਰ :- ਬਾਰ੍ਹਾਂ ਪੰਥਾਂ ਦੇ ਨਾਮ-ਕਬੀਰ ਪਰਮੇਸ਼ਵਰ ਜੀ ਦੇ ਪੰਥ ਵਿੱਚ ਕਾਲ ਦੁਆਰਾ ਕਬੀਰ ਨਾਮ ਤੋਂ ਚਲਾਏ ਬਾਰ੍ਹਾਂ ਪੰਥਾਂ ਦਾ ਉਲੇਖ ਪੁਸਤਕ=ਕਬੀਰ ਸਾਗਰ ਅਧਿਆਇ= ਕਬੀਰ ਚਰਿਤਰ ਬੋਧ (ਬੋਧ ਸਾਗਰ ) ਪੰਨਾ ਸੰਖਿਆ 1870 ਤੋਂ**

**(1)ਨਾਰਾਇਣ ਦਾਸ ਪੰਥ (2) ਯਾਗੋਦਾਸ (ਜਾਗੂ) ਪੰਥ (3) ਸੂਰਤ ਗੋਪਾਲ ਪੰਥ (4) ਮੂਲ ਨਿਰੰਜਨ ਪੰਥ (5) ਟਕਸਾਰ ਪੰਥ (6) ਭਗਵਾਨ ਦਾਸ (ਬ੍ਰਹਮ) ਪੰਥ (7) ਸਤਨਾਮੀ ਪੰਥ (8) ਕਮਾਲੀਯ (ਕਮਾਲ ਦਾ) ਪੰਥ (9) ਰਾਮ ਕਬੀਰ ਪੰਥ (10) ਪ੍ਰੇਮ ਧਾਮ (ਪਰਮ ਧਾਮ) ਦੀ ਬਾਣੀ ਪੰਥ (11) ਜੀਵਾ ਪੰਥ (12) ਗਰੀਬਦਾਸ ਪੰਥ।**

**ਹੋਰ ਪ੍ਰਮਾਣ ਪੁਸਤਕ "ਕਬੀਰ ਸਾਗਰ" ਅਧਿਆਇ=ਕਬੀਰ ਬਾਣੀ ਪੰਨਾ 136-137 ਤੇ।**

## ਦ੍ਵਾਦਸ਼ ਪੰਥ ਚਲੋ ਸੋ ਭੇਦ

ਦ੍ਵਾਦਸ਼ ਪੰਥ ਕਾਲ ਫੁਰਮਾਨਾ। ਭੂਲੇ ਜੀਵ ਨਾ ਜਾਯ ਠਿਕਾਨਾ।
ਤਾਤੇ ਆਗਮ ਕਹਿ ਹਮ ਰਾਖਾ। ਵੰਸ਼ ਹਮਾਰ ਚੁਰਾਮਣਿ ਸ਼ਾਖਾ॥
ਪ੍ਰਥਮ ਜੱਗਮੇਂ ਜਾਗੁ ਭਰਮਾਵੈ। ਬਿਨਾਂ ਭੇਦ ਓ ਗ੍ਰੰਥ ਚੁਰਾਵੈ॥
ਦੁਸਰਿ ਸੁਰਤਿ ਗੋਪਾਲਹਿ ਹੋਈ। ਅਕਸ਼ਰ ਜੋ ਜੋਗ ਦ੍ਰੜਾਵੇ ਸੋਈ॥
ਤਿਸਰਾ ਮੂਲ ਨਿਰੰਜਨ ਬਾਨੀ। ਲੋਕ ਵੇਦ ਕੀ ਨਿਰਣੈਯ ਠਾਣੀ॥
ਚੌਥੇ ਪੰਥ ਟਕਸਾਰ ਭੇਦ ਲੈ ਆਵੈ। ਨੀਰ ਪਵਨ ਕੋ ਸੰਧਿ ਬਤਾਵੈ।
ਸੋ ਬ੍ਰਹਮ ਅਭਿਮਾਨੀ ਜਾਨੀ। ਸੋ ਬਹੁਤ ਜੀਵਨ ਕੀ ਕਰੀ ਹੈ ਹਾਨੀ॥
ਪਾਂਚੋਂ ਪੰਥ ਬੀਜ ਕੋ ਲੇਖਾ। ਲੋਕ ਪ੍ਰਲੋਕ ਕਹੇਂ ਹਮਮੇਂ ਦੇਖਾ॥
ਪਾਂਚ ਤੱਤ ਕਾ ਮਰਮ ਦ੍ਰੜਾਵੈ। ਸੋ ਬੀਜਕ ਸ਼ੁਕਲ ਲੇ ਆਵੈ॥
ਛੱਠਵਾਂ ਪੰਥ ਸਤਨਾਮਿ ਪ੍ਰਕਾਸ਼ਾ। ਘਟਕੇ ਮਾਹੀ ਮਾਰਗ ਨਿਵਾਸਾ॥
ਸਾਤਵਾਂ ਜੀਵ ਪੰਥਲੇ ਬੋਲੇ ਬਾਨੀ। ਭਯੋ ਪ੍ਰਤੀਤ ਮਰਮ ਨਹਿੰ ਜਾਨੀ॥
ਆਠਵੇਂ ਰਾਮ ਕਬੀਰ ਕਹਾਵੈ। ਸਤਿਗੁਰੂ ਭਰਮਲੈ ਜੀਵ ਦ੍ਰਿੜਾਵੈ॥
ਨੌਮੇ ਗਿਆਨ ਕੀ ਕਾਲ ਦਿਖਾਵੈ। ਭਈ ਪ੍ਰਤੀਤ ਜੀਵ ਸੁਖ ਪਾਵੈ॥
ਦਸਵੇਂ ਭੇਦ ਪਰਮਧਾਮ ਕੀ ਬਾਣੀ। ਸਾਖ ਹਮਾਰੀ ਨਿਰਣੈਯ ਠਾਨੀ॥
ਸਾਖੀ ਭਾਵ ਪ੍ਰੇਮ ਉਪਜਾਵੈ। ਬ੍ਰਹਮਗਿਆਨ ਕੀ ਰਾਹ ਚਲਾਵੈ॥
ਤਿਨਮੇਂ ਵੰਸ਼ ਅੰਸ਼ ਅਧਿਕਾਰਾ। ਤਿਨਮੇਂ ਸੋ ਸ਼ਬਦ ਹੋਯ ਨਿਰਧਾਰਾ॥
ਸੰਵੱਤ ਸੱਤਰਾਸੈ ਪਚੱਹਤਰ ਹੋਈ, ਤਾ ਦਿਨ ਪ੍ਰੇਮ ਪ੍ਰਕਟੈ ਜਗ ਸੋਈ।
ਸਾਖੀ ਹਮਾਰੀ ਲੇ ਜੀਵ ਸਮਝਾਵੈ, ਅਸੰਖ ਜਨਮ ਠੌਰ ਨਹੀ ਪਾਵੈ।
ਬਾਰਵੇਂ ਪੰਥ ਪ੍ਰਕਟ ਹੈ ਬਾਣੀ, ਸ਼ਬਦ ਹਮਾਰੇ ਕੀ ਨਿਰਣੈ ਠਾਣੀ॥
ਅਸਥਿਰ ਘਰ ਕਾ ਮਰਮ ਨਾ ਪਾਵੈ, ਯੇ ਬਾਰਾ ਪੰਥ ਹਮਹੀ ਕੋ ਧਿਆਵੈਂ।
ਬਾਰਵੇਂ ਪੰਥ ਹਮ ਹੀ ਚਲਿ ਆਵੈਂ, ਸਬ ਪੰਥ ਮੇਟਿ ਏਕ ਹੀ ਪੰਥ ਚਲਾਵੈਂ।

**ਤੇਰਵੇਂ ਵੰਸ਼ (ਅੰਸ਼) ਦੁਆਰਾ ਸਭ ਪੰਥਾਂ ਨੂੰ ਮਿਟਾ ਕੇ ਇੱਕ ਪੰਥ ਚਲਾਉਣ ਦਾ ਪ੍ਰਮਾਣ:-**

**ਪੁਸਤਕ=ਕਬੀਰ ਸਾਗਰ=ਅਧਿਆਇ=ਕਬੀਰ ਬਾਣੀ ਪੰਨਾ=134**

ਬਾਰਵੇਂ ਵੰਸ਼ ਪ੍ਰਗਟ ਹੋਏ ਉਜਿਆਰਾ, ਤੇਰਵੇਂ ਵੰਸ਼ ਮਿਟੇ ਸਕਲ ਅੰਧਿਆਰਾ

**ਇਸੇ ਅਧਿਆਇ ਵਿੱਚ ਪੰਨਾ ਨੰਬਰ 136 ਤੇ ਵੀ ਪ੍ਰਮਾਣ ਹੈ:-**

"ਦਵਾਦਸ਼ ਪੰਥ ਕਾਲ ਫਰਮਾਨਾ, ਭੂਲੇ ਜੀਵ ਨਾ ਜਾਏ ਠਿਕਾਨਾ"

**ਕਬੀਰ ਸਾਗਰ= ਅਧਿਆਇ= ਕਬੀਰ ਬਾਣੀ (ਬੋਧ ਸਾਗਰ) ਵਿੱਚ ਪੰਨਾ 136-137 ਪਰ ਪ੍ਰਮਾਣ:-**

ਧਰਮਦਾਸ ਮੇਰੀ ਲਾਖ ਦੋਹਾਈ, ਮੂਲ (ਸਾਰ) ਸ਼ਬਦ ਬਾਹਰ ਨਾ ਜਾਈ॥
ਸਾਰ ਸ਼ਬਦ ਬਾਹਰ ਜੋ ਪਰਹੀ, ਬਿਚਲੀ ਪੀੜੀ ਹੰਸ ਨਹੀਂ ਤਰਹੀ।
ਤੇਤੀਸ ਅਰਬ ਗਿਆਨ ਹਮ ਭਾਖਾ, ਮੂਲ ਗਿਆਨ ਗੁਪਤ ਹਮ ਰਾਖਾ।
ਮੂਲ ਗਿਆਨ ਤਬ ਤਕ ਛੁਪਾਈ, ਜਬ ਲਗ ਦਵਾਦਸ਼ ਪੰਥ ਮਿਟ ਜਾਈ॥

**ਪੁਸਤਕ=ਕਬੀਰ ਸਾਗਰ=ਅਧਿਆਇ ਜੀਵ ਧਰਮ ਬੋਧ (ਬੋਧ ਸਾਗਰ) ਪੰਨਾ ਨੰਬਰ 1937 ਤੇ ਪ੍ਰਮਾਣ:-**

ਧਰਮਦਾਸ ਤੋਹਿ ਲਾਖ ਦੋਹਾਈ। ਸਾਰ ਸ਼ਬਦ ਬਾਹਰ ਨਹਿ ਜਾਈ।

ਸਾਰ ਸ਼ਬਦ ਬਾਹਰ ਜੋ ਪਰਿ ਹੈ। ਬਿਚਲੈ ਪੀਡੀ ਹੰਸ ਨਹੀਂ ਤਰਿ ਹੈ॥
ਯੁਗਨ-ਯੁਗਨ ਤੁਮ ਸੇਵਾ ਕਿਨਹੀ। ਤਾ ਪੀਛੇ ਹਮ ਇਹਾਂ ਪਗ ਦੀਨੀ॥
ਕੋਟਿਨ ਜਨਮ ਭਕਤਿ ਜਬ ਕੀਨਹਾ। ਸਾਰ ਸ਼ਬਦ ਤਬ ਹੀ ਪੈ ਚੀਨਹਾ॥
ਅੰਕੂਰੀ ਜੀਵ ਹੋਯ ਜੋ ਕੋਈ। ਸਾਰ ਸ਼ਬਦ ਅਧਿਕਾਰੀ ਸੋਈ ॥
ਸਤਯਕਬੀਰ ਪ੍ਰਮਾਣ ਬਖਾਨਾ। ਏਸੋ ਕਠਿਨ ਹੈ ਪਦ ਨਿਰਵਾਨਾ ॥

**ਵਿਸ਼ੇਸ਼:- ਕਬੀਰ ਸਾਗਰ ਪੁਸਤਕ ਦੇ ਅਧਿਆਇ " ਕਬੀਰ ਬਾਣੀ " ਪੰਨਾ 134 ਉੱਤੇ ਤਾਂ ਪਹਿਲੇ ਪੰਥ ਦਾ ਸੰਚਾਲਕ "ਨਾਰਾਇਣ ਦਾਸ" ( ਧਰਮਦਾਸ ਜੀ ਦਾ ਵੱਡਾ ਪੁੱਤਰ ਲਿਖਿਆ ਹੈ। ਇਸੇ ਅਧਿਆਇ ਵਿੱਚ ਪੰਨਾ 136 ਉੱਤੇ ਪਹਿਲੇ ਪੰਥ ਦਾ ਸੰਚਾਲਕ " ਚੂਰਾਮਣੀ" ਲਿਖਿਆ ਹੈ। ਜੋ ਧਰਮਦਾਸ ਜੀ ਨੂੰ ਛੋਟਾ ਪੁੱਤਰ ਕਬੀਰ ਪਰਮੇਸ਼ਵਰ ਜੀ ਦੀ ਕਿਰਪਾ ਨਾਲ ਪੈਦਾ ਹੋਇਆ ਸੀ।) ਅਸਲ ਵਿੱਚ ਬਾਰ੍ਹਾਂ ਪੰਥਾਂ ਵਿੱਚ ਪਹਿਲੇ ਪੰਥ ਦਾ ਸੰਚਾਲਕ " ਚੂਰਾਮਣੀ" ਹੀ ਹੈ ਕਿਉਂਕਿ ਨਾਰਾਇਣ ਦਾਸ ਨੇ ਤਾਂ ਪਰਮੇਸ਼ਵਰ ਕਬੀਰ ਜੀ ਦੀ ਗੱਲ ਨੂੰ ਸਵੀਕਾਰ ਹੀ ਨਹੀਂ ਕੀਤਾ ਸੀ ਅਤੇ ਚੂਰਾ-ਮਣੀ ਨਾਲ ਦ੍ਵੇਸ਼ ਰੱਖਦਾ ਸੀ। "ਚੂਰਾਮਣੀ" ਬਾਂਦਵਗੜ੍ਹ ਛੱਡ ਕੇ "ਕੁਦਰਮਾਲ" ਨਾਮਕ ਸਥਾਨ ਉੱਤੇ ਚਲਾ ਗਿਆ ਸੀ। ਉਸਦੇ ਕੁਝ ਦਿਨ ਬਾਅਦ ਬਾਂਦਵਗੜ੍ਹ ਸ਼ਹਿਰ ਪੂਰਾ ਨਸ਼ਟ ਹੋ ਗਿਆ ਸੀ। ਇਸ ਲਈ ਪੰਨਾ 134 (ਕਬੀਰ ਸਾਗਰ, ਅਧਿਆਇ=ਕਬੀਰ ਬਾਣੀ) ਉੱਤੇ ਲਿਖਿਆ ਨਾਰਾਇਣ ਦਾਸ ਨਾਮ ਠੀਕ ਨਹੀਂ ਹੈ ਉੱਥੇ "ਚੂਰਾਮਣੀ" ਹੋਣਾ ਸਹੀ ਹੈ। ਕਿਉਂਕਿ ਕਬੀਰ ਸਾਗਰ ਅਧਿਆਇ "ਕਬੀਰ ਬਾਣੀ" ਪੰਨਾ 1870 ਉੱਤੇ ਲਿਖੇ ਬਾਰ੍ਹਾਂ ਪੰਥਾਂ ਦੇ ਵਿਵਰਣ ਵਿੱਚ ਚੂਰਾਮਣੀ ਮਿਲਾ ਕੇ ਬਾਰ੍ਹਾਂ ਪੰਥ ਬਣਦੇ ਹਨ। ਇਹ ਫੇਰ ਬਦਲ ਦਾਮਾਖੇੜਾ ਵਾਲਿਆਂ ਨੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਸੱਚਾਈ ਨੂੰ ਮਿਟਾ ਨਹੀਂ ਸਕੇ।**

**ਕਬੀਰ ਸਾਗਰ "ਕਬੀਰ ਬਾਣੀ" ਨਾਮਕ ਅਧਿਆਇ (ਬੋਧ ਸਾਗਰ) ਪੰਨਾ ਨੰਬਰ 134 ਤੋਂ 138 ਉੱਤੇ ਲਿਖੇ ਵਿਵਰਣ ਦਾ ਭਾਵਅਰਥ ਹੈ:-**

**ਪੰਨਾ ਨੰਬਰ 134 ਉੱਤੇ ਬਾਰ੍ਹਾਂ ਵੰਸ਼ਾਂ (ਅੰਸ਼ਾਂ) ਤੋਂ ਬਾਅਦ ਤੇਰਵੇਂ ਵੰਸ਼ (ਅੰਸ਼) ਵਿੱਚ ਸਭ ਅਗਿਆਨ ਅੰਧੇਰਾ ਮਿਟ ਜਾਵੇਗਾ। ਬਾਰ੍ਹਾਂ ਵੰਸ਼ ਕਾਲ ਦੇ ਵੱਸ ਹੋ ਕੇ ਆਪਣੀ-ਆਪਣੀ ਚਤੁਰਾਈ ਦਿਖਾਉਣਗੇ। ਪੰਨਾ ਨੰਬਰ 136-137 ਉੱਤੇ "ਬਾਰ੍ਹਾਂ ਪੰਥਾਂ" ਦਾ ਵਿਵਰਣ ਕੀਤਾ ਹੈ ਅਤੇ ਲਿਖਿਆ ਹੈ ਕਿ ਸੰਵਤ੍ 1775 ਵਿੱਚ ਪ੍ਰਭੂ ਦਾ ਪ੍ਰੇਮ ਪ੍ਰਗਟ ਹੋਵੇਗਾ ਅਤੇ ਸਾਡੀ ਬਾਣੀ ਪ੍ਰਗਟ ਹੋਵੇਗੀ। (ਸੰਤ ਗਰੀਬਦਾਸ ਜੀ ਮਹਾਰਾਜ ਛੁਡਾਣੀ ਜਾਂ ਹਰਿਆਣਾ ਵਾਲੇ ਦਾ ਜਨਮ 1774 ਵਿੱਚ ਹੋਇਆ ਹੈ ਉਨ੍ਹਾਂ ਨੂੰ ਪ੍ਰਭੂ ਕਬੀਰ 1784 ਵਿੱਚ ਮਿਲੇ ਸਨ। ਇੱਥੇ ਇਸੇ ਦਾ ਵਰਣਨ ਹੈ ਅਤੇ ਸੰਮਤ 1775 ਦੀ ਥਾਂ ਤੇ 1774 ਹੋਣਾ ਚਾਹੀਦਾ ਹੈ, ਗਲਤੀ ਨਾਲ 1775 ਲਿਖਿਆ ਹੈ)। ਭਾਵਅਰਥ ਹੈ ਕਿ ਬਾਰ੍ਹਵਾਂ ਪੰਥ ਜੋ ਗਰੀਬਦਾਸ ਜੀ ਦਾ ਚੱਲੇਗਾ ਇਹ ਪੰਥ ਸਾਡੀ (ਕਬੀਰ ਜੀ ਦੀ) ਸਾਖੀ ਲੈ ਕੇ ਜੀਵ ਨੂੰ ਸਮਝਾਉਗੇ। ਪ੍ਰੰਤੂ ਅਸਲ ਮੰਤਰ ਅਤੇ ਸਾਰ ਗਿਆਨ ਤੋਂ ਅਨਜਾਣ ਹੋਣ ਕਾਰਨ ਉਨ੍ਹਾਂ ਬਾਰ੍ਹਾਂ ਪੰਥਾਂ ਦੇ ਸਾਧਕ ਅਸੰਖਾਂ ਜਨਮਾਂ ਤੱਕ ਸਤਲੋਕ ਨਹੀਂ ਜਾ ਸਕਣਗੇ। ਉਪਰੋਕਤ ਬਾਰ੍ਹਾਂ ਪੰਥ ਸਾਨੂੰ ਹੀ ਪ੍ਰਮਾਣ ਕਰਕੇ ਭਗਤੀ ਕਰਨਗੇ ਪ੍ਰੰਤੂ ਸਥਾਈ ਸਥਾਨ (ਸਤਲੋਕ) ਅਰਥਾਤ ਮੋਕਸ਼ ਪ੍ਰਾਪਤ ਨਹੀਂ ਕਰ ਸਕਣਗੇ। ਬਾਰ੍ਹਵੇਂ ਪੰਥ (ਗਰੀਬਦਾਸ ਵਾਲੇ ਪੰਥ) ਵਿੱਚ ਅੱਗੇ ਚਲਕੇ ਅਸੀਂ (ਕਬੀਰ ਜੀ) ਖ਼ੁਦ ਹੀ ਆਵਾਂਗੇ ਅਤੇ ਸਭ ਬਾਰ੍ਹਾਂ ਪੰਥਾਂ ਨੂੰ ਮਿਟਾ ਕੇ**

ਇੱਕ ਹੀ ਪੰਥ ਚਲਾਵਾਂਗੇ। ਉਸ ਸਮੇਂ ਤਕ ਸਾਰ ਗਿਆਨ ਅਤੇ ਸਾਰਸ਼ਬਦ ਛੁਪਾ ਕੇ ਰੱਖਣਾ ਹੈ। ਇਹ ਪ੍ਰਮਾਣ ਸੰਤ ਗਰੀਬਦਾਸ ਜੀ ਮਹਾਰਾਜ ਨੇ ਆਪਣੀ ਅੰਮ੍ਰਿਤ ਬਾਣੀ "ਅਸੁਰ ਨਿਕੰਦਨ ਰਮੈਣੀ" ਵਿੱਚ ਕੀਤਾ ਹੈ ਕਿ "ਸਤਿਗੁਰੂ ਦਿੱਲੀ ਮੰਡਲ ਆਯਸੀ, ਸੂਤੀ ਧਰਤੀ ਸੂਮ ਜਗਾਯਸੀ" ਪੁਰਾਣਾ ਰੋਹਤਕ ਜ਼ਿਲ੍ਹਾ ਦਿੱਲੀ ਮੰਡਲ ਕਹਾਉਂਦਾ ਹੈ। ਜੋ ਪਹਿਲਾਂ ਅੰਗਰੇਜ਼ਾਂ ਦੇ ਸ਼ਾਸਨ ਕਾਲ ਵਿੱਚ ਕੇਂਦਰ ਦੇ ਅਧੀਨ ਸੀ।

## " ਪਰਮੇਸ਼ਵਰ ਕਬੀਰ ਜੀ ਦੁਆਰਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਸ਼ਰਣ ਵਿੱਚ ਲੈਣਾ "

ਕਬੀਰ ਪਰਮੇਸ਼ਵਰ ਜੀ ਨੇ ਕਿਹਾ ਹੇ ਧਰਮਦਾਸ! ਮੈਂ ਕਾਲ ਬ੍ਰਹਮ ਦੇ ਇੱਕੀਵੇਂ ਬ੍ਰਹਿਮੰਡ ਤੋਂ ਚੱਲ ਕੇ ਹੇਠਾਂ ਵਾਲੇ ਬ੍ਰਹਿਮੰਡ ਵਿੱਚ ਆਇਆ। ਸਭ ਤੋਂ ਪਹਿਲਾਂ ਬ੍ਰਹਮਾ ਦੇ ਕੋਲ ਆਇਆ। ਮੈਂ ਵਿਚਾਰ ਕੀਤਾ ਕਿ ਜੇਕਰ ਬ੍ਰਹਮਾ ਮੇਰੇ ਗਿਆਨ ਨਾਲ ਪੂਰਣ ਜਾਣੂ ਹੋ ਜਾਵੇਗਾ ਤਾਂ ਇਹ ਇਕ ਬ੍ਰਹਿਮੰਡ ਦੇ ਸਾਰੇ ਵਿਦਵਾਨਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਦੇਵੇਗਾ। ਇਸਦੀ ਮਹਿਮਾ ਨਾਲ ਸਾਰੇ ਵਿਦਵਾਨ ਪ੍ਰਭਾਵਿਤ ਹਨ ਕਿ ਬ੍ਰਹਮਾ ਜੀ ਮਹਾਂਵਿਦਵਾਨ ਅਤੇ ਵੇਦਾਂ ਦੇ ਮਾਹਿਰ ਗਿਆਤਾ ਮੰਨੇ ਜਾਂਦੇ ਹਨ । ਮੈਂ ਬ੍ਰਹਮਾ ਨਾਲ ਗਿਆਨ ਚਰਚਾ ਕੀਤੀ ਬ੍ਰਹਮਾ ਵੀ ਸਾਰੇ ਪ੍ਰਮਾਣਾਂ ਨੂੰ ਵੇਦਾਂ ਵਿੱਚ ਦੇਖ ਕੇ ਹੈਰਾਨ ਰਹਿ ਗਿਆ ਅਤੇ ਮੇਰਾ ਸ਼ਿਸ਼ ਹੋਇਆ। ਬ੍ਰਹਮਾ ਨੂੰ ਮੈਂ ਆਪਣਾ ਨਾਮ ਅਗਨੀ ਰਿਸ਼ੀ ਦੱਸਿਆ। ਬ੍ਰਹਮਾ ਨੇ ਕਿਹਾ ਹੇ ਅਗਨੀ ਦੇਵ! ਤੁਹਾਡਾ ਗਿਆਨ ਵਿਲੱਖਣ ਹੈ। ਪਹਿਲਾ ਮੰਤਰ ਪ੍ਰਾਪਤ ਕੀਤਾ। ਬ੍ਰਹਮਾ ਅਤੇ ਸਾਵਿਤਰੀ ਨੂੰ ਮੈਂ ਓਮ ਮੰਤਰ ਦਿੱਤਾ। ਇਹ ਦੇਖਣ ਲਈ ਕਿ ਇਹ ਕਿੰਨਾ ਵਿਸ਼ਵਾਸ ਕਰਦਾ ਹੈ? ਫਿਰ ਦੂਜਾ ਮੰਤਰ (ਸਤਿਨਾਮ) ਦੇਵਾਂਗਾ। ਇਸਦੇ ਬਾਅਦ ਮੈਂ ਸ਼੍ਰੀ ਵਿਸ਼ਨੂੰ ਦੇ ਕੋਲ ਵਿਸ਼ਨੂੰ ਲੋਕ ਵਿੱਚ ਗਿਆ ਉਸ ਨਾਲ ਵੀ ਗਿਆਨ ਚਰਚਾ ਕੀਤੀ ਅਤੇ ਵਿਸ਼ਨੂੰ ਵੀ ਮੇਰਾ ਸ਼ਿਸ਼ ਹੋਇਆ। ਉਸਨੂੰ ਅਤੇ ਲਕਸ਼ਮੀ ਨੂੰ ਹਰਿਯੰ ਮੰਤਰ ਪਹਿਲੇ ਮੰਤਰ ਰੂਪ ਵਿੱਚ ਦਿੱਤਾ ਗਿਆ। ਇਹ ਦੇਖਣ ਲਈ ਕਿ ਇਹ ਕਾਲ ਬ੍ਰਹਮ ਦੇ ਦੁਆਰਾ ਡਗਮਗ ਤਾਂ ਨਹੀਂ ਹੋ ਜਾਵੇਗਾ? ਇਸਦੇ ਬਾਅਦ ਸ਼ਿਵ ਸ਼ੰਕਰ ਦੇ ਕੋਲ ਸ਼ੰਕਰ ਲੋਕ ਵਿੱਚ ਗਿਆ ਉਸਨੂੰ ਅਤੇ ਪਾਰਵਤੀ ਨੂੰ ਸੋਹੰ ਨਾਮ ਦਿੱਤਾ। ਇਹ ਦੇਖਣ ਦੇ ਲਈ ਕਿ ਕਿਤੇ ਇਹ ਵੀ ਕਾਲ ਬ੍ਰਹਮ ਦੁਆਰਾ ਫਿਰ ਭ੍ਰਮਿਤ ਨਹੀਂ ਕਰ ਦਿੱਤੇ ਜਾਣਗੇ। ਉਸਦੇ ਬਾਅਦ ਹੋਰ ਰਿਸ਼ੀਆਂ ਮਨੂ ਆਦਿ ਨਾਲ ਗਿਆਨ ਚਰਚਾ ਕੀਤੀ ਪ੍ਰੰਤੂ ਮਨੂ ਆਦਿ ਰਿਸ਼ੀਆਂ ਨੇ ਕਾਲ ਪ੍ਰਭਾਵ ਦੇ ਕਾਰਣ ਮੇਰੇ ਗਿਆਨ ਉੱਤੇ ਵਿਸ਼ਵਾਸ ਨਹੀਂ ਕੀਤਾ। ਮੈਨੂੰ ਉਲਟਾ ਗਿਆਨ ਦੇਣ ਵਾਲਾ "ਵਾਮਦੇਵ" ਉਰਫ਼ ਨਾਮ ਨਾਲ ਬੁਲਾਉਣ ਲੱਗੇ ਜਦਕਿ ਧਰਤੀ ਉੱਤੇ ਮੇਰਾ ਨਾਮ ਸਤਿਯੁਗ ਵਿੱਚ "ਸਤਯਸੁਕਰਤ" ਸੀ।

ਕੁਝ ਦਿਨਾਂ ਬਾਅਦ ਮੈਂ ਫਿਰ ਤੋਂ ਬ੍ਰਹਮਾ ਦੇ ਕੋਲ ਗਿਆ। ਬ੍ਰਹਮਾ ਨਾਲ ਗਿਆਨ ਚਰਚਾ ਕਰਨੀ ਚਾਹੀ ਤਾਂ ਬ੍ਰਹਮਾ ਜੀ ਨੇ ਬੇਰੁਖੀ ਦਿਖਾਈ। ਕਿਉਂਕਿ ਜਦੋਂ ਕਾਲ ਬ੍ਰਹਮ ਨੇ ਦੇਖਿਆ ਕਿ ਮੇਰੇ ਜੇਠੇ ਪੁੱਤਰ ਬ੍ਰਹਮਾ ਨੂੰ ਤੱਤਵਗਿਆਨ ਨਾਲ ਜਾਣੂ ਕਰਵਾਇਆ ਜਾ ਰਿਹਾ ਹੈ। ਉਸਨੇ ਸੋਚਿਆ ਕਿ ਜੇਕਰ ਮੇਰਾ ਪੁੱਤਰ ਤੱਤਵਗਿਆਨ ਨਾਲ ਜਾਣੂ ਹੋ ਗਿਆ ਤਾਂ ਮੇਰੇ ਨਾਲ ਨਫ਼ਰਤ ਕਰੇਗਾ ਅਤੇ ਜੀਵ ਉਤਪੱਤੀ ਨਹੀਂ ਹੋ ਪਾਵੇਗੀ। ਮੇਰਾ ਢਿੱਡ ਕਿਵੇਂ ਭਰੇਗਾ? ਕਿਉਂਕਿ ਕਾਲ ਬ੍ਰਹਮ ਨੂੰ ਇੱਕ ਲੱਖ ਮਾਨਵ ਸਰੀਰ ਧਾਰੀ ਜੀਵਾਂ ਨੂੰ ਰੋਜ਼ਾਨਾ ਖਾਣ ਦਾ ਸਰਾਪ ਲੱਗਿਆ ਹੈ। ਇਸ ਲਈ ਕਾਲ ਬ੍ਰਹਮ ਨੇ ਆਪਣੇ ਵੱਡੇ ਪੁੱਤਰ ਬ੍ਰਹਮਾ ਦੀ ਬੁੱਧੀ ਨੂੰ ਬਦਲ ਦਿੱਤਾ। ਬ੍ਰਹਮਾ ਦੇ ਮਨ ਵਿੱਚ ਵਿਚਾਰ ਭਰ ਦਿੱਤੇ ਕਿ ਕਾਲ ਬ੍ਰਹਮ (ਜੋਤੀ ਨਿਰੰਜਨ) ਹੀ ਪੂਜਾ ਯੋਗ ਹੈ। ਉਹ ਨਿਰਾਕਾਰ ਹੈ। ਇਸ ਤੋਂ ਭਿੰਨ ਕੋਈ ਹੋਰ ਪਰਮਾਤਮਾ ਨਹੀਂ ਹੈ। ਜੋ

ਤੈਨੂੰ ਗਿਆਨ ਦਿੱਤਾ ਜਾ ਰਿਹਾ ਹੈ ਉਹ ਮਿੱਥਕ ਹੈ। ਇਹ ਅਗਨੀ ਰਿਸ਼ੀ ਜੋ ਤੇਰੇ ਕੋਲ ਆ-ਇਆ ਸੀ ਉਹ ਅਗਿਆਨੀ ਹੈ। ਇਸਦੀਆਂ ਗੱਲਾਂ ਵਿੱਚ ਨਹੀਂ ਆਉਣਾ ਹੈ। ਹੇ ਧਰਮਦਾਸ ! ਬ੍ਰਹਮਾ ਨੇ ਕਾਲ ਬ੍ਰਹਮ ਦੇ ਪ੍ਰਭਾਵ ਤੋਂ ਪ੍ਰਭਾਵਿਤ ਹੋ ਕੇ ਮੇਰੇ ਗਿਆਨ ਨੂੰ ਗ੍ਰਹਿਣ ਨਹੀਂ ਕੀਤਾ ਅਤੇ ਕਿਹਾ ਹੇ ਰਿਸ਼ੀਵਰ ! ਜੋ ਗਿਆਨ ਤੁਸੀਂ ਦੱਸ ਰਹੇ ਹੋ ਇਹ ਅਪ੍ਰਮਾਣਿਤ ਹੈ। ਇਸਲਈ ਵਿਸ਼ਵਾਸ਼ ਦੇ ਯੋਗ ਨਹੀਂ ਹੈ। ਵੇਦਾਂ ਵਿੱਚ ਸਿਰਫ਼ ਇੱਕ ਪਰਮਾਤਮਾ ਦੀ ਪੂਜਾ ਦਾ ਵਿਧਾਨ ਹੈ। ਉਸਦਾ ਸਿਰਫ਼ ਇੱਕ ਓਮ ਹੀ ਜਾਪ ਕਰਨ ਦਾ ਹੈ। ਮੈਨੂੰ ਪੂਰਣ ਗਿਆਨ ਹੈ ਮੈਨੂੰ ਤੁਹਾਡਾ ਗਿਆਨ ਸਵੀਕਾਰ ਨਹੀਂ ਹੈ।

ਹੇ ਧਰਮਦਾਸ ! ਮੈਂ ਬਹੁਤ ਕੋਸ਼ਿਸ਼ ਕੀਤੀ ਬ੍ਰਹਮਾ ਨੂੰ ਸਮਝਾਉਣ ਦੀ ਅਤੇ ਦੱਸਿਆ ਕਿ ਵੇਦ ਗਿਆਨ ਦਾਤਾ ਕਿਸੇ ਹੋਰ ਪੂਰਣ ਬ੍ਰਹਮ ਦੇ ਵਿਸ਼ੇ ਵਿੱਚ ਕਹਿ ਰਿਹਾ ਹੈ। ਉਸਦੀ ਪ੍ਰਾਪਤੀ ਦੇ ਲਈ ਅਤੇ ਉਸਦੇ ਵਿਸ਼ੇ ਵਿੱਚ ਤੱਤਵ ਨਾਲ ਜਾਣਨ ਦੇ ਲਈ ਕਿਸੇ ਤੱਤਵਦਰਸ਼ੀ ਸੰਤ (ਧੀਰਾਣਾਮ੍) ਦੀ ਖੋਜ ਕਰੋ ਫ਼ਿਰ ਉਨ੍ਹਾਂ ਤੋਂ ਉਹ ਤੱਤਵਗਿਆਨ ਸੁਣੋ।

ਪ੍ਰਮਾਣ:- ਯਜੁਰਵੇਦ ਅਧਿਆਇ 40 ਮੰਤਰ 10 ਅਤੇ 13 ਵਿੱਚ ਸਪੱਸ਼ਟ ਵਰਣਨ ਹੈ ਅਤੇ ਗੀਤਾ ਅਧਿਆਇ 4 ਸਲੋਕ 34 ਵਿੱਚ ਵੀ ਸਪੱਸ਼ਟ ਕਿਹਾ ਹੈ। ਪ੍ਰਮਾਣਾਂ ਨੂੰ ਦੇਖ਼ ਕੇ ਵੀ ਕਾਲ ਬ੍ਰਹਮ ਦੇ ਜ਼ਿਆਦਾ ਪ੍ਰਭਾਵ ਦੇ ਕਾਰਣ ਬ੍ਰਹਮਾ ਨੇ ਮੇਰੇ ਵਿਚਾਰਾਂ ਵਿੱਚ ਰੁਚੀ ਨਾ ਲਈ। ਮੈਨੂੰ ਪਤਾ ਲੱਗ ਗਿਆ ਕਿ ਬ੍ਰਹਮਾ ਨੂੰ ਕਾਲ ਨੇ ਭ੍ਰਮਿਤ ਕਰ ਦਿੱਤਾ ਹੈ। ਇਸ ਲਈ ਵਿਸ਼ਨੂੰ ਜੀ ਨੇ ਵੀ ਬੇਰੁਖੀ ਕੀਤੀ ਤਾਂ ਮੈਂ ਉੱਥੋਂ ਸ਼ਿਵ ਸ਼ੰਕਰ ਦੇ ਕੋਲ ਗਿਆ। ਇਹੀ ਸਥਿਤੀ ਸ਼ਿਵ ਦੀ ਦੇਖ਼ ਕੇ ਮੈਂ ਹੇਠਾਂ ਪ੍ਰਿਥਵੀ ਲੋਕ ਵਿੱਚ ਆਇਆ।

## ''ਸਤਯੁੱਗ ਵਿੱਚ ਕਬੀਰ ਪਰਮੇਸ਼ਵਰ ਦਾ ਸਤ ਸੁਕ੍ਰਿਤ ਨਾਮ ਨਾਲ ਪ੍ਰਗਟ ਹੋਣਾ''

ਵਰਤਮਾਨ ਵਿੱਚ ਚੱਲ ਰਹੀ ਚਤੁਰਯੁਗੀ ਦੇ ਪਹਿਲੇ ਸਤਿਯੁੱਗ ਵਿੱਚ ਮੈਂ (ਪਰਮੇਸ਼ਵਰ ਕਬੀਰ ਜੀ ਨੇ) ਇੱਕ ਸਰੋਵਰ ਵਿੱਚ ਕਮਲ ਦੇ ਫੁੱਲ 'ਤੇ ਸ਼ਿਸ਼ੂ ਰੂਪ ਧਾਰਣ ਕੀਤਾ। ਇੱਕ ਬ੍ਰਾਹਮਣ ਜੋੜਾ ਬੇਔਲਾਦ ਸੀ। ਉਹ ਵਿੱਦਿਆਧਰ ਨਾਮ ਦਾ ਬ੍ਰਾਹਮਣ ਆਪਣੀ ਪਤਨੀ ਦੀਪਿਕਾ ਦੇ ਨਾਲ ਆਪਣੇ ਸਹੁਰੇ ਤੋਂ ਆ ਰਿਹਾ ਸੀ। ਉਹ ਸਰੋਵਰ 'ਤੇ ਅਰਾਮ ਕਰਨ ਲਈ ਰੁਕੇ ਉੱਥੇ ਇੱਕ ਨਵਜੰਮੇ ਬੱਚੇ ਨੂੰ ਫੁੱਲ ਉੱਤੇ ਪ੍ਰਾਪਤ ਕਰਕੇ ਬਹੁਤ ਖੁਸ਼ ਹੋਏ। ਉਸਨੂੰ ਪਰਮੇਸ਼ਵਰ ਸ਼ਿਵ ਦੀ ਕਿਰਪਾ ਨਾਲ ਮਿਲਿਆ ਜਾਣ ਕੇ ਘਰ ਲੈ ਆਏ। ਇੱਕ ਹੋਰ ਬ੍ਰਾਹਮਣ ਤੋਂ ਨਾਮ ਰਖਵਾਇਆ ਉਸਨੇ ਮੇਰਾ ਨਾਮ ਸਤ੍ਸੁਕ੍ਰਿਤ ਰੱਖਿਆ। ਮੇਰੀ ਪ੍ਰੇਰਣਾ ਨਾਲ ਕੁਆਰੀ ਗਾਵਾਂ ਨੇ ਦੁੱਧ ਦੇਣਾ ਸ਼ੁਰੂ ਕੀਤਾ। ਉਹਨਾਂ ਦੇ ਦੁੱਧ ਨਾਲ ਮੇਰੀ ਪਰਵਰਿਸ਼ ਲੀਲ੍ਹਾ ਹੋਈ। ਗੁਰੂਕੁਲ ਵਿੱਚ ਸਿੱਖਿਆ ਦੀ ਲੀਲ੍ਹਾ ਹੋਈ। ਰਿਸ਼ੀ ਜੀ ਜੋ ਵੇਦ ਮੰਤਰ ਭੁੱਲ ਜਾਂਦੇ ਤਾਂ ਮੈਂ ਖੜ੍ਹਾ ਹੋ ਕੇ ਪੂਰਾ ਕਰਦਾ। ਰਿਸ਼ੀ ਜੀ ਵੇਦ ਮੰਤਰਾਂ ਦਾ ਗ਼ਲਤ ਅਰਥ ਕਰਦੇ ਮੈਂ ਵਿਰੋਧ ਕਰਦਾ। ਇਸ ਕਾਰਣ ਮੈਨੂੰ ਗੁਰੂਕੁਲ ਵਿੱਚੋਂ ਕੱਢ ਦਿੱਤਾ। ਧਰਤੀ 'ਤੇ ਘੁੰਮ ਕੇ ਮੈਂ ਬਹੁਤ ਸਾਰੇ ਰਿਸ਼ੀਆਂ ਨਾਲ ਗਿਆਨ ਚਰਚਾ ਕੀਤੀ ਪ੍ਰੰਤੂ ਸ਼ਾਸਤਰ ਵਿਰੁੱਧ ਗਿਆਨ 'ਤੇ ਅਧਾਰਿਤ ਹੋਣ ਕਾਰਣ ਕਿਸੇ ਵੀ ਰਿਸ਼ੀ-ਮਹਾਂਰਿਸ਼ੀ ਨੇ ਗਿਆਨ ਸੁਣਨ ਦਾ ਯਤਨ ਹੀ ਨਹੀਂ ਕੀਤਾ। ਮਹਾਂਰਿਸ਼ੀ ਮਨੂ ਨਾਲ ਵੀ ਮੇਰੀ ਵੇਦ ਗਿਆਨ 'ਤੇ ਚਰਚਾ ਹੋਈ। ਮਹਾਂਰਿਸ਼ੀ ਮਨੂ ਨੇ ਬ੍ਰਹਮਾ ਜੀ ਤੋਂ ਹੀ ਗਿਆਨ ਗ੍ਰਹਿਣ ਕੀਤਾ ਸੀ। ਮਹਾਂਰਿਸ਼ੀ ਮਨੂ ਜੀ ਨੇ ਮੈਨੂੰ ਉਲਟਾ ਗਿਆਨ ਦੇਣ ਵਾਲ਼ਾ ਕਿਹਾ ਅਤੇ ਮੇਰਾ ਉਪਨਾਮ ਵਾਮਦੇਵ ਰੱਖ ਦਿੱਤਾ। ਮੈਂ ਮਹਾਂਰਿਸ਼ੀ ਮਨੂ ਅਤੇ ਹੋਰ ਰਿਸ਼ੀਆਂ ਨੂੰ ਇੱਥੋਂ

ਤੱਕ ਕਿਹਾ ਕਿ ਉਹ ਪੂਰਣ ਪ੍ਰਮਾਤਮਾ ਮੈਂ ਹੀ ਹਾਂ। ਉਹਨਾਂ ਨੇ ਮੇਰਾ ਮਜ਼ਾਕ ਕੀਤਾ ਅਤੇ ਕਿਹਾ ਤੁਸੀਂ ਇੱਥੇ ਹੋ ਤਾਂ ਤੁਹਾਡਾ ਸਤਲੋਕ ਤਾਂ ਤੁਹਾਡੇ ਬਿਨਾਂ ਸੁੰਨਸਾਨ ਪਿਆ ਹੋਵੇਗਾ ਉੱਥੇ ਸਤਲੋਕ ਵਿੱਚ ਜਾਣ ਦਾ ਕੀ ਲਾਭ? ਉੱਥੇ ਗਏ ਪ੍ਰਾਣੀ ਤਾਂ ਅਨਾਥ ਹਨ। ਮੈਂ ਕਿਹਾ ਮੈਂ ਉੱਪਰ ਵੀ ਵਿਰਾਜਮਾਨ ਹਾਂ। ਤਦ ਮਨੂ ਜੀ ਸਮੇਤ ਸਾਰੇ ਰਿਸ਼ੀਆਂ ਨੇ ਠਹਾਕਾ ਲਗਾ ਕੇ ਕਿਹਾ ਫਿਰ ਤਾਂ ਤੁਹਾਡਾ ਨਾਮ ਵਾਮਦੇਵ ਸਹੀ ਹੈ। ਵਾਮਦੇਵ ਦਾ ਅਰਥ ਦੋ ਸਥਾਨਾਂ ਉੱਤੇ ਨਿਵਾਸ ਕਰਣ ਵਾਲਾ, ਵੀ ਹੈ। ਵਾਮ ਅੱਖ਼ਰ ਦੋ ਦਾ ਬੋਧਕ ਹੈ। ਇਸ ਤਰ੍ਹਾਂ ਉਨ੍ਹਾਂ ਗਿਆਨਹੀਣ ਵਿਅਕਤੀਆਂ ਨੇ ਮੇਰੇ ਤੱਤਵਗਿਆਨ ਨੂੰ ਗ੍ਰਹਿਣ ਨਹੀਂ ਕੀਤਾ। (ਵਾਮ-ਦੇਵ ਦਾ ਪ੍ਰਮਾਣ ਸ਼ਿਵਪੁਰਾਣ ਪੰਨਾ 606-607 ਕੈਲਾਸ਼ ਸੰਹਿਤਾ ਪਹਿਲੇ ਅਧਿਆਇ ਵਿੱਚ ਹੈ।) ਬਹੁਤ ਯਤਨ ਕਰਨ ਉੱਤੇ ਕੁਝ ਪੁੰਨ ਆਤਮਾਵਾਂ ਨੇ ਮੇਰਾ ਉਪਦੇਸ਼ ਗ੍ਰਹਿਣ ਕੀਤਾ। ਮੈਂ ਸਵਸਮ ਵੇਦ (ਕਵਿਗਿਰ:=ਕਵਿਰਬਾਣੀ) ਦੀ ਰਚਨਾ ਕੀਤੀ ਜਿਸਦੀ ਕਾਲ ਦੁਆਰਾ ਪ੍ਰੇਰਿਤ ਗਿਆਨਹੀਣ ਰਿਸ਼ੀਆਂ ਨੇ ਬਹੁਤ ਨਿੰਦਾ ਕੀਤੀ ਅਤੇ ਜਨਤਾ ਨੂੰ ਇਸਨੂੰ ਨਾ ਪੜ੍ਹਨ ਦੀ ਬੇਨਤੀ ਕੀਤੀ। ਸਤਯੁਗ ਦੇ ਪ੍ਰਾਣੀ ਮੈਨੂੰ ਸਿਰਫ ਇੱਕ ਚੰਗਾ ਕਵੀ ਹੀ ਮੰਨਦੇ ਸਨ। ਇਸ ਕਾਰਣ ਸਤਿਯੁਗ ਵਿੱਚ ਬਹੁਤ ਹੀ ਘੱਟ ਜੀਵਾਂ ਨੇ ਮੇਰੀ ਸ਼ਰਣ ਗ੍ਰਹਿਣ ਕੀਤੀ। ਸਤਯੁਗ ਵਿੱਚ ਮਾਨਵ ਦੀ ਉਮਰ ਇੱਕ ਲੱਖ ਸਾਲ ਤੋਂ ਸ਼ੁਰੂ ਹੁੰਦੀ ਹੈ ਅਤੇ ਸਤਯੁਗ ਦੇ ਅੰਤ ਵਿੱਚ ਦਸ ਹਜ਼ਾਰ ਸਾਲ ਰਹਿ ਜਾਂਦੀ ਹੈ। ਸਤਯੁਗ ਵਿੱਚ ਬਹੁਤ ਹੀ ਪੁੰਨਕਰਮੀ ਪ੍ਰਾਣੀ ਜਨਮ ਲੈਂਦੇ ਹਨ। ਸਤਯੁਗ ਵਿੱਚ ਇਸਤਰੀ ਵਿਧਵਾ ਨਹੀਂ ਹੁੰਦੀ। ਪਿਤਾ ਤੋਂ ਪਹਿਲਾਂ ਪੁੱਤਰ ਦੀ ਮੌਤ ਨਹੀਂ ਹੁੰਦੀ। ਆਪਸੀ ਭਾਈਚਾਰਾ ਬਹੁਤ ਚੰਗਾ ਹੁੰਦਾ ਹੈ। ਚੋਰੀ-ਜਾਰੀ ਹੋਰ ਬੁਰਾਈਆਂ ਨਾ ਮਾਤਰ ਹੀ ਹੁੰਦੀਆਂ ਹਨ। ਅਤੇ ਸ਼ਰਾਬ, ਮਾਂਸ, ਤੰਬਾਕੂ ਆਦਿ ਦਾ ਸੇਵਨ ਸਤਯੁਗ ਦੇ ਆਦਿ ਵਿੱਚ ਪ੍ਰਾਣੀ ਨਹੀਂ ਕਰਦੇ। ਬ੍ਰਾਹਮਣ ਵਿੱਦਿਆਧਰ ਵਾਲੀ ਆਤਮਾ ਤ੍ਰੇਤਾ ਯੁੱਗ ਵਿੱਚ ਵੇਦਵਿੱਗਯ ਰਿਸ਼ੀ ਹੋਏ ਅਤੇ ਕਲਯੁਗ ਵਿੱਚ ਰਿਸ਼ੀ ਰਾਮਾਨੰਦ ਹੋਏ ਅਤੇ ਦੀਪਿਕਾ ਵਾਲੀ ਆਤਮਾ ਤ੍ਰੇਤਾ ਵਿੱਚ ਸੂਰਯਾ ਹੋਈ ਅਤੇ ਕਲਯੁਗ ਵਿੱਚ ਕਮਾਲੀ ਹੋਈ ਅਤੇ ਸਤਿਯੁਗ ਵਿੱਚ ਬਹੁਤ ਹੀ ਘੱਟ ਪ੍ਰਾਣੀਆਂ ਨੇ ਮੇਰੀ ਸ਼ਰਣ ਲਈ।

ਪ੍ਰਸ਼ਨ:- ਧਰਮਦਾਸ ਜੀ ਨੇ ਪੁੱਛਿਆ ਹੇ ਬੰਦੀਛੋੜ ਤੁਸੀਂ ਤ੍ਰੇਤਾ ਯੁੱਗ ਵਿੱਚ ਮੁਨਿੰਦਰ ਰਿਸ਼ੀ ਦੇ ਨਾਂ ਨਾਲ ਅਵਤਰਿਤ ਹੋਏ ਸਨ। ਕਿਰਪਾ ਉਸ ਯੁੱਗ ਵਿੱਚ ਕਿਹੜੀ -2 ਪੁੰਨ ਆਤਮਾਵਾਂ ਨੇ ਤੁਹਾਡੀ ਸ਼ਰਣ ਗ੍ਰਹਿਣ ਕੀਤੀ?

ਉੱਤਰ:- ਹੇ ਧਰਮਦਾਸ! ਤ੍ਰੇਤਾ ਯੁੱਗ ਵਿੱਚ ਮੈਂ ਮੁਨਿੰਦਰ ਰਿਸ਼ੀ ਦੇ ਨਾਂ ਨਾਲ ਪ੍ਰਗਟ ਹੋਇਆ। ਤ੍ਰੇਤਾ ਯੁੱਗ ਵਿੱਚ ਵੀ ਮੈਂ ਇੱਕ ਸ਼ਿਸ਼ੂ ਰੂਪ ਧਾਰਣ ਕਰਕੇ ਕਮਲ ਦੇ ਫੁੱਲ ਉੱਤੇ ਪ੍ਰਗਟ ਹੋਇਆ ਸੀ। ਇੱਕ ਵੇਦਵਿੱਗਯ ਨਾਮਕ ਰਿਸ਼ੀ ਅਤੇ ਸੂਰਯਾ ਨਾਮਕ ਉਸਦੀ ਸਾਧਵੀ ਪਤਨੀ ਸੀ। ਉਹ ਹਰ ਰੋਜ਼ ਸਰੋਵਰ ਉੱਤੇ ਇਸ਼ਨਾਨ ਕਰਨ ਜਾਂਦੇ ਸਨ। ਉਹ ਬੇਔਲਾਦ ਜੋੜਾ ਮੈਨੂੰ ਆਪਣੇ ਨਾਲ ਲੈ ਗਿਆ ਅਤੇ ਸੰਤਾਨ ਰੂਪ ਵਿੱਚ ਪਾਲਣ ਕੀਤਾ। ਹਰੇਕ ਯੁੱਗ ਵਿੱਚ ਜਿਸ ਸਮੇਂ ਮੈਂ ਇੱਕ ਪੂਰਾ ਜੀਵਨ ਰਹਿਣ ਦੀ ਲੀਲਾ ਕਰਨ ਆਉਂਦਾ ਹਾਂ। ਮੇਰੀ ਪਰਵਰਿਸ਼ ਕੁਆਂਰੀ ਗਾਵਾਂ ਨਾਲ ਹੁੰਦੀ ਹੈ। ਸ਼ਿਸ਼ੂ ਕਾਲ ਤੋਂ ਹੀ ਮੈਂ ਤੱਤਵਗਿਆਨ ਦੀ ਬਾਣੀ ਉਚਾਰਣ ਕਰਦਾ ਹਾਂ। ਜਿਸ ਕਾਰਣ ਮੈਨੂੰ ਪ੍ਰਸਿੱਧ ਕਵੀ ਦੀ ਉਪਾਧੀ ਪ੍ਰਾਪਤ ਹੁੰਦੀ ਹੈ। ਪ੍ਰੰਤੂ ਗਿਆਨਹੀਣ ਰਿਸ਼ੀਆਂ ਦੁਆਰਾ ਭ੍ਰਮਿਤ ਜਨਤਾ ਮੈਨੂੰ ਨਾ ਪਹਿਚਾਣ ਕੇ ਇੱਕ ਕਵੀ ਦੀ ਉਪਾਧੀ ਪ੍ਰਦਾਨ ਕਰ ਦਿੰਦੀ ਹੈ। ਸਿਰਫ ਮੇਰੇ ਤੋਂ ਜਾਣੂ ਸ਼ਰਧਾਲੂ ਹੀ ਮੈਨੂੰ ਸਮਝ ਪਾਉਂਦੇ ਹਨ ਅਤੇ ਉਹ ਆਪਣਾ ਕਲਿਆਣ ਕਰਵਾ ਲੈਂਦੇ ਹਨ।

"ਤ੍ਰੇਤਾਯੁਗ ਵਿੱਚ, ਕਵੀਰਦੇਵ ਦਾ ਰਿਸ਼ੀ ਮੁਨੀਂਦਰ ਨਾਮ ਨਾਲ ਪ੍ਰਗਟ ਹੋਣਾ" ਲੇਖਕ ਦੇ ਸ਼ਬਦਾਂ ਵਿੱਚ ਨਿਮਨ ਪੜ੍ਹੋ :-

## "ਤ੍ਰੇਤਾਯੁਗ ਵਿੱਚ, ਕਵਿਰਦੇਵ (ਕਬੀਰ ਪਰਮੇਸ਼ਵਰ) ਦਾ ਮੁਨੀਂਦਰ ਨਾਂ ਨਾਲ ਪ੍ਰਗਟ ਹੋਣਾ"

### "ਨਲ ਅਤੇ ਨੀਲ ਨੂੰ ਸ਼ਰਨ ਵਿੱਚ ਲੈਣਾ"

### "ਸਤਿਸੰਗ ਵਚਨ"

ਤ੍ਰੇਤਾਯੁਗ ਵਿੱਚ ਸਵੈਭੂੰ ਕਵਿਰਦੇਵ (ਕਬੀਰ ਪਰਮੇਸ਼ਵਰ) ਰੂਪ ਬਦਲ ਕੇ ਮੁਨਿੰਦਰ ਰਿਸ਼ੀ ਦੇ ਨਾਮ ਨਾਲ ਆਏ ਹੋਏ ਸਨ। ਇੱਕ ਦਿਨ ਅਨਲ ਅਰਥਾਤ ਨਲ ਅਤੇ ਅਨੀਲ ਅਰਥਾਤ ਨੀਲ ਨੇ ਮੁਨਿੰਦਰ ਸਾਹਿਬ ਦਾ ਸਤਿਸੰਗ ਸੁਣਿਆ। ਦੋਵੇਂ ਭਗਤ ਆਪਸ ਵਿੱਚ ਮਾਸੀ ਦੇ ਪੁੱਤਰ ਸਨ। ਮਾਤਾ-ਪਿਤਾ ਦਾ ਦਿਹਾਂਤ ਹੋ ਚੁੱਕਾ ਸੀ। ਨਲ ਅਤੇ ਨੀਲ ਦੋਵੇਂ ਸਰੀਰਕ ਅਤੇ ਮਾਨਸਿਕ ਰੋਗ ਨਾਲ ਬਹੁਤ ਪੀੜਤ ਸਨ। ਸਾਰੇ ਰਿਸ਼ੀਆਂ ਅਤੇ ਸੰਤਾਂ ਨੂੰ ਕਸ਼ਟ ਨਿਵਾਰਣ ਦੀ ਪ੍ਰਾਰਥਨਾ ਕਰ ਚੁੱਕੇ ਸੀ। ਸਾਰੇ ਰਿਸ਼ੀਆਂ ਅਤੇ ਸੰਤਾਂ ਨੇ ਦੱਸਿਆ ਸੀ ਕਿ ਇਹ ਤੁਹਾਡੇ ਪ੍ਰਾਰੱਬਧ ਦਾ ਪਾਪ ਕਰਮ ਦਾ ਦੰਡ ਹੈ, ਇਹ ਤੁਹਾਨੂੰ ਭੋਗਣਾ ਹੀ ਪਵੇਗਾ। ਇਸ ਦਾ ਕੋਈ ਹੱਲ ਨਹੀਂ ਹੈ। ਦੋਵੇਂ ਦੋਸਤ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਮੌਤ ਦੀ ਉਡੀਕ ਕਰ ਰਹੇ ਸਨ।

ਸਤਿਸੰਗ ਤੋਂ ਬਾਅਦ ਜਿਵੇਂ ਹੀ ਦੋਵਾਂ ਨੇ ਪਰਮੇਸ਼ਵਰ ਕਵਿਰਦੇਵ (ਕਬੀਰ ਪਰਮੇਸ਼ਵਰ) ਉਰਫ ਮੁਨਿੰਦਰ ਰਿਸ਼ੀ ਜੀ ਦੇ ਚਰਣ ਛੂਹੇ ਅਤੇ ਪਰਮੇਸ਼ਵਰ ਮਨਿੰਦਰ ਜੀ ਨੇ ਸਿਰ 'ਤੇ ਹੱਥ ਰੱਖਿਆ ਤਾਂ ਦੋਵਾਂ ਦਾ ਲਾਇਲਾਜ ਰੋਗ ਛੂ ਮੰਤਰ ਹੋ ਗਿਆ ਅਰਥਾਤ ਦੋਵੇਂ ਨਲ ਅਤੇ ਨੀਲ ਤੰਦਰੁਸਤ ਹੋ ਗਏ। ਇਸ ਅਦਭੁੱਤ ਚਮਤਕਾਰ ਨੂੰ ਦੇਖ ਕੇ ਪ੍ਰਭੂ ਚਰਣਾਂ ਵਿੱਚ ਡਿੱਗ ਕੇ ਘੰਟਿਆ ਰੋਂਦੇ ਰਹੇ ਅਤੇ ਕਿਹਾ ਅੱਜ ਸਾਨੂੰ ਪ੍ਰਭੂ ਮਿਲ ਗਿਆ। ਜਿਸਦੀ ਸਾਨੂੰ ਕਈ ਸਾਲਾਂ ਤੋਂ ਖੋਜ ਸੀ ਉਸ ਤੋਂ ਪ੍ਰਭਾਵਿਤ ਹੋ ਕੇ ਰਿਸ਼ੀ ਮੁਨਿੰਦਰ ਜੀ ਤੋਂ ਨਾਮ (ਦੀਖਿਆ) ਲੈ ਲਿਆ ਮੁਨਿੰਦਰ ਸਾਹਿਬ ਜੀ ਦੇ ਨਾਲ ਹੀ ਸੇਵਾ ਵਿੱਚ ਰਹਿਣ ਲੱਗੇ। ਪਹਿਲਾਂ ਰਿਸ਼ੀਆਂ ਅਤੇ ਸੰਤਾਂ ਦਾ ਸਮਾਗਮ ਪਾਣੀ ਦੀ ਵਿਵਸਥਾ ਦੇਖ ਕੇ ਨਦੀ ਦੇ ਕਿਨਾਰੇ ਹੁੰਦਾ ਸੀ। ਨਲ ਅਤੇ ਨੀਲ ਦੋਵੇਂ ਬਹੁਤ ਪ੍ਰਭੂ ਪ੍ਰੇਮੀ ਅਤੇ ਭੋਲੀਆਂ ਆਤਮਾਵਾਂ ਸਨ। ਪਰਮਾਤਮਾ ਵਿੱਚ ਸ਼ਰਧਾ ਬਹੁਤ ਹੋ ਗਈ ਸੀ। ਸੇਵਾ ਵੀ ਬਹੁਤ ਕਰਿਆ ਕਰਦੇ ਸਨ। ਸਮਾਗਮਾਂ ਵਿੱਚ ਰੋਗੀ ਅਤੇ ਬੁੱਢੇ ਤੇ ਵਿਕਲਾਂਗ ਭਗਤਜਨ ਆਉਂਦੇ ਤਾਂ ਉਹਨਾਂ ਦੇ ਕੱਪੜੇ ਧੋਂਦੇ ਅਤੇ ਬਰਤਨ ਸਾਫ ਕਰਦੇ। ਉਹਨਾਂ ਦੇ ਲੋਟੇ ਅਤੇ ਗਿਲਾਸ ਸਾਫ਼ ਕਰ ਦਿੰਦੇ ਸੀ। ਪ੍ਰੰਤੂ ਸਨ ਭੋਲੇ ਜਿਹੇ ਦਿਮਾਗ ਤੋਂ। ਕੱਪੜੇ ਧੋਣ ਲੱਗ ਜਾਂਦੇ ਤਾਂ ਸਤਿਸੰਗ ਵਿੱਚ ਜੋ ਪ੍ਰਭੂ ਦੀ ਕਥਾ ਸੁਣੀ ਹੁੰਦੀ ਉਸਦੀ ਚਰਚਾ ਕਰਨ ਲੱਗ ਜਾਂਦੇ। ਦੋਵੇਂ ਭਗਤ ਪ੍ਰਭੂ ਚਰਚਾ ਵਿੱਚ ਬਹੁਤ ਮਸਤ ਹੋ ਜਾਂਦੇ ਅਤੇ ਵਸਤੂਆਂ ਦਰਿਆ ਦੇ ਪਾਣੀ ਕਦੋਂ ਡੁੱਬ ਜਾਂਦੀਆਂ ਉਨ੍ਹਾਂ ਨੂੰ ਪਤਾ ਵੀ ਨਹੀਂ ਚੱਲਦਾ। ਕਿਸੇ ਦੀਆਂ ਚਾਰ ਵਸਤੂਆਂ ਲੈ ਕੇ ਜਾਂਦੇ ਤਾਂ ਦੋ ਵਸਤੂਆਂ ਵਾਪਿਸ ਲਿਆ ਕੇ ਦਿੰਦੇ ਸਨ। ਭਗਤ ਜਨ ਕਹਿੰਦੇ ਕਿ ਭਾਈ ਤੁਸੀਂ ਸੇਵਾ ਤਾਂ ਬਹੁਤ ਕਰਦੇ ਹੋ, ਪ੍ਰੰਤੂ ਸਾਡਾ ਕੰਮ ਵਿਗਾੜ ਦਿੰਦੇ ਹੋ। ਹੁਣ ਅਸੀਂ ਇਹ ਗੁੰਮ ਹੋਈਆਂ ਵਸਤੂਆਂ ਕਿੱਥੋਂ ਲੈ ਕੇ ਆਈਏ? ਤੁਸੀਂ ਸਾਡੀ ਸੇਵਾ ਹੀ ਕਰਨੀ ਛੱਡ ਦਉ। ਅਸੀਂ ਆਪਣੀ ਸੇਵਾ ਖ਼ੁਦ ਹੀ ਕਰ ਲਵਾਂਗੇ। ਨਲ ਤੇ ਨੀਲ ਰੋਣ ਲੱਗ ਜਾਂਦੇ ਕਿ ਸਾਡੀ ਸੇਵਾ ਨਾ ਖੋਹੋ। ਇਸ ਵਾਰ ਨਹੀਂ ਗੁੰਮ ਕਰਾਂਗੇ। ਪ੍ਰੰਤੂ ਫਿਰ ਉਹੀ ਕੰਮ ਕਰਦੇ। ਪ੍ਰਭੂ ਦੀ ਚਰਚਾ ਵਿੱਚ ਲੱਗ ਜਾਂਦੇ

ਅਤੇ ਵਸਤੂਆਂ ਡੁੱਬ ਜਾਂਦੀਆਂ। ਭਗਤ ਜਨਾਂ ਨੇ ਮੁਨਿੰਦਰ ਜੀ ਨੂੰ ਪ੍ਰਾਰਥਨਾ ਕੀਤੀ ਕੀ ਕਿਰਪਾ ਤੁਸੀਂ ਨਲ ਅਤੇ ਨੀਲ ਨੂੰ ਸਮਝਾਓ। ਇਹ ਨਾ ਤਾਂ ਮੰਨਦੇ ਹਨ ਅਤੇ ਕਹਿੰਦੇ ਹਾਂ ਤਾਂ ਰੋਣ ਲੱਗ ਜਾਂਦੇ ਹਨ। ਸਾਡੀਆਂ ਤਾਂ ਅੱਧੀਆਂ ਵਸਤੂਆਂ ਵਾਪਸ ਨਹੀਂ ਲਿਆਉਂਦੇ। ਬਰਤਨ ਅਤੇ ਕੱਪੜੇ ਧੋਂਦੇ ਸਮੇਂ ਇਹ ਦੋਵੇਂ ਭਗਵਾਨ ਦੀ ਚਰਚਾ ਵਿੱਚ ਮਸਤ ਹੋ ਜਾਂਦੇ ਹਨ ਅਤੇ ਵਸਤੂਆਂ ਡੁੱਬ ਜਾਂਦੀਆ ਹਨ। ਮੁਨਿੰਦਰ ਸਾਹਿਬ ਨੇ ਇੱਕ ਦੋ ਵਾਰ ਨਲ-ਨੀਲ ਨੂੰ ਸਮਝਾਇਆ। ਉਹ ਰੋਣ ਲੱਗ ਜਾਂਦੇ ਸੀ ਕਿ ਸਾਹਿਬ ਸਾਡੀ ਇਹ ਸੇਵਾ ਨਾ ਖੋਹਣਾ। ਸਤਿਗੁਰੂ ਮਨਿੰਦਰ ਸਾਹਿਬ ਨੇ ਆਸ਼ੀਰਵਾਦ ਦਿੰਦੇ ਹੋਏ ਕਿਹਾ ਬੇਟਾ ਨਲ ਅਤੇ ਨੀਲ ਖੂਬ ਸੇਵਾ ਕਰੋ, ਅੱਜ ਤੋਂ ਬਾਅਦ ਤੁਹਾਡੇ ਹੱਥ ਤੋਂ ਕੋਈ ਵੀ ਵਸਤੂ ਚਾਹੇ ਪੱਥਰ ਜਾਂ ਲੋਹਾ ਵੀ ਕਿਉਂ ਨਾ ਹੋਵੇ ਪਾਣੀ ਵਿੱਚ ਨਹੀਂ ਡੁੱਬੇਗੀ।

## "ਸਮੁੰਦਰ ਉੱਤੇ ਰਾਮਚੰਦਰ ਦੇ ਪੁਲ ਦੇ ਲਈ ਪੱਥਰ ਤੈਰਾਉਣਾ"

ਇੱਕ ਸਮੇਂ ਦੀ ਗੱਲ ਹੈ ਕਿ ਸੀਤਾ ਜੀ ਨੂੰ ਰਾਵਣ ਚੁੱਕ ਕੇ ਲੈ ਗਿਆ। ਭਗਵਾਨ ਰਾਮ ਨੂੰ ਪਤਾ ਵੀ ਨਹੀਂ ਕਿ ਸੀਤਾ ਨੂੰ ਕੌਣ ਚੁੱਕ ਕੇ ਲੈ ਗਿਆ? ਸ਼੍ਰੀ ਰਾਮਚੰਦਰ ਜੀ ਇੱਧਰ ਉੱਧਰ ਖੋਜ ਕਰਦੇ ਹਨ। ਹਨੂੰਮਾਨ ਜੀ ਨੇ ਖੋਜ ਕਰਕੇ ਦੱਸਿਆ ਕਿ ਸੀਤਾ ਮਾਤਾ ਲੰਕਾਪਤੀ ਰਾਵਣ ਦੀ ਕੈਦ ਵਿੱਚ ਹੈ। ਪਤਾ ਲੱਗਣ ਤੋਂ ਬਾਅਦ ਭਗਵਾਨ ਰਾਮ ਨੇ ਰਾਵਣ ਕੋਲ ਸ਼ਾਂਤੀ ਦੂਤ ਭੇਜੇ ਅਤੇ ਪ੍ਰਾਰਥਨਾ ਕੀਤੀ ਕਿ ਸੀਤਾ ਜੀ ਨੂੰ ਵਾਪਸ ਕਰ ਦੇਵੇ। ਪ੍ਰੰਤੂ ਰਾਵਣ ਨਹੀਂ ਮੰਨਿਆ। ਯੁੱਧ ਦੀ ਤਿਆਰੀ ਹੋਈ। ਫਿਰ ਸਮੱਸਿਆ ਇਹ ਆਈ ਕਿ ਸਮੁੰਦਰ ਤੋਂ ਸੈਨਾ ਕਿਵੇਂ ਪਾਰ ਕਰੀਏ?

ਭਗਵਾਨ ਸ਼੍ਰੀ ਰਾਮਚੰਦਰ ਨੇ ਤਿੰਨ ਦਿਨ ਤੱਕ ਗੋਡਿਆਂ ਤੱਕ ਪਾਣੀ ਵਿੱਚ ਖੜ੍ਹੇ ਹੋ ਕੇ ਹੱਥ ਜੋੜ ਕੇ ਸਮੁੰਦਰ ਨੂੰ ਪ੍ਰਾਰਥਨਾ ਕੀਤੀ ਕਿ ਰਸਤਾ ਦੇ ਦਿਓ। ਪ੍ਰੰਤੂ ਸਮੁੰਦਰ ਟਸ ਤੋਂ ਮਸ ਨਹੀਂ ਹੋਇਆ। ਜਦ ਸਮੁੰਦਰ ਨਹੀਂ ਮੰਨਿਆ ਤਾਂ ਸ਼੍ਰੀ ਰਾਮ ਨੇ ਉਸਨੂੰ ਅਗਨੀ ਬਾਣ ਨਾਲ ਜਲਾਉਣਾ ਚਾਹਿਆ। ਡਰਿਆ ਹੋਇਆ ਸਮੁੰਦਰ ਇੱਕ ਬ੍ਰਾਹਮਣ ਦਾ ਰੂਪ ਬਣਾ ਕੇ ਸਾਹਮਣੇ ਆਇਆ ਅਤੇ ਕਿਹਾ ਕਿ ਭਗਵਨ ਸਭ ਦੀਆਂ ਆਪਣੀ-ਆਂ-2 ਮਰਿਯਾਦਾਵਾਂ ਹਨ। ਮੈਨੂੰ ਜਲਾਉ ਨਾ, ਮੇਰੇ ਅੰਦਰ ਨਾ ਜਾਣੇ ਕਿੰਨੇ ਜੀਵ-ਜੰਤੂ ਵੱਸਦੇ ਹਨ। ਜੇ ਤੁਸੀਂ ਮੈਨੂੰ ਜਲਾ ਵੀ ਦਿਓਗੇ ਤਾਂ ਵੀ ਤੁਸੀਂ ਮੈਨੂੰ ਪਾਰ ਨਹੀਂ ਕਰ ਸਕਦੇ ਕਿਉਂਕਿ ਇੱਥੇ ਬਹੁਤ ਡੂੰਘਾ ਖੱਡਾ ਬਣ ਜਾਵੇਗਾ, ਜਿਸਨੂੰ ਤੁਸੀਂ ਕਦੇ ਵੀ ਪਾਰ ਨਹੀਂ ਕਰ ਸਕਦੇ।

ਸਮੁੰਦਰ ਨੇ ਕਿਹਾ ਭਗਵਨ ਅਜਿਹਾ ਕੰਮ ਕਰੋ ਕਿ ਸੱਪ ਵੀ ਮਰ ਜਾਵੇ ਅਤੇ ਲਾਠੀ ਵੀ ਨਾ ਟੁੱਟੇ। ਮੇਰੀ ਮਰਿਯਾਦਾ ਵੀ ਰਹਿ ਜਾਵੇ ਤੁਹਾਡਾ ਪੁਲ਼ ਵੀ ਬਣ ਜਾਵੇ। ਤਦ ਭਗਵਾਨ ਸ਼੍ਰੀ ਰਾਮ ਨੇ ਸਮੁੰਦਰ ਨੂੰ ਪੁੱਛਿਆ ਕਿ ਉਹ ਕੀ ਹੈ? ਬ੍ਰਾਹਮਣ ਰੂਪ ਵਿੱਚ ਖੜ੍ਹੇ ਸਮੁੰਦਰ ਨੇ ਕਿਹਾ ਕਿ ਤੁਹਾਡੀ ਸੈਨਾ ਵਿੱਚ ਨਲ ਅਤੇ ਨੀਲ ਨਾਮ ਦੇ ਦੋ ਸੈਨਿਕ ਹਨ। ਉਨ੍ਹਾਂ ਕੋਲ ਉਨ੍ਹਾਂ ਦੇ ਗੁਰੂਦੇਵ ਤੋਂ ਪ੍ਰਾਪਤ ਇੱਕ ਅਜਿਹੀ ਸ਼ਕਤੀ ਹੈ ਕਿ ਉਨ੍ਹਾਂ ਦੇ ਹੱਥ ਤੋਂ ਪੱਥਰ ਵੀ ਤੈਰ ਜਾਂਦੇ ਹਨ। ਹਰ ਵਸਤੂ ਚਾਹੇ ਉਹ ਲੋਹੇ ਦੀ ਹੋਵੇ, ਤੈਰ ਜਾਂਦੀ ਹੈ। ਸ਼੍ਰੀ ਰਾਮਚੰਦਰ ਨੇ ਨਲ ਅਤੇ ਨੀਲ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਤੁਹਾਡੇ ਕੋਲ ਕੋਈ ਅਜਿਹੀ ਸ਼ਕਤੀ ਹੈ? ਤਾਂ ਨਲ ਅਤੇ ਨੀਲ ਨੇ ਕਿਹਾ ਕਿ ਹਾਂ ਜੀ, ਸਾਡੇ ਹੱਥ ਤੋਂ ਪੱਥਰ ਵੀ ਨਹੀਂ ਡੁੱਬਣਗੇ। ਸ਼੍ਰੀ ਰਾਮ ਨੇ ਕਿਹਾ ਕਿ ਪ੍ਰੀਖਣ ਕਰਵਾਓ।

ਉਨ੍ਹਾਂ ਨਾਦਾਨਾਂ (ਨਲ-ਨੀਲ) ਨੇ ਸੋਚਿਆ ਕਿ ਅੱਜ ਸਭ ਦੇ ਸਾਹਮਣੇ ਸਾਡੀ

ਬਹੁਤ ਮਹਿਮਾ ਹੋਵੇਗੀ। ਉਸ ਦਿਨ ਉਨ੍ਹਾਂ ਨੇ ਆਪਣੇ ਗੁਰੂਦੇਵ ਮੁਨਿੰਦਰ ਜੀ (ਕਬੀਰ ਸਾਹਿਬ ਜੀ) ਨੂੰ ਇਹ ਸੋਚ ਕੇ ਯਾਦ ਨਹੀਂ ਕੀਤਾ ਕਿ ਜੇਕਰ ਅਸੀਂ ਉਨ੍ਹਾਂ ਨੂੰ ਯਾਦ ਕਰਾਂਗੇ ਤਾਂ ਸ਼੍ਰੀ ਰਾਮ ਕਿਤੇ ਇਹ ਨਾ ਸੋਚ ਲੈਣ ਕਿ ਇਨ੍ਹਾਂ ਕੋਲ ਸ਼ਕਤੀ ਨਹੀਂ ਹੈ, ਇਹ ਤਾਂ ਕਿਸੇ ਹੋਰ ਤੋਂ ਮੰਗਦੇ ਹਨ। ਉਨ੍ਹਾਂ ਨੇ ਪੱਥਰ ਚੁੱਕ ਕੇ ਸਮੁੰਦਰ ਦੇ ਪਾਣੀ ਵਿੱਚ ਪਾਇਆ ਤਾਂ ਉਹ ਪੱਥਰ ਡੁੱਬ ਗਿਆ। ਨਲ ਅਤੇ ਨੀਲ ਨੇ ਬਹੁਤ ਕੋਸ਼ਿਸ਼ ਕੀਤੀ, ਪ੍ਰੰਤੂ ਉਨ੍ਹਾਂ ਤੋਂ ਪੱਥਰ ਨਹੀਂ ਤੈਰੇ। ਤਦ ਭਗਵਾਨ ਰਾਮ ਨੇ ਸਮੁੰਦਰ ਦੇ ਵੱਲ ਦੇਖਿਆ ਜਿਵੇਂ ਕਹਿਣਾ ਚਾਹ ਰਹੇ ਹੋਣ ਕਿ ਤੁਸੀਂ ਤਾਂ ਝੂਠ ਬੋਲ ਰਹੇ ਹੋ। ਇਨ੍ਹਾਂ ਵਿੱਚ ਤਾਂ ਕੋਈ ਸ਼ਕਤੀ ਨਹੀਂ ਹੈ। ਸਮੁੰਦਰ ਨੇ ਕਿਹਾ ਕਿ ਨਲ-ਨੀਲ ਅੱਜ ਤੁਸੀਂ ਆਪਣੇ ਗੁਰੂਦੇਵ ਨੂੰ ਯਾਦ ਨਹੀਂ ਕੀਤਾ। ਕਿਰਪਾ ਆਪਣੇ ਗੁਰੂਦੇਵ ਨੂੰ ਯਾਦ ਕਰੋ। ਉਹ ਦੋਵੇਂ ਸਮਝ ਗਏ ਕਿ ਅੱਜ ਤਾਂ ਅਸੀਂ ਗ਼ਲਤੀ ਕਰ ਦਿੱਤੀ। ਉਨ੍ਹਾਂ ਨੇ ਸਤਿਗੁਰੂ ਮੁਨਿੰਦਰ ਸਾਹਿਬ ਨੂੰ ਯਾਦ ਕੀਤਾ। ਸਤਿਗੁਰੂ ਮੁਨਿੰਦਰ (ਕਬੀਰ ਪਰਮੇਸ਼ਵਰ) ਉੱਥੇ ਪਹੁੰਚ ਗਏ। ਭਗਵਾਨ ਰਾਮਚੰਦਰ ਜੀ ਨੇ ਕਿਹਾ ਕਿ ਹੇ ਰਿਸ਼ੀਵਰ! ਮੇਰਾ ਦੁਰਭਾਗ ਹੈ ਕਿ ਤੁਹਾਡੇ ਸੇਵਕਾਂ ਤੋਂ ਪੱਥਰ ਨਹੀਂ ਤੈਰ ਰਹੇ ਹਨ। ਮੁਨਿੰਦਰ ਸਾਹਿਬ ਨੇ ਕਿਹਾ ਕਿ ਹੁਣ ਇਨ੍ਹਾਂ ਦੇ ਹੱਥੋਂ ਕਦੇ ਤੈਰਣਗੇ ਵੀ ਨਹੀਂ, ਕਿਉਂਕਿ ਇਨ੍ਹਾਂ ਨੂੰ ਹੰਕਾਰ ਹੋ ਗਿਆ ਹੈ। ਸਤਿਗੁਰੂ ਦੀ ਬਾਣੀ ਪ੍ਰਮਾਣ ਕਰਦੀ ਹੈ ਕਿ:-

ਗਰੀਬ, ਜੈਸੇ ਮਾਤਾ ਗਰਭ ਕੋ, ਰਾਖੇ ਜਤਨ ਬਨਾਯ।
ਠੇਸ ਲਗੇ ਤੋ ਸ਼ੀਣ ਹੋਵੇ, ਤੇਰੀ ਐਸੇ ਭਗਤੀ ਜਾਯ॥

ਉਸ ਦਿਨ ਤੋਂ ਬਾਅਦ ਨਲ ਅਤੇ ਨੀਲ ਦੀ ਉਹ ਸ਼ਕਤੀ ਸਮਾਪਤ ਹੋ ਗਈ। ਸ਼੍ਰੀ ਰਾਮਚੰਦਰ ਜੀ ਨੇ ਪਰਮੇਸ਼ਵਰ ਮੁਨਿੰਦਰ ਸਾਹਿਬ ਜੀ ਨੂੰ ਕਿਹਾ ਕਿ ਹੇ ਰਿਸ਼ੀਵਰ! ਮੇਰੇ ਉੱਤੇ ਬਹੁਤ ਮੁਸੀਬਤ ਆਈ ਹੋਈ ਹੈ। ਦਯਾ ਕਰੋ ਕਿਸੇ ਪ੍ਰਕਾਰ ਸੈਨਾ ਪਰਲੇ ਪਾਰ ਹੋ ਜਾਵੇ। ਜਦ ਤੁਸੀਂ ਆਪਣੇ ਸੇਵਕਾਂ ਨੂੰ ਸ਼ਕਤੀ ਦੇ ਸਕਦੇ ਹੋ ਤਾਂ ਪ੍ਰਭੂ! ਮੇਰੇ ਉੱਪਰ ਵੀ ਕੁਝ ਰਜ਼ਾ ਕਰੋ। ਮੁਨਿੰਦਰ ਸਾਹਿਬ ਜੀ ਨੇ ਕਿਹਾ ਕਿ ਇਹ ਜੋ ਸਾਹਮਣੇ ਵਾਲਾ ਪਹਾੜ ਹੈ, ਮੈਂ ਉਸਦੇ ਚਾਰੇ ਪਾਸੇ ਇੱਕ ਰੇਖਾ ਖਿੱਚ ਦਿੱਤੀ ਹੈ। ਇਸਦੇ ਵਿੱਚ-ਵਿੱਚ ਦੇ ਪੱਥਰ ਚੁੱਕ ਲਿਆਓ, ਉਹ ਨਹੀਂ ਡੁੱਬਣਗੇ। ਸ਼੍ਰੀ ਰਾਮ ਨੇ ਪ੍ਰੀਖਣ ਦੇ ਲਈ ਪੱਥਰ ਮੰਗਵਾਇਆ। ਉਸਨੂੰ ਪਾਣੀ ਵਿੱਚ ਰੱਖਿਆ ਤਾਂ ਉਹ ਤੈਰਨ ਲੱਗਿਆ। ਨਲ ਅਤੇ ਨੀਲ ਕਾਰੀਗਰ (ਸ਼ਿਲਪਕਾਰ) ਵੀ ਸਨ। ਹਨੂੰਮਾਨ ਜੀ ਰੋਜ਼ਾਨਾ ਭਗਵਾਨ ਨੂੰ ਯਾਦ ਕਰਿਆ ਕਰਦੇ ਸਨ। ਉਸਨੇ ਆਪਣੀ ਦੈਨਿਕ ਕਿਰਿਆ ਵੀ ਕਰਦੇ ਰਹਿਣ ਲਈ ਰਾਮ ਰਾਮ ਵੀ ਲਿਖਦਾ ਰਿਹਾ ਅਤੇ ਪਹਾੜ ਦੇ ਪਹਾੜ ਚੁੱਕ ਕੇ ਲੈ ਆਉਂਦਾ ਸੀ। ਨਲ ਨੀਲ ਉਨ੍ਹਾਂ ਨੂੰ ਜੋੜ-ਤੋੜ ਕੇ ਪੁ਼ਲ ਵਿੱਚ ਲਗਾ ਦਿੰਦੇ ਸੀ। ਇਸ ਤਰ੍ਹਾਂ ਪੁ਼ਲ ਬਣਿਆ ਸੀ।

ਧਰਮਦਾਸ ਜੀ ਕਹਿੰਦੇ ਹਨ :-

ਰਹੇ ਨਲ ਨੀਲ ਜਤਨ ਕਰ ਹਾਰ, ਤਬ ਸਤਿਗੁਰੂ ਸੇ ਕਰੀ ਪੁਕਾਰ।
ਜਾ ਸਤ ਰੇਖਾ ਲਿਖੀ ਅਪਾਰ, ਸਿੰਧੂ ਪਰ ਸ਼ਿਲਾ ਤਿਰਾਨੇ ਵਾਲੇ।
ਧੰਨ-ਧੰਨ ਸਤਿਗੁਰੂ ਸਤ ਕਬੀਰ, ਭਕਤ ਕੀ ਪੀਰ ਮਿਟਾਨੇ ਵਾਲੇ।

ਕੋਈ ਕਹਿੰਦਾ ਸੀ ਕਿ ਹਨੂੰਮਾਨ ਜੀ ਨੇ ਪੱਥਰ ਉੱਤੇ ਰਾਮ ਦਾ ਨਾਮ ਲਿਖ ਦਿੱਤਾ ਸੀ ਇਸਲਈ ਪੱਥਰ ਤੈਰ ਗਏ। ਕੋਈ ਕਹਿੰਦਾ ਸੀ ਕਿ ਨਲ-ਨੀਲ ਨੇ ਪੁ਼ਲ ਬਣਾਇਆ ਸੀ। ਕੋਈ ਕਹਿੰਦਾ ਸੀ ਕਿ ਸ਼੍ਰੀ ਰਾਮ ਨੇ ਪੁ਼ਲ ਬਣਾਇਆ ਸੀ। ਪ੍ਰੰਤੂ ਇਹ ਸਤ ਕਥਾ ਇਸ ਤਰ੍ਹਾਂ ਹੈ, ਜੋ ਉੱਪਰ ਲਿਖੀ ਹੈ।

## (ਸਤ ਕਬੀਰ ਦੀ ਸਾਖੀ-ਪੰਨਾ 179 ਤੋਂ 182 ਤੱਕ)

## -:ਪੀਵ ਪਿਛਾਨ ਕੋ ਅੰਗ:-

ਕਬੀਰ - ਤੀਨ ਦੇਵ ਕੋ ਸਭ ਕੋਈ ਧਯਾਵੇ, ਚੌਥੇ ਦੇਵ ਕਾ ਮਰਮ ਨਾ ਪਾਵੇ।
ਚੌਥਾ ਛਾਡ ਪੰਚਮ ਕੋ ਧਯਾਵੇ, ਕਹੇ ਕਬੀਰ ਸੋ ਹਮ ਪਰ ਆਵੇ॥3॥

ਕਬੀਰ- ਓਂਕਾਰ ਨਿਸ਼ਚਯ ਭਯਾ, ਯਹ ਕਰਤਾ ਮਤ ਜਾਨ।
ਸਾਚਾ ਸ਼ਬਦ ਕਬੀਰ ਕਾ, ਪਰਦੇ ਮਾਂਹੀ ਪਹਚਾਨ॥5॥

ਕਬੀਰ- ਰਾਮ ਕ੍ਰਿਸ਼ਨ ਅਵਤਾਰ ਹੈ, ਇਨਕਾ ਨਾਹੀਂ ਸੰਸਾਰ।
ਜਿਨ ਸਾਹਿਬ ਸੰਸਾਰ ਕੀਯਾ, ਸੋ ਕਿਨਹੂੰ ਨਾ ਜਨ੍ਮਯਾ ਨਾਰ ॥17॥

ਕਬੀਰ- ਚਾਰ ਭੁਜਾ ਕੇ ਭਜਨ ਮੇਂ, ਭੂਲਿ ਪਰੇ ਸਬ ਸੰਤ।
ਕਬੀਰਾ ਸੁਮਿਰੋ ਤਾਸੁ ਕੋ, ਜਾਕੇ ਭੁਜਾ ਅਨੰਤ॥23॥

ਕਬੀਰ- ਸਮੁੰਦਰ ਪਾਟ ਲੰਕਾ ਗਏ, ਸੀਤਾ ਕੋ ਭਰਤਾਰ।
ਤਾਹਿ ਅਗਸਤ ਮੁਨਿ ਪੀਯ ਗਯੋ, ਇਨਮੇਂ ਕੋ ਕਰਤਾਰ॥26॥

ਕਬੀਰ- ਗਿਰਵਰ ਧਾਰਯੋ ਕ੍ਰਿਸ਼ਨ ਜੀ, ਦ੍ਰੋਣਾਗਿਰਿ ਹਨੁੰਮੰਤ।
ਸ਼ੇਸ਼ ਨਾਗ ਸਭ ਸ੍ਰਿਸ਼ਟੀ ਸਹਾਰੀ, ਇਨਮੇਂ ਕੋ ਭਗਵੰਤ॥27॥

ਕਬੀਰ- ਕਾਟੇ ਬੰਧਨ ਵਿਪਤਿ ਮੈਂ, ਕਠਿਨ ਕੀਯਾ ਸੰਗ੍ਰਾਮ॥
ਚੀਂਨਹੋਂ ਰੇ ਨਰ ਪ੍ਰਾਣੀਯਾਂ, ਗਰੁੜ ਬੜੋ ਕੀ ਰਾਮ॥28॥

ਕਬੀਰ- ਕਹੁ ਕਬੀਰ ਚਿਤ ਚੇਤਹੂੰ, ਸ਼ਬਦ ਕਰੋ ਨਿਰੁਵਾਰ॥
ਸ਼੍ਰੀ ਰਾਮਹਿ ਕਰਤਾ ਕਹਤ ਹੈਂ, ਭੂਲ ਪਰਯੋ ਸੰਸਾਰ॥29॥

ਕਬੀਰ- ਜਿਨ ਰਾਮ ਕ੍ਰਿਸ਼ਨ ਵ ਨਿੰਰਜਨ ਕੀਯੋ, ਸੋ ਤੋ ਕਰਤਾ ਨਯਾਰ।
ਅੰਧਾ ਗਿਆਨ ਨਾ ਬੁਝਈ, ਕਹੈ ਕਬੀਰ ਵਿਚਾਰ॥30॥

## ਕਬੀਰ ਸਾਹਿਬ ਦੁਆਰਾ ਵਿਭੀਸ਼ਣ ਅਤੇ ਮੰਦੋਦਰੀ ਨੂੰ ਸ਼ਰਣ ਵਿੱਚ ਲੈਣਾ

**ਪਰਮੇਸ਼ਵਰ ਮੁਨਿੰਦਰ ਜੀ ਅਨਲ ਅਰਥਾਤ ਨਲ ਅਤੇ ਅਨੀਲ ਅਰਥਾਤ ਨੀਲ ਨੂੰ ਸ਼ਰਣ ਵਿੱਚ ਲੈਣ ਤੋਂ ਬਾਅਦ ਸ਼੍ਰੀ ਲੰਕਾ ਵਿੱਚ ਗਏ। ਉੱਥੇ ਇੱਕ ਪਰਮ ਭਗਤ ਚੰਦਰਵਿਜੈ ਜੀ ਦਾ ਸੋਲ੍ਹਾਂ ਮੈਂਬਰਾਂ ਦਾ ਪਰਿਵਾਰ ਰਹਿੰਦਾ ਸੀ। ਉਹ ਭਾਟ ਜਾਤੀ ਵਿੱਚ ਪੈਦਾ ਪੁੰਨ ਕਰਮੀ ਪ੍ਰਾਣੀ ਸਨ। ਪਰਮੇਸ਼ਵਰ ਮੁਨਿੰਦਰ (ਕਵਿਰਦੇਵ) ਜੀ ਦਾ ਉਪਦੇਸ਼ ਸੁਣ ਕੇ ਪੂਰੇ ਪਰਿਵਾਰ ਨੇ ਨਾਮ ਦਾਨ ਪ੍ਰਾਪਤ ਕੀਤਾ। ਪਰਮ ਭਗਤ ਚੰਦਰਵਿਜੈ ਜੀ ਦੀ ਪਤਨੀ ਭਗਤਮਤੀ ਕਰਮਵਤੀ ਲੰਕਾ ਦੇ ਰਾਜਾ ਰਾਵਣ ਦੀ ਰਾਣੀ ਮੰਦੋਦਰੀ ਦੇ ਕੋਲ ਨੌਕਰੀ (ਸੇਵਾ) ਕਰਦੀ ਸੀ। ਰਾਣੀ ਮੰਦੋਦਰੀ ਨੂੰ ਹਾਸਾ-ਮਜ਼ਾਕ ਚੰਗੇ-ਮੰਦੇ ਚੁਟਕਲੇ ਸੁਣਾ ਕੇ ਉਸਦਾ ਮੰਨੋਰੰਜਨ ਕਰਦੀ ਸੀ। ਭਗਤ ਚੰਦਰਵਿਜੈ, ਰਾਜਾ ਰਾਵਣ ਦੇ ਕੋਲ ਦਰਬਾਰ ਵਿੱਚ ਨੌਕਰੀ (ਸੇਵਾ) ਕਰਦਾ ਸੀ। ਰਾਜੇ ਦੀ ਵਡਿਆਈ ਦੇ ਗਾਣੇ ਸੁਣਾ ਕੇ ਪ੍ਰਸੰਨ ਕਰਦਾ ਸੀ। ਭਗਤ ਚੰਦਰਵਿਜੈ ਦੀ ਪਤਨੀ ਭਗਤਮਤੀ ਕਰਮਵਤੀ ਪਰਮੇਸ਼ਵਰ ਤੋਂ ਉਪਦੇਸ਼ ਪ੍ਰਾਪਤ ਕਰਨ ਤੋਂ ਉਪਰੰਤ ਰਾਣੀ ਮੰਦੋਦਰੀ ਨੂੰ ਪ੍ਰਭੂ ਚਰਚਾ ਜੋ ਸ੍ਰਿਸ਼ਟੀ ਰਚਨਾ ਆਪਣੇ ਸਤਿਗੁਰੂਦੇਵ ਮੁਨਿੰਦਰ ਜੀ ਤੋਂ ਸੁਣੀ ਸੀ, ਉਹੀ ਚਰਚਾ ਹਰ ਰੋਜ਼ ਸੁਣਾਉਣ ਲੱਗੀ।**

ਭਗਤਮਤੀ ਮੰਦੋਦਰੀ ਰਾਣੀ ਨੂੰ ਬਹੁਤ ਆਨੰਦ ਆਉਣ ਲੱਗਾ। ਕਈ-ਕਈ ਘੰਟਿਆਂ ਤੱਕ ਪ੍ਰਭੂ ਦੀ ਸਤ ਕਥਾ ਨੂੰ ਭਗਤਮਤੀ ਕਰਮਵਤੀ ਸੁਣਾਉਂਦੀ ਰਹਿੰਦੀ ਅਤੇ ਮੰਦੋਦਰੀ ਦੀਆਂ ਅੱਖਾਂ ਵਿੱਚੋਂ ਹੰਝੂ ਵਹਿੰਦੇ ਰਹਿੰਦੇ। ਇੱਕ ਦਿਨ ਰਾਣੀ ਮੰਦੋਦਰੀ ਨੇ ਕਰਮਵਤੀ ਤੋਂ ਪੁੱਛਿਆ ਕਿ ਤੂੰ ਇਹ ਗਿਆਨ ਕਿਸ ਤੋਂ ਸੁਣਿਆ? ਤੂੰ ਤਾਂ ਬਹੁਤ ਊਲ -ਜਲੂਲ ਗੱਲਾਂ ਕਰਿਆ ਕਰਦੀ ਸੀ। ਇੰਨਾ ਬਦਲਾਅ ਪਰਮਾਤਮਾ ਤੁਲ ਸੰਤ ਬਿਨਾਂ ਨਹੀਂ ਹੋ ਸਕਦਾ। ਤਦ ਕਰਮਵਤੀ ਨੇ ਦੱਸਿਆ ਕਿ ਅਸੀਂ ਇੱਕ ਪਰਮ ਸੰਤ ਤੋਂ ਹੁਣੇ-ਹੁਣੇ ਨਾਮ ਲਿਆ ਹੈ। ਰਾਣੀ ਮੰਦੋਦਰੀ ਨੇ ਸੰਤ ਦੇ ਦਰਸ਼ਨ ਦੀ ਇੱਛਾ ਜ਼ਾਹਰ ਕਰਦੇ ਹੋਏ ਕਿਹਾ, ਤੁਹਾਡੇ ਗੁਰੂ ਹੁਣ ਦੀ ਵਾਰ ਆਉਣ ਤਾਂ ਉਨ੍ਹਾਂ ਨੂੰ ਸਾਡੇ ਘਰ ਬੁਲਾ ਕੇ ਲਿਆਉਣਾ। ਆਪਣੀ ਮਾਲਕਣ ਦਾ ਹੁਕਮ ਪ੍ਰਾਪਤ ਕਰਕੇ ਸਿਰ ਨਿਵਾ ਕੇ ਸਤਿਕਾਰ ਨਾਲ ਕਿਹਾ ਕਿ ਜੋ ਆਪਦੀ ਆਗਿਆ, ਤੁਹਾਡੀ ਨੌਕਰਾਨੀ ਉਹੀ ਕਰੇਗੀ। ਮੇਰੀ ਇੱਕ ਬੇਨਤੀ ਹੈ, ਕਹਿੰਦੇ ਹਨ ਕਿ ਸੰਤ ਨੂੰ ਆਦੇਸ਼ ਦੇ ਕੇ ਨਹੀਂ ਬੁਲਾਉਣਾ ਚਾਹੀਦਾ। ਖ਼ੁਦ ਜਾ ਕੇ ਦਰਸ਼ਨ ਕਰਨਾ ਉੱਤਮ ਹੁੰਦਾ ਹੈ ਅਤੇ ਜਿਵੇਂ ਆਪਦੀ ਆਗਿਆ ਉਵੇਂ ਹੀ ਹੋਵੇਗਾ। ਮਹਾਂਰਾਣੀ ਮੰਦੋਦਰੀ ਨੇ ਕਿਹਾ ਕਿ ਹੁਣ ਇਸ ਵਾਰ ਤੁਹਾਡੇ ਗੁਰੂਦੇਵ ਜੀ ਆਉਣ ਤਾਂ ਮੈਨੂੰ ਦੱਸਣਾ ਮੈਂ ਖ਼ੁਦ ਦਰਸ਼ਨ ਕਰਾਂਗੀ। ਪਰਮੇਸ਼ਵਰ ਨੇ ਫਿਰ ਸ਼੍ਰੀਲੰਕਾ ਵਿੱਚ ਕਿਰਪਾ ਕੀਤੀ। ਮੰਦੋਦਰੀ ਰਾਣੀ ਨੇ ਨਾਮ ਉਪਦੇਸ਼ ਪ੍ਰਾਪਤ ਕੀਤਾ । ਕੁਝ ਸਮੇਂ ਬਾਅਦ ਆਪਣੇ ਪਿਆਰੇ ਦਿਓਰ ਭਗਤ ਵਿਭੀਸ਼ਣ ਜੀ ਨੂੰ ਨਾਮ ਉਪਦੇਸ਼ ਦਵਾਇਆ। ਭਗਤਮਤੀ ਮੰਦੋਦਰੀ ਨਾਮ ਉਪਦੇਸ਼ ਪ੍ਰਾਪਤ ਕਰਕੇ ਦਿਨ ਰਾਤ ਪ੍ਰਭੂ ਸਿਮਰਨ ਵਿੱਚ ਲੀਨ ਰਹਿਣ ਲੱਗੀ। ਆਪਣੇ ਪਤੀ ਰਾਵਣ ਨੂੰ ਵੀ ਸਤਿਗੁਰੂ ਮੁਨਿੰਦਰ ਜੀ ਤੋਂ ਉਪਦੇਸ਼ ਪ੍ਰਾਪਤ ਕਰਨ ਦੀ ਪ੍ਰਾਰਥਨਾ ਕੀਤੀ ਪ੍ਰੰਤੂ ਰਾਵਣ ਨਹੀਂ ਮੰਨਿਆ ਅਤੇ ਕਿਹਾ ਕਰਦਾ ਸੀ ਕਿ ਮੈਂ ਪਰਮ ਸ਼ਕਤੀ ਮਹੇਸ਼ਵਰ ਮ੍ਰਤਯੁੰਜਯ ਸ਼ਿਵਜੀ ਦੀ ਭਗਤੀ ਕੀਤੀ ਹੈ। ਇਸਦੇ ਬਰਾਬਰ ਕੋਈ ਸ਼ਕਤੀ ਨਹੀਂ ਹੈ। ਤੈਨੂੰ ਕਿਸੇ ਨੇ ਭਰਮਾ ਲਿਆ ਹੈ।

ਕੁਝ ਹੀ ਸਮੇਂ ਉਪਰੰਤ ਬਣਵਾਸ ਪ੍ਰਾਪਤ ਸ਼੍ਰੀ ਸੀਤਾ ਜੀ ਨੂੰ ਅਗਵਾ ਕਰਕੇ ਰਾਵਣ ਨੇ ਆਪਣੇ ਨੌਂ ਲੱਖਾ ਬਾਗ ਵਿੱਚ ਕੈਦ ਕਰ ਲਿਆ। ਭਗਤਮਤੀ ਮੰਦੋਦਰੀ ਦੇ ਵਾਰ-ਵਾਰ ਪ੍ਰਾਰਥਨਾ ਕਰਨ ਉੱਤੇ ਵੀ ਰਾਵਣ ਨੇ ਮਾਤਾ ਸੀਤਾ ਜੀ ਨੂੰ ਵਾਪਸ ਛੱਡ ਕੇ ਆਉਣਾ ਸਵੀਕਾਰ ਨਹੀਂ ਕੀਤਾ। ਤਦ ਭਗਤਮਤੀ ਮੰਦੋਦਰੀ ਜੀ ਨੇ ਆਪਣੇ ਗੁਰੂ ਦੇਵ ਮੁਨਿੰਦਰ ਜੀ ਨੂੰ ਕਿਹਾ ਮਹਾਰਾਜ ਜੀ, ਮੇਰੇ ਪਤੀ ਨੇ ਕਿਸੇ ਦੀ ਔਰਤ ਨੂੰ ਅਗਵਾ ਕਰ ਲਿਆ ਹੈ। ਮੇਰੇ ਤੋਂ ਸਹਿਣ ਨਹੀਂ ਹੋ ਰਿਹਾ ਹੈ। ਉਹ ਉਸਨੂੰ ਵਾਪਸ ਛੱਡ ਕੇ ਆਉਣਾ ਕਿਸੇ ਕੀਮਤ ਉੱਤੇ ਸਵੀਕਾਰ ਨਹੀਂ ਕਰ ਰਿਹਾ ਹੈ। ਆਪ ਦਯਾ ਕਰੋ ਮੇਰੇ ਪ੍ਰਭੂ। ਅੱਜ ਤੱਕ ਜੀਵਨ ਵਿੱਚ ਮੈਂ ਅਜਿਹਾ ਦੁੱਖ ਨਹੀਂ ਦੇਖਿਆ ਸੀ।

ਪਰਮੇਸ਼ਵਰ ਮੁਨਿੰਦਰ ਜੀ ਨੇ ਕਿਹਾ ਕਿ ਬੇਟੀ ਮੰਦੋਦਰੀ ਇਹ ਔਰਤ ਕੋਈ ਆਮ ਇਸਤਰੀ ਨਹੀਂ ਹੈ। ਸ਼੍ਰੀ ਵਿਸ਼ਨੂੰ ਜੀ ਨੂੰ ਸਰਾਪ ਕਾਰਣ ਧਰਤੀ ਉੱਤੇ ਆਉਣਾ ਪਿਆ ਹੈ, ਉਹ ਅਯੋਧਿਆ ਦੇ ਰਾਜਾ ਦਸ਼ਰਥ ਦੇ ਪੁੱਤਰ ਰਾਮਚੰਦਰ ਨਾਮ ਤੋਂ ਜੰਮੇ ਹਨ। ਇਨ੍ਹਾਂ ਨੂੰ 14 ਸਾਲ ਦਾ ਬਣਵਾਸ ਪ੍ਰਾਪਤ ਹੈ ਅਤੇ ਲੱਕਸ਼ਮੀ ਜੀ ਖ਼ੁਦ ਸੀਤਾ ਰੂਪ ਬਣਾਕੇ ਇਹਨਾਂ ਦੀ ਪਤਨੀ ਰੂਪ ਵਿੱਚ ਬਣਵਾਸ ਵਿੱਚ ਸ਼੍ਰੀ ਰਾਮ ਜੀ ਦੇ ਨਾਲ ਸਨ । ਉਸਨੂੰ ਰਾਵਣ ਇੱਕ ਸਾਧੂ ਭੇਸ ਬਣਾਕੇ ਧੋਖਾ ਦੇ ਕੇ ਚੁੱਕ ਲਿਆਇਆ ਹੈ। ਉਹ ਖ਼ੁਦ ਲੱਕਸ਼ਮੀ ਹੀ ਸੀਤਾ ਜੀ ਹਨ। ਇਸਨੂੰ ਜਲਦੀ ਵਾਪਸ ਕਰਕੇ ਮਾਫ਼ੀ ਮੰਗ ਕੇ, ਰਾਵਣ ਆਪਣੇ ਜੀਵਨ ਦੀ ਭੀਖ ਮੰਗ ਲੈਣ ਤਾਂ ਇਸ ਵਿੱਚ ਹੀ ਇਸਦਾ ਭਲਾ ਹੈ।

ਭਗਤਮਤੀ ਮੰਦੋਦਰੀ ਦੇ ਅਨੇਕਾਂ ਵਾਰ ਪ੍ਰਾਰਥਨਾ ਕਰਨ ਨਾਲ ਰਾਵਣ ਨਹੀਂ ਮੰਨਿਆ ਅਤੇ ਕਿਹਾ ਕਿ ਉਹ ਦੋ ਮਸਖਰੇ ਜੰਗਲ ਵਿੱਚ ਘੁੰਮਣ ਵਾਲੇ ਮੇਰਾ ਕੀ ਵਿਗਾੜ ਸਕਦੇ ਹਨ। ਮੇਰੇ ਕੋਲ਼ ਅਣਗਿਣਤ ਸੈਨਾ ਹੈ। ਮੇਰੇ ਇੱਕ ਲੱਖ ਪੁੱਤਰ ਅਤੇ ਸਵਾ ਲੱਖ ਨਾਤੀ ਹਨ। ਮੇਰੇ ਪੁੱਤਰ ਮੇਘਨਾਥ ਨੇ ਸਵਰਗ ਦੇ ਰਾਜਾ ਇੰਦਰ ਨੂੰ ਹਰਾ ਕੇ ਉਸਦੀ ਪੁੱਤਰੀ ਨਾਲ ਵਿਆਹ ਕੀਤਾ ਹੋਇਆ ਹੈ। ਤੇਤੀ ਕਰੋੜ ਦੇਵਤਿਆਂ ਨੂੰ ਅਸੀਂ ਕੈਦ ਕੀਤਾ ਹੋਇਆ ਹੈ। ਤੂੰ ਮੈਨੂੰ ਉਨ੍ਹਾਂ ਦੋ ਬੇਸਹਾਰਾ ਬਣ ਵਿੱਚ ਘੁੰਮ ਰਹੇ ਬਣਵਾਸੀਆਂ ਨੂੰ ਭਗਵਾਨ ਦੱਸ ਕੇ ਡਰਾਉਣਾ ਚਾਹੁੰਦੀ ਹੈਂ। ਇਸ ਇਸਤਰੀ ਨੂੰ ਵਾਪਸ ਨਹੀਂ ਕਰਾਂਗਾ। ਮੰਦੋਦਰੀ ਨੇ ਭਗਤੀ ਮਾਰਗ ਦਾ ਗਿਆਨ ਜੋ ਆਪਣੇ ਪੂਜਯ ਗੁਰੂਦੇਵ ਤੋਂ ਸੁਣਿਆ ਸੀ, ਰਾਵਣ ਨੂੰ ਬਹੁਤ ਸਮਝਾਇਆ। ਵਿਭੀਸ਼ਣ ਨੇ ਵੀ ਆਪਣੇ ਵੱਡੇ ਭਰਾ ਨੂੰ ਸਮਝਾਇਆ। ਰਾਵਣ ਨੇ ਆਪਣੇ ਭਾਈ ਵਿਭੀਸ਼ਣ ਨੂੰ ਕੁੱਟਿਆ ਅਤੇ ਕਿਹਾ ਤੂੰ ਸ਼੍ਰੀ ਰਾਮਚੰਦਰ ਦਾ ਜ਼ਿਆਦਾ ਪੱਖ ਪੂਰ ਰਿਹਾ ਹੈਂ, ਉਸੇ ਕੋਲ਼ ਚਲਾ ਜਾ।

ਇੱਕ ਦਿਨ ਭਗਤਮਤੀ ਮੰਦੋਦਰੀ ਨੇ ਆਪਣੇ ਪੂਜਯ ਗੁਰੂਦਵ ਨੂੰ ਪ੍ਰਾਰਥਨਾ ਕੀਤੀ ਕਿ ਹੇ ਗੁਰੂਦੇਵ ਮੇਰਾ ਸੁਹਾਗ ਉਜੜ ਰਿਹਾ ਹੈ। ਇੱਕ ਵਾਰ ਤੁਸੀਂ ਵੀ ਮੇਰੇ ਪਤੀ ਨੂੰ ਸਮਝਾ ਦਿਓ। ਜੇ ਉਹ ਤੁਹਾਡੀ ਗੱਲ ਨਹੀਂ ਮੰਨੇਗਾ ਤਾਂ ਮੈਨੂੰ ਵਿਧਵਾ ਹੋਣ ਦਾ ਦੁੱਖ ਨਹੀਂ ਹੋਵੇਗਾ।

ਆਪਣੀ ਵਚਨ ਦੀ ਬੇਟੀ ਮੰਦੋਦਰੀ ਦੀ ਪ੍ਰਾਰਥਨਾ ਸਵੀਕਾਰ ਕਰਕੇ ਰਾਜਾ ਰਾਵਣ ਦੇ ਦਰਬਾਰ ਦੇ ਸਾਹਮਣੇ ਖੜ੍ਹੇ ਹੋ ਕੇ ਦਰਬਾਨਾਂ ਨੂੰ ਰਾਜਾ ਰਾਵਣ ਨੂੰ ਮਿਲਣ ਦੀ ਪ੍ਰਾਰਥਨਾ ਕੀਤੀ। ਦਰਬਾਨਾਂ ਨੇ ਕਿਹਾ ਕਿ ਰਿਸ਼ੀ ਜੀ ਇਸ ਸਮੇਂ ਸਾਡੇ ਰਾਜਾ ਜੀ ਨੇ ਆਪਣਾ ਦਰਬਾਰ ਲਗਾਇਆ ਹੋਇਆ ਹੈ। ਇਸ ਸਮੇਂ ਅੰਦਰ ਦਾ ਸੰਦੇਸ਼ ਬਾਹਰ ਆ ਸਕਦਾ ਹੈ, ਬਾਹਰ ਵਾਲਾ ਸੰਦੇਸ਼ ਅੰਦਰ ਨਹੀਂ ਜਾ ਸਕਦਾ। ਅਸੀਂ ਬੇਵੱਸ ਹਾਂ। ਫਿਰ ਪੂਰਣ ਪ੍ਰਭੂ ਅੰਤਰਧਿਆਨ ਹੋਏ ਅਤੇ ਰਾਜਾ ਰਾਵਣ ਦੇ ਦਰਬਾਰ ਵਿੱਚ ਪ੍ਰਗਟ ਹੋ ਗਏ। ਰਾਵਣ ਦੀ ਦ੍ਰਿਸ਼ਟੀ ਰਿਸ਼ੀ ਉੱਤੇ ਗਈ ਤਾਂ ਗਰਜ ਕੇ ਪੁੱਛਿਆ ਕਿ ਇਸ ਰਿਸ਼ੀ ਨੂੰ ਮੇਰੀ ਆਗਿਆ ਤੋਂ ਬਿਨਾਂ ਕਿਸਨੇ ਅੰਦਰ ਆਉਣ ਦਿੱਤਾ ਹੈ ਉਹਨਾਂ ਦਰਬਾਨਾਂ ਨੂੰ ਮੇਰੇ ਸਾਹਮਣੇ ਲਿਆ ਕੇ ਕਤਲ ਕਰ ਦਿਓ। ਤਦ ਪਰਮੇਸ਼ਵਰ ਨੇ ਕਿਹਾ ਰਾਜਨ ਆਪ ਦੇ ਦਰਬਾਨਾਂ ਨੇ ਸਪੱਸ਼ਟ ਮਨ੍ਹਾ ਕੀਤਾ ਸੀ। ਉਨ੍ਹਾਂ ਨੂੰ ਪਤਾ ਨਹੀਂ ਮੈਂ ਕਿਵੇਂ ਅੰਦਰ ਆ ਗਿਆ। ਰਾਵਣ ਨੇ ਪੁੱਛਿਆ ਤੂੰ ਅੰਦਰ ਕਿਵੇਂ ਆਇਆ?

ਤਦ ਪੂਰਣ ਪ੍ਰਭੂ ਮੁਨਿੰਦਰ ਭੇਸ ਵਿੱਚ ਗਾਇਬ ਹੋ ਕੇ ਦੁਬਾਰਾ ਪ੍ਰਗਟ ਹੋ ਗਏ ਅਤੇ ਕਿਹਾ ਕਿ ਮੈਂ ਇਸ ਤਰ੍ਹਾਂ ਆ ਗਿਆ। ਰਾਵਣ ਨੇ ਪੁੱਛਿਆ ਕਿ ਆਉਣ ਦਾ ਕਾਰਣ ਦੱਸੋ। ਤਦ ਪ੍ਰਭੂ ਨੇ ਕਿਹਾ ਤੁਸੀਂ ਯੋਧਾ ਹੋ ਕੇ ਇੱਕ ਅਬਲਾ ਨੂੰ ਅਗਵਾ ਕਰ ਲਿਆਏ ਹੋ। ਇਹ ਤੁਹਾਡੀ ਸ਼ਾਨ ਤੇ ਸੂਰਵੀਰਤਾ ਦੇ ਉਲਟ ਹੈ। ਸੀਤਾ ਕੋਈ ਆਮ ਔਰਤ ਨਹੀਂ ਹੈ ਉਹ ਖ਼ੁਦ ਲਕਸ਼ਮੀ ਜੀ ਦਾ ਅਵਤਾਰ ਹੈ। ਸ਼੍ਰੀ ਰਾਮਚੰਦਰ ਜੀ ਜੋ ਇਸਦੇ ਪਤੀ ਹਨ ਉਹ ਖ਼ੁਦ ਵਿਸ਼ਨੂੰ ਹਨ। ਇਸਨੂੰ ਵਾਪਸ ਕਰਕੇ ਆਪਣੇ ਜੀਵਨ ਦੀ ਭੀਖ ਮੰਗੋ। ਇਸੇ ਵਿੱਚ ਤੁਹਾਡਾ ਭਲਾ ਹੈ। ਇੰਨਾ ਸੁਣ ਕੇ ਤਮੋਗੁਣ (ਭਗਵਾਨ ਸ਼ਿਵ) ਦਾ ਉਪਾਸਕ ਰਾਵਣ ਗੁੱਸੇ ਨਾਲ ਲਾਲ ਹੋ ਕੇ ਨੰਗੀ ਤਲਵਾਰ ਲੈ ਕੇ ਸਿੰਘਾਸਣ ਤੋਂ ਦਹਾੜਦਾ ਹੋਇਆ ਕੁੱਦਿਆ ਅਤੇ ਉਸ ਨਾਦਾਨ ਪ੍ਰਾਣੀ ਨੇ ਤਲਵਾਰ ਦੇ ਅੰਨੀਵਾਹ 70 ਵਾਰ ਰਿਸ਼ੀ ਜੀ ਨੂੰ ਮਾਰਨ ਦੇ ਲਈ ਕੀਤੇ। ਪਰਮੇਸ਼ਵਰ ਮੁਨਿੰਦਰ ਜੀ ਨੇ ਇੱਕ ਝਾੜੂ ਦੀ ਸੀਂਖ ਹੱਥ ਵਿੱਚ ਫੜ੍ਹੀ ਹੋਈ ਸੀ। ਉਸਨੂੰ ਢਾਲ ਦੀ ਤਰ੍ਹਾਂ ਅੱਗੇ ਕਰ ਦਿੱਤਾ। ਰਾਵਣ ਦੇ 70 ਵਾਰ ਉਸ

ਨਾਜ਼ੁਕ ਸੀਂਖ ਉੱਤੇ ਲੱਗੇ। ਇਸ ਤਰ੍ਹਾਂ ਆਵਾਜ ਹੋਈ ਜਿਵੇਂ ਲੋਹੇ ਦੇ ਖੰਭੇ (ਪਿੱਲਰ) ਉੱਤੇ ਤਲਵਾਰ ਲੱਗ ਰਹੀ ਹੋਵੇ। ਸੀਂਖ ਟੱਸ ਤੋਂ ਮੱਸ ਨਹੀਂ ਹੋਈ। ਰਾਵਣ ਨੂੰ ਪਸੀਨੇ ਆ ਗਏ। ਫਿਰ ਵੀ ਉਹ ਹੰਕਾਰਵੱਸ ਨਹੀਂ ਮੰਨਿਆ। ਇਹ ਤਾਂ ਜਾਣ ਲਿਆ ਕਿ ਇਹ ਕੋਈ ਆਮ ਰਿਸ਼ੀ ਨਹੀਂ ਹੈ। ਰਾਵਣ ਨੇ ਹੰਕਾਰਵੱਸ ਕਿਹਾ ਕਿ ਮੈਂ ਤੁਹਾਡੀ ਇੱਕ ਵੀ ਗੱਲ ਨਹੀਂ ਸੁਣਨੀ, ਤੁਸੀਂ ਜਾ ਸਕਦੇ ਹੋ। ਪਰਮੇਸ਼ਵਰ ਅੰਤਰਧਿਆਨ ਹੋ ਗਏ ਅਤੇ ਮੰਦੋਦਰੀ ਨੂੰ ਸਾਰੀ ਕਹਾਣੀ ਸੁਣਾ ਕੇ ,ਰਵਾਨਾ ਹੋਏ। ਰਾਣੀ ਮੰਦੋਦਰੀ ਨੇ ਕਿਹਾ ਗੁਰੂ-ਦੇਵ ਹੁਣ ਮੈਨੂੰ ਵਿਧਵਾ ਹੋਣ ਦਾ ਕੋਈ ਕਸ਼ਟ ਨਹੀਂ ਹੋਵੇਗਾ।

ਸ੍ਰੀ ਰਾਮਚੰਦਰ ਤੇ ਰਾਵਣ ਦਾ ਯੁੱਧ ਹੋਇਆ। ਰਾਵਣ ਵਧ ਹੋਇਆ । ਜਿਸ ਲੰਕਾ ਦੇ ਰਾਜ ਨੂੰ ਰਾਵਣ ਨੇ ਤਮੋਗੁਣ ਭਗਵਾਨ ਸ਼ਿਵ ਦੀ ਕਠਿਨ ਸਾਧਨਾ ਕਰਕੇ, ਦਸ ਵਾਰ ਸੀਸ ਕੁਰਬਾਨ ਕਰਕੇ ਪ੍ਰਾਪਤ ਕੀਤਾ ਸੀ। ਉਹ ਛਿਣਭਰ ਸੁੱਖ ਵੀ ਰਾਵਣ ਦਾ ਚਲਾ ਗਿਆ ਅਤੇ ਨਰਕ ਦਾ ਭਾਗੀ ਹੋਇਆ। ਇਸਦੇ ਉਲਟ ਪੂਰਣ ਪਰਮਾਤਮਾ ਦੇ ਸਤਨਾਮ ਸਾਧਕ ਵਿਭੀਸ਼ਣ ਨੂੰ ਬਿਨਾਂ ਕਠਿਨ ਸਾਧਨਾ ਕੀਤੇ ਪੂਰਣ ਪ੍ਰਭੂ ਦੀ ਸਤ ਸਾਧਨਾ ਤੇ ਕਿਰਪਾ ਨਾਲ ਲੰਕਾ ਦੇਸ਼ ਦਾ ਰਾਜ ਵੀ ਪ੍ਰਾਪਤ ਹੋਇਆ। ਹਜ਼ਾਰਾਂ ਸਾਲਾਂ ਤੱਕ ਵਿਭੀਸ਼ਣ ਨੇ ਲੰਕਾ ਦਾ ਰਾਜ ਦਾ ਸੁੱਖ ਭੋਗਿਆ ਅਤੇ ਪ੍ਰਭੂ ਕਿਰਪਾ ਕਰਕੇ ਨਾਲ ਰਾਜ ਵਿੱਚ ਪੂਰਣ ਸ਼ਾਂਤੀ ਰਹੀ। ਸਭ ਰਾਕਸ਼ ਬੁੱਧੀ ਦੇ ਵਿਅਕਤੀ ਵਿਨਾਸ਼ ਨੂੰ ਪ੍ਰਾਪਤ ਹੋ ਚੁੱਕੇ ਸਨ। ਭਗਤਮਤੀ ਮੰਦੋਦਰੀ ਅਤੇ ਭਗਤ ਵਿਭੀਸ਼ਣ ਅਤੇ ਪਰਮ ਭਗਤ ਚੰਦਰਵਿਜੈ ਜੀ ਦੇ ਪਰਿਵਾਰ ਦੇ ਪੂਰੇ 16 ਮੈਂਬਰ ਅਤੇ ਹੋਰ ਜਿਨ੍ਹਾਂ ਨੇ ਪੂਰਣ ਪਰਮੇਸ਼ਵਰ ਦਾ ਉਪ-ਦੇਸ਼ ਪ੍ਰਾਪਤ ਕਰਕੇ ਪੂਰੇ ਜੀਵਨ ਮਰਯਾਦਾ ਵਿੱਚ ਰਹਿ ਕੇ ਸਤਭਗਤੀ ਕੀਤੀ ਉਹ ਸਭ ਸਾਧਕ ਇੱਥੇ ਧਰਤੀ ਉੱਤੇ ਵੀ ਸੁਖੀ ਰਹੇ ਅਤੇ ਅੰਤ ਸਮੇਂ ਪਰਮੇਸ਼ਵਰ ਦੇ ਵਿਮਾਨ ਵਿੱਚ ਬੈਠਕੇ ਸਤਲੋਕ (ਸ਼ਾਸ਼ਵਤਮ੍ ਸਥਾਨਮ੍) ਚਲੇ ਗਏ। ਇਸਲਈ ਪਵਿੱਤਰ ਗੀਤਾ ਅਧਿਆਇ 7 ਮੰਤਰ 12 ਤੋਂ 15 ਵਿੱਚ ਕਿਹਾ ਹੈ ਕਿ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂੰ ਜੀ, ਤਮਗੁਣ ਸ਼ਿਵਜੀ) ਦੀ ਸਾਧਨਾ ਤੋਂ ਮਿਲਣ ਵਾਲੀ ਪਲ ਭਰ ਦੀਆਂ ਸੁਵਿਧਾਵਾਂ ਦੇ ਦੁਆਰਾ ਜਿਨ੍ਹਾਂ ਦਾ ਗਿਆਨ ਹਰਿਆ ਜਾ ਚੁੱਕਾ ਹੈ, ਉਹ ਰਾਕਸ਼ ਸੁਭਾਅ ਵਾਲੇ, ਮਨੁੱਖਾਂ ਵਿੱਚ ਨੀਚ, ਦੂਸ਼ਿਤ ਕਰਮ ਕਰਨ ਵਾਲੇ ਮੂਰਖ ਮੈਨੂੰ (ਕਾਲ-ਬ੍ਰਹਮ) ਨੂੰ ਵੀ ਨਹੀਂ ਪੂਜਦੇ ।

ਫਿਰ ਗੀਤਾ ਅਧਿਆਇ 7 ਮੰਤਰ 18 ਵਿੱਚ ਗੀਤਾ ਬੋਲਣ ਵਾਲਾ (ਕਾਲ-ਬ੍ਰਹਮ) ਪ੍ਰਭੂ ਕਹਿ ਰਿਹਾ ਹੈ ਕਿ ਕੋਈ ਇੱਕ ਉਦਾਰ ਆਤਮਾ ਮੇਰੀ (ਬ੍ਰਹਮ ਦੀ) ਹੀ ਸਾਧਨਾ ਕਰਦਾ ਹੈ ਕਿਉਂਕਿ ਉਨ੍ਹਾਂ ਨੂੰ ਤੱਤਵਦਰਸ਼ੀ ਸੰਤ ਨਹੀਂ ਮਿਲਿਆ । ਉਹ ਵੀ ਨੇਕ ਆਤਮਾਵਾਂ ਮੇਰੀ (ਅਨਤੁਮਾਮ੍) ਅਤਿ ਘਟੀਆ (ਗਤਿਮ੍) ਗਤੀ ਵਿੱਚ ਆਸ਼ਰਿਤ ਰਹਿ ਗਏ। ਉਹ ਵੀ ਪੂਰਣ ਮੁਕਤ ਨਹੀਂ ਹਨ। ਇਸਲਈ ਪਵਿੱਤਰ ਗੀਤਾ ਅਧਿਆਇ 18 ਮੰਤਰ 62 ਵਿੱਚ ਕਿਹਾ ਹੈ ਕਿ ਹੇ ਅਰਜੁਨ ਤੂੰ ਸਰਵ ਭਾਵ ਨਾਲ ਉਸ ਪਰਮੇਸ਼ਵਰ (ਪੂਰਣ ਪਰਮਾਤਮਾ ਤੱਤ ਬ੍ਰਹਮ) ਦੀ ਸ਼ਰਣ ਵਿੱਚ ਜਾ। ਉਸਦੀ ਕਿਰਪਾ ਨਾਲ ਹੀ ਤੂੰ ਪਰਮ ਸ਼ਾਂਤੀ ਅਤੇ ਸਤਲੋਕ ਅਰਥਾਤ ਸਨਾਤਨ ਪਰਮ ਧਾਮ ਨੂੰ ਪ੍ਰਾਪਤ ਹੋਵੇਂਗਾ।

ਇਸਲਈ ਪੁੰਨਆਤਮਾਵਾਂ ਨੂੰ ਬੇਨਤੀ ਹੈ ਕਿ ਅੱਜ ਇਸ ਦਾਸਾਂ ਦੇ ਵੀ ਦਾਸ (ਰਾਮਪਾਲ ਦਾਸ) ਦੇ ਕੋਲ਼ ਪੂਰਣ ਪਰਮਾਤਮਾ ਪ੍ਰਾਪਤੀ ਦੀ ਵਾਸਤਵਿਕ ਵਿਧੀ ਪ੍ਰਾਪਤ ਹੈ। ਮੁਫ਼ਤ ਉਪਦੇਸ਼ ਲੈ ਕੇ ਲਾਭ ਉਠਾਓ ।

## ''ਸ਼੍ਰੀ ਹਨੂੰਮਾਨ ਜੀ ਦੀ ਭਗਤੀ ਉੱਤੇ ਪ੍ਰਕਾਸ਼''

ਪ੍ਰਸ਼ਨ: – ਧਰਮ ਦਾਸ ਜੀ ਨੇ ਪ੍ਰਸ਼ਨ ਕੀਤਾ ਹੇ ਪ੍ਰਭੂ ਕੁੱਝ ਸ਼ਰਧਾਲੂ ਸ਼੍ਰੀ ਹਨੂੰਮਾਨ ਜੀ ਦੀ ਪੂਜਾ ਕਰਦੇ ਹਨ। ਇਹ ਸ਼ਾਸਤਰ ਵਿਰੁੱਧ ਹੈ ਜਾਂ ਅਨੁਕੂਲ।

ਉੱਤਰ: – ਕਬੀਰ ਦੇਵ ਨੇ ਕਿਹਾ ਹੇ ਧਰਮਦਾਸ ! ਅਰਜੁਨ ਨੂੰ ਕਾਲ ਬ੍ਰਹਮ ਨੇ ਸ਼੍ਰੀਮਦ ਭਗਵਤ ਗੀਤਾ ਅਧਿਆਇ 16 ਸਲੋਕ 23–24 ਵਿੱਚ ਕਿਹਾ ਹੈ ਕਿ ਹੇ ਅਰ–ਜੁਨ! ਜੋ ਵਿਅਕਤੀ ਸ਼ਾਸਤਰ ਵਿੱਧੀ ਨੂੰ ਤਿਆਗ ਕੇ ਆਪਣੀ ਇੱਛਾ ਨਾਲ ਮਨਮਾਨਾ ਆਚਰਣ (ਪੂਜਾ) ਕਰਦਾ ਹੈ। ਉਹ ਨਾ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ਨਾ ਪਰਮ ਗਤੀ ਨੂੰ ਨਾ ਸੁਖ ਨੂੰ ਹੀ ( ਗੀਤਾ ਅ.16/ ਮੰ. 23 ) ਇਸ ਤੋਂ ਤੇਰੇ ਲਈ ਕਰਤੱਵ ਅਰਥਾਤ ਕਰਨ ਯੋਗ ਭਗਤੀ ਕਰਮ ਅਤੇ ਅਕਰਤੱਵ ਅਰਥਾਤ ਨਾ ਕਰਨ ਯੋਗ ਜੋ ਤਿਆਗਣ ਯੋਗ ਕਰਮ ਹਨ ਉਹਨਾਂ ਦੀ ਵਿਵਸਥਾ ਵਿੱਚ ਸ਼ਾਸਤਰ ਵਿੱਚ ਲਿਖਿਆ ਉਦਾਹਰਣ ਹੀ ਪ੍ਰਮਾਣ ਹੈ। ਅਜਿਹਾ ਜਾਣ ਕੇ ਤੂੰ ਸ਼ਾਸਤਰ ਵਿਧੀ ਤੋਂ ਨਿਯਤ ਭਗਤੀ ਕਰਮ ਅਰਥਾਤ ਸਾਧਨਾ ਹੀ ਕਰਨ ਯੋਗ ਹੈ। (ਗੀਤਾ ਅ. 16 / ਸਲੋਕ 24)

ਹੇ ਧਰਮ ਦਾਸ ਜੀ ! ਗੀਤਾ ਅਧਿਆਇ 7 ਸਲੋਕ 12 ਤੋਂ 15 ਤੇ 20 ਤੋਂ 23 ਅਤੇ ਗੀਤਾ ਅਧਿਆਇ 9 ਸਲੋਕ 20 ਤੋਂ 23 ਅਤੇ 25 ਵਿੱਚ ਗੀਤਾ ਗਿਆਨ ਦਾਤਾ ਕਾਲ ਬ੍ਰਹਮ ਨੇ ਤਿੰਨੋਂ ਦੇਵਤਾਵਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂੰ ਅਤੇ ਤਮਗੁਣ ਸ਼ਿਵ) ਦੀ ਪੂਜਾ ਕਰਨਾ ਵੀ ਵਿਅਰਥ ਕਿਹਾ ਹੈ, ਭੂਤਾਂ ਦੀ ਪੂਜਾ, ਪਿੱਤਰਾਂ ਦੀ ਪੂਜਾ ਅਤੇ ਹੋਰ ਸਾਰੇ ਦੇਵਤਿਆਂ ਦੀ ਪੂਜਾ ਨੂੰ ਵੀ ਅਵਿਧਿ ਪੂਰਵਕ (ਸ਼ਾਸਤਰ ਵਿਰੁੱਧ) ਦੱਸਿਆ ਹੈ। ਹਨੂੰਮਾਨ ਤਾਂ ਰਾਮ ਭਗਤ ਸੀ । ਉਹ ਖ਼ੁਦ ਵੀ ਭਗਤੀ ਕਰਦੇ ਸਨ ਅਤੇ ਹੋਰਾਂ ਨੂੰ ਵੀ ਰਾਮ ਦੀ ਭਗਤੀ ਕਰਨ ਨੂੰ ਹੀ ਕਹਿੰਦੇ ਸੀ। ਜੇਕਰ ਕੋਈ ਭਗਤ ਦੂਸਰੇ ਭਗਤ ਦੀ ਪੂਜਾ ਕਰਦਾ ਹੈ। ਉਹ ਸ਼ਾਸਤਰ ਵਿਰੁੱਧ ਹੋਣ ਕਾਰਣ ਵਿਅਰਥ ਹੈ।

## ਹਨੂੰਮਾਨ ਜੀ ਦਾ ਕਲਿਆਣ ਕਿਵੇਂ ਹੋਇਆ

ਪਰਮੇਸ਼ਵਰ ਨੇ ਕਿਹਾ ਤ੍ਰੇਤਾਯੁੱਗ ਵਿੱਚ ਮੈਂ ਹਨੂੰਮਾਨ ਨੂੰ ਵੀ ਸ਼ਰਣ ਵਿੱਚ ਲਿਆ ਸੀ।

ਪ੍ਰਸ਼ਨ :– ਧਰਮਦਾਸ ਨੇ ਪ੍ਰਸ਼ਨ ਕੀਤਾ ਹੇ ਕਬੀਰ ਪਰਮੇਸ਼ਵਰ! ਆਪ ਨੇ ਮੇਰੀ ਹੈਰਾਨੀ ਨੂੰ ਹੋਰ ਵਧਾ ਦਿੱਤਾ। ਸ਼੍ਰੀ ਹਨੂੰਮਾਨ ਜੀ ਨੂੰ ਆਪਣੀ ਸ਼ਕਤੀ ਅਤੇ ਸ਼੍ਰੀ ਰਾਮ ਦੀ ਭਗਤੀ ਉੱਤੇ ਬਹੁਤ ਜ਼ਿਆਦਾ ਘਮੰਡ ਸੀ। ਹੇ ਦੀਨਾਨਾਥ ! ਆਪ ਨੇ ਹਨੂੰਮਾਨ ਜੀ ਦੀ ਬੁੱਧੀ ਨੂੰ ਕਿਵੇਂ ਬਦਲਿਆ ? ਮੇਰੇ ਕਿੰਕਰ ਉੱਤੇ ਕਿਰਪਾ ਕਰਕੇ ਦੱਸੋ ?

ਉੱਤਰ :– ਕਬੀਰ ਪਰਮੇਸ਼ਵਰ ਜੀ ਨੇ ਦੱਸਿਆ ਹੇ ਧਰਮਦਾਸ! ਹਨੂੰਮਾਨ ਜੀ ਲੰਕਾ ਤੋਂ ਸੀਤਾ ਜੀ ਦੀ ਖੋਜ ਕਰਕੇ ਆਇਆ, ਉਸ ਦੇ ਹੱਥ ਵਿੱਚ ਸੀਤਾ ਦੁਆਰਾ ਦਿੱਤਾ ਸੋਨੇ ਦਾ ਕੰਗਣ ਸੀ ਜਿਸ ਨੂੰ ਸੀਤਾ ਜੀ ਆਪਣੇ ਹੱਥ ਵਿੱਚ ਚੂੜੀਆਂ ਦੇ ਥਾਂ ਉੱਤੇ ਪਹਿਨਦੀ ਸੀ। ਸਵੇਰ ਦਾ ਸਮਾਂ ਸੀ। ਜਿਸ ਸਥਾਨ ਉੱਤੇ ਪਵਨ ਪੁੱਤਰ ਅਕਾਸ਼ ਮਾਰਗ ਤੋਂ ਉੱਡ ਕੇ ਇਸ ਪਾਸੇ ਧਰਤੀ ਉੱਤੇ ਉੱਤਰਿਆ ਉਹ ਇਕ ਪਹਾੜ ਸੀ। ਉਸ ਦੇ ਆਉਣ ਤੋਂ ਪਹਿਲਾਂ ਮੈਂ ਉਸ ਸਥਾਨ ਉੱਤੇ ਇੱਕ ਲੀਲਾ ਕੀਤੀ। ਇਕ ਸੁੰਦਰ ਬਾਗ ਸੁਆਦੀ ਫਲਾਂ ਨਾ.ਲ ਲੱਦੇ ਦਰੱਖਤਾਂ ਵਾਲਾ ਆਪਣੀ ਸ਼ਕਤੀ ਨਾਲ ਸਥਾਪਿਤ ਕੀਤਾ। ਉਸ ਦੇ ਇੱਕ ਕੋਨੇ ਵਿੱਚ ਸਾਫ਼ ਜਲ ਦਾ ਸਰੋਵਰ ਬਣਾਇਆ। ਦੂਜੇ ਕੋਨੇ ਵਿੱਚ ਮੈਂ ਆਪਣੀ ਕੁਟੀਆ ਬਣਾਈ। ਕੁਟੀਆ ਦੇ ਨਾਲ ਵਿਹੜੇ ਵਿੱਚ ਇੱਕ ਬਹੁਤ ਵੱਡਾ ਘੜਾ ਰੱਖਿਆ ਸੀ। ਹਨੂੰਮਾਨ ਨੂੰ ਭੁੱਖ ਲੱਗੀ ਸੀ। ਪਹਿਲਾਂ ਇਸ਼ਨਾਨ ਕਰਨ ਲੱਗਾ। ਸੀਤਾ

ਦੁਆਰਾ ਦਿੱਤਾ ਕੰਗਣ ਇਕ ਪੱਥਰ ਦੀ ਸ਼ਿਲਾ ਉੱਤੇ ਰੱਖ ਦਿੱਤਾ। ਇਸ਼ਨਾਨ ਕਰਦੇ ਸਮੇਂ ਹਨੂੰਮਾਨ ਜੀ ਦੀ ਨਜ਼ਰ ਉਸ ਕੰਗਣ ਉੱਤੇ ਇਸ ਤਰ੍ਹਾਂ ਟਿਕੀ ਹੋਈ ਸੀ ਜਿਵੇਂ ਔਸ ਚੱਟਦੇ ਸਮੇਂ ਮਣੀਧਰ ਸੱਪ ਆਪਣੀ ਮਣੀ ਨੂੰ ਮੂੰਹ ਵਿੱਚੋਂ ਕੱਢ ਕੇ ਜ਼ਮੀਨ ਉੱਤੇ ਰੱਖ ਦਿੰਦਾ ਹੈ। ਔਸ ਚੱਟਦੇ ਸਮੇਂ ਇਕ ਨਜ਼ਰ ਮਣੀ ਉੱਤੇ ਰੱਖਦਾ ਹੈ। ਕੋਈ ਉਸਨੂੰ ਚੁੱਕ ਨਾ ਲਵੇ। ਜਿਵੇਂ ਗਾਂ ਚਾਰਾ ਖਾਂਦੇ ਸਮੇਂ ਵੀ ਇੱਕ ਟਕ ਨਜ਼ਰ ਆਪਣੇ ਬੱਚੇ ਉੱਤੇ ਰੱਖਦੀ ਹੈ। ਜੇਕਰ ਕੋਈ ਹੋਰ ਪਸ਼ੂ ਉਸ ਬੱਚੇ ਦੇ ਕੋਲ ਜਾਂਦਾ ਹੈ ਤਾਂ ਗਾਂ ਉਸਨੂੰ ਮਾਰਨ ਨੂੰ ਜਾਂਦੀ ਹੈ। ਠੀਕ ਇਸੇ ਤਰ੍ਹਾਂ ਹਨੂੰਮਾਨ ਦੇ ਲਈ ਉਹ ਕੰਗਣ ਇੰਨਾ ਜ਼ਰੂਰੀ ਸੀ। ਕਿਉਂਕਿ ਉਸ ਕੰਗਣ ਨੂੰ ਪਹਿਚਾਣ ਕੇ ਹੀ ਸ਼੍ਰੀ ਰਾਮਚੰਦਰ ਜੀ ਨੂੰ ਵਿਸ਼ਵਾਸ ਹੋਇਆ ਕਿ ਅਸਲ ਵਿੱਚ ਸੀਤਾ ਲੰਕਾ ਪਤੀ ਰਾਵਣ ਦੇ ਬਾਗ਼ ਵਿੱਚ ਕੈਦ ਹੈ। ਇਸ ਲਈ ਲੰਕਾ ਉੱਤੇ ਹਮਲਾ ਕਰਨ ਦੀ ਸੋਚੀ ਅਤੇ ਸਮੁੰਦਰ ਉੱਤੇ ਪੁਲ਼ ਦਾ ਨਿਰਮਾਣ ਕੀਤਾ। ਜੇਕਰ ਕੰਗਣ ਖੋ ਜਾਂਦਾ ਤਾਂ ਸ਼੍ਰੀ ਰਾਮਚੰਦਰ ਜੀ ਕਦੇ ਵੀ ਹਨੂੰਮਾਨ ਜੀ ਦੀ ਗੱਲ ਉੱਤੇ ਵਿਸ਼ਵਾਸ ਨਹੀਂ ਕਰਦੇ ਅਤੇ ਇੰਨੇ ਵੱਡੇ ਸਮੁੰਦਰ ਉੱਤੇ ਪੁਲ਼ ਬਣਾਉਣ ਦਾ ਔਖਾ ਕੰਮ ਕਰਨ ਦੀ ਨਹੀਂ ਸੋਚਦੇ।

ਕਬੀਰ ਪਰਮਾਤਮਾ ਦੱਸ ਰਹੇ ਹਨ ਕਿ ਹੇ ਧਰਮਦਾਸ! ਇਹ ਸਾਰੇ ਵਿਚਾਰ ਹਨੂੰਮਾਨ ਦੇ ਮਨ ਵਿੱਚ ਉੱਠ ਰਹੇ ਸਨ। ਜੇਕਰ ਕੰਗਣ ਕਿਸੇ ਨੇ ਚੋਰੀ ਕਰ ਲਿਆ ਤਾਂ ਮੇਰਾ ਸਾਰਾ ਯਤਨ ਬੇਕਾਰ ਹੋ ਜਾਵੇਗਾ। ਇਸ ਲਈ ਇਸ਼ਨਾਨ ਕਰਦੇ-2 ਪਲ-2 ਵਿੱਚ ਉਸ ਕੰਗਣ ਦੇ ਵੱਲ ਦੇਖ ਰਿਹਾ ਸੀ। ਇੱਕ ਬਾਂਦਰ ਨੇ ਉਸ ਕੰਗਣ ਨੂੰ ਚੁੱਕ ਲਿਆ ਅਤੇ ਉਸਨੂੰ ਧਿਆਨ ਨਾਲ ਦੇਖਣ ਲੱਗਾ। ਹਨੂੰਮਾਨ ਦੀ ਨਜ਼ਰ ਵੀ ਉਸ ਬਾਂਦਰ ਉੱਤੇ ਪਈ। ਹਨੂੰਮਾਨ ਤੁਰੰਤ ਬਾਂਦਰ ਦੇ ਵੱਲ ਦੌੜਿਆ, ਬਾਂਦਰ ਵੀ ਦੌੜਿਆ, ਹਨੂੰਮਾਨ ਨੇ ਸੋਚਿਆ ਜੇਕਰ ਸ਼ਰਾਰਤੀ ਬਾਂਦਰ ਨੇ ਇਹ ਕੰਗਣ ਸਮੁੰਦਰ ਵਿੱਚ ਸੁੱਟ ਦਿੱਤਾ ਤਾਂ ਮੇਰਾ ਸਾਰਾ ਕੰਮ ਖ਼ਤਮ ਹੋ ਜਾਵੇਗਾ, ਦੇਖਦੇ- ਦੇਖਦੇ ਉਸ ਬਾਂਦਰ ਨੇ ਮੇਰੇ ਆਸ਼ਰਮ ਵਿੱਚ ਪ੍ਰਵੇਸ਼ ਕੀਤਾ ਅਤੇ ਵਿਹੜੇ ਵਿੱਚ ਰੱਖੇ ਉਸ ਵੱਡੇ ਘੜੇ ਵਿੱਚ ਉਹ ਕੰਗਣ ਪਾ ਦਿੱਤਾ ਅਤੇ ਦੌੜ ਗਿਆ। ਹਨੂੰਮਾਨ ਨੇ ਦੇਖਿਆ ਕਿ ਕੰਗਣ ਰਿਸ਼ੀ ਦੇ ਆਸ਼ਰਮ ਵਿੱਚ ਰੱਖੇ ਘੜੇ ਵਿੱਚ ਬਾਂਦਰ ਨੇ ਪਾ ਦਿੱਤਾ ਤਾਂ ਸੁੱਖ ਦਾ ਸਾਹ ਲਿਆ । ਹਨੂੰਮਾਨ ਨੇ ਘੜੇ ਵਿੱਚ ਝਾਤੀ ਮਾਰ ਕੇ ਦੇਖਿਆ ਤਾਂ ਪਾਇਆ ਕਿ ਉਸ ਘੜੇ ਵਿੱਚ ਉਸੇ ਕੰਗਣ ਜਿਹੇ ਢੇਰ ਸਾਰੇ ਕੰਗਣ ਪਏ ਸਨ। ਹਨੂੰਮਾਨ ਪਹਿਚਾਣ ਨਹੀਂ ਸਕੇ ਕਿ ਉਹ ਕੰਗਣ ਕਿਹੜਾ ਹੈ ਜੋ ਮੈਂ ਲਿਆਇਆ ਸੀ? ਬਹੁਤ ਦੁਖੀ ਮਨ ਨਾਲ ਆਸ਼ਰਮ ਵਿੱਚ ਬਣੀ ਕੁਟਿਆ ਦੇ ਵੱਲ ਦੇਖਿਆ। ਉੱਥੇ ਮੈਂ (ਕਬੀਰ ਪਰਮੇਸ਼ਵਰ ਜੀ) ਇੱਕ ਰਿਸ਼ੀ ਦੇ ਰੂਪ ਵਿੱਚ ਵਿਰ-ਾਜਮਾਨ ਸੀ। ਮੇਰੇ ਨੇੜੇ ਆ ਕੇ ਬਜਰੰਗ ਬਲੀ ਨੇ ਪ੍ਰਣਾਮ ਕੀਤਾ ਰਾਮ- ਰਾਮ ਬੋਲਿਆ ਮੈਂ ਵੀ ਉਸਨੂੰ ਰਾਮ - ਰਾਮ ਕਿਹਾ ਅਤੇ ਕਿਹਾ ਆਓ ਅੰਜਨੀ ਲਾਲ ਮੈਂ ਤੁਹਾਡਾ ਹੀ ਇੰਤਜ਼ਾਰ ਕਰ ਰਿਹਾ ਸੀ। ਆਪਣੀ ਜਾਣਕਾਰੀ ਮੇਰੇ ਤੋਂ ਸੁਣ ਕੇ ਹਨੂੰਮਾਨ ਦੇ ਹੈਰਾਨੀ ਦੀ ਸੀਮਾ ਨਹੀਂ ਰਹੀ ਅਤੇ ਉਹ ਸ਼ਬਦ ਕਿ "ਮੈਂ ਤੁਹਾਡਾ ਇੰਤਜਾਰ ਕਰ ਰਿਹਾ ਸੀ" ਹੋਰ ਵੀ ਹੈਰਾਨੀ ਵਿੱਚ ਪਾ ਦਿੱਤਾ ਸੀ। ਆਪਣੀ ਸਮੱਸਿਆ ਨਾਲ ਪਰੇਸ਼ਾਨ ਹਨੂੰਮਾਨ ਨੇ ਇਸ ਹੈਰਾਨੀ ਦੇ ਵਿਸ਼ੇ ਵਿੱਚ ਕੁਝ ਨਹੀਂ ਪੁੱਛਿਆ। ਉਸਨੇ ਪੁੱਛਿਆ ਰਿਸ਼ੀਵਰ ਸ਼੍ਰੀ ਰਾਮ ਜੀ ਉੱਤੇ ਇਸ ਸਮੇਂ ਬਹੁਤ ਮੁਸੀਬਤ ਆਈ ਹੈ। ਸੀਤਾ ਮਾਤਾ ਜੀ ਨੂੰ ਲੰਕਾ ਪਤੀ ਰਾਵਣ ਨੇ ਅਗਵਾ ਕੀਤਾ ਹੋਇਆ ਹੈ ਮੈਂ ਉਸਦੀ ਖੋਜ਼ ਕਰਕੇ ਆਇਆ ਹਾਂ। ਮੈਂ (ਕਬੀਰ ਪਰਮੇਸ਼ਵਰ ਜੀ ਨੇ) ਪ੍ਰਸ਼ਨ ਕੀਤਾ ਹੈ ਬਜਰੰਗ ਬਲੀ! ਤੁਸੀਂ ਕਿਹੜੇ ਸ਼੍ਰੀ ਰਾਮ

ਦੇ ਬਾਰੇ ਕਹਿ ਰਹੇ ਹੋ? ਹਨੂੰਮਾਨ ਬੋਲਿਆ! ਹੇ ਰਿਸ਼ੀਵਰ ਤੁਸੀਂ ਕਿਹੜੀ ਦੁਨੀਆ ਵਿੱਚ ਰਹਿੰਦੇ ਹੋ। ਤੁਹਾਨੂੰ ਇਹ ਨਹੀਂ ਪਤਾ ਕੌਣ ਹਨ ਸ਼੍ਰੀ ਰਾਮ, ਕੀ ਹੋਰ ਵੀ ਸ਼੍ਰੀ ਰਾਮ ਹਨ ? ਮੈ ਰਾਜਾ ਦਸ਼ਰਥ ਦੇ ਪੁੱਤਰ ਸ਼੍ਰੀ ਰਾਮ ਚੰਦਰ ਜੀ ਦੇ ਵਿਸ਼ੇ ਵਿੱਚ ਕਹਿ ਰਿਹਾ ਹਾਂ ਜਿਹਨਾਂ ਨੂੰ 14 ਸਾਲ ਦਾ ਬਣਵਾਸ ਹੋਇਆ ਹੈ। ਮੈਂ (ਕਬੀਰ ਪਰਮੇਸ਼ਵਰ ਉਰਫ਼ ਮੁਨਿੰਦਰ ਰਿਸ਼ੀ ਨੇ) ਕਿਹਾ ਹਨੂੰਮਾਨ! ਮੈਂ ਵੀ ਉਸੇ ਅਯੋਧਿਆ ਦੇ ਰਾਜਾ, ਦਸ਼ਰਥ ਦੇ ਜੇਠੇ ਪੁੱਤਰ ਸ਼੍ਰੀ ਰਾਮ ਚੰਦਰ ਦੇ ਵਿਸ਼ੇ ਵਿੱਚ ਹੀ ਆਪ ਤੋਂ ਪੁੱਛ ਰਿਹਾ ਹਾਂ? ਅਜਿਹੇ ਸ਼੍ਰੀ ਦਸ਼ਰਥ ਪੁੱਤਰ ਸ਼੍ਰੀ ਰਾਮ ਚੰਦਰ ਕਰੋੜਾਂ, ਉਤਪੰਨ ਹੋ ਕੇ ਮਰ ਚੁੱਕੇ ਹਨ। ਇਸੇ ਪ੍ਰਕਾਰ ਸ਼੍ਰੀ ਰਾਮ ਨੂੰ ਬਣਵਾਸ ਹੁੰਦਾ ਹੈ, ਇਸੇ ਪ੍ਰਕਾਰ ਸ਼੍ਰੀ ਸ਼ੀਤਾ ਅਗਵਾ ਹੁੰਦੀ ਹੈ, ਇਸੇ ਪ੍ਰਕਾਰ ਆਪ ਜਿਹੇ ਹਨੂੰਮਾਨ ਜੀ ਸੀਤਾ ਜੀ ਦੀ ਖੋਜ ਕਰਕੇ ਆਉਂਦੇ ਹਨ।

ਇੰਨੀ ਗੱਲ ਮੇਰੇ ਮੂੰਹ ਤੋਂ ਸੁਣ ਕੇ ਬ੍ਰਹਮਚਾਰੀ ਹਨੂੰਮਾਨ ਗੁੱਸਾ ਹੋ ਕੇ ਬੋਲੇ ਰਿਸ਼ੀ ਜੀ! ਇਹ ਸਮਾਂ ਮਜ਼ਾਕ (ਉਪਹਾਸ) ਕਰਨ ਦਾ ਨਹੀਂ ਹੈ। ਆਪ ਬੇਕਾਰ ਵਿੱਚ ਝੂਠਾ ਭਾਸ਼ਣ ਕਰ ਰਹੇ ਹੋ, ਆਪ ਰਿਸ਼ੀ ਦੇ ਰੂਪ ਵਿੱਚ ਅਗਿਆਨੀ ਵਿਰਾਜਮਾਨ ਹੋ ਨਹੀਂ ਤਾਂ ਆਪ ਇਹ ਪ੍ਰਸ਼ਨ ਨਹੀਂ ਕਰਦੇ ਕਿ ਕਿਹੜੇ ਸ਼੍ਰੀ ਰਾਮ ਦੇ ਵਿਸ਼ੇ ਵਿੱਚ ਗੱਲਾਂ ਕਰ ਰਹੇ ਹੋ ਪੂਰੇ ਜੰਗਲ ਤੇ ਦੇਸ਼ ਵਿੱਚ ਚਰਚਾ ਚੱਲ ਰਹੀ ਹੈ ਕਿ ਸੀਤਾ ਜੀ ਅਗਵਾ ਹੋਣ ਕਾਰਣ ਸ਼੍ਰੀ ਰਾਮ ਚੰਦਰ ਜੀ ਬਹੁਤ ਪਰੇਸ਼ਾਨ ਹਨ

ਮੈਂ (ਕਬੀਰ ਪਰਮੇਸ਼ਵਰ ਨੇ) ਪ੍ਰਸ਼ਨ ਕੀਤਾ ਹਨੂੰਮਾਨ! ਤੁਸੀ ਮੇਰੇ ਕੋਲ ਆਉਣ ਦਾ ਕਸ਼ਟ ਕਿਸ ਲਈ ਕੀਤਾ?

ਹਨੂੰਮਾਨ ਬੋਲਿਆ ਰਿਸ਼ੀ ਜੀ ! ਮੈਂ ਦੱਸਿਆ ਹੈ ਕਿ ਮੈਂ ਸੀਤਾ ਮਾਤਾ ਦੀ ਖੋਜ ਕਰਕੇ ਆਇਆ ਹਾਂ। ਮਾਤਾ ਨੇ ਆਪਣੇ ਹੱਥ ਦਾ ਕੰਗਣ (ਸੋਨੇ ਦਾ ਕੜਾ) ਮੈਨੂੰ ਦਿੱਤਾ ਹੈ ਜਿਸ ਦੀ ਪਹਿਚਾਣ ਕਰ ਸ਼੍ਰੀ ਰਾਮ ਚੰਦਰ ਜੀ ਮੇਰੇ ਉੱਤੇ ਵਿਸ਼ਵਾਸ ਕਰਨਗੇ ਕਿ ਉਹ ਅਸਲ ਵਿੱਚ ਸੀਤਾ ਜੀ ਦਾ ਕੰਗਣ ਹੈ, ਨਹੀਂ ਤਾਂ ਉਹ ਮੇਰੇ ਉੱਤੇ ਵਿਸ਼ਵਾਸ ਨਹੀਂ ਕਰ ਸਕਣਗੇ। ਇਹ ਕੰਗਣ ਇਸ਼ਨਾਨ ਕਰਦੇ ਸਮੇਂ ਸਰੋਵਰ ਦੇ ਕੋਲ ਪੱਥਰ ਉੱਤੇ ਰੱਖ ਦਿੱਤਾ ਸੀ। ਉਸ ਨੂੰ ਇੱਕ ਬਾਂਦਰ ਚੁੱਕ ਕੇ ਆਪ ਦੇ ਆਸ਼ਰਮ ਵਿੱਚ ਰੱਖੇ ਘੜੇ ਵਿੱਚ ਪਾ ਗਿਆ । ਮੈਂ ਉਸ ਨੂੰ ਲੈਣ ਆਇਆ ਹਾਂ। ਧਰਮਦਾਸ! ਮੈਂ ਹਨੂੰਮਾਨ ਨੂੰ ਕਿਹਾ, ਤੁਸੀਂ ਭੋਜਨ ਕਰੋ ਫਿਰ ਆਪਣਾ ਕੰਗਣ ਘੜੇ ਵਿੱਚੋਂ ਕੱਢ ਕੇ ਲੈ ਜਾਣਾ ।

ਹਨੂੰਮਾਨ ਬੋਲਿਆ ਹੇ ਰਿਸ਼ੀ ਜੀ! ਮੈਨੂੰ ਭੁੱਖ ਬਹੁਤ ਲੱਗੀ ਸੀ ਪਰ ਹੁਣ ਸਭ ਖ਼ਤਮ ਹੋ ਗਈ ਹੈ। ਤੁਹਾਡੇ ਘੜੇ ਵਿੱਚ ਬਹੁਤ ਸਾਰੇ ਕੰਗਣ ਹਨ। ਮੈਂ ਪਹਿਚਾਣ ਨਹੀਂ ਪਾ ਰਿਹਾ ਹਾਂ ਕਿ ਮੇਰੇ ਵਾਲਾ ਕੰਗਣ ਕਿਹੜਾ ਹੈ?

ਜਿਹੇ ਹਨੂੰਮਾਨਾਂ ਦੁਆਰਾ ਉਹਨਾ ਸੀਤਾਵਾਂ ਦੇ ਹੀ ਹਨ ਜੋ ਪਹਿਲਾਂ ਵਾਲੇ ਸ਼੍ਰੀ ਰਾਮਾਂ ਦੇ ਨਾਲ ਮਹਾਂ ਦੁੱਖ ਭੋਗ ਚੁੱਕੀਆਂ ਹਨ। ਤੁਸੀਂ ਕੋਈ ਵੀ ਕੰਗਣ ਉਠਾ ਕੇ ਜਾਓ ਉਹ ਵਰਤਮਾਨ ਵਾਲੀ ਸੀਤਾ ਵਾਲੇ ਕੰਗਣ ਦੇ ਨਾਲ ਮੇਲ ਕਰੇਗਾ ਕੋਈ ਅਲੱਗ ਨਹੀਂ ਹੈ। ਵਰਤਮਾਨ ਵਾਲੇ ਸ਼੍ਰੀ ਰਾਮ ਚੰਦਰ ਜਿਹੇ ਕਰੋੜਾਂ ਮਰ ਕੇ ਹੋਰ ਜੂਨੀਆਂ ਵਿੱਚ ਚਲੇ ਗਏ ਹਨ। ਹਨੂੰਮਾਨ ਨੂੰ ਕੋਈ ਵੀ ਰਸਤਾ ਦਿਖਾਈ ਨਹੀਂ ਦਿੱਤਾ। ਉਸਨੇ ਕੰਗਣ ਦੀ ਵਾਸਤਵਿਕਤਾ ਨੂੰ ਪੱਕਾ ਕਰਨ ਦੇ ਲਈ ਪ੍ਰਸ਼ਨ ਕੀਤਾ ਹੇ ਰਿਸ਼ੀ ਜੀ ! ਆਪ ਨੇ ਕਿਹਾ ਕਿ ਹੋਰ ਵੀ ਸ਼੍ਰੀ ਰਾਮ ਹੋਏ ਹਨ। ਉਹਨਾਂ ਦੀ ਪਤਨੀ ਸੀਤਾ ਨਾਮ ਤੋਂ ਸੀ। ਇਸੇ ਪ੍ਰਕਾਰ ਲੰਕਾਪਤੀ ਰਾਵਣ ਨੇ ਅਗਵਾ ਕੀਤਾ ਅਤੇ ਮੇਰੇ ਜਿਹੇ ਹਨੂੰਮਾਨ ਇਸੇ ਪ੍ਰਕਾਰ ਸੀਤਾ ਮਾਤਾ ਦਾ ਕੰਗਣ ਲੈ ਕੇ ਆਉਂਦੇ ਹਨ। ਉਹ ਵੀ ਕੰਗਣ ਇਸ ਘੜੇ ਵਿੱਚ ਮੌਜੂਦ ਹੈ। ਹੇ

ਦੀਨਦਯਾਲ! ਇਹ ਗੱਲ ਕਿਵੇਂ ਸੱਚ ਮੰਨਾ ਕਿਉਂਕਿ ਜਿਹੜਾ ਹਨੂੰਮਾਨ ਕੰਗਣ ਲਿ-ਆਉਂਦਾ ਹੋਵੇਗਾ ਉਹ ਕੰਗਣ ਲੈ ਕੇ ਵੀ ਜਾਂਦਾ ਹੋਵੇਗਾ। ਫਿਰ ਇਸ ਘੜੇ ਵਿੱਚ ਕੰਗਣ ਕਿਵੇਂ ਰਹੇਗਾ?

ਮੈਂ (ਕਬੀਰ ਪਰਮੇਸ਼ਵਰ ਉਰਫ਼ ਮੁਨਿੰਦਰ ਜੀ ਨੇ) ਕਿਹਾ, ਪਵਨ ਪੁੱਤਰ ਹਨੂੰਮਾਨ! ਹਰ ਵਾਰ ਬਾਂਦਰ, ਹਨੂੰਮਾਨ ਦੁਆਰਾ ਲਿਆਏ ਕੰਗਣ ਨੂੰ ਚੁੱਕ ਕੇ ਇਸ ਘੜੇ ਵਿੱਚ ਪਾਉਂਦਾ ਹੈ। ਇਸ ਘੜੇ ਵਿੱਚ ਮੇਰੀ ਕਿਰਪਾ ਨਾਲ ਇਹੋ ਜਿਹੀ ਸ਼ਕਤੀ ਹੈ ਕਿ ਜੋ ਵਸਤੂ ਇਸ ਵਿੱਚ ਪਾ ਦਿੱਤੀ ਜਾਂਦੀ ਹੈ। ਉਹ ਇਕੋ ਜਿਹੀਆਂ ਦੋ ਬਣ ਜਾਂਦੀਆਂ ਹਨ। ਇਹ ਕਹਿ ਕੇ ਮੈਂ ਇਕ ਪਿੱਤਲ ਦੀ ਕਟੋਰੀ ਨੂੰ ਉਸ ਘੜੇ ਵਿੱਚ ਪਾਇਆ, ਪਾਉਂਦੇ ਹੀ ਦੋ ਇਕੋ ਜਿਹੀ ਹੋ ਗਈਆਂ । ਇਹ ਦੇਖ ਕੇ ਹਨੂੰਮਾਨ ਹੈਰਾਨ ਰਹਿ ਗਿਆ। ਦੋਵੇਂ ਕਟੋਰੀਆਂ ਦਾ ਮਿਲਾਨ ਕਰਨ ਲੱਗਾ। ਕੁਝ ਵੀ ਅੰਤਰ ਨਹੀਂ ਸੀ। ਉਦੋਂ ਮੈਂ ਕਿਹਾ ਹਨੂੰਮਾਨ! ਇਸ ਪ੍ਰਕਾਰ ਬਾਂਦਰ ਦੁਆਰਾ ਕੰਗਣ ਇਸ ਘੜੇ ਵਿੱਚ ਪਾਉਂਦੇ ਹੀ ਇਕ ਕੰਗਣ ਹੋਰ ਉਹੋ ਜਿਹਾ ਹੀ ਤਿਆਰ ਹੋ ਜਾਂਦਾ ਹੈ। ਤੁਸੀਂ ਬਿਨਾਂ ਸੰਕੋਚ ਲੈ ਜਾਓ ਅਤੇ ਸ਼੍ਰੀ ਰਾਮਚੰਦਰ ਤੋਂ ਪਹਿਚਾਣ ਕਰਵਾਓ।

ਹੁਣ ਸੁਣ ਤੱਤਵਗਿਆਨ ਬਜਰੰਗ ਬਲੀ! ਜਿਸ ਦਸ਼ਰਥ ਪੁੱਤਰ ਸ਼੍ਰੀ ਰਾਮ ਨੂੰ ਤੁਸੀਂ ਸ੍ਰਿਸ਼ਟੀ ਰਚਨਹਾਰ ਸਰਬ ਸ਼ਕਤੀਮਾਨ ਮੰਨਦੇ ਹੋ ਇਹ ਤਾਂ ਸਤਗੁਣ ਵਿਸ਼ਨੂੰ ਦਾ ਅਵਤਾਰ ਹੈ। ਬ੍ਰਹਮਾ-ਵਿਸ਼ਨੂੰ ਅਤੇ ਸ਼ਿਵ ਇਹ ਨਾਸ਼ਵਾਨ ਪ੍ਰਭੂ ਹਨ । ਇਹਨਾਂ ਦੇ ਪਿਤਾ ਕਾਲ ਬ੍ਰਹਮ ਹਨ ਜੋ ਇੱਕੀ ਬ੍ਰਹਿਮੰਡਾਂ ਦੇ ਪ੍ਰਭੂ (ਸਵਾਮੀ) ਹਨ। ਬ੍ਰਹਮ ਤੋਂ ਵਧੇਰੇ ਬ੍ਰਹਿਮੰਡਾਂ ਦਾ ਪ੍ਰਭੂ ਪਰਬ੍ਰਹਮ ਹੈ। ਜੋ ਸੱਤ ਸੰਖ ਬ੍ਰਹਿਮੰਡਾਂ ਦਾ ਸਵਾਮੀ ਹੈ। ਇਹਨਾਂ ਸਾਰੇ ਪ੍ਰਭੂਆਂ ਦਾ ਵੀ ਪ੍ਰਭੂ (ਸਵਾਮੀ) ਪੂਰਨ ਬ੍ਰਹਮ (ਸਤ ਪੁਰਸ਼) ਹੈ। ਉਸਦੀ ਪੂਜਾ ਨਾਲ ਜੀਵ ਦਾ ਜਨਮ- ਮੌਤ ਦਾ ਚੱਕਰ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਹ ਜੀਵ ਸਤਲੋਕ ਵਿੱਚ ਚਲਾ ਜਾਂਦਾ ਹੈ। ਜਿੱਥੇ ਜਾਣ ਤੋਂ ਬਾਅਦ ਵਾਪਸ ਇਸ ਸੰਸਾਰ ਵਿੱਚ ਨਹੀਂ ਆਉਂਦਾ ਭਾਵ ਪੂਰਨ ਮੁਕਤੀ ਪ੍ਰਾਪਤ ਕਰਦਾ ਹੈ। ਧਰਮਦਾਸ! ਮੇਰੀ ਚਮਤਕ-ਾਰੀ ਸ਼ਕਤੀ ਤੋਂ ਪ੍ਰਭਾਵਿਤ ਹਨੂੰਮਾਨ ਉਪਰੋਕਤ ਗਿਆਨ ਸੁਣਦਾ ਰਿਹਾ। ਫਿਰ ਬੇਨਤੀ ਕਰ ਕੇ ਕਿਹਾ ਹੇ ਰਿਸ਼ੀ ਜੀ! ਹੁਣ ਮੇਰੇ ਕੋਲ਼ ਸਮਾਂ ਘੱਟ ਹੈ। ਮੇਰੇ ਉੱਪਰ ਬਹੁਤ ਵੱਡੀ ਜ਼ਿੰਮੇਵਾਰੀ ਹੈ। ਮੈਂ ਪਹਿਲਾਂ ਉਸ ਤੋਂ ਮੁਕਤ ਹੋਣਾ ਚਾਹੁੰਦਾ ਹਾਂ। ਇਕ ਵਾਰ ਸੀਤਾ ਮਾਤਾ ਜੀ ਦਾ ਸੰਦੇਸ਼ ਸ਼੍ਰੀ ਰਾਮ ਜੀ ਨੂੰ ਦੇ ਕੇ ਸੀਤਾ ਮਾਤਾ ਜੀ ਨੂੰ ਲੰਕਾ ਪਤੀ ਰਾਵਣ ਦੀ ਕੈਦ ਤੋਂ ਛੁਡਾਉਣਾ ਹੈ। ਤੁਹਾਡੇ ਅੰਮ੍ਰਿਤਵਚਨ ਫਿਰ ਕਦੇ ਸੁਣਾਂਗਾ, ਮੈਨੂੰ ਆਗਿਆ ਦਿਓ ਰਿਸ਼ੀਵਰ।

ਇੰਨਾ ਕਹਿ ਕੇ ਹਨੂੰਮਾਨ ਨੇ ਮੇਰੇ ਚਰਣ ਲਏ ਅਤੇ ਇਕ ਕੰਗਣ ਚੁੱਕ ਕੇ ਚਲਾ ਗਿਆ। ਹਨੂੰਮਾਨ ਦੇ ਮਨ ਵਿੱਚ ਫਿਰ ਵੀ ਸ਼ੰਕਾ ਸੀ, ਕਿਤੇ ਸ਼੍ਰੀ ਰਾਮ ਇਹ ਨਾ ਕਹਿ ਦੇਣ ਕਿ ਇਹ ਕੰਗਣ ਸੀਤਾ ਜੀ ਦਾ ਨਹੀਂ ਹੈ। ਹਨੂੰਮਾਨ ਨੇ ਦੂਰ ਤੋਂ ਬਹੁਤ ਖੁਸ਼ ਹੋ ਕੇ ਆਵਾਜ਼ ਲਗਾਈ ਸੀਤਾ ਮਾਤਾ ਦਾ ਪਤਾ ਲਗਾ ਕੇ ਆਇਆ ਹਾਂ। ਨੇੜੇ ਆਉਣ ਤੇ ਹਨੂੰਮਾਨ ਨੇ ਕਿਹਾ ਹੇ ਪ੍ਰਭੂ! ਸੀਤਾ ਮਾਤਾ ਨੂੰ ਲੰਕਾ ਪਤੀ ਰਾਵਣ ਨੇ ਆਪਣੇ ਨੌਂ ਲੱਖੇ ਬਾਗ਼ ਵਿੱਚ ਕੈਦ ਕਰ ਰੱਖਿਆ ਹੈ। ਮੈਂ ਉਸਦਾ ਬਾਗ਼ ਵੀ ਉਜਾੜ ਦਿੱਤਾ ਅਤੇ ਲੰਕਾ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ। ਮਾਤਾ ਸੀਤਾ ਨੇ ਕਿਹਾ ਹੈ ਹੇ ਹਨੂੰਮਾਨ! ਤੁਸੀਂ ਸ਼੍ਰੀ ਰਾਮ ਨੂੰ ਕਹਿਣਾ ਮੈਨੂੰ ਜਲਦੀ ਕੈਦ ਤੋਂ ਮੁਕਤ ਕਰਵਾਉਣ, ਮੈਂ ਇੱਥੇ ਬਹੁਤ ਦੁੱਖ ਉਠਾ ਰਹੀ ਹਾਂ। ਇਹ ਸਭ ਹਨੂੰਮਾਨ ਤੋਂ ਸੁਣ ਕੇ ਸ਼੍ਰੀ ਰਾਮ ਨੇ ਕਿਹਾ ਹੇ ਸੰਤ ਹਨੂੰਮ-

ਾਨ! ਤੁਸੀਂ ਕੋਈ ਨਿਸ਼ਾਨੀ ਦੱਸੋ ਜਿਸ ਨਾਲ ਮੈਨੂੰ ਵਿਸ਼ਵਾਸ ਹੋਵੇ ਕਿ ਜਿਸ ਇਸਤਰੀ ਦੇ ਬਾਰੇ ਵਿੱਚ ਤੁਸੀਂ ਕਹਿ ਰਹੇ ਹੋ ਉਹ ਸੀਤਾ ਹੀ ਹੈ। ਸ਼੍ਰੀ ਰਾਮ ਦੇ ਅਜਿਹਾ ਕਹਿਣ ਤੇ ਹਨੂੰਮਾਨ ਨੇ ਝਿਜਕਦੇ ਮਨ ਦੇ ਨਾਲ ਕਿਹਾ ਕਿ ਇਹ ਲਓ ਮਾਤਾ ਜੀ ਦੀ ਨਿਸ਼ਾਨੀ ਇਹ ਕੰਗਣ (ਜੋ ਘੜੇ ਵਿੱਚ ਕੱਢ ਕੇ ਲਿਆਇਆ ਸੀ) ਜਿਹੜਾ ਸੀਤਾ ਜੀ ਦੁਆਰਾ ਹਨੂੰਮਾਨ ਨੂੰ ਦਿੱਤਾ ਸੀ। ਸ਼੍ਰੀ ਰਾਮ ਦੇ ਹੱਥਾਂ ਵਿੱਚ ਰੱਖ ਦਿੱਤਾ। ਸ਼੍ਰੀ ਰਾਮ ਨੇ ਧਿਆਨ ਨਾਲ ਦੇਖਿਆ ਕੰਗਣ ਸਹੀ ਹੈ। ਸ਼੍ਰੀ ਰਾਮ ਨੇ ਹਨੂੰਮਾਨ ਜੀ ਨੂੰ ਸੀਨੇ ਨਾਲ ਲਗਾ ਕੇ ਕਿਹਾ ਹੇ ਪਿਆਰੀ ਆਤਮਾ ਹਨੂੰਮਾਨ ! ਤੁਸੀਂ ਮੇਰੇ ਉੱਤੇ ਵੱਡਾ ਉਪਕਾਰ ਕੀਤਾ ਹੈ। ਇਹ ਕੰਗਣ ਵਾਸਤਵ ਵਿੱਚ ਸੀਤਾ ਦਾ ਹੀ ਹੈ। ਜੇਕਰ ਤੁਸੀਂ ਕੰਗਣ ਨਹੀਂ ਲਿਆਉਂਦੇ ਤਾਂ ਮੈਨੂੰ ਵਿਸ਼ਵਾਸ ਨਹੀਂ ਹੁੰਦਾ। ਜਦੋਂ ਸ਼੍ਰੀ ਰਾਮ ਨੇ ਕੰਗਣ ਨੂੰ ਵਾਸਤਵਿਕ ਦੱਸਿਆ ਤਾਂ ਹਨੂੰਮਾਨ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ ਅਤੇ ਮੇਰਾ (ਰਿਸ਼ੀ ਮੁਨਿੰਦਰ ਦਾ) ਚਿਹਰਾ ਅਤੇ ਉਸ ਨਾਲ ਹੋਈ ਗੱਲ ਅੱਖਾਂ ਦੇ ਸਾਹਮਣੇ ਚਲ ਚਿੱਤਰ ਦੀ ਤਰ੍ਹਾਂ ਘੁੰਮਣ ਲੱਗੀ। ਹਨੂੰਮਾਨ ਨੂੰ ਲੱਗਿਆ ਕਿ ਰਿਸ਼ੀ ਪਰਮ ਸਿੱਧੀ ਯੁਕਤ ਹੈ।

ਅਰੇ ਬਨਚਰ ਕਯਾ ਖਬਰਾਂ ਕਪਿ ਲਯਾਯੇ। ਕਹੋ ਸੀਤਾ ਕੀ ਬਾਤ ਬਿਥਾ ਸਭ, ਕਯਾ ਕਯਾ ਭੋਜਨ ਪਾਯੇ॥ ਟੇਕ॥ ਕੈਸੀ ਪ੍ਰੀਤਿ ਕਰੀ ਤੁਮ ਸੇਤੀ, ਬਿੰਜਨ ਕਹਾਂ ਜਿਮਾਯੇ। ਕਹੌ ਹਨੂਮੰਤ ਸੰਤ ਜਨ ਮੇਰੇ, ਭੁਖੇ ਰਹੇਂ ਕ ਧਾਯੇ॥1॥ ਕੈਸਾ ਬਦਨ ਬਿਨੋਦ ਸਤੀ ਕਾ, ਬੂਝਤ ਹੂੰ ਮਨ ਲਾਯੇ। ਕਯਾ ਪੌਂਨੀਕ ਪਟੰਬਰ ਪਹਰੇ, ਹਾਰ ਡੋਰੀ ਗਲ ਛਯਾਯੇ॥2॥ ਕਯਾ ਸਿੰਗਾਰ ਉਚਾਰ ਕਰਤ ਹੈ, ਰਾਵਣ ਸਿਜਯਾ ਜਾਯੇ। ਸੁਰਮਾਂ ਸਿਲਕਿ ਸਿਜਯਾ ਪੈਠੀ, ਨਾ ਤੁਮਹੋਂ ਬਦਨ ਛਿਪਾਯੇ ॥3॥ ਬੋਲੈ ਪੌਂਨੀ ਹੋਯ ਸ ਹੌਂਨੀ, ਸੁਨਿ ਹੋ ਰਘੁਪਤਿ ਰਾਯੇ। ਸੀਤਾ ਸਤੀ ਅਤੀ ਅਤਿ ਆਤੁਰ, ਆਂਸੁਪਾਤ ਚਲਿ ਜਾਯੇ ॥4॥ ਢੂੰਢਤ ਫਿਰਾ ਲੰਕ ਚਹੂੰ ਔਰਾ, ਨੌਲਖ ਬਾਗ ਛਿਪਾਯੇ। ਜਾਯ ਬਿਰਛ ਪਰ ਛੁਬਕੀ ਲਾਈ, ਮੁੰਦਰਾ ਭੇਂਟ ਚੜਾਯੇ॥5॥ ਤਹਾਂ ਪ੍ਰਨਾਮ ਕਰੀ ਸੀਤਾ ਸੌਂ, ਮਾਤਾ ਦਰਸ਼ਨ ਪਾਏ। ਝਰੇ ਪਰੇ ਕਾ ਹੁਕਮ ਕਿਯਾ ਥਾ, ਨੌਲਖ ਬਾਗ ਅਘਾਯੇ॥6॥ ਨਾਜੁਕ ਬਦਨ ਨਾਮ ਤੁਮਹਾਰੇ ਮੇਂ, ਜੈਸੀ ਮਾਤਾ ਜਾਯੇ। ਰਾਵਣ ਸੇਤੀ ਪ੍ਰੀਤਿ ਨ ਜਾਕੀ, ਚੰਦ ਬਦਨ ਮੁਖ ਛਿਪਾਯੇ॥7॥ ਪਨੰਗ ਸਮੇਟਿ ਪਦਮ ਆਸਨ ਸੇ, ਪੌਂਨਾ ਗਗਨ ਚਢਾਯੇ। ਤ੍ਰਿਕੁਟੀ ਸੰਜਮ ਧਯਾਨ ਤਾਸ ਕਾ, ਸੂਰਜ ਕਮਲ ਉਗਾਯੇ॥8॥ ਹਾਰ ਡੋਰਿ ਨਹੀਂ ਪਾਟ ਪਟੰਬਰ, ਸੀਤਾ ਮਨ ਮੁਰਝਾਯੇ। ਅਗਰ ਮਾਲਵੇ ਮੂਰਤਿ ਸੂਰਤਿ, ਗਰੀਬਦਾਸ ਪਦ ਗਾਯੇ॥9॥

ਸ਼੍ਰੀ ਰਾਮ ਦੇ ਮਨ ਵਿੱਚ ਵਿਚਾਰ ਉੱਠਿਆ, ਕਿ ਜੇਕਰ ਸੀਤਾ ਨੇ ਰਾਵਣ ਨੂੰ ਸਮਰਪਣ ਕਰ ਦਿੱਤਾ ਹੋਵੇਗਾ ਤਾਂ ਮੈਂ ਸੀਤਾ ਦੇ ਲਈ ਯੁੱਧ ਨਹੀਂ ਕਰਾਂਗਾ, ਕਿਸ ਲਈ ਦੁਨੀਆਂ ਦੇ ਲਾਲ ਮਰਵਾਵਾਂ। ਆਪਣੀ ਸ਼ੰਕਾ ਦੇ ਸਮਾਧਾਨ ਦੇ ਲਈ ਸ਼੍ਰੀ ਰਾਮ ਨੇ ਆਪਣੇ ਭਗਤ ਹਨੂੰਮਾਨ ਨਾਲ ਘੁਮਾ ਫਿਰਾ ਕੇ ਗੱਲਾਂ ਪੁੱਛੀਆਂ ਤਾਂ ਜੋ ਸੀਤਾ ਦੇ ਵਿਸ਼ੇ ਵਿੱਚ ਸੱਚੀ ਜਾਣਕਾਰੀ ਪ੍ਰਾਪਤ ਕਰ ਸਕੇ। ਸ਼੍ਰੀ ਰਾਮ ਨੇ ਹਨੂੰਮਾਨ ਤੋਂ ਪੁੱਛਿਆ ਹੇ ਮੇਰੇ ਪਿਆਰੇ ਸੰਤ! ਆਪ ਸੀਤਾ ਦੇ ਵਿਸ਼ੇ ਵਿੱਚ ਦੱਸੋ ਉਹ ਕਿਵੇਂ ਹੈ? ਉਹ ਰਾਵਣ ਦੇ ਮਹਿਲ ਵਿੱਚ ਰਹਿੰਦੀ ਹੋਵੇਗੀ? ਹਨੂੰਮਾਨ ਨੇ ਕਿਹਾ ਨਹੀਂ ਭਗਵਾਨ ਸੀਤਾ ਮਾਤਾ ਤਾਂ ਰਾਵਣ ਦੇ ਨੌਲੱਖਾ ਬਾਗ ਵਿੱਚ ਰਹਿੰਦੀ ਹੈ। ਸ਼੍ਰੀ ਰਾਮ ਨੇ ਪੁੱਛਿਆ ਆਪ ਨੇ ਭੋਜਨ ਕਿੱਥੇ ਖਾਧਾ, ਸੀਤਾ ਆਪ ਨੂੰ ਰਾਵਣ ਦੇ ਮਹਿਲ ਵਿੱਚ ਖਵਾ ਕੇ ਲਿਆਈ ਹੋਵੇਗੀ ? ਹਨੂੰਮਾਨ ਨੇ ਕਿਹਾ ਨਹੀਂ ਭਗਵਨ ਰਾਵਣ ਦੇ ਮਹਿਲ ਤੱਕ ਸੀਤਾ ਮਾਤਾ ਦੀ ਪਹੁੰਚ ਕਿੱਥੇ, ਮੈਂ ਮਾਤਾ ਨੂੰ ਕਿਹਾ ਮਾਤਾ ਭੁੱਖ ਲੱਗੀ ਹੈ। ਉਦੋਂ ਸੀਤਾ ਮਾਤਾ ਨੇ ਕਿਹਾ ਭਾਈ ਹਨੂੰਮਾਨ! ਇਸ ਬਾਗ ਦਾ ਕੋਈ ਫਲ ਤੋੜ ਕੇ ਨਹੀਂ ਖਾਣਾ, ਕੋਈ ਥੱਲੇ ਗਿਰਿਆ ਹੋਵੇ ਸਿਰਫ਼ ਉਹੀ ਖਾਣਾ। ਜੇਕਰ ਫਲ ਤੋੜ ਕੇ ਖਾ ਲਿਆ ਤੇ ਰਾਵਣ ਦੇ ਨੌਕਰਾਂ ਨੂੰ ਪਤਾ ਚਲ

ਗਿਆ ਤਾਂ ਮੈਨੂੰ ਬਹੁਤ ਤਸੀਹੇ ਦੇਣਗੇ। ਮੈਂ ਵੀ ਜ਼ਮੀਨ ਉੱਤੇ ਪਏ ਫ਼ਲਾਂ ਨੂੰ ਹੀ ਖਾਂਦੀ ਹਾਂ। ਮੈਨੂੰ ਵੀ ਫ਼ਲ ਦਰਖਤ ਤੋਂ ਤੋੜ ਕੇ ਖਾਣ ਦਾ ਹੁਕਮ ਨਹੀਂ। ਸ਼੍ਰੀ ਰਾਮ ਨੇ ਪੁੱਛਿਆ ਹਨੂਮਾਨ! ਸੀਤਾ ਨੇ ਸ਼ਿੰਗਾਰ ਕਰ ਰੱਖਿਆ ਹੋਵੇਗਾ ਸੋਹਣੀ ਕੀਮਤੀ ਸਾੜੀ ਪਾਈ ਹੋਈ ਹੋਵੇਗੀ? ਰਾਵਣ ਦੀ ਸੇਜ਼ 'ਤੇ ਸੌਂਦੀ ਹੋਵੇਗੀ?

ਹਨੂੰਮਾਨ ਨੇ ਕਿਹਾ ਹੇ ਭਗਵਨ! ਮਾਤਾ-ਸੀਤਾ ਨੇ ਫਟੇ-ਪੁਰਾਣੇ ਕੱਪੜੇ ਪਾ ਰੱਖੇ ਸਨ। ਜ਼ਮੀਨ ਤੇ ਬਿਸਤਰਾ ਵਿਛਾ ਕੇ ਸੌਂਦੀ ਹੈ। ਹੇ ਭਗਵਨ! ਮੈਂ ਦਰਖਤ ਉੱਪਰ ਲੁੱਕ ਕੇ ਬੈਠਾ ਸੀ। ਰਾਵਣ ਆਪਣੇ ਸਿਪਾਹੀਆਂ ਸਮੇਤ ਆਇਆ ਅਤੇ ਸੀਤਾ ਨੂੰ ਆਪਣੀ ਪਤਨੀ ਬਣਨ ਦੇ ਲਈ ਮਜ਼ਬੂਰ ਕਰਨ ਅਤੇ ਵੱਖ-ਵੱਖ ਤਰ੍ਹਾਂ ਦੇ ਵਚਨ ਕਹੇ। ਡਰ ਦਿਖਾਇਆ ਬਹੁਤ ਦੁਖੀ ਮਾਤਾ ਨੇ ਕਿਹਾ ਰਾਵਣ! ਮੇਰੀ ਜਾਨ ਜਾ ਸਕਦੀ ਹੈ ਇਸ ਸਰੀਰ ਨੂੰ ਸ਼੍ਰੀ ਰਾਮ ਤੋਂ ਇਲਾਵਾ ਕੋਈ ਹੋਰ ਪੁਰਸ਼ ਛੂਹ ਨਹੀਂ ਸਕਦਾ। ਤੂੰ ਜਿੰਨਾ ਚਾਹੇ ਤਸੀਹੇ ਦੇ ਮੈਨੂੰ । ਰਾਵਣ ਝੱਖ ਮਾਰ ਕੇ (ਸਮਾਂ ਬਰਬਾਦ ਕਰਕੇ ) ਚਲਾ ਗਿਆ। ਤਦ ਮੈਂ ਤੋੜ-ਤੋੜ ਕੇ ਫ਼ਲ ਖਾਧੇ। ਰਾਵਣ ਦਾ ਬਾਗ਼ ਉਖਾੜ ਕੇ ਸਮੁੰਦਰ ਵਿੱਚ ਸੁੱਟ ਦਿੱਤਾ। ਰਾਵਣ ਦੀ ਲੰਕਾ ਵਿੱਚ ਅੱਗ ਲਾ ਦਿੱਤੀ। ਜੋ ਨੌਕਰ-ਮਾਤਾ ਜੀ ਨੂੰ ਪਰੇਸ਼ਾਨ ਕਰਦੇ ਸਨ ਉਨ੍ਹਾਂ ਦੀ ਚੰਗੀ ਖਬਰ ਲਈ। ਸੀਤਾ ਜੀ ਦਾ ਚੰਨ ਵਰਗਾ ਚਿਹਰਾ ਮੁਰਝਾਏ ਫੁੱਲ ਵਾਂਗ ਹੋ ਚੁੱਕਾ ਹੈ। ਉਹ ਤਾਂ ਤੁਹਾਡੀ ਯਾਦ ਵਿੱਚ ਖੋਈ ਰਹਿੰਦੀ ਹੈ। ਤੁਹਾਡੀ ਚਰਚਾ ਤੋਂ ਇਲਾਵਾ ਉਨ੍ਹਾਂ ਨੂੰ ਕੋਈ ਗੱਲ ਚੰਗੀ ਨਹੀਂ ਲੱਗਦੀ। ਮੇਰੇ ਤੋਂ ਤੁਹਾਡੇ ਬਾਰੇ ਪੁੱਛਿਆ "ਸ਼੍ਰੀਰਾਮ ਕਿਵੇਂ ਹਨ?" ਮੇਰੇ ਵਿਯੋਗ ਵਿੱਚ ਬਹੁਤ ਦੁਖੀ ਹੋਣਗੇ। ਹਨੂੰਮਾਨ ਤੁਸੀਂ ਸ਼੍ਰੀ ਰਾਮ ਦੇ ਖਾਣ ਪੀਣ ਦਾ ਧਿਆਨ ਰੱਖਣਾ। ਉਹ ਬਹੁਤ ਚੰਗੇ ਹਨ। ਮੇਰੇ ਵਿਯੋਗ ਵਿੱਚ ਰੋ-ਰੋ ਕੇ ਬਹੁਤ ਦੁਖੀ ਰਹਿੰਦੇ ਹੋਣਗੇ। ਉਨ੍ਹਾਂ ਨੂੰ ਮੇਰੀ ਰਾਮ-2 ਕਹਿਣਾ ਅਤੇ ਮੇਰੀ ਪ੍ਰਾਰਥਨਾ ਕਰਨਾ ਕਿ ਮੈਨੂੰ ਬਹੁਤ ਜਲਦੀ ਰਾਵਣ ਦੀ ਕੈਦ ਤੋਂ ਛੁੜਾ ਲੈਣ। ਮੈਂ ਉਨ੍ਹਾਂ ਤੋਂ ਬਿਨਾਂ ਬਹੁਤ ਪਰੇਸ਼ਾਨ ਹਾਂ। ਹਨੂੰਮਾਨ ਦੇ ਸ਼੍ਰੀ ਮੁਖ ਤੋਂ ਉਪਰੋਕਤ ਵਚਨ ਸੁਣ ਕੇ ਸ਼੍ਰੀ ਰਾਮਚੰਦਰ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਸੀਤਾ ਦਾ ਰਾਵਣ ਨਾਲ ਕੋਈ ਸੰਬੰਧ ਨਹੀਂ ਹੈ। ਉਹ ਬਹੁਤ ਪਰੇਸ਼ਾਨ ਹੈ। ਤਦ ਰਾਵਣ ਨਾਲ ਯੁੱਧ ਕਰਨ ਦੀ ਤਿਆਰੀ ਕੀਤੀ ਅਤੇ ਯੁੱਧ ਜਿੱਤ ਕੇ ਵਿਭੀਸ਼ਣ ਨੂੰ ਲੰਕਾ ਦਾ ਰਾਜ ਦਿੱਤਾ। ਸੀਤਾ ਦੀ ਅਗਨੀ ਪ੍ਰੀਖਿਆ ਲੈ ਕੇ ਸ਼੍ਰੀ ਰਾਮ ਆਪਣੀ ਪਤਨੀ ਸੀਤਾ ਦੇ ਨਾਲ ਪੁਸ਼ਪਕ ਵਿਮਾਨ ਵਿੱਚ ਬੈਠ ਕੇ ਅਯੋਧਿਆ ਆਏ ਨਾਲ ਭਰਾ ਲਕਸ਼ਮਣ ਵੀ ਸੀ। ਸ਼੍ਰੀ ਰਾਮ ਨੂੰ ਅਯੋਧਿਆ ਦਾ ਰਾਜ ਭਰਤ ਨੇ ਸੌਂਪ ਦਿੱਤਾ।

ਇੱਕ ਦਿਨ ਸੀਤਾ ਨੇ ਹਨੂੰਮਾਨ ਨੂੰ ਇੱਕ ਸੱਚੇ ਮੋਤੀਆਂ ਦੀ ਬਹੁਤ ਕੀਮਤੀ ਮਾਲਾ ਦਿੱਤੀ। ਹਨੂੰਮਾਨ ਜੀ ਨੇ ਉਸ ਮਾਲਾ ਦੇ ਮਣਕੇ ਤੋੜ-ਤੋੜ ਕੇ ਜ਼ਮੀਨ ਤੇ ਸੁੱਟ ਦਿੱਤੇ। ਸੀਤਾ ਨੂੰ ਚੰਗਾ ਨਹੀਂ ਲੱਗਾ ਅਤੇ ਗੁੱਸੇ ਹੋ ਕੇ ਹਨੂੰਮਾਨ ਨੂੰ ਕੌੜੇ ਵਚਨ ਕਹੇ। ਓਏ ਹਨੂੰਮਾਨ! ਤੂੰ ਇੰਨੀ ਕੀਮਤੀ ਮਾਲਾ ਨੂੰ ਬਰਬਾਦ ਕਰ ਦਿੱਤਾ । ਤੂੰ ਰਿਹਾ ਬਾਂਦਰ ਦਾ ਬਾਂਦਰ! ਇਹ ਰਾਜਮਹਿਲ ਜੰਗਲ ਵਿੱਚ ਰਹਿਣ ਵਾਲਿਆਂ ਲਈ ਨਹੀਂ ਹੈ। ਅੱਜ ਤੂੰ ਮਾਲਾ ਦਾ ਨਾਸ਼ ਕੀਤਾ ਹੈ। ਕੱਲ ਹੋਰ ਕੀਮਤੀ ਵਸਤੂਆਂ ਦਾ ਨਾਸ਼ ਕਰ ਦੇਵੇਂਗਾ। ਤੂੰ ਤਾਂ ਜੰਗਲ ਵਿੱਚ ਹੀ ਰਹਿਣ ਯੋਗ ਹੈ। ਹਨੂੰਮਾਨ ਨੇ ਕਿਹਾ ਹੇ ਮਾਤਾ! ਜਿਸ ਵਸਤੂ ਵਿੱਚ ਰਾਮ ਨਹੀਂ ਉਹ ਵਸਤੂ ਮੇਰੇ ਕੰਮ ਦੀ ਨਹੀਂ। ਮੈਂ ਮੋਤੀ ਨੂੰ ਤੋੜ ਕੇ ਦੇਖਿਆ, ਉਨ੍ਹਾਂ ਵਿੱਚ ਰਾਮ ਨਹੀਂ ਲਿਖਿਆ ਸੀ। ਇਸਲਈ ਮੇਰੇ ਲਈ ਮਿੱਟੀ ਹਨ ਅਤੇ ਸੁਣੋ ਦੇਵੀ ਅੱਜ ਤੁਸੀਂ ਇੱਕ ਭਗਤ ਦੀ ਆਤਮਾ ਦੁਖਾਈ ਹੈ ਤੁਹਾਨੂੰ ਇਨ੍ਹਾਂ ਮਹਿਲਾਂ ਦਾ ਘਮੰਡ ਹੋ ਗਿਆ ਹੈ। ਤੁਸੀਂ ਵੀ ਇਹਨਾਂ ਮਹਿਲਾਂ ਵਿੱਚ ਨਹੀਂ ਰਹਿ ਸਕੋਗੇ । ਤੁਹਾਡਾ ਵੀ ਸਾਰਾ

ਜੀਵਨ ਜੰਗਲ ਵਿੱਚ ਸੰਤਾਂ ਦੇ ਕੋਲ ਹੀ ਬਤੀਤ ਹੋਵੇਗਾ । ਹਨੂੰਮਾਨ ਜੀ ਨੇ ਸੀਤਾ ਜੀ ਦੀ ਇਸ ਗੱਲ ਤੋਂ ਨਰਾਜ਼ ਹੋ ਕੇ ਅਯੋਧਿਆ ਤਿਆਗ ਦਿੱਤੀ ਅਤੇ ਇਕਾਂਤ ਵਾਸ ਕੀਤਾ। ਸੀਤਾ ਜੀ ਵੀ ਜ਼ਿਆਦਾ ਸਮੇਂ ਅਯੋਧਿਆ ਨਗਰੀ ਵਿੱਚ ਨਹੀਂ ਰਹਿ ਸਕੀ। ਇਕ ਧੋਬੀ ਦੇ ਵਿਅੰਗ ਦੇ ਕਾਰਣ ਸ਼੍ਰੀ ਰਾਮ ਨੇ ਸੀਤਾ ਜੀ ਦਾ ਤਿਆਗ ਕਰ ਦਿੱਤਾ। ਸੀਤਾ ਜੀ ਨੇ ਜੰਗਲ ਵਿੱਚ ਰਿਸ਼ੀ ਵਾਲਮਿਕਿ ਜੀ ਦੇ ਆਸ਼ਰਮ ਵਿੱਚ ਰਹਿੰਦਾ ਜੀਵਨ ਬਤੀਤ ਕੀਤਾ।

ਉਸ ਸਮੇਂ ਹਨੂੰਮਾਨ ਜੀ ਬਹੁਤ ਪਰੇਸ਼ਾਨ ਸਨ । ਉਸਨੂੰ ਸੰਸਾਰ ਵਿੱਚ ਕੋਈ ਆਪਣਾ ਦਿਖਾਈ ਨਹੀਂ ਦੇ ਰਿਹਾ ਸੀ। ਧਰਮਦਾਸ! ਉਦੋਂ ਮੈਂ (ਕਬੀਰ ਪਰਮੇਸ਼ਵਰ ਜੀ) ਹਨੂੰਮਾਨ ਜੀ ਦੇ ਕੋ.ਲ ਗਿਆ। ਮੈਂ ਰਾਮ-ਰਾਮ ਸ਼ਬਦ ਦਾ ਉੱਚਾਰਣ ਕੀਤਾ। ਹਨੂੰਮਾਨ ਨੇ ਮੇਰੇ ਵੱਲ ਦੇਖਿਆ ਅਤੇ ਉੱਤਰ ਵਿੱਚ ਜੈ ਰਾਮ ਜੀ ਕਿਹਾ, ਹਨੂੰਮਾਨ ਨੇ ਕਿਹਾ, ਆਓ ਰਿਸ਼ੀ ਜੀ! ਤੁਹਾਡਾ ਚਿਹਰਾ ਪਹਿਲਾਂ ਕਦੇ ਮੈਂ ਦੇਖਿਆ ਹੈ। ਧਿਆਨ ਨਹੀਂ ਆ ਰਿਹਾ ਕਿੱਥੇ ਦੇਖਿਆ ਹੈ? ਮੈਂ (ਕਬੀਰ ਪਰਮੇਸ਼ਵਰ ਨੇ) ਕਿਹਾ ਕਿ ਮੈਂ ਦੱਸਦਾ ਹਾਂ, ਤੁਸੀਂ ਮੈਨੂੰ ਕਿੱਥੇ ਦੇਖਿਆ ਸੀ? ਹਨੂੰਮਾਨ ਨੇ ਮੈਨੂੰ ਬੈਠਣ ਲਈ ਕਿਹਾ। ਮੈਂ ਉਸਦੇ ਕੋਲ ਬੈਠ ਕੇ ਉਹ ਕੰਗਣ ਵਾਲੀ ਗੱਲ ਯਾਦ ਕਰਵਾਈ ਅਤੇ ਕਿਹਾ ਮੈਂ ਉਹ ਹੀ ਰਿਸ਼ੀ ਹਾਂ। ਉਸ ਸਮੇਂ ਹਨੂੰਮਾਨ ਤੁਹਾਡੇ ਕੋਲ ਤੱਤਵਗਿਆਨ ਸੁਣਨ ਲਈ ਸਮਾਂ ਨਹੀਂ ਸੀ। ਹੁਣ ਤੁਹਾਡੇ ਕੋਲ ਲੋੜੀਂਦਾ ਸਮਾਂ ਹੈ। ਇਸ ਲਈ ਮੈਂ ਤੁਹਾਨੂੰ ਪੂਰਣ ਪਰਮ-ਾਤਮਾ ਦੇ ਬਾਰੇ ਵਿੱਚ ਗਿਆਨ ਸੁਣਾਉਣ ਦੇ ਲਈ ਆਇਆ ਹਾਂ। ਜੇਕਰ ਤੁਹਾਡੀ ਰੂਚੀ ਹੋਵੇ ਤਾਂ ਚਰਚਾ ਕੀਤੀ ਜਾਵੇ। ਹਨੂੰਮਾਨ ਨੇ ਕਿਹਾ ਰਿਸ਼ੀਵਰ! ਮੈਂ ਤੁਹਾਡਾ ਗਿਆਨ ਰੁਚੀ ਨਾਲ ਸੁਣਾਂਗਾ ਤੁਸੀਂ ਮੈਨੂੰ ਤੱਤਵਗਿਆਨ ਸੁਣਾਓ।

ਮੈਂ ਹਨੂੰਮਾਨ ਜੀ ਨੂੰ ਸ੍ਰਿਸ਼ਟੀ ਰਚਨਾ ਸੁਣਾਈ (ਕਿਰਪਾ ਪਾਠਕ ਪੜ੍ਹਨ ਸ੍ਰਿਸ਼-ਟੀ ਰਚਨਾ ਇਸੇ ਪੁਸਤਕ ਦੇ ਪੰਨਾ 250 ਤੋਂ 269 ਉੱਤੇ) ਹਨੂੰਮਾਨ ਜੀ ਨੇ ਕਿਹਾ ਰਿਸ਼ੀ ਜੀ! ਤੁਹਾਡੇ ਦੁਆਰਾ ਸੁਣਾਇਆ ਗਿਆਨ ਪਹਿਲਾਂ ਕਦੇ ਨਹੀਂ ਸੁਣਿਆ ਇਸ ਲਈ ਮਨ ਮੰਨਣ ਨੂੰ ਤਿਆਰ ਨਹੀਂ ਹੈ। ਹਨੂੰਮਾਨ ਦੇ ਅਜਿਹਾ ਕਹਿਣ ਤੇ ਹੀ ਮੈਂ ਅੰਤਰਧਿਆਨ ਹੋ ਗਿਆ। ਹਨੂੰਮਾਨ ਮੈਨੂੰ ਹਰ ਦਿਸ਼ਾ ਵਿੱਚ ਖੋਜਣ ਲੱਗਾ। ਜਦੋਂ ਉੱਪਰ ਅਸਮਾਨ ਵੱਲ ਦੇਖਿਆ ਤਾਂ ਉਸਨੂੰ ਦਿੱਵ ਦ੍ਰਿਸ਼ਟੀ ਪ੍ਰਦਾਨ ਕੀਤੀ ਜਿਸਦੇ ਦੁਆਰਾ ਹਨੂੰਮਾਨ ਨੇ ਮੈਨੂੰ ਸਤਲੋਕ ਦੇ ਸਿੰਘਾਸਨ ਉੱਤੇ ਬੈਠੇ ਦੇਖਿਆ। ਮੇਰੇ ਸਰੀਰ ਤੇ ਸਤਲੋਕ ਦੇ ਤੇਜ਼ (ਪ੍ਰਕਾਸ਼) ਨੂੰ ਦੇਖਕੇ ਹਨੂੰਮਾਨ ਬਹੁਤ ਪ੍ਰਭਾਵਿਤ ਹੋਇਆ। ਕੁੱਝ ਸਮੇਂ ਬਾਅਦ ਮੈਂ ਫਿਰ ਉਸਤੋਂ ਪੰਜਾਹ ਗਜ਼ ਦੀ ਦੂਰੀ ਉੱਤੇ ਇਕ ਦਰੱਖ਼ਤ ਦੇ ਹੇਠਾਂ ਵਿਰਾਜਮਾਨ ਹੋਇਆ। ਮੈਨੂੰ ਦੇਖ ਕੇ ਮਹਾਂਵੀਰ ਹਨੂੰਮਾਨ ਮੇਰੇ ਕੋਲ ਆਇਆ ਤੇ ਪ੍ਰਾਰਥਨਾ ਕੀਤੀ ਕਿ ਹੇ ਰਿਸ਼ੀ ਮੁਨਿੰਦਰ! ਕਿਰਪਾ ਮੈਨੂੰ ਤੁਹਾਡੇ ਸਤਲੋਕ ਦੇ ਦਰਸ਼ਨ ਕਰਵਾਓ। ਉਦੋਂ ਮੈਂ ਹਨੂੰਮਾਨ ਨੂੰ ਧਰਮਦਾਸ ਤੁਹਾਡੀ ਤਰ੍ਹਾਂ ਸਤਲੋਕ ਦੀ ਸੈਰ ਕਰਵਾਈ। ਉਦੋਂ ਪਹਿਲਵਾਨ ਨੂੰ ਤੱਤਵਗਿਆਨ ਹੋਇਆ ਅਤੇ ਮੇਰੇ ਚਰਣ ਲਏ, ਉਪਦੇਸ਼ ਦੇ ਲਈ ਪ੍ਰਾਰਥਨਾ ਕੀਤੀ ਕਿਹਾ ਹੇ ਰਿਸ਼ੀਵਰ! ਤੁਸੀਂ ਪੂਰਣ ਪਰਮਾਤਮਾ ਹੋ ਤੁਸੀਂ ਆਪਣੇ ਆਪ ਨੂੰ ਲੁਕੋ ਰੱਖਿਆ ਹੈ। ਕਿਰਪਾ ਮੈਨੂੰ ਉਪਦੇਸ਼ ਦਿਓ ਅਤੇ ਉਹ ਵਿਧੀ ਦੱਸੋ ਜਿਸ ਨਾਲ ਸਤਲੋਕ ਦੀ ਪ੍ਰਾਪਤੀ ਹੋ ਸਕੇ। ਹੇ ਧਰਮਦਾਸ! ਉਦੋਂ ਮੈਂ ਹਨੂੰਮਾਨ ਨੂੰ ਨਾਮਦਾਨ ਦਿੱਤਾ ਅਤੇ ਆਪਣਾ ਸ਼ਿਸ਼ ਬਣਾਇਆ। ਅੰਜਨੀ ਪੁੱਤਰ ਨੇ ਨਾਸ਼ਵਾਨ ਰਾਮ ਦੀ ਭਗਤੀ ਤਿਆਗ ਕੇ ਅਵਿਨਾਸ਼ੀ ਰਾਮ ਭਾਵ ਮੇਰੀ ਪੂਰਣ ਬ੍ਰਹਮ ਦੀ ਭਗਤੀ ਕੀਤੀ ਜਿਸ ਨਾਲ ਹਨੂੰਮਾਨ ਦਾ ਕਲਿਆਣ ਹੋਇਆ।

## “ਪੂਰਣ ਪਰਮਾਤਮਾ ਕਬੀਰ ਜੀ ਦਾ ਦੁਆਪਰ ਯੁੱਗ ਵਿੱਚ ਪ੍ਰਗਟ ਹੋਣਾ”

ਪ੍ਰਸ਼ਨ:- ਹੇ ਪਰਮੇਸ਼ਵਰ! ਆਪਣੇ ਦਾਸ ਧਰਮਦਾਸ ਤੇ ਕਿਰਪਾ ਕਰਕੇ ਦੁਆਪਰ ਯੁੱਗ ਵਿੱਚ ਪ੍ਰਗਟ ਹੋਣ ਦੀ ਕਥਾ ਸੁਣਾਓ ਜਿਸ ਨਾਲ ਤੱਤਵਿਗਆਨ ਪ੍ਰਾਪਤ ਹੋਵੇ ?

ਉੱਤਰ:- ਕਬੀਰ ਪਰਮੇਸ਼ਵਰ (ਕਬੀਰਦੇਵ) ਨੇ ਕਿਹਾ ਹੇ ਧਰਮਦਾਸ! ਦੁਆਪਰ ਯੁੱਗ ਵਿੱਚ ਵੀ ਮੈਂ ਰਾਮਨਗਰ ਨਾਮਕ ਨਗਰੀ ਵਿੱਚ ਇੱਕ ਸਰੋਵਰ ਵਿੱਚ ਕਮਲ ਦੇ ਫੁੱਲ ਉੱਪਰ ਸ਼ਿਸ਼ੂ ਰੂਪ ਵਿੱਚ ਪ੍ਰਗਟ ਹੋਇਆ। ਇੱਕ ਬੇਔਲਾਦ ਬਾਲਮੀਕੀ (ਕਾਲੂ ਅਤੇ ਗੋਦਾਵਰੀ) ਜੋੜਾ ਆਪਣੇ ਘਰ ਲੈ ਗਿਆ। ਇੱਕ ਰਿਸ਼ੀ ਤੋਂ ਮੇਰਾ ਨਾਮਕਰਣ ਕਰਾਇਆ। ਉਸਨੇ ਭਗਵਾਨ ਵਿਸ਼ਨੂੰ ਦੀ ਕਿਰਪਾ ਨਾਲ ਪ੍ਰਾਪਤ ਹੋਣ ਦੇ ਅਧਾਰ ਤੇ ਮੇਰਾ ਨਾਮ ਕਰੁਣਾਮਯ ਰੱਖਿਆ। ਮੈਂ 25 ਦਿਨ ਤੱਕ ਕੋਈ ਅਹਾਰ ਨਹੀਂ ਕੀਤਾ। ਮੇਰੀ ਪਾਲਕ ਮਾਤਾ ਬਹੁਤ ਦੁੱਖੀ ਹੋਈ। ਪਿਤਾ ਜੀ ਵੀ ਕਈ ਸਾਧੂ ਸੰਤਾਂ ਦੇ ਕੋਲ ਗਏ। ਮੇਰੇ ਉੱਪਰ ਝਾੜ ਫੂਕ ਵੀ ਕਰਵਾਈ। ਉਹ ਵਿਸ਼ਣੂ ਜੀ ਦੇ ਪੂਜਾਰੀ ਸਨ । ਉਹਨਾਂ ਨੂੰ ਅਤਿ ਦੁੱਖੀ ਦੇਖ ਕੇ ਮੈ ਵਿਸ਼ਨੂੰ ਜੀ ਨੂੰ ਪ੍ਰੇਰਨਾ ਦਿੱਤੀ। ਵਿਸ਼ਨੂੰ ਭਗਵਾਨ ਇੱਕ ਰਿਸ਼ੀ ਰੂਪ ਵਿੱਚ ਉੱਥੇ ਆਏ ਅਤੇ ਪਿਤਾ ਕਾਲੂ ਤੋਂ ਹਾਲ-ਚਾਲ ਪੁੱਛਿਆ। ਪਿਤਾ ਕਾਲੂ ਅਤੇ ਮਾਤਾ ਗੋਦਾਵਰੀ (ਕਲਯੁੱਗ ਵਿੱਚ ਸੰਮਨ ਅਤੇ ਨੇਕੀ ਰੂਪ ਵਿੱਚ ਦਿੱਲੀ ਵਿੱਚ ਜੰਮੇ) ਨੇ ਆਪਣਾ ਦੁੱਖ ਰਿਸ਼ੀ ਜੀ ਨੂੰ ਦੱਸਿਆ ਕਿ ਸਾਨੂੰ ਬਿਰਧ ਅਵਸਥਾ ਵਿੱਚ ਇੱਕ ਪੁੱਤਰ ਰਤਨ ਭਗਵਾਨ ਵਿਸ਼ਨੂੰ ਦੀ ਕਿਰਪਾ ਨਾਲ ਸਰੋਵਰ ਵਿੱਚ ਕਮਲ ਦੇ ਫੁੱਲ ਉੱਤੇ ਪ੍ਰਾਪਤ ਹੋਇਆ ਹੈ। ਇਹ ਬੱਚਾ 25 ਦਿਨ ਤੋਂ ਭੁੱਖਾ ਹੈ ਕੁਝ ਵੀ ਨਹੀਂ ਖਾਧਾ ਹੈ। ਹੁਣ ਇਸ ਦਾ ਅੰਤ ਨੇੜੇ ਹੈ। ਪਰਮਾਤਮਾ ਵਿਸ਼ਨੂੰ ਨੇ ਸਾਨੂੰ ਬੇਅੰਤ ਖੁਸ਼ੀ ਪ੍ਰਦਾਨ ਕੀਤੀ ਹੈ। ਹੁਣ ਉਸ ਨੂੰ ਖੋਹ ਰਹੇ ਹਨ। ਅਸੀ ਪ੍ਰਾਰਥਨਾ ਕਰਦੇ ਹਾਂ ਕਿ ਹੇ ਵਿਸ਼ਨੂੰ ਭਗਵਾਨ! ਇਹ ਖਿਡੌਣਾ ਦੇ ਕੇ ਨਾ ਖੋਇਓ। ਸਾਡੇ ਅਪਰਾਧੀਆਂ ਤੋਂ ਅਜਿਹਾ ਕੀ ਅਪਰਾਧ ਹੋ ਗਿਆ? ਇਸ ਬੱਚੇ ਵਿੱਚ ਸਾਡਾ ਇੰਨਾ ਮੋਹ ਹੋ ਗਿਆ ਕਿ ਜੇਕਰ ਇਸ ਦੀ ਮੌਤ ਹੋ ਗਈ ਤਾਂ ਅਸੀ ਦੋਵੇਂ ਵੀ ਉਸੇ ਸਰੋਵਰ ਵਿੱਚ ਡੁੱਬ ਕੇ ਮਰਾਂਗੇ ਜਿੱਥੇ ਸਾਨੂੰ ਇਹ ਬਾਲਕ ਰਤਨ ਮਿਲਿਆ ਸੀ।

ਹੇ ਧਰਮਦਾਸ! ਰਿਸ਼ੀ ਰੂਪ ਵਿੱਚ ਮੌਜੂਦ ਵਿਸ਼ਨੂੰ ਭਗਵਾਨ ਨੇ ਮੇਰੇ ਵੱਲ ਦੇਖਿਆ। ਮੈ ਪੰਘੂੜੇ ਵਿੱਚ ਝੂਲ ਰਿਹਾ ਸੀ। ਮੇਰੇ ਅਤਿ ਤੰਦਰੁਸਤ ਸਰੀਰ ਨੂੰ ਦੇਖ ਕੇ ਵਿਸ਼ਨੂੰ ਭਗਵਾਨ ਹੈਰਾਨ ਹੋਏ ਅਤੇ ਬੋਲੇ ਹੇ ਕਾਲੂ ਭਗਤ! ਇਹ ਬੱਚਾ ਤਾਂ ਪੂਰਣ ਤੌਰ ਤੇ ਤੰਦਰੁਸਤ ਹੈ। ਤੁਸੀਂ ਕਹਿ ਰਹੇ ਹੋ ਇਹ ਬੱਚਾ ਕੁਝ ਵੀ ਅਹਾਰ ਨਹੀਂ ਕਰਦਾ। ਇਹ ਬਾਲਕ ਤਾਂ ਇਸ ਤਰ੍ਹਾਂ ਤੰਦਰੁਸਤ ਹੈ ਜਿਵੇਂ ਇਹ ਰੋਜ਼ ਇੱਕ ਸੇਰ ਦੁੱਧ ਪੀਂਦਾ ਹੋਵੇ। ਇਹ ਨਹੀਂ ਮਰਣ ਵਾਲਾ। ਇੰਨਾ ਕਹਿ ਕੇ ਵਿਸ਼ਨੂੰ ਮੇਰੇ ਕੋ.ਲ ਆਇਆ। ਮੈਂ ਵਿਸ਼ਨੂੰ ਨਾਲ ਗੱਲ ਕੀਤੀ ਅਤੇ ਕਿਹਾ ਹੇ ਵਿਸ਼ਨੂੰ ਭਗਵਾਨ! ਆਪ ਮੇਰੇ ਮਾਤਾ-ਪਿਤਾ ਨੂੰ ਕਹੋ ਇੱਕ ਕੁਆਰੀ ਗਾਂ ਲਿਆਉਣ, ਉਸ ਗਾਂ ਨੂੰ ਤੁਸੀਂ ਆਸ਼ੀਰਵਾਦ ਦੇਣਾ ਤਾਂ ਕੁਆ-ਰੀ ਗਾਂ ਦੁੱਧ ਦੇਣ ਲੱਗੇਗੀ। ਉਸ ਗਾਂ ਦਾ ਦੁੱਧ ਮੈ ਪੀਵਾਂਗਾ। ਮੇਰੇ ਦੁਆਰਾ ਆਪਣਾ ਪਰਿਚੈ ਜਾਣ ਕੇ ਵਿਸ਼ਨੂੰ ਭਗਵਾਨ ਸਮਝ ਗਏ ਇਹ ਕੋਈ ਸਿੱਧ ਆਤਮਾ ਹੈ ਜਿਸਨੇ ਮੈਨੂੰ ਪਹਿਚਾਣ ਲਿਆ ਹੈ। ਮੈਨੂੰ ਰਿਸ਼ੀ ਨਾਲ ਗੱਲਾਂ ਕਰਦੇ ਹੋਏ ਦੇਖ ਕੇ ਮੇਰੇ ਪਾਲਕ ਮਾਤਾ-ਪਿਤਾ ਹੈਰਾਨ ਹੋ ਰਹਿ ਗਏ। ਅੰਦਰ ਹੀ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ। ਰਿਸ਼ੀ ਨੇ ਕਿਹਾ ਕਾਲੂ ਇੱਕ ਕੁਆਰੀ ਗਾਂ ਲਿਆਓ। ਉਹ ਦੁੱਧ ਦੇਵੇਗੀ, ਉਸ ਦੁੱਧ ਨੂੰ

ਇਹ ਹੋਣਹਾਰ ਬੱਚਾ ਪੀਵੇਗਾ। ਕਾਲੂ ਪਿਤਾ ਤੁਰੰਤ ਇੱਕ ਗਾਂ ਲੈ ਆਇਆ। ਭਗਵਾਨ ਵਿਸ਼ਨੂੰ ਨੇ ਮੇਰੀ ਪ੍ਰਾਰਥਨਾ ਤੇ ਉਸ ਕੁਆਰੀ ਗਾਂ ਦੀ ਕਮਰ ਤੇ ਹੱਥ ਰੱਖ ਦਿੱਤਾ। ਉਸੇ ਸਮੇਂ ਉਸ ਗਾਂ ਦੀ ਵੱਛੀ ਦੇ ਥਣਾਂ ਵਿੱਚੋਂ ਦੁੱਧ ਦੀ ਧਾਰ ਵਗਣ ਲੱਗੀ ਅਤੇ ਉਹ ਤਿੰਨ ਸੇਰ ਦਾ ਭਾਂਡਾ ਭਰਨ ਬਾਅਦ ਰੁਕ ਗਈ । ਉਹ ਦੁੱਧ ਮੈਂ ਪੀਤਾ।

ਮੇਰੀ ਅਤੇ ਵਿਸ਼ਨੂੰ ਜੀ ਦੀ ਗੱਲਬਾਤ ਦੀ ਭਾਸ਼ਾ ਨੂੰ ਕਾਲੂ ਅਤੇ ਗੋਦਾਵਰੀ ਸਮਝ ਨਾ ਸਕੇ। ਉਹ ਮੈਨੂੰ ਪੱਚੀ ਦਿਨ ਦੇ ਬਾਲਕ ਨੂੰ ਬੋਲਦੇ ਦੇਖ ਕੇ ਉਸ ਰਿਸ਼ੀ ਰੂਪ ਵਿਸ਼ਨੂੰ ਦਾ ਹੀ ਚਮਤਕਾਰ ਮੰਨ ਰਹੇ ਸਨ ਅਤੇ ਕੁਆਰੀ ਗਾਂ ਦੁਆਰਾ ਦੁੱਧ ਦੇਣਾ ਵੀ ਉਸ ਰਿਸ਼ੀ ਦੀ ਕਿਰਪਾ ਜਾਣ ਕੇ ਦੋਵੇਂ ਰਿਸ਼ੀ ਦੇ ਚਰਨਾਂ ਵਿੱਚ ਲਿਪਟ ਗਏ। ਮੇਰੀ ਪਾਲਕ ਮਾਂ ਨੇ ਮੈਨੂੰ ਪੰਘੂੜੇ ਵਿੱਚੋਂ ਚੁੱਕਿਆ ਅਤੇ ਉਸ ਰਿਸ਼ੀ ਰੂਪ ਵਿੱਚ ਵਿਰਾਜਮਾਨ ਵਿਸ਼ਨੂੰ ਦੇ ਚਰਣਾਂ ਵਿੱਚ ਪਾ ਦਿੱਤਾ। ਮੈਂ ਜ਼ਮੀਨ 'ਤੇ ਨਹੀਂ ਡਿੱਗਿਆ। ਮਾਂ ਦੇ ਹੱਥਾਂ ਵਿੱਚੋਂ ਨਿਕਲ ਕੇ ਜ਼ਮੀਨ ਤੋਂ ਚਾਰ ਫੁੱਟ ਉੱਪਰ ਹਵਾ ਵਿੱਚ ਪੰਘੂੜੇ ਵਾਂਗ ਸਥਿਤ ਹੋ ਗਿਆ। ਜਦ ਗੋਦਾਵਰੀ ਨੇ ਮੈਨੂੰ ਰਿਸ਼ੀ ਦੇ ਚਰਣਾਂ ਵੱਲ ਕੀਤਾ ਭਗਵਾਨ ਵਿਸ਼ਨੂੰ ਤਿੰਨ ਕਦਮ ਪਿੱਛੇ ਹੱਟ ਗਏ ਅਤੇ ਬੋਲੇ ਮਾਈ! ਇਹ ਬਾਲਕ ਪਰਮ ਸ਼ਕਤੀ ਯੁਕਤ ਹੈ, ਵੱਡਾ ਹੋ ਕੇ ਜਨਤਾ ਦਾ ਉਪਕਾਰ ਕਰੇਗਾ। ਇਨ੍ਹਾਂ ਕਹਿ ਕੇ ਰਿਸ਼ੀ ਰੂਪਧਾਰੀ ਵਿਸ਼ਨੂੰ ਆਪਣੇ ਲੋਕ ਨੂੰ ਚਲੇ ਪਏ। ਮੈਂ ਦੁਬਾਰਾ ਪੰਘੂੜੇ ਵਿੱਚ ਵਿਰਾਜਮਾਨ ਹੋ ਗਿਆ।

ਉਸ ਬਾਲਮੀਕੀ ਜੋੜੇ (ਕਾਲੂ ਅਤੇ ਗੋਦਾਵਰੀ) ਨੇ ਮੇਰਾ ਹਵਾ ਵਿੱਚ ਸਥਿਤ ਹੋਣਾ ਵੀ ਰਿਸ਼ੀ ਦਾ ਹੀ ਕੌਤਕ ਸਮਝਿਆ ਇਸ ਕਾਰਣ ਮੈਨੂੰ ਕੋਈ ਅਵਤਾਰੀ ਪੁਰਸ਼ ਨਾ ਸਮਝ ਸਕੇ, ਮੈਂ ਵੀ ਇਹੀ ਚਾਹੁੰਦਾ ਸੀ, ਕਿ ਇਹ ਮੈਨੂੰ ਇੱਕ ਸਾਧਾਰਣ ਬਾਲਕ ਹੀ ਸਮਝਣ ਜਿਸ ਨਾਲ ਇਨ੍ਹਾਂ ਦਾ ਬੁਢਾਪਾ ਮੇਰੇ ਪਾਲਣ-ਪੋਸ਼ਣ ਵਿੱਚ ਗੁਜ਼ਰ ਜਾਵੇ। ਮੈਂ ਸ਼ਿਸ਼ੂ ਕਾਲ ਵਿੱਚ ਹੀ ਤੱਤਵਗਿਆਨ ਦੀ ਬਾਣੀ ਦਾ ਉੱਚਾਰਣ ਕਰਨ ਲੱਗਾ। ਉਸ ਨਗਰੀ ਵਿੱਚ ਅਕਾਲ ਪੈ ਗਿਆ। ਮੇਰੇ ਮਾਤਾ ਪਿਤਾ ਮੈਨੂੰ ਲੈ ਕੇ ਬਨਾਰਸ (ਕਾਸ਼ੀ) ਆਏ ਅਤੇ ਉੱਥੇ ਰਹਿਣ ਲੱਗੇ।

ਕਾਸ਼ੀ ਨਗਰ ਵਿੱਚ ਇੱਕ ਸੁਦਰਸ਼ਨ ਨਾਂ ਦਾ ਬਾਲਮਿਕ ਜਾਤੀ ਦਾ ਪੁੰਨਆਤਮਾ ਮੇਰੀ ਬਾਣੀ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਮੈਂ ਸੁਦਰਸ਼ਨ ਭਗਤ ਨੂੰ ਸ੍ਰਿਸ਼ਟੀ ਰਚਨਾ ਸੁਣਾਈ। ਸੁਦਰਸ਼ਨ ਮੇਰੀ ਉਮਰ ਦਾ ਸੀ। ਉਸ ਸਮੇਂ ਮੇਰੀ ਲੀਲਾਮਈ ਉਮਰ 12 ਸਾਲ ਸੀ। ਜਦ ਕਾਸ਼ੀ ਦੇ ਵਿਦਵਾਨਾਂ ਨਾਲ ਗਿਆਨ ਚਰਚਾ ਹੁੰਦੀ ਸੀ, ਸੁਦਰਸ਼ਨ ਵੀ ਮੇਰੇ ਨਾਲ ਜਾਂਦਾ ਸੀ। ਇੱਕ ਦਿਨ ਸੁਦਰਸ਼ਨ ਨੇ ਕਿਹਾ ਹੇ ਕਰੁਣਾਮਯ! ਤੁਸੀਂ ਜੋ ਗਿਆਨ ਸੁਣਾਉਂਦੇ ਹੋ ਉਸਦਾ ਸਮਰਥਨ ਕੋਈ ਵੀ ਰਿਸ਼ੀ ਨਹੀਂ ਕਰਦਾ। ਤੁਹਾਡੇ ਗਿਆਨ 'ਤੇ ਕਿਵੇਂ ਵਿਸ਼ਵਾਸ ਹੋਵੇ, ਹੇ ਕਰੁਣਾਮਯ! ਤੁਸੀਂ ਅਜਿਹੀ ਕਿਰਪਾ ਕਰੋ ਜਿਸ ਨਾਲ ਮੇਰਾ ਭਰਮ ਦੂਰ ਹੋ ਜਾਵੇ। ਹੇ ਧਰਮਦਾਸ ਮੈਂ ਉਸ ਪਿਆਸੀ ਆਤਮਾ ਸੁਦਰਸ਼ਨ ਨੂੰ ਸਤਲੋਕ ਦੇ ਦਰਸ਼ਨ ਕਰਵਾਏ ਤੁਹਾਡੀ ਤਰ੍ਹਾਂ ਉਸਨੂੰ ਵੀ ਤਿੰਨ ਦਿਨ ਤੱਕ ਉੱਪਰ ਦੇ ਸਭ ਲੋਕਾਂ ਵਿੱਚ ਲੈ ਗਿਆ। ਸੁਦਰਸ਼ਨ ਦਾ ਪੰਚ ਭੌਤਿਕ ਸਰੀਰ ਅਚੇਤ ਹੋ ਗਿਆ। ਸੁਦਰਸ਼ਨ ਵੀ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਆਪਣੇ ਇਕਲੌਤੇ ਪੁੱਤਰ ਨੂੰ ਮਰਿਆ ਦੇਖ ਕੇ ਉਸਦੇ ਮਾਪੇ ਵਿਰਲਾਪ ਕਰਣ ਲੱਗੇ ਅਤੇ ਮੇਰੇ ਘਰ ਆ ਕੇ ਮੇਰੇ ਮਾਤਾ-ਪਿਤਾ ਨਾਲ ਝਗੜਾ ਕਰਨ ਲੱਗੇ। ਕਿਹਾ ਕਿ ਤੁਹਾਡੇ ਕਰੁਣ ਨੇ ਸਾਡੇ ਬੱਚੇ ਤੇ ਜਾਦੂ-ਜੰਤਰ ਕਰ ਦਿੱਤਾ। ਉਹ ਸੇਵੜਾ ਹੈ। ਸਾਡਾ ਪੁੱਤਰ ਮਰ ਗਿਆ ਤਾਂ ਅਸੀਂ ਤੁਹਾਡੇ ਖਿਲਾਫ਼ ਰਾਜੇ ਨੂੰ ਸ਼ਿਕਾਇਤ ਕਰਾਂਗੇ । ਮੇਰੇ ਮਾਤਾ-ਪਿਤਾ ਨੇ ਮੇਰੇ ਤੋਂ ਉਨ੍ਹਾਂ ਦੇ ਸਾਹਮਣੇ ਹੀ ਪੁੱਛਿਆ

ਹੇ ਕਰੁਣ! ਸੱਚ ਦੱਸ ਤੂੰ ਕੀ ਕਰ ਦਿੱਤਾ ਉਸ ਸੁਦਰਸ਼ਨ ਨੂੰ। ਮੈਂ ਕਿਹਾ ਉਹ ਸਤਲੋਕ ਦੇਖਣਾ ਚਾਹੁੰਦਾ ਸੀ। ਇਸਲਈ ਉਸਨੂੰ ਸਤਲੋਕ ਦਰਸ਼ਨ ਦੇ ਲਈ ਭੇਜਿਆ ਹੈ। ਜਲਦੀ ਹੀ ਵਾਪਸ ਆ ਜਾਵੇਗਾ। ਕਈ ਵੈਦ ਬੁਲਾਏ ਕਈ ਝਾੜ - ਫੂਕ ਕਰਨ ਵਾਲੇ ਬੁਲਾਏ ਕੋਈ ਲਾਭ ਨਹੀਂ ਹੋਇਆ। ਤੀਜੇ ਦਿਨ ਸੁਦਰਸ਼ਨ ਦੇ ਮਾਤਾ-ਪਿਤਾ ਰੋਂਦੇ ਹੋਏ ਮੇਰੇ ਕੋ.ਲ ਆਏ ਬੋਲੇ ਬੇਟਾ ਕਰੁਣ! ਸਾਡੇ ਪੁੱਤਰ ਨੂੰ ਠੀਕ ਕਰਦੇ ਅਸੀਂ ਤੇਰੇ ਅੱਗੇ ਹੱਥ ਜੋੜਦੇ ਹਾਂ। ਮੈਂ ਕਿਹਾ ਮਾਈ ਤੁਹਾਡਾ ਪੁੱਤਰ ਨਹੀਂ ਮਰੇਗਾ।

ਮੈਨੂੰ (ਪਰਮੇਸ਼ਵਰ ਕਬੀਰ ਸਾਹਿਬ) ਆਪਣੇ ਨਾਲ ਆਪਣੇ ਘਰ ਲੈ ਗਏ। ਮੇਰੇ ਮਾਤਾ-ਪਿਤਾ ਵੀ ਮੇਰੇ ਨਾਲ ਗਏ ਆਲੇ -ਦੁਆਲੇ ਦੇ ਵਿਅਕਤੀ ਵੀ ਉੱਥੇ ਮੌਜੂਦ ਸਨ। ਮੈਂ ਸੁਦਰਸ਼ਨ ਦੇ ਸਿਰ ਨੂੰ ਫੜ੍ਹ ਕੇ ਹਿਲਾਇਆ ਅਤੇ ਕਿਹਾ ਹੇ ਸੁਦਰਸ਼ਨ! ਵਾਪਸ ਆ ਜਾ ਤੇਰੇ ਮਾਤਾ- ਪਿਤਾ ਬਹੁਤ ਵਿਆਕੁਲ ਹਨ । ਇੰਨਾ ਕਹਿੰਦੇ ਹੀ ਸੁਦਰਸ਼ਨ ਨੇ ਅੱਖਾਂ ਖੋਲ੍ਹੀਆਂ ਚਾਰੇ ਪਾਸੇ ਦੇਖਿਆ ਆਪਣੀ ਸਿਰ ਵੱਲ ਮੈਨੂੰ ਨਹੀਂ ਦੇਖ ਸਕਿਆ। ਉੱ-ਠਆ - ਬੈਠ ਕੇ ਬੋਲਿਆ, ਪਰਮੇਸ਼ਵਰ ਕਰੁਣਾਮਯ ਕਿੱਥੇ ਹਨ । ਰੋਣ ਲੱਗਾ - ਕਿੱਥੇ ਗਏ ਪਰਮੇਸ਼ਵਰ ਕਰੁਣਾਮਯ। ਮੌਜੂਦ ਵਿਅਕਤੀਆਂ ਨੇ ਪੁੱਛਿਆ, ਕੀ ਕਰੁਣ ਨੂੰ ਲੱਭ ਰਿਹਾ ਹੈਂ? ਦੇਖ ਇਹ ਬੈਠਾ ਤੇਰੇ ਪਿੱਛੇ। ਮੈਨੂੰ ਦੇਖਦੇ ਹੀ ਚਰਣਾਂ ਵਿੱਚ ਸੀਸ ਰੱਖ ਕੇ ਵਿਰਲਾਪ ਕਰਨ ਲੱਗਾ ਅਤੇ ਰੋਂਦਾ ਹੋਇਆ ਬੋਲਿਆ ਹੇ ਕਾਸ਼ੀ ਦੇ ਰਹਿਣ ਵਾਲਿਓ। ਇਹ ਪੂਰਣ ਪਰਮਾਤਮਾ ਹੈ। ਇਹ ਸਾਰੀ ਸ੍ਰਿਸ਼ਟੀ ਦੇ ਰਚਨਹਾਰ ਆਪਣੇ ਸ਼ਹਿਰ ਵਿੱਚ ਵਿਰਾਜਮਾਨ ਹਨ। ਤੁਸੀਂ ਇਸ ਨੂੰ ਨਹੀਂ ਪਛਾਣ ਸਕੇ। ਇਹ ਮੇਰੇ ਨਾਲ ਉੱਪਰ ਦੇ ਲੋਕ ਵਿੱਚ ਗਏ। ਉੱਪਰ ਦੇ ਲੋਕ ਵਿੱਚ ਇਹ ਪੂਰਣ ਪਰਮਾਤਮਾ ਦੇ ਰੂਪ ਵਿੱਚ ਇਕ ਸਫ਼ੇਦ ਗੁੰਬਦ ਵਿੱਚ ਵਿਰਾਜਮਾਨ ਹੈ। ਇਹ ਦੋਵੇਂ ਰੂਪਾਂ ਵਿੱਚ ਲੀਲਾ ਕਰ ਰਿਹਾ ਹੈ। ਸਾਰੇ ਵਿਅਕਤੀ ਕਹਿਣ ਲੱਗੇ ਇਸ ਕਾਲੂ ਦੇ ਪੁੱਤਰ ਨੇ ਭੀਖੂ ਦੇ ਪੁੱਤਰ ਉੱਤੇ ਜਾਦੂ ਜੰਤਰ ਕੀਤਾ ਹੈ। ਜਿਸ ਕਾਰਣ ਨਾਲ ਇਸਦਾ ਦਿਮਾਗ ਚਲ ਗਿਆ ਹੈ। ਇਸ ਕਰੁਣ ਨੂੰ ਹੀ ਪਰਮਾਤਮਾ ਕਹਿ ਰਿਹਾ ਹੈ। ਭਲਾ ਹੋਵੇ ਭਗਵਾਨ ਦਾ ਭੀਖੂ ਦਾ ਪੁੱਤਰ ਜਿਉਂਦਾ ਹੋ ਗਿਆ ਨਹੀਂ ਤਾਂ ਬੇਚਾਰਿਆਂ ਦਾ ਕੋਈ ਹੋਰ ਬੁਢਾਪੇ ਦਾ ਸਹਾਰਾ ਵੀ ਨਹੀਂ ਸੀ। ਇਹ ਕਹਿ ਕੇ ਸਾਰੇ ਆਪਣੇ -ਆਪਣੇ ਘਰ ਚਲੇ ਗਏ।

ਭੀਖੂ ਅਤੇ ਉਸਦੀ ਪਤਨੀ ਸੁਖੀ (ਸੁਖਵੰਤੀ) ਆਪਣੇ ਪੁੱਤਰ ਨੂੰ ਜਿਉਂ-ਦਾ ਦੇਖ ਕੇ ਬਹੁਤ ਖੁਸ਼ ਹੋਏ ਭਗਵਾਨ ਵਿਸ਼ਨੂੰ ਦਾ ਪ੍ਰਸ਼ਾਦ ਬਣਾਇਆ ਪੂਰੇ ਮੁਹੱਲੇ (ਕਲੋਨੀ) ਵਿੱਚ ਪ੍ਰਸ਼ਾਦ ਵੰਡਿਆ। ਸੁਦਰਸ਼ਨ ਨੇ ਮੇਰੇ ਤੋਂ ਉਪਦੇਸ਼ ਲਿਆ। ਆਪਣੇ ਮਾਤਾ-ਪਿਤਾ ਭੀਖੂ ਅਤੇ ਸੁਖੀ ਨੂੰ ਵੀ ਮੇਰੇ ਤੋਂ ਉਪਦੇਸ਼ ਲੈਣ ਲਈ ਕਿਹਾ। ਦੋਵਾਂ ਨੇ ਬਹੁਤ ਵਿਰੋਧ ਕੀਤਾ ਅਤੇ ਕਿਹਾ ਇਹ ਕਾਲੂ ਦਾ ਪੁੱਤਰ ਪੂਰਣ ਪਰਮਾਤਮਾ ਨਹੀਂ ਹੈ ਬੇਟਾ! ਇਸਨੇ ਤੇਰੇ ਉੱਪਰ ਜਾਦੂ - ਮੰਤਰ ਕਰਕੇ ਮੂਰਖ਼ ਬਣਾਇਆ ਹੋਇਆ ਹੈ। ਭਗਵਾਨ ਵਿਸ਼ਨੂੰ ਤੋਂ ਵੱਡਾ ਕੋਈ ਨਹੀਂ ਹੈ। ਸੁਦਰਸ਼ਨ ਨੇ ਮੈਨੂੰ ਕਿਹਾ ਹੇ ਪ੍ਰਭੂ! ਕਿਰਪਾ ਮੈਨੂੰ ਆਪਣੀ ਸ਼ਰਨ ਵਿੱਚ ਰੱਖਣਾ। ਮੇਰੇ ਮਾਤਾ-ਪਿਤਾ ਦਾ ਕੋਈ ਦੋਸ਼ ਨਹੀਂ ਹੈ ਸਾਰਾ ਮਾਨਵ ਸਮਾਜ ਇਸ ਗਿਆਨ ਉੱਤੇ ਅਟਕਿਆ ਹੈ। ਜਿਸ ਉੱਤੇ ਤੁਹਾਡੀ ਕਿਰਪਾ ਹੋਵੇਗੀ ਸਿਰਫ਼ ਉਹੀ ਤੁਹਾਨੂੰ ਜਾਣ ਤੇ ਮੰਨ ਸਕਦਾ ਹੈ। ਇਸ ਕਾਲ- ਬ੍ਰਹਮ ਨੇ ਤਾਂ ਪੂਰੇ ਸੰਸਾਰ ( ਬ੍ਰਹਮਾ - ਵਿਸ਼ਨੂੰ- ਸ਼ਿਵ ਸਹਿਤ) ਨੂੰ ਭ੍ਰਮਿਤ ਕੀਤਾ ਹੋਇਆ ਹੈ। ਹੇ ਧਰਮਦਾਸ! ਸੁਦਰਸ਼ਨ ਭਗਤ ਨੇ ਕਾਲ ਦੇ ਜਾਲ ਨੂੰ ਸਮਝ ਕੇ ਸੱਚੇ ਮਨ ਨਾਲ ਮੇਰੀ ਭਗਤੀ ਕੀਤੀ ਅਤੇ ਮੇਰਾ ਸਾਕਸ਼ੀ ਬਣਿਆ ਕਿ ਪੂਰਣ ਪ੍ਰਮਾਤਮਾ ਕੋਈ ਹੋਰ

ਹੈ ਜਿਹੜਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨਾਲੋਂ ਭਿੰਨ ਅਤੇ ਵੱਧ ਸ਼ਕਤੀਸ਼ਾਲੀ ਹੈ। ਹੇ ਧਰਮਦਾਸ ! ਪਾਂਡਵਾਂ ਦੀ ਅਸ਼ਵਮੇਘ ਯੱਗ ਨੂੰ ਜਿਸ ਸੁਦਰਸ਼ਨ ਦੁਆਰਾ ਸੰਪੂਰਨ ਕੀਤਾ ਗਿਆ ਤੁਸੀਂ ਸੁਣਦੇ ਹੋ ਇਹ ਉਹੀ ਸੁਦਰਸ਼ਨ ਵਾਲਮੀਕਿ ਮੇਰਾ ਚੇਲਾ ਸੀ। ਦੁਆਪਰ ਯੁੱਗ ਵਿੱਚ ਮੈ 404 ਸਾਲ ਤੱਕ ਕਰੁਣਾਮਯ ਸਰੀਰ ਵਿੱਚ ਲੀਲਾ ਕਰਦਾ ਰਿਹਾ ਅਤੇ ਸਹਸਰੀਰ ਸਤਲੋਕ ਚਲਾ ਗਿਆ।

ਪ੍ਰਸ਼ਨ :- ਧਰਮਦਾਸ ਨੇ ਪ੍ਰਸ਼ਨ ਕੀਤਾ ਹੇ ਪ੍ਰਭੂ ਤੁਹਾਡੀ ਕਿਰਪਾ ਦੁਆਪਰ ਯੁੱਗ ਵਿੱਚ ਹੋਰ ਕਿਸ ਪੁੰਨਆਤਮਾ ਉੱਤੇ ਹੋਈ?

ਉੱਤਰ :- ਕਬੀਰ ਪਰਮੇਸ਼ਵਰ (ਕਵਿਰਦੇਵ) ਨੇ ਕਿਹਾ ਦੁਆਪਰ ਯੁਗ ਵਿੱਚ ਇੱਕ ਚੰਦਰ ਵਿਜੈ ਨਾਮਕ ਰਾਜਾ ਦੀ ਰਾਣੀ ਇੰਦਰਮਤੀ ਨੂੰ ਪਾਰ ਕੀਤਾ ਅਤੇ ਰਾਜਾ ਚੰਦਰ ਵਿਜੈ ਉੱਤੇ ਵੀ ਕਿਰਪਾ ਕੀਤੀ। ਪਰਮੇਸ਼ਵਰ ਕਬੀਰ ਜੀ ਦੁਆਰਾ ਦੱਸੀ "ਰਾਣੀ ਇੰਦਰਮਤੀ ਨੂੰ ਪਾਰ ਕਰਨ ਵਾਲੀ ਕਥਾ " ਲੇਖਕ (ਸੰਤ ਰਾਮਪਾਲ ਦਾਸ ਜੀ ਮਹਾਰਾਜ) ਦੇ ਸ਼ਬਦਾਂ ਵਿੱਚ :-

## "ਦਵਾਪਰ ਯੁੱਗ ਵਿੱਚ ਇੰਦਰਮਤੀ ਨੂੰ ਸ਼ਰਣ ਵਿੱਚ ਲੈਣਾ"

ਦਵਾਪਰ ਯੁੱਗ ਵਿੱਚ ਚੰਦਰਵਿਜੈ ਨਾਮ ਦਾ ਇੱਕ ਰਾਜਾ ਸੀ। ਉਸਦੀ ਪਤਨੀ ਇੰਦਰਮਤੀ ਬਹੁਤ ਹੀ ਧਾਰਮਿਕ ਸੁਭਾਅ ਵਾਲੀ ਔਰਤ ਸੀ। ਸੰਤਾਂ-ਮਹਾਤਮਾਵਾਂ ਦਾ ਬਹੁਤ ਆਦਰ ਕਰਦੀ ਸੀ। ਉਸਨੇ ਇੱਕ ਗੁਰੂਦੇਵ ਵੀ ਬਣਾਇਆ ਹੋਇਆ ਸੀ। ਉਨ੍ਹਾਂ ਦੇ ਗੁਰੂਦੇਵ ਨੇ ਦੱਸਿਆ ਸੀ ਕਿ ਸਾਧੂ-ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ। ਸੰਤਾਂ ਨੂੰ ਭੋਜਨ ਖੁਆਉਣ ਨਾਲ ਬਹੁਤ ਲਾਭ ਹੁੰਦਾ ਹੈ। ਏਕਾਦਸ਼ੀ ਦਾ ਵਰਤ, ਮੰਤਰਾਂ ਦੇ ਜਾਪ ਆਦਿ ਸਾਧਨਾਵਾਂ ਜੋ ਗੁਰੂਦੇਵ ਨੇ ਦੱਸੀਆ ਹੋਈਆਂ ਸਨ। ਉਸ ਭਗਵਤ ਭਗਤੀ ਵਿੱਚ ਰਾਣੀ ਬਹੁਤ ਦ੍ਰਿੜਤਾ ਨਾਲ ਲੱਗੀ ਹੋਈ ਸੀ। ਗੁਰੂਦੇਵ ਨੇ ਦੱਸਿਆ ਸੀ ਕਿ ਸੰਤਾਂ ਨੂੰ ਭੋਜਨ ਖੁਆਇਆ ਕਰੇਂਗੀ ਤਾਂ ਅੱਗੇ ਵੀ ਰਾਣੀ ਬਣ ਜਾਏਂਗੀ ਅਤੇ ਤੈਨੂੰ ਸਵਰਗ ਪ੍ਰਾਪਤ ਹੋਵੇਗਾ । ਰਾਣੀ ਨੇ ਸੋਚਿਆ ਕਿ ਹਰ ਰੋਜ਼ ਇੱਕ ਸੰਤ ਨੂੰ ਭੋਜਨ ਜ਼ਰੂਰ ਖੁਆਇਆ ਕਰਾਂਗੀ। ਉਸ ਨੇ ਪ੍ਰਤਿੱਗਿਆ ਮਨ ਵਿੱਚ ਠਾਣ ਲਈ ਕਿ ਮੈਂ ਖਾਣਾ ਬਾਅਦ ਵਿੱਚ ਖਾਇਆ ਕਰਾਂਗੀ, ਪਹਿਲਾਂ ਸੰਤ ਨੂੰ ਖਾਣਾ ਖਿਲਾਇਆ ਕਰਾਂਗੀ । ਇਸਤੋਂ ਮੈਨੂੰ ਯਾਦ ਬਣੀ ਰਹੇਗੀ। ਕਿਤੇ ਮੈਨੂੰ ਭੁੱਲ ਨਾ ਪੈ ਜਾਵੇ। ਰਾਣੀ ਹਰ ਰੋਜ਼ ਪਹਿਲਾਂ ਇੱਕ ਸੰਤ ਨੂੰ ਭੋਜਨ ਖੁਆਉਂਦੀ ਫਿਰ ਖ਼ੁਦ ਖਾਂਦੀ। ਸਾਲਾਂ ਤੱਕ ਇਹ ਕਿਰਿਆ ਚੱਲਦੀ ਰਹੀ ।

ਇੱਕ ਸਮੇਂ ਹਰਿਦਵਾਰ ਵਿੱਚ ਕੁੰਭ ਦੇ ਮੇਲੇ ਦਾ ਸੰਯੋਗ ਹੋਇਆ। ਜਿੰਨੇ ਵੀ ਤ੍ਰਿ-ਗੁਣ ਮਾਇਆ ਦੇ ਉਪਾਸਕ ਸੰਤ ਸੀ ਸਭ ਗੰਗਾ ਇਸ਼ਨਾਨ ਦੇ ਲਈ (ਪਰਭੀ ਲੈਣ ਦੇ ਲਈ) ਚਲੇ ਗਏ। ਇਸ ਕਾਰਣ ਕਈ ਦਿਨ ਰਾਣੀ ਨੂੰ ਭੋਜਨ ਕਰਾਉਣ ਲਈ ਸੰਤ ਨਹੀਂ ਮਿ-ਲਿਆ। ਰਾਣੀ ਇੰਦਰਮਤੀ ਨੇ ਖ਼ੁਦ ਵੀ ਭੋਜਨ ਨਹੀਂ ਕੀਤਾ। ਚੌਥੇ ਦਿਨ ਆਪਣੀ ਬਾਂਦੀ ਨੂੰ ਕਿਹਾ ਕਿ ਬਾਂਦੀ ਦੇਖ ਲੈ ਕੋਈ ਸੰਤ ਮਿਲ ਜਾਵੇ ਤਾਂ, ਨਹੀਂ ਤਾਂ ਅੱਜ ਤੇਰੀ ਰਾਣੀ ਜਿਉਂਦੀ ਨਹੀਂ ਬਚੇਗੀ। ਅੱਜ ਮੇਰੇ ਪ੍ਰਾਣ ਨਿਕਲ ਜਾਣਗੇ ਪ੍ਰੰਤੂ ਮੈਂ ਖਾਣਾ ਨਹੀਂ ਖਾਵਾਂਗੀ। ਉਹ ਦੀਨ ਦਿਆਲ ਕਬੀਰ ਪਰਮੇਸ਼ਵਰ ਆਪਣੇ ਪਹਿਲਾਂ ਵਾਲੇ ਭਗਤ ਨੂੰ ਸ਼ਰਣ ਵਿੱਚ ਲੈਣ ਦੇ ਲਈ ਨਾ ਜਾਣੇ ਕੀ ਕਾਰਣ ਬਣਾ ਦਿੰਦੇ ਹਨ? ਬਾਂਦੀ ਨੇ ਉੱਪਰ ਅਟਾਰੀ ਉੱਤੇ ਚੜ੍ਹ ਕੇ ਦੇਖਿਆ ਕਿ ਸਾਹਮਣੇ ਤੋਂ ਸਫੈਦ ਕੱਪੜੇ ਪਹਿਨੇ ਇੱਕ ਸੰਤ ਆ ਰਿਹਾ ਸੀ। ਦਵਾਪਰ ਯੁੱਗ ਵਿੱਚ ਪਰਮੇਸ਼ਵਰ ਕਬੀਰ ਕਰੁਣਾਮਯ ਨਾਮ ਆਏ ਸੀ। ਬਾਂਦੀ ਹੇਠਾਂ ਆਈ ਅਤੇ ਰਾਣੀ ਨੂੰ ਕਿਹਾ

ਕਿ ਇੱਕ ਵਿਅਕਤੀ ਹੈ ਜੋ ਸਾਧੂ ਜਿਹਾ ਨਜ਼ਰ ਆਉਂਦਾ ਹੈ। ਰਾਣੀ ਨੇ ਕਿਹਾ ਕਿ ਜਲਦੀ ਨਾਲ ਬੁਲਾ ਲਿਆ। ਬਾਂਦੀ ਮਹਿਲ ਤੋਂ ਬਾਹਰ ਆ ਗਈ ਅਤੇ ਪ੍ਰਾਰਥਨਾ ਕੀਤੀ ਕਿ ਸਾਹਿਬ ਤੁਹਾਨੂੰ ਸਾਡੀ ਰਾਣੀ ਨੇ ਯਾਦ ਕੀਤਾ ਹੈ। ਕਰੁਣਾਮਯ ਸਾਹਿਬ ਨੇ ਕਿਹਾ ਕਿ ਰਾਣੀ ਨੇ ਮੈਨੂੰ ਕਿਉਂ ਯਾਦ ਕੀਤਾ ਹੈ, ਮੇਰਾ ਅਤੇ ਰਾਣੀ ਦਾ ਕੀ ਸੰਬੰਧ ? ਨੌਕਰਾਣੀ ਨੇ ਸਾਰੀ ਗੱਲ ਦੱਸੀ।

ਕਰੁਣਾਮਯ (ਕਬੀਰ) ਸਾਹਿਬ ਨੇ ਕਿਹਾ ਕਿ ਰਾਣੀ ਨੂੰ ਲੋੜ ਹੈ ਤਾਂ ਇੱਥੇ ਆ ਜਾਵੇ, ਮੈਂ ਇੱਥੇ ਖੜ੍ਹਾ ਹਾਂ। ਤੂੰ ਬਾਂਦੀ ਅਤੇ ਉਹ ਰਾਣੀ। ਮੈਂ ਉੱਥੇ ਜਾਵਾਂ ਅਤੇ ਜੇ ਉਹ ਕਹਿ ਦੇਵੇ ਕਿ ਤੁਹਾਨੂੰ ਕਿਸਨੇ ਬੁਲਾਇਆ ਸੀ ਜਾਂ ਉਸਦਾ ਰਾਜਾ ਹੀ ਕਹਿ ਦੇਵੇ ਅਤੇ ਬੇਟੀ ਸੰਤਾਂ ਦਾ ਅਨਾਦਰ ਬਹੁਤ ਪਾਪਦਾਇਕ ਹੁੰਦਾ ਹੈ। ਬਾਂਦੀ ਫਿਰ ਵਾਪਸ ਆਈ ਅਤੇ ਰਾਣੀ ਨੂੰ ਸਭ ਕਹਾਣੀ ਕਹਿ ਸੁਣਾਈ। ਤਦ ਰਾਣੀ ਨੇ ਕਿਹਾ ਕਿ ਬਾਂਦੀ ਮੇਰਾ ਹੱਥ ਫੜ੍ਹ ਅਤੇ ਚੱਲ । ਜਾਂਦੇ ਹੀ ਰਾਣੀ ਨੇ ਦੰਡਵਤ ਪ੍ਰਣਾਮ ਕਰਕੇ ਪ੍ਰਾਰਥਨਾ ਕੀਤੀ ਕਿ ਹੇ ਪਰਵਰਦਿਗਾਰ! ਚਾਹੁੰਦੀ ਤਾਂ ਇਹ ਹਾਂ ਕਿ ਤੁਹਾਨੂੰ ਮੋਢੇ ਉੱਤੇ ਬਿਠਾ ਲਵਾਂ। ਕਰੁਣਾਮਯ ਸਾਹਿਬ ਨੇ ਕਿਹਾ ਬੇਟੀ! ਮੈਂ ਇਹੀ ਦੇਖਣਾ ਚਾਹੁੰਦਾ ਸੀ ਕਿ ਤੇਰੇ ਵਿੱਚ ਕੋਈ ਸ਼ਰਧਾ ਵੀ ਹੈ ਜਾਂ ਉਂਝ ਹੀ ਭੁੱਖੀ ਮਰ ਰਹੀ ਹੈਂ । ਰਾਣੀ ਨੇ ਆਪਣੇ ਹੱਥੀਂ ਖਾਣਾ ਬਣਾਇਆ। ਕਰੁਣਾਮਯ ਰੂਪ ਵਿੱਚ ਆਏ ਕਵਿਰਦੇਵ ਨੇ ਕਿਹਾ ਕਿ ਮੈਂ ਖਾਣਾ ਨਹੀਂ ਖਾਂਦਾ। ਮੇਰਾ ਸਰੀਰ ਖਾਣਾ ਖਾਣ ਦਾ ਨਹੀਂ ਹੈ। ਤਦ ਰਾਣੀ ਨੇ ਕਿਹਾ ਮੈਂ ਵੀ ਖਾਣਾ ਨਹੀਂ ਖਾਵਾਂਗੀ। ਕਰੁਣਾਮਯ ਸਾਹਿਬ ਜੀ ਨੇ ਕਿਹਾ ਕਿ ਠੀਕ ਹੈ ਬੇਟੀ ਖਾਣਾ ਲਿਆਓ ਖਾਣਾ ਖਾਂਦੇ ਹਾਂ, ਕਿਉਂਕਿ ਸਮਰੱਥ ਉਸੇ ਨੂੰ ਕਹਿੰਦੇ ਹਨ ਜੋ, ਜੋ ਚਾਹੇ, ਸੋ ਕਰੇ। ਕਰੁਣਾਮਯ ਸਾਹਿਬ ਨੇ ਖਾਣਾ ਖਾ ਲਿਆ, ਫਿਰ ਰਾਣੀ ਤੋਂ ਪੁੱਛਿਆ ਕਿ ਜੋ ਤੂੰ ਇਹ ਸਾਧਨਾ ਕਰ ਰਹੀ ਹੈਂ ਇਹ ਤੈਨੂੰ ਕਿਸ ਨੇ ਦੱਸੀ ਹੈ? ਰਾਣੀ ਨੇ ਕਿਹਾ ਕਿ ਮੇਰੇ ਗੁਰਦੇਵ ਨੇ ਆਦੇਸ਼ ਦਿੱਤਾ ਹੈ। ਕਬੀਰ ਸਾਹਿਬ ਨੇ ਪੁੱਛਿਆ ਕੀ ਆਦੇਸ਼ ਦਿੱਤਾ ਹੈ ਤੇਰੇ ਗੁਰਦੇਵ ਨੇ? ਇੰਦਰਮਤੀ ਨੇ ਕਿਹਾ ਬ੍ਰਹਮਾ-ਵਿਸ਼ਨੂੰ-ਮਹੇਸ਼ ਦੀ ਪੂਜਾ ਇਕਾਦਸ਼ੀ ਦਾ ਵਰਤ, ਤੀਰਥ ਭ੍ਰਮਣ, ਦੇਵੀ ਪੂਜਾ, ਸ਼ਰਾਧ ਕੱਢਣਾ, ਮੰਦਰ ਵਿੱਚ ਜਾਣਾ, ਸੰਤਾਂ ਦੀ ਸੇਵਾ ਕਰਨਾ। ਕਰੁਣਾਮਯ (ਕਬੀਰ) ਸਾਹਿਬ ਨੇ ਕਿਹਾ ਕਿ ਜੋ ਸਾਧਨਾ ਤੇਰੇ ਗੁਰੂਦੇਵ ਨੇ ਦਿੱਤੀ ਹੈ ਤੈਨੂੰ ਜਨਮ – ਮੌਤ ਅਤੇ ਸਵਰਗ-ਨਰਕ ਤੇ ਚੌਰਾਸੀ ਲੱਖ ਜੂਨੀਆਂ ਦੇ ਕਸ਼ਟ ਤੋਂ ਮੁਕਤ ਨਹੀਂ ਕਰ ਸਕਦੀ। ਰਾਣੀ ਨੇ ਕਿਹਾ ਕਿ ਮਹਾਰਾਜ ਜੀ ਜਿੰਨੇ ਵੀ ਸੰਤ ਹਨ, ਆਪਣੀ-ਆ-ਪਣੀ ਪ੍ਰਭੂਤਾ ਆਪ ਹੀ ਬਣਾਉਣ ਆਉਂਦੇ ਹਨ। ਮੇਰੇ ਗੁਰੂਦੇਵ ਦੇ ਬਾਰੇ ਕੁਝ ਨਹੀਂ ਕਹੋਗੇ। ਮੈਂ ਚਾਹੇ ਮੁਕਤ ਹੋਵਾਂ ਜਾਂ ਨਾ ਹੋਵਾਂ।

ਕਰੁਣਾਮਯ (ਕਬੀਰ) ਸਾਹਿਬ ਨੇ ਸੋਚਿਆ ਕਿ ਇਸ ਭੋਲੇ ਜੀਵ ਨੂੰ ਕਿਵੇਂ ਸਮਝਾਵਾਂ? ਇਹਨਾਂ ਨੇ ਜੋ ਪੂਛ ਫੜ੍ਹ ਲਈ ਉਸਨੂੰ ਛੱਡ ਨਹੀਂ ਸਕਦੇ, ਮਰ ਸਕਦੇ ਹਨ। ਕਰੁਣਾਮਯ ਸਾਹਿਬ ਨੇ ਕਿਹਾ ਕਿ ਬੇਟੀ ਉਂਝ ਤਾਂ ਤੇਰੀ ਇੱਛਾ ਹੈ, ਮੈਂ ਨਿੰਦਾ ਨਹੀਂ ਕਰ ਰਿਹਾ। ਕੀ ਮੈਂ ਤੁਹਾਡੇ ਗੁਰੂਦੇਵ ਨੂੰ ਗਾਲੀ ਦਿੱਤੀ ਹੈ ਜਾਂ ਬੁਰਾ ਕਿਹਾ ਹੈ? ਮੈਂ ਤਾਂ ਭਗਤੀਮਾਰਗ ਦੱਸ ਰਿਹਾ ਹਾਂ ਇਹ ਭਗਤੀ ਸ਼ਾਸ਼ਤਰ ਵਿਰੁੱਧ ਹੈ। ਤੈਨੂੰ ਪਾਰ ਨਹੀਂ ਹੋਣ ਦੇਵੇਗੀ ਅਤੇ ਨਾ ਹੀ ਤੇਰਾ ਕੋਈ ਆਉਣ ਵਾਲਾ ਕਰਮਦੰਡ ਕੱਟੇਗਾ ਅਤੇ ਸੁਣ ਲੈ ਅੱਜ ਤੋਂ ਤੀਸਰੇ ਦਿਨ ਤੇਰੀ ਮੌਤ ਹੋ ਜਾਵੇਗੀ। ਨਾ ਤੇਰਾ ਗੁਰੂ ਬਚਾ ਸਕੇਗਾ ਅਤੇ ਨਾ ਤੇਰੀ ਇਹ ਨਕਲੀ ਸਾਧਨਾ ਬਚਾ ਸਕੇਗੀ। (ਜਦ ਮਰਨ ਦੀ ਬਾਰੀ ਆਉਂਦੀ ਹੈ ਫਿਰ ਜੀਵ ਨੂੰ ਡਰ ਲਗਦਾ ਹੈ। ਉਂਝ ਤਾਂ ਨਹੀਂ ਮੰਨਦੇ) ਰਾਣੀ ਨੇ ਸੋਚਿਆ ਕਿ ਸੰਤ ਝੂਠ ਨਹੀਂ ਬੋਲਦੇ। ਕਿਤੇ ਅਜਿਹਾ ਨਾ ਹੋਵੇ ਕਿ ਮੈਂ ਤੀਸਰੇ ਦਿਨ ਹੀ ਮਰ ਜਾਵਾਂ। ਇਸ ਡਰ ਨਾਲ ਕਰੁਣਾਮਯ ਸਾਹਿਬ ਤੋਂ ਪੁੱਛਿਆ ਕਿ ਮੇਰੀ ਜਾਨ ਬਚ ਸਕਦੀ ਹੈ? ਕਬੀਰ ਸਾਹਿਬ (ਕਰੁਣਾਮਯ) ਨੇ

ਕਿਹਾ ਕਿ ਬਚ ਸਕਦੀ ਹੈ। ਜੇਕਰ ਤੂੰ ਮੇਰੇ ਤੋਂ ਉਪਦੇਸ਼ ਲਵੇਂਗੀ, ਮੇਰੀ ਸ਼ਿਸ਼ ਬਣੇਂਗੀ, ਪਿਛਲੀਆਂ ਪੂਜਾਵਾਂ ਤਿਆਗੇਂਗੀ, ਤਦ ਤੇਰੀ ਜਾਨ ਬਚੇਗੀ। ਇੰਦਰਮਤੀ ਨੇ ਕਿਹਾ ਮੈਂ ਸੁਣਿਆ ਹੈ ਕਿ ਗੁਰੂਦੇਵ ਨਹੀਂ ਬਦਲਣਾ ਚਾਹੀਦਾ, ਪਾਪ ਲੱਗਦਾ ਹੈ।

ਕਬੀਰ ਸਾਹਿਬ (ਕਰੁਣਾਮਯ) ਨੇ ਕਿਹਾ ਨਹੀਂ ਪੁੱਤਰੀ ਇਹ ਵੀ ਤੇਰਾ ਭਰਮ ਹੈ। ਇੱਕ ਵੈਦ (ਡਾਕਟਰ) ਤੋਂ ਦਵਾਈ ਨਾ ਲੱਗੇ ਤਾਂ ਕੀ ਦੂਸਰੇ ਤੋਂ ਨਹੀਂ ਲੈਂਦੇ ? ਇੱਕ ਪੰਜਵੀ ਕਲਾਸ ਦਾ ਅਧਿਆਪਕ ਹੁੰਦਾ ਹੈ। ਫਿਰ ਇੱਕ ਉੱਚ ਕਲਾਸ ਦਾ ਅਧਿਆਪਕ ਹੁੰਦਾ ਹੈ। ਬੇਟੀ ਅਗਲੀ ਕਲਾਸ ਵਿੱਚ ਜਾਣਾ ਹੋਵੇਗਾ। ਕੀ ਸਾਰੀ ਉਮਰ ਪੰਜਵੀਂ ਕਲਾਸ ਵਿੱਚ ਹੀ ਲੱਗੀ ਰਹੇਂਗੀ। ਇਸਨੂੰ ਛੱਡਣਾ ਪਵੇਗਾ। ਤੂੰ ਹੁਣ ਅੱਗੇ ਦੀ ਪੜ੍ਹਾਈ ਪੜ੍ਹ, ਮੈਂ ਪੜ੍ਹਾਉਣ ਆਇਆ ਹਾਂ। ਉਂਝ ਤਾਂ ਨਾ ਮੰਨਦੀ ਪ੍ਰੰਤੂ ਮੌਤ ਦਿਖਣ ਲੱਗੀ ਕਿ ਸੰਤ ਕਹਿ ਰਿਹਾ ਹੈ ਤਾਂ ਕਿਤੇ ਗੱਲ ਨਾ ਵਿਗੜ ਜਾਵੇ। ਇਹ ਵਿਚਾਰ ਕਰਕੇ ਇੰਦਰਮਤੀ ਨੇ ਕਿਹਾ ਕਿ ਜਿਵੇਂ ਆਪ ਕਹੋਗੇ ਮੈਂ ਉਸੇ ਤਰ੍ਹਾਂ ਹੀ ਕਰਾਂਗੀ। ਕਰੁਣਾਮਯ (ਕਬੀਰ) ਸਾਹਿਬ ਨੇ ਉਪਦੇਸ਼ ਦਿੱਤਾ। ਕਿਹਾ ਕਿ ਤੀਸਰੇ ਦਿਨ ਮੇਰੇ ਰੂਪ ਵਿੱਚ ਕਾਲ ਆਵੇਗਾ, ਤੂੰ ਉਸ ਨਾਲ਼ ਬੋਲਣਾ ਨਹੀਂ। ਜੋ ਮੈਂ ਨਾਮ ਦਿੱਤਾ ਹੈ ਦੋ ਮਿੰਟ ਤੱਕ ਇਸ-ਦਾ ਜਾਪ ਕਰਨਾ। ਦੋ ਮਿੰਟ ਦੇ ਬਾਅਦ ਉਸਨੂੰ ਦੇਖਣਾ ਹੈ । ਉਸਦੇ ਬਾਅਦ ਸਤਿਕਾਰ ਕਰਨਾ ਹੈ। ਉਂਝ ਤਾਂ ਗੁਰੂਦੇਵ ਆਉਣ ਤਾਂ ਤਰੁੰਤ ਚਰਣਾਂ ਵਿੱਚ ਡਿੱਗ ਜਾਣਾ ਚਾਹੀਦਾ ਹੈ। ਇਹ ਮੇਰਾ ਸਿਰਫ ਇਸ ਵਾਰ ਲਈ ਆਦੇਸ਼ ਹੈ। ਰਾਣੀ ਨੇ ਕਿਹਾ ਠੀਕ ਹੈ ਜੀ।

ਹੁਣ ਰਾਣੀ ਨੂੰ ਤਾਂ ਚਿੰਤਾ ਬਣੀ ਹੋਈ ਸੀ। ਸ਼ਰਧਾ ਨਾਲ ਜਾਪ ਕਰ ਰਹੀ ਸੀ। (ਕਬੀਰ ਸਾਹਿਬ) ਕਰੁਣਾਮਯ ਸਾਹਿਬ ਦਾ ਰੂਪ ਬਣਾਕੇ ਗੁਰੂਦੇਵ ਰੂਪ ਵਿੱਚ ਕਾਲ ਆਇਆ, ਆਵਾਜ਼ ਲਗਾਈ ਇੰਦਰਮਤੀ, ਇੰਦਰਮਤੀ। ਹੁਣ ਉਸਨੂੰ ਤਾਂ ਪਹਿਲਾਂ ਹੀ ਡਰ ਸੀ, ਸਿਮਰਨ ਕਰਦੀ ਰਹੀ । ਕਾਲ ਦੇ ਵੱਲ ਨਹੀਂ ਦੇਖਿਆ। ਦੋ ਮਿੰਟ ਦੇ ਬਾਅਦ ਜਦ ਦੇਖਿਆ ਤਾਂ ਕਾਲ ਦਾ ਚਿਹਰਾ ਬਦਲ ਗਿਆ। ਕਾਲ ਦਾ ਜਿਉਂ ਦਾ ਤਿਉਂ ਚਿਹਰਾ ਦਿਖਾਈ ਦੇਣ ਲੱਗਾ। ਕਰੁਣਾਮਯ ਸਾਹਿਬ ਦਾ ਰੂਪ ਨਹੀਂ ਰਿਹਾ। ਜਦ ਕਾਲ ਨੇ ਦੇਖਿਆ ਕਿ ਤੇਰਾ ਤਾਂ ਸਵਰੂਪ ਬਦਲ ਗਿਆ। ਉਹ ਜਾਣ ਗਿਆ ਕਿ ਇਸਦੇ ਕੋਲ਼ ਕੋਈ ਸ਼ਕਤੀ ਯੁਕਤ ਮੰਤਰ ਹੈ। ਇਹ ਕਹਿ ਕੇ ਚਲਾ ਗਿਆ ਕਿ ਤੈਨੂੰ ਫਿਰ ਦੇਖਾਂਗਾ। ਹੁਣ ਤਾਂ ਬਚ ਗਈ। ਰਾਣੀ ਬਹੁਤ ਖੁਸ਼ ਹੋਈ, ਫੁਲੀ ਨਾ ਸਮਾਈ। ਕਦੇ ਆਪਣੀਆਂ ਬਾਂਦੀਆ ਨੂੰ ਕਹਿਣ ਲੱਗੀ ਕਿ ਮੇਰੀ ਮੌਤ ਹੋਣੀ ਸੀ, ਮੇਰੇ ਗੁਰੁਦੇਵ ਨੇ ਮੈਨੂੰ ਬਚਾ ਲਿਆ। ਰਾਜਾ ਦੇ ਕੋਲ਼ ਗਈ ਅਤੇ ਕਿਹਾ ਕਿ ਅੱਜ ਮੇਰੀ ਮੌਤ ਹੋਣੀ ਸੀ, ਮੇਰੇ ਗੁਰੂਦੇਵ ਨੇ ਮੇਰੀ ਰੱਖਿਆ ਕੀਤੀ। ਮੈਨੂੰ ਲੈਣ ਦੇ ਲਈ ਕਾਲ ਆਇਆ ਸੀ। ਰਾਜਾ ਨੇ ਕਿਹਾ ਕਿ ਤੂੰ ਇਸੇ ਤਰ੍ਹਾਂ ਹੀ ਡਰਾਮੇ ਕਰਦੀ ਰਹਿੰਦੀ ਹੈਂ। ਕਾਲ ਆਉਂਦਾ ਤਾਂ ਕੀ ਤੈਨੂੰ ਛੱਡ ਜਾਂਦਾ? ਇਹ ਸੰਤ ਇੰਝ ਹੀ ਬਹਿਕਾ ਦਿੰਦੇ ਹਨ। ਹੁਣ ਇਸ ਗੱਲ ਨੂੰ ਉਹ ਕਿਵੇਂ ਮੰਨੇ? ਖੁਸ਼ੀ-ਖੁਸ਼ੀ ਵਿੱਚ ਰਾਣੀ ਲੇਟ ਗਈ। ਕੁਝ ਦੇਰ ਬਾਅਦ ਸੱਪ ਬਣ ਕੇ ਫਿਰ ਕਾਲ ਆਇਆ ਅਤੇ ਰਾਣੀ ਨੂੰ ਡੱਸ ਲਿਆ। ਜਿਉਂ ਹੀ ਸੱਪ ਨੇ ਡੱਸਿਆ ਤਾਂ ਰਾਣੀ ਨੂੰ ਪਤਾ ਲੱਗ ਗਿਆ। ਰਾਣੀ ਜ਼ੋਰ ਨਾਲ ਚੀਕੀ। ਮੈਨੂੰ ਸੱਪ ਨੇ ਡੱਸ ਲਿਆ। ਨੌਕਰ ਭੱਜੇ। ਦੇਖਦੇ ਹੀ ਦੇਖਦੇ ਸੱਪ ਇੱਕ ਮੋਰੀ (ਪਾਣੀ ਨਿਕਲਣ ਦਾ ਛੋਟਾ ਛੇਦ) ਵਿੱਚੋਂ ਨਿੱਕਲ ਗਿਆ। ਆਪਣੇ ਗੁਰੂਦੇਵ ਨੂੰ ਪੁਕਾਰ ਕੇ ਰਾਣੀ ਬੇਹੋਸ਼ ਹੋ ਗਈ।

ਕਰੁਣਾਮਯ (ਕਬੀਰ ਸਾਹਿਬ) ਉੱਥੇ ਪ੍ਰਗਟ ਹੋ ਗਏ। ਲੋਕਾਂ ਨੂੰ ਦਿਖਾਉਣ ਦੇ ਲਈ ਮੰਤਰ ਬੋਲਿਆ ਅਤੇ (ਉਹ ਤਾਂ ਬਿਨਾਂ ਮੰਤਰ ਵੀ ਜੀਵਤ ਕਰ ਸਕਦੇ ਹਨ, ਕਿਸੇ

ਵੀ ਜੰਤਰ-ਮੰਤਰ ਦੀ ਕੋਈ ਜ਼ਰੂਰਤ ਨਹੀਂ) ਇੰਦਰਮਤੀ ਨੂੰ ਜੀਵਤ ਕਰ ਦਿੱਤਾ। ਰਾਣੀ ਨੇ ਬਹੁਤ ਸ਼ੁਕਰ ਮਨਾਇਆ ਕਿ ਹੇ ਬੰਦੀਛੋੜ! ਜੇ ਅੱਜ ਤੁਹਾਡੀ ਸ਼ਰਣ ਵਿੱਚ ਨਾ ਹੁੰਦੀ ਤਾਂ ਮੇਰੀ ਮੌਤ ਹੋ ਜਾਂਦੀ। ਸਾਹਿਬ ਨੇ ਕਿਹਾ ਕਿ ਇੰਦਰਮਤੀ ਇਸ ਕਾਲ ਨੂੰ ਮੈਂ ਤੇਰੇ ਘਰ ਵਿੱਚ ਵੜਨ ਵੀ ਨਹੀਂ ਦਿੰਦਾ ਅਤੇ ਇਹ ਤੇਰੇ ਉੱਪਰ ਹਮਲਾ ਵੀ ਨਾ ਕਰਦਾ। ਪ੍ਰੰਤੂ ਤੈਨੂੰ ਵਿਸ਼ਵਾਸ਼ ਨਾ ਹੁੰਦਾ। ਤੂੰ ਇਹ ਸੋਚਦੀ ਕਿ ਮੇਰੇ ਉੱਪਰ ਕੋਈ ਮੁਸੀਬਤ ਨਹੀਂ ਆਉਣੀ ਸੀ। ਗੁਰੂ ਜੀ ਨੇ ਮੈਨੂੰ ਬਹਿਕਾ ਕੇ ਨਾਮ ਦੇ ਦਿੱਤਾ। ਇਸਲਈ ਤੈਨੂੰ ਥੋੜ੍ਹਾ-ਜਿਹਾ ਝਟਕਾ ਦਿਖਾਇਆ ਹੈ। ਨਹੀਂ ਤਾਂ ਬੇਟੀ ਤੈਨੂੰ ਵਿਸ਼ਵਾਸ਼ ਨਾ ਹੁੰਦਾ।

ਧਰਮਦਾਸ ਯਹਾਂ ਘਨਾ ਅੰਧੇਰਾ, ਬਿਨ ਪਰਚੇਯ(ਸ਼ਕਤੀ ਪ੍ਰਦਰਸ਼ਨ) ਜੀਵ ਜਮ ਕਾ ਚੇਰਾ॥

ਕਬੀਰ ਸਾਹਿਬ (ਕਰੁਣਾਮਯ) ਨੇ ਕਿਹਾ ਕਿ ਹੁਣ ਜਦ ਮੈਂ ਚਾਹਾਂਗਾ, ਉਦੋਂ ਤੇਰੀ ਮੌਤ ਹੋਵੇਗੀ। ਗਰੀਬਦਾਸ ਜੀ ਕਹਿੰਦੇ ਹਨ:

ਗਰੀਬ, ਕਾਲ ਡਰੇ ਕਰਤਾਰ ਸੇ, ਜਯ ਜਯ ਜਯ ਜਗਦੀਸ਼
।ਜੌਰਾ ਜੌਰੀ ਝਾੜਤੀ, ਪਗ ਰਜ ਡਾਰੇ ਸ਼ੀਸ਼ ॥

ਇਹ ਕਾਲ, ਕਬੀਰ ਪਰਮੇਸ਼ਵਰ ਤੋ ਡਰਦਾ ਹੈ ਅਤੇ ਇਹ ਮੌਤ ਕਬੀਰ ਸਾਹਬ ਦੀਆਂ ਜੁੱਤੀਆਂ ਝਾੜਦੀ ਹੈ ਅਰਥਾਤ ਨੌਕਰ ਤੁੱਲ ਹੈ। ਫਿਰ ਉਸ ਧੂਲ ਨੂੰ ਆਪਣੇ ਸਿਰ ਉੱਤੇ ਲਗਾਉਂਦੀ ਹੈ ਕਿ ਆਪ ਜਿਸਨੂੰ ਮਾਰਣ ਦਾ ਆਦੇਸ਼ ਦਵੋਗੇ ਉਸਦੇ ਕੋਲ਼ ਜਾਵਾਂਗੀ, ਨਹੀਂ ਤਾਂ ਮੈਂ ਨਹੀਂ ਜਾਵਾਂਗੀ

ਗਰੀਬ, ਕਾਲ ਜੋ ਪੀਸੈ ਪੀਸਨਾ, ਜੌਰਾ ਹੈ ਪਨਿਹਾਰ
॥ਯੇ ਦੋ ਅਸਲ ਮਜੂਰ ਹੈਂ, ਮੇਰੇ ਸਾਹੇਬ ਕੇ ਦਰਬਾਰ॥

ਇਹ ਕਾਲ ਜੋ ਇੱਥੇ ਦਾ 21 ਬ੍ਰਹਿਮੰਡ ਦਾ ਭਗਵਾਨ (ਬ੍ਰਹਮ) ਹੈ, ਜੋ ਬ੍ਰਹਮਾ, ਵਿਸ਼ਨੂੰ, ਮਹੇਸ਼ ਦਾ ਪਿਤਾ ਹੈ। ਇਹ ਤਾਂ ਮੇਰੇ ਕਬੀਰ ਸਾਹਿਬ ਦਾ ਆਟਾ ਪੀਸਦਾ ਹੈ ਅਰਥਾਤ ਪੱਕਾ ਨੌਕਰ ਹੈ ਅਤੇ ਜੌਰਾ (ਮੌਤ) ਮੇਰੇ ਕਬੀਰ ਸਾਹਿਬ ਦਾ ਪਾਣੀ ਭਰਦੀ ਹੈ ਅਰਥਾਤ ਇੱਕ ਵਿਸ਼ੇਸ਼ ਨੌਕਰਾਣੀ ਹੈ। ਇਹ ਦੋ ਅਸਲ ਮਜ਼ਦੂਰ ਮੇਰੇ ਸਾਹਿਬ ਦੇ ਦਰਬਾਰ ਵਿੱਚ ਹਨ।

ਕੁਝ ਦਿਨਾਂ ਦੇ ਬਾਅਦ ਕਰੁਣਾਮਯ (ਕਬੀਰ ਜੀ) ਸਾਹਿਬ ਫਿਰ ਆਏ। ਰਾਣੀ ਇੰਦਰਮਤੀ ਨੂੰ ਸਤਿਨਾਮ ਪ੍ਰਦਾਨ ਕੀਤਾ। ਫਿਰ ਕੁੱਝ ਸਮੇਂ ਬਾਅਦ ਕਰੁਣਾਮਯ ਸਾਹਿਬ ਨੇ ਰਾਣੀ ਇੰਦਰਮਤੀ ਦੀ ਅਤਿ ਸ਼ਰਧਾ ਦੇਖ ਕੇ ਸਾਰਨਾਮ ਦਿੱਤਾ। ਪਰਮ ਪਦ ਦੀ ਉਪਲੱਬਧੀ ਕਰਵਾਈ। ਪਰਮੇਸ਼ਵਰ ਕਰੁਣਾਮਯ ਰੂਪ ਵਿੱਚ ਰਾਣੀ ਦੇ ਘਰ ਦਰਸ਼ਨ ਦੇਣ ਜਾਂਦੇ ਰਹਿੰਦੇ ਸਨ ਤਾਂ ਇੰਦਰਮਤੀ ਪ੍ਰਾਰਥਨਾ ਕਰਿਆ ਕਰਦੀ ਸੀ ਕਿ ਮੇਰੇ ਪਤੀ ਰਾਜਾ ਨੂੰ ਸਮਝਾਓ ਮਾਲਿਕ, ਉਹ ਵੀ ਮੰਨ ਜਾਵੇ। ਆਪ ਦੇ ਚਰਣਾਂ ਵਿੱਚ ਆ ਜਾਣ ਤਾਂ ਮੇਰਾ ਜੀਵਨ ਸਫ਼ਲ ਹੋ ਜਾਵੇ। ਚੰਦਰਵਿਜੈ ਨੂੰ ਕਬੀਰ ਸਾਹਿਬ ਨੇ ਪ੍ਰਾਰਥਨਾ ਕੀਤੀ ਕਿ ਚੰਦਰਵਿਜੈ ਆਪ ਵੀ ਨਾਮ ਲੈ ਲਓ, ਇਹ ਦੋ ਦਿਨ ਦਾ ਰਾਜ ਅਤੇ ਠਾਠ ਹੈ। ਫਿਰ ਚੌਰਾਸੀ ਲੱਖ ਜੂਨੀਆਂ ਵਿੱਚ ਪ੍ਰਾਣੀ ਚਲਾ ਜਾਏਗਾ। ਚੰਦਰਵਿਜੈ ਨੇ ਕਿਹਾ ਕਿ ਭਗਵਾਨ ਮੈਂ ਤਾਂ ਨਾਮ ਨਹੀਂ ਲੈਂਦਾ ਅਤੇ ਤੁਹਾਡੀ ਸ਼ਿਸ਼ ਰਾਣੀ ਨੂੰ ਮਨ੍ਹਾ ਕਰਾਂਗਾਂ ਨਹੀਂ। ਕਬੀਰ ਸਾਹਿਬ (ਕਰੁਣਾਮਯ) ਨੇ ਪੁੱਛਿਆ ਆਪ ਨਾਮ ਕਿਉਂ ਨਹੀਂ ਲਵੋਂਗੇ? ਚੰਦਰਵਿਜੈ ਰਾਜਾ ਨੇ ਕਿਹਾ ਕਿ ਮੈਨੂੰ ਤਾਂ ਵੱਡੇ-ਵੱਡੇ ਰਾਜਿਆਂ ਦੀਆਂ ਪਾਰਟੀਆਂ ਵਿੱਚ ਜਾਣਾ ਪੈਂਦਾ ਹੈ। ਕਰੁਣਾਮਯ (ਕਬੀਰ ਸਾਹਿਬ) ਨੇ ਕਿਹਾ ਕਿ ਪਾਰਟੀਆਂ ਵਿੱਚ ਜਾਣ ਵਿੱਚ ਨਾਮ ਕੀ ਰੁਕਾਵਟ ਕਰੇਗਾ? ਸਭਾ ਵਿੱਚ ਜਾਓ, ਉੱਥੇ ਕਾਜੂ ਖਾਓ, ਦੁੱਧ ਪੀ ਲਓ,

ਸ਼ਰਬਤ (ਜੂਸ) ਪੀ ਲਓ, ਸ਼ਰਾਬ ਨਾ ਪ੍ਰਯੋਗ ਕਰੋ।ਸ਼ਰਾਬ ਪੀਣਾ ਮਹਾਂਪਾਪ ਹੈ। ਪ੍ਰੰਤੂ ਰਾਜਾ ਨਹੀਂ ਮੰਨਿਆ।

ਰਾਣੀ ਦੀ ਪ੍ਰਾਰਥਨਾ ਉੱਤੇ ਕਰੁਣਾਮਯ (ਕਬੀਰ) ਸਾਹਿਬ ਨੇ ਰਾਜੇ ਨੂੰ ਫਿਰ ਸਮਝਾਇਆ ਕਿ ਨਾਮ ਦੇ ਬਿਨਾਂ ਇਹ ਜੀਵਨ ਵਿਅਰਥ ਹੋ ਜਾਵੇਗਾ। ਆਪ ਨਾਮ ਲੈ ਲਓ । ਰਾਜੇ ਨੇ ਕਿਹਾ ਗੁਰੂ ਜੀ ਮੈਨੂੰ ਨਾਮ ਦੇ ਲਈ ਨਾ ਕਹਿਣਾ। ਤੁਹਾਡੀ ਸ਼ਿਸ਼ ਰਾਣੀ ਨੂੰ ਮੈਂ ਮਨ੍ਹਾ ਨਹੀਂ ਕਰਾਗਾਂ। ਚਾਹੇ ਕਿੰਨਾ ਵੀ ਦਾਨ ਕਰੇ, ਕਿੰਨਾ ਸਤਿਸੰਗ ਕਰਾਵੇ। ਸਾਹਿਬ ਨੇ ਕਿਹਾ ਕਿ ਬੇਟੀ ਇਸ ਦੋ ਦਿਨ ਦੇ ਸੁੱਖ ਨੂੰ ਦੇਖ ਕੇ ਇਸਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ। ਤੂੰ ਪ੍ਰਭੂ ਦੇ ਚਰਣਾਂ ਵਿੱਚ ਲੱਗੀ ਰਹਿ। ਆਪਣਾ ਆਤਮ ਕਲਿਆਣ ਕਰਵਾ। ਮੌਤ ਤੋਂ ਬਾਅਦ ਕੋਈ ਕਿਸੇ ਦਾ ਪਤੀ ਨਹੀਂ, ਕੋਈ ਕਿਸੇ ਦੀ ਪਤਨੀ ਨਹੀਂ। ਦੋ ਦਿਨ ਦਾ ਸੰਬੰਧ ਹੈ। ਆਪਣਾ ਕਰਮ ਬਣਾ ਬੇਟੀ। ਜਦ ਇੰਦਰਮਤੀ 80 ਸਾਲ ਦੀ ਬਜ਼ੁਰਗ ਹੋ ਜਾਂਦੀ ਹੈ (ਕਿੱਥੇ 40 ਸਾਲ ਦੀ ਉਮਰ ਵਿੱਚ ਮਰ ਜਾਣਾ ਸੀ)। ਜਦ ਸਰੀਰ ਵੀ ਹਿੱਲਣ ਲੱਗਾ, ਤਦ ਕਰੁਣਾਮਯ ਸਾਹਿਬ ਬੋਲੇ ਹੁਣ ਬੋਲ ਇੰਦਰਮਤੀ ਤੂੰ ਕੀ ਚਾਹੁੰਦੀ ਹੈ? ਚੱਲਣਾ ਚਾਹੁੰਦੀ ਹੈ ਸਤਲੋਕ? ਇੰਦਰਮਤੀ ਨੇ ਕਿਹਾ ਪ੍ਰਭੂ ਤਿਆਰ ਹਾਂ, ਬਿਲਕੁਲ ਤਿਆਰ ਹਾਂ ਦਾਤਾ! ਕਰੁਣਾਮਯ ਸਾਹਿਬ ਨੇ ਕਿਹਾ ਤੇਰੀ ਪੋਤੇ ਜਾਂ ਪੋਤੀ ਵਿੱਚ ਕੋਈ ਮਮਤਾ ਤਾਂ ਨਹੀਂ ਹੈ? ਰਾਣੀ ਨੇ ਕਿਹਾ ਬਿਲਕੁਲ ਨਹੀਂ ਸਾਹਿਬ। ਆਪ ਜੀ ਨੇ ਗਿਆਨ ਹੀ ਐਸਾ ਨਿਰਮਲ ਦੇ ਦਿੱਤਾ। ਇਸ ਗੰਦੇ ਲੋਕ ਦੀ ਕੀ ਇੱਛਾ ਕਰਾਂ? ਕਬੀਰ ਸਾਹਿਬ (ਕਰੁਣਾਮਯ) ਜੀ ਨੇ ਕਿਹਾ ਚੱਲ ਬੇਟੀ। ਰਾਣੀ ਪ੍ਰਾਣ ਤਿਆਗ ਗਈ।

ਪਰਮੇਸ਼ਵਰ ਕਬੀਰ ਜੀ (ਕਰੁਣਾਮਯ) ਰਾਣੀ ਇੰਦਰਮਤੀ ਦੀ ਆਤਮਾ ਨੂੰ ਉੱਪਰ ਲੈ ਗਏ। ਇਸੇ ਬ੍ਰਹਿਮੰਡ ਵਿੱਚ ਇੱਕ ਮਾਨਸਰੋਵਰ ਹੈ। ਉਸ ਮਾਨਸਰੋਵਰ ਉੱਤੇ ਜਾ ਕੇ ਆਤਮਾ ਨੂੰ ਇਸ਼ਨਾਨ ਕਰਵਾਉਣਾ ਹੁੰਦਾ ਹੈ। ਇੰਦਰਮਤੀ ਨੂੰ ਉੱਥੇ ਕੁਝ ਸਮੇਂ ਤੱਕ ਰੱਖਿਆ। ਕਰੁਣਾਮਯ ਰੂਪ ਵਿੱਚ ਕਬੀਰ ਪਰਮੇਸ਼ਵਰ ਨੇ ਰਾਣੀ ਤੋਂ ਪੁੱਛਿਆ ਕਿ ਤੇਰੀ ਕੋਈ ਇੱਛਾ ਤਾਂ ਨਹੀਂ ਰਹੀ ਤਾਂ ਦੁਬਾਰਾ ਜਨਮ ਲੈਣਾ ਪਏਗਾ। ਜੇਕਰ ਮਨ ਵਿੱਚ ਸੰਤਾਨ ਜਾਂ ਧੰਨ ਜਾਂ ਪਤੀ, ਪਤਨੀ ਆਦਿ ਦੀ ਇੱਛਾ ਥੋੜੀ ਜਿਹੀ ਵੀ ਰਹਿ ਗਈ ਤਾਂ ਆਤਮਾ ਸਤਲੋਕ ਨਹੀਂ ਜਾ ਸਕਦੀ। ਇੰਦਰਮਤੀ ਨੇ ਕਿਹਾ ਸਾਹਿਬ ਆਪ ਤਾਂ ਅੰਤਰਜਾਮੀ ਹੋ, ਕੋਈ ਇੱਛਾ ਨਹੀਂ ਹੈ। ਤੁਹਾਡੇ ਚਰਣਾਂ ਦੀ ਇੱਛਾ ਹੈ। ਲੇਕਿਨ ਮਨ ਵਿੱਚ ਇੱਕ ਸ਼ੰਕਾ ਬਣੀ ਹੋਈ ਹੈ ਕਿ ਮੇਰਾ ਜੋ ਪਤੀ ਸੀ, ਉਸਨੇ ਮੈਨੂੰ ਕਿਸੇ ਵੀ ਧਾਰਮਿਕ ਕਰਮ ਲਈ ਕਦੇ ਮਨ੍ਹਾ ਨਹੀਂ ਕੀਤਾ। ਨਹੀਂ ਤਾਂ ਅੱਜਕੱਲ੍ਹ ਦੇ ਪਤੀ ਆ-ਪਣੀਆਂ ਪਤਨੀਆਂ ਨੂੰ ਰੁਕਾਵਟ ਕਰ ਦਿੰਦੇ ਹਨ। ਜੇਕਰ ਉਹ ਮੈਨੂੰ ਮਨ੍ਹਾ ਕਰ ਦਿੰਦਾ ਤਾਂ ਮੈਂ ਤੁਹਾਡੇ ਚਰਣਾਂ ਵਿੱਚ ਨਹੀਂ ਲੱਗ ਸਕਦੀ ਸੀ। ਮੇਰਾ ਕਲਿਆਣ ਨਾ ਹੁੰਦਾ। ਉਸਦਾ ਇਸ ਸ਼ੁੱਭ ਕਰਮ ਵਿੱਚ ਸਹਿਯੋਗ ਦਾ ਕੁਝ ਲਾਭ ਮਿਲਦਾ ਹੈ ਤਾਂ ਕਦੇ ਉਸ ਉੱਪਰ ਵੀ ਦਯਾ ਕਰਨਾ ਦਾਤਾ। ਕਰੁਣਾਮਯ ਜੀ ਨੇ ਦੇਖਿਆ ਕਿ ਇਹ ਨਾਦਾਨ ਤਾਂ ਇਸਦੇ ਪਿੱਛੇ ਫਿਰ ਲਟਕ ਗਈ। ਸਾਹਿਬ ਬੋਲੇ ਠੀਕ ਹੈ ਬੇਟੀ, ਅਜੇ ਤੂੰ ਦੋ ਚਾਰ ਸਾਲ ਇੱਥੇ ਰਹਿ।

ਹੁਣ ਦੋ ਸਾਲ ਪਿੱਛੋਂ ਰਾਜਾ ਮਰਨ ਲੱਗਾ। ਕਿਉਂਕਿ ਨਾਮ ਨਹੀਂ ਲਿਆ ਹੋਇਆ ਸੀ। ਯਮ ਦੇ ਦੂਤ ਆਏ। ਰਾਜਾ ਚੌਂਕ ਵਿੱਚ ਚੱਕਰ ਖਾ ਕੇ ਡਿੱਗ ਗਿਆ। ਯਮ ਦੇ ਦੂਤਾਂ ਨੇ ਉਸਦੀ ਗਰਦਨ ਨੂੰ ਦਬਾਇਆ। ਰਾਜੇ ਦਾ ਟੱਟੀ ਅਤੇ ਪਿਸ਼ਾਬ ਨਿਕਲ ਗਿਆ। ਕਰੁਣਾਮਯ (ਕਬੀਰ) ਸਾਹਿਬ ਨੇ ਰਾਣੀ ਨੂੰ ਕਿਹਾ ਦੇਖ ਤੇਰੇ ਰਾਜਾ ਦੀ ਕੀ ਹਾਲਤ ਹੋ ਰਹੀ ਹੈ? ਉੱਥੋਂ ਕਬੀਰ ਪਰਮੇਸ਼ਵਰ ਦਿਖਾ ਰਹੇ ਹਨ। ਤਦ ਰਾਣੀ ਨੇ ਕਿਹਾ ਕਿ ਦੇਖ ਲਓ

ਦਾਤਾ ਜੇਕਰ ਉਸਦਾ ਭਗਤੀ ਵਿੱਚ ਸਹਿਯੋਗ ਦਾ ਕੋਈ ਫ਼ਲ ਬਣਦਾ ਹੈ ਤਾਂ ਦਯਾ ਕਰ ਦਿਓ। ਰਾਣੀ ਦੀ ਫਿਰ ਵੀ ਥੋੜ੍ਹੀ-ਜਿਹੀ ਮਮਤਾ ਬਣੀ ਹੋਈ ਸੀ। ਪਰਮੇਸ਼ਵਰ ਕਬੀਰ (ਕਰੁਣਾਮਯ) ਨੇ ਸੋਚਿਆ ਕਿ ਇਹ ਫਿਰ ਕਾਲ-ਜਾਲ਼ ਵਿੱਚ ਫਸੇਗੀ। ਇਹ ਸੋਚ ਕੇ ਮਾਨਸਰੋਵਰ ਤੋਂ ਉੱਥੇ ਗਏ ਜਿੱਥੇ ਰਾਜਾ ਚੰਦਰਵਿਜੈ ਆਪਣੇ ਮਹਿਲ ਵਿੱਚ ਅਚੇਤ ਪਿਆ ਸੀ। ਯਮਦੂਤ ਉਸਦੇ ਪ੍ਰਾਣ ਕੱਢ ਰਹੇ ਸਨ। ਕਬੀਰ ਸਾਹਿਬ ਦੇ ਆਉਂਦੇ ਹੀ ਯਮ-ਦੂਤ ਇਸ ਤਰ੍ਹਾਂ ਆਕਾਸ਼ ਵਿੱਚ ਉੱਡ ਗਏ ਜਿਵੇਂ ਮੁਰਦੇ ਉਤੋਂ ਗਿੱਧ ਉੱਡ ਜਾਂਦੇ ਹਨ। ਚੰਦਰਵਿਜੈ ਹੋਸ਼ ਵਿੱਚ ਆ ਗਿਆ। ਸਾਹਮਣੇ ਕਰੁਣਾਮਯ ਰੂਪ ਵਿੱਚ ਪਰਮੇਸ਼ਵਰ ਕਬੀਰ ਜੀ ਖੜੇ ਸਨ । ਸਿਰਫ ਚੰਦਰਵਿਜੈ ਨੂੰ ਦਿਖਾਈ ਦੇ ਰਹੇ ਸਨ, ਹੋਰ ਕਿਸੇ ਨੂੰ ਦਿਖਾਈ ਨਹੀਂ ਦੇ ਰਹੇ ਸਨ। ਚੰਦਰਵਿਜੈ ਚਰਣਾਂ ਵਿੱਚ ਡਿੱਗ ਕੇ ਮੁਆਫੀ ਮੰਗਣ ਲੱਗਾ ਕਿ ਮੈਨੂੰ ਮਾਫ ਕਰ ਦਿਓ ਦਾਤਾ, ਮੇਰੀ ਜਾਨ ਬਚਾਉ। ਕਿਉਂਕਿ ਉਸਨੇ ਦੇਖਿਆ ਕਿ ਹੁਣ ਤੇਰੀ ਜਾਨ ਜਾਣ ਵਾਲੀ ਹੈ। (ਜਦੋਂ ਇਸ ਜੀਵ ਦੀ ਅੱਖ ਖੁੱਲਦੀ ਹੈ ਕਿ ਹੁਣ ਤਾਂ ਗੱਲ ਵਿਗੜ ਗਈ) ਰਾਜਾ ਚੰਦਰਵਿਜੈ ਗਿੜਗਿੜਾਉਂਦਾ ਹੋਇਆ ਬੋਲਿਆ ਮੈਨੂੰ ਮੁਆਫ ਕਰ ਦਿਉ ਦਾਤਾ, ਮੇਰੀ ਜਾਨ ਬਚਾ ਲਓ ਮਾਲਕ। ਕਬੀਰ ਪਰਮੇਸ਼ਵਰ ਨੇ ਕਿਹਾ ਰਾਜਾ ਅੱਜ ਵੀ ਉਹੀ ਗੱਲ ਹੈ, ਉਸ ਦਿਨ ਵੀ ਉਹੀ ਗੱਲ ਸੀ, ਨਾਮ ਲੈਣਾ ਪਵੇਗਾ। ਰਾਜਾ ਨੇ ਕਿਹਾ ਨਾਮ ਲੈ ਲਵਾਂਗਾ ਜੀ, ਹੁਣੇ ਲੈ ਲਵਾਂਗਾ ਨਾਮ । ਕਬੀਰ ਪਰਮੇਸ਼ਵਰ ਨੇ ਨਾਮ ਉਪਦੇਸ਼ ਦਿੱਤਾ ਅਤੇ ਕਿਹਾ ਕਿ ਹੁਣ ਮੈਂ ਤੈਨੂੰ ਦੋ ਸਾਲ ਦੀ ਉਮਰ ਦਿਆਂਗਾ, ਜੇ ਇਸ ਵਿੱਚ ਇੱਕ ਸਾਹ ਵੀ ਖਾਲੀ ਚਲਾ ਗਿਆ ਤਾਂ ਫਿਰ ਕਰਮਦੰਡ ਰਹਿ ਜਾਵੇਗਾ।

ਕਬੀਰ, ਜੀਵਨ ਤੋ ਥੋੜਾ ਭਲਾ, ਜੈ ਸਤ ਸੁਮਰਨ ਹੋ।
ਲਾਖ ਵਰਸ਼ ਕਾ ਜੀਵਨਾ, ਲੇਖੇ ਧਰੇ ਨਾ ਕੋ॥

ਸ਼ੁੱਭ ਕਰਮ ਵਿੱਚ ਸਹਿਯੋਗ ਦਿੱਤਾ ਹੋਇਆ ਪਿਛਲਾ ਕਰਮ ਅਤੇ ਨਾਲ ਹੀ ਸ਼ਰਧਾ ਨਾਲ ਦੋ ਸਾਲ ਦੇ ਸਿਮਰਨ ਨਾਲ ਅਤੇ ਤਿੰਨੇ ਨਾਮ ਪ੍ਰਦਾਨ ਕਰਕੇ ਕਬੀਰ ਸਾਹਿਬ ਚੰਦਰਵਿਜੈ ਨੂੰ ਵੀ ਪਾਰ ਕਰ ਲੈ ਗਏ। ਬੋਲੋ ਸਤਿਗੁਰੂ ਦੇਵ ਕੀ ਜੈ "ਜੈ ਬੰਦੀ ਛੋੜ।"

ਪ੍ਰਸ਼ਨ:- ਧਰਮਦਾਸ ਜੀ ਨੇ ਕਿਹਾ ਹੇ ਕਬੀਰ ਪਰਮੇਸ਼ਵਰ ! ਸਾਨੂੰ ਤਾਂ ਬ੍ਰਾਹਮਣਾਂ (ਵਿਦਵਾਨਾਂ) ਨੇ ਇਹ ਹੀ ਦੱਸਿਆ ਸੀ ਕਿ ਪਾਂਡਵਾਂ ਦੀ ਅਸ਼ਵਮੇਘ ਯੱਗ ਨੂੰ ਸ੍ਰੀ ਕ੍ਰਿਸ਼ਨ ਭਗਤ ਸੁਰਦਰਸ਼ਨ ਸੁਪਚ ਨੇ ਸਫ਼ਲ ਕੀਤਾ ਸੀ ਅਤੇ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿੱਚ ਕਿਹਾ ਹੈ ਕਿ ਅਰਜੁਨ ! ਯੁੱਧ ਕਰ ਤੈਨੂੰ ਕੋਈ ਪਾਪ ਨਹੀਂ ਲੱਗੇਗਾ। ਇਹ ਸਾਰੇ ਯੋਧਾ ਮੇਰੇ ਦੁਆਰਾ ਪਹਿਲਾਂ ਤੋਂ ਹੀ ਮਾਰ ਦਿੱਤੇ ਗਏ ਹਨ। ਤੂੰ ਨਿਮਤ ਮਾਤਰ ਬਣ ਜਾ । ਜੇਕਰ ਤੂੰ ਯੁੱਧ ਵਿੱਚ ਮਾਰਿਆ ਗਿਆ ਤਾਂ ਸਵਰਗ ਜਾਏਂਗਾ, ਜੇਕਰ ਯੁੱਧ ਵਿੱਚ ਜਿੱਤ ਗਿਆ ਤਾਂ ਧਰਤੀ ਦੇ ਰਾਜ ਦਾ ਸੁੱਖ ਭੋਗੇਂਗਾ।

ਉੱਤਰ:- ਕਬੀਰ ਪਰਮੇਸ਼ਵਰ ਨੇ ਕਿਹਾ ਧਰਮਦਾਸ ! ਸ਼੍ਰੀਮਦ੍ ਭਗਵਤ ਗੀਤਾ ਦਾ ਗਿਆਨ ਸ਼੍ਰੀ ਕ੍ਰਿਸ਼ਨ ਜੀ ਨੇ ਨਹੀਂ ਕਿਹਾ। ਸ਼੍ਰੀ ਕ੍ਰਿਸ਼ਨ ਜੀ ਦੇ ਸਰੀਰ ਵਿੱਚ ਪ੍ਰੇਤ ਦੀ ਤਰਾਂ ਪ੍ਰਵੇਸ਼ ਕਰਕੇ ਕਾਲ ਬ੍ਰਹਮ ਨੇ ਕਿਹਾ ਸੀ।

ਸੁਰਦਰਸ਼ਨ ਸੁਪਚ ਸ਼੍ਰੀ ਕ੍ਰਿਸ਼ਨ ਭਗਤ ਨਹੀਂ ਸੀ ਉਹ ਪੂਰਣ ਬ੍ਰਹਮ ਦਾ ਉਪਾਸਕ ਸੀ। ਸੁਣ ਪਾਂਡਵਾਂ ਦੇ ਯੱਗ ਦੇ ਸੰਪੂਰਣ ਹੋਣ ਦੀ ਕਥਾ । ਕਿਰਪਾ ਕਰਕੇ ਪੜ੍ਹੋ ਪਾਠਕ ਜਨ ਪਰਮੇਸ਼ਵਰ ਕਬੀਰ ਜੀ ਦੁਆਰਾ ਦੱਸਿਆ ਪਾਂਡਵ ਯੱਗ ਦਾ ਪ੍ਰਕਰਣ ਜੋ ਧਰਮਦਾਸ ਜੀ ਨੇ ਸਵਸਮ ਵੇਦ ਦੇ ਪਦ ਭਾਗ ਵਿੱਚ ਲਿਖਿਆ ਹੈ ( ਲੇਖਕ ਦੇ ਸ਼ਬਦਾਂ ਵਿੱਚ ਨਿਮਨ :- )

## ॥ ਪਾਂਡਵਾਂ ਦੀ ਯੱਗ ਵਿੱਚ ਸੁਪਚ ਸੁਦਰਸ਼ਨ ਦਾ ਸੰਖ ਵਜਾਉਣਾ ॥

ਜਿਵੇਂ ਕਿ ਸਾਰੇ ਜਾਣਦੇ ਹਨ। ਕਿ ਮਹਾਂਭਾਰਤ ਦੇ ਯੁੱਧ ਵਿੱਚ ਅਰਜੁਨ ਨੇ ਯੁੱਧ ਕਰਨ ਤੋਂ ਮਨਾ ਕਰ ਦਿੱਤਾ ਸੀ ਅਤੇ ਹਥਿਆਰ ਛੱਡ ਕੇ ਯੁੱਧ ਦੇ ਮੈਦਾਨ ਵਿੱਚ ਦੋਵਾਂ ਸੈਨਾਵਾਂ ਦੇ ਵਿਚਕਾਰ ਖੜ੍ਹੇ ਰੱਥ ਦੇ ਪਿਛਲੇ ਹਿੱਸੇ ਵਿੱਚ ਅੱਖਾਂ ਵਿੱਚ ਹੰਝੂ ਬਹਾਉਂਦਾ ਹੋਇਆ ਬੈਠ ਗਿਆ ਸੀ ।ਉਦੋਂ ਭਗਵਾਨ ਕ੍ਰਿਸ਼ਨ ਦੇ ਅੰਦਰ ਪ੍ਰਵੇਸ਼ ਕਾਲ ਸ਼ਕਤੀ (ਬ੍ਰਹਮ) ਅਰਜੁਨ ਨੂੰ ਯੁੱਧ ਕਰਨ ਦੀ ਰਾਏ ਦੇਣ ਲੱਗਿਆ ਸੀ । ਉਦੋਂ ਅਰਜੁਨ ਨੇ ਕਿਹਾ ਸੀ ਕਿ ਭਗਵਾਨ ਇਹ ਘੋਰ ਪਾਪ ਮੈਂ ਨਹੀ ਕਰਾਂਗਾ । ਇਸ ਤੋਂ ਵਧੀਆ ਤਾਂ ਭੀਖ ਦਾ ਅਨਾਜ ਵੀ ਖਾ ਕੇ ਗੁਜ਼ਾਰਾ ਕਰ ਲਵਾਂਗਾ। ਉਦੋਂ ਭਗਵਾਨ ਕਾਲ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਬੋਲਿਆ ਸੀ ਕਿ ਹੇ ਅਰਜੁਨ ਯੁੱਧ ਕਰ। ਤੈਨੂੰ ਕੋਈ ਪਾਪ ਨਹੀਂ ਲੱਗੇਗਾ । ਦੇਖੋ ਗੀਤਾ ਜੀ ਦੇ ਅਧਿਆਇ 11 ਦੇ ਸਲੋਕ 33, ਅਧਿਆਇ 2 ਦੇ ਸਲੋਕ 37, 38 ਵਿੱਚ।

ਮਹਾਂਭਾਰਤ ਵਿੱਚ ਲੇਖ (ਪ੍ਰਕਰਣ) ਆਉਂਦਾ ਹੈ ਕਿ ਕ੍ਰਿਸ਼ਨ ਜੀ ਦੇ ਕਹਿਣ ਤੇ ਅਰਜੁਨ ਨੇ ਯੁੱਧ ਕਰਨਾ ਸਵੀਕਾਰ ਕਰ ਲਿਆ। ਘਮਸਾਣ ਯੁੱਧ ਹੋਇਆ । ਕਰੋੜਾਂ ਵਿਅਕਤੀ ਅਤੇ ਸਾਰੇ ਕੌਰਵ ਯੁੱਧ ਵਿੱਚ ਮਾਰੇ ਗਏ ਅਤੇ ਪਾਂਡਵ ਜੇਤੂ ਹੋਏ। ਉਦੋਂ ਪਾਂਡਵ ਪ੍ਰਮੁੱਖ ਯੁਧਿਸ਼ਟਰ ਨੂੰ ਰਾਜ ਸਿੰਘਾਸਣ ਉੱਤੇ ਬੈਠਣ ਦੇ ਲਈ ਖ਼ੁਦ ਭਗਵਾਨ ਕ੍ਰਿਸ਼ਨ ਨੇ ਕਿਹਾ ਤਾਂ ਯੁਧਿਸ਼ਟਰ ਨੇ ਇਹ ਕਹਿੰਦੇ ਹੋਏ ਗੱਦੀ ਉੱਤੇ ਬੈਠਣ ਤੋਂ ਮਨ੍ਹਾ ਕਰ ਦਿੱਤਾ ਕਿ ਮੈਂ ਇਸ ਪਾਪ ਯੁਕਤ ਰਾਜ ਨੂੰ ਨਹੀਂ ਕਰਾਂਗਾ। ਜਿਸ ਵਿੱਚ ਕਰੋੜਾਂ ਵਿਅਕਤੀ ਮਾਰੇ ਗਏ ਸੀ । ਉਨ੍ਹਾਂ ਦੀ ਪਤਨੀਆਂ ਵਿਧਵਾ ਹੋ ਗਈਆਂ, ਕਰੋੜਾਂ ਬੱਚੇ ਅਨਾਥ ਹੋ ਗਏ , ਹੁਣ ਤੱਕ ਉਹਨਾਂ ਦੇ ਹੰਝੂ ਵੀ ਨਹੀਂ ਸੁੱਕੇ ਹਨ। ਕਿਸੇ ਪ੍ਰਕਾਰ ਦੀ ਗੱਲ ਬਣਦੀ ਨਾ ਦੇਖ ਕੇ ਸ਼੍ਰੀ ਕ੍ਰਿਸ਼ਨ ਨੇ ਕਿਹਾ ਕਿ ਤੁਸੀਂ ਭੀਸ਼ਮ ਜੀ ਦੀ ਰਾਏ ਲੈ ਲਓ। ਕਿਉਂਕਿ ਜਦੋਂ ਵਿਅਕਤੀ ਖ਼ੁਦ ਫੈਸਲਾ ਲੈਣ ਵਿੱਚ ਅਸਫਲ ਰਹੇ ਉਦੋਂ ਕਿਸੇ ਸੱਜਣ ਨਾਲ਼ ਵਿਚਾਰ ਕਰ ਲੈਣਾ ਚਾਹੀਦਾ ਹੈ। ਯੁਧਿਸ਼ਟਰ ਨੇ ਇਹ ਗੱਲ ਸਵੀਕਾਰ ਕਰ ਲਈ। ਉਦੋਂ ਸ੍ਰੀ ਕ੍ਰਿਸ਼ਨ ਜੀ ਯੁਧਿਸ਼ਟਰ ਨੂੰ ਨਾਲ ਲੈ ਕੇ ਉੱਥੇ ਪਹੁੰਚੇ ਜਿੱਥੇ ਸ਼੍ਰੀ ਭੀਸ਼ਮ ਸ਼ਰ (ਤੀਰਾਂ ਦੀ) ਸੈਯਾ (ਚਾਰਪਾਈ) ਉੱਤੇ ਆਖਰੀ ਸਾਂਹ ਗਿਣ ਰਹੇ ਸਨ, ਉੱਥੇ ਜਾ ਕੇ ਕ੍ਰਿਸ਼ਨ ਜੀ ਨੇ ਭੀਸ਼ਮ ਨੂੰ ਕਿਹਾ ਕਿ ਯੁਧਿਸ਼ਟਰ ਰਾਜਗੱਦੀ ਉੱਤੇ ਬੈਠਣ ਤੋਂ ਮਨ੍ਹਾ ਕਰ ਰਹੇ ਹਨ। ਕਿਰਪਾ ਤੁਸੀਂ ਇਹਨਾਂ ਨੂੰ ਰਾਜਨੀਤੀ ਦੀ ਸਿੱਖਿਆ ਦਿਓ।

ਭੀਸ਼ਮ ਜੀ ਨੇ ਬਹੁਤ ਸਮਝਾਇਆ ਪਰ ਯੁਧਿਸ਼ਟਰ ਆਪਣੇ ਉਦੇਸ਼ ਤੋਂ ਵਿਚਲਿਤ ਨਹੀਂ ਹੋਇਆ। ਇਹੀ ਕਹਿੰਦਾ ਰਿਹਾ ਕਿ ਇਸ ਪਾਪ ਤੋਂ ਯੁਕਤ ਰੁਧਿਰ ਤੋਂ ਸਣੇ ਰਾਜ ਨੂੰ ਭੋਗ ਕੇ ਮੈਂ ਨਰਕ ਪ੍ਰਾਪਤੀ ਨਹੀਂ ਚਾਹਾਂਗਾ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਤੁਸੀਂ ਇੱਕ ਧਰਮ ਯੱਗ ਕਰੋ। ਜਿਸ ਨਾਲ ਤੁਹਾਨੂੰ ਯੁੱਧ ਵਿੱਚ ਹੋਈਆਂ ਹੱਤਿਆਵਾਂ ਦਾ ਪਾਪ ਨਹੀਂ ਲੱਗੇਗਾ ।ਇਸ ਗੱਲ ਉੱਤੇ ਯੁਧਿਸ਼ਟਰ ਸਹਿਮਤ ਹੋ ਗਿਆ ਅਤੇ ਇੱਕ ਧਰਮ ਯੱਗ ਕੀਤੀ । ਫਿਰ ਰਾਜਗੱਦੀ ਉੱਤੇ ਬੈਠ ਗਿਆ। ਹਸਤਿਨਾਪੁਰ ਦਾ ਰਾਜਾ ਬਣ ਗਿਆ।

(ਪ੍ਰਮਾਣ ਸੁਖ ਸਾਗਰ ਦੇ ਪਹਿਲੇ ਸਕੰਦ ਦੇ ਅੱਠਵੇਂ ਅਤੇ ਨੌਂਵੇਂ ਅਧਿਆਇ ਵਿੱਚ ਸਹਾਭਾਰ ਪੰਨਾ ਨੰਬਰ 48 ਤੋਂ 53)

ਕੁਝ ਸਾਲਾਂ ਬਾਅਦ ਯੁਧਿਸ਼ਟਰ ਨੂੰ ਭਿਆਨਕ ਸੁਪਨੇ ਆਉਣੇ ਸ਼ੁਰੂ ਹੋ ਗਏ। ਜਿਵੇਂ ਬਹੁਤ ਸਾਰੀਆਂ ਔਰਤਾਂ ਰੋਂਦੀਆਂ-ਬਿਲਖਦੀਆਂ ਹੋਈਆਂ ਆਪਣੀਆਂ

ਚੂੜੀਆਂ ਤੋੜ ਰਹੀਆਂ ਹਨ ਅਤੇ ਉਨ੍ਹਾਂ ਦੇ ਮਾਸੂਮ ਬੱਚੇ ਆਪਣੀ ਮਾਂ ਦੇ ਕੋਲ ਖੜ੍ਹੇ ਕੁਝ ਬੈਠੇ ਪਿਤਾ-ਪਿਤਾ ਕਹਿ ਕੇ ਰੋ ਰਹੇ ਹਨ ਮੰਨੋ ਕਹਿ ਰਹੇ ਹੋਣ ਹੇ ਰਾਜਨ! ਸਾਨੂੰ ਵੀ ਮਰਵਾ ਦਓ, ਭੇਜ ਦੇ ਸਾਡੇ ਪਿਤਾ ਦੇ ਕੋਲ। ਕਈ ਵਾਰ ਬਿਨਾਂ ਸਿਰ ਦੇ ਧੜ ਦਿਖਾਈ ਦਿੰਦੇ ਹਨ। ਕਿਸੇ ਦੀ ਗਰਦਨ ਕਿਤੇ ਪਈ ਹੈ, ਧੜ ਕਿਤੇ ਪਿਆ ਹੈ, ਹਾਹਾ ਕਾਰ ਮੱਚੀ ਹੋਈ ਹੈ। ਯੁਧਿਸ਼ਟਰ ਦੀ ਨੀਂਦ ਉੱਡ ਜਾਂਦੀ, ਘਬਰਾ ਕੇ ਬਿਸਤਰੇ 'ਤੇ ਬੈਠ ਕੇ ਹਫੱਣ ਲੱਗ ਜਾਂਦਾ। ਸਾਰੀ-2 ਰਾਤ ਬੈਠ ਕੇ ਜਾਂ ਮਹਿਲ ਵਿੱਚ ਘੁੰਮ ਕੇ ਬਤੀਤ ਕਰਦਾ । ਇੱਕ ਦਿਨ ਦਰੋਪਦੀ ਨੇ ਵੱਡੇ ਪਤੀ ਦੀ ਇਹ ਹਾਲਤ ਦੇਖੀ 'ਤੇ ਪਰੇਸ਼ਾਨੀ ਦਾ ਕਾਰਣ ਪੁੱਛਿਆ ਤਾਂ ਯੁਧਿਸ਼ਠਿਰ ਕੁਝ ਨਹੀਂ-ਕੁਝ ਨਹੀਂ ਕਹਿ ਕੇ ਟਾਲ ਗਏ। ਜਦ ਦਰੋਪਦੀ ਨੇ ਕਈ ਰਾਤਾਂ ਤੱਕ ਯੁਧਿਸ਼ਠਿਰ ਦੀ ਇਹੀ ਦੁਰਦਸ਼ਾ ਦੇਖੀ ਤਾਂ ਇੱਕ ਦਿਨ ਚਾਰਾਂ (ਅਰਜੁਨ, ਭੀਮ, ਨਕੁਲ, ਸਹਿਦੇਵ) ਨੂੰ ਦੱਸਿਆ ਕਿ ਤੁਹਾਡਾ ਵੱਡਾ ਭਰਾ ਬਹੁਤ ਪਰੇਸ਼ਾਨ ਹੈ। ਕਾਰਣ ਪੁੱਛੋ। ਤਦ ਚਾਰੇ ਭਰਾਵਾਂ ਨੇ ਵੱਡੇ ਭਰਾ ਨੂੰ ਪ੍ਰਾਰਥਨਾ ਕਰਕੇ ਪੁੱਛਿਆ ਕਿ ਕਿਰਪਾ ਪਰੇਸ਼ਾਨੀ ਦਾ ਕਾਰਣ ਦੱਸੋ। ਜ਼ਿਆਦਾ ਬੇਨਤੀ ਤੇ ਆਪਣੀ ਸਾਰੀ ਕਹਾਣੀ ਸੁਣਾਈ। ਪੰਜੇ ਭਰਾ ਇਸ ਪਰੇਸ਼ਾਨੀ ਦਾ ਕਾਰਣ ਜਾਣਨ ਲਈ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਕੋਲ ਗਏ ਅਤੇ ਦੱਸਿਆ ਕਿ ਵੱਡੇ ਭਰਾ ਯੁਧਿਸ਼ਠਿਰ ਜੀ ਨੂੰ ਭਿਆਨਕ ਸੁਪਨੇ ਆ ਰਹੇ ਹਨ। ਜਿਸ ਕਾਰਣ ਉਨ੍ਹਾਂ ਦੀ ਰਾਤ ਦੀ ਨੀਂਦ ਅਤੇ ਦਿਨ ਦਾ ਚੈਨ ਅਤੇ ਭੁੱਖ ਖਤਮ ਹੋ ਗਈ। ਕਿਰਪਾ ਕਾਰਣ ਅਤੇ ਹੱਲ ਦੱਸੋ। ਸਾਰੀ ਗੱਲ ਸੁਣ ਕੇ ਸ਼੍ਰੀ ਕ੍ਰਿਸ਼ਨ ਜੀ ਬੋਲੇ ਯੁੱਧ ਵਿੱਚ ਕੀਤੇ ਹੋਏ ਪਾਪ ਪਰੇਸ਼ਾਨ ਕਰ ਰਹੇ ਹਨ। ਇਨ੍ਹਾਂ ਪਾਪਾਂ ਦਾ ਨਿਵਾਰਣ ਯੱਗ ਨਾਲ ਹੁੰਦਾ ਹੈ।

ਗੀਤਾ ਜੀ ਦੇ ਅਧਿਆਇ 3 ਦੇ ਸਲੋਕ 13 ਦਾ ਹਿੰਦੀ ਅਨੁਵਾਦ : ਯੱਗ ਵਿੱਚ ਪ੍ਰਤਿਸ਼ਠਿਤ ਇਸ਼ਟ (ਪੂਰਣ ਪਰਮਾਤਮਾ) ਨੂੰ ਭੋਗ ਲਗਾਉਣ ਤੋਂ ਬਾਅਦ ਬਣੇ ਪ੍ਰਸਾਦ ਨੂੰ ਖਾਣ ਵਾਲੇ ਸ਼੍ਰੇਸ਼ਠ ਪੁਰਸ਼ ਸਭ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ ਜੋ ਪਾਪੀ ਲੋਕ ਆਪਣਾ ਸਰੀਰ ਪੋਸ਼ਣ ਕਰਨ ਦੇ ਲਈ ਹੀ ਅੰਨ ਪਕਾਉਂਦੇ ਹਨ ਉਹ ਤਾਂ ਪਾਪ ਨੂੰ ਹੀ ਖਾਂਦੇ ਹਨ ਅਰਥਾਤ ਯੱਗ ਕਰਕੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਹੋਰ ਕੋਈ ਚਾਰਾ ਨਾ ਦੇਖ ਕੇ ਪਾਂਡਵਾ ਨੇ ਸ਼੍ਰੀ ਕਿਸ਼ਨ ਜੀ ਦੀ ਸਲਾਹ ਸਵੀਕਾਰ ਕਰ ਲਈ। ਯੱਗ ਦੀ ਤਿਆਰੀ ਕੀਤੀ ਗਈ। ਸਾਰੇ ਪ੍ਰਿਥਵੀ ਦੇ ਮਨੁੱਖ, ਰਿਸ਼ੀ, ਸਿੱਧ, ਸਾਧੂ ਅਤੇ ਸਵਰਗ ਲੋਕ ਦੇ ਦੇਵਤਿਆਂ ਨੂੰ ਵੀ ਸੱਦਾ ਦੇਣ ਨੂੰ, ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਜਿੰਨੇ ਜ਼ਿਆਦਾ ਵਿਅਕਤੀ ਭੋਜਨ ਪਾਉਣਗੇ ਓਨਾ ਹੀ ਵੱਧ ਪੁੰਨ ਹੋਵੇਗਾ। ਪਰ ਸੰਤਾਂ ਅਤੇ ਭਗਤਾਂ ਨਾਲ ਵਿਸ਼ੇਸ਼ ਲਾਭ ਹੁੰਦਾ ਹੈ ਉਨ੍ਹਾਂ ਵਿੱਚ ਵੀ ਕੋਈ ਪਰਮ ਸ਼ਕਤੀ ਯੁਕਤ ਸੰਤ ਹੋਵੇਗਾ ਉਹ ਪੂਰਣ ਲਾਭ ਦੇ ਸਕਦਾ ਹੈ ਅਤੇ ਯੱਗ ਪੂਰਣ ਹੋਣ ਦਾ ਗਵਾਹ ਇੱਕ ਪੰਜ ਮੂੰਹ ਵਾਲਾ (ਪੰਚਜਨਯ) ਸ਼ੰਖ ਇੱਕ ਸਜਾਏ ਗਏ ਉੱਚੇ ਆਸਣ 'ਤੇ ਰੱਖ ਦਿੱਤਾ ਜਾਵੇਗਾ ਅਤੇ ਜਦ ਇਸ ਯੱਗ ਵਿੱਚ ਕੋਈ ਪਰਮ ਸ਼ਕਤੀ ਯੁਕਤ ਸੰਤ ਭੋਜਨ ਖਾਵੇਗਾ ਤਾਂ ਇਹ ਸ਼ੰਖ ਆਪਣੇ ਆਪ ਆਵਾਜ਼ ਕਰੇਗਾ। ਇੰਨੀ ਗੂੰਜ ਹੋਵੇਗੀ ਕਿ ਪੂਰੀ ਧਰਤੀ ਉੱਪਰ ਅਤੇ ਸਵਰਗ ਲੋਕ ਤੱਕ ਆਵਾਜ਼ ਸੁਣਾਈ ਦੇਵੇਗੀ।

ਯੱਗ ਦੀ ਤਿਆਰੀ ਹੋਈ। ਮਿੱਥੇ ਦਿਨ ਨੂੰ ਸਭ ਸਤਿਕਾਰਯੋਗ ਸੱਦੇ ਗਏ ਭਗਤਜਣ, ਅਠਾਸੀ ਹਜ਼ਾਰ ਰਿਸ਼ੀ, ਤੇਤੀ ਕਰੋੜ ਦੇਵਤਾ, ਨੌ ਨਾਥ, ਚੌਰਾਸੀ ਸਿੱਧ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਪਹੁੰਚ ਗਏ। ਯੱਗ ਕਾਰਜ ਸ਼ੁਰੂ ਹੋਇਆ। ਬਾਅਦ ਵਿੱਚ ਸਭ ਨੇ ਯੱਗ ਦਾ ਬਚਿਆ ਪ੍ਰਸਾਦ (ਭੰਡਾਰਾ) ਸਭ ਮੌਜੂਦ ਮਹਨੁਭਾਵਾਂ, ਭਗਤਾਂ

**ਅਤੇ ਜਨ ਸਾਧਾਰਣ ਨੂੰ ਵਰਤਾਇਆ (ਖਵਾਇਆ)। ਖੁਦ ਭਗਵਾਨ ਕ੍ਰਿਸ਼ਨ ਜੀ ਨੇ ਵੀ ਭੋਜਨ ਖਾ ਲਿਆ। ਪਰ ਸ਼ੰਖ ਨਹੀਂ ਵਜਿਆ। ਸ਼ੰਖ ਨਹੀਂ ਵਜਿਆ ਤਾਂ ਯੱਗ ਸੰਪੂਰਣ ਨਹੀਂ ਹੋਇਆ। ਉਸ ਸਮੇਂ ਯੁਧਿਸ਼ਟਰ ਨੇ ਸ਼੍ਰੀ ਕ੍ਰਿਸ਼ਨ ਜੀ ਤੋਂ ਪੁੱਛਿਆ-ਹੇ ਮਧੁਸੂਦਨ! ਸ਼ੰਖ ਨਹੀਂ ਵਜਿਆ। ਸਾਰੇ ਮਹਾਂਪੁਰਸ਼ਾਂ ਅਤੇ ਮਹਿਮਾਨਾਂ ਨੇ ਭੋਜਨ ਪਾ ਲਿਆ। ਕਾਰਣ ਕੀ ਹੈ? ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਇਹਨਾਂ ਵਿਚੋਂ ਕੋਈ ਪੂਰਣ ਸੰਤ (ਸਤਨਾਮ ਤੇ ਸਾਰਨਾਮ ਉਪਾਸਕ) ਨਹੀਂ ਹੈ। ਉਦੋਂ ਯੁਧਿਸ਼ਠਰ ਨੂੰ ਬਹੁਤ ਹੈਰਾਨੀ ਹੋਈ ਕਿ ਇੰਨੇ ਮਹਾਂ ਮੰਡਲੇਸ਼ਵਰ ਜਿਸ ਵਿੱਚ ਵਸ਼ਿਸ਼ਠ ਮੁਨਿ, ਮਾਰਕੰਡੇ, ਲੋਮਸ਼ ਰਿਸ਼ੀ, ਨੌ ਨਾਥ (ਗੋਰਖਨਾਥ ਜਿਹੇ), ਚੌਰਾਸੀ ਸਿੱਧ ਆਦਿ-ਆਦਿ ਤੇ ਖੁਦ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਵੀ ਭੋਜਨ ਖਾ ਲਿਆ। ਪ੍ਰੰਤੂ ਸ਼ੰਖ ਨਹੀਂ ਵਜਿਆ। ਇਸ ਉੱਤੇ ਕ੍ਰਿਸ਼ਨ ਜੀ ਨੇ ਕਿਹਾ ਹੈ ਇਹ ਸਾਰੇ ਮਾਣ ਵਡਿਆਈ ਦੇ ਭੁੱਖੇ ਹਨ। ਪਰਮਾਤਮਾ ਨੂੰ ਚਾਹੁਣ ਵਾਲਾ ਕੋਈ ਨਹੀਂ ਅਤੇ ਆਪਣੀ ਮਨਮੁਖੀ ਸਾਧਨਾਂ ਕਰਕੇ ਸਿੱਧੀ ਦਿਖਾ ਕੇ ਦੁਨੀਆਂ ਨੂੰ ਆਕਰਸ਼ਿਤ ਕਰਦੇ ਹਨ। ਭੋਲੇ ਲੋਕ ਇਹਨਾਂ ਦੀ ਵਾਹ-ਵਾਹ ਕਰਦੇ ਹਨ ਅਤੇ ਇਹਨਾਂ ਦੇ ਆਲੇ-ਦੁਆਲੇ ਘੁੰਮਦੇ ਹਨ। ਇਹ ਖੁਦ ਵੀ ਪਸ਼ੂ ਜੂਨੀ ਵਿੱਚ ਜਾਣਗੇ ਅਤੇ ਆਪਣੇ ਅਨੁਯਾਈਆਂ ਨੂੰ ਵੀ ਨਰਕ ਵਿੱਚ ਲੈ ਜਾਣਗੇ।**

ਗਰੀਬ, ਸਾਹਿਬ ਕੇ ਦਰਬਾਰ ਮੇਂ, ਗਾਹਕ ਕੋਟਿ ਅਨੰਤ।
ਚਾਰ ਚੀਜ ਚਾਹੈ ਹੈਂ, ਰਿਧਿ ਸਿਧਿ ਮਾਨ ਮਹੰਤ॥
ਗਰੀਬ, ਬ੍ਰਹਮਾ ਰੰਦ੍ਰ ਕੇ ਘਾਟ ਕੋ, ਖੋਲਤ ਹੈ ਕੋਈ ਏਕ।
ਦਵਾਰੇ ਸੇ ਫਿਰ ਜਾਤੇ ਹੈਂ, ਏਸੇ ਬਹੁਤ ਅਨੇਕ॥
ਗਰੀਬ ਬੀਜਕ ਕੀ ਬਾਤਾਂ ਕਹੈਂ, ਬੀਜਕ ਨਾਹੀਂ ਹਾਥ।
ਪ੍ਰਿਥਵੀ ਡੋਬਨ ਉਤਰੇ, ਕਹ-ਕਹ ਮੀਠੀ ਬਾਤ॥
ਗਰੀਬ, ਬੀਜਕ ਕੀ ਬਾਤਾਂ ਕਹੈਂ, ਬੀਜਕ ਨਾਹੀਂ ਪਾਸ ।
ਔਰੋਂ ਕੋ ਪ੍ਰਮੋਦਹੀ, ਅਪਨ ਚਲੇ ਨਿਰਾਸ ॥

## ॥ ਪ੍ਰਮਾਣ ਦੇ ਲਈ ਗੀਤਾ ਜੀ ਦੇ ਕੁਝ ਸ਼ਲੋਕ ॥

**ਅਧਿਆਇ 9 ਦਾ ਸ਼ਲੋਕ 20**

त्रैविद्या मां सोमपाः पूतपापा-
यज्ञैरिष्ट्वा स्वर्गतिं प्रार्थयन्ते।
ते पुण्यमासाद्य सुरेन्द्रलोक-
मश्नन्ति दिव्यान्दिवि देवभोगान्। २०।

ਤ੍ਰੈਵਿਦ੍ਯਾਹ ਮਾਮ੍, ਸੋਮਪਾਹ , ਪੂਤਪਾਪਾਹ,ਪੂਤਪਾਪਾਹ , ਯਗ੍ਯੈ੍ਹ, ਇਸ਼ਟ੍ਾ, ਸਵ੍ਹ ਗਤਿਮ, ਪ੍ਰਅਰ੍ਥਯੰਤੇ,ਤੇ , ਪੁਨਯਮ੍, ਆਸਾਦ੍ਯ , ਸੁਰੇਂਦਰਲੋਕਮ, ਅਸ਼ਨੰਤਿਤ, ਦਿਵ੍ਯਾਨ੍, ਦਿਵਿ, ਦੇਵਭੋਗਾਨ੍ ॥20॥

ਅਨੁਵਾਦ: ( ਤ੍ਰੈਵਿਦ੍ਯਾਹ) ਤਿੰਨਾਂ ਵੇਦਾਂ ਵਿੱਚ ਵਿਧਾਨ ( ਸੋਮਪਾਹ) ਸੋਮਰਸ ਨੂੰ ਪੀਣ ਵਾਲੇ ( ਪੂਤਪਾਪਾਹ) ਪਾਪ ਰਹਿਤ ਪੁਰਸ਼ ( ਮਾਮ੍) ਮੈਨੂੰ ( ਯਗ੍ਯੈ੍ਹ) ਯੱਗਾਂ ਦੇ ਦੁਆਰਾ ( ਇਸ਼ਟਵਾ) ਪੂਜਯ ਦੇਵ ਦੇ ਰੂਪ ਵਿੱਚ ਪੂਜ ਕੇ ( ਸਵਰਗਤਿਮ੍) ਸਵਰਗ ਦੀ ਪ੍ਰਾਪਤੀ ( ਪ੍ਰਾਥਯੰਤੇ) ਚਾਹੁੰਦੇ ਹਨ (ਤੇ) ਉਹ ਪੁਰਸ਼ ( ਪੁਣਯਮ੍) ਆਪਣੇ ਪੁੰਨਾਂ ਦੇ ਫਲਸਰੂਪ ( ਸੁਰੇਂਦਰਲੋਕਮ੍) ਸਵਰਗਲੋਕ ਨੂੰ ( ਆਸਾਦ੍ਯ) ਪ੍ਰਾਪਤ ਹੋ ਕੇ (ਦਿਵੀ) ਸਵਰਗ ਵਿੱਚ ( ਦਿਵਯਾਨ੍) ਦਿਵਯ (ਦੇਵਭੋਗਾਨ੍) ਦੇਵਤਾਵਾਂ ਦੇ ਭੋਗਾਂ ਨੂੰ ( ਅਸ਼ੰਨਤਿ) ਭੋਗਦੇ ਹਨ।

**ਕੇਵਲ ਪੰਜਾਬੀ ਅਨੁਵਾਦ:- ਤਿੰਨਾਂ ਵੇਦਾਂ ਵਿੱਚ ਵਿਧਾਨ ਸੋਮਰਸ ਨੂੰ ਪੀਣ ਵਾਲੇ ਪਾਪ ਰਹਿਤ ਪੁਰਸ਼ ਮੈਨੂੰ ਯੱਗਾਂ ਦੇ ਦੁਆਰਾ ਪੂਜਣਯੋਗ ਦੇਵ ਦੇ ਰੂਪ ਵਿੱਚ ਪੂਜ ਕੇ ਸਵਰਗ ਦੀ ਪ੍ਰਾਪਤੀ ਚਾਹੁੰਦੇ ਹਨ ਉਹ ਪੁਰਸ਼ ਆਪਣੇ ਪੁੰਨਾਂ ਦੇ ਫਲਸਰੂਪ ਸਵਰ-ਗਲੋਕ ਨੂੰ ਪ੍ਰਾਪਤ ਹੋ ਕੇ ਸਵਰਗ ਵਿੱਚ ਦਿਵਯ ਦੇਵਤਾਵਾਂ ਦੇ ਭੋਗ ਨੂੰ ਭੋਗਦੇ ਹਨ।**

**ਅਧਿਆਇ 9 ਦਾ ਸਲੋਕ 21**

ते तं भुक्त्वा स्वर्गलोकं विशालं-
क्षीणे पुण्ये मर्त्यलोकं विशन्ति।
एवं त्रयीधर्ममनुप्रपन्ना-
गतागतं कामकामा लभन्ते।२१।

ਤੇ, ਤਮ੍, ਭੁਜੁਤਵਾ, ਸਵ੍ਰਗਲੋਕਮ੍, ਵਿਸ਼ਾਲਮ੍, ਅਕਸ਼ੀਣੇ, ਪੁਣ੍ਯੇ, ਮ੍ਰਤ੍ਯਲੋਕਮ੍, ਵਿਸ਼ਅੰਤਿ, ਏਵਮ੍, ਤ੍ਰਯੀਧ੍ਰਮਮ੍, ਅਨੁਪ੍ਰਪਦੁਤਾਹ, ਗਤਾਗਤਮ੍, ਕਾਮ ਕਾਮਾਹ, ਲੇਭ ਅ ਨਤੇ॥21॥

ਅਨੁਵਾਦ: (ਤੇ)ਉਹ (ਤਮ੍) ਉਸ (ਵਿਸ਼ਾਲਮ੍) ਵਿਸ਼ਾਲ ( ਸਵ੍ਰਗਲੋਕਮ੍) ਸਵਰਗਲੋਕ ਨੂੰ ( ਭੁਕਤਵਾ) ਭੋਗ ਕੇ (ਪੁਣਯੇ) ਪੁੰਨ ( ਅਕਸ਼ੀਣੇ) ਖ਼ਤਮ ਹੋਣ 'ਤੇ (ਮ੍ਰਤ੍ਯਲੋਕਮ੍) ਮੌਤ ਦੇ ਲੋਕ ਨੂੰ (ਵਿਸ਼ਅੰਤਿ) ਪ੍ਰਾਪਤ ਹੁੰਦੇ ਹਨ।( ਏਵਮ੍) ਇਸ ਪ੍ਰਕਾਰ (ਤ੍ਰਯੀਧ੍ਰਮਮ੍) ਤਿੰਨਾਂ ਵੇਦਾਂ ਵਿੱਚ ਕਹੇ ਹੋਏ ਪੂਜਾ ਕਰਮਾਂ ਦਾ (ਅਨੁਪ੍ਰਪਨਤਾਹ) ਆਸਰਾ ਲੈਣ ਵਾਲੇ ਅਤੇ ( ਕਾਮਕਾਮਾਹ) ਭੋਗਾਂ ਦੀ ਕਾਮਨਾਵਾਸ (ਗਤਾਗਤਮ੍) ਵਾਰ- ਵਾਰ ਆਵਾਗਮਨ ਨੂੰ (ਲਭਨਤੇ) ਪ੍ਰਾਪਤ ਹੁੰਦੇ ਹਨ।

**ਕੇਵਲ ਪੰਜਾਬੀ ਅਨੁਵਾਦ:- ਉਹ ਉਸ ਵਿਸ਼ਾਲ ਸਵਰਗਲੋਕ ਨੂੰ ਭੋਗ ਕੇ ਪੁਨ ਖਤਮ ਹੋਣ ਉੱਤੇ ਮ੍ਰਿਤਯੂਲੋਕ ਨੂੰ ਪ੍ਰਾਪਤ ਹੁੰਦੇ ਹਨ। ਇਸ ਪ੍ਰਕਾਰ ਤਿੰਨਾਂ ਵੇਦਾਂ ਵਿੱਚ ਕਹੇ ਹੋਏ ਪੂਜਾ ਕਰਮਾਂ ਦਾ ਆਸਰਾ ਲੈਣ ਵਾਲਿਆਂ ਅਤੇ ਭੋਗਾਂ ਦੀ ਕਾਮਨਾਵਾਸ ਵਾਰ-ਵਾਰ ਆਵਾਗਮਨ ਨੂੰ ਪ੍ਰਾਪਤ ਹੁੰਦੇ ਹਨ।**

**ਅਧਿਆਇ 16 ਦਾ ਸਲੋਕ 17**

आत्मसम्भाविताः स्तब्धा धनमानमदान्विताः।
यजन्ते नामयज्ञैस्ते दम्भेनाविधिपूर्वकम्।१७।

ਆਤ੍ਮ ਨ੍ਸਮ੍ ਭਾਵਿਤਾਹ ਸ੍ਤਬ੍ਧਾਹ, ਧਨਮਾਨਮਦਾਨਇਤਾਹ,
ਯਜੰਤੇ, ਨਾਮਯਗੈਹ, ਤੇ , ਦੰਭੇਨ, ਅਵਿਧੀਪੂਰਵਕਮ੍॥17॥

**ਅਨੁਵਾਦ: (ਤੇ) ਉਹ (ਆਤ੍ਮਨ੍ਸਮ੍ਭਾਵਿਤਾਹ) ਆਪਣੇ ਆਪ ਨੂੰ ਹੀ ਉੱਤਮ ਮੰਨਣ ਵਾਲੇ (ਸ੍ਤਬ੍ਧਾਹ) ਘਮੰਡੀ ਪੁਰਸ਼ (ਧਨਮਾਨਮਦਾਨਵਿਤਾਹ) ਧਨ ਅਤੇ ਮਾਨ ਦੇ ਨਸ਼ੇ ਤੋਂ ਯੁਕਤ ਹੋ ਕੇ ( ਨਾਮਯਗੇਹ) ਸਿਰਫ ਨਾਮ ਮਾਤਰ ਦੇ ਯੱਗਾਂ ਦੁਆਰਾ( ਦੰਭੇਨ) ਪਖੰਡ ਨਾਲ (ਅਵਿਧੀਪੂਰਵਕਮ੍) ਸ਼ਾਸਤਰ ਵਿਧੀ ਰਹਿਤ ਪੂਜਣ ਕਰਦੇ ਹਨ।**

**ਕੇਵਲ ਪੰਜਾਬੀ ਅਨੁਵਾਦ:- ਉਹ ਆਪਣੇ ਆਪ ਨੂੰ ਉੱਤਮ ਮੰਨਣ ਵਾਲੇ ਘਮੰਡੀ ਪੁਰਸ਼ ਧਨ ਅਤੇ ਮਾਨ ਦੇ ਨਸ਼ੇ ਤੋਂ ਯੁਕਤ ਹੋ ਕੇ ਕੇਵਲ ਨਾਮ ਮਾਤਰ ਹੀ ਯੱਗਾਂ ਦੁਆਰਾ ਪਾਖੰਡ ਨਾਲ ਸ਼ਾਸਤਰ ਵਿਧੀ ਰਹਿਤ ਪੂਜਾ ਕਰਦੇ ਹਨ।**

**ਅਧਿਆਇ 16 ਦਾ ਸ਼ਲੋਕ 18**

अहङ्कारं बलं दर्पं कामं क्रोधं च संश्रिताः।
मामात्मपरदेहेषु प्रद्विषन्तोऽभ्यसूयकाः।१८।

ਅਹੰਕਾਰਮ੍,ਬਲਮ੍, ਦਰਪਮ੍ ,ਕਾਮਮ੍,ਕਰੋਧਮ੍ , ਚ,ਸੰਕਸ਼ਰਿਤਾਹ,
ਮਾਮ੍, ਆਤਮਪਰਦੇਹੇਸ਼ੁ, ਪਰਦਿਸ਼ੰਤਹ , ਅਭਯਸੁਯਕਾਹ॥18॥

ਅਨੁਵਾਦ: (ਅਹੰਕਾਰਮ੍) ਅਹੰਕਾਰ (ਬਲਮ੍) ਬਲ (ਦਰਪਮ੍) ਘਮੰਡ (ਕਾਮਮ੍) ਕਾਮਨਾ ਅਤੇ (ਕਰੋਧਮ੍) ਕਰੋਧਾਦਿ ਦੇ (ਸੰਕਸ਼ਰਿਤਾਹ) ਪਰਾਯਣ (ਚ) ਅਤੇ (ਅਭਯਸੁਯਕਾਹ) ਦੂਜਿਆਂ ਦੀ ਨਿੰਦਾ ਕਰਨ ਵਾਲੇ ਪੁਰਸ਼ (ਆਤਮਪਰਦੇਹੇਸ਼ੁ)ਹਰੇਕ ਸ਼ਰੀਰ ਵਿੱਚ ਪਰਮਾਤਮਾ ਆਤਮਾ ਸਹਿਤ ਅਤੇ (ਮਾਮ੍) ਮੇਰੇ ਨਾਲ (ਪਰਦਿਸ਼ੰਤਹ) ਦਵੇਸ਼ ਕਰਨ ਵਾਲੇ ਹੁੰਦੇ ਹਨ।

**ਕੇਵਲ ਪੰਜਾਬੀ ਅਨੁਵਾਦ:- ਅਹੰਕਾਰ, ਬਲ , ਘਮੰਡ, ਕਾਮਨਾ ਅਤੇ ਕਰੋਧ ਆਦਿ ਦੇ ਪਰਾਯਣ ਅਤੇ ਦੂਜਿਆਂ ਦੀ ਨਿੰਦਾ ਕਰਨ ਵਾਲੇ ਪੁਰਸ਼ ਹਰੇਕ ਸਰੀਰ ਵਿੱਚ ਪਰਮਾਤਮਾ ਆਤਮਾ ਸਹਿਤ ਅਤੇ ਮੇਰੇ ਨਾਲ ਦਵੇਸ਼ ਕਰਨ ਵਾਲੇ ਹੁੰਦੇ ਹਨ।**

**ਅਧਿਆਇ 16 ਦਾ ਸ਼ਲੋਕ 19**

तानहं द्विषतः क्रूरान्संसारेषु नराधमान्।
क्षिपाम्यजस्रमशुभानासुरीष्वेव योनिषु। १९ ।

ਤਾਨ੍ ਅਹਮ੍, ਦਵਿਸ਼ਤਹ, ਕਰੂਰਾਨ੍, ਸੰਸਾਰੇਸ਼ੁ, ਨਰਾਧਮਾਨ੍,
ਸ਼ਿਕਪਾਮਿ, ਅਜਸਤਰਮ੍, ਅਸ਼ੁਭਾਨ੍, ਆਸੁਰੀਸ਼ੁ, ਏਵ, ਯੋਨਿਸ਼ੁ॥19॥

ਅਨੁਵਾਦ:(ਤਾਨ੍)ਉਨ੍ਹਾਂ(ਦਵਿਸ਼ਤਹ)ਦਵੇਸ਼ਕਰਨਵਾਲੇ(ਅਸ਼ੁਭਾਨ੍)ਪਾਪਚਾਰੀਅਤੇ(ਕਰੂ-ਰਾਨ੍)ਕਰੂਰਕਰਮੀ(ਨਰਾਧਮਾਨ੍)ਨਰਾਧਮਾਂਨੂੰ(ਅਹਮ੍)ਮੈਂ(ਸੰਸਾਰੇਸ਼ੁ)ਸੰਸਾਰਵਿੱਚ(ਅਜਸਤਰਮ੍) ਵਾਰ-ਵਾਰ (ਆਸੁਰੀਸ਼ੁ) ਆਸੁਰੀ (ਯੋਨਿਸ਼ੁ) ਜੂਨੀਆਂ ਵਿੱਚ (ਏਵ) ਹੀ (ਸ਼ਿਕਪਾਮਿ) ਪਾਉਂਦਾ ਹਾਂ।

**ਕੇਵਲ ਪੰਜਾਬੀ ਅਨੁਵਾਦ:- ਉਨ੍ਹਾਂ ਦਵੇਸ਼ ਕਰਨ ਵਾਲੇ ਪਾਪਚਾਰੀ ਅਤੇ ਕਰੂਰਕਰਮੀ ਨਰਾਧਰਮਾਂ ਨੂੰ ਮੈਂ ਸੰਸਾਰ ਵਿੱਚ ਵਾਰ- ਵਾਰ ਰਾਕਸ਼ਾਂ ਦੀ ਜੂਨੀਆਂ ਵਿੱਚ ਹੀ ਪਾਉਂਦਾ ਹਾਂ।**

**ਅਧਿਆਇ 16 ਦਾ ਸਲੋਕ 20**

आसुरीं योनिमापन्ना मूढा जन्मनि जन्मनि।
मामप्राप्यैव कौन्तेय ततो यान्त्यधमां गतिम्। २० ।

ਆਸੁਰੀਮ੍, ਯੋਨਿਮ੍, ਆਪਤਾਹਨਾਹ , ਮੁਡਾਹ, ਜਨ੍ਮਨਿ, ਜਨ੍ਮਨਿ,
ਮਾਮ੍ ਅਪ੍ਰਾਪਯ, ਏਵ, ਕੌਂਤਨੇਯ, ਤਤਹ,ਯਾਂਤਿ, ਅਧਮਾਮ੍, ਗਤਿਮ੍॥20॥

ਅਨੁਵਾਦ: (ਕੌਂਤਨੇਯ) ਹੇ ਅਰਜੁਨ! (ਮੁਡਾਹ) ਉਹ ਮੂਰਖ਼ (ਮਾਮ੍) ਮੈਨੂੰ (ਅਪ੍ਰਾਪਯ) ਨਾ ਪ੍ਰਾਪਤ ਹੋ ਕੇ (ਏਵ) ਹੀ (ਜਨ੍ਮਨਿ) ਜਨਮ (ਜਨ੍ਮਨਿ) ਜਨਮ ਵਿੱਚ (ਆਸੁਰੀਮ੍) ਆਸੁਰੀ (ਯੋਨਿਮ੍) ਜੂਨੀਆਂ ਨੂੰ (ਆਪਤਾਹਨਾਹ) ਪ੍ਰਾਪਤ ਹੁੰਦੇ ਹਨ ਫਿਰ (ਤਤਹ) ਉਸ ਤੋਂ ਵੀ (ਅਧਮਾਮ੍) ਬਹੁਤ ਨੀਚ (ਗਤਿਮ੍) ਗਤੀ ਨੂੰ (ਯਾਂਤਿ) ਪ੍ਰਾਪਤ ਹੁੰਦੇ ਹਨ ਭਾਵ ਘੋਰ ਨਰਕਾਂ ਵਿੱਚ ਪੈਂਦੇ ਹਨ।

**ਕੇਵਲ ਪੰਜਾਬੀ ਅਨੁਵਾਦ:- ਹੇ ਅਰਜੁਨ! ਉਹ ਮੂਰਖ਼ ਮੈਨੂੰ ਨਾ ਪ੍ਰਾਪਤ ਹੋ ਕੇ ਹੀ ਜਨਮ ਜਨਮ ਵਿੱਚ ਰਾਕਸ਼ਾਂ ਦੀ ਜੂਨੀ ਨੂੰ ਪ੍ਰਾਪਤ ਹੁੰਦੇ ਹਨ। ਫਿਰ ਉਸ ਤੋਂ ਵੀ ਬਹੁਤ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ ਭਾਵ ਘੋਰ ਨਰਕਾਂ ਵਿੱਚ ਪੈਂਦੇ ਹਨ।**

**ਅਧਿਆਇ 16 ਦਾ ਸਲੋਕ 23**

यः शास्त्रविधिमुत्सृज्य वर्तते कामकारतः।
न स सिद्धिमवाप्नोति न सुखं न परां गतिम्। २३ ।

ਯਹ,ਸ਼ਾਸ੍ਤਰਵਿਧਿਮ,ਉਦ੍ਸ੍ਰਜਯ, ਵਰਤਤੇ, ਕਾਮਕਾਰਤਹ,
ਨ,ਸਹ,ਸਿਧਿਮ੍, ਅਵ ਆਪਨੋਤਿ, ਨ, ਸੁਖਮ੍, ਨ, ਪਰਾਮ੍, ਗਤਿਮ੍॥23॥

ਅਨੁਵਾਦ: (ਯ:) ਜੋ ਪੁਰਸ਼ (ਸ਼ਾਸ਼ਤਰਵਿਧੀਮ) ਸ਼ਾਸਤਰਵਿਧੀ ਨੂੰ(ਉਤਸਜਯ) ਤਿਆ-ਗ ਕੇ (ਕਾਮਕਾਰਤਹ) ਅਪਣੀ ਇੱਛਾ ਨਾਲ ਮਨਮਾਨਾ (ਵਰਤਤੇ) ਆਚਰਣ ਕਰਦਾ ਹੈ(ਸਹ) ਉਹ (ਨ) ਨਾ (ਸਿੱਧਿਮ) ਸਿੱਧੀ ਨੂੰ (ਅਵਾਪਨੋਤਿ) ਪ੍ਰਾਪਤ ਹੁੰਦਾ ਹੈ (ਨ) ਨਾ (ਪਰਾਮ) ਪਰਮ (ਗਤਿਮ) ਗਤੀ ਨੂੰ ਅਤੇ (ਨ) ਨਾ (ਸੁੱਖਮ) ਸੁੱਖ ਨੂੰ ਹੀ।

**ਕੇਵਲ ਪੰਜਾਬੀ ਅਨੁਵਾਦ : ਜੋ ਪੁਰਸ਼ ਸ਼ਾਸ਼ਤਰਵਿਧੀ ਨੂੰ ਛੱਡ ਕੇ ਆਪਣੀ ਇੱਛਾ ਨਾਲ ਮਨਮਾਨਾ ਆਚਰਣ ਕਰਦਾ ਹੈ। ਉਹ ਨਾ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ, ਨਾ ਪਰਮ ਗਤੀ ਨੂੰ ਅਤੇ ਨਾ ਸੁੱਖ ਨੂੰ ਹੀ।**

## "ਬਾਕੀ ਕਥਾ"

**ਸ਼੍ਰੀ ਕ੍ਰਿਸ਼ਨ ਭਗਵਾਨ ਨੇ ਆਪਣੀ ਸ਼ਕਤੀ ਨਾਲ ਯੁਧਿਸ਼ਟਰ ਨੂੰ ਉਹਨਾਂ ਸਾਰੇ ਮਹਾਂ ਮੰਡਲੇਸ਼ਵਰਾਂ ਦੇ ਅੱਗੇ ਹੋਣ ਵਾਲੇ ਜਨਮ ਦਿਖਾਏ ਜਿਸ ਵਿੱਚ ਕਿਸੇ ਨੇ ਗੰਡੋਏ ਦਾ, ਕਿਸੀ ਨੇ ਭੇਡ-ਬੱਕਰੀ, ਮੱਝ ਅਤੇ ਸ਼ੇਰ ਆਦਿ ਦੇ ਰੂਪ ਧਾਰਣ ਕੀਤੇ ਸਨ।**

**ਇਹ ਸਭ ਦੇਖ ਕੇ ਯੁਧਿਸ਼ਟਰ ਨੇ ਕਿਹਾ - ਹੇ ਭਗਵਾਨ! ਫਿਰ ਤਾਂ ਪ੍ਰਿਥਵੀ ਸੰਤ ਰਹਿਤ ਹੋ ਗਈ ਹੈ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਜਦੋਂ ਪ੍ਰਿਥਵੀ ਸੰਤ ਰਹਿਤ ਹੋ ਜਾਏਗੀ ਤਾਂ ਇੱਥੇ ਅੱਗ ਲੱਗ ਜਾਵੇਗੀ। ਸਾਰੇ ਜੀਵ ਜੰਤੂ ਆਪਸ ਵਿੱਚ ਲੜ ਮਰਨਗੇ। ਇਹ ਤਾਂ ਪੂਰਨ ਸੰਤ ਦੀ ਸ਼ਕਤੀ ਨਾ਼ਲ ਸੰਤੁਲਨ ਬਣਿਆ ਰਹਿੰਦਾ ਹੈ। ਸਮੇਂ ਸਮੇਂ ਤੇ ਮੈ (ਭਗਵਾਨ ਵਿਸ਼ਣੂ) ਪ੍ਰਿਥਵੀ ਤੇ ਆ ਕੇ ਰਾਕਸ਼ਸ ਵਿਰਤੀ ਦੇ ਲੋਕਾਂ ਨੂੰ ਖਤਮ ਕਰਦਾ ਹਾਂ ਜਿਸ ਨਾ਼ਲ ਸੰਤ ਸੁਖੀ ਹੋ ਜਾਂਦੇ ਹਨ। ਜਿਸ ਪ੍ਰਕਾਰ ਜਮੀਂਦਾਰ ਆਪਣੀ ਫਸਲ ਨੂੰ ਹਾਨੀ ਪਹੁੰਚਾਉਣ ਵਾਲੇ ਹੋਰ ਪੌਦਿਆਂ ਨੂੰ ਜੋ ਘਾਹ-ਨਦੀਨ ਆਦਿ ਨੂੰ ਕੱਟ ਕੱਟ ਕੇ ਬਾਹਰ ਸੁੱਟ ਦਿੰਦਾ ਹੈ ਤਦ ਉਹ ਫਸਲ ਸੁਤੰਤਰਤਾ ਪੂਰਵਕ ਫਲਦੀ-ਫੁੱਲਦੀ ਹੈ। ਭਾਵ ਇਹ ਸੰਤ ਉਸ ਫਸਲ ਵਿੱਚ ਸਿੰਚਾਈ ਦਾ ਸੁੱਖ ਪ੍ਰਦਾਨ ਕਰਦੇ ਹਨ। ਪੂਰਣ ਸੰਤ ਸਭ ਨੂੰ ਸੁੱਖ ਦਿੰਦੇ ਹਨ। ਜਿਸ ਪ੍ਰਕਾਰ ਵਰਖਾ ਅਤੇ ਸਿੰਚਾਈ ਦਾ ਜਲ ਦੋਨਾਂ ਪ੍ਰਕਾਰ ਦੇ ਪੌਦਿਆਂ ( ਫਸਲ ਅਤੇ ਘਾਹ ਫੂਸ) ਦਾ ਪੋਸ਼ਣ ਕਰਦੇ ਹਨ। ਉਹਨਾਂ ਵਿੱਚ ਸਾਰਿਆਂ ਦੇ ਜੀਵਾਂ ਦੇ ਪ੍ਰਤੀ ਦਯਾ ਭਾਵਨਾ ਹੁੰਦੀ ਹੈ। ਹੁਣ ਮੈ ਤੁਹਾਨੂੰ ਪੂਰਣ ਸੰਤ ਦੇ ਦਰਸ਼ਨ ਕਰਵਾਉਂਦਾ ਹਾਂ। ਇੱਕ ਮਹਾਤਮਾ ਕਾਸ਼ੀ ਵਿੱਚ ਰਹਿੰਦੇ ਹਨ। ਉਹਨਾਂ ਨੂੰ ਬੁਲਾਉਣਾ ਹੈ। ਤਦ ਯੁਧਿਸ਼ਠਰ ਨੇ ਕਿਹਾ ਕਿ ਉਸ ਪਾਸੇ ਸੰਤਾਂ ਨੂੰ ਸੱਦਾ ਦੇਣ ਦਾ ਕੰਮ ਭੀਮ-ਸੇਨ ਨੂੰ ਸੌਂਪਿਆ ਸੀ। ਪੁੱਛਦੇ ਹਾਂ ਕਿ ਉਹ ਉਸ ਮਹਾਤਮਾ ਤੱਕ ਪਹੁੰਚਿਆ ਸੀ ਜਾਂ ਨਹੀਂ। ਭੀਮਸੇਨ ਨੂੰ ਬੁਲਾ ਕੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਮੈ ਉਸ ਨੂੰ ਮਿਲਿਆ ਸੀ। ਉਹਨਾਂ ਦਾ ਨਾਮ ਸੁਪਚ ਸੁਦਰਸ਼ਨ ਹੈ। ਬਾਲਮੀਕੀ ਜਾਤੀ ਵਿੱਚ ਗ੍ਰਹਿਸਤੀ ਸੰਤ ਹੈ। ਇੱਕ ਝੌਂਪੜੀ ਵਿੱਚ ਰਹਿੰਦਾ ਹੈ। ਉਹਨਾਂ ਨੇ ਯੱਗ ਵਿੱਚ ਆਉਣ ਤੋਂ ਮਨ੍ਹਾ ਕਰ ਦਿੱਤਾ। ਇਸ ਗੱਲ ਤੇ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਸੰਤ ਮਨ੍ਹਾ ਨਹੀ ਕਰਦੇ। ਸਾਰੀ ਗੱਲ ਜੋ ਉਹਨਾਂ ਨਾਲ ਹੋਈ ਉਹ ਦੱਸੋ।**

**ਤਦ ਭੀਮਸੇਨ ਨੇ ਅੱਗੇ ਦੱਸਿਆ ਕਿ ਮੈ ਉਹਨਾਂ ਨੂੰ ਸੱਦਾ ਦਿੰਦੇ ਹੋਏ ਕਿਹਾ ਕਿ ਹੇ ਸੰਤ ਪਰਵਰ! ਸਾਡੇ ਯੱਗ ਵਿੱਚ ਆਉਣ ਦਾ ਕਸ਼ਟ ਕਰਨਾ। ਉਹਨਾਂ ਨੂੰ ਪੂਰਾ ਪਤਾ ਦੱਸਿਆ। ਉਸੇ ਸਮੇਂ ਉਹ (ਸੁਦਰਸ਼ਨ ਸੰਤ ਜੀ) ਕਹਿਣ ਲੱਗੇ ਕਿ ਭੀਮਸੇਨ**

ਤੁਹਾਡੇ ਪਾਪ ਦੇ ਅੰਨ ਨੂੰ ਖਾਣ ਨਾਲ ਸੰਤਾਂ ਨੂੰ ਦੋਸ਼ ਲੱਗੇਗਾ। ਕਰੋੜਾਂ ਸੈਨਿਕਾਂ ਦੀ ਹੱਤਿਆ ਕਰਕੇ ਤੁਸੀਂ ਤਾਂ ਘੋਰ ਪਾਪ ਕਰ ਰੱਖਿਆ ਹੈ। ਅੱਜ ਤੁਸੀਂ ਰਾਜ ਦਾ ਆਨੰਦ ਲੈ ਰਹੇ ਹੋ। ਯੁੱਧ ਵਿੱਚ ਸ਼ਹਾਦਤ ਨੂੰ ਪ੍ਰਾਪਤ ਸੈਨਿਕਾਂ ਦੀਆਂ ਵਿਧਵਾ ਪਤਨੀਆਂ ਅਤੇ ਅਨਾਥ ਬੱਚੇ ਰਹਿ-ਰਹਿ ਕੇ ਆਪਣੇ ਪਤੀ ਅਤੇ ਪਿਤਾ ਨੂੰ ਯਾਦ ਕਰਕੇ ਫੁੱਟ-ਫੁੱਟ ਕੇ ਘੰਟਿਆਂ ਰੋਂਦੇ ਹਨ। ਬੱਚੇ ਆਪਣੀ ਮਾਂ ਨਾਲ ਲਿਪਟ ਕੇ ਪੁੱਛ ਰਹੇ ਹਨ- ਮਾਂ, ਪਿਤਾ ਜੀ ਛੁੱਟੀ ਨਹੀਂ ਆਏ? ਕਦੋਂ ਆਉਣਗੇ? ਸਾਡੇ ਲਈ ਨਵੇਂ ਕੱਪੜੇ ਲਿਆਉਣਗੇ। ਦੂਸਰੀ ਕੁੜੀ ਕਹਿੰਦੀ ਹੈ ਕਿ ਮੇਰੇ ਲਈ ਨਵੀਂ ਸਾੜੀ ਲਿਆਉਣਗੇ। ਵੱਡੀ ਹੋਣ ਤੇ ਜਦ ਮੇਰਾ ਵਿਆਹ ਹੋਵੇਗਾ ਤਦ ਮੈਂ ਉਸਨੂੰ ਬੰਨ੍ਹ ਕੇ ਸਹੁਰੇ ਜਾਵਾਂਗੀ। ਉਹ ਲੜਕਾ (ਜੋ ਦਸ ਸਾਲ ਦੀ ਉਮਰ ਦਾ ਹੈ) ਕਹਿੰਦਾ ਹੈ ਕਿ ਇਸ ਵਾਰ ਪਾਪਾ (ਪਿਤਾ ਜੀ) ਨੂੰ ਕਹਾਂਗਾ ਕਿ ਤੁਸੀਂ ਨੌਕਰੀ 'ਤੇ ਨਾ ਜਾਣਾ। ਮੇਰੀ ਮਾਂ ਅਤੇ ਭੈਣ-ਭਰਾ ਤੁਹਾਡੇ ਬਿਨਾਂ ਬਹੁਤ ਦੁਖ ਪਾਉਂਦੇ ਹਨ। ਮਾਂ ਤਾਂ ਸਾਰਾ ਦਿਨ-ਰਾਤ ਤੁਹਾਨੂੰ ਯਾਦ ਕਰਕੇ ਜਦ ਦੇਖੋ ਇਕਾਂਤ ਸਥਾਨ ਤੇ ਰੋ ਰਹੀ ਹੁੰਦੀ ਹੈ। ਜਾਂ ਤਾਂ ਸਾਨੂੰ ਸਭ ਨੂੰ ਆਪਣੇ ਕੋਲ਼ ਬੁਲਾ ਲਓ ਜਾਂ ਤੁਸੀਂ ਸਾਡੇ ਕੋਲ਼ ਰਹੋ। ਛੱਡ ਦਓ ਨੌਕਰੀ ਨੂੰ। ਮੈਂ ਜਵਾਨ ਹੋ ਗਿਆ ਹਾਂ। ਤੁਹਾਡੀ ਜਗ੍ਹਾ ਮੈਂ ਫੌਜ ਵਿੱਚ ਜਾ ਕੇ ਦੇਸ਼ ਦੀ ਸੇਵਾ ਕਰਾਂਗਾ। ਤੁਸੀਂ ਆਪਣੇ ਪਰਿਵਾਰ ਵਿੱਚ ਰਹੋ। ਆਉਣ ਦਿਓ ਪਿਤਾ ਜੀ ਨੂੰ, ਬਿਲਕੁਲ ਨਹੀਂ ਜਾਣ ਦਿਆਂਗਾ। (ਉਨ੍ਹਾਂ ਬੱਚਿਆਂ ਨੂੰ ਦੁਖੀ ਹੋਣ ਤੋਂ ਬਚਾਉਣ ਲਈ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਇਹ ਨਹੀਂ ਦੱਸਿਆ ਕਿ ਤੁਹਾਡੇ ਪਿਤਾ ਜੀ ਯੁੱਧ ਵਿੱਚ ਮਰ ਚੁੱਕੇ ਹਨ ਕਿਉਂਕਿ ਉਸ ਸਮੇਂ ਉਹ ਬੱਚੇ ਆਪਣੇ ਮਾਮਾ ਦੇ ਘਰ ਗਏ ਹੋਏ ਸਨ। ਸਿਰਫ ਛੋਟਾ ਬੱਚਾ ਜੋ ਡੇਢ ਸਾਲ ਦੀ ਉਮਰ ਦਾ ਸੀ ਉਹੀ ਘਰ ਸੀ। ਹੋਰ ਬੱਚਿਆਂ ਨੂੰ ਜਾਣ ਬੁੱਝ ਕੇ ਨਹੀਂ ਬੁਲਾਇਆ ਸੀ।)

ਇਸ ਤਰ੍ਹਾਂ ਉਨ੍ਹਾਂ ਮਾਸੂਮ ਬੱਚਿਆਂ ਦੀ ਆਪਸੀ ਗੱਲਬਾਤ ਤੋਂ ਦੁਖੀ ਹੋ ਕੇ ਉਨ੍ਹਾਂ ਦੀ ਮਾਤਾ ਦਾ ਹਿਰਦੈ ਪਤੀ ਦੀ ਯਾਦ ਦੇ ਦੁੱਖ ਨਾਲ ਭਰ ਆਇਆ। ਉਸਨੂੰ ਹਲਕਾ ਕਰਨ ਦੇ ਲਈ (ਰੋਣ ਦੇ ਲਈ) ਦੂਸਰੇ ਕਮਰੇ ਵਿੱਚ ਜਾ ਕੇ ਫੁੱਟ-ਫੁੱਟ ਕੇ ਰੋਣ ਲੱਗੀ। ਤਦ ਸਾਰੇ ਬੱਚੇ ਮਾਂ ਦੇ ਉੱਪਰ ਡਿੱਗ ਕੇ ਰੋਣ ਲੱਗੇ। ਰਿਸ਼ਤੇਦਾਰਾਂ ਨੇ ਆ ਕੇ ਸ਼ਾਂਤ ਕਰਵਾਇਆ। ਕਿਹਾ ਕਿ ਬੱਚਿਆਂ ਨੂੰ ਸਪੱਸ਼ਟ ਦੱਸੋ ਕਿ ਤੁਹਾਡੇ ਪਿਤਾ ਜੀ ਯੁੱਧ ਵਿੱਚ ਸ਼ਹੀਦ ਹੋ ਗਏ ਹਨ। ਜਦ ਬੱਚਿਆਂ ਨੂੰ ਪਤਾ ਲੱਗਿਆ ਕਿ ਸਾਡੇ ਪਾਪਾ (ਪਿਤਾ ਜੀ) ਹੁਣ ਕਦੇ ਨਹੀਂ ਆਉਣਗੇ ਤਦ ਉਸ ਸਵਾਰਥੀ ਰਾਜੇ ਨੂੰ ਕੋਸਣ ਲੱਗੇ ਜਿਸਨੇ ਆਪਣੇ ਭਾਈ ਬਟਵਾਰੇ ਦੇ ਲਈ ਦੁਨੀਆ ਦੇ ਲਾਲਾਂ ਦਾ ਲਹੂ ਪੀ ਲਿਆ। ਇਹ ਕੋਈ ਦੇਸ਼ ਦੀ ਰੱਖਿਆ ਦੀ ਲੜਾਈ ਨਹੀਂ ਸੀ ਜਿਸ ਵਿੱਚ ਅਸੀਂ ਸੰਤੋਖ ਕਰ ਲੈਂਦੇ ਕਿ ਦੇਸ਼ ਦੇ ਹਿੱਤ ਵਿੱਚ ਪ੍ਰਾਣ ਤਿਆਗ ਦਿੱਤੇ ਹਨ। ਇਸ ਖ਼ੂਨੀਂ ਰਾਜੇ ਨੇ ਆਪਣੇ ਐਸ਼ੋ-ਆਰਾਮ ਦੇ ਲਈ ਖ਼ੂਨ ਦੀ ਨਦੀ ਵਹਾ ਦਿੱਤੀ। ਹੁਣ ਉਸ 'ਤੇ ਮੌਜ ਕਰ ਰਿਹਾ ਹੈ। ਅੱਗੇ ਸੰਤ ਸੁਦਰਸ਼ਨ (ਸੁਪਚ) ਦੱਸ ਰਹੇ ਹਨ ਕਿ ਭੀਮ ਅਜਿਹੇ-ਅਜਿਹੇ ਕਰੋੜਾਂ ਪ੍ਰਾਣੀ ਯੁੱਧ ਦੇ ਦਰਦਾਂ ਨਾਲ ਪੀੜਤ ਹਨ। ਉਨ੍ਹਾਂ ਦੀ ਹਾਅ ਤੁਹਾਨੂੰ ਸ਼ਾਂਤੀ ਨਹੀਂ ਲੈਣ ਦੇਵੇਗੀ ਭਾਵੇਂ ਕਰੋੜ ਯੱਗ ਕਰੋ। ਅਜਿਹੇ ਦੁਸ਼ਟ ਅੰਨ ਨੂੰ ਕੌਣ ਖਾਵੇ? ਜੇਕਰ ਮੈਨੂੰ ਬੁਲਾਉਣਾ ਚਾਹੁੰਦੇ ਹੋ ਤਾਂ ਮੈਨੂੰ ਪਹਿਲਾਂ ਕਰੇ ਹੋਏ ਸੌ (100) ਯੱਗਾਂ ਦਾ ਫ਼ਲ ਦੇਣ ਦਾ ਸੰਕਲਪ ਕਰੋ ਅਰਥਾਤ ਇੱਕ ਸੌ ਯੱਗਾਂ ਦਾ ਫ਼ਲ ਮੈਨੂੰ ਦਿਓ ਤਦ ਮੈਂ ਤੁਹਾਡਾ ਭੋਜਨ ਖਾਵਾਂ।

ਸੁਦਰਸ਼ਨ ਜੀ ਦੇ ਮੂੰਹ ਤੋਂ ਇਸ ਗੱਲ ਨੂੰ ਸੁਣ ਕੇ ਭੀਮ ਨੇ ਦੱਸਿਆ ਕਿ ਮੈਂ ਕਿਹਾ ਤੁਸੀਂ ਤਾਂ ਕਮਾਲ ਦੇ ਵਿਅਕਤੀ ਹੋ, ਸੌ ਯੱਗਾਂ ਦਾ ਫ਼ਲ ਮੰਗ ਰਹੇ ਹੋ। ਇਹ

ਸਾਡੀ ਦੂਸਰੀ ਯੱਗ ਹੈ। ਤੁਹਾਨੂੰ ਸੌ ਦਾ ਫਲ ਕਿਵੇਂ ਦੇਈਏ? ਇਸ ਤੋਂ ਚੰਗਾ ਤਾਂ ਤੁਸੀਂ ਨਾ ਆਉਣਾ। ਤੁਹਾਡੇ ਬਿਨਾਂ ਕਿਹੜੀ ਯੱਗ ਸੰਪੂਰਨ ਨਹੀਂ ਹੋਵੇਗੀ। ਜਦੋਂ ਖੁਦ ਭਗਵਾਨ ਕ੍ਰਿਸ਼ਨ ਜੀ ਸਾਡੇ ਨਾਲ ਹਨ। ਤਾਂ ਤੇਰੇ ਨਾ ਆਉਣ ਤੇ ਕਿਹੜਾ ਯੱਗ ਪੂਰਣ ਨਹੀਂ ਹੋਵੇਗਾ । ਸਾਰੀ ਗੱਲ-ਬਾਤ ਸੁਣ ਕੇ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਭੀਮ ਸੰਤਾਂ ਦੇ ਨਾਲ ਇਹੋ ਜਿਹਾ ਇਤਰਾਜ਼ਯੋਗ ਵਿਵਹਾਰ ਨਹੀਂ ਕਰਨਾ ਚਾਹੀਦਾ। ਸੱਤ ਸਮੁੰਦਰਾਂ ਦਾ ਅੰਤ ਪਾਇਆ ਜਾ ਸਕਦਾ ਹੈ ਪਰ ਸਤਿਗੁਰੂ ( ਕਬੀਰ ਸਾਹਿਬ) ਦੇ ਸੰਤ ਦਾ ਪਾਰ ਨਹੀਂ ਪਾ ਸਕਦੇ। ਉਸ ਮਹਾਤਮਾ ਸੁਦਰਸ਼ਨ ਵਾਲਮੀਕਿ ਦੇ ਇੱਕ ਵਾਲ ਦੇ ਸਮਾਨ ਤਿੰਨ ਲੋਕ ਵੀ ਨਹੀਂ ਹਨ। ਮੇਰੇ ਨਾਲ ਚੱਲੋ, ਉਸ ਪਰਮਪਿਤਾ ਪਰਮਾਤਮਾ ਦੇ ਪਿਆਰੇ ਹੰਸ ਨੂੰ ਲਿਆਉਣ ਦੇ ਲਈ। ਤਦ ਪੰਜੇ ਪਾਂਡਵ ਤੇ ਸ਼੍ਰੀ ਕ੍ਰਿਸ਼ਨ ਭਗਵਾਨ ਸੁਪਚ ਸੁਦਰਸ਼ਨ ਦੀ ਝੌਂਪੜੀ ਦੇ ਵੱਲ ਰੱਥ ਵਿੱਚ ਬੈਠ ਕੇ ਚੱਲੇ। ਇਕ ਯੋਜਨ ਭਾਵ 12 ਕਿਲੋਮੀਟਰ ਪਹਿਲਾਂ ਰੱਥ ਤੋਂ ਉਤਰ ਕੇ ਨੰਗੇ ਪੈਰਾਂ ਚੱਲੇ ਅਤੇ ਰੱਥ ਨੂੰ ਖਾਲੀ ਰੱਥਵਾਨ ਪਿੱਛੇ- ਪਿੱਛੇ ਚੱਲਿਆ।

ਉਸ ਸਮੇਂ ਖੁਦ ਕਬੀਰ ਸਾਹਿਬ ਜੀ ਸੁਦਰਸ਼ਨ ਸੁਪਚ ਦਾ ਰੂਪ ਬਣਾ ਕੇ ਝੌਂ-ਪੜੀ ਵਿੱਚ ਬੈਠ ਗਏ ਤੇ ਸੁਦਰਸ਼ਨ ਨੂੰ ਆਪਣੀ ਗੁਪਤ ਪ੍ਰੇਰਣਾ ਤੋਂ ਮਨ ਵਿੱਚ ਸੰਕਲਪ ਉਠਾ ਕੇ ਕਿੱਥੇ ਦੂਰ ਦੇ ਸੰਤ ਜਾਂ ਭਗਤ ਨਾਲ ਮਿਲਣ ਭੇਜ ਦਿੱਤਾ ਜਿਸ ਵਿੱਚ ਆਉਣ ਤੇ ਜਾਣ ਵਿੱਚ ਕਈ ਦਿਨ ਲੱਗਦੇ ਸਨ। ਤਦ ਸੁਦਰਸ਼ਨ ਦੇ ਰੂਪ ਵਿੱਚ ਸਤਿਗੁਰੂ ਦੀ ਚਮਕ ਤੇ ਸ਼ਕਤੀ ਦੇਖ ਕੇ ਹੀ ਸਾਰੇ ਪਾਂਡਵ ਬਹੁਤ ਪ੍ਰਭਾਵਿਤ ਹੋਏ। ਆਪ ਕ੍ਰਿਸ਼ਨ ਜੀ ਨੇ ਲੰਬੀ ਦੰਡਵਤ ਪ੍ਰਣਾਮ ਕੀਤੀ। ਤਦ ਦੇਖਾ ਦੇਖੀ ਸਾਰੇ ਪਾਂਡਵਾਂ ਨੇ ਵੀ ਇੰਝ ਹੀ ਕੀਤਾ। ਕ੍ਰਿਸ਼ਨ ਜੀ ਦੇ ਵੱਲ ਨਜ਼ਰ ਕਰਕੇ ਸੁਪਚ ਸੁਦਰਸ਼ਨ ਨੇ ਆਦਰ ਨਾਲ ਕਿਹਾ ਕਿ- ਹੇ ਤ੍ਰਿਭੁਵਨਨਾਥ ! ਅੱਜ ਇਸ ਦੀਨ ਦੇ ਦੁਆਰ ਤੇ ਕਿਵੇਂ? ਮੇਰੇ ਵੱਡਭਾਗ ਹਨ ਕਿ ਅੱਜ ਦੀਨਾਨਾਥ ਬਿਸ਼ੰਬਰਨਾਥ ਮੈਨੂੰ ਤੁਛ ਨੂੰ ਦਰਸ਼ਨ ਦੇਣ ਖੁਦ ਚੱਲ ਕੇ ਆਏ ਹਨ। ਸਭ ਨੂੰ ਆਦਰ ਪੂਰਵਕ ਬੈਠਇਆ ਅਤੇ ਆਉਣ ਦਾ ਕਾਰਣ ਪੁੱਛਿਆ। ਉਸ ਸਮੇਂ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਹੇ ਜਾਣੀ - ਜਾਣ! ਤੁਸੀਂ ਸਾਰੀ ਗਤੀ (ਸਥਿਤੀ) ਤੋਂ ਜਾਣੂ ਹੋ। ਪਾਂਡਵਾਂ ਨੇ ਯੱਗ ਕੀਤੀ ਹੈ। ਉਹ ਤੁਹਾਡੇ ਬਿਨਾਂ ਸੰਪੂਰਣ ਨਹੀਂ ਹੋ ਰਹੀ ਹੈ। ਕਿਰਪਾ ਇਹਨਾਂ ਨੂੰ ਕ੍ਰਿਤਾਰਥ ਕਰੋ। ਉਸੇ ਸਮੇਂ ਉੱਥੇ ਮੌਜੂਦ ਭੀਮ ਵੱਲ ਸੰਕੇਤ ਕਰਦੇ ਹੋਏ ਸੁਦਰਸ਼ਨ ਰੂਪ ਧਾਰੀ ਪਰਮੇਸ਼ਵਰ ਜੀ ਨੇ ਕਿਹਾ ਕਿ ਇਹ ਵੀਰ ਮੇਰੇ ਕੋ.ਲ ਆਇਆ ਸੀ ਅਤੇ ਆਪਣੀ ਮਜਬੂਰੀ ਤੋਂ ਇਸ ਨੂੰ ਜਾਣੂ ਕਰਵਾਇਆ ਸੀ। ਉਸ ਸਮੇਂ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ- ਹੇ ਪੂਰਣ ਬ੍ਰਹਮ! ਤੁਸੀਂ ਖੁਦ ਆਪਣੀ ਬਾਣੀ ਵਿੱਚ ਕਿਹਾ ਹੈ ਕਿ -

"ਸੰਤ ਮਿਲਣ ਕੋ ਚਾਲਿਏ, ਤਜ ਮਾਯਾ ਅਭਿਮਾਨ।
ਜੋ- ਜੋ ਪਗ ਆਗੇ ਧਰੈ, ਸੋ- ਸੋ ਯੱਗ ਸਮਾਨ॥ "

ਅੱਜ ਪੰਜ ਪਾਂਡਵ ਰਾਜਾ ਹਨ ਅਤੇ ਮੈਂ ਖੁਦ ਦਵਾਰਿਕਾਧੀਸ਼ ਤੁਹਾਡੇ ਦਰਬਾਰ ਵਿੱਚ ਰਾਜਾ ਹੁੰਦੇ ਹੋਏ ਵੀ ਨੰਗੇ ਪੈਰਾਂ ਮੌਜੂਦ ਹਾਂ । ਅਭਿਮਾਨ ਦਾ ਨਾਮ ਨਿਸ਼ਾਨ ਵੀ ਨਹੀਂ ਹੈ ਅਤੇ ਖੁਦ ਭੀਮ ਨੇ ਵੀ ਖੜ੍ਹਾ ਹੋ ਕੇ ਉਸ ਦਿਨ ਕਹੇ ਹੋਏ ਅਪਸ਼ਬਦਾਂ ਦੀ ਚਰਣਾਂ ਵਿੱਚ ਪੈ ਕੇ ਮਾਫੀ ਦੀ ਪ੍ਰਾਰਥਨਾ ਕੀਤੀ । ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਹੇ ਨਾਥ! ਅੱਜ ਤੁਹਾਡੇ ਦਰਸ਼ਨਾਂ ਲਈ ਆਏ ਤੁਹਾਡੇ ਛੇ ਸੇਵਕਾਂ ਦੇ ਕਦਮਾਂ ਦੇ ਯੱਗ ਸਮਾਨ ਫਲ ਨੂੰ ਸਵੀਕਾਰ ਕਰਦੇ ਹੋਏ ਸੌ ਤੁਸੀਂ ਰੱਖ ਲਓ ਅਤੇ ਬਾਕੀ ਸਾਨੂੰ ਭਿਖਾਰੀਆਂ ਨੂੰ ਦਾਨ ਦੇ ਦਿਉ ਤਾਂ ਕਿ ਸਾਡਾ ਵੀ ਕਲਿਆਣ ਹੋਵੇ। ਇੰਨਾ ਅਧੀਨ ਭਾਵ ਸਾਰੇ ਮੌਜੂਦ ਜਨਾਂ ਵਿੱਚ ਦੇਖ ਕੇ ਜਗਤ ਗੁਰੂ ਸਾਹਿਬ ਕਰੁਣਾਮਯ ਸੁਦਰਸ਼ਨ ਰੂਪ ਵਿੱਚ ਬਹੁਤ ਖੁਸ਼ ਹੋਏ।

ਕਬੀਰ, ਸਾਧੂ ਭੂਖਾ ਭਾਵ ਕਾ, ਧਨ ਕਾ ਭੂਖਾ ਨਾਹੀਂ ।
ਜੋ ਕੋਈ ਧਨ ਕਾ ਭੂਖਾ, ਵੋ ਤੋ ਸਾਧੂ ਨਾਹਿ॥

ਉਠ ਕੇ ਉਨ੍ਹਾਂ ਨਾਲ ਚੱਲ ਪਏ। ਜਦੋਂ ਸੁਦਰਸ਼ਨ ਜੀ ਯੱਗਸ਼ਾਲਾ ਵਿੱਚ ਪਹੁੰਚੇ ਤਾਂ ਚਾਰੋਂ ਪਾਸੇ ਇੱਕ ਤੋਂ ਇੱਕ ਉੱਚੇ ਸੁਸ਼ੋਭਿਤ ਆਸਣਾਂ ਉੱਤੇ ਵਿਰਾਜਮਾਨ ਮਹਾਂ ਮੰਡਲੇਸ਼ਵਰ ਸੁਦਰਸ਼ਨ ਜੀ ਦੇ ਰੂਪ ਤੇ ਭੇਸ (ਦੋਹਰੀ ਧੋਤੀ ਗੋਡਿਆਂ ਤੋਂ ਥੋੜ੍ਹਾ ਹੇਠਾਂ ਤਕ, ਛੋਟੀ – ਛੋਟੀ ਦਾੜ੍ਹੀ, ਸਿਰ ਦੇ ਖਿੱਲਰੇ ਹੋਏ ਵਾਲ਼ ਨਾ ਵੱਡੇ ਨਾ ਛੋਟੇ, ਟੁੱਟੀ – ਫੁੱਟੀ ਜੁੱਤੀ, ਮੈਲ਼ੇ ਜਿਹੇ ਕੱਪੜੇ, ਤੇਜੋਮੇਯ ਸਰੀਰ) ਨੂੰ ਦੇਖ ਕੇ ਆਪਣੇ ਮਨ ਵਿੱਚ ਸੋਚ ਰਹੇ ਹਨ ਕਿ ਇਹੋ ਜਿਹੇ ਅਪਵਿੱਤਰ ਵਿਅਕਤੀ ਤੋਂ ਸ਼ੰਖ ਸੱਤ ਜਨਮ ਵੀ ਨਹੀਂ ਵੱਜ ਸਕਦਾ। ਇਹ ਤਾਂ ਸਾਡੇ ਸਾਹਮਣੇ ਇਸ ਤਰ੍ਹਾਂ ਹਨ ਜਿਵੇਂ ਸੂਰਜ ਦੇ ਸਾਹਮਣੇ ਦੀਪਕ । ਸ਼੍ਰੀ ਕ੍ਰਿਸ਼ਨ ਜੀ ਨੇ ਆਪ ਉਸ ਮਹਾਤਮਾ ਦਾ ਆਸਣ ਆਪਣੇ ਹੱਥੀਂ ਲਗਾਇਆ (ਵਿਛਾਇਆ) ਕਿਉਂਕਿ ਸ੍ਰੀ ਕ੍ਰਿਸ਼ਨ ਜੀ ਸ੍ਰੇਸ਼ਠ ਆਤਮਾ ਹਨ,(ਪ੍ਰਮਾਤਮਾ ਹਨ) ਉਨ੍ਹਾਂ ਨੇ ਸੁਦਾਮਾ ਅਤੇ ਭਿਲਣੀ ਨੂੰ ਵੀ ਦਿਲ ਨਾਲ ਚਾਹਿਆ। ਇੱਥੇ ਤਾਂ ਖੁਦ ਪਰਮੇਸ਼ਵਰ ਪੂਰਣ ਬ੍ਰਹਮ, ਸਤਪੁਰਸ਼ , ਅਕਾਲ ਮੂਰਤ ਆਏ ਹਨ। ਫਿਰ ਦ੍ਰੋਪਦੀ ਨੂੰ ਕਿਹਾ ਕਿ ਹੇ ਭੈਣ! ਸੁਦਰਸ਼ਨ ਮਹਾਤਮਾ ਜੀ ਆਏ ਹਨ, ਭੋਜਨ ਤਿਆਰ ਕਰੋ। ਬਹੁਤ ਪਹੁੰਚੇ ਹੋਏ ਸੰਤ ਹਨ। ਦ੍ਰੋਪਦੀ ਦੇਖ ਰਹੀ ਹੈ ਕਿ ਸੰਤ ਲੱਛਣ ਤਾਂ ਇਕ ਵੀ ਨਹੀਂ ਦਿਖਾਈ ਦਿੰਦੇ ਹਨ। ਇਹ ਤਾਂ ਇਕ ਗਰੀਬ ਗ੍ਰਹਿਸਤੀ ਵਿਅਕਤੀ ਹੈ। ਨਾ ਤਾਂ ਕੱਪੜੇ ਭਗਵਾ, ਨਾ ਗ਼ਲ ਵਿੱਚ ਮਾਲਾ,ਨਾ ਤਿਲਕ,ਨਾ ਸਿਰ ਉੱਤੇ ਵੱਡੀ ਜਟਾ,ਨਾ ਮੂੰਡ ਹੀ ਮੁੰਡਵਾਇਆ ਅਤੇ ਨਾ ਹੀ ਕੋਈ ਚਿਮਟਾ,ਝੋਲੀ,ਕਮੰਡਲ ਲਿਆ ਹੋਇਆ ਸੀ। ਸ਼੍ਰੀ ਕ੍ਰਿਸ਼ਨ ਜੀ ਦੇ ਕਹਿੰਦੇ ਹੀ ਸਵਾਦਿਸ਼ਟ ਭੋਜਨ ਕਈ ਪ੍ਰਕਾਰ ਦਾ ਬਣਾ ਕੇ ਇਕ ਸੁੰਦਰ ਥਾ਼ਲ (ਚਾਂਦੀ ਦਾ) ਵਿੱਚ ਪਰੋਸ ਕੇ ਸੁਦਰਸ਼ਨ ਜੀ ਦੇ ਸਾਹਮਣੇ ਰੱਖ ਕੇ ਦ੍ਰੋਪਦੀ ਨੇ ਮਨ ਵਿੱਚ ਵਿਚਾਰ ਕੀਤਾ ਕਿ ਅੱਜ ਤਾਂ ਇਹ ਭਗਤ ਭੋਜਨ ਨੂੰ ਖਾਵੇਗਾ ਤਾਂ ਉਂਗਲਾਂ ਚੱਟਦਾ ਰਹਿ ਜਾਵੇਗਾ। ਜ਼ਿੰਦਗੀ ਵਿੱਚ ਅਜਿਹਾ ਭੋਜਨ ਕਦੇ ਨਹੀਂ ਖਾਧਾ ਹੋਵੇਗਾ।

ਸੁਦਰਸ਼ਨ ਜੀ ਨੇ ਅਲੱਗ– ਅਲੱਗ ਪ੍ਰਕਾਰ ਦੇ ਭੋਜਨ ਨੂੰ ਥਾ਼ਲੀ ਵਿੱਚ ਇਕੱਠਾ ਕੀਤਾ ਅਤੇ ਖਿੱਚੜੀ ਜਿਹੀ ਬਣਾਈ । ਉਸ ਸਮੇਂ ਦ੍ਰੋਪਦੀ ਨੇ ਦੇਖਿਆ ਕਿ ਇਸਨੇ ਤਾਂ ਸਾਰਾ ਭੋਜਨ (ਖੀਰ ,ਖੰਡ,ਹਲਵਾ,ਸਬਜ਼ੀ,ਦਹੀ,ਦਹੀ – ਬੜੇ ਆਦਿ) ਘੋਲ ਕੇ ਇਕ ਕਰ ਲਿਆ । ਉਦੋਂ ਮਨ ਵਿੱਚ ਦੁਰਭਾਵਨਾ ਪੂਰਵਕ ਵਿਚਾਰ ਕੀਤਾ ਕਿ ਇਸ ਮੂਰਖ਼ ਹਬਸ਼ੀ ਨੂੰ ਤਾਂ ਖਾਣਾ ਖਾਣ ਦਾ ਵੀ ਗਿਆਨ ਨਹੀਂ।ਇਹ ਕਾਹਦਾ ਸੰਤ? ਕਿਵੇਂ ਸ਼ੰਖ ਵਜਾਵੇਗਾ। (ਕਿਉਂਕਿ ਬਣਾਉਣ ਵਾਲੀ ਇਸਤਰੀ ਦੀ ਇਹ ਵੀ ਭਾਵਨਾ ਹੁੰਦੀ ਹੈ ਕਿ ਮੈਂ ਇਹੋ ਜਿਹਾ ਸਵਾਦਿਸ਼ਟ ਭੋਜਨ ਬਣਾਵਾਂ ਕਿ ਖਾਣ ਵਾਲਾ ਮੇਰੇ ਭੋਜਨ ਦੀ ਪ੍ਰਸੰਸਾ ਕਈ ਜਗ੍ਹਾ ਕਰਨ)। ਹਰੇਕ ਭੈਣ ਦੀ ਇਹ ਹੀ ਆਸ਼ਾ ਹੁੰਦੀ ਹੈ।

{ਉਹ ਬਿਚਾਰੀ ਇਕ ਘੰਟੇ ਤੱਕ ਧੂੰਏਂ ਨਾਲ ਅੱਖਾਂ ਖਰਾਬ ਕਰੇ ਅਤੇ ਮੇਰੇ ਜਿਹਾ ਕਹਿ ਦੇਵੇ ਕਿ ਨਮਕ ਤਾਂ ਹੈ ਹੀ ਨਹੀਂ, ਉਦੋਂ ਉਸਦਾ ਮਨ ਬਹੁਤ ਦੁੱਖੀ ਹੁੰਦਾ ਹੈ। ਇਸ ਲਈ ਸੰਤ ਜੋ ਮਿਲ ਜਾਵੇ ਖਾ ਕੇ ਪ੍ਰਸੰਸਾ ਹੀ ਕਰਦੇ ਹਨ। ਜੇਕਰ ਕੋਈ ਨਾ ਖਾ ਸਕੇ ਤਾਂ ਨਮਕ ਕਹਿ ਕੇ 'ਸੰਤ' ਨਹੀਂ ਮੰਗਦਾ। ਸੰਤਾਂ ਨੇ ਨਮਕ ਦਾ ਨਾਂ ਰਾਮ – ਰਸ ਰੱਖਿਆ ਹੈ। ਕੋਈ ਜ਼ਿਆਦਾ ਨਮਕ ਖਾਣ ਦਾ ਆਦਿ ਹੋਵੇ ਤਾਂ ਕਹੇਗਾ ਕਿ ਭਾਈ – ਰਾਮਰਸ ਲੈ ਆਓ। ਘਰ ਵਾਲਿਆਂ ਨੂੰ ਪਤਾ ਹੀ ਨਾ ਲੱਗੇ ਕਿ ਕੀ ਮੰਗ ਰਿਹਾ ਹੈ? ਕਿਉਂਕਿ ਸਤਸੰਗ ਵਿੱਚ ਸੇਵਾ ਵਿੱਚ ਹੋਰ ਸੇਵਕ ਵੀ ਹੁੰਦੇ ਹਨ। ਨਾ ਹੀ ਭੋਜਨ ਬਣਾਉਣ ਵਾਲੇ ਨੂੰ ਦੁੱਖ ਹੋਵੇ। ਇੱਕ ਸਮੇਂ ਇੱਕ ਨਵਾਂ ਭਗਤ ਕਿਸੇ ਸਤਸੰਗ ਵਿੱਚ

ਪਹਿਲੀ ਵਾਰ ਗਿਆ। ਉਸ ਵਿੱਚ ਕਿਸੇ ਨੇ ਕਿਹਾ ਕਿ ਭਗਤ ਜੀ ਰਾਮਰਸ ਲਿਆਓ। ਦੂਜੇ ਨੇ ਵੀ ਕਿਹਾ ਕਿ ਰਾਮਰਸ ਲਿਆਓ ਅਤੇ ਥੋੜਾ ਰਾਮਰਸ ਆਪਣੀ ਹਥੇਲੀ ਉੱਤੇ ਰੱਖਵਾ ਲਿਆ। ਉਸ ਨਵੇਂ ਭਗਤ ਨੇ ਖਾਣਾ ਖਾ ਲਿਆ ਸੀ। ਪਰ ਲਾਈਨ ਵਿੱਚ ਬੈਠਾ ਹੋਰ ਭਗਤਾਂ ਦੇ ਭੋਜਨ ਖਾਣ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਇਕੱਠੇ ਹੀ ਉੱਠਾਂਗੇ। ਇਹ ਵੀ ਇੱਕ ਉਪਚਾਰਿਕਤਾ ਸਤਸੰਗ ਵਿੱਚ ਹੁੰਦੀ ਹੈ ਉਸ ਨੇ ਸੋਚਿਆ ਰਾਮਰਸ ਕੋਈ ਖਾਸ ਮਿੱਠਾ ਖਾਣ ਵਾਲਾ ਪਦਾਰਥ ਹੋਵੇਗਾ। ਇਹ ਸੋਚ ਕੇ ਕਿਹਾ ਮੈਨੂੰ ਵੀ ਰਾਮਰਸ ਦਿਓ। ਉਦੋਂ ਸੇਵਕ ਨੇ ਥੋੜਾ ਜਿਹਾ ਰਾਮਰਸ (ਨਮਕ) ਉਸ ਦੇ ਹੱਥ ਉਤੇ ਰੱਖ ਦਿੱਤਾ। ਉਦੋਂ ਉਹ ਨਵਾਂ ਭਗਤ ਬੋਲਿਆ - ਇਹ ਕੀ ਕੰਨਾਂ ਨੂਮ ਲਾਣਾ ਹੈ, ਜ਼ਿਆਦਾ ਜਿਹਾ ਰੱਖਦੇ। ਉਦੋਂ ਉਸ ਸੇਵਕ ਨੇ ਦੋ ਤਿੰਨ ਚਮਚ ਰੱਖ ਦਿੱਤਾ। ਉਸ ਨਵੇਂ ਭਗਤ ਨੇ ਉਸ ਬਾਰੀਕ ਨਮਕ ਨੂੰ ਕੋਈ ਖਾਸ ਮਿੱਠਾ ਖਾਣ ਵਾਲਾ ਪਦਾਰਥ ਸਮਝ ਕੇ ਫੱਕਾ ਮਾਰਿਆ। ਤਦ ਚੁੱਪ ਚਾਪ ਉੱਠਿਆ ਅਤੇ ਬਾਹਰ ਜਾ ਕੇ ਕੁੱਰਲਾ ਕੀਤਾ। ਫਿਰ ਕਿਸੇ ਭਗਤ ਤੋਂ ਪੁੱਛਿਆ ਕਿ ਰਾਮਰਸ ਕਿਸ ਨੂੰ ਕਹਿੰਦੇ ਹਨ? ਉਦੋਂ ਉਸ ਭਗਤ ਨੇ ਦੱਸਿਆ ਕਿ ਨਮਕ ਨੂੰ ਰਾਮਰਸ ਕਹਿੰਦੇ ਹਨ। ਉਦੋਂ ਉਹ ਨਵਾਂ ਭਗਤ ਕਹਿਣ ਲੱਗਾ ਕਿ ਮੈਂ ਵੀ ਸੋਚ ਰਿਹਾ ਸੀ ਕੀ ਕਹਿੰਦੇ ਤਾਂ ਰਾਮਰਸ ਹਨ ਪਰ ਹੈ ਬਹੁਤ ਖਾਰਾ। ਫਿਰ ਵਿਚਾਰ ਆਇਆ ਕਿ ਹੋ ਸਕਦਾ ਹੈ ਨਵੇਂ ਭਗਤਾਂ ਉੱਤੇ ਪਰਮਾਤਮਾ ਪ੍ਰਸੰਨ ਨਹੀਂ ਹੋਇਆ ਹੋਵੇ। ਇਸ ਲਈ ਖਾਰਾ ਲੱਗਦਾ ਹੋਵੇ, ਮੈਂ ਇੱਕ ਵਾਰ ਫਿਰ ਕੋਸ਼ਿਸ਼ ਕਰਦਾ, ਚੰਗਾ ਹੋਇਆ ਜੋ ਮੈਂ ਆਪ ਤੋਂ ਪੁੱਛ ਲਿਆ। ਫਿਰ ਉਸ ਨੂੰ ਦੱਸਿਆ ਗਿਆ ਕਿ ਨਮਕ ਨੂੰ ਰਾਮਰਸ ਕਿਸ ਲਈ ਕਹਿੰਦੇ ਹਨ ?}

**ਸੁਪਚ ਸੁਰਦਰਸ਼ਨ ਜੀ ਨੇ ਥਾਲੀ ਵਾਲੇ ਮਿਲੇ ਹੋਏ ਉਸ ਸਾਰੇ ਭੋਜਨ ਨੂੰ ਪੰਜ ਗਰਾਸ ਬਣਾ ਕੇ ਖਾ ਲਿਆ। ਪੰਜ ਬਾਰ ਸ਼ੰਖ ਨੇ ਆਵਾਜ਼ ਕੀਤੀ। ਉਸ ਤੋਂ ਬਾਅਦ ਸ਼ੰਖ ਨੇ ਆਵਾਜ਼ ਨਹੀਂ ਕੀਤੀ।**

ਵਯੰਜਨ ਛਤੀਸੋਂ ਪਰੋਸਿਆ ਜਹਾਂ ਦ੍ਰੋਪਦੀ ਰਾਣੀ।
ਬਿਨ ਆਦਰ ਸਤਕਾਰ ਕੇ,ਕਹੀ ਸ਼ੰਖ ਨਾ ਵਾਣੀ॥
ਪੰਚ ਗਿਰਾਸੀ ਬਾਲਮੀਕ, ਪੰਚੈ ਬਰ ਬੋਲੇ।
ਆਗੇ ਸ਼ੰਖ ਪੰਚਾਯਨ, ਕਪਾਟ ਨ ਖੋਲੇ॥
ਬੋਲੇ ਕ੍ਰਿਸ਼ਨ ਮਹਾਬਲੀ, ਤਿਰਭੁਵਨ ਕੇ ਸਾਜਾ।
ਬਾਲਮਿਕ ਪ੍ਰਸਾਦ ਸੇ, ਕਣ ਕਣ ਕਯੋਂ ਨਾ ਬਾਜਾ॥
ਦ੍ਰੋਪਦੀ ਸੇਤੀ ਕ੍ਰਿਸ਼ਨ ਦੇਵ, ਜਬ ਐਸੇ ਭਾਖਾ।
ਬਾਲਮਿਕ ਕੇ ਚਰਣੋ ਕੀ, ਤੇਰੇ ਨ ਅਭਿਲਾਸ਼ਾ॥
ਪ੍ਰੇਮ ਪੰਚਾਯਨ ਭੂਖ ਹੈ, ਅੰਨ ਜਗ ਕਾ ਖਾਜਾ।
ਊਚ ਨੀਚ ਦ੍ਰੋਪਦੀ ਕਹਾ, ਸ਼ੰਖ ਕਣ ਕਣ ਯੂੰ ਨਹੀ ਬਾਜਾ॥
ਬਾਲਮਿਕ ਕੇ ਚਰਣੋ ਕੀ, ਲਈ ਦ੍ਰੋਪਦੀ ਧਾਰਾ।
ਸੰਖ ਪੰਚਾਯਨ ਬਾਜੀਯਾ, ਕਣ - ਕਣ ਝਨਕਾਰਾ॥

**ਯੁਧਿਸ਼ਠਰ ਜੀ ਸ਼੍ਰੀ ਕ੍ਰਿਸ਼ਨ ਜੀ ਦੇ ਕੋ਼ਲ ਆਏ ਅਤੇ ਕਿਹਾ ਕਿ ਹੇ ਭਗਵਾਨ ਆਪ ਦੀ ਕਿਰਪਾ ਨਾਲ ਸ਼ੰਖ ਨੇ ਆਵਾਜ਼ ਕੀਤੀ ਹੈ ਸਾਡਾ ਕੰਮ ਪੂਰਾ ਹੋਇਆ। ਸ਼੍ਰੀ ਕ੍ਰਿਸ਼ਨ ਨੇ ਸੋਚਿਆ ਕਿ ਇਸ ਮਹਾਤਮਾ ਸੁਰਦਰਸ਼ਨ ਜੀ ਦੇ ਭੋਜਨ ਖਾਣ ਤੋਂ ਵੀ ਸੰਖ ਅਖੰਡ ਕਿਉਂ ਨਹੀਂ ਵੱਜਿਆ? ਫਿਰ ਆਪਣੀ ਦਿਵਯ ਦ੍ਰਿਸ਼ਟੀ ਨਾਲ ਦੇਖਿਆ? ਤਾਂ ਪਾਇਆ ਕਿ ਦ੍ਰੋਪਦੀ ਦੇ ਮਨ ਵਿੱਚ ਦੋਸ਼ ਹੈ ਜਿਸ ਕਾਰਣ ਨਾਲ ਸ਼ੰਖ ਨੇ ਅਖੰਡ**

ਆਵਾਜ਼ ਨਹੀਂ ਕੀਤੀ ਕੇਵਲ ਪੰਜ ਵਾਰ ਆਵਾਜ਼ ਕਰਕੇ ਮੌਨ ਹੋ ਗਿਆ ਹੈ। ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਯੁਧਿਸ਼ਠਰ ਇਹ ਸ਼ੰਖ ਬਹੁਤ ਦੇਰ ਤਕ ਵੱਜਣਾ ਚਾਹੀਦਾ ਹੈ ਉਦੋਂ ਯੱਗ ਪੂਰਣ ਹੋਵੇਗੀ। ਯੁਧਿਸ਼ਠਰ ਨੇ ਕਿਹਾ ਭਗਵਾਨ! ਹੁਣ ਕਿਹੜਾ ਸੰਤ ਬਾਕੀ ਹੈ ਜਿਸਨੂੰ ਲਿਆਉਣਾ ਹੋਵੇਗਾ। ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਯੁਧਿਸ਼ਠਰ ਇਸ ਸੁਦਰਸ਼ਨ ਸੰਤ ਤੋਂ ਵੱਧ ਕੇ ਕੋਈ ਵੀ ਸਤ ਭਗਤੀ ਯੁਕਤ ਸੰਤ ਨਹੀਂ ਹੈ। ਇਸਦੇ ਇਕ ਵਾ.ਲ ਦੇ ਬਰਾਬਰ ਤਿੰਨ ਲੋਕ ਵੀ ਨਹੀਂ ਹਨ। ਆਪਣੇ ਘਰ ਵਿਚ ਹੀ ਦੋਸ਼ ਹੈ ਉਸਨੂੰ ਸ਼ੁੱਧ ਕਰਦੇ ਹਾਂ। ਸ਼੍ਰੀ ਕ੍ਰਿਸ਼ਨ ਜੀ ਨੇ ਦਰੋਪਦੀ ਨੂੰ ਕਿਹਾ - ਦਰੋਪਦੀ, ਭੋਜਨ ਸਭ ਪ੍ਰਾਣੀ ਆਪਣੇ-2 ਘਰ ਵਿੱਚ ਰੁੱਖਾ-ਸੁੱਕਾ ਖਾ ਕੇ ਹੀ ਸੌਂਦੇ ਹਨ। ਤੁਸੀਂ ਵਧੀਆ ਭੋਜਨ ਬਣਾ ਕੇ ਆਪਣੇ ਮਨ ਵਿੱਚ ਅਭਿਮਾਨ ਪੈਦਾ ਕਰ ਲਿਆ। ਬਿਨਾਂ ਆਦਰ ਸਤਿਕਾਰ ਦੇ ਕੀਤਾ ਹੋਇਆ ਧਾਰਮਿਕ ਅਨੁਸ਼ਠਾਨ (ਯੱਗ, ਹਵਨ, ਪਾਠ) ਸਫ਼ਲ ਨਹੀਂ ਹੁੰਦਾ। ਤੁਸੀਂ ਇਸ ਸਾਧ-ਾਰਨ ਵਿਅਕਤੀ ਨੂੰ ਕੀ ਸਮਝਿਆ ਹੋਇਆ ਹੈ? ਇਹ ਪੂਰਣ ਬ੍ਰਹਮ ਹੈ। ਇਸਦੇ ਇੱਕ ਵਾ.ਲ ਦੇ ਸਮਾਨ ਤਿੰਨ ਲੋਕ ਵੀ ਨਹੀਂ ਹਨ। ਤੁਸੀਂ ਆਪਣੇ ਮਨ ਵਿੱਚ ਇਸ ਮਹਾਂਪੁਰਸ਼ ਦੇ ਬਾਰੇ ਵਿੱਚ ਗਲਤ ਵਿਚਾਰ ਕੀਤੇ ਹਨ ਉਸ ਨਾਲ ਤੁਹਾਡਾ ਅੰਤਹ ਕਰਣ ਮੈ.ਲਾ (ਮਲੀਨ) ਹੋ ਗਿਆ ਹੈ। ਇਸਦੇ ਭੋਜਨ ਗ੍ਰਹਿਣ ਕਰ ਲੈਣ ਨਾਲ ਤਾਂ ਇਹ ਸ਼ੰਖ ਦੀ ਸਵਰਗ ਤੱਕ ਆਵਾਜ਼ ਜਾਂਦੀ ਅਤੇ ਸਾਰਾ ਬ੍ਰਹਿਮੰਡ ਗੂੰਜ ਉੱਠਦਾ। ਇਹ ਕੇਵਲ ਪੰਜ ਵਾਰ ਬੋਲਿਆ ਹੈ। ਇਸ ਲਈ ਕਿ ਤੁਹਾਡਾ ਵਹਿਮ ਦੂਰ ਹੋ ਜਾਵੇ ਕਿਉਂਕਿ ਹੋਰ ਕਿਸੇ ਰਿਸ਼ੀ ਦੇ ਭੋਜਨ ਪਾਉਣ ਨਾਲ ਤਾਂ ਇਹ ਟੱਸ ਤੋਂ ਮੱਸ ਵੀ ਨਹੀਂ ਹੋਇਆ। ਤੁਸੀਂ ਆਪਣਾ ਮਨ ਸਾਫ਼ ਕਰਕੇ ਇਨ੍ਹਾਂ ਨੂੰ ਪੂਰਣ ਪਰਮਾਤਮਾ ਸਮਝ ਕੇ ਇਨ੍ਹਾਂ ਦੇ ਚਰਣਾਂ ਨੂੰ ਧੋ ਕੇ ਪੀਓ, ਤਾਂਕਿ ਤੇਰੇ ਦਿਲ ਦਾ ਮੈ.ਲ (ਪਾਪ) ਸਾਫ਼ ਹੋ ਜਾਵੇ।

ਉਸ ਸਮੇਂ ਦਰੋਪਦੀ ਨੇ ਆਪਣੀ ਗਲਤੀ ਨੂੰ ਸਵੀਕਾਰ ਕਰਦੇ ਹੋਏ ਸੰਤ ਤੋਂ ਮਾਫ਼ੀ ਦੀ ਪ੍ਰਾਰਥਨਾ ਕੀਤੀ ਅਤੇ ਸੁਪਚ ਸੁਦਰਸ਼ਨ ਨੇ ਚਰਣ ਆਪਣੇ ਹੱਥੀਂ ਧੋ ਕੇ ਚਰਣਾਮ੍ਰਿਤ ਬਣਾਇਆ। ਰਜ਼ ਭਰੇ ( ਧੂੜ ਯੁਕਤ) ਜਲ ਨੂੰ ਪੀਣ ਲੱਗੀ। ਜਦ ਅੱਧਾ ਪੀ ਲਿਆ ਉਦੋਂ ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਦਰੋਪਦੀ ਕੁਝ ਅੰਮ੍ਰਿਤ ਮੈਨੂੰ ਵੀ ਦੇ ਦਿਓ ਤਾਂ ਕਿ ਮੇਰਾ ਵੀ ਕਲਿਆਣ ਹੋਵੇ। ਇਹ ਕਹਿ ਕੇ ਭਗਵਾਨ ਕ੍ਰਿਸ਼ਨ ਜੀ ਨੇ ਦਰੋਪਦੀ ਤੋਂ ਅੱਧਾ ਬਚਿਆ ਹੋਇਆ ਚਰਣਾਮ੍ਰਿਤ ਪੀ ਲਿਆ। ਉਸ ਸਮੇਂ ਉਹੀ ਪੰਜਾਯਨ ਸ਼ੰਖ ਇੰਨੇ ਜ਼ੋਰਦਾਰ ਆਵਾਜ਼ ਨਾਲ ਵੱਜਿਆ ਕਿ ਸਵਰਗ ਤੱਕ ਧੁਨ ਸੁਣੀ। ਉਦੋਂ ਪਾਂਡਵਾਂ ਦੀ ਉਹ ਯੱਗ ਸਫਲ ਹੋਈ।

**ਪ੍ਰਮਾਣ ਦੇ ਲਈ ਅੰਮ੍ਰਿਤ ਬਾਣੀ ( ਪਾਰਖ ਦਾ ਅੰਗ) :-**

ਗਰੀਬ,ਸੁਪਚ ਸ਼ੰਕ ਸਬ ਕਰਤ ਹੈਂ, ਨੀਚ ਜਾਤਿ ਬਿਸ਼ ਚੂਕ।
ਪੌਹਮੀ ਬਿਗਸੀ ਸਵਰਗ ਸਬ, ਖਿਲੇ ਜੋ ਪਰਵਤ ਰੂੰਖ॥
ਗਰੀਬ, ਕਰਿ ਦ੍ਰੋਪਦੀ ਦਿਲਮੰਜਨਾ, ਸੁਪਚ ਚਰਣ ਪੀ ਧੋਯ।
ਬਾਜੇ ਸ਼ੰਖ ਸਰਵ ਕਲਾ, ਰਹੇ ਅਵਾਜੰ ਗੋਯ॥
ਗਰੀਬ, ਦ੍ਰੋਪਦੀ ਚਰਣਾਮ੍ਰਿਤ ਲਿਯੇ, ਸੁਪਚ ਸ਼ੰਕ ਨਹੀਂ ਕੀਨ।
ਬਾਜਯਾ ਸ਼ੰਖ ਅਖੰਡ ਧੁਨਿ , ਗਣ ਗੰਧਰਵ ਲਯੌਲੀਨ॥
ਗਰੀਬ, ਫਿਰ ਪੰਡੋਂ ਕੀ ਯਗ ਮੇਂ, ਸ਼ੰਖ ਪਚਾਯਨ ਟੇਰ।
ਦਵਾਦਸ਼ ਕੋਟਿ ਪੰਡਿਤ ਜਹਾਂ, ਪੜਿ ਸਭਨ ਕੀ ਮੇਰ॥
ਗਰੀਬ, ਕਰੀ ਕ੍ਰਿਸ਼ਨ ਭਗਵਾਨ ਕੂੰ, ਚਰਣਾਮ੍ਰਤ ਸਯੋਂ ਪ੍ਰੀਤ ।

ਸੰਖ ਪੰਚਾਯਨ ਜਬ ਬਜਯਾ, ਲਿਯਾ ਦ੍ਰੋਪਦੀ ਸੀਤ॥
ਗਰੀਬ, ਦ੍ਵਾਦਸ਼ ਕੋਟਿ ਪੰਡਿਤ ਜਹਾਂ, ਔਰ ਬ੍ਰਹਮਾ ਵਿਸ਼ਨੂੰ ਮਹੇਸ਼ ।
ਚਰਣ ਲੀਯੇ ਜਗਦੀਸ਼ ਕੂੰ, ਜਿਸ ਕੂੰ ਰਟਤਾ ਸ਼ੇਸ਼॥
ਗਰੀਬ, ਬਾਲਮੀਕ ਕੇ ਬਾਲ ਸਮਿ, ਨਾਹੀਂ ਤੀਨੋਂ ਲੋਕ।
ਸੁਰ ਨਰ ਮੁਨਿ ਜਨ ਕ੍ਰਿਸ਼ਣ ਸੁਧਿ, ਪੰਡੋ ਪਾਈ ਪੋਸ਼॥
ਗਰੀਬ, ਬਾਲਮੀਕ ਬੈਕੁੰਠ ਪਰਿ, ਸਵਰਗ ਲਗਾਈ ਲਾਤ।
ਸੰਖ ਪੰਚਾਯਨ ਘੁਰਤ ਹੈ, ਗਣ ਗੰਧਰਵ ਰਿਸ਼ੀ ਮਾਤ॥
ਗਰੀਬ, ਸਵਰਗ ਲੋਕ ਕੇ ਦੇਵਤਾ, ਕਿਨਹੈਂ ਨਾ ਪੂਰਯਾ ਨਾਦ।
ਸੁਪਚ ਸਿੰਹਾਸਨ ਬੈਠਤੈਂ, ਬਾਜਯਾ ਅਗਮ ਅਗਾਧ॥
ਗਰੀਬ, ਪੰਡਿਤ ਦ੍ਵਾਦਸ਼ ਕੋਟਿ ਥੇ, ਸਹਿਦੇ ਸੇ ਸੁਰ ਬੀਨ।
ਸੰਹਸ ਅਠਾਸੀ ਦੇਵ ਮੇ, ਕੋਈ ਨਾ ਪਦ ਮੇਂ ਲੀਨ।
ਗਰੀਬ ਬਾਜਯਾ ਸੰਖ ਸਵਰਗ ਸੁਨਯਾ, ਚੌਦਹ ਭਵਨ ਉਚਾਰ।
ਤੇਤੀਸੋਂ ਤੱਤ ਨਾ ਲਹ੍ਯਾ, ਕਿਨਹੈਂ ਨਾ ਪਾਯਾ ਪਾਰ॥

## ॥ ਅਚਲਾ ਕਾ ਅੰਗ ॥

ਗਰੀਬ, ਸੁਪਚ ਰੂਪ ਧਰਿ ਆਇਆ, ਸਤਿਗੁਰੂ ਪੁਰੁਸ਼ ਕਬੀਰ।
ਤੀਨ ਲੋਕ ਕੀ ਮੇਦਨੀ, ਸੁਰ ਨਰ ਮੁਨਿ ਜਨ ਭੀਰ॥100॥
ਗਰੀਬ, ਸੁਪਚ ਰੂਪ ਧਰਿ ਆਇਆ, ਸਬ ਦੇਵਨ ਕਾ ਦੇਵ।
ਕ੍ਰਿਸ਼ਨਚੰਦ੍ਰ ਪਗ ਧੋਈਯਾ, ਕਰੀ ਤਾਸ ਕੀ ਸੇਵ॥101॥
ਗਰੀਬ ਸੰਹਸ ਅਠਾਸੀ ਰਿਸ਼ੀ ਜਹਾਂ, ਦੇਵਾ ਤੇਤੀਸ ਕੋਟਿ।
ਸ਼ੰਖ ਨਾ ਬਾਜਯਾ ਤਾਸ ਤੇ, ਰਹੇ ਚਰਣ ਮੇਂ ਲੋਟਿ॥102॥
ਗਰੀਬ ਪੰਡਿਤ ਦ੍ਵਾਦਸ਼ ਕੋਟਿ ਹੈ, ਔਰ ਚੌਰਾਸੀ ਸਿੱਧ।
ਸ਼ੰਖ ਨਾ ਬਾਜਯਾ ਤਾਸ ਤੇ, ਪੀਯੇ ਮਾਨ ਕਾ ਮਧ॥103॥
ਗਰੀਬ, ਸੁਪਚ ਰੂਪ ਕੋ ਦੇਖ ਕਰ, ਦਰੋਪਦੀ ਮਾਨੀ ਸ਼ੰਕ।
ਜਾਨਿ ਗਏ ਜਗਦੀਸ਼ ਗੁਰੂ, ਬਾਜਤ ਨਾਹੀਂ ਸ਼ੰਖ॥104॥
ਗਰੀਬ, ਛੱਪਨ ਭੋਗ ਸੰਯੋਗ ਕਰਿ, ਕੀਨੇਂ ਪਾਂਚ ਗਿਰਾਸ।
ਦ੍ਰੋਪਦੀ ਕੇ ਦਿਲ ਦੁਈ ਹੈਂ, ਨਾਹੀਂ ਦ੍ਰਿੜ ਵਿਸ਼ਵਾਸ॥105॥
ਗਰੀਬ, ਪਾਂਚੋਂ ਪੰਡੋਂ ਯੱਗ ਕਰੀ, ਕਲਪਵ੍ਰਿਕਸ਼ ਕੀ ਛਾਂਹਿ।
ਦ੍ਰੋਪਦੀ ਕੇ ਦਿਲ ਬੰਕ ਹੈ, ਕਣ ਕਣ ਬਾਜਯਾ ਨਾਂਹਿ॥106॥
ਗਰੀਬ, ਸੁਰ ਨਰ ਮੁਨਿ ਜਨ ਯੱਗ ਮੇਂ, ਤ੍ਰਿਲੋਕੀ ਕੇ ਭੂਪ।
ਸੁਪਚ ਯੱਗ ਮੇਂ ਆਇਆ, ਨਿਤ ਬੇਚਤ ਹੈ ਸੂਪ॥107॥
ਗਰੀਬ, ਛੱਪਨ ਭੋਗ ਨਾ ਭੋਗਿਯਾ, ਕੀਨਹੇਂ ਪੰਚ ਗਿਰਾਸ।
ਖੜੀ ਦ੍ਰੋਪਦੀ ਉਨਮੁਨੀ, ਹਰਦਮ ਘਾਲਤ ਸ਼ਵਾਸ॥108॥
ਗਰੀਬ, ਬੋਲੇ ਕ੍ਰਿਸ਼ਣ ਮਹਾਬਲੀ, ਕਿਉਂ ਬਾਜਯਾ ਨਹੀਂ ਸ਼ੰਖ।
ਜਾਨਰਾਯ ਜਗਦੀਸ਼ ਗੁਰੂ, ਕਾਢਤ ਹੈ ਮਨ ਬੰਕ॥109॥
ਗਰੀਬ, ਦ੍ਰੋਪਦੀ ਦਿਲ ਕੂੰ ਸਾਫ ਕਰ, ਚਰਣ ਕਮਲ ਲਯੋ ਲਾਯ।
ਬਾਲਮੀਕ ਕੇ ਬਾਲ ਸਮ, ਤ੍ਰਿਲੋਕੀ ਨਹੀਂ ਪਾਯ॥110॥

ਗਰੀਬ, ਚਰਣ ਕਮਲ ਕੂੰ ਧੋਯ ਕਰਿ, ਲੇ ਦ੍ਰੋਪਦੀ ਪ੍ਰਸਾਦ।
ਅੰਤਰ ਸੀਨਾ ਸਾਫ਼ ਹੋਯ, ਜਰੈ ਸਕਲ ਅਪਰਾਧ॥111॥
ਗਰੀਬ ਬਾਜਯਾ ਸ਼ੰਖ ਸੁਭਾਨ ਗਤਿ, ਕਣ ਕਣ ਭਈ ਅਵਾਜ਼।
ਸਵਰਗ ਲੋਕ ਬਾਣੀ ਸੁਨੀ, ਤ੍ਰਿਲੋਕੀ ਮੇਂ ਗਾਜ॥112॥
ਗਰੀਬ ਸ਼ਰਣ ਕਬੀਰ ਜੋ ਗਹੇ, ਟੂਟੈ ਯਮ ਕੀ ਬੰਧ।
ਬੰਦੀ ਛੋੜ ਅਨਾਦਿ ਹੈ, ਸਤਿਗੁਰੂ ਕ੍ਰਿਪਾ ਸਿੰਧੂ॥113॥
ਗਰੀਬ ਪੰਡੋਂ ਯੱਗ ਅਸ਼ਵਮੇਧ ਮੇਂ, ਆਯੇ ਨਜ਼ਰ ਨਿਹਾਲ।
ਯਮ ਰਾਜਾ ਕੀ ਬੰਧਿ ਮੇਂ, ਖਲਹਲ ਪਰਯਾ ਕਮਾਲ॥114॥

## "ਹੋਰ ਬਾਣੀ ਸਤਿਗ੍ਰੰਥ ਤੋਂ"

ਤੇਤੀਸ ਕੋਟਿ ਯੱਗ ਮੇਂ ਆਏ, ਸੰਹਸ ਅਠਾਸੀ ਸਾਰੇ,
ਦ੍ਵਾਦਸ਼ ਕੋਟਿ ਵੇਦ ਕੇ ਵਕਤਾ, ਸੁਪਚ ਕਾ ਸ਼ੰਖ ਬਜਯਾ ਰੇ॥

## "ਅਰਜੁਨ ਸਹਿਤ ਪਾਂਡਵਾਂ ਨੂੰ ਯੁੱਧ ਵਿੱਚ ਕੀਤੀ ਗਈ ਹਿੰਸਾ ਦੇ ਪਾਪ ਲੱਗੇ"

**ਪਰਮੇਸ਼ਵਰ ਕਬੀਰ ਜੀ ਨੇ ਧਰਮਦਾਸ ਜੀ ਨੂੰ ਦੱਸਿਆ ਕਿ ਉਪਰੋਕਤ ਵੇਰਵੇ ਤੋਂ ਸਿੱਧ ਹੋਇਆ ਕਿ ਪਾਂਡਵਾਂ ਨੂੰ ਯੁੱਧ ਦੀ ਹੱਤਿਆਵਾਂ ਦਾ ਪਾਪ ਲੱਗਾ। ਅੱਗੇ ਸੁਣ ਹੋਰ ਸੁਣਾਉਂਦਾ ਹਾਂ :-**

ਦੁਰਵਾਸਾ ਰਿਸ਼ੀ ਦੇ ਸਰਾਪ ਵੱਸ ਯਾਦਵ ਕੁਲ ਆਪਸ ਵਿੱਚ ਲੜ ਕੇ ਪ੍ਰਭਾਸ ਖੇਤਰ ਵਿੱਚ ਯਮੁਨਾ ਨਦੀ ਦੇ ਕਿਨਾਰੇ ਨਸ਼ਟ ਹੋ ਗਿਆ। ਸ਼੍ਰੀ ਕ੍ਰਿਸ਼ਨ ਜੀ ਭਗਵਾਨ ਨੂੰ ਇੱਕ ਸ਼ਿਕਾਰੀ ਨੇ ਪੈਰ ਵਿੱਚ ਜ਼ਹਿਰੀਲਾ ਤੀਰ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ। ਉਸ ਸਮੇਂ ਸ਼੍ਰੀ ਕ੍ਰਿਸ਼ਨ ਜੀ ਨੇ ਉਸ ਸ਼ਿਕਾਰੀ ਨੂੰ ਦੱਸਿਆ ਕਿ ਤੁਸੀਂ ਤ੍ਰੇਤਾ ਯੁੱਗ ਵਿੱਚ ਸੁਗ੍ਰੀਵ ਦੇ ਵੱਡੇ ਭਰਾ ਬਾਲੀ ਸੀ ਅਤੇ ਮੈਂ ਰਾਮਚੰਦਰ ਸੀ। ਤੁਹਾਨੂੰ ਮੈਂ ਧੋਖੇ ਨਾਲ ਦਰੱਖਤ ਦੀ ਓਟ ਲੈ ਕੇ ਮਾਰਿਆ ਸੀ। ਅੱਜ ਤੁਸੀਂ ਉਹ ਬਦਲਾ (ਪ੍ਰਤੀਸ਼ੋਧ) ਚੁਕਾਇਆ ਹੈ। ਪੰਜੇ ਪਾਂਡਵਾਂ ਨੂੰ ਪਤਾ ਲੱਗਾ ਕਿ ਯਾਦਵ ਆਪਸ ਵਿੱਚ ਲੜ ਮਰੇ ਹਨ ਉਹ ਦ੍ਵਾਰਿਕਾ ਪਹੁੰਚੇ। ਉੱਥੇ ਗਏ ਜਿੱਥੇ ਸ਼੍ਰੀ ਕ੍ਰਿਸ਼ਨ ਜੀ ਤੀਰ ਨਾਲ ਜ਼ਖ਼ਮੀ ਤੜਪ ਰਹੇ ਸਨ। ਪੰਜੇ ਪਾਂਡਵਾਂ ਦੇ ਧਾਰਮਿਕ ਗੁਰੂ ਸ਼੍ਰੀ ਕ੍ਰਿਸ਼ਨ ਜੀ ਸਨ। ਸ਼੍ਰੀ ਕ੍ਰਿਸ਼ਨ ਜੀ ਨੇ ਪਾਂਡਵਾਂ ਨੂੰ ਕਿਹਾ! ਤੁਸੀਂ ਮੇਰੇ ਬਹੁਤ ਪਿਆਰੇ ਹੋ। ਮੇਰਾ ਆਖਰੀ ਸਮਾਂ ਆ ਚੁੱਕਿਆ ਹੈ। ਮੈਂ ਕੁਝ ਹੀ ਸਮੇਂ ਦਾ ਮਹਿਮਾਨ ਹਾਂ। ਮੈਂ ਤੁਹਾਨੂੰ ਆਖਰੀ ਉਪਦੇਸ਼ ਦੇਣਾ ਚਾਹੁੰਦਾ ਹਾਂ ਕਿਰਪਾ ਧਿਆਨ ਨਾਲ ਸੁਣੋ। ਇਹ ਕਹਿ ਕੇ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ (1) ਤੁਸੀਂ ਦ੍ਵਾਰਿਕਾ ਦੀਆਂ ਇਸਤਰੀਆਂ ਨੂੰ ਇੰਦਰਪ੍ਰਸਥ ਲੈ ਜਾਣਾ। ਇੱਥੇ ਕੋਈ ਨਰ ਯਾਦਵ ਬਾਕੀ ਨਹੀਂ ਬਚਿਆ ਹੈ। (2) ਤੁਸੀਂ ਬਹੁਤ ਜਲਦੀ ਰਾਜ ਤਿਆਗ ਕੇ ਹਿਮਾਲਿਆ ਚਲੇ ਜਾਓ ਉੱਥੇ ਆਪਣੇ ਸਰੀਰ ਦੇ ਨਸ਼ਟ ਹੋਣ ਤੱਕ ਤਪੱਸਿਆ ਕਰਦੇ ਰਹੋ। ਇਸ ਤਰ੍ਹਾਂ ਹਿਮਾਲਯ ਦੀ ਬਰਫ਼ ਵਿੱਚ ਗਲ਼ ਕੇ ਨਸ਼ਟ ਹੋ ਜਾਓ। ਯੁਧਿਸ਼ਠਰ ਨੇ ਪੁੱਛਿਆ ਹੇ ਭਗਵਨ! ਹੇ ਗੁਰੂਦੇਵ ਸ਼੍ਰੀ ਕ੍ਰਿਸ਼ਨ! ਕੀ ਅਸੀਂ ਹਿਮਾਲਯ ਵਿੱਚ ਗਲ਼ ਕੇ ਮਰਨ ਦਾ ਕਾਰਣ ਜਾਣ ਸਕਦੇ ਹਾਂ? ਜੇਕਰ ਤੁਸੀਂ ਠੀਕ ਸਮਝੋ ਤਾਂ ਦੱਸਣ ਦੀ ਕਿਰਪਾ ਕਰੋ। ਸ਼੍ਰੀ ਕ੍ਰਿਸ਼ਨ ਨੇ

ਕਿਹਾ ਯੁਧਿਸ਼ਠਰ! ਤੁਸੀਂ ਯੁੱਧ ਵਿੱਚ ਜੋ ਪ੍ਰਾਣੀਆਂ ਦੀ ਹਿੰਸਾ ਕਰਕੇ ਪਾਪ ਕੀਤਾ ਹੈ। ਉਸ ਪਾਪ ਦਾ ਪ੍ਰਾਸਚਿਤ ਕਰਨ ਦੇ ਲਈ ਅਜਿਹਾ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਤੱਪਸਿਆ ਕਰਕੇ ਪ੍ਰਾਣ ਤਿਆਗਣ ਨਾਲ ਤੁਹਾਡੇ ਮਹਾਂਭਾਰਤ ਦੇ ਯੁੱਧ ਵਿੱਚ ਕੀਤੇ ਪਾਪ ਨਸ਼ਟ ਹੋ ਜਾਣਗੇ।

ਕਬੀਰ ਜੀ ਬੋਲੇ ਹੇ ਧਰਮਦਾਸ! ਸ਼੍ਰੀ ਕ੍ਰਿਸ਼ਨ ਜੀ ਦੇ ਮੂੰਹੋਂ ਉਪਰੋਕਤ ਵਚਨ ਸੁਣ ਕੇ ਅਰਜੁਨ ਹੈਰਾਨੀ ਵਿੱਚ ਪੈ ਗਿਆ। ਸੋਚਣ ਲੱਗਾ ਸ਼੍ਰੀ ਕ੍ਰਿਸ਼ਨ ਜੀ ਅੱਜ ਫਿਰ ਕਹਿ ਰਹੇ ਹਨ ਕਿ ਯੁੱਧ ਵਿੱਚ ਕੀਤੇ ਪਾਪ ਨਸ਼ਟ ਇਸ ਵਿਧੀ ਨਾਲ ਹੋਣਗੇ। ਅਰਜੁਨ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਉਸਨੇ ਸ਼੍ਰੀ ਕ੍ਰਿਸ਼ਨ ਜੀ ਨੂੰ ਕਿਹਾ ਹੇ ਭਗਵਾਨ! ਕੀ ਮੈਂ ਤੁਹਾਡੇ ਤੋਂ ਆਪਣੀ ਸ਼ੰਕਾ ਦਾ ਸਮਾਧਾਨ ਕਰਵਾ ਸਕਦਾ ਹਾਂ। ਉਂਝ ਤਾਂ ਗੁਰੂਦੇਵ! ਇਹ ਮੇਰੀ ਗ਼ੁਸਤਾਖੀ ਹੈ, ਮਾਫ਼ ਕਰਨਾ ਕਿਉਂਕਿ ਤੁਸੀਂ ਅਜਿਹੀ ਸਥਿਤੀ ਵਿੱਚ ਹੋ ਕਿ ਤੁਹਾਡੇ ਨਾ.ਲ ਇਹੋ ਜਿਹੀਆਂ ਗੱਲਾਂ ਕਰਨਾ ਠੀਕ ਨਹੀਂ ਲੱਗਦਾ। ਜੇਕਰ ਪ੍ਰਭੂ! ਮੇਰੀ ਸ਼ੰਕਾ ਦਾ ਸਮਾਧਾਨ ਨਾ ਹੋਇਆ ਤਾਂ ਇਹ ਸ਼ੰਕਾ ਰੂਪੀ ਕੰਡਾ ਉਮਰ ਭਰ ਖਟਕਦਾ ਰਹੇਗਾ। ਮੈਂ ਚੈਨ ਨਾਲ ਜੀਅ ਨਹੀਂ ਸਕਾਂਗਾ। ਸ਼੍ਰੀ ਕ੍ਰਿਸ਼ਨ ਨੇ ਕਿਹਾ ਹੇ ਅਰਜੁਨ! ਤੂੰ ਜੋ ਪੁੱਛਣਾ ਚਾਹੁੰਦਾ ਹੈ ਬੇਝਿਜਕ ਹੋ ਕੇ ਪੁੱਛ। ਮੈਂ ਆਖਰੀ ਸਾਹ ਗਿਣ ਰਿਹਾ ਹਾਂ ਜੋ ਕਹਾਂਗਾ ਸੱਚ ਕਹਾਂਗਾ। ਅਰਜੁਨ ਕਹਿੰਦਾ ਹੇ ਸ਼੍ਰੀ ਕ੍ਰਿਸ਼ਨ! ਤੁਸੀਂ ਸ਼੍ਰੀ ਮਦਭਗਵਤ ਗੀਤਾ ਦਾ ਗਿਆਨ ਦਿੰਦੇ ਸਮੇਂ ਕਿਹਾ ਸੀ ਕਿ ਅਰਜੁਨ! ਤੂੰ ਯੁੱਧ ਕਰ ਤੈਨੂੰ ਯੁੱਧ ਵਿੱਚ ਮਾਰੇ ਜਾਣ ਵਾਲਿਆਂ ਦਾ ਪਾਪ ਨਹੀਂ ਲੱਗੇਗਾ ਤੂੰ ਸਿਰਫ ਨਿਮਿਤ ਮਾਤਰ ਬਣ ਜਾ ਇਹ ਸਾਰੇ ਯੋਧਾ ਮੇਰੇ ਦੁਆਰਾ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ (ਪ੍ਰਮਾਣ ਗੀਤਾ ਅਧਿਆਇ 11 ਸਲੋਕ 32-33) ਤੁਸੀਂ ਇਹ ਵੀ ਕਿਹਾ ਕਿ ਅਰਜੁਨ ਯੁੱਧ ਵਿੱਚ ਮਾਰਿਆ ਗਿਆ ਤਾਂ ਸਵਰਗ ਨੂੰ ਚਲਾ ਜਾਵੇਗਾ, ਜੇਕਰ ਯੁੱਧ ਜਿੱਤ ਗਿਆ ਤਾਂ ਪ੍ਰਿਥਵੀ ਦੇ ਰਾਜ ਦਾ ਸੁੱਖ ਭੋਗੇਗਾ। ਤੇਰੇ ਦੋਹਾਂ ਹੱਥਾਂ ਵਿੱਚ ਲੱਡੂ ਹਨ। (ਪ੍ਰਮਾਣ ਸ਼੍ਰੀ ਮਦਭਗਵਤ ਗੀਤਾ ਅਧਿਆਇ 2 ਸਲੋਕ 37) ਤੂੰ ਯੁੱਧ ਦੇ ਲਈ ਖੜ੍ਹਾ ਹੋ ਜਿੱਤ-ਹਾਰ ਦੀ ਚਿੰਤਾ ਛੱਡ ਕੇ ਯੁੱਧ ਕਰ ਇਸ ਤਰ੍ਹਾਂ ਤੂੰ ਪਾਪ ਨੂੰ ਪ੍ਰਾਪਤ ਨਹੀਂ ਹੋਵੇਗਾ। (ਗੀਤਾ ਅਧਿਆਇ 2 ਸਲੋਕ 38)

ਜਿਸ ਸਮੇਂ ਵੱਡੇ ਭਰਾ ਨੂੰ ਬੁਰੇ-ਬੁਰੇ ਸੁਪਨੇ ਆਉਣ ਲੱਗੇ ਅਸੀਂ ਤੁਹਾਡੇ ਕੋਲ ਕਸ਼ਟ ਨਿਵਾਰਣ ਦੇ ਲਈ ਵਿਧੀ ਜਾਣਨ ਗਏ ਤਾਂ ਤੁਸੀਂ ਦੱਸਿਆ ਕਿ ਜੋ ਯੁੱਧ ਵਿੱਚ ਬੰਧੂਘਾਤ ਅਰਥਾਤ ਆਪਣੇ ਰਿਸ਼ਤੇਦਾਰਾਂ (ਰਾਜਿਆਂ, ਸਿਪਾਹੀਆਂ, ਚਾਚਾ, ਭਤੀਜਾ ਆਦਿ) ਦੀ ਹੱਤਿਆ ਦਾ ਪਾਪ ਦੁਖੀ ਕਰ ਰਿਹਾ ਹੈ। ਮੈਂ (ਅਰਜੁਨ) ਉਸ ਸਮੇਂ ਵੀ ਹੈਰਾਨੀ ਵਿੱਚ ਪੈ ਗਿਆ ਸੀ ਕਿ ਭਗਵਨ੍ ਗੀਤਾ ਗਿਆਨ ਵਿੱਚ ਕਹਿ ਰਹੇ ਸੀ ਕਿ ਤੈਨੂੰ ਕੋਈ ਪਾਪ ਨਹੀਂ ਲੱਗੇਗਾ ਯੁੱਧ ਕਰੋ। ਅੱਜ ਕਹਿ ਰਹੇ ਹਨ ਕਿ ਯੁੱਧ ਵਿੱਚ ਕੀਤੀ ਗਈ ਹਿੰਸਾ ਦਾ ਪਾਪ ਦੁਖੀ ਕਰ ਰਿਹਾ ਹੈ। ਤੁਸੀਂ ਪਾਪ ਨਾਸ਼ ਕਰਨ ਦਾ ਹੱਲ ਦੱਸਿਆ "ਅਸ਼ਵਮੇਘ ਯੱਗ" ਕਰਨਾ ਜਿਸ ਵਿੱਚ ਕਰੋੜਾਂ ਰੁਪਏ ਦਾ ਖਰਚਾ ਹੋਇਆ। ਉਸ ਸਮੇਂ ਮੈਂ ਆਪਣੇ ਮਨ ਨੂੰ ਮਾਰ ਕੇ ਇਹ ਸੋਚ ਕੇ ਚੁੱਪ ਰਿਹਾ ਕਿ ਜੇਕਰ ਮੈਂ ਤੁਹਾਡੇ (ਸ਼੍ਰੀ ਕ੍ਰਿਸ਼ਨ ਜੀ) ਨਾਲ ਵਾਦ-ਵਿਵਾਦ ਕਰਾਂਗਾ ਕਿ ਤੁਸੀਂ ਤਾਂ ਕਹਿ ਰਹੇ ਸੀ ਤੁਹਾਨੂੰ ਯੁੱਧ ਵਿੱਚ ਹੋਣ ਵਾਲੀਆਂ ਹੱਤਿਆਵਾਂ ਦਾ ਕੋਈ ਪਾਪ ਨਹੀਂ ਲੱਗੇਗਾ। ਅੱਜ ਕਹਿ ਰਹੇ ਹੋ ਤੁਹਾਨੂੰ ਮਹਾਂਭਾਰਤ ਯੁੱਧ ਵਿੱਚ ਕੀਤੀਆਂ ਹੱਤਿਆਵਾਂ ਦਾ ਪਾਪ ਦੁੱਖ ਦੇ ਰਿਹਾ ਹੈ। ਕਿੱਥੇ ਗਿਆ ਤੁਹਾਡਾ ਉਹ ਗੀਤਾ ਵਾ.ਲਾ ਗਿਆਨ। ਕਿਸ ਲਈ ਸਾਡੇ ਨਾਲ

ਧੋਖਾ ਕੀਤਾ, ਗੁਰੂ ਹੋ ਕੇ ਵਿਸ਼ਵਾਸਘਾਤ ਕੀਤਾ। ਤਾਂ ਵੱਡਾ ਭਰਾ (ਯੁਧਿਸ਼ਠਰ ਜੀ) ਇਹ ਨਾ ਸੋਚ ਲੈਵੇ ਕਿ ਮੇਰੇ ਇਲਾਜ਼ ਵਿੱਚ ਧਨ ਲੱਗਣਾ ਹੈ। ਇਸ ਕਰਕੇ ਅਰਜੁਨ ਵਾਦ-ਵਿਵਾਦ ਕਰ ਰਿਹਾ ਹੈ। ਇਹ (ਅਰਜੁਨ) ਮੇਰੇ ਦੁੱਖ ਨਿਵਾਰਣ ਵਿੱਚ ਹੋਣ ਵਾਲੇ ਖਰਚੇ ਦੇ ਕਾਰਣ ਵਿਵਾਦ ਕਰ ਰਿਹਾ ਹੈ ਇਹ ਨਹੀਂ ਚਾਹੁੰਦਾ ਕਿ ਮੈਂ (ਯੁਧਿਸ਼ਠਰ) ਦੁੱਖ ਤੋਂ ਮੁੱਕਤ ਹੋਵਾਂ। ਅਰਜੁਨ ਨੂੰ ਭਰਾ ਦੇ ਜੀਵਨ ਤੋਂ ਧਨ ਜ਼ਿਆਦਾ ਪਿਆਰਾ ਹੈ। ਉਪਰੋਕਤ ਵਿਚਾਰਾਂ ਨੂੰ ਧਿਆਨ ਵਿੱਚ ਰੱਖ ਕੇ ਮੈਂ ਸੋਚਿਆ ਸੀ ਕਿ ਜੇਕਰ ਯੁਧਿਸ਼ਠਰ ਭਰਾ ਨੂੰ ਥੋੜ੍ਹਾ ਜਿਹਾ ਵੀ ਇਹ ਮਹਿਸੂਸ ਹੋ ਗਿਆ ਕਿ ਅਰਜੁਨ! ਇਸ ਦ੍ਰਿਸ਼ਟੀਕੋਣ ਤੋਂ ਵਿਵਾਦ ਕਰ ਰਿਹਾ ਹੈ ਤਾਂ ਭਰਾ! ਆਪਣਾ ਸਮਾਧਾਨ ਨਹੀਂ ਕਰਵਾਏਗਾ। ਪੂਰੀ ਜਿੰਦਗੀ ਕਸ਼ਟ ਨੂੰ ਗਲੇ ਲਗਾ ਕੇ ਰੱਖੇਗਾ। ਹੇ ਕ੍ਰਿਸ਼ਨ! ਤੁਹਾਡੇ ਕਹੇ ਅਨੁਸਾਰ ਅਸੀਂ ਯੱਗ ਕੀਤਾ। ਅੱਜ ਫਿਰ ਤੁਸੀਂ ਕਹਿ ਰਹੇ ਹੋ ਕਿ ਤੁਹਾਨੂੰ ਯੁੱਧ ਦੀਆਂ ਹੱਤਿਆਵਾਂ ਦਾ ਪਾਪ ਲੱਗਿਆ ਹੈ ਕਿ ਉਸਨੂੰ ਨਸ਼ਟ ਕਰਨ ਲਈ ਛੇਤੀ ਰਾਜ ਤਿਆਗ ਕੇ ਹਿਮਾਲਿਆ ਵਿੱਚ ਤਪੱਸਿਆ ਕਰਕੇ ਗਲ੍ਹ ਮਰੋ। ਤੁਸੀਂ ਸਾਡੇ ਨਾਲ ਇਹ ਵਿਸ਼ਵਾਸ਼ਘਾਤ ਕਿਸ ਲਈ ਕੀਤਾ? ਜੇਕਰ ਤੁਹਾਡੇ ਜਿਹੇ ਰਿਸ਼ਤੇਦਾਰ ਅਤੇ ਗੁਰੂ ਹੋਣ ਤਾਂ ਦੁਸ਼ਮਣਾਂ ਦੀ ਲੋੜ ਹੀ ਨਹੀਂ। ਹੇ ਕ੍ਰਿਸ਼ਨ ਸਾਡੇ ਹੱਥ ਵਿੱਚ ਤਾਂ ਇੱਕ ਵੀ ਲੱਡੂ ਨਹੀ ਰਿਹਾ ਨਾ ਤਾਂ ਯੁੱਧ ਵਿੱਚ ਮਰ ਕੇ ਸਵਰਗ ਗਏ ਨਾ ਪ੍ਰਿਥਵੀ ਦੇ ਰਾਜ ਦਾ ਸੁੱਖ ਭੋਗ ਸਕੇ। ਕਿਉਂਕਿ ਤੁਸੀਂ ਕਹਿ ਰਹੇ ਹੋ ਕਿ ਰਾਜ ਤਿਆਗ ਕੇ ਹਿਮਾਲਿਆ ਵਿੱਚ ਗਲ੍ਹ ਮਰੋ।

ਹੰਝੂ ਟਪਕਾਉਂਦੇ ਹੋਏ ਅਰਜੁਨ ਦੇ ਮੂੰਹ ਤੋਂ ਉਪਰੋਕਤ ਵਚਨ ਸੁਣ ਕੇ ਯੁਧਿ-ਸ਼ਠਰ ਕਹਿੰਦਾ ਅਰਜੁਨ! ਜਿਸ ਹਾਲਾਤ ਵਿੱਚ ਭਗਵਾਨ ਹਨ। ਇਸ ਸਮੇਂ ਇਹ ਸ਼ਬਦ ਬੋਲਣਾ ਸ਼ੋਭਾ ਨਹੀਂ ਦਿੰਦਾ। ਸ਼੍ਰੀ ਕ੍ਰਿਸ਼ਨ ਜੀ ਬੋਲੇ ਹੇ ਅਰਜੁਨ! ਸੁਣ ਮੈਂ ਤੁਹਾਨੂੰ ਸੱਚ-ਸੱਚ ਦੱਸਦਾ ਹਾਂ। ਗੀਤਾ ਦੇ ਗਿਆਨ ਵਿੱਚ ਮੈਂ ਕੀ ਕਿਹਾ ਸੀ ਕਿ ਮੈਨੂੰ ਕੁਝ ਵੀ ਗਿਆਨ ਨਹੀਂ। ਇਹ ਜੋ ਕੁਝ ਵੀ ਹੋਇਆ ਹੈ ਇਹ ਹੋਣਾ ਸੀ ਇਸਨੂੰ ਟਾਲਣਾ ਮੇਰੇ ਵੱਸ ਵਿੱਚ ਨਹੀਂ ਸੀ। ਕੋਈ ਹੋਰ ਸ਼ਕਤੀ ਹੈ ਜੋ ਤੁਹਾਨੂੰ ਅਤੇ ਸਾਨੂੰ ਕਠਪੁਤਲੀ ਦੇ ਤਰ੍ਹਾਂ ਨਚਾ ਰਹੀ ਹੈ। ਇਹ ਨਾ ਤੇਰੇ ਵੱਸ ਨਾ ਮੇਰੇ ਵੱਸ। ਪ੍ਰੰਤੂ ਜੋ ਮੈਂ ਤੁਹਾਨੂੰ ਹਿਮਾਲਿਆ ਵਿੱਚ ਤਪੱਸਿਆ ਕਰਕੇ ਸਰੀਰ ਅੰਤ ਕਰਨ ਦੀ ਸਲਾਹ ਦੇ ਰਿਹਾ ਹਾਂ। ਇਹ ਤੁਹਾਨੂੰ ਲਾਭਦਾਇਕ ਹੈ। ਤੁਸੀਂ ਮੇਰੇ ਇਸ ਵਚਨ ਦਾ ਪਾਲਣ ਜ਼ਰੂਰ ਕਰਨਾ। ਇਹ ਕਹਿ ਕੇ ਸ਼੍ਰੀ ਕ੍ਰਿਸ਼ਨ ਜੀ ਸਰੀਰ ਤਿਆਗ ਗਏ। ਜਿੱਥੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਸ ਥਾਂ 'ਤੇ ਯਾਦਗਾਰ ਰੂਪ ਵਿੱਚ ਸ਼੍ਰੀ ਕ੍ਰਿਸ਼ਨ ਜੀ ਦੇ ਨਾਮ 'ਤੇ ਦ੍ਵਾਰਿਕਾ ਵਿੱਚ ਦ੍ਵਾਰਿਕਾਧੀਸ਼ ਮੰਦਿਰ ਬਣਿਆ ਹੈ।

ਧਰਮਦਾਸ ਜੀ ਨੂੰ ਪਰਮੇਸ਼ਵਰ ਕਬੀਰ ਜੀ ਨੇ ਦੱਸਿਆ। ਹੇ ਧਰਮਦਾਸ! ਸਾਰੇ (ਛਪੰਜਾਂ ਕਰੋੜ) ਯਾਦਵਾਂ ਦਾ ਜੋ ਆਪਸ ਵਿੱਚ ਲੜ੍ਹ ਕੇ ਮਰ ਗਏ ਸਨ, ਅੰਤਿਮ ਸੰਸਕਾਰ ਕਰਕੇ ਅਰਜੁਨ ਨੂੰ ਦ੍ਵਾਰਿਕਾ ਵਿੱਚ ਛੱਡ ਕੇ ਚਾਰੇ ਭਰਾ ਇੰਦਰਪ੍ਰਸਥ ਚਲੇ ਗਏ। ਇਕੱਲਾ ਅਰਜੁਨ ਦ੍ਵਾਰਿਕਾ ਦੀਆਂ ਔਰਤਾਂ ਅਤੇ ਸ਼੍ਰੀ ਕ੍ਰਿਸ਼ਨ ਜੀ ਦੀਆਂ ਗੋ-ਪੀਆਂ ਨੂੰ ਲੈ ਕੇ ਆ ਰਿਹਾ ਸੀ। ਰਸਤੇ ਵਿੱਚ ਜੰਗਲੀ ਲੋਕਾਂ ਨੇ ਅਰਜੁਨ ਨੂੰ ਫੜ੍ਹ ਕੇ ਕੁੱਟਿਆ। ਅਰਜੁਨ ਦੇ ਕੋਲ ਆਪਣਾ ਗਾਂਡੀਵ ਧਨੁੱਸ਼ ਵੀ ਸੀ ਜਿਸ ਨਾਲ ਮਹਾਭਾਰਤ ਦਾ ਯੁੱਧ ਜਿੱਤਿਆ ਸੀ। ਪ੍ਰੰਤੂ ਉਸ ਸਮੇਂ ਅਰਜੁਨ ਤੋਂ ਉਹੀ ਧਨੁੱਸ਼ ਨਹੀਂ ਚੱਲਿਆ। ਆਪਣੇ ਆਪ ਨੂੰ ਸ਼ਕਤੀਹੀਣ ਜਾਣ ਕੇ ਅਰਜੁਨ ਕਾਇਰਾਂ ਵਾਂਗ ਸਭ ਦੇਖਦਾ ਰਿਹਾ। ਉਹ ਜੰਗਲੀ ਵਿਅਕਤੀ ਔਰਤਾਂ ਦੇ ਗਹਿਣੇ ਲੁੱਟ ਕੇ ਲੈ ਗਏ ਅਤੇ ਕੁਝ ਔਰਤਾਂ ਨੂੰ

ਵੀ ਆਪਣੇ ਨਾਲ ਲੈ ਗਏ। ਬਾਕੀ ਔਰਤਾਂ ਨੂੰ ਨਾਲ ਲੈ ਕੇ ਅਰਜੁਨ ਨੇ ਇੰਦਰਪ੍ਰਸਥ ਨੂੰ ਪ੍ਰਸਥਾਨ ਕੀਤਾ ਅਤੇ ਮਨ ਵਿੱਚ ਵਿਚਾਰ ਕੀਤਾ ਕਿ ਸ਼੍ਰੀ ਕ੍ਰਿਸ਼ਨ ਜੀ ਮਹਾਂ ਧੋਖੇਬਾਜ਼ (ਵਿਸ਼ਵਾਸ ਘਾਤੀ) ਸੀ। ਜਿਸ ਸਮੇਂ ਮੇਰੇ ਤੋਂ ਯੁੱਧ ਕਰਵਾਉਣਾ ਸੀ ਤਾਂ ਸ਼ਕਤੀ ਪ੍ਰਦ-ਾਨ ਕਰ ਦਿੱਤੀ। ਉਸੇ ਧਨੁੱਸ਼ ਨਾਲ ਮੈਂ ਲੱਖਾਂ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅੱਜ ਮੇਰਾ ਬਲ ਖੋਹ ਲਿਆ, ਮੈਂ ਕਾਇਰਾਂ ਦੀ ਤਰ੍ਹਾਂ ਕੁੱਟ ਖਾਂਦਾ ਰਿਹਾ ਮੇਰੇ ਤੋਂ ਉਹੀ ਧਨੁੱਸ਼ ਨਹੀਂ ਚੱਲਿਆ। ਕਬੀਰ ਪਰਮੇਸ਼ਵਰ ਜੀ ਨੇ ਦੱਸਿਆ ਧਰਮਦਾਸ! ਸ਼੍ਰੀ ਕ੍ਰਿਸ਼ਨ ਜੀ ਧੋਖੇਬਾਜ਼ ਨਹੀਂ ਸਨ। ਉਹ ਸਭ ਕਪਟ ਕਾਲ ਬ੍ਰਹਮ ਨੇ ਕੀਤਾ ਹੈ ਜੋ ਬ੍ਰਹਮਾ-ਵਿਸ਼ਨੂੰ ਅਤੇ ਸ਼ਿਵ ਦਾ ਪਿਤਾ ਹੈ। ਜਿਸਦੇ ਸਾਹਮਣੇ ਸ਼੍ਰੀ ਵਿਸ਼ਨੂੰ (ਕ੍ਰਿਸ਼ਨ) ਅਤੇ ਸ਼੍ਰੀ ਸ਼ਿਵ ਆਦਿ ਦੀ ਕੁਝ ਪੇਸ਼ ਨਹੀਂ ਚੱਲਦੀ।

ਉਪਰੋਕਤ ਕਥਾ ਸੁਣ ਕੇ ਧਰਮਦਾਸ ਜੀ ਨੇ ਪ੍ਰਸ਼ਨ ਕੀਤਾ :-ਧਰਮਦਾਸ ਨੇ ਕਿਹਾ ਹੇ ਪਰਮੇਸ਼ਵਰ ਕਬੀਰ ਬੰਦੀ ਛੋੜ ਜੀ! ਤੁਸੀਂ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀ-ਆਂ ਹੇ ਪ੍ਰਭੂ! ਹਿਮਾਲਿਆ ਵਿੱਚ ਤਪੱਸਿਆ ਕਰਕੇ ਯੁਧਿਸ਼ਠਰ ਦਾ ਤਾਂ ਸਿਰਫ ਇੱਕ ਪੈਰ ਦਾ ਪੰਜਾ ਹੀ ਬਰਫ਼ ਨਾਲ ਨਸ਼ਟ ਹੋਇਆ ਅਤੇ ਹੋਰਾਂ ਦੇ ਸਰੀਰ ਗ਼ਲ ਗਏ ਸਨ। ਸੁਣਿਆ ਹੈ ਇਹ ਸਾਰੇ ਪਾਪ ਮੁਕਤ ਹੋ ਕੇ ਸਵਰਗ ਚਲੇ ਗਏ?

ਉੱਤਰ:-ਪਰਮੇਸਵਰ ਕਬੀਰ ਜੀ ਨੇ ਕਿਹਾ ਹੇ ਧਰਮਦਾਸ! ਹਿਮਾਲਿਆ ਵਿੱਚ ਜੋ ਤਪ ਪਾਂਡਵਾਂ ਨੇ ਕੀਤਾ ਉਹ ਸ਼ਾਸਤਰ ਵਿਧੀ ਤਿਆਗ ਕੇ ਮਨਮਾਨਾ ਆਚਰਣ (ਪੂਜਾ) ਹੋਣ ਦੇ ਕਾਰਣ ਵਿਅਰਥ ਕੋਸ਼ਿਸ਼ ਸੀ। (ਪ੍ਰਮਾਣ-ਗੀਤਾ ਅਧਿਆਇ 16 ਸਲੋਕ 23 ਅਤੇ ਗੀਤਾ ਅਧਿਆਇ 17 ਸਲੋਕ 5-6 ਵਿੱਚ ਕਿਹਾ ਹੈ ਕਿ ਜੋ ਮਨੁੱਖ ਸ਼ਾਸਤਰਵਿਧੀ ਤੋਂ ਰਹਿਤ ਸਿਰਫ ਕਲਪਿਤ ਘੋਰ ਤਪ ਨੂੰ ਤਪਦੇ ਹਨ ਉਹ ਸਰੀਰ ਵਿਚਲੇ ਪਰਮਾਤਮਾ ਨੂੰ ਕ੍ਰਸ਼ ਕਰਨ ਵਾਲੇ ਹਨ ਉਨ੍ਹਾਂ ਅਗਿਆਨੀਆਂ ਨੂੰ ਨਸ਼ਟ ਹੋਏ ਜਾਣ।) ਕਿਉਂਕਿ ਜਿਹੋ ਜਿਹੀ ਤਪੱਸਿਆ ਪਾਂਡਵਾਂ ਨੇ ਕੀਤੀ ਉਹ ਗੀਤਾ ਜੀ ਅਤੇ ਵੇਦਾਂ ਵਿੱਚ ਵਰਣਿਤ ਨਹੀਂ ਹੈ ਸਗੋਂ ਇੰਞ ਸਰੀਰ ਨੂੰ ਪੀੜਾ ਦੇ ਕੇ ਸਾਧਨਾ ਕਰਨਾ ਵਿਅਰਥ ਦੱਸਿਆ ਹੈ। ਯਜੁਰਵੇਦ ਅਧਿਆਇ 40 ਮੰਤਰ 15 ਵਿੱਚ ਕਿਹਾ ਹੈ ਓਮ੍ ਨਾਮ ਦਾ ਜਾਪ ਕੰਮ ਕਰਦੇ-2 ਕਰ, ਵਿਸ਼ੇਸ਼ ਕਸਕ ਦੇ ਨਾਲ ਕਰ, ਮਨੁੱਖ ਜਨਮ ਦਾ ਮੁੱਖ ਕਰਤੱਵ ਜਾਣ ਕੇ ਕਰ। ਇਹੀ ਪ੍ਰਮਾਣ ਗੀਤਾ ਅਧਿਆਇ 8 ਸਲੋਕ 7 ਅਤੇ 13 ਵਿੱਚ ਕਿਹਾ ਹੈ ਕਿ ਮੇਰਾ ਤਾਂ ਸਿਰਫ ਓਮ ਨਾਮ ਹੈ ਇਸ ਦਾ ਜਾਪ ਆਖਰੀ ਸਾਂਹ ਤੱਕ ਕਰਨ ਨਾਲ ਲਾਭ ਹੁੰਦਾ ਹੈ ਇਸਲਈ ਅਰਜੁਨ! ਤੂੰ ਯੁੱਧ ਵੀ ਕਰ ਅਤੇ ਸੁਮਰਣ (ਭਗਤੀ ਜਾਪ) ਵੀ ਕਰ ।ਇਸ ਲਈ ਹੇ ਧਰਮਦਾਸ! ਜਿਹੋ ਜਿਹੀ ਤਪੱਸਿਆ ਪਾਂਡਵਾਂ ਨੇ ਕੀਤੀ ਉਹ ਵਿਅਰਥ ਸਿੱਧ ਹੋਈ।

ਗੀਤਾ ਅਧਿਆਇ 3 ਸਲੋਕ 6 ਤੋਂ 8 ਵਿੱਚ ਕਿਹਾ ਹੈ ਕਿ ਜੋ ਮੂਰਖ ਬੁੱਧੀ ਵਾ਼ਲੇ ਮਨੁੱਖ ਸਾਰੀਆਂ ਕਰਮ ਇੰਦਰੀਆਂ ਨੂੰ ਰੋਕ ਕੇ ਅਰਥਾਤ ਹਠ ਯੋਗ ਦੁਆਰਾ ਇੱਕ ਸਥਾਨ ਉੱਤੇ ਬੈਠ ਕੇ ਜਾਂ ਖੜ੍ਹਾ ਹੋ ਕੇ ਸਾਧਨਾ ਕਰਦਾ ਹੈ। ਉਹ ਮਨ ਨਾਲ ਇੰਦਰੀਆਂ ਦਾ ਚਿੰਤਨ ਕਰਦਾ ਰਹਿੰਦਾ ਹੈ। ਜਿਵੇਂ ਸਰਦੀ ਲੱਗੇ ਤਾਂ ਸਰੀਰ ਦੀ ਚਿੰਤਾ, ਸਰਦੀ ਦਾ ਚਿੰਤਨ, ਭੁੱਖ ਲੱਗੇ ਤਾਂ ਭੁੱਖ ਦਾ ਚਿੰਤਨ ਆਦਿ ਹੁੰਦਾ ਰਹਿੰਦਾ ਹੈ। ਉਹ ਹਠ ਨਾਲ ਤਪ ਕਰਨ ਵਾ਼ਲਾ ਮਿੱਥਿਆਚਾਰੀ ਅਰਥਾਤ ਪਖੰਡੀ ਕਿਹਾ ਜਾਂਦਾ ਹੈ। ਕੰਮ ਨਾ ਕਰਨ ਅਰ-ਥਾਤ ਇੱਕ ਸਥਾਨ 'ਤੇ ਬੈਠ ਜਾਂ ਖੜ੍ਹਾ ਹੋ ਕੇ ਸਾਧਨਾ ਕਰਨ ਦੀ ਬਜਾਏ ਕਰਮ ਕਰਨਾ ਅਤੇ ਭਗਤੀ ਵੀ ਕਰਨਾ ਸ੍ਰੇਸ਼ਠ ਹੈ। ਜੇਕਰ ਕਰਮ ਨਹੀਂ ਕਰੇਗਾ ਤਾਂ ਤੇਰਾ ਸਰੀਰ ਨਿ-ਰਵਾਹ ਵੀ ਨਹੀਂ ਸਿੱਧ ਹੋਵੇਗਾ।

ਵਿਸ਼ੇਸ਼ ਵਿਚਾਰ:-ਸ਼੍ਰੀ ਮਦ੍ਭਗਵਤ ਗੀਤਾ ਵਿੱਚ ਗਿਆਨ ਦੋ ਤਰ੍ਹਾਂ ਦਾ ਹੈ। ਇੱਕ ਤਾਂ ਵੇਦਾਂ ਵਾ.ਲਾ ਅਤੇ ਦੂਸਰਾ ਕਾਲ ਬ੍ਰਹਮ ਦੁਆਰਾ ਸੁਣਾਇਆ ਲੋਕ ਵੇਦ ਵਾ.ਲਾ।

ਇਹ ਗਿਆਨ (ਗੀਤਾ ਅਧਿਆਇ 3 ਸਲੋਕ 6 ਤੋਂ 8 ਵਾ.ਲਾ ਗਿਆਨ) ਵੇਦਾਂ ਵਾ.ਲਾ ਗਿਆਨ ਕਾਲ ਨੇ ਦੱਸਿਆ ਹੈ। ਸ਼੍ਰੀ ਕ੍ਰਿਸ਼ਨ ਜੀ ਦੁਆਰਾ ਵੀ ਕਾਲ ਬ੍ਰਹਮ ਨੇ ਪਾਂਡਵਾਂ ਨੂੰ ਲੋਕ ਵੇਦ ਸੁਣਾਇਆ ਜਿਸ ਨਾਲ ਤਪ ਹੋ ਜਾਂਦਾ ਹੈ। ਤਪ ਨਾਲ ਫਿਰ ਕਦੇ ਰਾਜਾ ਬਣ ਜਾਂਦਾ ਹੈ ਕੁਝ ਸਿੱਧੀਆਂ ਪ੍ਰਾਪਤ ਹੋ ਜਾਂਦੀਆ ਹਨ। ਮੋਕਸ਼ ਨਹੀ ਹੁੰਦਾ ਅਤੇ ਨਾ ਹੀ ਪਾਪ ਨਸ਼ਟ ਹੁੰਦੇ ਹਨ। ਹੇ ਧਰਮਦਾਸ ! ਪੰਜਾਂ ਪਾਂਡਵਾਂ ਨੇ ਵਿਚਾਰ ਕਰਕੇ ਅਭਿਮਨਯੂ ਪੁੱਤਰ ਪ੍ਰੀਕਸ਼ਿਤ ਨੂੰ ਰਾਜ ਤਿਲਕ ਕਰ ਦਿੱਤਾ। ਦ੍ਰੋਪਦੀ, ਕੁੰਤੀ (ਅਰਜੁਨ, ਭੀਮ ਅਤੇ ਯੁਧਿਸ਼ਠਰ) ਦੀ ਮਾਤਾ ਅਤੇ ਪੰਜੇ ਪਾਂਡਵ ਸ਼੍ਰੀ ਕ੍ਰਿਸ਼ਨ ਜੀ ਦੇ ਆਦੇਸ਼ ਅਨੁਸਾਰ ਹਿਮਾਲਿਆ ਪਰਬਤ ਤੇ ਜਾ ਕੇ ਤਪ ਕਰਨ ਲੱਗੇ ਕੁਝ ਹੀ ਦਿਨਾਂ ਵਿੱਚ ਭੋਜਨ ਦੀ ਕਮੀ ਕਾਰਣ ਉਹਨਾਂ ਦੇ ਸਰੀਰ ਖ਼ਤਮ ਹੋ ਗਏ। ਸਿਰਫ਼ ਯੁਧਿਸ਼ਠਰ ਦਾ ਸਰੀਰ ਬਚਿਆ ਰਿਹਾ। ਉਸਦੇ ਪੈਰ ਦਾ ਇੱਕ ਪੰਜਾਂ ਬਰਫ਼ ਵਿੱਚ ਗਲ਼ ਗਿਆ ਸੀ। ਯੁਧਿਸ਼ਠਰ ਨੇ ਦੇਖਿਆ ਕਿ ਉਸਦੇ ਪਰਿਜਨ ਮਰ ਚੁੱਕੇ ਹਨ। ਉਹਨਾਂ ਦੇ ਸਰੀਰ ਦੀਆ ਆਤਮਾਂਵਾਂ ਨਿਕਲ ਚੁੱਕੀਆਂ ਹਨ ਸੂਖਮ ਸਰੀਰ ਯੁਕਤ ਆਸਮਾਨ ਨੂੰ ਜਾਣ ਲੱਗੀਆਂ। ਤਦ ਯੁਧਿਸ਼ਠਰ ਨੇ ਵੀ ਆਪਣਾ ਸਰੀਰ ਤਿਆਗ ਦਿੱਤਾ ਅਤੇ ਸੂਖਮ ਸਰੀਰ ਯੁਕਤ ਯੁਧਿਸ਼ਠਰ ਕਰਮਾਂ ਦੇ ਸੰਸਕਾਰ ਵੱਸ ਆਪਣੇ ਪਿਤਾ ਧਰਮ-ਰਾਜ ਦੇ ਲੋਕ ਵਿੱਚ ਗਿਆ। ਧਰਮਰਾਜ ਨੇ ਆਪਣੇ ਪੁੱਤਰ ਨੂੰ ਬਹੁਤ ਪਿਆਰ ਕੀਤਾ ਉਸਨੂੰ ਰਹਿਣ ਦਾ ਮਕਾਨ ਦੱਸਿਆ। ਕੁਝ ਸਮੇਂ ਪਿੱਛੋਂ ਕਾਲ ਬ੍ਰਹਮ ਨੇ ਯੁੱਧਿਸ਼ਟਰ ਵਿੱਚ ਪ੍ਰੇਰਣਾ ਕੀਤੀ। ਉਸਨੂੰ ਆਪਣੇ ਭਰਾਵਾਂ ਅਤੇ ਪਤਨੀ ਦ੍ਰੋਪਦੀ ਅਤੇ ਮਾਤਾ ਕੁੰਤੀ ਦੀ ਯਾਦ ਸਤਾਉਣ ਲੱਗੀ। ਯੁਧਿਸ਼ਠਰ ਨੇ ਆਪਣੇ ਪਿਤਾ ਧਰਮਰਾਜ ਨੂੰ ਕਿਹਾ ਹੇ ਧਰਮਰਾਜ ! ਮੈਨੂੰ ਮੇਰੇ ਪਰਿਵਾਰ ਨਾਲ ਮਿਲਾਉ ਮੈਨੂੰ ਉਹਨਾਂ ਦੀ ਬਹੁਤ ਯਾਦ ਆ ਰਹੀ ਹੈ। ਧਰਮਰਾਜ ਨੇ ਕਿਹਾ ਯੁਧਿਸ਼ਠਰ ! ਉਹ ਤੇਰਾ ਪਰਿਵਾਰ ਨਹੀਂ ਸੀ। ਤੇਰਾ ਪਰਿਵਾਰ ਤਾਂ ਇਹ ਹੈ। ਤੂੰ ਮੇਰਾ ਪੁੱਤਰ ਹੈ। ਅਰਜੁਨ ਸਵਰਗ ਦੇ ਰਾਜਾ ਇੰਦਰ ਦਾ ਪੁੱਤਰ ਹੈ, ਭੀਮ ਪਵਨ ਦੇਵ ਦਾ ਪੁੱਤਰ ਹੈ, ਨਕੁਲ ਨਾਸਤਯ ਦਾ ਪੁੱਤਰ ਹੈ ਅਤੇ ਸਹਿਦੇਵ ਦਸ੍ਰ ਦਾ ਪੁੱਤਰ ਹੈ।

{ਨਾਸਤਯ ਅਤੇ ਦਸ੍ਰ ਇਹ ਦੋਨੋ ਅਸ਼ਵਨੀ ਕੁਮਾਰ ਹਨ ਜੋ ਅਸ਼ਵ ਰੂਪ ਧਾਰੀ ਸੂਰਜ ਅਤੇ ਅਸ਼ਵੀ (ਘੋੜੀ) ਦੇ ਰੂਪ ਧਾਰੀ ਸੂਰਜ ਦੀ ਪਤਨੀ ਸੰਘਿਆ ਦੇ ਸੰਭੋਗ ਤੋਂ ਪੈਦਾ ਹੋਏ ਸਨ। ਸੂਰਜ ਨੂੰ ਘੋੜੇ ਦੇ ਰੂਪ ਵਿੱਚ ਨਾ ਪਹਿਚਾਣ ਕੇ ਸੂਰਜ ਦੀ ਪਤਨੀ ਜੋ ਘੋੜੀ ਦਾ ਰੂਪ ਧਾਰ ਕੇ ਜੰਗਲ ਵਿੱਚ ਤਪ ਕਰ ਰਹੀ ਸੀ ਆਪਣੇ ਧਰਮ ਦੀ ਰੱਖਿਆ ਲਈ ਘੋੜਾ ਰੂਪਧਾਰੀ ਸੂਰਜ ਨੂੰ ਪਿੱਛਲੇ ਦੇ ਭਾਗ (ਪਿੱਛੇ) ਵੱਲ ਨਹੀਂ ਜਾਣ ਦਿੱਤਾ ਉਹ ਉਸ ਘੋੜੇ ਦੇ ਵੱਲ ਮੂੰਹ ਕਰ ਕੇ ਰਹੀ। ਕਾਮਵਾਸ਼ਨਾ ਦੇ ਵੱਸ ਘੋੜਾ ਰੂਪਧਾਰੀ ਸੂਰਜ ਘੋੜੀ ਰੂਪਧਾਰੀ ਆਪਣੀ ਪਤਨੀ (ਵਿਸ਼ਵਕਰਮਾ ਦੀ ਪੁੱਤਰੀ) ਦੇ ਮੂੰਹ ਦੇ ਵੱਲ ਚੜ੍ਹ ਕੇ ਸੰਭੋਗ ਕਰਨ ਦੇ ਕਾਰਣ ਵੀਰਜ ਦਾ ਕੁਝ ਹਿੱਸਾ ਘੋੜੀ ਰੂਪਧਾਰੀ ਸੂਰਜ ਦੀ ਪਤਨੀ ਦੇ ਪੇਟ ਵਿੱਚ ਮੂੰਹ ਦੁਆਰਾ ਦਾਖ਼ਲ ਹੋ ਗਿਆ ਜਿਸ ਤੋਂ ਦੋ ਲੜਕੇ (ਨਾਸਤਯ ਅਤੇ ਦਸ੍ਰ) ਦਾ ਜਨਮ ਘੋੜੀ ਰੂਪੀ ਸੂਰਜ ਦੀ ਪਤਨੀ ਦੇ ਮੂੰਹ ਤੋਂ ਹੋਇਆ ਜਿਸ ਕਰਕੇ ਇਹ ਦੋਨੋਂ ਬੱਚੇ ਅਸ਼ਵਨੀ ਕੁਮਾਰ ਕਹਾਏ। ਇਹ ਪੁਰਾਣ ਕਥਾ ਹੈ।}

ਧਰਮਰਾਜ ਨੇ ਆਪਣੇ ਪੁੱਤਰ ਯੁੱਧਿਸ਼ਟਰ ਨੂੰ ਦੱਸਿਆ ਕਿ ਤੁਹਾਡਾ ਸਭ ਦਾ ਉੱਥੇ ਪ੍ਰਿਥਵੀ ਲੋਕ ਵਿੱਚ ਇੰਨਾਂ ਹੀ ਸੰਯੋਗ ਸੀ। ਉਹ ਖ਼ਤਮ ਹੋ ਚੁੱਕਿਆ ਹੈ। ਉਹ ਸਾਰੇ ਯੁੱਧ ਵਿੱਚ ਕੀਤੇ ਪਾਪ ਕਰਮਾਂ ਅਤੇ ਹੋਰ ਜੀਵਨ ਵਿੱਚ ਕੀਤੇ ਪਾਪ ਕਰਮਾਂ ਦਾ ਫ਼ਲ ਭੋਗਣ ਲਈ ਨਰਕ ਵਿੱਚ ਪਾ ਰੱਖੇ ਹਨ। ਤੁਹਾਡੇ ਪੁੰਨ ਜਿਆਦਾ ਹਨ ਇਸਲਈ ਤੁਸੀਂ

ਨਰਕ ਵਿੱਚ ਨਹੀ ਪਾਏ ਗਏ। ਇਸ ਲਈ ਤੁਸੀਂ ਉਹਨਾਂ ਨੂੰ ਨਹੀਂ ਮਿਲ ਸਕਦੇ ਕਾਲ ਬ੍ਰਹਮ ਦੀ ਪ੍ਰਬਲ ਪ੍ਰੇਰਣਾ ਵੱਸ ਹੋ ਕੇ ਯੁਧਿਸ਼ਠਰ ਨੇ ਉਹਨਾਂ ਸਭ (ਭੀਮ, ਅਰਜੁਨ, ਨਕੁਲ, ਸਹਿਦੇਵ, ਦ੍ਰੋਪਦੀ ਅਤੇ ਕੁੰਤੀ) ਨੂੰ ਮਿਲਣ ਦੀ ਜਿੱਦ ਕੀਤੀ। ਧਰਮਰਾਜ ਨੇ ਇੱਕ ਯਮਦੂਤ ਨੂੰ ਕਿਹਾ ਤੁਸੀਂ ਯੁਧਿਸ਼ਠਰ ਨੂੰ ਇਸਦੇ ਪਰਿਵਾਰ ਨਾਲ ਮਿਲਾ ਕੇ ਜਲਦੀ ਵਾਪਸ ਲੈ ਆਉਣਾ। ਯਮਦੂਤ ਯੁਧਿਸ਼ਠਰ ਨੂੰ ਲੈ ਕੇ ਨਰਕ ਵਿੱਚ ਦਾਖ਼ਲ ਹੋਇਆ। ਉੱਥੇ ਆਤਮਾਵਾਂ ਹਾ-ਹਾਕਾਰ ਮਚਾ ਰਹੀਆਂ ਸਨ, ਕਹਿ ਰਹੀਆਂ ਸਨ, ਹੇ ਯੁਧਿਸ਼ਠਰ ਸਾਨੂੰ ਨਰਕ ਵਿੱਚੋਂ ਕੱਢਵਾ ਦੇ। ਮੈਂ ਅਰਜੁਨ ਹਾਂ, ਕੋਈ ਕਹਿ ਰਿਹਾ ਸੀ, ਮੈਂ ਭੀਮ ਹਾਂ, ਮੈਂ ਨਕੁਲ ਹਾਂ, ਮੈਂ ਸਹਿਦੇਵ ਹਾਂ, ਮੈਂ ਕੁੰਤੀ, ਮੈਂ ਦ੍ਰੋਪਦੀ ਹਾਂ। ਇੰਨੇ ਨੂੰ ਯਮਦੂਤ ਨੇ ਕਿਹਾ ਹੇ ਯੁਧਿਸ਼ਠਰ ਹੁਣ ਤੁਸੀਂ ਵਾਪਸ ਚੱਲੋ। ਯੁਧਿਸ਼ਠਰ ਨੇ ਕਿਹਾ ਮੈਂ ਵੀ ਆਪਣੇ ਪਰਿਵਾਰ ਵਾਲਿਆਂ ਦੇ ਨਾਲ ਇੱਥੇ ਨਰਕ ਵਿੱਚ ਹੀ ਰਹਾਂਗਾ। ਤਦ ਧਰਮਰਾਜ ਨੇ ਆਵਾਜ਼ ਲਗਾਈ ਯੁਧਿਸ਼ਠਰ ਇੱਥੇ ਆਓ ਮੈਂ ਤੈਨੂੰ ਇੱਕ ਤਰੀਕਾ ਦੱਸਦਾ ਹਾਂ। ਇਹ ਆਵਾਜ਼ ਸੁਣ ਕੇ ਯੁਧਿਸ਼ਠਰ ਆਪਣੇ ਪਿਤਾ ਧਰਮਰਾਜ ਕੋ.ਲ ਵਾਪਸ ਮੁੜ ਆਇਆ।

ਧਰਮਰਾਜ ਨੇ ਯੁਧਿਸ਼ਠਰ ਨੂੰ ਸਮਝਾਇਆ ਕਿ ਬੇਟਾ ਤੁਸੀਂ ਇੱਕ ਝੂਠ ਬੋਲਿਆ ਸੀ ਕਿ ਅਸ਼ਵਥਾਮਾ ਮਰ ਗਿਆ ਫਿਰ ਦੱਬੀ ਆਵਾਜ਼ ਵਿੱਚ ਕਿਹਾ ਸੀ ਪਤਾ ਨਹੀਂ ਮਨੁੱਖ ਸੀ ਜਾਂ ਹਾਥੀ। ਜਦਕਿ ਤੁਹਾਨੂੰ ਪਤਾ ਸੀ ਕਿ ਹਾਥੀ ਮਰਿਆ ਹੈ। ਉਸ ਝੂਠ ਬੋਲਣ ਦੇ ਪਾਪ ਦਾ ਕਰਮਦੰਡ ਦੇਣ ਲਈ ਤੁਹਾਨੂੰ ਕੁਝ ਸਮੇਂ ਇਸੇ ਬਹਾਨੇ ਨਰਕ ਵਿੱਚ ਰੱਖਣਾ ਪਿਆ ਨਹੀਂ ਤਾਂ ਉਹ ਤਰੀਕਾ ਮੈਂ ਪਹਿਲਾਂ ਹੀ ਤੁਹਾਨੂੰ ਦੱਸ ਦਿੰਦਾ। ਯੁਧਿਸ਼ਠਰ ਨੇ ਕਿਹਾ ਕਿਰਪਾ ਤੁਸੀਂ ਉਹ ਤਰੀਕਾ ਦੱਸੋ ਜਿਸ ਨਾਲ ਮੇਰੇ ਪਰਿਜਨ ਨਰਕ ਵਿੱਚੋਂ ਨਿਕਲ ਸਕਣ। ਧਰਮਰਾਜ ਨੇ ਕਿਹਾ ਉਨ੍ਹਾਂ ਨੂੰ ਇੱਕ ਸ਼ਰਤ ਤੇ ਨਰਕ ਵਿੱਚੋਂ ਕੱਢਿਆ ਜਾ ਸਕਦਾ ਹੈ ਕਿ ਤੁਸੀਂ ਆਪਣੇ ਕੁਝ ਪੁੰਨ ਉਨ੍ਹਾਂ ਨੂੰ ਸੰਕਲਪ ਕਰ ਦਓ। ਯੁਧਿਸ਼ਠਰ ਨੇ ਕਿਹਾ ਮੈਨੂੰ ਸਵੀਕਾਰ ਹੈ। ਇਹ ਕਹਿ ਕੇ ਯੁਧਿਸ਼ਠਰ ਆਪਣੇ ਅੱਧੇ ਪੁੰਨ ਉਨ੍ਹਾਂ ਛੇਆਂ ਦੇ ਨਿਮਤ ਸੰਕਲਪ ਕਰ ਦਿੱਤੇ। ਉਹ ਛੇ ਦੇ ਛੇ ਨਰਕ ਵਿੱਚੋਂ ਬਾਹਰ ਆ ਕੇ ਧਰਮਰਾਜ ਦੇ ਕੋਲ ਜਿੱਥੇ ਯੁਧਿਸ਼ਠਰ ਖੜ੍ਹਾ ਸੀ ਹਾਜ਼ਰ ਹੋ ਗਏ। ਉਸੇ ਸਮੇਂ ਇੰਦਰ ਦੇਵ ਆਇਆ ਆਪਣੇ ਪੁੱਤਰ ਅਰਜੁਨ ਨੂੰ ਨਾਲ ਲੈ ਕੇ ਚਲਾ ਗਿਆ, ਪਵਨ ਦੇਵਤਾ ਆਇਆ ਆਪਣੇ ਪੁੱਤਰ ਭੀਮ ਨੂੰ ਨਾਲ ਲੈ ਕੇ ਚਲਾ ਗਿਆ। ਇਸੇ ਤਰ੍ਹਾਂ ਅਸ਼ਵਨੀ ਕੁਮਾਰ (ਨਾਸੱਤਯ, ਦਸ੍ਰ) ਆਏ ਨਕੁਲ ਅਤੇ ਸਹਿਦੇਵ ਨੂੰ ਲੈ ਕੇ ਚਲੇ ਗਏ। ਕੁੰਤੀ ਸਵਰਗ ਵਿੱਚ ਚਲੀ ਗਈ ਅਤੇ ਦੇਖਦੇ-2 ਦ੍ਰੋਪਦੀ ਨੇ ਦੁਰਗਾ ਰੂਪ ਧਾਰਨ ਕੀਤਾ ਅਤੇ ਆਕਾਸ਼ ਨੂੰ ਉੱਡ ਚੱਲੀ ਕੁਝ ਹੀ ਸਮੇਂ ਵਿੱਚ ਸਾਰਿਆਂ ਦੀ ਅੱਖਾਂ ਤੋਂ ਓਹਲੇ ਹੋ ਗਈ। ਉੱਥੇ ਇਕੱਲਾ ਯੁਧਿਸ਼ਠਰ ਆਪਣੇ ਪਿਤਾ ਧਰਮਰਾਜ ਦੇ ਕੋਲ ਰਹਿ ਗਿਆ। ਪਰਮੇਸ਼ਵਰ ਕਬੀਰ ਜੀ ਨੇ ਆਪਣੇ ਸ਼ਿਸ਼ ਧਰਮਦਾਸ ਜੀ ਨੂੰ ਉਪਰੋਕਤ ਕਥਾ ਸੁਣਾਈ ਇਸ ਤੋਂ ਬਾਅਦ ਇਸ ਸਾਰੇ ਕਾਲ ਦੇ ਜਾਲ ਨੂੰ ਸਮਝਾਇਆ।

ਕਬੀਰ ਪਰਮੇਸ਼ਵਰ ਜੀ ਨੇ ਦੱਸਿਆ ਹੇ ਧਰਮਦਾਸ! ਕਾਲ ਬ੍ਰਹਮ ਦੀ ਪ੍ਰੇਰਣਾ ਨਾਲ ਇੱਕੀ ਬ੍ਰਾਹਮੰਡਾਂ ਦੇ ਪ੍ਰਾਣੀ ਕਰਮ ਕਰਦੇ ਹਨ। ਜਿਵੇਂ ਤੁਸੀਂ ਸੁਣਿਆ ਯੁਧਿਸ਼ਠਰ ਪੁੱਤਰ ਧਰਮਰਾਜ, ਅਰਜੁਨ ਪੁੱਤਰ ਇੰਦਰ, ਭੀਮ ਪੁੱਤਰ ਪਵਨ ਦੇਵ, ਨਕੁਲ ਪੁੱਤਰ ਨਾਸੱਤਯ ਅਤੇ ਸਹਿਦੇਵ ਪੁੱਤਰ ਦਸ੍ਰ ਸਨ। ਦਰੋਪਦੀ ਸਰਾਪਵੱਸ ਦੁਰਗਾ ਹੀ ਅਵਤਾਰ ਸੀ ਜੋ ਆਪਣਾ ਕਰਮ ਭੋਗਣ ਆਈ ਸੀ ਅਤੇ ਕੁੰਤੀ ਵੀ ਦੁਰਗਾ ਲੋਕ ਦੀ ਪੁੰਨਆਤਮਾ ਸੀ। ਇਹ ਸਭ ਕਾਲ ਪ੍ਰੇਰਣਾ ਨਾ.ਲ ਪ੍ਰਿਥਵੀ 'ਤੇ ਇੱਕ ਫ਼ਿਲਮ (ਚਲਚਿੱਤਰ) ਬਣਾਉਣ

ਗਏ ਸਨ। ਜਿਵੇਂ ਇੱਕ ਕਰੋੜਪਤੀ ਦਾ ਪੁੱਤਰ ਕਿਸੇ ਫ਼ਿਲਮ ਵਿੱਚ ਰਿਕਸ਼ਾ ਚਾਲਕ ਦਾ ਰੋਲ ਕਰਦਾ ਹੈ। ਫ਼ਿਲਮ ਨਿਰਮਾਣ ਤੋਂ ਬਾਅਦ ਆਪਣੀ 20 ਲੱਖ ਦੀ ਕਾਰ ਗੱਡੀ ਵਿੱਚ ਬੈਠ ਕੇ ਮੌਜ ਕਰਦਾ ਹੈ। ਭੋਲੇ-ਭਾਲੇ ਸਿਨੇਮਾ ਦਰਸ਼ਕ ਉਸਨੂੰ ਰਿਕਸ਼ਾ ਚਾਲਕ ਮੰਨ ਕੇ ਉਸ 'ਤੇ ਦਯਾ ਕਰਦੇ ਹਨ। ਉਸਦੀ ਨਕਲੀ ਅਦਾਕਾਰੀ ਨੂੰ ਦੇਖਣ ਲਈ ਆ-ਪਣਾ ਬਹੁ ਕੀਮਤੀ ਸਮਾਂ ਅਤੇ ਧਨ ਨਸ਼ਟ ਕਰਦੇ ਹਨ। ਠੀਕ ਇਸੇ ਤਰ੍ਹਾਂ ਉਪਰੋਕਤ ਪਾਤਰਾਂ (ਯੁੱਧਿਸ਼ਠਰ, ਭੀਮ, ਅਰਜੁਨ, ਨਕੁਲ, ਸਹਿਦੇਵ, ਦ੍ਰੋਪਦੀ ਅਤੇ ਕੁੰਤੀ) ਦੁਆਰਾ ਬਣਾਈ ਫਿਲਮ ਮਹਾਂਭਾਰਤ ਦੇ ਇਤਿਹਾਸ ਨੂੰ ਪੜ੍ਹ-2 ਕੇ ਪ੍ਰਿਥਵੀ ਲੋਕ ਦੇ ਪ੍ਰਾਣੀ ਆਪਣਾ ਸਮਾਂ ਵਿਅਰਥ ਕਰਦੇ ਹਨ। ਤੱਤਵਗਿਆਨ ਨੂੰ ਨਾ ਸੁਣ ਕੇ ਮਾਨਵ ਸ਼ਰੀਰ ਨੂੰ ਵਿਅਰਥ ਕਰ ਜਾਂਦੇ ਹਨ। ਕਾਲ ਬ੍ਰਹਮ ਇਹੀ ਚਾਹੁੰਦਾ ਹੈ ਕਿ ਮੇਰੇ ਅਧੀਨ ਜਿੰਨੇ ਵੀ ਜੀਵ ਹਨ। ਉਹ ਤੱਤਵਗਿਆਨ ਤੋਂ ਅਣਜਾਣ ਰਹਿਣ ਅਤੇ ਮੇਰੀ ਪ੍ਰੇਰਣਾ ਨਾਲ ਮੇਰੇ ਦੁਆਰਾ ਭੇਜੇ ਗੁਰੂਆਂ ਦੁਆਰਾ ਸ਼ਾਸ਼ਤਰ ਵਿਧੀ ਵਿਰੁੱਧ ਸਾਧਨਾ ਪ੍ਰਾਪਤ ਕਰਕੇ ਜਨਮ-ਮਰਨ ਦੇ ਚੱਕਰ ਵਿੱਚ ਪਏ ਰਹਿਣ। ਕਾਲ ਬ੍ਰਹਮ ਦੀ ਪ੍ਰੇਰਣਾਂ ਨਾਲ ਤੱਤਵਗਿਆਨਹੀਨ ਸੰਤ ਜਨ ਅਤੇ ਰਿਸ਼ੀਜਨ ਥੋੜ੍ਹਾ ਵੇਦ ਗਿਆਨ ਜਿਆਦਾ ਲੋਕ ਵੇਦ ਦੇ ਆਧਾਰ ਤੇ ਹੀ ਸਤਿਸੰਗ ਵਚਨ ਸ਼ਰਧਾਲੂਆਂ ਨੂੰ ਸੁਣਾਉਂਦੇ ਹਨ। ਜਿਸ ਕਾਰਣ ਸਾਧਕ ਪੂਰਣ ਮੋਕਸ਼ ਪ੍ਰਾਪਤ ਨਾ ਕਰਕੇ ਕਾਲ ਦੇ ਜਾਲ ਵਿੱਚ ਹੀ ਰਹਿ ਜਾਂਦੇ ਹਨ। ਹੇ ਧਰਮਦਾਸ! ਮੈਂ ਪੂਰਣ ਪ੍ਰਮਾਤਮਾ ਦੀ ਆਗਿਆ ਲੈ ਕੇ ਤੱਤਵਗਿਆਨ ਦੱਸਣ ਕਾਲ ਲੋਕ ਵਿੱਚ ਕਲਯੁੱਗ ਵਿੱਚ ਆਇਆ ਹਾਂ ।

## "ਕੀ ਪਾਂਡਵ ਹਮੇਸ਼ਾ ਸਵਰਗ ਵਿੱਚ ਹੀ ਰਹਿਣਗੇ ?"

ਧਰਮਦਾਸ ਜੀ ਨੇ ਬੰਦੀ ਛੋੜ ਕਬੀਰ ਪਰਮੇਸ਼ਵਰ ਦੇ ਚਰਣ ਫ਼ੜ੍ਹ ਕੇ ਕਿਹਾ ਕਿ ਹੇ ਪਰਮੇਸ਼ਵਰ! ਤੁਸੀਂ ਖ਼ੁਦ ਸਤਿਪੁਰਸ਼ ਹੋ ਧਰਮਦਾਸ ਜੀ ਨੇ ਬਹੁਤ ਨਿਮਰ ਹੋ ਕੇ ਆਧੀਨ ਭਾਵ ਨਾਲ ਪ੍ਰਸ਼ਨ ਕੀਤਾ।

ਪ੍ਰਸ਼ਨ:- ਹੇ ਬੰਦੀ ਛੋੜ ਕਬੀਰ ਪਰਮੇਸ਼ਵਰ ਜੀ! ਕੀ ਪਾਂਡਵ ਹੁਣ ਸਦਾ ਸਵਰਗ ਵਿੱਚ ਹੀ ਰਹਿਣਗੇ ?

ਉੱਤਰ:- ਨਹੀਂ ਧਰਮਦਾਸ! ਜੋ ਪੁੰਨ ਯੁਧਿਸ਼ਠਰ ਨੇ ਉਹਨਾਂ ਨੂੰ ਪ੍ਰਦਾਨ ਕੀਤੇ ਹਨ। ਉਹਨਾਂ ਪੁੰਨਾਂ ਦਾ ਅਤੇ ਖੁਦ ਕੀਤੇ ਯੱਗ ਆਦਿ ਧਾਰਮਿਕ ਅਨੁਸ਼ਠਾਨਾਂ ਦਾ ਪੁੰਨ ਜਦੋਂ ਸਵਰਗ ਵਿੱਚ ਖ਼ਤਮ ਹੋ ਜਾਵੇਗਾ ਤਾਂ ਸਾਰੇ ਦੁਬਾਰਾ ਨਰਕ ਵਿੱਚ ਪਾਏ ਜਾਣਗੇ। ਯੁੱਧ ਵਿੱਚ ਕੀਤੇ ਪਾਪ ਕਰਮ ਅਤੇ ਉਸ ਜੀਵਨ ਵਿੱਚ ਕੀਤੇ ਪਾਪ ਕਰਮ ਅਤੇ ਸੰਚਿਤ ਪਾਪ ਕਰਮਾਂ ਦੇ ਫ਼ਲ ਨੂੰ ਭੋਗਣ ਦੇ ਲਈ ਨਰਕ ਵਿੱਚ ਜ਼ਰੂਰ ਜਾਣਾ ਪਵੇਗਾ। ਯੁਧਿ-ਸ਼ਠਰ ਵੀ ਆਪਣੇ ਅੱਧੇ ਪੁੰਨ ਦਾਨ ਕਰਕੇ ਪੁੰਨ ਹੀਣ ਹੋ ਗਿਆ ਹੈ। ਉਹ ਵੀ ਬਾਕੀ ਪੁੰਨਾਂ ਨੂੰ ਸਵਰਗ ਵਿੱਚ ਸਮਾਪਤ ਕਰਕੇ ਸੰਚਿਤ ਪਾਪ ਕਰਮ ਦੇ ਆਧਾਰ ਤੇ ਜ਼ਰੂਰ ਨਰਕ ਵਿੱਚ ਸੁੱਟਿਆ ਜਾਵੇਗਾ ਭਲੇ ਹੀ ਪਾਪ ਕਰਮ ਘੱਟ ਹੋਣ ਦੇ ਕਾਰਣ ਨਰਕ ਸਮਾਂ ਥੋੜ੍ਹਾ ਹੀ ਭੋਗਣਾ ਪਵੇ ਪ੍ਰੰਤੂ ਨਰਕ ਵਿੱਚ ਜ਼ਰੂਰ ਜਾਣਾ ਪਵੇਗਾ। ਜਿਵੇਂ ਯੁਧਿਸ਼ਠਰ ਨੇ ਅਸ਼ਵਥਾਮਾ ਮਰਨ ਦਾ ਝੂਠ ਬੋਲਿਆ ਸੀ ਉਸਦਾ ਵੀ ਪਾਪ ਕਰਮਦੰਡ ਭੋਗਣ ਦੇ ਲਈ ਨਰਕ ਵਿੱਚ ਕੁਝ ਸਮੇਂ ਲਈ ਉਸੇ ਸਮੇਂ ਜਾਣਾ ਪਿਆ।

ਇਸੇ ਤਰ੍ਹਾਂ ਪਿਛਲੇ ਜਨਮਾ ਦੇ ਸੰਚਿਤ ਪਾਪ ਕਰਮਾਂ ਦਾ ਦੰਡ ਨਰਕ ਵਿੱਚ ਭੋਗਣਾ ਪਵੇਗਾ। ਉਸ ਤੋਂ ਬਾਅਦ ਧਰਤੀ ਤੇ ਸਾਰਿਆਂ ਨੂੰ ਹੋਰ ਪ੍ਰਾਣੀਆਂ ਦੀਆਂ ਜੂਨਾਂ

ਵਿੱਚ ਵੀ ਜਾਣਾ ਪਵੇਗਾ। ਇਹ ਕਾਲ ਬ੍ਰਹਮ ਦਾ ਅਟੱਲ ਵਿਧਾਨ ਹੈ। ਪ੍ਰੰਤੂ ਹੇ ਧਰਮਦਾਸ! ਜੋ ਸਾਧਕ ਪੂਰਣ ਪਰਮਾਤਮਾ ਦੀ ਭਗਤੀ ਪੂਰਣ ਗੁਰੂ ਤੋਂ ਉਪਦੇਸ਼ ਪ੍ਰਾਪਤ ਕਰਕੇ ਸਾਰਾ ਜੀਵਨ ਮਰਿਯਾਦਾ ਵਿੱਚ ਰਹਿ ਕੇ ਕਰਦਾ ਹੈ ਉਸਦੇ ਸਾਰੇ ਪਾਪ ਕਰਮ ਇਸ ਤਰ੍ਹਾਂ ਨਸ਼ਟ ਹੋ ਜਾਂਦੇ ਹਨ ਜਿਵੇਂ ਸੁੱਕੇ ਘਾਹ ਦੇ ਬਹੁਤ ਵੱਡੇ ਢੇਰ ਨੂੰ ਅੱਗ ਦੀ ਛੋਟੀ ਜਿਹੀ ਚਿੰਗਾਰੀ ਵੀ ਜਲਾ ਕੇ ਭਸਮ ਕਰ ਦਿੰਦੀ ਹੈ। ਉਸਦੀ ਸਵਾਹ ਨੂੰ ਹਵਾ ਉਡਾ ਕੇ ਇੱਧਰ-ਉੱਧਰ ਕਰ ਦਿੰਦੀ ਹੈ ਠੀਕ ਇਸੇ ਤਰ੍ਹਾਂ ਪੂਰਣ ਪਰਮਾਤਮਾ ਦੀ ਭਗਤੀ ਦਾ ਸਤਿਨਾਮ ਮੰਤਰ ਰੂਪੀ ਅੱਗ ਘਾਹ ਦੇ ਢੇਰ ਰੂਪੀ ਪਾਪ ਕਰਮਾਂ ਨੂੰ ਭਸਮ ਕਰ ਦਿੰਦਾ ਹੈ ।

ਕਬੀਰ ਜਬ ਹੀ ਸਤਯਨਾਮ ਹ੍ਰਿਦਯ ਧਰਾ, ਭਏ ਪਾਪ ਕਾ ਨਾਸ਼।
ਮਾਨੋ ਚਿੰਗਾਰੀ ਅਗਨਿ ਕੀ, ਪੜੀ ਪੁਰਾਣੇ ਘਾਸ ॥

## "ਕੀ ਦ੍ਰੋਪਦੀ ਵੀ ਨਰਕ ਜਾਵੇਗੀ ਅਤੇ ਹੋਰ ਪ੍ਰਾਣੀਆ ਦੇ ਸਰੀਰ ਧਾਰਣ ਕਰੇਗੀ ?"

ਪ੍ਰਸ਼ਨ :- ਹੇ ਸਤਿਗੁਰੂ ! ਕੀ ਦ੍ਰੋਪਦੀ ਵੀ ਦੁਬਾਰਾ ਨਰਕ ਅਤੇ ਹੋਰ ਜੂਨਾਂ ਵਿੱਚ ਜਾਵੇਗੀ (ਧਰਮਦਾਸ ਜੀ ਨੇ ਪਰਮੇਸ਼ਵਰ ਕਬੀਰ ਜੀ ਨੂੰ ਪ੍ਰਸ਼ਨ ਕੀਤਾ)?

ਉੱਤਰ:- ਹਾਂ ਧਰਮਦਾਸ ! ਦ੍ਰੋਪਦੀ, ਦੁਰਗਾ ਦਾ ਅੰਸ਼ ਹੈ। ਅੰਸ਼ ਦਾ ਅਰਥ ਹੈ ਕਿ ਦੁਰਗਾ ਦੇ ਸ਼ਬਦ ਤੋਂ ਸਰੀਰ ਧਾਰਣ ਕਰਨ ਵਾਲੀ ਆਤਮਾ, ਦ੍ਰੋਪਦੀ, ਦੁਰਗਾ ਤੋਂ ਅਲੱਗ ਆਤਮਾ ਹੈ ਪ੍ਰੰਤੂ ਜੋ ਕਸ਼ਟ ਦ੍ਰੋਪਦੀ ਨੂੰ ਹੁੰਦਾ ਹੈ ਉਸਦਾ ਪ੍ਰਭਾਵ ਦੁਰਗਾ ਨੂੰ ਵੀ ਹੁੰਦਾ ਹੈ। ਜਿਵੇਂ ਕਿਸੇ ਦੀ ਬੇਟੀ ਦੁਖੀ ਹੁੰਦੀ ਹੈ ਤਾਂ ਮਾਤਾ ਬਹੁਤ ਜ਼ਿਆਦਾ ਦੁਖੀ ਹੁੰਦੀ ਹੈ। ਇਸ ਤਰ੍ਹਾਂ ਦ੍ਰੋਪਦੀ ਹੁਣ ਦੁਰਗਾ ਲੋਕ ਵਿੱਚ ਵਿਸ਼ੇਸ਼ ਸਥਾਨ ਤੇ ਹੈ। ਪੁੰਨ ਖ਼ਤਮ ਹੋਣ ਤੇ ਫਿਰ ਨਰਕ ਅਤੇ ਹੋਰ ਪ੍ਰਾਣੀਆਂ ਦੇ ਸਰੀਰ ਜ਼ਰੂਰ ਧਾਰਣ ਕਰੇਗੀ। ਇਹੀ ਦਸ਼ਾ ਕੁੰਤੀ ਵਾਲ਼ੀ ਆਤਮਾ ਦੀ ਹੋਵੇਗੀ।

## "ਸ਼੍ਰੀ ਕ੍ਰਿਸ਼ਨ ਜੀ ਨੇ ਤਾਮ੍ਰਧਵਜ਼ ਨੂੰ ਜੀਵਤ ਕੀਤਾ, ਪ੍ਰੰਤੂ ਅਭਿਮਨਯੂ ਨੂੰ ਕਿਉਂ ਨਹੀ ਕਰ ਸਕੇ ?"

ਪ੍ਰਸ਼ਨ:- ਧਰਮਦਾਸ ਜੀ ਨੇ ਪ੍ਰਸ਼ਨ ਕੀਤਾ, ਹੇ ਪਰਮੇਸ਼ਵਰ ਕਬੀਰ ਬੰਦੀ-ਛੋੜ ਜੀ! ਸ਼੍ਰੀ ਕ੍ਰਿਸ਼ਨ ਜੀ ਨੇ ਰਾਜਾ ਮੋਰਧਵਜ਼ ਦੇ ਪੁੱਤਰ ਤਾਮ੍ਰਧਵਜ਼ ਨੂੰ ਵਿਚਕਾਰੋਂ ਚਿਰਵਾਇਆ। ਮੌਤ ਹੋ ਗਈ। ਤੁਰੰਤ ਹੀ ਜੀਵਤ ਕਰ ਦਿੱਤਾ ਅਤੇ ਆਰੇ ਦਾ ਨਿਸ਼ਾਨ (ਚਿੰਨ੍ਹ) ਵੀ ਨਹੀਂ ਸੀ। ਇਹ ਭਗਵਾਨ ਵੀ ਪਰਮਸ਼ਕਤੀ ਯੁਕਤ ਸਿੱਧ ਹੋਏ। ਇਸ ਵਿਸ਼ੇ ਵਿੱਚ ਮੇਰੀ ਸ਼ੰਕਾ ਦਾ ਸਮਾਧਾਨ ਕਰੋ।

ਉੱਤਰ:- ਕਬੀਰ ਪਰਮੇਸ਼ਵਰ ਜੀ ਨੇ ਕਿਹਾ ਹੇ ਧਰਮਦਾਸ! ਰਾਜਾ ਮੋਰਧਵਜ਼ ਦੇ ਪੁੱਤਰ ਤਾਮ੍ਰਧਵਜ਼ ਨੂੰ ਤਾਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਜੀਵਤ ਕਰ ਦਿੱਤਾ। ਪ੍ਰੰਤੂ ਆ-ਪਣੇ ਸਗੇ ਭਾਣਜੇ ਸੁਭਦ੍ਰਾ ਪੁੱਤਰ ਅਭਿਮਨਯੂ ਨੂੰ ਜੀਵਤ ਨਹੀਂ ਕਰ ਸਕੇ। ਸ਼੍ਰੀ ਕ੍ਰਿਸ਼ਨ ਜੀ ਦੀਆਂ ਅੱਖਾਂ ਵਿੱਚ ਹੰਝੂ ਸੀ, ਸੁਭਦ੍ਰਾ ਰੋ ਰਹੀ ਸੀ ਪਾਂਡਵਾਂ ਦਾ ਵੰਸ਼ ਨਸ਼ਟ ਹੋ ਰਿਹਾ ਸੀ।

ਕਾਰਣ :- ਕਬੀਰ ਪਰਮੇਸ਼ਵਰ ਜੀ ਨੇ ਦੱਸਿਆ ਕਿ ਹੇ ਧਰਮਦਾਸ ਤਾਮ੍ਰਧਵਜ਼ ਦੇ ਸਾਹ (ਉਮਰ) ਬਾਕੀ ਸੀ ਇਸਲਈ ਸ਼੍ਰੀ ਕ੍ਰਿਸ਼ਨ ਜੀ ਨੇ ਤਾਮ੍ਰਧਵਜ਼ ਨੂੰ ਜੀਵਤ ਕਰ ਦਿੱਤਾ। ਅਭਿਮਨਯੂ ਨੂੰ ਇਸਲਈ ਜੀਵਤ ਨਹੀਂ ਕਰ ਸਕੇ ਕਿ ਅਭਿਮਨਯੂ ਦੇ ਸਾਹ ਬਾਕੀ ਨਹੀਂ ਸਨ। ਉਸਦੀ ਉਮਰ ਬਾਕੀ ਨਹੀਂ ਸੀ। ਇਹ ਭਗਵਾਨ ਕਰਮ ਲੇਖ ਨੂੰ ਬਦਲੀ

ਨਹੀਂ ਕਰ ਸਕਦੇ। ਸਰੀਰ ਨੂੰ ਕੱਟ ਕੇ ਜੋੜ ਦੇਣਾ ਤਾਂ ਇਹਨਾਂ ਭਗਵਾਨਾਂ (ਬ੍ਰਹਮਾਂ, ਵਿਸ਼ਨੂੰ ਅਤੇ ਸ਼ਿਵ) ਦੇ ਖੱਬੇ ਹੱਥ ਦਾ ਕੰਮ ਹੈ । ਇਹ ਲੀਲ੍ਹਾ ਜੋ ਇੱਕ ਜਾਦੂਗਰ ਕਰ ਦਿੰਦਾ ਹੈ। ਕਿਸੇ ਵਿਅਕਤੀ ਨੂੰ ਵਿਚਕਾਰੋਂ ਕੱਟਿਆ ਦਿਖਾ ਦਿੰਦਾ ਹੈ। ਉਸਨੂੰ ਫਿਰ ਤੋਂ ਜੀਵਤ ਕਰ ਦਿੰਦਾ ਹੈ। ਪ੍ਰੰਤੂ ਪੂਰਨ ਪਰਮਾਤਮਾ ਉਮਰ ਵੀ ਵਧਾ ਦਿੰਦਾ ਹੈ।

## " ਕੀ ਸ਼੍ਰੀ ਵਿਸ਼ਣੂ ਅਰਥਾਤ ਸ਼੍ਰੀ ਕ੍ਰਿਸ਼ਨ ਜੀ ਕਰਮਦੰਡ ਨੂੰ ਮੁਆਫ ਕਰ ਸਕਦੇ ਹਨ?"

ਪ੍ਰਸ਼ਨ:- ਕੀ ਸ਼੍ਰੀ ਵਿਸ਼ਣੂ ਉਰਫ ਸ਼੍ਰੀ ਕ੍ਰਿਸ਼ਨ ਜੀ ਤਿੰਨ ਤਾਪ ਨੂੰ ਖਤਮ ਕਰ ਸਕਦੇ ਹਨ। ਜੇਕਰ ਨਹੀਂ ਕਰ ਸਕਦੇ ਹੈ ਤਾਂ ਕੋਈ ਉਦਾਹਰਣ ਦੱਸੋ ਹੇ ਕਬੀਰ ਪਰਮੇਸ਼ਵਰ! ਜਿਸ ਨਾਲ ਮੇਰੀ ਸ਼ੰਕਾ ਖਤਮ ਹੋ ਸਕੇ।

ਉੱਤਰ:- ਹੇ ਧਰਮਦਾਸ! ਸ਼੍ਰੀ ਵਿਸ਼ਣੂ ਉਰਫ ਸ਼੍ਰੀ ਕ੍ਰਿਸ਼ਨ ਜੀ ਤਿੰਨ ਤਾਪ ਨੂੰ ਖਤਮ ਨਹੀ ਕਰ ਸਕਦੇ।

ਉਦਾਹਰਣ-1 :- ਜਿਸ ਸਮੇਂ ਸ਼੍ਰੀ ਵਿਸ਼ਣੂ ਜੀ ਨੇ ਨਾਰਦ ਰਿਸ਼ੀ ਨੂੰ ਬਾਂਦਰ ਦਾ ਮੂੰਹ ਲਗਾਇਆ ਤਾਂ ਨਾਰਦ ਜੀ ਨੇ ਸਰਾਪ ਦਿੱਤਾ ਸੀ ਕਿ ਹੇ ਵਿਸ਼ਣੂ ਤੂੰ ਵੀ ਇੱਕ ਜੀਵਨ ਵਿੱਚ ਮੇਰੇ ਵਾਂਗ ਧਰਤੀ 'ਤੇ ਇਸਤਰੀ ਵਿਯੋਗ ਵਿੱਚ ਭਟਕੇਗਾ। ਨਾਰਦ ਜੀ ਦੇ ਸਰਾਪ ਵੱਸ ਸ਼੍ਰੀ ਵਿਸ਼ਣੂ ਦਾ ਜਨਮ ਸ਼੍ਰੀ ਰਾਮਚੰਦਰ ਰੂਪ ਵਿੱਚ ਅਯੋਧਿਆ ਦੇ ਰਾਜਾ ਦਸ਼ਰਥ ਦੇ ਘਰ ਹੋਇਆ। ਫਿਰ ਬਣਵਾਸ ਹੋਇਆ, ਸੀਤਾ ਦਾ ਅਪਹਰਣ ਹੋਇਆ। ਸ਼੍ਰੀ ਰਾਮ ਆਪਣੀ ਪਤਨੀ ਦੇ ਵਿਯੋਗ ਵਿੱਚ ਵਿਆਕੁਲ ਹੋਏ। ਫਿਰ ਰਾਵਣ ਨੂੰ ਮਾਰ ਕੇ ਅਯੋਧਿਆ ਆਏ। ਉਥੋਂ ਫਿਰ ਸੀਤਾ ਨੂੰ ਇੱਕ ਧੋਬੀ ਦੇ ਵਿਅੰਗ ਦੇ ਕਾਰਣ ਘਰੋਂ ਕੱਢ ਦਿੱਤਾ। ਆਖਰ ਤੱਕ ਰਾਮ ਅਤੇ ਸੀਤਾ ਦਾ ਮਿਲਣ ਦੋਬਾਰਾ ਨਹੀਂ ਹੋ ਸਕਿਆ। ਅੰਤ ਸਮੇਂ ਵਿੱਚ ਸੀਤਾ ਧਰਤੀ ਵਿੱਚ ਸਮਾਈ ਅਤੇ ਉਸੇ ਦੇ ਵਿਯੋਗ ਵਿੱਚ ਸ਼੍ਰੀ ਰਾਮਚੰਦਰ ਨੇ ਸਰਯੂ ਨਦੀ ਵਿੱਚ ਸਮਾਧੀ ਲਈ ਅਰਥਾਤ ਪਾਣੀ ਵਿੱਚ ਸਰੀਰ ਤਿਆਗਿਆ।

ਉਦਾਹਰਣ-2 :- ਇੱਕ ਸਮੇਂ ਦੁਰਵਾਸਾ ਰਿਸ਼ੀ ਦ੍ਵਾਰਿਕਾ ਦੇ ਕੋਲ ਜੰਗਲ ਵਿੱਚ ਕੁਝ ਸਮੇਂ ਲਈ ਠਹਿਰੇ। ਦ੍ਵਾਰਿਕਾ ਵਾਸੀ ਭਗਵਾਨ ਕ੍ਰਿਸ਼ਨ ਦੇ ਇਲਾਵਾ ਕਿਸੇ ਵੀ ਰਿਸ਼ੀ ਜਾਂ ਸੰਤ ਨੂੰ ਮਹੱਤਵ ਨਹੀਂ ਦਿੰਦੇ ਸਨ। ਸਭ ਨੂੰ ਬੁਰਾ ਸਮਝਦੇ ਸਨ। ਇੱਕ ਦਿਨ ਕੁਝ ਦ੍ਵਾਰਿਕਾ ਵਾਸੀਆਂ ਨੂੰ ਸ਼ਰਾਰਤ ਸੁੱਝੀ ਵਿਚਾਰ ਕੀਤਾ ਕਿ ਦੁਰਵਾਸ਼ਾ ਰਿਸ਼ੀ ਦੀ ਪ੍ਰੀਖਿਆ ਲੈਂਦੇ ਹਾਂ। ਕਹਿੰਦੇ ਹਨ ਕਿ ਇਹ ਤ੍ਰਿਕਾਲਦਰਸ਼ੀ ਹਨ। ਇਹ ਵਿਚਾਰ ਕਰਕੇ ਸ਼੍ਰੀ ਕ੍ਰਿਸ਼ਨ ਜੀ ਦੇ ਪੁੱਤਰ ਪ੍ਰਦਯੂਮਨ ਦੇ ਢਿੱਡ ਉੱਤੇ ਲੋਹੇ ਦੀ ਛੋਟੀ ਕੜਾਹੀ ਬੰਨ੍ਹ ਕੇ ਉਸ ਦੇ ਉੱਪਰ ਰੂੰ ਲਗਾ ਕੇ ਕੱਪੜਾ ਬੰਨ੍ਹ ਦਿੱਤਾ ਅਤੇ ਇਸਤਰੀ ਦੇ ਕਪੜੇ ਪਵਾ ਕੇ ਗਰਭਵਤੀ ਇਸਤਰੀ ਦਾ ਸਵਾਂਗ ਬਣਾਇਆ। ਇੱਕ ਵਿਅਕਤੀ ਉਸਦਾ ਪਤੀ ਬਣਾਇਆ ਅਤੇ ਦਸ-ਵੀਹ ਵਿਅਕਤੀਆਂ ਦੇ ਨਾਲ ਦੁਰਵਾਸ਼ਾ ਰਿਸ਼ੀ ਦੇ ਕੋਲ ਗਏ। ਰਿਸ਼ੀ ਜੀ ਨੂੰ ਪ੍ਰਣਾਮ ਕਰਕੇ ਬੋਲੇ ਹੇ ਰਿਸ਼ੀ ਜੀ! ਇਹ ਦੋਨੋਂ ਪਤੀ-ਪਤਨੀ ਹਨ। ਇਨ੍ਹਾਂ ਦੇ ਵਿਆਹ ਨੂੰ ਕਈ ਸਾਲ ਹੋ ਗਏ। ਹੁਣ ਪ੍ਰਭੂ ਨੇ ਇਹਨਾਂ ਦੀ ਇੱਛਾ ਪੂਰਣ ਕੀਤੀ ਹੈ। ਇਹ ਉਤਾਵਲੇ ਹੋ ਰਹੇ ਹਨ, ਜਾਣਨਾ ਚਾਹੁੰਦੇ ਹਨ ਕਿ ਇਸ ਗਰਭ ਤੋਂ ਲੜਕਾ ਹੋਵੇਗਾ ਜਾਂ ਲੜਕੀ? ਤੁਹਾਡੀ ਮਹਿਮਾ ਸੁਣ ਕੇ ਅਸੀਂ ਇੱਥੇ ਆਏ ਹਾਂ। ਦੁਰਵਾਸਾ ਰਿਸ਼ੀ ਉਹਨਾਂ ਦੇ ਉਦੇਸ਼ ਨੂੰ ਸਮਝ ਗਏ ਅਤੇ ਧਿਆਨ ਦੁਆਰਾ ਦੇਖਿਆ ਤਾਂ ਸਾਰਾ ਰਹੱਸ ਜਾਣ ਲਿਆ ਅਤੇ ਕਿਹਾ ਇਸ ਗਰਭ ਤੋਂ ਯਾਦਵ ਕੁਲ ਦਾ ਨਾਸ਼ ਹੋਵੇਗਾ। ਇਹ ਕਹਿੰਦੇ ਸਮੇਂ ਦੁਰਵਾਸਾ ਰਿਸ਼ੀ ਦੀਆਂ ਅੱਖਾਂ ਲਾਲ ਹੋ ਗਈਆਂ ਅਤੇ ਚਹਿਰਾ ਗੰਭੀਰ ਹੋ ਗਿਆ।

ਸਾਰੇ ਵਿਅਕਤੀ ਜੋ ਉਹਨਾਂ ਨਾਲ ਗਏ ਸੀ ਡਰ ਕੇ ਦ੍ਵਾਰਿਕਾ ਵਾਪਸ ਆਏ। ਦ੍ਵਾਰਿਕਾ ਵਾਸੀ ਵੱਡੇ-ਬਜ਼ੁਰਗਾਂ ਨੂੰ ਪਤਾ ਲੱਗਿਆ ਕਿ ਬੱਚਿਆਂ ਨੇ ਦੁਰਵਾਸਾ ਰਿਸ਼ੀ ਨਾਲ ਮਜ਼ਾਕ ਕੀਤਾ ਹੈ। ਜਿਸ ਕਾਰਣ ਰਿਸ਼ੀ ਨੇ ਯਾਦਵ ਕੁਲ ਨਸ਼ਟ ਹੋਣ ਦਾ ਸਰਾਪ ਦੇ ਦਿੱਤਾ ਹੈ। ਰਿਸ਼ੀ ਦਾ ਵਚਨ ਟਲ ਨਹੀਂ ਸਕਦਾ। ਕੁਝ ਕੁ ਬੁੱਧੀਮਾਨ ਵਿਅਕਤੀ ਬੋਲੇ ਆਪਣੇ ਰਾਜਾ ਸ਼੍ਰੀ ਕ੍ਰਿਸ਼ਨ ਜੀ ਭਗਵਾਨ ਜੋ ਆਪਣੇ ਨਾ.ਲ ਹਨ। ਉਨ੍ਹਾਂ ਦੇ ਸਾਹਮਣੇ ਰਿਸ਼ੀ ਦੁਰਵਾਸੀ ਵਰਗੇ ਕੀ ਚੀਜ਼ ਹਨ? ਚਲੋ ਸ਼੍ਰੀ ਕ੍ਰਿਸ਼ਨ ਭਗਵਾਨ ਨੂੰ ਸਾਰੀ ਕਥਾ ਸੁਣਾਉਂਦੇ ਹਾਂ ਅਤੇ ਰਿਸ਼ੀ ਦੇ ਸਰਾਪ ਤੋਂ ਬਚਾਉਣ ਦੀ ਪ੍ਰਾਰਥਨਾ ਕਰਦੇ ਹਾਂ। ਦ੍ਵਾਰਿਕਾ ਦੇ ਮੋਹਤਵਾਰ ਵਿਅਕਤੀ ਭਗਵਾਨ ਕ੍ਰਿਸ਼ਨ ਦੇ ਕੋਲ ਗਏ ਅਤੇ ਸਾਰੀ ਕਹਾਣੀ ਸੁਣਾਈ। ਦ੍ਵਾਰਿਕਾ ਵਾਸੀਆਂ ਨੂੰ ਬਹੁਤ ਪਰੇਸ਼ਾਨ ਜਾਣ ਕੇ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਤੁਸੀਂ ਚਿੰਤਾ ਕਿਉਂ ਕਰ ਰਹੇ ਹੋ। ਸਭ ਵਿਅਕਤੀਆਂ ਨੇ ਕਿਹਾ ਰਿਸ਼ੀ ਨੇ ਸਰਾਪ ਦਿੱਤਾ ਹੈ ਕਿ ਇਸ ਗਰਭ ਤੋਂ ਯਾਦਵ ਕੁਲ ਦਾ ਨਾਸ਼ ਹੋਵੇਗਾ। ਸ਼੍ਰੀ ਕ੍ਰਿਸ਼ਨ ਬੋਲੇ ਇਸਦਾ ਹੱਲ ਹੈ ਕਿ ਜੋ ਲੋਹੇ ਦੀ ਕੜਾਹੀ ਅਤੇ ਕੱਪੜੇ ਅਤੇ ਰੂੰ ਦਾ ਗਰਭ ਸਵਾਂਗ ਕੀਤਾ ਸੀ ਉਨ੍ਹਾਂ ਕੱਪੜਿਆਂ ਅਤੇ ਰੂੰ ਨੂੰ ਸਾੜ ਕੇ ਭਸਮ ਕਰ ਦਿੱਤਾ ਜਾਵੇ ਅਤੇ ਲੋਹੇ ਦੀ ਕੜਾਹੀ ਨੂੰ ਰਗੜ ਕੇ ਚੂਰਾ ਬਣਾ ਕੇ ਪ੍ਰਭਾਸ ਖੇਤਰ ਵਿੱਚ ਯਮੁਨਾ ਨਦੀ ਦੇ ਪਾਣੀ ਵਿੱਚ ਸੁੱਟ ਦਿੱਤਾ ਜਾਵੇ। ਨਾ ਰਹੇਗਾ ਬਾਂਸ ਨਾ ਬੱਜੇਗੀ ਬੰਸਰੀ। ਜਦ ਗਰਭ ਦਾ ਸਮਾਨ ਹੀ ਨਹੀਂ ਰਹੇਗਾ ਤਾਂ ਯਾਦਵ ਕੁੱਲ ਦਾ ਨਾਸ਼ ਕਿਵੇਂ ਹੋਵੇਗਾ? ਸਾਰੇ ਮੌਜੂਦ ਲੋਕਾਂ ਨੇ ਭਗਵਾਨ ਕ੍ਰਿਸ਼ਨ ਦੁਆਰਾ ਦੱਸੀ ਵਿਧੀ ਦਾ ਸੁਆਗਤ ਕੀਤਾ ਅਤੇ ਰਾਹਤ ਦਾ ਸਾਹ ਲਿਆ। ਆਪਣੇ ਧਾਰਮਿਕ ਗੁਰੂ ਸ਼੍ਰੀ ਕ੍ਰਿਸ਼ਨ ਜੀ ਦੁਆਰਾ ਦੱਸੀ ਵਿਧੀ ਦੇ ਅਨੁਸਾਰ ਗਰਭ ਸਵਾਂਗ ਵਿੱਚ ਵਰਤੀ ਰੂੰ ਅਤੇ ਕੱਪੜੇ ਅੱਗ ਵਿੱਚ ਸਾੜ ਦਿੱਤੇ ਲੋਹੇ ਦੀ ਕੜਾਹੀ ਨੂੰ ਘਸਾਉਣ ਦਾ ਕੰਮ ਪ੍ਰਭਾਸ ਖੇਤਰ ਵਿੱਚ ਯਮੁਨਾ ਨਦੀ ਦੇ ਕਿਨਾਰੇ ਸ਼ੁਰੂ ਕੀਤਾ। ਕੁਝ ਵਿਅਕਤੀਆਂ ਨੂੰ ਕੰਮ ਸੌਂਪਿਆ ਗਿਆ।

ਇੱਕ ਵਿਅਕਤੀ ਨੂੰ ਲੋਹੇ ਦੀ ਕੜਾਹੀ ਦੇ ਕੜਿਆਂ (ਬਰਾਬਰ ਵਿੱਚ ਉੱਪਰ ਦੇ ਹਿੱਸੇ ਵਿੱਚ ਲੱਗੇ ਗੋਲਾਕਾਰ ਛੱਲੇ) ਨੂੰ ਘਸਾਉਣ ਦਾ ਕੰਮ ਦਿੱਤਾ। ਉਸਨੇ ਇੱਕ ਕੜਾ ਪੂਰਾ ਰਗੜ ਦਿੱਤਾ ਦੂਸਰਾ ਕੁਝ ਹੀ ਰਗੜਿਆ ਸੀ ਤਦ ਤੱਕ ਹੋਰ ਵਿਅਕਤੀਆਂ ਨੇ ਪੂਰੀ ਕੜਾਹੀ ਨੂੰ ਰਗੜ ਕੇ ਆਪਣਾ ਕੰਮ ਖਤਮ ਕਰ ਦਿੱਤਾ। ਕੜਾ ਰਗੜਨ ਵਾਲੇ ਵਿਅਕਤੀ ਦੇ ਮਨ ਵਿੱਚ ਆਇਆ ਕਿ ਮੈਂ ਪਿੱਛੇ ਰਹਿ ਗਿਆ ਹਾਂ ਇਹ ਲੋਕ ਮੇਰਾ ਮਖੌਲ ਕਰਨਗੇ ਇਸ ਲਈ ਉਸਨੇ ਦੂਸਰਾ ਕੜਾ ਜੋ ਚਾਰੇ ਪਾਸੇ ਤੋਂ ਥੋੜ੍ਹਾ-ਥੋੜ੍ਹਾ ਘਸਿਆ ਸੀ ਪਾਣੀ ਵਿੱਚ ਸੁੱਟ ਦਿੱਤਾ। ਰਗੜ ਦੇ ਕਾਰਣ ਕੜਾ ਚਮਕੀਲਾ ਬਣ ਗਿਆ ਸੀ। ਇੱਕ ਵੱਡੀ ਮਛਲੀ ਨੇ ਉਸਨੂੰ ਖਾਣ ਵਾਲੀ ਵਸਤੂ ਸਮਝ ਕੇ ਖਾ ਲਿਆ। ਇੱਕ ਬਾਲੀਆ ਨਾਂ ਦੇ ਸ਼ਿਕਾਰੀ ਨੇ ਉਸ ਮਛਲੀ ਨੂੰ ਫੜ੍ਹ ਲਿਆ ਅਤੇ ਕੱਟਣ ਤੇ ਉਸ ਵਿੱਚੋਂ ਇੱਕ ਚਮਕੀਲੀ ਧਾਤ ਦਾ ਕੜਾ ਮਿਲਿਆ। ਉਸ ਕੜੇ ਨੂੰ ਲੈ ਕੇ ਲੁਹਾਰ ਕਾਰੀਗਰ ਦੇ ਕੋ.ਲ ਲੈ ਗਿਆ। ਆਪਣੇ ਧਨੁਸ਼ ਲਈ ਉਸ ਕੜੇ ਦੇ ਲੋਹੇ ਦਾ ਜ਼ਹਿਰੀਲਾ ਤੀਰ ਬਣਵਾਇਆ। ਜੋ ਕੜਾਹੀ ਦੇ ਰਗੜਨ ਨਾਲ ਲੋਹੇ ਦਾ ਚੂਰਾ ਬਣਿਆ ਸੀ ਉਸਨੂੰ ਯਮੁਨਾ ਵਿੱਚ ਸੁੱਟਿਆ ਗਿਆ ਸੀ। ਉਸ ਲੋਹੇ ਦੇ ਚੂਰੇ ਦਾ ਧਾਰਦਾਰ ਤਿੱਖੇ ਪੱਤਿਆਂ ਵਾਲਾ ਪਠੇਰੇ ਵਰਗਾ ਘਾਹ ਉੱਗ ਗਿਆ। ਉਸ ਸਰਕੰਡੇ ਵਰਗੇ ਘਾਹ ਦੇ ਪੱਤੇ ਇੰਨੇ ਤਿੱਖੇ ਸਨ ਜੇਕਰ ਨਾਲ ਉਂਗਲ ਛੂਹ ਜਾਵੇ ਤਾਂ ਕੱਟ ਕੇ ਵੱਖ ਹੋ ਜਾਵੇ। ਆਪਣੇ ਆਪ ਨੂੰ ਸਰਾਪ ਮੁਕਤ ਜਾਣ ਕੇ ਦ੍ਵਾਰਿਕਾ ਵਾਸੀ ਆਨੰਦ ਨਾਲ ਬੇਪਰਵਾਹ ਹੋ ਕੇ ਰਹਿਣ ਲੱਗੇ।

ਕੁਝ ਸਾਲਾਂ ਬਾਅਦ ਦ੍ਵਾਰਿਕਾ ਦੇ ਵਿਅਕਤੀ ਛੋਟੀ ਤੋਂ ਛੋਟੀ ਗੱਲ ਤੇ ਲੜ

ਮਰਨ ਲੱਗੇ। ਦੁਸ਼ਮਨੀ ਵਧਣ ਲੱਗੀ। ਇੱਕ ਦੂਜੇ ਨਾਲ ਈਰਖਾ ਰੱਖਣ ਲੱਗੇ। ਹਰ ਰੋਜ਼ ਦੋ-ਚਾਰ ਹੱਤਿਆਵਾਂ ਆਪਸੀ ਝਗੜੇ ਦੇ ਕਾਰਣ ਹੋਣ ਲੱਗੀਆਂ। ਦ੍ਵਾਰਿਕਾ ਪੁਰੀ ਵਿੱਚ ਪੂਰਨ ਤੌਰ ਤੇ ਅਸ਼ਾਂਤੀ ਦਾ ਵਾਤਾਵਰਣ ਹੋ ਗਿਆ। ਕੋਈ ਵੀ ਵੱਡੇ-ਬਜੁਰਗਾਂ ਦੀਆਂ ਗੱਲਾਂ ਨੂੰ ਮਹੱਤਵ ਨਹੀਂ ਦਿੰਦਾ ਸੀ। ਆਪਣੀ ਧੁੰਨ ਵਿੱਚ ਬਦਲਾ ਲੈਣ ਦੀ ਤਾਕ ਵਿੱਚ ਰਹਿਣ ਲੱਗੇ। ਕੁੱਝ ਵੱਡੇ ਬਜ਼ੁਰਗ ਮਿਲ ਕੇ ਆਪਣੇ ਗੁਰੂ ਸ਼੍ਰੀ ਕ੍ਰਿਸ਼ਨ ਪ੍ਰਭੂ ਦੇ ਕੋਲ਼ ਗਏ ਅਤੇ ਦੱਸਿਆ ਕਿ ਹੇ ਪ੍ਰਭੂ ! ਪਤਾ ਨਹੀਂ ਨਗਰੀ ਦਾ ਕਿਹੜਾ ਪਾਪ ਉਜਾਗਰ ਹੋ ਗਿਆ ਹੈ। ਆਪਸ ਵਿੱਚ ਝਗੜੇ ਹੋਣ ਲੱਗ ਗਏ ਹਨ। ਕੋਈ ਵੀ ਨਿਆਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਇੱਕ ਦੂਜੇ 'ਤੇ ਘਾਤ ਲਗਾ ਕੇ ਘੁੰਮ ਰਹੇ ਹਨ। ਸਾਰੇ ਨਗਰ ਵਿੱਚ ਦੰਗੇ ਹੋਣ ਲੱਗੇ ਹਨ। ਕਿਰਪਾ ਕਰਕੇ ਕਾਰਨ ਅਤੇ ਸ਼ਾਂਤੀ ਦਾ ਹੱਲ ਦੱਸੋ।

ਸ਼੍ਰੀ ਕ੍ਰਿਸ਼ਨ ਪ੍ਰਭੂ ਨੇ ਕੁੱਝ ਦੇਰ ਵਿਚਾਰ ਕਰਕੇ ਧਿਆਨ ਨਾ਼ਲ ਦੇਖਿਆ ਤਾਂ ਪਤਾ ਲੱਗਿਆ ਕਿ ਰਿਸ਼ੀ ਦੁਰਵਾਸਾ ਵੱਲੋਂ ਦਿੱਤਾ ਗਿਆ ਸ਼ਰਾਪ ਫ਼ਲ ਰਿਹਾ ਹੈ।ਸ਼੍ਰੀ ਕ੍ਰਿਸ਼ਨ ਨੇ ਉਹਨਾਂ ਹਾਜ਼ਰ ਦਵਾਰਿਕਾ ਦੇ ਰਹਿਣ ਵਾਲਿਆਂ ਨੂੰ ਦੱਸਿਆ ਹੇ ਦਵਾਰਿਕਾ ਵਾਸੀਓ! ਤੁਹਾਡੇ ਸਾਰਿਆਂ ਯਾਦਵਾਂ ਉੱਪਰ ਰਿਸ਼ੀ ਦੁਰਵਾਸਾ ਵੱਲੋਂ ਦਿੱਤਾ ਸ਼ਰਾਪ (ਸ਼ਰਾਪ ਵੀ ਤਿੰਨਾਂ ਤਾਪਾਂ ਵਿੱਚੋਂ ਇੱਕ ਹੁੰਦਾ ਹੈ) ਆਪਣਾ ਅਸਰ ਦਿਖਾ ਰਿਹਾ ਹੈ। ਇਸਤੋਂ ਬਚਣ ਦਾ ਇੱਕ ਹੀ ਹੱਲ ਹੈ ਕਿ ਸਾਰੇ ਦਵਾਰਿਕਾ ਵਾਸੀ ਨਰ ਪ੍ਰਭਾਸ ਖ਼ੇਤਰ ਵਿੱਚ ਜਾ ਕੇ ਯਮੁਨਾ ਨਦੀ ਵਿੱਚ ਇਸ਼ਨਾਨ ਕਰੋ। ਤੁਸੀਂ ਸਾਰੇ ਦੁਰਵਾਸਾ ਰਿਸ਼ੀ ਦੇ ਸ਼ਰਾਪ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵੋਗੇ। ਉਹਨਾਂ ਲੋਕਾਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਧੰਨਵਾਦ ਕੀਤਾ ਅਤੇ ਪ੍ਰਣਾਮ ਕਰਕੇ ਵਾਪਿਸ ਆ ਗਏ। ਸ਼੍ਰੀ ਕ੍ਰਿਸ਼ਨ ਜੀ ਵੱਲੋਂ ਦੱਸਿਆ ਉਪਾਅ ਸਾਰੇ ਦਵਾਰਿਕਾ ਵਾਸੀਆਂ ਨੂੰ ਦੱਸਿਆ ਸ਼੍ਰੀ ਕ੍ਰਿਸ਼ਨ ਪ੍ਰਭੂ ਦਾ ਆਦੇਸ਼ ਸੁਣਦੇ ਹੀ ਸਾਰੇ ਨਰ ਯਾਦਵ ਆਪਣੇ ਨਵਜੰਮੇ ਬੱਚਿਆਂ ਨੂੰ ਵੀ ਨਾ਼ਲ ਲੈ ਕੇ ਪ੍ਰਭਾਸ ਖ਼ੇਤਰ ਵੱਲ ਚੱਲ ਪਏ। ਕਿਤੇ ਉਨ੍ਹਾਂ ਬੱਚਿਆਂ (ਮੁੰਡਿਆਂ) 'ਤੇ ਸ਼ਰਾਪ ਨਾ ਰਹਿ ਜਾਵੇ ਇਸ ਮੰਤਵ ਨਾ਼ਲ ਆਪਣੇ ਉਸੀ ਦਿਨ ਦੇ ਪੈਦਾ ਹੋਏ ਮੁੰਡਿਆਂ ਨੂੰ ਵੀ ਇਸ਼ਨਾਨ ਕਰਨ ਲਈ ਸ਼ਰਾਪ ਮੁਕਤ ਕਰਵਾਉਣ ਲਈ ਨਾ਼ਲ ਲੈ ਗਏ। ਯਮੁਨਾ ਵਿੱਚ ਇਸ਼ਨਾਨ ਕਰਕੇ ਬਾਹਰ ਆ ਕੇ ਆਪਸ ਵਿੱਚ ਯੁੱਧ ਕਰਨ ਲੱਗੇ। ਪਹਿਲਾਂ ਸ਼ਰਾਪ ਮੁਕਤ ਹੋਣ ਦੇ ਮੰਤਵ ਨਾ਼ਲ ਯਮੁਨਾ ਦੇ ਪਾਣੀ ਵਿੱਚ ਇਸ਼ਨਾਨ ਕਰਦੇ ਸੀ। ਬਾਹਰ ਆਉਂਦੇ ਹੀ ਉੱਥੇ ਹੀ ਇੱਕ ਦੂਸਰੇ ਨੂੰ ਯੁੱਧ ਕਰਦਾ ਦੇਖ਼ ਕੇ ਆਪਣੇ ਰਿਸ਼ਤੇਦਾਰਾਂ ਦੇ ਪੱਖ ਵਿੱਚ ਝਗੜਾ ਕਰਨ ਲੱਗੇ। ਗਰਭ ਸਵਾਂਗ ਵਿੱਚ ਪ੍ਰਯੋਗ ਹੋਈ ਲੋਹੇ ਦੀ ਕੁਹਾੜੀ ਦੇ ਚੂਰਨ ਤੋਂ ਪੈਦਾ ਸਰਕੰਡਿਆਂ (ਜੋ ਤੇਜ਼ਧਾਰ ਯੁਕਤ ਪੱਤਿਆਂ ਵਾ਼ਲੇ ਸੀ) ਨੂੰ ਪੁੱਟ ਕੇ ਇੱਕ ਦੂਸਰੇ ਨੂੰ ਮਾਰਨ ਲੱਗੇ। ਸ਼ਰਾਪ ਦੇ ਪ੍ਰਭਾਵ ਨਾ਼ਲ ਸਰਕੰਡਿਆਂ ਨੇ ਤੇਗ ਦਾ ਕੰਮ ਕੀਤਾ। ਘਾਹ ਦੇ ਪੱਤਿਆਂ ਨਾ਼ਲ ਇੱਕ ਦੂਜੇ ਦੀ ਗਰਦਨ ਕੱਟ ਦਿੱਤੀ। ਸ਼੍ਰੀ ਵਿਸ਼ਨੂੰ ਪੁਰਾਣ ਪੰਜਵਾਂ ਅੰਸ਼ ਅਧਿਆਇ 37 ਪੰਨਾ 413 ਵਿੱਚ ਲਿਖਿਆ ਹੈ ਕਿ ਕੁਹਾੜੇ ਦੇ ਲੋਹ ਚੂਰਨ ਤੋਂ ਪੈਦਾ ਹੋਏ ਸਰਕੰਡਿਆਂ ਨੂੰ ਸ਼੍ਰੀ ਕ੍ਰਿਸ਼ਨ ਜੀ ਨੇ ਪੁੱਟਿਆ ਉਹ ਮੂਸਲ ਬਣ ਗਏ। ਸ਼੍ਰੀ ਕ੍ਰਿਸ਼ਨ ਜੀ ਨੇ ਵੀ ਉਨ੍ਹਾਂ ਮੂਸਲਾਂ ਨਾ਼ਲ ਯਾਦਵਾਂ ਨੂੰ ਮਾਰਿਆ। ਇਸ ਤਰ੍ਹਾਂ ਛਪੰਜਾ ਕਰੋੜ ਯਾਦਵ ਵਿਨਾਸ਼ ਨੂੰ ਪ੍ਰਾਪਤ ਹੋਏ।

ਸ਼੍ਰੀ ਕ੍ਰਿਸ਼ਨ ਭਗਵਾਨ ਪ੍ਰਭਾਸ ਖ਼ੇਤਰ ਵਿੱਚ ਜਾ ਕੇ ਇੱਕ ਦਰੱਖਤ ਦੇ ਹੇਠਾਂ ਦੁ-ਪਹਿਰ ਦੇ ਸਮੇਂ ਅਰਾਮ ਕਰ ਰਹੇ ਸੀ। ਲੇਟੇ ਹੋਏ ਸ਼੍ਰੀ ਕ੍ਰਿਸ਼ਨ ਜੀ ਨੇ ਆਪਣੇ ਇੱਕ ਪੈਰ ਨੂੰ ਦੂਜੇ ਪੈਰ ਦੇ ਗਿੱਟੇ 'ਤੇ ਰੱਖਿਆ ਹੋਇਆ ਸੀ। ਜਿਸ ਕਾਰਨ ਨਾ਼ਲ ਸੱਜੇ ਪੈਰ ਦਾ ਤਲਾ ਸਾਫ਼ ਦਿਖਾਈ ਦੇ ਰਿਹਾ ਸੀ। ਸੱਜੇ ਪੈਰ ਦੇ ਤਲੇ ਵਿੱਚ ਪਦਮ ਸੀ। ਜੋ ਬਹੁਤ ਚਮਕੀਲਾ ਸੀ। ਉਸਤੋਂ ਰੌਸ਼ਨੀ ਨਿਕਲਦੀ ਸੀ। (ਪਦਮ, ਅੱਖ ਦੇ ਅਕਾਰ ਦਾ ਚਮਕੀਲਾ ਨਿਸ਼ਾਨ ਤਲੇ ਦੀ

ਚਮੜੀ ਦੇ ਅੰਦਰ, ਮੁਸ ਦੀ ਤਰ੍ਹਾਂ ਜਨਮ ਤੋਂ ਹੀ ਲੱਗਿਆ ਹੋਇਆ ਸੀ) ਜਿਸ ਦਰੱਖਤ ਦੇ ਹੇਠਾਂ ਭਗਵਾਨ ਕ੍ਰਿਸ਼ਨ ਲੇਟੇ ਹੋਏ ਸੀ, ਉਸ ਦਰੱਖਤ ਦੀਆਂ ਟਾਹਣੀਆਂ ਤਿੰਨਾਂ ਪਾਸਿਆਂ ਤੋਂ ਜ਼ਮੀਨ ਨੂੰ ਛੂਹ ਰਹੀਆਂ ਸੀ। ਬਾਲੀਆ ਨਾਮ ਦਾ ਸ਼ਿਕਾਰੀ ਆਪਣੇ ਉਦੇਸ਼ ਨਾਲ ਸ਼ਿਕਾਰ ਦੀ ਭਾਲ ਵਿੱਚ ਸਵੇਰ ਤੋਂ ਘੁੰਮ ਰਿਹਾ ਸੀ। ਉਸ ਦਿਨ ਉਸਨੂੰ ਕੋਈ ਸ਼ਿਕਾਰ ਹੱਥ ਨਹੀਂ ਲੱਗਿਆ। ਬਾਲੀਆ ਸ਼ਿਕਾਰੀ ਨੇ ਉਸ ਦਿਨ ਉਹ ਤੀਰ ਲਿਆ ਹੋਇਆ ਸੀ। ਜੋ ਗਰਭ ਸਵਾਂਗ ਵਿੱਚ ਪ੍ਰਯੋਗ ਲੋਹੇ ਦੀ ਕੜਾਹੀ ਦੇ ਉਸ ਕੜੇ ਤੋਂ ਬਣਵਾਇਆ ਸੀ। ਜੋ ਮੱਛੀ ਤੋਂ ਪ੍ਰਾਪਤ ਕੀਤਾ ਸੀ। ਉਹ ਤੀਰ ਜ਼ਹਿਰੀਲਾ ਬਣਵਾਇਆ ਹੋਇਆ ਸੀ। ਸ਼ਿਕਾਰ ਦੀ ਖੋਜ ਵਿੱਚ ਬਾਲੀਆ ਸ਼ਿਕਾਰੀ ਦੈਵ ਯੋਗ ਨਾ.ਲ ਉਸ ਦਰਖਤ ਦੇ ਨੇੜੇ ਆ ਕੇ ਧਿਆਨਪੂਰਵਕ ਸ਼ਿਕਾਰ ਨੂੰ ਲੱਭਣ ਲੱਗਾ। ਉਸਨੂੰ ਸ਼੍ਰੀ ਕ੍ਰਿਸ਼ਨ ਜੀ ਦੇ ਤਲੇ ਵਿੱਚ ਲੱਗੇ ਪਦਮ ਦੀ ਚਮਕ ਦਿਖਾਈ ਦਿੱਤੀ। ਸ਼ਿਕਾਰੀ ਨੇ ਸੋਚਿਆ ਕਿ ਹਿਰਨ ਦੀ ਅੱਖ ਚਮਕ ਰਹੀ ਹੈ। ਸਾਰੇ ਦਿਨ ਤੋਂ ਸ਼ਿਕਾਰ ਨਾ ਮਿਲਣ ਦੇ ਕਾਰਣ ਪਰੇਸ਼ਾਨ ਹੋਏ ਸ਼ਿਕਾਰੀ ਨੇ ਉਸਨੂੰ ਹਿਰਨ ਦੀ ਅੱਖ ਸਮਝ ਕੇ ਉਸੇ ਪਦਮ ਨੂੰ ਨਿਸ਼ਾਨਾ ਬਣਾ ਕੇ ਉਹ ਜ਼ਹਿਰੀਲਾ ਤੀਰ ਮਾਰਿਆ। ਤੀਰ ਸ਼੍ਰੀ ਕ੍ਰਿਸ਼ਨ ਜੀ ਦੇ ਪੈਰ ਦੇ ਤਲੇ ਵਿੱਚ ਲੱਗਾ। ਦਰਦ ਨਾਲ ਸ਼੍ਰੀ ਕ੍ਰਿਸ਼ਨ ਜੀ ਦੇ ਮੂੰਹੋਂ ਨਿਕਲਿਆ ਹੇ ਭਗਵਾਨ! ਮਰ ਗਿਆ। ਮਨੁੱਖ ਦੀ ਚੀਕ ਭਰੀ ਆਵਾਜ਼ ਸੁਣ ਕੇ ਸ਼ਿਕਾਰੀ ਸਮਝ ਗਿਆ ਕਿ ਮੇਰਾ ਜ਼ਹਿਰੀਲਾ ਤੀਰ ਕਿਸੇ ਵਿਅਕਤੀ ਨੂੰ ਲੱਗਿਆ ਹੈ। ਦੂਜੇ ਪਾਸੇ ਜਾ ਕੇ ਦੇਖਿਆ ਤਾਂ ਦ੍ਵਾਰਿਕਾ ਦੇ ਰਾਜਾ ਸ਼੍ਰੀ ਕ੍ਰਿਸ਼ਨ ਪੈਰ ਨੂੰ ਫੜ੍ਹ ਕੇ ਦਰਦ ਨਾਲ ਬੇਚੈਨ ਸੀ। ਸ਼ਿਕਾਰੀ ਨੇ ਕਿਹਾ ਹੇ ਰਾਜਨ! ਮੈਨੂੰ ਮਾਫ਼ ਕਰ ਦਓ। ਮੈਂ ਤੁਹਾਡੇ ਇਸ ਪੈਰ ਦੇ ਤਲੇ ਦੀ ਚਮਕ ਨੂੰ ਹਿਰਨ ਦੀ ਅੱਖ ਜਾਣਿਆ। ਪ੍ਰਭੂ ਮੈਂ ਜਾਣਬੁੱਝ ਕੇ ਤੁਹਾਡੀ ਹੱਤਿਆ ਨਹੀਂ ਕੀਤੀ ਹੈ। ਮੇਰੇ ਤੋਂ ਧੋਖਾ ਹੋਇਆ ਹੈ, ਪ੍ਰਭੂ ਮੈਨੂੰ ਅਪਰਾਧੀ ਨੂੰ ਮਾਫ਼ ਕਰ ਦਿਓ ਦੀਨਾਨਾਥ। ਆਪਣੇ ਕੁਕਰਮ ਤੋਂ ਦੁਖੀ ਸ਼ਿਕਾਰੀ ਨੂੰ ਬਹੁਤ ਬੇਚੈਨ ਦੇਖ ਕੇ ਸ਼੍ਰੀ ਕ੍ਰਿਸ਼ਨ ਜੀ ਬੋਲੇ ਹੇ ਬਾਲੀਆ ! ਤੁਹਾਡੇ ਤੋਂ ਕਈ ਅਪਰਾਧ ਨਹੀਂ ਹੋਇਆ ਹੈ। ਇਹ ਤਾਂ ਤੇਰਾ ਅਤੇ ਮੇਰਾ ਪਿਛਲੇ ਜਨਮ ਦਾ ਲੈਣ-ਦੇਣ ਸੀ, ਅੱਜ ਖਤਮ ਹੋ ਗਿਆ। ਤ੍ਰੇਤਾ ਯੁੱਗ ਵਿੱਚ ਤੂੰ ਸੁਗ੍ਰੀਵ ਦਾ ਭਰਾ ਬਾਲੀ ਸੀ ਮੈਂ ਰਾਮਚੰਦਰ ਰੂਪ ਵਿੱਚ ਰਾਜਾ ਦਸ਼ਰਥ ਦੇ ਘਰ ਜੰਮਿਆ ਸੀ। ਉਸ ਸਮੇਂ ਮੈਂ ਤੈਨੂੰ ਇੱਕ ਦਰਖਤ ਦੀ ਓਟ ਲੈ ਕੇ ਧੋਖਾ ਕਰਕੇ ਮਾਰਿਆ ਸੀ। ਉਹੀ ਬਦਲਾ ਅੱਜ ਤੂੰ ਮੇਰੇ ਤੋਂ ਲਿਆ ਹੈ। ਤੁਸੀਂ ਜਾਓ!

ਉਸ ਸ਼ਿਕਾਰੀ ਨੇ ਦ੍ਵਾਰਿਕਾ ਵਿੱਚ ਜਾ ਕੇ ਸ਼੍ਰੀ ਕ੍ਰਿਸ਼ਨ ਜੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਦਿੱਤੀ। ਪਾਂਡਵ ਆਏ ਅਤੇ ਸ਼੍ਰੀ ਕ੍ਰਿਸ਼ਨ ਜੀ ਦੇ ਆਦੇਸ਼ ਅਨੁਸਾਰ ਸਾਰੇ ਯਾਦਵਾਂ ਦੇ ਮ੍ਰਿਤਕ ਸਰੀਰਾਂ ਦਾ ਅੰਤਿਮ ਸੰਸਕਾਰ ਕੀਤਾ। ਦ੍ਵਾਰਿਕਾ ਦੀਆਂ ਇਸਤਰੀਆਂ ਨੂੰ ਆਪਣੇ ਨਾਲ ਲੈ ਜਾਣ ਅਤੇ ਰਾਜ ਤਿਆਗ ਕੇ ਹਿਮਾਲਯ ਵਿੱਚ ਤੱਪਸਿਆ ਕਰਕੇ ਪ੍ਰਾਣ ਤਿਆਗਣ ਦਾ ਆਦੇਸ਼ ਸ਼੍ਰੀ ਕ੍ਰਿਸ਼ਨ ਜੀ ਨੇ ਪਾਂਡਵਾਂ ਨੂੰ ਦਿੱਤਾ ਸੀ। ਸ਼੍ਰੀ ਕ੍ਰਿਸ਼ਨ ਜੀ ਦਾ ਵੀ ਅੰਤਿਮ ਸੰਸਕਾਰ ਪਾਂਡਵਾਂ ਨੇ ਕੀਤਾ। ਜਿੱਥੇ ਸ਼੍ਰੀ ਕ੍ਰਿਸ਼ਨ ਜੀ ਦਾ ਸਰੀਰ ਜ਼ਮੀਨ ਵਿੱਚ ਸਮਾਧੀਸਥ ਕੀਤਾ ਉੱਥੇ ਸ਼੍ਰੀ ਕ੍ਰਿਸ਼ਨ ਜੀ ਦਾ ਮੰਦਰ ਬਣਿਆ ਹੈ। ਜਿਸ ਨੂੰ ਦ੍ਵਾਰਿਕਾਧੀਸ਼ ਮੰਦਰ ਕਿਹਾ ਜਾਂਦਾ ਹੈ।

ਸਿੱਟਾ :- ਉਪਰੋਕਤ ਵੇਰਵੇ ਤੋਂ ਸਿੱਟਾ ਨਿਕਲਿਆ (1) ਸ਼੍ਰੀ ਵਿਸ਼ਨੂੰ ਅਰ-ਥਾਤ ਅਵਤਾਰ ਗਣ ਸ਼੍ਰੀ ਰਾਮਚੰਦਰ ਅਤੇ ਸ਼੍ਰੀ ਕ੍ਰਿਸ਼ਨਚੰਦਰ ਤਿੰਨ ਤਾਪ (ਸਰਾਪ ਆਦਿ) ਨੂੰ ਖਤਮ ਨਹੀਂ ਕਰ ਸਕਦੇ। ਸ਼੍ਰੀ ਕ੍ਰਿਸ਼ਨ ਜੀ ਦੇ ਸਾਹਮਣੇ ਦੁਰਵਾਸਾ ਰਿਸ਼ੀ ਦੇ ਸਰਾਪ ਨਾਲ ਪੂਰਾ ਯਾਦਵ ਕੁਲ (ਸ਼੍ਰੀ ਕ੍ਰਿਸ਼ਨ ਜੀ ਦੇ ਪੁੱਤਰ, ਪੋਤੇ ਆਦਿ ਸਭ) ਆਪਸ ਵਿੱਚ ਲੜ ਕੇ ਮਰ ਗਏ। ਸ਼੍ਰੀ ਕ੍ਰਿਸ਼ਨ ਜੀ ਕੋਈ ਬਚਾਓ ਨਹੀਂ ਕਰ ਸਕੇ। (2) ਕੀਤੇ

ਕਰਮ ਦਾ ਭੋਗ ਵਿਸ਼ਨੂੰ ਭਗਵਾਨ ਨੂੰ ਭੋਗਣਾ ਪੈਂਦਾ ਹੈ ਪਾਪ ਕਰਮ ਦੰਡ ਦਾ ਨਾਸ਼ ਨਹੀਂ ਕਰ ਸਕਦੇ। ਕਿਉਂਕਿ ਇਹ ਭਗਵਾਨ ਪੂਰਣ ਪ੍ਰਮਾਤਮਾ ਨਹੀ ਹਨ। ਇਹਨਾਂ ਭਗਵਾਨਾਂ (ਸ਼੍ਰੀ ਵਿਸ਼ਨੂੰ, ਸ਼੍ਰੀ ਸ਼ਿਵ, ਸ਼੍ਰੀ ਬ੍ਰਹਮਾਂ) ਦੀ ਪੂਜਾ ਕਰਨ ਵਾਲੇ ਨੂੰ ਵੀ ਪਾਪ ਕਰਮਾਂ ਦਾ ਢੰਡ ਭੋਗਣਾ ਪੈਂਦਾ ਹੈ । ਪਾਪ ਕਰਮ ਦੰਡ ਨਾਸ਼ ਨਹੀ ਹੁੰਦਾ । ਸਿਰਫ਼ ਪੂਰਣ ਪ੍ਰਮਾਤਮਾ ਦੀ ਭਗਤੀ ਨਾਲ ਹੀ ਸਾਧਕ ਦਾ ਪਾਪ ਮਾਫ਼ ਹੁੰਦਾ ਹੈ । ਪ੍ਰਮਾਣ ਯਜੁਰਵੇਦ ਅਧਿਆਏ 8 ਮੰਤਰ 13 ਵਿੱਚ ਹੈ (3) ਪਾਪ ਨਾਸ਼ ਜਾਂ ਸ਼ਰਾਪ ਨਾਸ਼ ਕਰਨ ਦੀ ਵਿਧੀ ਜੋ ਆਪ ਸ਼੍ਰੀ ਕ੍ਰਿਸ਼ਨ ਜੀ ਨੇ ਦੱਸੀ ਉਹ ਵਿਅਰਥ ਸਿੱਧ ਹੋਈ । ਜੋ ਸੰਤ ਅਤੇ ਰਿਸ਼ੀ ਅਤੇ ਗੁਰੂਜਨ ਸ਼੍ਰੀ ਵਿਸ਼ਨੂੰ ਅਤੇ ਸ਼੍ਰੀ ਸ਼ਿਵ ਦੇ ਸਾਧਕ ਹਨ ਉਹਨਾਂ ਦੁਆਰਾ ਦੱਸੀ ਗਈ ਦੁੱਖ ਨਿਵਾਰਣ ਦੀ ਵਿਧੀ ਕਿਵੇਂ ਲਾਭਦਾਇਕ ਸਿੱਧ ਹੋ ਸਕਦੀ ਹੈ ? ਜਿਵੇਂ ਸ਼੍ਰੀ ਕ੍ਰਿਸ਼ਨ ਜੀ ਨੇ ਯਾਦਵਾਂ ਨੂੰ ਕਿਹਾ ਕਿ ਤੁਸੀ ਯਮੁਨਾ ਨਦੀ ਦੇ ਜਲ ਵਿੱਚ ਇਸ਼ਨਾਨ ਕਰੋ ਜਿਸ ਨਾਲ ਦੁਰਵਾਸਾ ਰਿਸ਼ੀ ਦੇ ਸ਼ਰਾਪ ਤੋਂ ਮੁਕਤ ਜੋ ਜਾਉਗੇ । ਸ਼੍ਰੀ ਕ੍ਰਿਸ਼ਨ ਜੀ ਦੁਆਰਾ ਦੱਸੀ ਵਿਧੀ ਨਾਲ ਸ਼ਰਾਪ ਤਾਂ ਨਾਸ਼ ਨਹੀ ਹੋਇਆ ਪ੍ਰੰਤੂ ਯਾਦਵਾਂ ਦਾ ਨਾਸ਼ ਜਰੂਰ ਹੋ ਗਿਆ । ਵਿਚਾਰ ਕਰੋ ਜੋ ਗੁੰਮਰਾਹ ਕਰਨ ਵਾਲੇ ਗੁਰੂਜਨ ਗੰਗਾ ਯਮੁਨਾ ਜਾਂ ਕਿਸੇ ਤੀਰਥ ਦੇ ਜਲ ਵਿੱਚ ਇਸ਼ਨਾਨ ਕਰਨ ਨਾਲ ਪਾਪ ਨਾਸ਼ ਹੋਣ ਅਤੇ ਮੋਕਸ਼ ਪ੍ਰਾਪਤੀ ਦੀ ਗੱਲ ਕਹਿੰਦੇ ਹਨ ਉਹ ਕਿੱਥੋਂ ਸਹੀ ਹਨ । ਮਤਲਬ ਵਿਅਰਥ ਹਨ । ਧੋਖੇ ਲਈ ਹਨ । ਸ਼ਾਸ਼ਤਰਵਿਧੀ ਰਹਿਤ ਸਾਧਨਾ ਕਰਾ ਕੇ ਅਨੁਆਈਆਂ ਦਾ ਜੀਵਨ ਬਰਬਾਦ ਕਰਨਾ ਹੈ ਖੁੱਦ ਮਹਾਂਪਾਪ ਦੇ ਭਾਗੀ ਹੋ ਕੇ ਘੋਰ ਨਰਕ ਵਿੱਚ ਡਿੱਗਣ ਦੀ ਤਿਆਰੀ ਮਾਤਰ ਹੈ । (4) ਸ਼੍ਰੀ ਵਿਸ਼ਨੂੰ ਜੀ ਨੂੰ ਨਾਰਦ ਜੀ ਨੇ ਸ਼ਰਾਪ ਦਿੱਤਾ ਉਹ ਸ਼ਰਾਪ ਸ਼੍ਰੀ ਵਿਸ਼ਨੂੰ ਜੀ ਨੇ ਸ਼੍ਰੀ ਰਾਮਚੰਦਰ ਰੂਪ ਵਿੱਚ ਰਾਜਾ ਦਸ਼ਰਥ ਦੇ ਘਰ ਅਯੋਧਿਆ ਵਿੱਚ ਜਨਮ ਲੈ ਕੇ ਭੋਗਣਾ ਪਿਆ । ਨਾਰਦ ਦੇ ਸ਼ਰਾਪ ਅਰਥਾਤ ਤਿੰਨ ਤਾਪ ਨੂੰ ਸ਼੍ਰੀ ਵਿਸ਼ਨੂੰ ਨਾਸ਼ ਨਹੀ ਕਰ ਸਕੇ ।

## "ਕੀ ਸ਼੍ਰੀ ਕ੍ਰਿਸ਼ਨ ਜੀ ਤੱਤਵਗਿਆਨ ਤੋਂ ਜਾਣੂੰ ਸਨ ?"

ਪ੍ਰਸ਼ਨ :- ਧਰਮਦਾਸ ਜੀ ਜੇ ਪ੍ਰਮੇਸ਼ਵਰ ਕਬੀਰ ਬੰਦੀਛੋੜ ਤੋਂ ਨਿਮਰਤਾ ਪੂਰਵਕ ਪ੍ਰਸ਼ਨ ਕੀਤਾ ਹੇ ਦੀਨਦਿਆਲ ! ਹੇ ਬੰਦੀਛੋੜ ਆਪ ਦੇ ਦੁਆਰਾ ਦਿੱਤਾ ਤੱਤਵਗਿਆਨ ਅਨਮੋਲ ਹੈ । ਮੇਰੇ ਗਿਆਨ ਨੇਤਰ ਖੁੱਲ ਗਏ ਹਨ। ਜੋ ਪ੍ਰਭੂ ਖੁੱਦ ਨੂੰ ਅਤੇ ਆਪਣੇ ਕੁੱਲ ਨੂੰ ਕਰਮਦੰਡ ਨਾ਼ਲ ਆਉਣ ਵਾਲੀ ਮੁਸੀਬਤ ਤੋਂ ਨਹੀ ਬਚਾ ਸਕਦੇ ਤਾਂ ਸਾਡੇ ਸਾਧਕਾਂ ਦੁਆਰਾ ਕੀਤੀ ਗਈ ਇਹਨਾਂ ਭਗਵਾਨਾਂ (ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵ ਜੀ, ਸ਼੍ਰੀ ਬ੍ਰਹਮਾਂ ਜੀ) ਦੀ ਪੂਜਾ ਬੇਕਾਰ ਸੀ । ਹੇ ਪ੍ਰਮੇਸ਼ਵਰ ! ਸ਼੍ਰੀ ਕ੍ਰਿਸ਼ਨ ਜੀ ਨੇ ਵੀ ਕਿਸ ਕਾਰਣ ਕਰਕੇ ਸ਼ਾਸ਼ਤਰ ਵਿਧੀ ਵਿਰੁੱਧ ਸਾਧਨਾਂ ਕਰਨ ਦੀ ਪ੍ਰੇਰਣਾਂ ਆਪਣੇ ਸ਼ਰਧਾਲੂਆਂ ਨੂੰ ਦਿੱਤੀ । ਕੀ ਇਹਨਾਂ ਨੂੰ ਸਤ ਸਾਧਨਾ ਦਾ ਗਿਆਨ ਹੀ ਨਹੀ ਹੈ ? ਜਾਂ ਕਿਸੇ ਹੋਰ ਕਾਰਨ ਕਰਕੇ ਨਹੀ ਦੱਸੀ ?

ਉੱਤਰ :- ਹੇ ਧਰਮਦਾਸ ! ਜੋ ਕਾਲ ਬ੍ਰਹਮ ਅਰਥਾਤ ਜੋਤੀ ਨਿਰੰਜਨ ਹੈ ਉਹ ਇੱਕੀ ਬ੍ਰਹਿਮੰਡਾਂ ਦਾ ਪ੍ਰਭੂ ਹੈ ਉਹ ਇੱਕ ਹਜ਼ਾਰ ਕਲ੍ਹਾਂ ਅਤੇ ਇੱਕ ਹਜ਼ਾਰ ਭੁਜਾਵਾਂ ਨਾਲ ਯੁੱਕਤ ਹੈ । ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵ ਅਤੇ ਸ਼੍ਰੀ ਬ੍ਰਹਮਾਂ ਜੀ ਸੋਲ੍ਹਾਂ-ਸੋਲ੍ਹਾਂ ਕਲਾ ਯੁੱਕਤ ਹਨ ਅਤੇ ਸਿਰਫ਼ ਚਾਰ-ਚਾਰ ਭੁਜਾਧਾਰੀ ਹਨ । ਕਾਲ ਬ੍ਰਹਮ ਨਹੀ ਚਾਹੁੰਦਾ ਕਿ ਮੇਰੇ ਇੱਕੀ ਬ੍ਰਹਿਮੰਡਾਂ ਦਾ ਕੋਈ ਵੀ ਜੀਵ ਤੱਤਵਗਿਆਨ ਤੋਂ ਜਾਣੂੰ ਹੋ ਕੇ ਮੇਰੇ ਬਰਾਬਰ ਸ਼ਕਤੀਸ਼ਾਲੀ ਹੋ ਜਾਵੇ ਅਤੇ ਮੇਰੇ ਜਾਲ ਤੋਂ ਨਿਕਲ ਜਾਵੇ । ਇਸੇ ਕਾਰਨ ਤੋਂ ਇਹ ਵੇਦ

ਗਿਆਨ ਦੇ ਉਲਟ ਖੁੱਦ ਆਕਾਸ਼ਬਾਣੀ ਕਰਕੇ ਰਿਸ਼ੀਆਂ ਦੁਆਰਾ ਖੁੱਦ ਬਣਾਏ ਲੋਕਵੇਦ ਮਤਲਬ ਕਹੇ ਸੁਣੇ ਭਗਤੀ ਗਿਆਨ ਦੇ ਆਧਾਰ ਤੋਂ ਹੀ ਸ਼ਰਧਾਲੂਆਂ ਨੂੰ ਭਗਤੀ ਮਾਰਗ ਪ੍ਰਦਾਨ ਕਰਾਉਂਦਾ ਹੈ। ਆਪਣੀ ਗੁਪਤ ਪ੍ਰੇਰਣਾ ਜਾਂ ਆਕਾਸ਼ਵਾਣੀ ਨਾਲ ਰਿਸ਼ੀਆਂ ਨੂੰ ਹਠਯੋਗ ਕਰਨ ਲਈ ਪ੍ਰੇਰਿਤ ਕਰਦਾ ਹੈ। ਸਾਲਾਂ ਤੋਂ ਹਠਯੋਗ ਨਾਲ ਤਪ ਸਾਧਨਾ ਕਰਨ ਨਾਲ ਰਿਸ਼ੀ ਜਨ ਸਿਧੀਆਂ ਪ੍ਰਾਪਤ ਕਰਕੇ ਪਰਮਾਣੂ ਬੰਬ ਵਰਗੇ ਬਣ ਜਾਂਦੇ ਹਨ।

ਜਿਸ ਕਾਰਨ ਨਾਲ ਥੋੜ੍ਹੀ ਜਿਹੀ ਕਹਾ ਸੁਣੀ ਹੁੰਦੇ ਹੀ ਇਕ ਦੂਜੇ ਨੂੰ ਸ਼ਰਾਪ ਦੇ ਕੇ ਦੁੱਖ ਭੋਗਦੇ ਹਨ। ਅਸਲੀ ਉਦੇਸ਼ ਪੂਰਨ ਮੁਕਤੀ ਨੂੰ ਭੁੱਲ ਕੇ ਇਕ ਦੂਜੇ ਨਾਲੋਂ ਵੱਧ-ਚੜ੍ਹ ਕੇ ਸਿੱਧੀਆਂ ਪ੍ਰਾਪਤ ਕਰਨ ਦੀ ਲਾਲਸਾ ਵਿੱਚ ਮਾਨਵ ਜੀਵਨ ਨੂੰ ਖਤਮ ਕਰ ਜਾਂਦੇ ਹਨ। ਜਿਸ ਦੇ ਕੋ.ਲ ਜ਼ਿਆਦਾ ਸਿੱਧੀਆਂ ਹੁੰਦੀ ਹੈ ਉਹ ਹੋਰ ਰਿਸ਼ੀਆਂ ਨੂੰ ਹਰਾ ਦਿੰਦਾ ਹੈ। ਜਿਸ ਕਾਰਣ ਭੋਲੀ ਜਨਤਾ ਵਿੱਚ ਪ੍ਰਸੰਸਾ ਦਾ ਪਾਤਰ ਬਣ ਕੇ ਪੂਜਾ ਯੋਗ ਬਣ ਜਾਂਦਾ ਹੈ। ਭੋਲੇ ਸ਼ਰਧਾਲੂ ਉਸਨੂੰ ਪਰਮ ਸ਼ਕਤੀ ਯੁਕਤ ਰਿਸ਼ੀ, ਮਹਾਂਰਿਸ਼ੀ ਮੰਨ ਕੇ ਉਸਦੇ ਆਦੇਸ਼ ਅਨੁਸਾਰ ਭਗਤੀ ਕਿਰੀਆਵਾਂ ਕਰਦੇ ਰਹਿੰਦੇ ਹਨ ਅਤੇ ਆਪਣੇ ਗੁਰੂ ਦੇਵ ਦੇ ਚਮਤਕਾਰਾਂ ਦਾ ਗੁਣ-ਗਾਨ ਕਰਦੇ ਰਹਿੰਦੇ ਹਨ। ਜਿਸ ਮੁਸ਼ਕਿਲ ਤੱਪ ਭਾਵ ਹਠਯੋਗ ਨਾਲ ਸਾਧਨਾ ਗੁਰੂ ਜੀ ਨੇ ਕੀਤੀ ਸੀ ਉਹੀ ਸਾਧਨਾ ਅਨੁਯਾਈ ਨਹੀਂ ਕਰ ਸਕਦੇ ਕਿਉਂਕਿ ਅਨੁਯਾਈ ਗ੍ਰਹਿਸਥੀ ਹੁੰਦੇ ਹਨ ਆਪਣੀ ਮਿਹਨਤ-ਮਜਦੂਰੀ ਕਰਕੇ ਪਰਿਵਾਰ ਪਾਲਦੇ ਹਨ। ਜਦੋਂ ਕਿ ਰਿਸ਼ੀ ਜਾਂ ਤਾਂ ਕੰਵਾਰੇ ਹੀ ਸਾਧਨਾ ਕਰਦੇ ਹਨ। ਜੇਕਰ ਗ੍ਰਹਿਸਥੀ ਹੁੰਦੇ ਹਨ ਤਾਂ ਉਨ੍ਹਾਂ ਦੇ ਬੱਚਿਆਂ ਦਾ ਗੁਜ਼ਾਰਾ ਅਨੁਯਾਈ ਦੁਆਰਾ ਦਿੱਤੇ ਗਏ ਦਾਨ ਨਾ.ਲ ਚੱਲਦਾ ਹੈ। ਜਿਸ ਕਾਰਣ ਤੋਂ ਰਿਸ਼ੀ ਇੱਕ ਸਥਾਨ ਉੱਤੇ ਬੈਠ ਕੇ ਹਠਯੋਗ ਕਈ ਸਾਲਾਂ ਤਕ ਕਰਕੇ ਸਿੱਧੀਆਂ ਪ੍ਰਾਪਤ ਕਰ ਲੈਂਦਾ ਹੈ ਇਹ ਅਨੁਯਾਈਆਂ ਦੇ ਲਈ ਸੰਭਵ ਨਹੀਂ ਹੈ। ਜੇਕਰ ਰਿਸ਼ੀ ਗੁਰੂ ਜੀ ਵਾਲੀ ਸਾਧਨਾ ਨਾਲ ਮੁਕਤੀ ਪ੍ਰਾਪਤੀ ਮੰਨੀ ਜਾਵੇ ਤਾਂ ਅਨੁਯਾਈ ਉਸ ਮੁਕਤੀ ਤੋਂ ਵਾਂਝੇ ਹੀ ਰਹਿ ਜਾਣਗੇ। ਪ੍ਰੰਤੂ ਦੋਵਾਂ (ਗੁਰੂ ਤੇ ਅਨੁਯਾਈਆਂ) ਦੀ ਭਗਤੀ ਵਿਧੀ ਸ਼ਾਸਤਰਾਂ ਦੇ ਵਿਰੁੱਧ ਹੋਣ ਨਾਲ ਵਿਅਰਥ ਹੈ।

ਇਸ ਤਰ੍ਹਾਂ ਸ਼੍ਰੀ ਕ੍ਰਿਸ਼ਨ ਜੀ ਦੇ ਅਧਿਆਤਮਕ ਗੁਰੂਦੇਵ ਸ਼੍ਰੀ ਦੁਰਵਾਸਾ ਰਿਸ਼ੀ ਸਨ (ਅੱਖਰ ਗਿਆਨ ਭਾਵ ਸਿੱਖਿਆ ਦੇ ਗੁਰੂ ਸ਼੍ਰੀ ਸੰਦੀਪਨੀ ਰਿਸ਼ੀ ਸਨ) ਦੁਰਵਾਸਾ ਜੀ ਨੇ ਹਠਯੋਗ ਕਰਕੇ ਹਜ਼ਾਰਾਂ ਸਾਲ ਸਾਧਨਾ ਕੀਤੀ ਜਿਸ ਨਾਲ ਸਿੱਧੀਆਂ ਪ੍ਰਾਪਤ ਕਰਕੇ ਪ੍ਰਸੰਸਾ ਦਾ ਪਾਤਰ ਬਣ ਗਿਆ। ਸ਼੍ਰੀ ਕ੍ਰਿਸ਼ਨ ਜੀ ਗ੍ਰਹਿਸਥੀ ਸਨ ਉਨ੍ਹਾਂ ਨੂੰ ਦੁਰਵਾਸਾ ਨੇ ਹੋਰ ਸਾਧਨਾ ਕਰਨ ਲਈ ਕਿਹਾ। ਸ਼੍ਰੀ ਕ੍ਰਿਸ਼ਨ ਜੀ ਨੇ ਫਿਰ ਆਪਣੇ ਸ਼ਿਸ਼ਾਂ (ਪਾਂਡਵ ਅਤੇ ਯਾਦਵਾਂ) ਨੂੰ ਉਹੀ ਸ਼ਾਸਤਰ ਵਿਧੀ ਵਿਰੁੱਧ ਭਗਤੀ ਦੱਸੀ ਜੋ ਮਾੜੇ ਸਮੇਂ ‘ਤੇ ਬਚਾਅ ਨਹੀਂ ਕਰ ਸਕੀ। ਜੋ ਤੁਸੀਂ ਪਹਿਲਾਂ ਉਲੇਖ ਵਿੱਚ ਪੜ੍ਹੀ ਤੇ ਸੁਣੀ।

ਇਹੀ ਹਾਲਤ ਸ਼੍ਰੀ ਰਾਮ ਚੰਦਰ ਜੀ ਦੀ ਜਾਣੋ। ਉਨ੍ਹਾਂ ਦੇ ਗੁਰੂ ਦੇਵ ਸ਼੍ਰੀ ਵਸ਼ਿਸ਼ਟ ਮੁਨੀ ਸਨ। ਸ਼੍ਰੀ ਵਸ਼ਿਸ਼ਟ ਰਿਸ਼ੀ ਜੀ ਨੇ ਵੀ ਸ਼ਾਸਤਰ ਵਿਧੀ ਤਿਆਗ ਕੇ ਮਨਮਾਨਾ ਆ-ਚਰਣ (ਪੂਜਾ) ਕੀਤੀ। ਵਸ਼ਿਸ਼ਟ ਮੁਨੀ ਨੇ ਹਜ਼ਾਰਾਂ ਸਾਲ ਤਪੱਸਿਆ (ਹਠਯੋਗ) ਕੀਤਾ ਉਸਤੋਂ ਬਾਅਦ ਸਿੱਧੀ ਯੁਕਤ ਹੋ ਕੇ ਅਨੁਯਾਈ ਬਣਾਏ। ਸ਼੍ਰੀ ਰਾਮ ਚੰਦਰ ਜੀ ਗ੍ਰਹਿਸਥੀ ਤੇ ਰਾਜਾ ਸਨ। ਉਹ ਤਪੱਸਿਆ ਭਾਵ ਵਸ਼ਿਸ਼ਟ ਰਿਸ਼ੀ ਜੀ ਵਾਲੀ ਹਠਯੋਗ ਸਾਧਨਾ ਨਹੀਂ ਕਰ ਸਕਦੇ ਸਨ । ਇਸ ਲਈ ਸ਼੍ਰੀ ਰਾਮ ਚੰਦਰ ਜੀ ਭਗਤੀ ਵੀ ਜੋ ਸ਼੍ਰੀ ਵਸ਼ਿਸ਼ਟ ਜੀ ਦੁਆਰਾ ਦੱਸੀ ਗਈ ਸੀ ਕਰਦੇ ਸਨ ਪ੍ਰੰਤੂ ਕਰਮ ਲੇਖ ਭੋਗਣੇ ਹੀ ਪਏ। ਸ਼੍ਰੀ ਰਾਮ ਚੰਦਰ ਜੀ ਦਾ ਪੂਰਾ ਜੀਵਨ ਕਸ਼ਟਮਈ ਦੁੱਖਾਂ ਨਾਲ ਭਰਪੂਰ ਰਿਹਾ। ਜਿਸ ਵਿਅਕਤੀ ਦੀ ਪਤਨੀ

ਤੇ ਬੱਚੇ ਕਿਤੇ ਹੋਰ ਰਹਿ ਰਹੇ ਹੋਣ। ਉਹ ਵਿਅਕਤੀ ਚਾਹੇ ਪ੍ਰਿਥਵੀ ਪਤੀ ਹੋਵੇ ਉਸਨੂੰ ਸੁਪਨੇ ਵਿੱਚ ਵੀ ਸੁੱਖ ਨਹੀਂ ਹੋ ਸਕਦਾ। ਭਗਵਾਨ ਸ਼੍ਰੀ ਰਾਮ ਦਾ ਸਾਰਾ ਜੀਵਨ ਰਿਸ਼ੀ ਨਾਰਦ ਦੇ ਸ਼ਰਾਪ ਨਾਲ ਨਰਕ ਵਰਗਾ ਰਿਹਾ। ਥੋੜ੍ਹੇ ਕਹੇ ਨੂੰ ਜ਼ਿਆਦਾ ਸਮਝ ਧਰਮਦਾਸ।

ਹੇ ਧਰਮਦਾਸ! ਕਾਲ ਬ੍ਰਹਮ ਦਾ ਭਿਅੰਕਰ ਜਾਲ ਹੈ। ਤੁਸੀਂ ਦੇਵੀ ਪੁਰਾਣ ਤੀਜੇ ਸਕੰਦ ਅਧਿਆਇ 6-7 ਵਿੱਚ ਪੜ੍ਹਿਆ ਕਿ ਜਿਸ ਸਮੇਂ ਬ੍ਰਹਮਾ ਕਮਲ ਦੇ ਫੁੱਲ 'ਤੇ ਸਚੇਤ ਹੋਇਆ ਸੀ ਉਹ ਜਵਾਨ ਸੀ। ਉਦੋਂ ਕਾਲ ਬ੍ਰਹਮ ਨੇ ਆਕਾਸ਼ਵਾਣੀ ਕੀਤੀ ਬ੍ਰਹਮਾ ਤੱਪ ਕਰੋ, ਤੱਪ ਕਰੋ । ਬ੍ਰਹਮਾ ਨੇ ਇਕ ਹਜ਼ਾਰ ਸਾਲ ਤੱਕ ਤੱਪ ਕੀਤਾ ਫਿਰ ਆਕਾਸ਼ਵਾਣੀ ਹੋਈ ਸ੍ਰਿਸ਼ਟੀ ਕਰੋ। ਹੇ ਧਰਮਦਾਸ! ਬ੍ਰਹਮਾ ਨੂੰ ਵੇਦ ਬਹੁਤ ਬਾਅਦ ਵਿੱਚ ਪ੍ਰਾਪਤ ਹੋਏ। ਸ਼ਾਸਤਰ ਵਿਧੀ ਰਹਿਤ ਸਾਧਨਾ ਕਰਨ ਲਈ ਪ੍ਰੇਰਿਤ ਕਾਲ ਬ੍ਰਹਮ ਨੇ ਬਹੁਤ ਪਹਿਲਾਂ ਹੀ ਕਰ ਦਿੱਤਾ। ਇਸ ਪ੍ਰਕਾਰ ਵੇਦਾਂ ਦੇ ਗਿਆਨ ਨੂੰ ਪੜ੍ਹ ਕੇ ਵੀ ਤਪੱਸਿਆ (ਹਠਯੋਗ) ਕਰਨਾ ਸਹੀ ਜਾਣਿਆ। ਕਿਉਂਕਿ ਬ੍ਰਹਮਾ ਨੇ ਮੰਨਿਆ ਕਿ ਤੱਪ ਕਰਨਾ ਵੀ ਪ੍ਰਭੂ ਦਾ ਆਦੇਸ਼ ਹੈ। ਇਸ ਲਈ ਇਸ ਸ਼ਾਸ਼ਤਰ ਵਿਰੁੱਧ ਹਾਨੀਕਾਰਕ ਸਾਧਨਾ ਨੂੰ ਬ੍ਰਹਮਾ ਨੇ ਆਪ ਵੀ ਕੀਤਾ ਅਤੇ ਵਿਸ਼ਨੂੰ ਅਤੇ ਸ਼ਿਵ ਤੇ ਆਪਣੇ ਵੰਸ਼ਜਾਂ ਨੂੰ ਵੀ ਇਸ ਨੂੰ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਇਹ ਪ੍ਰਭੂ ਦੀ ਆਕਾਸ਼ਵਾਣੀ ਹੈ ਸੋ ਉਨ੍ਹਾਂ ਦੇ ਆਦੇਸ਼ ਹੈ ਸੋ ਮੈਨੂੰ ਸਪੱਸ਼ਟ ਸੁਣਿਆ ਹੈ।

ਹੇ ਧਰਮਦਾਸ! ਤਪੱਸਿਆ ਨਾਲ ਸਿੱਧੀਆਂ ਯੁਕਤ ਕਰਕੇ ਕਾਲ ਬ੍ਰਹਮ ਆਪਣਾ ਕੰਮ ਸਿੱਧ ਕਰਦਾ ਹੈ। ਰਿਸ਼ੀਆਂ ਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਵੀ ਸਿੱਧੀ ਯੁਕਤ ਕਰਕੇ ਹੋਰ ਪ੍ਰਾਣੀਆਂ ਨੂੰ ਸੁੱਖ ਤੇ ਦੁੱਖ ਦਿਵਾਉਂਦਾ ਹੈ ਅਤੇ ਸਾਰੇ ਪ੍ਰਾਣੀਆਂ ਨੂੰ ਅਸਲੀ ਭਗਤੀ ਮਾਰਗ ਤੋਂ ਕੋਹਾਂ ਦੂਰ ਰੱਖਦਾ ਹੈ। ਤੱਪ ਨਾਲ ਕੁੱਝ ਸਮਾਂ ਰਾਜ ਮਿਲਦਾ ਹੈ। ਪਾਪ ਕਰਮ ਨਾ਼ਲ ਦੁੱਖਮਈ ਜੂਨੀਆਂ ਵਿੱਚ ਸਰੀਰ ਅਤੇ ਨਰਕ ਪ੍ਰਾਪਤੀ ਹੁੰਦੀ, ਤੱਪ ਨਾਲ ਕੁਝ ਸਮਾਂ ਸਵਰਗ ਦਾ ਸੁੱਖ ਮਿਲਦਾ ਹੈ, ਬਾਅਦ ਵਿੱਚ ਉਹ ਸਾਧਕ ਚੌਰ-ਾਸੀ ਲੱਖ ਪ੍ਰਕਾਰ ਦੇ ਪ੍ਰਾਣੀਆਂ ਦੀ ਜੂਨੀਆਂ ਵਿੱਚ ਮਹਾਂਕਸ਼ਟ ਭੋਗਦਾ ਹੈ। ਇਸ ਤਰ੍ਹਾਂ ਕਾਲ ਬ੍ਰਹਮ ਨੇ ਸਾਰੀਆਂ ਜੀਵ ਆਤਮਾਵਾਂ ਨੂੰ ਦੋ ਤਰਫ਼ੇ ਗਿਆਨ ਨਾਲ ਭ੍ਰਮਿਤ ਕੀਤਾ ਹੋਇਆ ਹੈ। ਜਿਵੇਂ ਗੀਤਾ ਅਧਿਆਇ 3 ਸ਼ਲੋਕ 1-2 ਵਿੱਚ ਅਰਜੁਨ ਨੇ ਪੁੱਛਿਆ ਹੇ ਜਨਾਰਦਨ! ਤੁਸੀਂ ਕਦੇ ਕਹਿੰਦੇ ਹੋ ਕੰਮ ਸ੍ਰੇਸ਼ਠ ਹੈ ਭਾਵ ਕਰਮਯੋਗ ਸ੍ਰੇਸ਼ਠ ਹੈ, ਕਦੇ ਕਹਿੰਦੇ ਹੋ ਕਰਮਯੋਗ ਦੀ ਤੁਲਨਾ ਵਿੱਚ ਗਿਆਨਯੋਗ ਸ੍ਰੇਸ਼ਠ, ਜੇਕਰ ਗਿਆਨ ਯੋਗੀ ਸ੍ਰੇਸ਼ਠ ਹੈ ਤਾਂ ਮੈਨੂੰ ਯੁੱਧ ਕਰਨ ਵਾਲੇ ਭਿਅੰਕਰ ਕਰਮ ਵਿੱਚ ਕਿਉਂ ਲਗਾਉਣਾ ਚਾਹੁੰਦੇ ਹੋ। ਤੁਹਾਡੇ ਮਿਲੇ ਜੁਲੇ ਵਚਨ ਮੈਨੂੰ ਭਰਮਿਤ ਕਰ ਰਹੇ ਹਨ। ਸੋ ਇਕ ਗੱਲ ਨਿਸਚਿਤ ਕਰਕੇ ਕਹੋ ਜਿਸ ਵਿੱਚ ਕਲਿਆਣ ਨੂੰ ਪ੍ਰਾਪਤ ਹੋਵਾਂ।

ਗੀਤਾ ਗਿਆਨ ਦਾਤਾ ਨੇ ਅਧਿਆਇ 3 ਸ਼ਲੋਕ 4 ਤੋਂ 8 ਵਿੱਚ ਕਿਹਾ ਹੈ ਕਿ ਕਰਮ ਸੰਨਿਆਸ ਭਾਵ ਹਠਯੋਗ ਕਰਕੇ ਇਕ ਸਥਾਨ ਉੱਤੇ ਬੈਠ ਕੇ ਸਾਧਨਾ ਕਰਨ ਵਾਲੇ ਪਖੰਡੀ ਹਨ। ਉਹ ਸਰੀਰ ਵਿੱਚ ਤਾਂ ਸਾਧਨਾ ਕਰਦੇ ਦਿਖਾਈ ਦਿੰਦੇ ਹਨ ਪ੍ਰੰਤੂ ਉਹਨਾਂ ਦਾ ਮਨ ਚੰਚਲ ਰਹਿੰਦਾ ਹੈ ( ਜਿਵੇਂ ਸਰਦੀ ਲੱਗੇ ਤਾਂ ਸਰਦੀ ਦਾ ਚਿੰਤਨ, ਗਰਮੀ ਲੱਗੇ ਤਾਂ ਗਰਮੀ ਦਾ ਚਿੰਤਨ, ਭੁੱਖ ਦਾ ਚਿੰਤਨ ਮਨ ਨਾ਼ਲ ਕਰਦੇ ਰਹਿੰਦੇ ਹਨ) ਇਹ ਸਾਧਨਾ ਵਿਅਰਥ ਹੈ। ਇੱਕ ਸਥਾਨ ਉੱਤੇ ਬੈਠ ਕੇ ਸਾਧਨਾ ਕਰੇਗਾ ਭਾਵ ਕਰਮ ਸੰਨਿਆਸ ਕਰਕੇ ਭਗਤੀ ਕਰੇਗਾ ਤਾਂ ਤੇਰਾ ਗੁਜ਼ਾਰਾ ਕਿਵੇਂ ਹੋਵੇਗਾ।

ਇਹ ਹੀ ਪ੍ਰਮਾਣ ਗੀਤਾ ਅਧਿਆਇ 8 ਸਲੋਕ 7 ਵਿੱਚ ਕਿਹਾ ਹੈ ਕਿ ਯੁੱਧ

ਵੀ ਕਰ ਮੇਰਾ ਸਮਰਣ ਵੀ ਕਰ ਮੈਨੂੰ ਪ੍ਰਾਪਤ ਹੋਵੇਗਾ। ਹੇ ਧਰਮਦਾਸ! ਉਪਰੋਕਤ ਵਿਚਾਰ ਵੇਦ ਗਿਆਨ ਦੇ ਹਨ ਜੋ ਸ੍ਰੇਸ਼ਠ ਹਨ। ਫਿਰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 6 ਸਲੋਕ 10 ਤੋਂ 15 ਵਿੱਚ ਆਪਣੇ ਸ਼ਾਸਤਰ ਵਿਰੁੱਧ ਵਿਚਾਰ ( ਲੋਕ ਵੇਦ) ਦੱਸੇ ਹਨ । ਜਿਸ ਤੋਂ ਸਪੱਸ਼ਟ ਹੈ ਕਿ ਜੇਕਰ ਗੀਤਾ ਅਧਿਆਇ 3 ਸ਼ਲੋਕ 4 ਤੋਂ 8 ਵਾਲਾ ਠੀਕ ਹੈ ਤਾਂ ਇਹ ਅਧਿਆਇ 6 ਸਲੋਕ 10 ਤੋਂ 15 ਵਾਲਾ ਉਸਦੇ ਉਲਟ ਹੋਣ ਕਾਰਨ ਵਿਅਰਥ ਹੋਇਆ। ਜ਼ਿਆਦਾਤਰ ਸ਼ਰਧਾਲੂ ਹਠਯੋਗ ਨੂੰ ਰੁਚੀ ਨਾਲ ਕਰਦੇ ਹਨ ਕਿਉਂਕਿ ਮਨ ਰੂਪੀ ਕਾਲ ਉਸ ਸਾਧਨਾ ਨਾਲ ਖੁਸ਼ ਰਹਿੰਦਾ ਹੈ ਤਾਂ ਜੋ ਜੀਵ ਨੂੰ ਹਾਨੀ ਕਰੇ।

ਕਾਲ ਜਾਲ ਦਾ ਹੋਰ ਪ੍ਰਮਾਣ:- ਸ੍ਰੀ ਵਿਸ਼ਨੂੰ ਪੁਰਾਣ ਦੇ ਤੀਜੇ ਅੰਸ਼ ਦੇ ਅਧਿਆਇ 17 ਸਲੋਕ 1 ਤੋਂ 4 ਅਤੇ ਅਧਿਆਇ 18 ਸਲੋਕ 1 ਤੋਂ 36 ਵਿੱਚ ਪੰਨਾ 125 ਤੋਂ 221 ‘ਤੇ ਲਿਖਿਆ ਹੈ ਕਿ ਦੇਵਤਾ ਅਤੇ ਰਾਕਸ਼ਸ਼ ਦੋਵੇਂ ਹੀ ਵੈਦਿਕ ਧਰਮ ਅਨੁਸਾਰ ਸਾਧਨਾ ਕਰਦੇ ਸਨ। ਇਕ ਸਮੇਂ ਦੋਵਾਂ ਦਾ ਸੌ ਦਿਵਯ ਸਾਲ ਤੱਕ ਯੁੱਧ ਹੋਇਆ। ਦੇਵਤਾ ਹਾਰ ਗਏ। ਦੇਵਤਿਆਂ ਨੇ ਅਕਸ਼ੀਰ ਸਮੁੰਦਰ ਦੇ ਉੱਤਰੀ ਕਿਨਾਰੇ ‘ਤੇ ਜਾ ਕੇ ਤਪੱਸਿਆ ਕੀਤੀ ਅਤੇ ਭਗਵਾਨ ਵਿਸ਼ਨੂੰ ਦੀ ਅਰਾਧਨਾ ਦੇ ਲਈ ਇਸ ਉਸਤਤ ਦਾ ਗਾਣ ਕੀਤਾ, ਦੇਵਗਣ ਬੋਲੇ- ਅਸੀਂ ਲੋਕ ਲੋਕਨਾਥ ਭਗਵਾਨ ਵਿਸ਼ਨੂੰ ਦੀ ਪੂਜਾ ਲਈ ਜਿਸ ਬਾਣੀ ਦਾ ਉਚਾਰਣ ਕਰਦੇ ਹਾਂ ਉਸ ਨਾਲ ਉਹ ਆਦਿ - ਪੁਰਸ਼ ਸ਼੍ਰੀ ਵਿਸ਼ਨੂੰ ਭਗਵਾਨ ਪ੍ਰਸੰਨ ਹੋ। (17/ਮੰਤਰ 11) ਉਸ ਬ੍ਰਹਮ ਸਰੂਪ ਨੂੰ ਜੋ ਨਿਰਾਕਾਰ ਹੈ। ਉਸ ਬ੍ਰਹਮ ਸਰੂਪ ਨੂੰ ਨਮਸਕਾਰ ਹੈ। ਹੇ ਪੁਰਸ਼ੋਤਮ! ਤੁਹਾਡਾ ਜੋ ਕਰੂਰਤਾ ਅਤੇ ਮਾਇਆ ਨਾਲ ਯੁਕਤ ਘੋਰ ਤਮੋਮਯ ਰੂਪ ਹੈ ਉਸ ਰਾਕਸ਼ ਸਰੂਪ ਨੂੰ ਨਮਸਕਾਰ ਹੈ (20) ਜੋ ਕਲਪਨਾ ਵਿੱਚ ਸਾਰੇ ਭੂਤਾਂ ਭਾਵ ਪ੍ਰਾਣੀਆਂ ਨੂੰ ਖਾ ਜਾਂਦਾ ਹੈ ਤੁਹਾਡੇ ਉਸ ਕਾਲ ਸਰੂਪ ਨੂੰ ਨਮਸਕਾਰ ਹੈ (25) ਜੋ ਪ੍ਰਲਯ ਕਾਲ ਵਿੱਚ ਦੇਵਤਾ ਆਦਿ ਸਾਰੇ ਪ੍ਰਾਣੀਆਂ ਨੂੰ ਖਾ ਕੇ ਨਾਚ ਕਰਦਾ ਹੈ ਤੁਹਾਡੇ ਉਸ ਰੁਦ੍ਰ ਸਰੂਪ ਨੂੰ ਨਮਸਕਾਰ ਹੈ (17/ਮੰਤਰ 26) ਵਿਸ਼ਨੂੰ ਪੁਰਾਣ ਤੀਜੇ ਅੰਸ਼ ਅਧਿਆਇ 17 ਦੇ ਸਲੋਕ 11 ਤੋਂ 34 ਤਕ ਸ੍ਰੋਤ ਦੇ ਖਤਮ ਹੋ ਜਾਣ ‘ਤੇ ਦੇਵਤਾਵਾਂ ਨੇ ਸ੍ਰੀ ਹਰਿ ਨੂੰ ਹੱਥ ਵਿੱਚ ਸ਼ੰਖ ਚੱਕਰ, ਗਦਾ ਲਏ ਗਰੁੜ ਉੱਤੇ ਸਨਮੁੱਖ ਵਿਰਾਜਮਾਨ ਦੇਖਿਆ (35) ਦੇਵਤਾਵਾਂ ਦੀ ਪ੍ਰਾਥਨਾ ਸੁਣ ਕੇ ਭਗਵਾਨ ਵਿਸ਼ਨੂੰ ਨੇ ਆਪਣੇ ਸਰੀਰ ਤੋਂ (ਵਚਨ ਸ਼ਕਤੀ ਨਾਲ) ਇਕ ਮਾਇਆ ਮੋਹ ਨੂੰ ਉਤਪੰਨ ਕੀਤਾ ਅਤੇ ਕਿਹਾ ਕਿ ਉਹ ਮਾਇਆ ਮੋਹ ਦੈਤਾਂ ਨੂੰ ਵੇਦ ਮਾਰਗ ਦੀ ਸਾਧਨਾ ਤੋਂ ਹਟਾ ਕੇ ਮਨਮੁੱਖੀ ਸਾਧਨਾ ਉੱਤੇ ਦ੍ਰਿੜ ਕਰ ਦੇਵੇਗਾ। ਜਿਸ ਕਾਰਣ ਤੋਂ ਰਾਕਸ਼ ਭਗਤੀਹੀਣ ਹੋ ਜਾਣਗੇ ਉਦੋਂ, ਤੁਸੀਂ ਦੇਵਤਾ ਉਨ੍ਹਾਂ ਨੂੰ ਮਾਰ ਦਿਓ। ਇਸ ਤਰ੍ਹਾਂ ਹੀ ਹੋਇਆ ਮਾਇਆ ਮੋਹ ਨੇ ਸਾਰੇ ਦੈਤਾਂ (ਰਾਕਸ਼ਾਂ) ਨੂੰ ਵੈਦਿਕ ਮਾਰਗ ਤੋਂ ਭਟਕਾ ਕੇ ਮਨਮੁੱਖੀ ਸਾਧਨਾ ਉੱਤੇ ਦ੍ਰਿੜ ਕਰ ਦਿੱਤਾ। ਕੁਝ ਸਮੇਂ ਬਾਅਦ ਦੇਵਤਾ ਤਪੱਸਿਆ ਕਰਕੇ ( ਬੈਟਰੀ ਚਾਰਜ ਕਰਕੇ) ਦੈਤਾਂ ਦੇ ਨਾਲ ਯੁੱਧ ਕਰਨ ਲਈ ਮੌਜੂਦ ਹੋਏ। ਰਾਕਸ਼ਾਂ ਨੇ ਤਪੱਸਿਆ ਕਰਨੀ ਛੱਡ ਦਿੱਤੀ ਸੀ ਜਿਸ ਨਾਲ ਉਨ੍ਹਾਂ ਵਿੱਚ ਸਿੱਧੀ ਸ਼ਕਤੀ ਨਹੀਂ ਰਹੀ। (ਉਨ੍ਹਾਂ ਦੀ ਬੈਟਰੀ ਚਾਰਜ ਨਹੀਂ ਹੋਈ) ਇਸ ਕਾਰਨ ਨਾਲ ਦੇਵਤਿਆਂ ਨੇ ਦੈਤਾਂ ਨੂੰ ਮਾਰ ਦਿੱਤਾ।

ਉਪਰੋਕਤ ਵਿਸ਼ਨੂੰ ਪੁਰਾਣ ਦੇ ਉਲੇਖ ਦਾ ਸਿੱਟਾ:-

ਕਾਲ ਬ੍ਰਹਮ ਨੇ ਸਾਰੇ ਪ੍ਰਾਣੀਆਂ ( ਦੇਵਤਿਆਂ, ਰਿਸ਼ੀਆਂ, ਬ੍ਰਹਮਾ, ਵਿਸ਼ਨੂੰ, ਅਤੇ ਸ਼ਿਵ ਅਤੇ ਹੋਰ ਪ੍ਰਾਣੀਆਂ) ਨੂੰ ਭਰਮਿਤ ਕੀਤਾ ਹੋਇਆ ਹੈ। ਇਹ ਖੁਦ ਆਪਣੇ ਤਿੰਨਾਂ ਪੁੱਤਰਾਂ ( ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਦਾ ਰੂਪ ਧਾਰਣ ਕਰ ਲੈਂਦਾ ਹੈ। ਉਪਰੋਕਤ ਸਰੋਤ ਵਿੱਚ ਦੇਵਤਾਵਾਂ ਨੇ ਸ੍ਰੀ ਵਿਸ਼ਨੂੰ ਦੀ ਮਹਿਮਾ ਕਰਨੀ ਚਾਹੀ ਹੈ, ਕਰ ਰਹੇ ਹਨ ਕਾਲ ਬ੍ਰਹਮ

ਦੀ। ਉਹ ਕਾਲ ਬ੍ਰਹਮ ਹੀ ਵਿਸ਼ਨੂੰ ਰੂਪ ਧਾਰਣ ਕਰਕੇ ਗਰੂੜ ਉੱਤੇ ਬੈਠ ਕੇ ਦਿਲਾਸਾ ਦੇ ਗਿਆ। ਆਪਣੇ ਵਚਨ ਤੋਂ ਇਕ ਵਿਅਕਤੀ ਉਤਪੰਨ ਕਰਕੇ ਮਾਇਆ ਮੋਹ ਨਾਂ ਰੱਖ ਕੇ ਰਾਕਸ਼ਾਂ ਕੋਲ ਭੇਜ ਦਿੱਤਾ। ਜੋ ਰਾਕਸ਼ਸ ਤਪੱਸਿਆ ਕਰਕੇ ਭਾਵ ਹਠਯੋਗ ਕਰਦੇ ਸਨ ਉਸ ਨਾਲ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਸਨ। ਮਾਇਆ ਮੋਹ ਨੇ ਉਹ ਸਾਧਨਾ ਵੀ ਛੁਡਾ ਦਿੱਤੀ ਜਿਸ ਨਾਲ ਅਸੁਰ ਗਣ ਸਿੱਧੀਆਂ ਤੋਂ ਰਹਿਤ ਹੋ ਗਏ। ਦੇਵਤਾ ਗਣ ਵੀ ਪਹਿਲਾਂ ਰਾਕਸ਼ਾ ਨਾਲ ਯੁੱਧ ਕਰਨ ਦੇ ਨਾਲ਼ ਸਿੱਧੀਆਂ ਖਤਮ ਕਰ ਚੁੱਕੇ ਸਨ ਅਤੇ ਹਾਰ ਕੇ ਜਾਨ ਬਚਾ ਕੇ ਚੱਲੇ ਗਏ ਸਨ ਫਿਰ ਤਪੱਸਿਆ ਕੀਤੀ ਅਤੇ ਸਿੱਧੀਆਂ ਪ੍ਰਾਪਤ ਕਰਕੇ ਅਸੁਰਾਂ ਨਾਲ ਯੁੱਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਜਦੋਂ ਦੇਵਤਾ ਗਣ ਰਾਕਸ਼ਾਂ ਤੋਂ ਹਾਰੇ ਸਨ ਉਸ ਸਮੇਂ ਰਾਕਸ਼ ਵੀ ਉਹੀ ਸਾਧਨਾ (ਤਪੱਸਿਆ ਭਾਵ ਹਠਯੋਗ) ਕਰਦੇ ਸਨ ਜੋ ਦੇਵਤਾ ਕਰਦੇ ਸਨ। ਇਸ ਨਾਲ ਸਿੱਧ ਹੋਇਆ ਕਿ ਭਗਤੀ ਕਰਨ ਵਿੱਚ ਵੀ ਦੇਵਤਾ, ਰਾਕਸ਼ ਨਾਲੋਂ ਰੱਦੀ ( ਪਿਛੜੇ ਹੋਏ) ਸਨ। ਕਿਉਂਕਿ ਰਾਕਸ਼ ਨੇ ਉਹੀ ਸਾਧਨਾ ਕਰਕੇ ਦੇਵਤਿਆਂ ਉੱਤੇ ਜਿੱਤ ਪਾਈ ਸੀ ਜੋ ਦੇਵਤਾ ਗਣ ਕਰਦੇ ਸਨ।

ਅਸਲ ਵਿੱਚ ਸ਼ਾਸਤਰ ਵਿਧੀ ਅਨੁਸਾਰ ਸਾਧਨਾ ਨਾ ਦੇਵਤਾ ਕਰਦੇ ਸਨ ਅਤੇ ਨਾ ਹੀ ਰਾਕਸ਼। ਕੇਵਲ ਕਾਲ ਦੁਆਰਾ ਦੱਸੀ ਗਈ ਤਪੱਸਿਆ ( ਜੋ ਬ੍ਰਹਮਾ ਨੂੰ ਜਨਮ ਦੇ ਸਮੇਂ ਆਕਾਸ਼ਵਾਣੀ ਦੁਆਰਾ ਕਾਲ ਬ੍ਰਹਮ ਦੁਆਰਾ ਕਮਲ ਦੇ ਫੁੱਲ ਉੱਤੇ ਦੱਸੀ ਸੀ ਉਹ ਤਪੱਸਿਆ) ਭਾਵ ਹਠਯੋਗ ਨੂੰ ਦੋਵੇਂ ਕਰਦੇ ਸਨ। ਦੋਵੇਂ ਹੀ ਸਿੱਧੀਆਂ ਪ੍ਰਾਪਤ ਕਰਦੇ ਸਨ। ਜਿਵੇਂ ਸ਼ਰਾਬ ਨੂੰ ਦੇਵਤਾ ਪੀਵੇ ਚਾਹੇ ਰਾਕਸ਼ ਦੋਵਾਂ ਨੂੰ ਹੀ ਸਰੂਰ ਹੋਵੇਗਾ। ਸਿੱਧੀਆਂ ਪ੍ਰਾਪਤ ਹੋਣ ਉੱਤੇ ਪ੍ਰਾਣੀ ਨੂੰ ਅਭਿਮਾਨ ਦਾ ਨਸ਼ਾ ਹੋ ਜਾਂਦਾ ਹੈ। ਫਿਰ ਆਪਸ ਵਿੱਚ ਇਕ ਦੂਜੇ ਉੱਤੇ ਸਿੱਧੀਆਂ ਦਾ ਪ੍ਰਯੋਗ ਕਰਕੇ ਆਪਣੇ ਆਪ ਦੇ ਜੀਵਨ ਨੂੰ ਨਸ਼ਟ ਕਰ ਜਾਂਦੇ ਹਨ।ਇਹ ਸਾਰਾ ਕਾਲ ਦੁਆਰਾ ਫੈਲਾਇਆ ਭਿਅੰਕਰ ਜਾਲ ਹੈ ਜਿਸਨੂੰ ਤੱਤਵ ਗਿਆਨ ਨਾਲ ਹੀ ਸਮਝਿਆ ਜਾ ਸਕਦਾ ਹੈ ਅਤੇ ਇਸ ਜਾਲ ਤੋਂ ਨਿਕਲਿਆ ਜਾ ਸਕਦਾ ਹੈ।

ਵਰਤਮਾਨ ਵਿੱਚ ਕੁਝ ਪੰਥ ਹਨ ਜੋ ਨਾ ਤਾਂ ਦੇਸੀ ਘਿਓ ਦੀ ਜੋਤੀ ਲਗਾਉਣ ਦਿੰਦੇ ਹਨ ਨਾ ਗੀਤਾ, ਵੇਦ ਜਾਂ ਸਵਸਮ ਵੇਦ ਬਾਣੀ ਦਾ ਪਾਠ ਕਰਨ ਨੂੰ ਦੱਸਦੇ ਹਨ ਨਾ ਹੀ ਅਸਲ ਨਾਮ ਜਾਪ ਨੂੰ ਦਿੰਦੇ ਹਨ। ਕਹਿੰਦੇ ਹਨ ਸੰਤ ਕੁਝ ਨਾਮ ਜਾਪ ਕਰਨ ਨੂੰ ਦੇ ਦੇਵੇ ਉਹੀ ਮੁਕਤੀ ਦਾਇਕ ਹੈ। ਢਾਈ ਘੰਟੇ ਸਵੇਰੇ ਅਤੇ ਘੱਟ ਤੋਂ ਘੱਟ ਢਾਈ ਘੰਟੇ ਸ਼ਾਮ ਨੂੰ ਹਠਯੋਗ ਕਰਨ ਨੂੰ ਕਹਿੰਦੇ ਹਨ ਇਹ ਮੁਕਤੀ ਮਾਰਗ ਨਹੀਂ ਹੈ। ਇਹ ਸੰਤ ਕਾਲ ਬ੍ਰਹਮ ਦੁਆਰਾ ਮਾਇਆ ਮੋਹ ਦੀ ਤਰ੍ਹਾਂ ਭੇਜੇ ਗਏ ਹਨ। ਜਿਨ੍ਹਾਂ ਨੇ ਇਹ ਸਾਧਨਾ ਵੀ ਛੁੱਡਵਾ ਦਿੱਤੀ ਜਿਸ ਨਾਲ ਸਵਰਗ ਤੱਕ ਜਾਣ ਦੀ ਭਗਤੀ ਤਾਂ ਬਣਦੀ ਸੀ। ਜਿਵੇਂ ਹਰ ਰੋਜ ਗੀਤਾ,ਵੇਦ ਜਾਂ ਸਵਸਮ ਵੇਦ (ਕਬੀਰ ਵਾਣੀ ਜਾਂ ਕਬੀਰ ਜੀ ਨਾਲ ਜਾਣਕਾਰ ਸੰਤਾਂ ਦੀ ਬਾਣੀ) ਬਾਣੀ ਦੇ ਪਾਠ ਨਾਲ ਗਿਆਨ ਯੱਗ ਦਾ ਫਲ ਮਿਲਦਾ ਹੈ, ਅਤੇ ਦੇਸੀ ਘਿਓ ਦੀ ਜੋਤੀ ਨਾਲ ਹਵਨ ਯੱਗ ਦਾ ਫਲ ਮਿਲਦਾ ਹੈ। ਦੰਡਵਤ ਪ੍ਰਣਾਮ ਨਾਲ ਪ੍ਰਣਾਮ ਯੱਗ ਦਾ ਫਲ ਮਿਲਦਾ ਹੈ। ਇਹ ਨਕਲੀ ਪੰਥ ਸੁਣਿਆ-ਸੁਣਾਇਆ ਸਤਲੋਕ-ਸਤਲੋਕ ਤਾਂ ਕਹਿੰਦੇ ਹਨ ਪਰ ਸਤਲੋਕ ਵਿੱਚ ਸਤਪੁਰਸ਼ ਨੂੰ ਨਿਰਾਕਾਰ ਦੱਸਦੇ ਹਨ। ਉੱਥੇ ਪ੍ਰਕਾਸ਼ ਹੈ ਅਨੰਦ ਹੀ ਅਨੰਦ ਹੈ। ਆਤਮਾ ਵੀ ਉਸ ਪ੍ਰਕਾਸ਼ ਵਿੱਚ ਇੰਝ ਸਮਾ ਜਾਂਦੀ ਹੈ ਜਿਵੇਂ ਸਮੁੰਦਰ ਵਿੱਚ ਬੂੰਦ ਸਮਾ ਜਾਂਦੀ ਹੈ। ਅਜਿਹਾ ਵਿਅਰਥ ਗਿਆਨ ਅਨੁਯਾਈਆਂ ਨੂੰ ਦੱਸ ਕੇ ਕਹਿੰਦੇ ਹਨ ਚੱਲੋ ਸਤਲੋਕ ਵਿੱਚ ਅਨੰਦ ਹੀ ਅਨੰਦ ਹੈ। ਵਿਚਾਰ ਕਰੋ ਕਿਸੇ ਲੜਕੀ ਨੂੰ ਕੋਈ ਮੂਰਖ਼ ਕਹੇ ਤੇਰੀ ਸਗਾਈ ਫਲਾਣੇ ਪਿੰਡ ਵਿੱਚ ਕਰ ਦਿੱਤੀ ਹੈ। ਉੱਥੇ ਤੇਰਾ ਪਤੀ ਨਿਰਾਕਾਰ ਹੈ। ਤੇਰੇ ਪਤੀ ਦੇ ਘਰ ਵਿੱਚ ਪ੍ਰਕਾਸ਼ ਹੀ ਪ੍ਰਕਾਸ਼

ਹੈ, ਪਤੀ ਸਾਕਾਰ ਨਹੀਂ ਹੈ, ਉੱਥੇ ਵਿਆਹ ਕਰਾ ਕੇ ਜਾ, ਲੜਕੀ ਉੱਥੇ ਅਨੰਦ ਹੀ ਅਨੰਦ ਹੈ। ਉਸ ਮੂਰਖ਼ ਤੋਂ ਪੁੱਛੇ ਪਤੀ ਸਾਕਾਰ ਨਹੀਂ ਹੈ ਤਾਂ ਉਸ ਕੰਨਿਆ ਨੂੰ ਕੀ ਉਤਸ਼ਾਹ ਹੋਵੇਗਾ ਵਿਆਹ ਕਰਨ ਅਤੇ ਬਿਨਾਂ ਪਤੀ ਵਾਲੇ ਘਰ ਜਾਣ ਦਾ? ਕੋਈ ਉਮੰਗ ਨਹੀਂ ਹੋ ਸਕਦੀ।

ਠੀਕ ਇਸੇ ਪ੍ਰਕਾਰ ਜੋ ਗੁਰੂ ਜਨ ਸਤਪੁਰਸ਼ ਅਰਥਾਤ ਪਰਮਾਤਮਾ ਨੂੰ ਨਿਰਾਕਾਰ ਕਹਿੰਦੇ ਹਨ ਅਤੇ ਕਹਿੰਦੇ ਹਨ ਕਿ ਕੇਵਲ ਪ੍ਰਭੂ ਦਾ ਪ੍ਰਕਾਸ਼ ਹੀ ਦੇਖਿਆ ਜਾ ਸਕਦਾ ਹੈ। ਉਹ ਭਰਮਿਤ ਕਰ ਰਹੇ ਹਨ ਉਹਨਾਂ ਨੂੰ ਕੋਈ ਗਿਆਨ ਨਹੀਂ ਹੈ। ਉਹਨਾਂ ਨੂੰ ਪਰਮਾਤਮਾ ਪ੍ਰਾਪਤੀ ਵੀ ਨਹੀਂ ਹੋਈ ਹੈ। ਉਹਨਾਂ ਤੋਂ ਕੋਈ ਪੁੱਛੇ ਤੁਸੀਂ ਕਹਿੰਦੇ ਹੋ ਕਿ ਸਤਪੁਰਸ਼ (ਅਵਿਨਾਸ਼ੀ ਪਰਮੇਸ਼ਵਰ) ਦਾ ਕੇਵਲ ਪ੍ਰਕਾਸ਼ ਦੇਖਿਆ ਜਾ ਸਕਦਾ ਹੈ ਕਿਉਂਕਿ ਸਤਪੁਰਸ਼ (ਸੱਚਾ ਪਰਮੇਸ਼ਵਰ) ਤਾਂ ਨਿਰਾਕਾਰ ਹੈ। ਜਿਵੇਂ ਕੋਈ ਅੰਧਾ ਕਹੇ ਕਿ ਸੂਰਜ ਤਾਂ ਨਿਰਾਕਾਰ ਹੈ ਉਸ ਦਾ ਕੇਵਲ ਪ੍ਰਕਾਸ਼ ਹੀ ਦੇਖਿਆ ਜਾ ਸਕਦਾ ਹੈ। ਸੂਰਜ ਬਿਨਾਂ ਪ੍ਰਕਾਸ਼ ਕਿਸ ਦਾ ਦੇਖਿਆ? ਜਦੋਂ ਸੂਰਜ ਨਿਰਾਕਾਰ ਹੈ ਤਾਂ ਪ੍ਰਕਾਸ਼ ਕਾਹਦਾ? ਇਸੇ ਪ੍ਰਕਾਰ ਜੋ ਗਿਆਨ ਅੰਨ੍ਹੇ ਸੰਤ, ਰਿਸ਼ੀ ਮਹਾਂਰਿਸ਼ੀ ਪਰਮਾਤਮਾ ਨੂੰ ਨਿਰਾਕਾਰ ਕਹਿੰਦੇ ਹਨ ਅਤੇ ਪਰਮਾਤਮਾ ਨੂੰ ਸੂਰਜ ਵਰਗਾ ਪ੍ਰਕਾਸ਼ਮਾਨ ਕਹਿੰਦੇ ਹਨ ਅਤੇ ਪਰਮਾਤਮਾ ਦਾ ਪ੍ਰਕਾਸ਼ ਦੇਖਿਆ ਕਹਿੰਦੇ ਹਨ। ਉਹ ਮੁੜਕੇ ਦੇ ਬੁਖਾਰ ਦੇ ਰੋਗੀ ਦੀ ਤਰ੍ਹਾਂ ਬੜਬੜਾ ਰਹੇ ਹਨ ਉਹਨਾਂ ਨੂੰ ਇਹ ਨਹੀਂ ਪਤਾ ਉਹ ਕੀ ਬੋਲ ਰਹੇ ਹਨ। ਉਹ ਸਾਰੇ ਕਾਲ ਬ੍ਰਹਮ ਦੇ ਦੁਆਰਾ ਭੇਜੇ ਗਏ ਮੋਹ ਮਾਇਆ ਵਰਗੇ ਭਰਮਿਤ ਕਰਨ ਵਾਲੇ ਦੂਤ ਹਨ। ਜਿਨਾਂ ਨੇ ਭੋਲੀਆਂ ਆਤਮਾਵਾਂ ਨੂੰ ਉਲਟਾ ਪਾਠ ਪੜ੍ਹਾ ਕੇ ਦਿਸ਼ਾ ਤੋਂ ਭਟਕ ਦਿੱਤਾ ਹੈ।

▶ ਪ੍ਰਸ਼ਨ :- ਧਰਮਦਾਸ ਜੀ ਨੇ ਪ੍ਰਸ਼ਨ ਕੀਤਾ ਹੇ ਬੰਦੀ ਛੋੜ ਕਬੀਰ ਪਰਮੇਸ਼ਵਰ ਜੀ ! ਰਿਸ਼ੀ ਵਸ਼ਿਸ਼ਟ ਜੀ ਦੇ ਵਿਸ਼ੇ ਵਿੱਚ ਸੁਣਿਆ ਹੈ ਉਹ ਬੜੇ ਸਹਿਨਸ਼ੀਲ ਅਤੇ ਗਿ- ਆਨੀ ਮਹਾਂਪੁਰਸ਼ ਸੀ। ਸੁਣਿਆ ਹੈ ਕਿ ਵਿਸ਼ਵਾਮਿੱਤਰ ਨੇ ਉਹਨਾਂ ਦੇ ਸੋ ਪੁੱਤਰਾਂ ਨੂੰ ਮਾਰ ਦਿੱਤਾ ਸੀ। ਫਿਰ ਵੀ ਉਹਨਾਂ ਨੇ ਸ਼ਰਾਪ ਨਹੀਂ ਦਿੱਤਾ?

ਉੱਤਰ:- ਕਬੀਰ ਪਰਮੇਸ਼ਵਰ ਨੇ ਕਿਹਾ ਹੇ ਧਰਮਦਾਸ! ਵਸ਼ਿਸ਼ਟ ਰਿਸ਼ੀ ਨੇ ਰਿਸ਼ੀ ਵਿਸ਼ਵਾਮਿੱਤਰ ਜੀ ਨੂੰ ਸ਼ਰਾਪ ਇਸ ਲਈ ਨਹੀਂ ਦਿੱਤਾ ਜੇਕਰ ਵਸ਼ਿਸ਼ਟ ਜੀ ਸ਼ਰਾਪ ਦਿੰਦੇ ਤਾਂ ਵਿਸ਼ਵਾਮਿੱਤਰ ਜੀ ਵੀ ਸ਼ਰਾਪ ਦਿੰਦੇ। ਦੋਵੇਂ ਹੀ ਸਿੱਧੀ ਪ੍ਰਾਪਤ (ਜ਼ਹਰੀਲੇ ਸੱਪ ਵਰਗੇ) ਸੀ। ਵਿਸ਼ਵਾਮਿੱਤਰ ਰਾਜਾ ਵੀ ਸੀ ਇਸ ਕਾਰਨ ਤੋਂ ਵਸਿਸ਼ਟ ਜੀ ਨੇ ਝਗੜਾ ਕਰਨ ਦੇ ਲਈ ਵੀ ਆਪਣੇ ਨੂੰ ਅਸਮੱਰਥ ਸਮਝਿਆ। ਇਸ ਕਾਰਨ ਸੰਯਮ ਅਤੇ ਅਧੀਨੀ ਨਾ.ਲ ਕੰਮ ਲਿਆ।

▶ ਸ੍ਰੀ ਵਿਸ਼ਨੂੰ ਪੁਰਾਣ ਚਤੁਰਥ ਅੰਸ਼ ਦੇ ਅਧਿਆਇ 5 ਸਲੋਕ 1ਤੋਂ 10 ਪੰਨਾ 252 ਉੱਤੇ ਲਿਖਿਆ ਹੈ ਕਿ ਰਾਜਾ ਇਕਸ਼ਵਾਕੂ ਦੇ ਨਿਮੀ ਨਾਮਕ ਪੁੱਤਰ ਨੇ ਇੱਕ ਹਜ਼ਾਰ ਸਾਲ ਤੱਕ ਚੱਲਣ ਵਾਲੇ ਯੱਗ ਕਰਨ ਦੇ ਵਿਚਾਰ ਨਾਲ ਸਾਰਾ ਸਮਾਨ ਤਿਆਰ ਕਰ ਲਿਆ। ਰਿਸ਼ੀ ਵਸ਼ਿਸ਼ਟ ਕੁੱਲ ਗੁਰੂ ਨੂੰ ਯੱਗ ਵਿੱਚ ਰਿਤਵਕ ਹੋਣ ਦੀ ਪ੍ਰਾਰਥਨਾ ਕੀਤੀ। ਰਿਸ਼ੀ ਵਸ਼ਿਸ਼ਟ ਨੇ ਕਿਹਾ ਮੈਂ ਪਹਿਲਾਂ ਪੰਜ ਸੋ ਸਾਲ ਤੱਕ ਚੱਲਣ ਵਾਲਾ ਇੰ- ਦਰ ਦਾ ਯੱਗ ਕਰਾਂਗਾ ਬਾਅਦ ਵਿੱਚ ਤੁਹਾਡਾ ਯੱਗ ਕਰਾਂਗਾ। ਇਹ ਕਹਿ ਕੇ ਵਸ਼ਿਸ਼ਟ ਰਿਸ਼ੀ ਇੰਦਰ ਦਾ ਯੱਗ ਕਰਨ ਚਲ ਗਏ। ਰਾਜਾ ਨਿਮੀ ਨੇ ਗੌਤਮ ਰਿਸ਼ੀ ਨੂੰ ਹੋਤਾ ਵਰਣ ਕਰਕੇ ਯੱਗ ਆਰੰਭ ਕੀਤਾ। ਵਸ਼ਿਸ਼ਟ ਜੀ ਇੰਦਰ ਦਾ ਯੱਗ ਕਰਕੇ ਰਾਜਾ ਨਿਮੀ ਦੇ ਘਰ ਆਇਆ ਤਾਂ ਗੌਤਮ ਰਿਸ਼ੀ ਨੂੰ ਹੋਤਾ ਦਾ ਕੰਮ ਕਰਦੇ ਦੇਖ ਆਪਣਾ ਅਪਮਾਨ ਜਾਣ ਕੇ ਰਿਸ਼ੀ ਵਸ਼ਿਸ਼ਟ ਨੇ ਰਾਜਾ ਨਿਮੀ ਨੂੰ ਸ਼ਰਾਪ ਦੇ ਦਿੱਤਾ ਕਿ ਤੇਰਾ ਸਰੀਰ ਨਸ਼ਟ ਹੋ ਜਾਵੇ ਅਰਥਾਤ ਮੌਤ ਨੂੰ ਪ੍ਰਾਪਤ ਹੋ। ਉਸ ਸਮੇਂ ਰਾਜਾ ਨਿਮੀ ਸੁੱਤੇ ਹੋਏ ਸੀ । ਰਾਜਾ

ਸੋ ਕੇ ਉੱਠਿਆ ਤਾਂ ਪਤਾ ਲੱਗਿਆ ਕਿ ਰਿਸ਼ੀ ਵਸ਼ਿਸ਼ਟ ਨੇ ਮੌਤ ਦਾ ਸ਼ਰਾਪ ਦਿੱਤਾ ਹੈ। ਮੇਰੇ ਤੋਂ ਕਾਰਣ ਜਾਣੇ ਬਿਨਾਂ ਹੀ ਸ਼ਰਾਪ ਦੇ ਦਿੱਤਾ ਹੈ ਮੈਂ ਵੀ ਇਸ ਦੁਸ਼ਟ ਗੁਰੂ ਨੂੰ ਸ਼ਰਾਪ ਦਿੰਦਾ ਹਾਂ ਰਿਸ਼ੀ ਵਸ਼ਿਸ਼ਟ ਦਾ ਸਰੀਰ ਨਸ਼ਟ ਹੋ ਜਾਵੇ। ਇਸ ਪ੍ਰਕਾਰ ਗੁਰੂ ਅਤੇ ਚੇਲੇ ਦੋਵੇਂ ਇੱਕ ਦੂਜੇ ਨੂੰ ਸ਼ਰਾਪ ਦੇ ਕੇ ਨਸ਼ਟ ਹੋ ਗਏ।

ਹੇ ਧਰਮਦਾਸ ! ਤੱਤਵ ਗਿਆਨਹੀਣ ਵਿਅਕਤੀ ਚਾਹੇ ਰਿਸ਼ੀ ਹੈ ਚਾਹੇ ਰਾਜਾ ਜਾ ਦੇਵਤਾ ਬਣਿਆ ਹੈ ਉਹ ਸਵਾਰਥ ਵਸ਼ ਕੁਝ ਵੀ ਉਪਦਵ੍ਰ ਕਰ ਸਕਦਾ ਹੈ। ਜੋ ਵਿਅਕਤੀ ਕਾਲ ਬ੍ਰਹਮ ਪ੍ਰੇਣਨਾ ਤੋਂ ਸ਼ਾਸਤਰ ਵਿਧੀ ਵਿਰੁੱਧ ਤਪੱਸਿਆ ਆਦਿ ਕਰਦੇ ਹਨ ਉਹ ਸਿੱਧੀਆਂ (ਚਮਤਕਾਰੀ ਸ਼ਕਤੀਆਂ) ਪ੍ਰਾਪਤ ਕਰ ਲੈਂਦੇ ਹਨ। ਸਿੱਧੀ ਪ੍ਰਾਪਤ ਪ੍ਰਾਣੀ ਜ਼ਹਿਰੀਲੇ ਸੱਪ ਵਰਗੇ ਹੁੰਦੇ ਹਨ। ਥੋੜ੍ਹੇ ਜਿਹੇ ਹੀ ਕਾਰਣ ਤੋਂ ਸ਼ਰਾਪ ਰੂਪੀ ਡੰਗ ਮਾਰ ਦਿੰਦੇ ਹਨ। ਰਾਜਾ ਨਿਮੀ ਪਿੱਛਲੇ ਜਨਮ ਦੀ ਭਗਤੀ ਤਪੱਸਿਆ ਤੋਂ ਸਿੱਧੀ ਲਏ ਸੀ। ਰਿਸ਼ੀ ਵਸ਼ਿਸ਼ਟ ਪਿੱਛਲੇ ਜਨਮ ਅਤੇ ਇਸ ਜਨਮ ਦੀ ਭਗਤੀ ਤਪੱਸਿਆ ਤੋਂ ਸਿੱਧੀ ਪ੍ਰਾਪਤ ਸੀ। ਰਿਸ਼ੀ ਵਸ਼ਿਸ਼ਟ ਦੀ ਆਤਮਾ ਮਿੱਤਰਾ ਵਰੁਣ ਦੇ ਸਰੀਰ ਵਿੱਚ ਵੀਰਜ ਵਿੱਚ ਪ੍ਰਵੇਸ਼ ਕਰ ਗਈ। ਇੱਕ ਦਿਨ ਇੱਕ ਉਰਵਸ਼ੀ ਨੂੰ ਦੇਖਣ ਤੋਂ ਉਹਨਾਂ ਦਾ (ਮਿੱਤਰਾ ਵਰੁਣ) ਦਾ ਵੀਰਜ ਨਿਕਲ ਗਿਆ। ਉਸ ਤੋਂ ਵਸਿਸ਼ਟ ਰਿਸ਼ੀ ਨੂੰ ਦੁਬਾਰਾ ਸਰੀਰ ਪ੍ਰਾਪਤ ਹੋਇਆ।

ਨੋਟ :- ਦੇਵੀ ਪੁਰਾਣ ਵਿੱਚ ਮਿੱਤਰਾ-ਵਰੁਣ ਦੋ ਰਿਸ਼ੀ ਲਿਖੇ ਹਨ। ਇਕ ਉਰਵਸ਼ੀ ਨੂੰ ਦੇਖ ਕੇ ਦੋਨਾਂ ਦਾ ਵੀਰਜ ਨਿਕਲ ਗਿਆ ਦੋਵਾਂ ਨੇ ਵਾਰੀ-ਵਾਰੀ ਉੱਠ ਕੇ ਇੱਕ ਘੜੇ ਵਿੱਚ ਵੀਰਜ ਤਿਆਗ ਕੀਤਾ। ਉੱਥੇ ਦੋ ਲੜਕੇ ਉਤਪੰਨ ਹੋਏ ਇੱਕ ਅਗਸਤ ਰਿਸ਼ੀ ਹੋਏ ਅਤੇ ਦੂਜਾ ਵਸ਼ਿਸ਼ਟ ਹੋਇਆ ਦੁਬਾਰਾ ਮਾਨਵ ਸਰੀਰ ਪ੍ਰਾਪਤ ਹੋਇਆ।

ਇਸ ਲਈ ਹੇ ਧਰਮਦਾਸ! ਪੂਰਣ ਸੰਤ ਦਾ ਮਿਲਣਾ ਅਤਿ ਦੁਰਲੱਭ ਹੈ।

ਗਰੀਬ, ਗੋਰਖ ਸੇ ਗਿਆਨੀ ਘਨੇ, ਸੁਖਦੇਵ ਜਤਿ ਜਿਹਾਨ। ਸੀਤਾ ਸੀ ਬਹੁ ਭਾਰਜਾ, ਸੰਤ ਦੂਰ ਅਸਥਾਨ।
ਕੋਟਯੋਂ ਮਧਯ ਕੋਈ ਨਹੀਂ ਰੈ ਝੁਮਕਰਾ, ਅਰਬੋਂ ਮੈਂ ਕੋਈ ਗਰਕ ਸੁਨੋ ਰਾਈ ਝੁਮਕਰਾ।

ਭਾਵਅਰਥ:- ਗੋਰਖ ਨਾਥ ਜਿਹੇ ਗਿਆਨੀ ਬਹੁਤ ਮਿਲ ਜਾਣਗੇ, (ਕਬੀਰ ਪਰਮੇਸ਼ਵਰ ਜੀ ਦੀ ਸ਼ਰਨ ਵਿੱਚ ਆਉਣ ਤੋਂ ਬਾਅਦ ਸ੍ਰੀ ਗੋਰਖ ਨਾਥ ਜੀ ਨੂੰ ਕੁਝ ਗਿਆਨ ਪ੍ਰਾਪਤ ਹੋ ਗਿਆ ਸੀ) ਸੁਖਦੇਵ ਰਿਸ਼ੀ ਜਿਹੇ ਯਤਿ (ਯਤਿ ਪੁਰਸ਼) ਵੀ ਬਹੁਤ ਸੰਖਿਆ ਵਿੱਚ ਮਿਲ ਜਾਣਗੇ, ਸੀਤਾ ਵਰਗੀ ਸੁਸ਼ੀਲ ਪਤਨੀ ਵੀ ਬਹੁਤ ਸੰਖਿਆ ਵਿੱਚ ਮਿਲ ਜਾਵੇਗੀ ਪਰ ਪੂਰਣ ਸੰਤ ਦਾ ਮਿਲਣਾ ਅਤੀ ਦੁਰਲੱਭ ਹੈ।

ਪੂਰਣ ਸੰਤ ਕਰੋੜਾਂ ਸੰਤਾਂ ਵਿੱਚ ਵੀ ਨਹੀਂ ਮਿਲੇਗਾ। ਹੋਰਾਂ ਨੂੰ ਭੋਲੀ ਜਨਤਾ ਸੰਤ ਕਹਿੰਦੀ ਹੈ ਪਰ ਉਹਨਾਂ ਨਕਲੀ ਅਰਬਾਂ ਸੰਤਾਂ ਵਿੱਚ ਕੋਈ ਪੂਰਣ ਸੰਤ ਮਿਲੇਗਾ। ਧਰਮ ਦਾਸ ਨੇ ਕਿਹਾ ਹੇ ਬੰਦੀ ਛੋੜ ਕਬੀਰ ਪਰਮੇਸ਼ਵਰ! ਤੁਸੀਂ ਤਾਂ ਮੇਰੇ ਅਗਿਆਨ ਰੂਪੀ ਮੋਤੀਆ ਬਿੰਦ ਨੂੰ ਖ਼ਤਮ ਕਰ ਦਿੱਤਾ। ਤੁਹਾਡਾ ਦਾਸ ਮਹਾਂ ਅਗਿਆਨੀ ਸੀ। ਤੁਸੀਂ ਇਸ ਦਾਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਹੇ ਪ੍ਰਭੂ ਸਾਰੇ ਸੰਸਾਰ ਨੂੰ ਅਗਿਆਨ ਰੂਪੀ ਮੋਤੀਆ ਬਿੰਦ ਹੋਇਆ ਹੈ। ਤੁਹਾਡੇ ਤੋਂ ਇਲਾਵਾ ਇਸ ਤਰ੍ਹਾਂ ਦਾ ਨਿਰਣਾਇਕ ਗਿਆਨ ਕਿਸੇ ਨੇ ਨਹੀਂ ਦੱਸਿਆ।ਪਰਮੇਸ਼ਵਰ ਕਬੀਰ ਜੀ ਬੋਲੇ ਧਰਮ ਦਾਸ! ਕਿਸੇ ਨੂੰ ਪਤਾ ਵੀ ਨਹੀਂ, ਦੱਸੇਗਾ ਕੌਣ? ਆਪਣੀ ਮਹਿਮਾ ਦੱਸਣ ਲਈ ਮੈਂ ਆਪ ਹੀ ਆਉਂਦਾ ਹਾਂ।

ਸ਼ਬਦ :- ਮੇਰੇ ਸਾਧੋ ਭਾਈ ਮੋਹੇ ਸਬ ਜਗ ਭੁਲਾ ਪਾਯਾ (ਟੇਕ)
ਇਸੀ ਭੂਲ ਮੇਂ ਬ੍ਰਹਮਾ ਭੂਲਾ ਜਿਸਨੇ ਵੇਦ ਸਰਸਾਯਾ।
ਬੇਦ ਪੜ ਕਰ ਪੰਡਿਤ ਭੂਲਾ,ਮਰਮ ਭੇਦ ਨਾ ਪਾਯਾ। (1)

ਇਸੀ ਭੂਲ ਮੇ ਵਿਸ਼ਨੂੰ ਭੂਲਾ, ਜਿਸ ਨੇ ਵੈਸ਼ਣਵ ਧਰਮ ਚਲਾਯਾ।
ਤੀਰਥ ਵਰਤ ਕਾ ਬਾਂਧ ਮਹਾਤਮ, ਬਹੁਵਿਧ ਜੀਵ ਫੰਸਾਯਾ। (2)
ਇਸੀ ਭੂਲ ਮੇਂ ਸ਼ੰਕਰ ਭੂਲੇ ਜਿਸਨੇ ਭਿਕਸ਼ੁਕ ਪੰਥ ਬਨਾਯਾ।
ਸਿਰ ਪਰ ਜਟਾ ਹਾਥ ਮੇਂ ਖੱਪਰ ਘਰ -ਘਰ ਅਲਖ ਜਗਾਯਾ।(3)
ਇਸੀ ਭੂਲ ਮੇਂ ਰਭੂਲੇ ਮੁਹੱਮਦ ਜਿਸਨੇ ਨਯਾਰਾ ਧਰਮ ਚਲਾਯਾ।
ਪਰਤ੍ਰਿਯਾ ਸੰਗ ਫਿਰਾ ਭਟਕਤਾ ਲਿੰਗ ਔਰ ਮੂਛ ਕਟਾਯਾ।(4)
ਇਸੀ ਭੂਲ ਮੇਂ ਭੂਲੇ ਮਛੰਦਰ, ਜਿਸਨੇ ਸਿੰਗਲ ਦੀਪ ਬਸਾਯਾ।
ਵਿਸ਼ਯ ਵਾਸਨਾ ਕੇਵਸ਼ ਹੋਕਰ ਅਪਨਾ ਯੋਗ ਨਸ਼ਾਯਾ। (5)
ਕਹ ਕਬੀਰ ਸੁਨੋ ਧਰਮਦਾਸਾ ਇਸ ਭੂਲ ਕਾ ਭੇਦ ਹਾਥ ਨਾ ਆਯਾ।
ਜਿਸ ਕੋ ਮਿਲ ਗਯਾ ਭੇਦ ਭੂਲ ਕਾ ਵਹ ਗਰਭਵਾਸ ਨਹੀ ਆਯਾ। (6)

**ਉਪਰੋਕਤ ਸ਼ਬਦ ਦਾ ਭਾਵ ਅਰਥ:-ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਨੇ ਆਪਣੇ ਪਿਆਰੇ ਭਗਤ ਧਰਮਦਾਸ ਜੀ ਨੂੰ ਦੱਸਿਆ ਹੇ ਧਰਮਦਾਸ ! ਜਿਸ ਸਮੇਂ ਮੈਂ ਇਸ ਕਾਲ ਬ੍ਰਹਮ ਦੇ ਲੋਕ ਵਿੱਚ ਆਇਆ ਤਾਂ ਸਾਰਾ ਸੰਸਾਰ ਤੱਤਵ ਗਿਆਨ ਤੋਂ ਅਣਜਾਣ ਮਿਲਿਆ। ਤੱਤਵ ਗਿਆਨ ਦੇ ਨਾ ਹੋਣ ਤੇ ਵਿਸ਼ਨੂੰ ਨੇ ਆਪਣੇ ਆਪ ਨੂੰ ਸਭ ਤੋਂ ਉੱਚਾ ਪਰਮਾਤਮਾ ਮੰਨ ਕੇ ਆਪਣੇ ਮਤ ਅਨੁਸਾਰ ਸਾਧਨਾ ਦਾ ਪ੍ਰਚਾਰ ਕਰਾ ਦਿੱਤਾ। ਜਿਵੇਂ ਸੁਖਦੇਵ ਰਿਸ਼ੀ ਨੇ ਸਵਰਗ ਤੋਂ ਆ ਕੇ ਦਿੱਲੀ ਵਿੱਚ ਇੱਕ ਚਰਣਦਾਸ ਨਾਮਕ ਸੰਤ ਨੂੰ ਗਿਆਨ ਦਿੱਤਾ ਜਿਸ ਨੇ ਵੈਸ਼ਨੋ ਪੰਥ ਦਾ ਪ੍ਰਚਾਰ ਕੀਤਾ। ਚਰਣ ਦਾਸ ਪਰੰਪਰਾ ਵਿੱਚ ਇੱਕ ਗੁਮਾਨੀ ਦਾਸ ਸੰਤ ਹੋਏ ਹਨ। ਉਸ ਗੁਮਾਨੀ ਦਾਸ ਵੈਸ਼ਨੋ ਸੰਤ ਦਾ ਸ਼ਿਸ਼ ਨਿਤਾਨੰਦ (ਨੰਦਲਾਲ ਤਹਿਸੀਲਦਾਰ) ਹੋਏ ਹਨ ਜਿਸ ਦਾ ਪਿੰਡ ਮਾਜਰਾ, ਬਿਗੋਵਾ, ਬਾਸ ਦੀ ਸੀਮਾ ਉੱਤੇ ਜਟੈਲਾ ਜੋਹੜ ਨਾਮਕ ਆਸ਼ਰਮ ਪ੍ਰਸਿੱਧ ਹੈ। ਇਸ ਪ੍ਰਕਾਰ ਬ੍ਰਹਮਾ ਜੀ ਨੇ ਵੇਦਾਂ ਨੂੰ ਪੜ੍ਹਾਇਆ ਪਰ ਤੱਤਵ ਗਿਆਨ ਪ੍ਰਾਪਤ ਨਹੀਂ ਹੋਇਆ ਕੇਵਲ ਮਨਮੁੱਖੀ ਸਾਧਨਾ ਕਰਦੇ ਕਰਾਉਂਦੇ ਰਹੇ। ਇਸੇ ਪ੍ਰਕਾਰ ਸ਼ਿਵ ਨੇ ਆਪਣੇ ਸੰਦੇਸ਼ ਵਾਹਕ ਸੰਸਾਰ ਵਿੱਚ ਭੇਜ ਕੇ ਗਿਰੀ,ਪੁਰੀ,ਨਾਥ ਆਦਿ ਭਿਖਿਆ ਮੰਗ ਕੇ ਖਾਣ ਵਾਲੇ ਪੰਥ ਆਰੰਭ ਕਰ ਦਿੱਤੇ।**

**ਹਜਰਤ ਮੁਹੰਮਦ ਜੀ ਨੇ ਵੀ ਕਾਲ ਬ੍ਰਹਮ ਪ੍ਰੇਰਨਾ ਤੋਂ ਅਲੱਗ ਧਰਮ ਦੀ ਸਥਾ-ਪਨਾ ਕਰ ਦਿੱਤੀ। ਗੋਰਖ ਨਾਥ ਦੇ ਗੁਰੂ ਮਛੰਦਰ ਨਾਥ ਨੇ ਆਪਣਾ ਸਰੀਰ ਤਿਆਗ ਕੇ ਇੱਕ ਮਰੇ ਰਾਜਾ ਦੇ ਸਰੀਰ ਵਿੱਚ ਪ੍ਰਵੇਸ਼ ਕੀਤਾ। ਉਸ ਦੀ ਪਤਨੀ ਨਾਲ ਸੰਭੋਗ ਕੀਤਾ। ਉਸ ਤੋਂ ਸਿੰਗਲਦੀਪ ਵਿੱਚ ਮਛੰਦਰ ਦੇ ਜੀਵ ਦੁਆਰਾ ਰਾਜਾ ਦੇ ਸਰੀਰ ਵਿੱਚ ਉਤਪਨ ਬੱਚਿਆਂ ਦੀ ਪਰੰਪਰਾ ਚੱਲੀ। ਪਰ ਉਪਰੋਕਤ ਤੱਤਵ ਗਿਆਨ ਕਿਸੇ ਨੂੰ ਨਹੀਂ ਹੈ। ਸਾਰੇ ਕਾਲ ਬ੍ਰਹਮ ਦੀ ਪ੍ਰੇਰਨਾ ਨਾਲ ਹੀ ਭਗਤੀ ਕਿਰਿਆਵਾਂ ਕਰ ਰਹੇ ਹਨ। ਜਿਸ ਵਿਅਕਤੀ ਨੂੰ ਸੰਪੂਰਨ ਤੱਤਵ ਗਿਆਨ ਹੋ ਗਿਆ ਜੋ ਪੂਰਣ ਪਰਮਾਤਮਾ ਤੋਂ ਜਾਣੂ ਹੋ ਗਿਆ ਉਹ ਤਾਂ ਕੇਵਲ ਜਨਮ ਮਰਨ ਤੋਂ ਛੁਟਕਾਰੇ ਦੀ ਹੀ ਕੋਸ਼ਿਸ਼ ਕਰਦਾ ਹੈ। ਉਹ ਇਸ ਸੰਸਾਰ ਦੀ ਕਿਸੇ ਵਸਤੂ ਦੀ ਇੱਛਾ ਨਹੀਂ ਕਰਦਾ। ਇਹ ਹੀ ਪ੍ਰਮਾਣ ਗੀਤਾ ਅਧਿਆਇ 7 ਸ਼ਲੋਕ ਨੰਬਰ 29 ਵਿੱਚ ਹੈ ।**

## "ਪਰਮੇਸ਼ਵਰ ਦਾ ਤਿੰਨਾਂ ਯੁਗਾਂ ਵਿੱਚ ਥੋੜ੍ਹੇ ਜੀਵ ਪਾਰ ਕਰਨ ਵਚਨ ਦੇਣਾ"

**ਪ੍ਰਸ਼ਨ :- ਪਰਮਾਤਮਾ ਦਾ ਕਾਲ ਲੋਕ ਵਿੱਚ ਆਉਣਾ ਅਤੇ ਕਾਲ ਬ੍ਰਹਮ**

ਦੁਆਰਾ ਵਚਨ ਵੱਧ ਕਰਕੇ ਤਿੰਨਾਂ ਯੁਗਾਂ (ਸਤਯੁਗ, ਤ੍ਰੇਤਾ ਅਤੇ ਦੁਆਪਰ ਯੁੱਗ) ਵਿੱਚ ਥੋੜ੍ਹੇ ਹੀ ਜੀਵ ਕਾਲ ਜਾਲ ਤੋਂ ਕੱਢਣ ਅਤੇ ਕਲਯੁੱਗ ਵਿੱਚ ਜਿੰਨੇ ਚਾਹੇ ਜੀਵ ਮੁਕਤ ਕਰਾਉਣ ਦਾ ਵਰ ਪ੍ਰਾਪਤ ਕੀਤਾ। ਕੀ ਪਰਮੇਸ਼ਵਰ ਨੂੰ ਪਤਾ ਨਹੀਂ ਸੀ ਕਿ ਕਾਲ ਬ੍ਰਹਮ ਕੀ ਮੰਗਣ ਜਾ ਰਿਹਾ ਹੈ। ਜੇਕਰ ਪਰਮੇਸ਼ਵਰ ਨੂੰ ਗਿਆਨ ਨਹੀਂ ਸੀ ਤਾਂ ਸਰਵ ਗਿਆਨਵਾਨ ਨਹੀਂ ਹੋਏ। ਜੇਕਰ ਗਿਆਨ ਸੀ ਤਾਂ ਵਰ ਕਿਸ ਲਈ ਦਿੱਤਾ?

ਉੱਤਰ:- (ਲੇਖਕ ਦੁਆਰਾ) ਸਤਯੁੱਗ ਵਿੱਚ ਮਹਾਂ ਪੁੰਨਆਤਮਾਵਾਂ ਦਾ ਜਨਮ ਹੁੰਦਾ ਹੈ। ਧਰਤੀ ਪੂਰਣ ਰੂਪ ਤੋਂ ਪ੍ਰਦੂਸ਼ਣ ਮੁਕਤ ਹੁੰਦੀ ਹੈ। ਫ਼ਲਦਾਰ ਰੁੱਖਾਂ ਦੀ ਭਰਮਾਰ ਹੁੰਦੀ ਹੈ। ਜਿਆਦਾ ਜੰਗਲ ਹੋਣ ਦੇ ਕਾਰਣ ਆਕਸੀਜਨ ਦੀ ਅਧਿਕ ਮਾਤਰਾ ਵਾਲੀ ਹਵਾ ਚਲਦੀ ਹੈ ਮਨੁੱਖੀ ਸਰੀਰ ਬਹੁਤ ਤੰਦਰੁਸਤ ਰਹਿੰਦਾ ਹੈ। ਮਨੁੱਖ ਦੀ ਉਮਰ ਸਤਯੁੱਗ ਦੇ ਸ਼ੁਰੂ ਵਿੱਚ ਲੱਖਾਂ ਸਾਲਾਂ ਦੀ ਹੁੰਦੀ ਹੈ ।ਆਪਸੀ ਭਾਈਚਾਰਾ, ਪ੍ਰੇਮ, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਮੰਨਣਾ। ਉਸ ਸਮੇਂ ਦੇ ਮਾਨਵ ਦਾ ਸੁਭਾਅ ਹੁੰਦਾ ਹੈ। ਚੋਰ, ਡਾਕੂ, ਪਰਇਸਤਰੀ ਗਮਨ ਕਰਨ ਵਾਲੇ ਨਾਂ ਮਾਤਰ ਹੀ ਸਤਯੁੱਗ ਦੇ ਅੰਤ ਵਿੱਚ ਹੁੰਦੇ ਹਨ। ਔਰਤ ਤੋਂ ਪਹਿਲਾਂ ਪਤੀ ਦੀ ਮੌਤ ਸਤਯੁੱਗ ਵਿੱਚ ਨਹੀਂ ਹੁੰਦੀ। ਪਿਤਾ ਤੋਂ ਪਹਿਲਾਂ ਪੁੱਤਰ ਦੀ ਮੌਤ ਨਹੀਂ ਹੁੰਦੀ। ਸਾਰਾ ਮਾਨਵ ਸਮਾਜ ਪਰਮਾਤਮਾ ਤੋਂ ਡਰਣ ਵਾਲਾ, ਪਾਪ- ਪੁਨ 'ਤੇ ਗਹਿਰੇ ਵਿਚਾਰ ਕਰਕੇ ਕੰਮ ਕਰਨ ਵਾਲਾ ਹੁੰਦਾ ਹੈ ਅਤੇ ਜ਼ਿਆਦਾ ਸਮਾਂ ਪਰਮਾਤਮਾ ਦੇ ਭਜਨ- ਸਿਮਰਨ ਅਤੇ ਵੇਦਾਂ ਦੇ ਅਧਿਐਨ ਵਿੱਚ ਹੀ ਬਤੀਤ ਕਰਦਾ ਹੈ। ਪਿਛਲੇ ਜਨਮਾਂ ਵਿੱਚ ਕੀਤੇ ਭਗਤੀ ਅਭਿਆਸ ਨਾਲ ਹਰੇਕ ਵਿਅਕਤੀ (ਔਰਤ ਤੇ ਪੁਰਸ਼) ਸਮਾਧਿਸਥ ਹੁੰਦਾ ਹੈ।ਕਈ ਸਾਲਾਂ ਤੱਕ ਬਿਨਾਂ ਖਾਧੇ - ਪੀਤੇ ਵੀ ਸਮਾਧੀ ਦੁਆਰਾ ਉੱਪਰ ਦੇ ਲੋਕਾਂ ਦੇ ਦ੍ਰਿਸ਼ ਇੱਥੇ ਬੈਠੇ ਦੇਖਦੇ ਰਹਿੰਦੇ ਹਨ। ਨਾਮ ਦਾ ਜਾਪ ਨਾ ਕਰਕੇ ਜ਼ਿਆਦਾ ਸਮਾਂ ਸਮਾਧੀ ਵਿੱਚ ਬਤੀਤ ਕਰਦੇ ਹਨ। ਜਿਸ ਕਾਰਣ ਤੋਂ ਉਹਨਾਂ ਨੂੰ ਤਪੱਸਿਆ ਦਾ ਫ਼ਲ ਪ੍ਰਾਪਤ ਹੁੰਦਾ ਹੈ। ਤਪ ਤੋਂ ਰਾਜ ਪ੍ਰਾਪਤ ਹੁੰਦਾ ਹੈ। ਰਾਜ ਭੋਗ ਕੇ ਫਿਰ ਨਰਕ ਨੂੰ ਉਹ ਵਿਅਕਤੀ ਪ੍ਰਾਪਤ ਹੁੰਦਾ ਹੈ। ਇਹ ਕਾਲ ਬ੍ਰਹਮ ਦੇ ਜਾਲ ਦਾ ਸੁਨਿਯੋਜਿਤ ਚੱਕਰ ਹੈ। ਜੋ ਵਿਅਕਤੀ ਧਰਤੀ ਉੱਤੇ ਬੈਠਾ ਸਵਰਗ ਲੋਕ ਦੇ ਨਾਚ ਦੇਖ ਲੈਂਦਾ ਹੈ ਜੋ ਧਰਮਰਾਜ ਦੇ ਦਰਬਾਰ ਤੋਂ ਵੀ ਹੋਰ ਸੂਚਨਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਵਿਅਕਤੀ ਆਪਣੀ ਸਾਧਨਾ ਨੂੰ ਸਭ ਤੋਂ ਉੱਤਮ ਮੰਨ ਬੈਠਦਾ ਹੈ। ਅਜਿਹੀ ਸਥਿਤੀ ਸਤਯੁੱਗ ਦੇ ਆਰੰਭ ਵਿੱਚ ਹਰੇਕ ਮਨੁੱਖ ਦੀ ਹੁੰਦੀ ਹੈ ਉਹਨਾਂ ਵਿੱਚ ਸਿੱਧੀਆਂ ਵੀ ਹੋਰ ਯੁੱਗਾਂ ਦੇ ਪ੍ਰਾਣੀਆਂ ਤੋਂ ਵਧੇਰੇ ਹੁੰਦੀਆਂ ਹਨ। ਇਸ ਕਾਰਣ ਤੋਂ ਤੱਤਵ ਗਿਆਨ ਨੂੰ ਗ੍ਰਹਿਣ ਨਹੀਂ ਕਰਦੇ।

ਤ੍ਰੇਤਾ ਯੁੱਗ ਵਿੱਚ ਜਨਮੇ ਪ੍ਰਾਣੀ ਸਤਯੁੱਗ ਦੇ ਪ੍ਰਾਣੀਆਂ ਤੋਂ ਘੱਟ ਪੁੰਨ ਵਾਨ ਹੁੰਦੇ ਹਨ। ਤ੍ਰੇਤਾ ਯੁੱਗ ਵਿੱਚ ਸਾਰਾ ਮਨੁੱਖੀ ਸਮਾਜ ਪਰਮਾਤਮਾ ਤੋਂ ਡਰਣ ਵਾਲਾ ਭਗਤੀ ਕਰਨ ਵਾਲਾ ਹੁੰਦਾ ਹੈ। ਭਗਤੀ ਸ਼ਕਤੀ ਅਤੇ ਸਿੱਧੀਆਂ ਵੀ ਬਹੁਤ ਵਿਅਕਤੀਆਂ ਵਿੱਚ ਹੁੰਦੀਆਂ ਹਨ। ਤ੍ਰੇਤਾ ਯੁੱਗ ਦੇ ਆਰੰਭ ਵਿੱਚ ਮਨੁੱਖ ਦੀ ਉਮਰ 10 ਹਜ਼ਾਰ ਸਾਲ ਹੁੰਦੀ ਹੈ।ਪਰਮਾਤਮਾ ਦੀ ਭਗਤੀ ਕਰਨ ਵਿੱਚ ਪੂਰਣ ਵਿਸ਼ਵਾਸ ਕਰਦੇ ਹਨ । ਇਸ ਯੁੱਗ ਵਿੱਚ ਵੀ ਪ੍ਰਾਣੀ ਜਿਆਦਾ ਦੁੱਖੀ ਨਹੀਂ ਹੁੰਦੇ ਪਰ ਤ੍ਰੇਤਾ ਯੁੱਗ ਵਿੱਚ ਮਾਨਵਤਾ ਵਿੱਚ ਕੁਝ ਗਿਰਾਵਟ ਆ ਜਾਂਦੀ ਹੈ ਆਪਣੀ ਸਾਧਨਾ ਉੱਤੇ ਦ੍ਰਿੜ ਰਹਿੰਦੇ ਹਨ । ਜੋ ਸਾਧਨਾ ਕਰਦੇ ਹਨ ਉਸ ਤੋਂ ਹੀ ਮੰਨਦੇ ਹਨ ਕਿ ਸਾਨੂੰ ਲਾਭ ਹੋ ਰਿਹਾ ਹੈ । ਅਸਲ ਵਿੱਚ ਉਹ ਲਾਭ ਪਿਛਲੇ ਜਨਮਾਂ ਦੇ ਪੁੰਨਾਂ ਦੇ ਸੰਯੋਗ ਤੋਂ ਹੁੰਦਾ ਹੈ ਉਹ ਮੰਨ ਲੈਂਦੇ ਹਨ ਕਿ ਜੋ ਸਾਧਨਾ ਅਸੀਂ ਕਰ ਰਹੇ ਹਾਂ ਇਹ ਸੁੱਖ ਇਸੇ ਦਾ ਪ੍ਰਤੀਫਲ ਹੈ।

ਉਦਾਹਰਣ :–ਸੰਤ ਰਾਮਪਾਲ ਜੀ ਮਹਾਰਾਜ ਨੇ ਦੱਸਿਆ ਕਿ ਪਹਿਲਾਂ ਮੈਂ ਸਾਰੀ ਸਾਧਨਾ ਸ਼ਾਸਤਰ ਵਿਧੀ ਦੇ ਵਿਰੁੱਧ ਕਰਦਾ ਸੀ। ਪਰ ਜੋ ਲਾਭ ਹੁੰਦਾ ਤਾਂ ਮੰਨਦਾ ਸੀ ਕਿ ਇਸੇ ਭਗਤੀ ਦੇ ਪ੍ਰਤੀਫਲ ਤੋਂ ਹੋ ਰਿਹਾ ਹੈ। ਜਿਵੇਂ ਪ੍ਰੀਖਿਆ ਵਿੱਚ ਪਾਸ ਹੋਣਾ, ਲੜਕੇ ਦਾ ਜਨਮ ਹੋਣਾ ,ਨੌਕਰੀ ਮਿਲਣਾ ਆਦਿ ਨੂੰ ਆਪਣੀ ਭਗਤੀ ਸਾਧਨਾ ਦੇ ਪ੍ਰਤਿਫਲ ਹੀ ਮੰਨਦਾ ਸੀ। ਹੁਣ ਤੱਤਵ ਗਿਆਨ ਦੀ ਪ੍ਰਾਪਤੀ ਹੋਣ ਤੋਂ ਬਾਅਦ ਪਤਾ ਚੱਲਿਆ ਕਿ ਜੋ ਭਗਤੀ ਕਰਦਾ ਸੀ ਉਸ ਤੋਂ ਕੋਈ ਲਾਭ ਹੋਣ ਵਾਲਾ ਨਹੀਂ ਸੀ। ਇਸ ਕਾਰਨ ਤੋਂ ਤ੍ਰੇਤਾ ਯੁੱਗ ਦੇ ਪ੍ਰਾਣੀ ਵੀ ਤੱਤਵ ਗਿਆਨ ਗ੍ਰਹਿਣ ਨਹੀਂ ਕਰਦੇ ਹਨ । ਫਿਰ ਵੀ ਕੁੱਲ ਸੰਖਿਆ ਤੱਤਵ ਗਿਆਨ ਗ੍ਰਹਿਣ ਕਰਨ ਵਾਲਿਆਂ ਦੀ ਬਹੁਤ ਘੱਟ ਹੁੰਦੀ ਹੈ। ਦਵਾਪਰ ਯੁੱਗ ਵਿੱਚ ਮਨੁੱਖ ਤ੍ਰੇਤਾ ਯੁਗ ਤੋਂ ਵੀ ਘੱਟ ਪੁੰਨ ਯੁਕਤ ਹੁੰਦੇ ਹਨ। ਵਿਕਾਰੀ ਵੀ ਵਧੇਰੇ ਹੋ ਜਾਂਦੇ ਹਨ। ਪਰਮਾਤਮਾ ਦੀ ਭਗਤੀ ਕਰਨ ਵਿੱਚ ਵਿਸ਼ਵਾਸ ਤਾਂ ਰੱਖਦੇ ਹਨ ਪਰ ਵਿਲਾਸ ਦੇ ਸਾਰੇ ਸਾਧਨਾ ਦਾ ਪ੍ਰਯੋਗ ਕਰਦੇ ਹਨ । ਜਿਵੇਂ ਬਹੁਤ ਪਤਨੀਆਂ, ਜੂਆ ਖੇਡਣਾ, ਸ਼ਰਾਬ ਪੀਣਾ, ਆਦਿ ਵਿਕਾਰ ਕੁਝ ਵਿਅਕਤੀ ਆਰੰਭ ਕਰ ਦਿੰਦੇ ਹਨ।

ਉਪਰੋਕਤ ਯੁਗਾਂ ਦੀ ਤਰ੍ਹਾਂ ਹੀ ਦਵਾਪਰ ਯੁੱਗ ਵਿੱਚ ਵੀ ਸਾਧਕ ਆਪਣੀ ਸਾਧਨਾ ਜੋ ਸ਼ਾਸਤਰ ਵਿਰੁੱਧ ਹੁੰਦੀ ਹੈ ਨੂੰ ਲਾਭਦਾਇਕ ਮੰਨ ਕੇ ਕਰਦੇ ਰਹਿੰਦੇ ਹਨ ਪਰੰਤੂ ਅਸਲ ਵਿੱਚ ਉਹ ਪਾਪ ਨਾਸ਼ਕ, ਕਸ਼ਟ ਨਿਵਾਰਕ ਨਹੀਂ ਹੁੰਦੀ । ਜਿਵੇਂ ਤੁਸੀਂ ਪਹਿਲਾਂ ਉਸ ਲੇਖ ਵਿੱਚ ਪੜ੍ਹਿਆ ਕਿ ਸ਼੍ਰੀ ਕ੍ਰਿਸ਼ਨ ਜੀ ਨੇ ਪਾਂਡਵਾਂ ਨੂੰ ਜੋ ਕਸ਼ਟ ਨਿ–ਵਾਰਕ (ਪਾਪ ਕਰਮ ਨਸ਼ਟ ਕਰਨ ਵਾਲੀ) ਭਗਤੀ ਵਿਧੀ ਦੱਸੀ ਸੀ ਉਹ ਕੋਈ ਕੰਮ ਨਹੀਂ ਆਈ। ਦੁਆਪਰ ਯੁੱਗ ਵਿੱਚ ਵੀ ਵਿਅਕਤੀ ਤੱਤਵ ਗਿਆਨ ਨੂੰ ਬਹੁਤ ਹੀ ਘੱਟ ਗ੍ਰਹਿਣ ਕਰਦੇ ਹਨ। ਪਰ ਉਪਰੋਕਤ ਦੋਵਾਂ ਯੁੱਗਾਂ ਤੋਂ ਅਧਿਕ ਮਾਤਰਾ ਵਿੱਚ ਤੱਤਵ ਗਿਆਨ ਗ੍ਰਹਿਣ ਕਰਦੇ ਹਨ। ਫਿਰ ਵੀ ਵਿਚਕਾਰ ਹੀ ਭਟਕ ਜਾਂਦੇ ਹਨ ਕਿਉ–ਂਕਿ ਸ਼ਾਸਤਰ ਵਿਰੁੱਧ ਸਾਧਨਾ ਕਰਨ ਵਾਲੇ ਜ਼ਿਆਦਾ ਮਾਤਰਾ ਵਿੱਚ ਹੁੰਦੇ ਹਨ।ਇਸ ਕਾਰਣ ਤੋਂ ਸੱਚੀ ਸਾਧਨਾ ਕਰਨ ਵਾਲੇ ਆਪਣਾ ਵਿਸ਼ਵਾਸ ਗੁਆ ਬੈਠਦੇ ਹਨ । ਸੱਚੀ ਸਾਧਨ ਕੁਝ ਸਾਲ ਕਰਕੇ ਤਿਆਗ ਦਿੰਦੇ ਹਨ। ਦੋ– ਚਾਰ ਪ੍ਰਾਣੀ ਹੀ ਪੂਰੀ ਉਮਰ ਵਿਸ਼ਵਾਸ ਦੇ ਨਾਲ ਲੱਗੇ ਰਹਿੰਦੇ ਹਨ ਅਤੇ ਮੁਕਤੀ ਪ੍ਰਾਪਤ ਕਰਦੇ ਹਨ ।ਦਵਾਪਰ ਯੁੱਗ ਦੇ ਸ਼ੁਰੂ ਵਿੱਚ ਮਨੁੱਖ ਦੀ ਉਮਰ ਇੱਕ ਹਜ਼ਾਰ ਸਾਲ ਹੁੰਦੀ ਹੈ। ਕਲਯੁੱਗ ਵਿੱਚ ਵੀ ਸਾਰੇ ਪਰਮਾਤਮਾ ਨੂੰ ਮੰਨਣ ਵਾਲੇ ਹੁੰਦੇ ਹਨ । ਕਾਲ ਬ੍ਰਹਮ ਆਪਣੇ ਭਗਤੀ ਗਿਆਨ ਦੂਤ ਭੇਜ ਕੇ ਕਈ ਪ੍ਰਕਾਰ ਦੇ ਧਰਮਾਂ ਦਾ ਉੱਥਾਨ ਕਰਾ ਦਿੰਦਾ ਹੈ ।

ਸਾਰੇ ਧਰਮਾਂ ਦੇ ਸ਼ਰਧਾਲੂ ਆਪਣੇ–ਆਪਣੇ ਧਰਮ ਦੇ ਧਾਰਮਿਕ ਕੰਮਾਂ ਨੂੰ ਚੰਗਾ ਮੰਨ ਕੇ ਦੂਜਿਆਂ ਦੇ ਧਾਰਮਿਕ ਕੰਮਾਂ ਵਿੱਚ ਦੋਸ਼ ਕੱਢਦੇ ਰਹਿੰਦੇ ਹਨ। ਆਪਸੀ ਝਗੜੇ ਵੀ ਧਰਮ ਦੇ ਕਾਰਣ ਕਰਕੇ ਸਮਾਜ ਵਿੱਚ ਅਸ਼ਾਂਤੀ ਫੈਲਾਉਂਦੇ ਰਹਿੰਦੇ ਹਨ। ਕਲਯੁੱਗ ਵਿੱਚ ਜਿੰਨਾਂ ਪ੍ਰਾਣੀਆਂ ਦਾ ਜਨਮ ਹੁੰਦਾ ਹੈ ਉਹ ਸਤਯੁੱਗ, ਤ੍ਰੇਤਾ, ਦਵਾਪਰ ਯੁੱਗ ਵਿੱਚ ਆਪਣੀ ਪੁੰਨ ਕਮਾਈ ਨੂੰ ਖ਼ਤਮ ਕਰਕੇ ਪੁੰਨ ਹੀਣ ਹੋ ਜਾਂਦੇ ਹਨ । ਮੁਸੀਬਤਾਂ ਪੈਰ– ਪੈਰ ਉੱਤੇ ਆਉਂਦੀਆਂ ਰਹਿੰਦੀਆਂ ਹਨ। ਸਰੀਰ ਵੀ ਕਿਸੇ ਨਾ ਕਿਸੇ ਰੋਗ ਤੋਂ ਯੁਕਤ ਹੁੰਦਾ ਹੈ। ਸਾਰਾ ਮਾਨਵ ਸਮਾਜ ਕਿਸੇ ਨਾ ਕਿਸੇ ਰੋਗ ਦੀ ਚਪੇਟ ਵਿੱਚ ਜ਼ਰੂਰ ਰਹਿੰਦਾ ਹੈ। ਜੋ ਸਾਧਨਾ ਕਲਯੁੱਗ ਦੇ ਸਾਧਕ ਕਰ ਰਹੇ ਹੁੰਦੇ ਹਨ ਉਸ ਤੋਂ ਉਹਨਾਂ ਨੂੰ ਕੋਈ ਲਾਭ ਨਹੀਂ ਹੁੰਦਾ। ਉਹਨਾਂ ਦੇ ਪਿਛਲੇ ਜਨਮਾਂ ਦੇ ਪੁੰਨ ਬਾਕੀ ਨਹੀਂ ਹੁੰਦੇ ਅਤੇ ਜੋ ਸਾਧਨਾ ਉਹ ਕਲਯੁੱਗ ਦੇ ਸ਼ਰਧਾਲੂ ਕਰਦੇ ਹਨ। ਉਹ ਸ਼ਾਸਤਰ ਵਿਧੀ ਵਿਰੁੱਧ ਹੁੰਦੀ

ਹੈ। ਜਿਸ ਕਾਰਨ ਉਹਨਾਂ ਦਾ ਕੋਈ ਕਸ਼ਟ ਨਿਵਾਰਣ ਨਹੀਂ ਹੁੰਦਾ । ਨਾ ਹੀ ਇੱਛਿਤ ਕੰਮ ਸਿੱਧ ਹੁੰਦਾ ਹੈ । ਕੁਝ ਸਮੇਂ ਬਾਅਦ ਸਾਧਕ ਦਾ ਪਰਮਾਤਮਾ ਤੋਂ ਵਿਸ਼ਵਾਸ ਉੱਠ ਜਾਂਦਾ ਹੈ । ਉਹ ਵਿਕਾਰ ਕਰਨ ਲੱਗ ਜਾਂਦਾ ਹੈ । ਚੋਰੀ, ਡਾਕੇ ਜਾਂ ਠੱਗੀ ਦਾ ਸਹਾਰਾ ਲੈ ਕੇ ਧਨੀ ਬਣਨਾ ਚਾਹੁੰਦਾ ਹੈ। ਗਲਤ ਵਿਧੀ ਨਾਲ ਧਨ ਇਕੱਠਾ ਕਰਦਾ ਹੈ ਤਾਂ ਪਾਪ ਦਾ ਭਾਗੀ ਹੋ ਜਾਂਦਾ ਹੈ। ਗਲਤ ਵਿਧੀ ਨਾਲ ਜੋੜਿਆ ਧਨ ਸਥਾਈ ਨਹੀਂ ਹੁੰਦਾ । ਭਾਗ ਤੋਂ ਜ਼ਿਆਦਾ ਪ੍ਰਾਣੀ ਰੱਖ ਨਹੀਂ ਸਕਦਾ। ਉਹ ਧਨ ਜਾਂ ਤਾਂ ਰੋਗ ਦੇ ਇਲਾਜ ਵਿੱਚ ਖਰਚ ਹੋਵੇਗਾ ਜਾਂ ਚੋਰੀ ਹੋ ਜਾਵੇਗਾ ਜਾਂ ਕੋਈ ਮਿੱਤਰ ਲੈ ਕੇ ਵਾਪਸ ਨਹੀਂ ਦੇਵੇਗਾ ਦੁਸ਼ਮਣੀ ਨੂੰ ਜਨਮ ਦੇਵੇਗਾ ਜਾਂ ਕੁੜੀ ਦੇ ਵਿਆਹ ਵਿੱਚ ਜ਼ਿਆਦਾ ਖਰਚ ਕਰਕੇ ਪ੍ਰਤਿਸ਼ਠਾ ਬਣ-ਾਵੇਗਾ । ਕਈ ਵਾਰ ਦੇਖਿਆ ਹੈ ਵਿਆਹ ਦੇ ਕੁਝ ਸਮੇਂ ਬਾਅਦ ਕੁੜੀ ਦੀ ਮੌਤ ਹੋ ਜਾਂਦੀ ਹੈ ਉਹ ਧਨ ਕਿਸੇ ਕੰਮ ਨਹੀਂ ਆਉਂਦਾ।

ਇਸ ਪ੍ਰਕਾਰ ਉਹ ਗਲਤ ਵਿਧੀ ਨਾਲ਼ ਜੋੜਿਆ ਧਨ ਤਾਂ ਰਿਹਾ ਨਹੀਂ ਜੋ ਉਸ ਧਨ ਨੂੰ ਪ੍ਰਾਪਤ ਕਰਨ ਵਿਚ ਅਪਰਾਧ ਹੋਏ ਉਹ ਬਾਕੀ ਰਹਿ ਜਾਂਦੇ ਹਨ । ਉਹਨਾਂ ਨੂੰ ਭੋਗਣ ਦੇ ਲਈ ਕੁੱਤੇ- ਗਧੇ ਦੀ ਜੂਨੀ ਪ੍ਰਾਪਤ ਹੁੰਦੀ ਹੈ। ਕੁੱਤੇ ਨੂੰ ਦੇਖਿਆ ਹੈ ਖੁਰਕ ਲੱਗੀ ਹੁੰਦੀ ਹੈ । ਸਿਰ ਵਿੱਚ ਸੱਟ ਲੱਗਣ ਨਾਲ਼ ਜ਼ਖ਼ਮ ਵਿੱਚ ਕੀੜੇ ਚੱਲ ਰਹੇ ਹੁੰਦੇ ਹਨ । ਪਿਛਲੇ ਪੈਰਾਂ ਨੂੰ ਅਧਰੰਗ ਹੋ ਜਾਂਦਾ ਹੈ । ਅਗਲੇ ਪੈਰਾਂ ਦੇ ਸਹਾਰੇ ਉਹ ਅਪਰਾਧੀ ਚੱਲਦਾ ਹੈ ਪਿਛਲੇ ਪੈਰ ਘਸੀਟ ਰਹੇ ਹੁੰਦੇ ਹਨ।

ਕਲਯੁੱਗ ਵਿੱਚ ਪੂਰਣ ਪਰਮਾਤਮਾ ਹੋਰ ਯੁੱਗਾਂ ਦੀ ਤਰ੍ਹਾਂ ਤੱਤਵਦਰਸ਼ੀ ਸੰਤ ਦੀ ਭੂਮਿਕਾ ਕਰਨ ਆਉਂਦਾ ਹੈ। ਉਹ ਸ਼ਾਸਤਰ ਵਿਧੀ ਅਨੁਸਾਰ ਸੱਚੀ ਸਾਧਨਾ ਦਾ ਗਿਆਨ ਦਿੰਦਾ ਹੈ। ਜੋ ਸ਼ਰਧਾਲੂ ਆਪਣੀ ਪਰੰਪਰਾਗਤ ਸਾਧਨਾ ਤੋਂ ਲਾਭ ਪ੍ਰਾਪਤ ਨਹੀਂ ਕਰ ਪਾਉਂਦਾ ਹੈ । ਜਦੋਂ ਉਹ ਪੂਰਨ ਪਰਮਾਤਮਾ ਦੀ ਭਗਤੀ ਤੱਤਵ ਦਰਸ਼ੀ ਸੰਤ ਦੇ ਦੱਸੇ ਅਨੁਸਾਰ ਕਰਦਾ ਹੈ ਤਾਂ ਤੁਰੰਤ ਲਾਭ ਹੁੰਦਾ ਹੈ। ਉਹ ਸ਼ਰਧਾਲੂ ਤੁਰੰਤ ਪੂਰਣ ਪਰਮਾਤਮਾ ਦੇ ਤਤਵ ਗਿਆਨ ਨੂੰ ਗ੍ਰਹਿਣ ਕਰ ਲੈਂਦਾ ਹੈ। ਇਸ ਕਾਰਨ ਨਾਲ ਕਲਯੁਗ ਵਿੱਚ ਪਰਮੇਸ਼ਵਰ ਦੇ ਮਾਰਗ ਨੂੰ ਜ਼ਿਆਦਾ ਪ੍ਰਾਣੀ ਗ੍ਰਹਿਣ ਕਰਦੇ ਹਨ ਅਤੇ ਪੂਰਣ ਮੁਕਤੀ ਪ੍ਰਾਪਤ ਕਰਦੇ ਹਨ। ਇਸ ਲਈ ਕਬੀਰ ਪਰਮੇਸ਼ਵਰ ਨੇ ਕਾਲ ਬ੍ਰਹਮ ਨੂੰ ਵਰ ਦਿੱਤਾ ਸੀ ਕਾਲ ਬ੍ਰਹਮ ਨੇ ਪ੍ਰਾਰਥਨਾ ਕੀਤੀ ਸੀ ਕਿ ਤਿੰਨਾਂ ਯੁੱਗਾਂ ਸਤਯੁਗ, ਤ੍ਰੇਤਾ ਯੁੱਗ ਦੁਆਪਰ ਯੁੱਗ ਵਿੱਚ ਥੋੜ੍ਹੇ ਜੀਵ ਪੂਰਣ ਪ੍ਰਭੂ ਦੀ ਸ਼ਰਨ ਵਿੱਚ ਜਾਣ ਕਲਯੁਗ ਵਿੱਚ ਜਿੰਨੇ ਚਾਹੇ ਉਨੇ ਪ੍ਰਾਣੀ ਆਪ ਜੀ ਦੀ (ਪੂਰਨ ਪਰਮਾਤਮਾ ਦੀ) ਸ਼ਰਨ ਵਿੱਚ ਜਾਣ ਮੈਨੂੰ ਕੋਈ ਵਿਰੋਧ ਨਹੀਂ। ਕਾਲ ਬ੍ਰਹਮ ਨੇ ਸੋਚਿਆ ਸੀ ਕਿ ਕਲਯੁੱਗ ਤੱਕ ਸਾਰੇ ਮਨੁੱਖਾਂ ਨੂੰ ਸ਼ਾਸਤਰ ਵਿਧੀ ਤਿਆਗ ਕੇ ਮਨਮਾਨਾ ਆਚਰਣ ਵਾਲੀ (ਪੂਜਾ )'ਤੇ ਬਹੁਤ ਦ੍ਰਿੜ ਕਰ ਦੇਵਾਂਗਾ। ਦੇਵੀ ਦੇਵਤਿਆਂ ਦੀ ਪੂਜਾ ਤੇ ਮੰਦਿਰ ,ਮਸਜਿਦ, ਚਰਚ, ਗੁਰਦੁਆਰੇ ਅਤੇ ਮੂਰਤੀ ਪੂਜਾ ਅਤੇ ਤੀਰਥ ਇਸ਼ਨਾਨ, ਪਿੱਤਰ ਅਤੇ ਭੂਤ ਪੂਜਾ ਆਦਿ ਉੱਤੇ ਹੀ ਅਧਾਰਿਤ ਕਰ ਦੇਵਾਂਗਾ ।

ਜਿਸ ਸਮੇਂ ਕਲਯੁੱਗ ਵਿੱਚ ਪੂਰਨ ਪਰਮਾਤਮਾ ਦਾ ਭੇਜਿਆ ਹੋਇਆ ਤੱਤ-ਵਦਰਸ਼ੀ ਸੰਤ ਆਵੇਗਾ ਉਹ ਸ਼ਾਸਤਰ ਵਿਧੀ ਅਨੁਸਾਰ ਸਾਧਨਾ ਕਰਨ ਨੂੰ ਕਹੇਗਾ। ਪਹਿਲਾਂ ਵਾਲੀ ਪੂਜਾ ਨੂੰ ਬੰਦ ਕਰਨ ਦੇ ਲਈ ਕਹੇਗਾ ਤਾਂ ਭਟਕਿਆ ਭਗਤ ਸਮਾਜ ਉਸ ਤੱਤਵਦਰਸ਼ੀ ਸੰਤ ਦੇ ਨਾਲ ਝਗੜਾ ਕਰੇਗਾ। ਇਸ ਕਾਰਨ ਨਾਲ ਕਲਯੁੱਗ ਦੇ ਕਿਸੇ ਵੀ ਪ੍ਰਾਣੀ ਨੂੰ ਪੂਰਣ ਪਰਮਾਤਮਾ ਦੇ ਤੱਤਵ ਗਿਆਨ ਦੀ ਪ੍ਰਾਪਤੀ ਨਹੀਂ ਹੋ ਪਾਵੇਗੀ ।ਉਹ

ਤੱਤਵ ਦਰਸ਼ੀ ਸੰਤ ਝੱਖਮਾਰ ਕੇ ਰਹਿ ਜਾਵੇਗਾ। ਪਰੰਤੂ ਪੂਰਣ ਪਰਮਾਤਮਾ ਨੂੰ ਗਿਆਨ ਸੀ ਕਿ ਕਲਯੁੱਗ ਦੇ ਪ੍ਰਾਣੀ ਮਹਾਂਦੁਖੀ ਹੋ ਜਾਣਗੇ। ਜੋ ਸਾਧਨਾ ਉਹ ਕਰ ਰਹੇ ਹੋਣਗੇ ਉਹ ਸ਼ਾਸਤਰ ਵਿਧੀ ਦੇ ਵਿਰੁੱਧ ਹੋਣ ਦੇ ਕਾਰਨ ਲਾਭਦਾਇਕ ਨਹੀਂ ਹੋਵੇਗੀ। ਮੇਰੇ ਦੁਆਰਾ ਜਾਂ ਮੇਰੇ ਅੰਸ (ਵੰਸ਼) ਤੱਤਵਦਰਸ਼ੀ ਸੰਤ ਦੁਆਰਾ ਦੱਸੀ ਜਾਣ ਵਾਲੀ ਸਾਧਨਾ ਤੋਂ ਉਹ ਦੁੱਖੀ ਪ੍ਰਾਣੀ ਮਹਾਂਸੁਖ ਪ੍ਰਾਪਤ ਕਰਨਗੇ। ਉਹਨਾਂ ਦੇ ਸੁੱਖਾਂ ਨੂੰ ਦੇਖ ਕੇ ਹੋਰ ਵਿਅਕਤੀ ਵੀ ਖਿੱਚੇ ਚੱਲੇ ਆਉਣਗੇ। ਉਹ ਤੱਤਵ ਗਿਆਨ ਵਿਸ਼ੇਸ਼ ਕਰ ਉਸ ਸਮੇਂ ਕਲਯੁੱਗ ਵਿੱਚ ਪ੍ਰਗਟ ਕੀਤਾ ਜਾਵੇਗਾ ਜਿਸ ਸਮੇਂ ਸਾਰੇ ਮਨੁੱਖ (ਇਸਤਰੀ- ਪੁਰਸ਼) ਪੜ੍ਹੇ ਲਿਖੇ ਹੋਣਗੇ।

ਜਿਨ੍ਹਾਂ ਸ਼ਾਸਤਰਾਂ ਨੂੰ ਆਧਾਰ ਦੱਸ ਕੇ ਉਸ ਸਮੇਂ ਦੇ ਕਾਲ ਬ੍ਰਹਮ ਦੇ ਪ੍ਰਚਾਰਕ ਉਹਨਾਂ ਸ਼ਾਸਤਰਾਂ ਦੇ ਲਿਖੇ ਉਲੇਖ ਦੇ ਉਲਟ ਦੰਤ ਕਥਾ (ਲੋਕ ਵੇਦ) ਸੁਣਾ ਰਹੇ ਹੋਣਗੇ ਤਾਂ ਤੱਤਵ ਗਿਆਨ ਨੂੰ ਜਾਣਨ ਵਾਲੇ ਪੜੇ ਲਿਖੇ ਵਿਅਕਤੀ ਉਹਨਾਂ ਗ੍ਰੰਥਾਂ (ਪੁਰਾਣਾ, ਵੇਦਾਂ ਤੇ ਗੀਤਾ ਆਦਿ ਗ੍ਰੰਥਾਂ) ਨੂੰ ਖੁਦ ਪੜ੍ਹ ਕੇ ਫੈਸਲਾ ਲੈਣਗੇ ।ਜੋ ਤੱਤਵਦਰਸ਼ੀ ਸੰਤ ਦੁਆਰਾ ਦੱਸਿਆ ਗਿਆਨ ਸਾਰੇ ਸਦ੍ਗ੍ਰੰਥਾਂ ਨਾਲ ਮਿਲਾਣ ਕਰੇਗਾ ਅਤੇ ਉਹਨਾਂ ਕਾਲ ਬ੍ਰਹਮ ਦੇ ਪ੍ਰਚਾਰਕਾਂ ਦਾ ਲੋਕ ਵੇਦ ਸਦ੍ਗ੍ਰੰਥਾਂ ਦੇ ਉਲਟ ਪਾਵੇਗਾ ਤਾਂ ਸਾਰੇ ਬੁੱਧੀਮਾਨ ਵਿਅਕਤੀ ਜਲਦੀ ਹੀ ਸ਼ਾਸਤਰ ਵਿਧੀ ਵਿਰੁੱਧ ਸਾਧਨਾ ਨੂੰ ਤਿਆਗ ਕੇ ਮੇਰੀ ਸ਼ਰਣ ਵਿੱਚ ਆਉਣ-ਗੇ ਅਤੇ ਸ਼ਾਸਤਰ ਵਿਧੀ ਅਨੁਸਾਰ ਭਗਤੀ ਗ੍ਰਹਿਣ ਕਰਕੇ ਮੁਕਤੀ ਨੂੰ ਪ੍ਰਾਪਤ ਹੋਣਗੇ। ਇਸ ਪ੍ਰਕਾਰ ਪੂਰੇ ਵਿਸ਼ਵ ਵਿੱਚ ਤੱਤਵ ਗਿਆਨ (ਕਬੀਰ ਪਰਮੇਸ਼ਵਰ ਦਾ ਗਿਆਨ) ਹੀ ਕਲਯੁੱਗ ਵਿੱਚ ਰਹੇਗਾ ਹੋਰ ਲੋਕ ਵੇਦ ਭਾਵ ਅਗਿਆਨ ਨਸ਼ਟ ਹੋ ਜਾਵੇਗਾ।

ਕਬੀਰ,ਔਰ ਗਿਆਨ ਸਬ ਗਿਆਨੜੀ ,ਕਬੀਰ ਗਿਆਨ ਸੋ ਗਿਆਨ।
ਜੈਸੇ ਗੋਲਾ ਤੋਬ ਕਾ ,ਕਰਤਾ ਚਲੇ ਮੈਦਾਨ ॥

ਉਹ ਸਮਾਂ ਵਰਤਮਾਨ ਵਿੱਚ (ਸੰਨ 2014 ਵਿੱਚ) ਚੱਲ ਰਿਹਾ ਹੈ ਤੱਤਵ ਗਿਆਨ ਦਾ ਸੂਰਜ ਚੜ੍ਹਨ ਵਾਲਾ ਹੈ। ਸੂਰਜ ਚੜ੍ਹਨ ਤੋਂ ਕੁਝ ਸਮੇਂ ਹੀ ਪਹਿਲਾਂ ਜੋ ਪ੍ਰਕਾਸ਼ ਹੁੰਦਾ ਹੈ। ਤੱਤਵ ਗਿਆਨ ਪ੍ਰਚਾਰ ਰੂਪੀ ਪ੍ਰਕਾਸ਼ ਹੋ ਚੁੱਕਿਆ ਹੈ । ਜਲਦੀ ਹੀ ਇਹ ਤੱਤਵ ਗਿਆਨ ਰੂਪੀ ਸੂਰਜ ਦਾ ਪ੍ਰਕਾਸ਼ ਵਿਸ਼ਵ ਵਿੱਚ ਫੈਲੇਗਾ। ਸਾਰਾ ਮਾਨਵ ਸਮਾਜ ਸੁੱਖੀ ਹੋਵੇਗਾ। ਆਪਸੀ ਪ੍ਰੇਮ ਵਧੇਗਾ। ਧਨ ਜੋੜਨ ਦੀ ਹਾਏ ਤੋਬਾ ਨਹੀਂ ਰਹੇਗੀ। ਸਾਰਾ ਮਾਨਵ ਸਮਾਜ ਵਿਕਾਰ ਰਹਿਤ ਹੋਵੇਗਾ। ਪੂਰਣ ਪਰਮਾਤਮਾ ਦੀ ਜੀਵਨ ਭਰ ਭਗਤੀ ਕਰਨ ਵਾਲੇ ਪੂਰਣ ਮੁਕਤੀ ਪ੍ਰਾਪਤ ਕਰਕੇ ਸਤਲੋਕ ਵਿੱਚ ਚਲੇ ਜਾਣਗੇ। ਧਰਮਦਾਸ ਜੀ ਨੂੰ ਪਰਮੇਸ਼ਵਰ ਕਬੀਰ ਬੰਦੀ ਛੋੜ ਨੇ ਦੱਸਿਆ ਹੇ ਧਰਮਦਾਸ! ਉਂਝ ਤਾਂ ਮੈਂ ਪ੍ਰਿਥਵੀ ਉੱਤੇ ਅਨੇਕਾਂ ਵਾਰ ਪ੍ਰਗਟ ਹੁੰਦਾ ਹਾਂ। ਪਰੰਤੂ ਇੱਕ ਮਾਨਵ ਵਰਗਾ ਜੀਵਨ ਧਰਤੀ ਉੱਤੇ ਰਹਿ ਕੇ ਹਰੇਕ ਯੁੱਗ ਵਿੱਚ ਤੱਤਵ ਗਿਆਨ (ਸਵਸਮ ਵੇਦ) ਨੂੰ ਪ੍ਰਗਟ ਕਰਦਾ ਹਾਂ। ਵਰਤਮਾਨ ਵਿੱਚ (ਸੰਨ 1398 ਤੋਂ ਸੰਨ 1518 ਤੱਕ ) ਵਿੱਚ ਤੱਤਵ ਗਿਆਨ ਨੂੰ ਲਿੱਪੀ ਬੱਧ ਕਰਾਉਣ ਅਤੇ ਸਮਰੱਥ ਦੀ ਸਮਰੱਥਾ ਦਾ ਪ੍ਰਮਾਣ ਦੇਣ ਦੇ ਲਈ ਨਿਵਾਸ ਕਲਯੁੱਗ ਵਿੱਚ ਕਰ ਰਿਹਾ ਹਾਂ। ਇਹ ਤੱਤਵ ਗਿਆਨ ਉਸ ਸਮੇਂ ਤੱਕ ਛੁਪਾ ਕੇ ਰੱਖਣਾ ਹੈ ਜਿਸ ਸਮੇਂ ਵਿਚਲੀ ਪੀੜ੍ਹੀ ਆਰੰਭ ਹੋਵੇਗੀ । (20ਵੀਂ ਸਦੀ ਦੇ ਵਿਚਕਾਰ ਸੰਨ 1950 ਤੋਂ ਅਤੇ ਸੰਵਤ ਅਨੁਸਾਰ 21ਵੀਂ ਸਦੀ ਦੇ ਆਰੰਭ ਤੋਂ ਹੋਵੇਗੀ ) ਉਸ ਸਮੇਂ ਮੇਰਾ ਗਿਆਨ ਪ੍ਰਚਾਰਕ ਮੇਰਾ ਅੰਸ਼ (ਵੰਸ਼) ਉਤਪੰਨ ਹੋਵੇਗਾ। ਉਸ ਦਾ ਜਨਮ 20ਵੀਂ ਸਦੀ ਦੇ ਮੱਧ ਵਿੱਚ (ਸਤੰਬਰ ਸੰਨ 1951 ਵਿੱਚ) ਹੋਵੇਗਾ ਉਸ ਵਿੱਚ ਅਤੇ ਮੇਰੇ ਵਿੱਚ ਕੋਈ ਵੀ ਭਿੰਨਤਾ ਨਹੀਂ ਹੋਵੇਗੀ । ਮੈਂ ਹਮੇਸ਼ਾ ਉਸ ਆਪਣੇ ਦਾਸ ਦੇ ਨਾ਼ਲ ਰਹਾਂਗਾ। ਜੋ ਮੇਰਾ ਹੀ ਸਰੂਪ ਹੋਵੇਗਾ । ਜੋ ਬਾਰ੍ਹਵੇਂ ਪੰਥ ਭਾਵ ਗਰੀਬਦਾਸ

ਪੰਥ ਦਾ ਅਨੁਯਾਈ ਹੋਵੇਗਾ। ਉਹ ਤੇਰਵਾਂ ਅੰਸ (ਵੰਸ਼) ਹੋਵੇਗਾ ।ਜੋ ਸਾਰੇ ਪੰਥਾਂ ਨੂੰ ਸਮ-ਾਪਤ ਕਰਕੇ ਇੱਕ ਪਰਮੇਸ਼ਵਰ (ਮੇਰਾ) ਪੰਥ ਚਲਾਵੇਗਾ । ਬਾਰ੍ਹਵੇਂ ਪੰਥ ਦੇ ਪ੍ਰਵਰਤਕ ਸੰਤ ਗਰੀਬਦਾਸ ਦੁਆਰਾ ਮੇਰੀ ਮਹਿਮਾ ਦੀ ਬਾਣੀ ਪ੍ਰਗਟ ਹੋਵੇਗੀ ਪਰੰਤੂ ਨਿਰਣਾਇਕ ਗਿਆਨ ਨਹੀਂ ਹੋਵੇਗਾ। ਉਹ ਬਾਰ੍ਹਾਂ ਪੰਥਾਂ ਦੇ ਅਨੁਯਾਈ ਮੇਰਾ ਹੀ ਗੁਣਗਾਨ ਕਰਨਗੇ ਪਰ ਤੱਤਵ ਗਿਆਨ ਦੇ ਨਾ ਹੋਣ ਨਾਲ ਅਸੰਖਾਂ ਜਨਮਾਂ ਵਿੱਚ ਵੀ ਸਥਾਈ ਸਥਾਨ ਭਾਵ ਸਤਲੋਕ ਵਿੱਚ ਵਾਸ ਨਹੀਂ ਕਰ ਸਕਣਗੇ ਤੇ ਉਹ ਕਾਲ ਪ੍ਰੇਰਿਤ ਹੋਣਗੇ।

ਧਰਮਦਾਸ ਤੋਹੇ ਲਾਖ ਦੁਹਾਈ, ਸਾਰ ਗਿਆਨ ਕਹੀਂ ਬਾਹਰ ਨ ਜਾਈ ।
ਸਾਰ ਗਿਆਨ ਤਬ ਤਕ ਛਿਪਾਈ, ਜਬ ਤਕ ਦ੍ਵਾਦਸ਼ ਪੰਥ ਨ ਮਿਟ ਜਾਈ ॥

**{ਕਬੀਰ ਸਾਗਰ, ਕਬੀਰ ਚਰਿੱਤਰ ਬੋਧ (ਬੋਧ ਸਾਗਰ) ਪੰਨਾ 1870}**

**ਉਪਰੋਕਤ ਚੌਪਈਆਂ ਦਾ ਭਾਵਅਰਥ ਹੈ ਕਿ ਕਬੀਰ ਪਰਮੇਸ਼ਵਰ ਜੀ ਆਪਣੇ ਪਿਆਰੇ ਭਗਤ ਧਰਮਦਾਸ ਜੀ ਨੂੰ ਵਿਸ਼ੇਸ਼ ਨਿਰਦੇਸ਼ ਦੇ ਰਹੇ ਹਨ ਕਿ ਹੇ ਧਰਮਦਾਸ। ਤੈਨੂੰ ਲੱਖ ਸੌਂਹੁ ਹੈ ਕਿ ਤੁਸੀਂ ਇਸ ਤੱਤਵ ਗਿਆਨ ਨੂੰ ਤੇਰੇ ਅਤੇ ਮੇਰੇ ਤੋਂ ਇਲਾਵਾ ਹੋਰ ਕਿਸੇ ਨੂੰ ਨਾ ਸਮਝਾਉਣਾ। ਇਸਨੂੰ ਲਿੱਪੀ ਬੱਧ ਕਰ ਲੈ। ਤੁਹਾਡੇ ਵੰਸ਼ ਵਿੱਚ ਅਤੇ ਹੋਰ ਬਾਰ੍ਹਾਂ ਪੰਥ ਕਾਲ ਬ੍ਰਹਮ ਇਸੇ ਗਿਆਨ ਦੇ ਆਧਾਰ ਤੋਂ ਚਲਾਵੇਗਾ। ਪ੍ਰੰਤੂ ਮੇਰੀ ਕਿਰਪਾ ਨਾਲ ਕੋਈ ਵੀ ਇਸ ਤੱਤਵਗਿਆਨ ਨੂੰ ਯਥਾਰਥ ਰੂਪ ਨਾਲ ਨਹੀਂ ਸਮਝ ਪਾਵੇਗਾ। ਉਹ ਆਪਣੀ-ਆਪਣੀ ਸਮਝ ਤੋਂ ਇਸ ਦਾ ਉਲਟ ਅਰਥ ਲਾ ਕੇ ਇੱਕ ਦੂਜੇ ਨਾਲ ਵਾਦ- ਵਿਵਾਦ ਕਰਦੇ ਰਹਿਣਗੇ ਆਪਣਾ-ਆਪਣਾ ਮੱਤ ਚਲਾ ਕੇ ਭਰਮਿਤ ਰਹਿਣਗੇ। ਜੇਕਰ ਤੁਸੀਂ ਕਿਸੇ ਨੂੰ ਇਹ ਤੱਤਵ ਗਿਆਨ ਦੱਸੋਗੇ ਉਹ ਤੁਰੰਤ ਸਮਝ ਜਾਵੇਗਾ ਅਤੇ ਇਹ ਤੱਤਵ ਭੇਦ ਸਮੇਂ ਤੋਂ ਪਹਿਲਾਂ ਕਾਲ ਬ੍ਰਹਮ ਦੇ ਦੂਤਾਂ ਦੇ ਹੱਥ ਲੱਗ ਜਾਵੇਗਾ। ਜਿਸ ਸਮੇਂ ਵਿਚਲੀ ਪੀੜ੍ਹੀ ਸ਼ੁਰੂ ਹੋਵੇਗੀ ਉਦੋਂ ਗਿਆਨ ਵੀ ਭਿੰਨ ਨਾ ਹੋਣ ਦੇ ਕਾਰਣ ਕਾਲ ਬ੍ਰਹਮ ਦਾ ਦਾਅ ਲੱਗ ਜਾਵੇਗਾ। ਕੋਈ ਜੀਵ ਸਾਡੀ ਸ਼ਰਣ ਨਹੀਂ ਆ ਪਾਵੇਗਾ। ਇਸ ਲਈ ਇਹ ਤੱਤਵਗਿਆਨ ਉਦੋਂ ਤੱਕ ਗੁਪਤ ਰੱਖਣਾ ਹੈ। ਮੇਰਾ ਤੱਤਵਗਿਆਨ ਹੋਰ ਲੋਕ ਵੇਦ ਅਰਥਾਤ ਅਗਿਆਨ ਨੂੰ ਇਸ ਤਰ੍ਹਾਂ ਨਸ਼ਟ ਕਰ ਦੇਵੇਗਾ ਜਿਵੇਂ ਤੋਪ ਯੰਤਰ ਦਾ ਗੋਲਾ ਜਿੱਥੇ ਵੀ ਡਿੱਗਦਾ ਹੈ। ਉਥੋਂ ਦੇ ਸਾਰੇ ਭਵਨਾਂ ਅਤੇ ਕਿਲਿਆਂ ਨੂੰ ਢਾਹ ਕੇ ਮੈਦਾਨ ਕਰ ਦਿੰਦਾ ਹੈ।**

**ਵਰਤਮਾਨ ਸਮੇਂ (ਸੰਨ 2014) ਤੱਕ ਕਾਲ ਦੇ ਸਾਰੇ ਪੰਥ ਚੱਲ ਚੁੱਕੇ ਹਨ। ਉਹ ਪੰਥ ਪ੍ਰਵਰਤਕ ਕੀ ਗਿਆਨ ਦੱਸਦੇ ਹਨ? ਉਹ ਉਨ੍ਹਾਂ ਦੁਆਰਾ ਲਿਖਿਆਂ ਪੁਸਤਕਾਂ ਵਿੱਚ ਮੌਜੂਦ ਹੈ। ਬੁੱਧੀਮਾਨ ਅਤੇ ਪੜ੍ਹੇ ਲਿਖੇ ਵਿਅਕਤੀ ਤੁਰੰਤ ਤੱਤਵਗਿਆਨ ਦੀ ਤੱਕੜੀ ਨਾਲ ਤੋਲ ਕੇ ਦੇਖ ਲਵੇਗਾ ਅਤੇ ਉਸ ਕਾਲ ਬ੍ਰਹਮ ਦੇ ਹਾਨੀਕਾਰਕ ਪੰਥ ਨੂੰ ਤਿਆਗ ਕੇ ਪਰਮੇਸ਼ਵਰ ਦੀ ਸ਼ਰਣ ਵਿੱਚ ਬਿਨਾਂ ਦੇਰ ਕੀਤੇ ਆਵੇਗਾ ਅਤੇ ਆਪਣੇ ਸੰਪਰਕ ਦੇ ਸਾਰੇ ਸ਼ਰਧਾਲੂਆਂ ਦਾ ਵੀ ਕਾਲ ਬ੍ਰਹਮ ਦੇ ਜਾਲ ਤੋਂ ਮੁਕਤ ਕਰਾਉਣ ਲਈ ਪਰਮੇਸ਼ਵਰ ਦਾ ਯਥਾਰਥ ਭਗਤੀ ਮਾਰਗ ਪ੍ਰਾਪਤ ਕਰਵਾ ਦੇਵੇਗਾ। ਇਸ ਤਰ੍ਹਾਂ ਮਨੁੱਖ ਸਤ ਭਗਤੀ ਕਰਕੇ ਪੂਰਣ ਮੋਕਸ਼ ਪ੍ਰਾਪਤ ਕਰੇਗਾ ਅਤੇ ਆਪਣੇ ਪਹਿਲਾਂ ਵਾਲੇ ਸਥਾਨ ਸਤਲੋਕ ਵਿੱਚ ਅਮਰ ਜੀਵਨ ਪ੍ਰਾਪਤ ਕਰੇਗਾ।**

**ਭਗਤ ਧਰਮਦਾਸ ਜੀ ਨੂੰ ਪਰਮੇਸ਼ਵਰ ਕਬੀਰ ਜੀ ਨੇ ਬਾਂਧਵਗੜ੍ਹ ਭੇਜ ਦਿੱਤਾ ਅਤੇ ਕਿਹਾ ਮੈਂ ਤੁਹਾਡੇ ਕੋਲ ਆਵਾਂਗਾ ਕੁਝ ਦਿਨ ਉੱਥੇ ਰਹਿ ਕੇ ਗਿਆਨ ਪ੍ਰਚਾਰ ਕਰਾਂਗਾ ਕੁਝ ਦਿਨ ਬਾਅਦ ਬਾਂਧਵਗੜ੍ਹ ਵਿੱਚ ਪ੍ਰਗਟ ਹੋਏ।**

## " ਧਰਮ ਦਾਸ ਦੇ ਪੁੱਤਰ ਨਰਾਇਣ ਦਾਸ ਦਾ ਕਾਲ ਦੂਤ ਦਾ ਰੂਪ ਦਿਖਾਉਣਾ "

ਧਰਮ ਦਾਸ ਜੀ ਨੇ ਪਰਮੇਸ਼ਵਰ ਕਬੀਰ ਜੀ ਨੂੰ ਆਪਣੇ ਘਰ ਆਇਆ ਦੇਖ ਬਹੁਤ ਸ਼ਰਧਾ ਨਾਲ ਸਤਿਕਾਰ ਕੀਤਾ। ਆਪਣੇ ਪੁੱਤਰ ਨਰਾਇਣ ਦਾਸ ਨੂੰ ਕਬੀਰ ਦੇਵ ਤੋਂ ਨਾਮ ਉਪਦੇਸ਼ ਲੈਣ ਦੀ ਪ੍ਰਾਰਥਨਾ ਕੀਤੀ। ਨਰਾਇਣ ਦਾਸ ਨੇ ਧਰਮਦਾਸ ਜੀ ਨੂੰ ਕਿਹਾ ਹੇ ਪਿਤਾ ਜੀ! ਤੁਸੀਂ ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ? ਸ਼੍ਰੀ ਕ੍ਰਿਸ਼ਨ ਜੀ ਤੋਂ ਉੱਪਰ ਕੋਈ ਪਰਮਾਤਮਾ ਨਹੀਂ ਹੈ। ਤੁਹਾਨੂੰ ਇਸ ਸਾਧੂ ਨੇ ਭਰਮਿਤ ਕੀਤਾ ਹੋਇਆ ਹੈ। ਕੋਈ ਸਤਪੁਰਸ਼ ਹੋਰ ਪਰਮਾਤਮਾ ਨਹੀਂ, ਸ਼੍ਰੀ ਵਿਸ਼ਨੂੰ ਲੋਕ ਨੂੰ ਹੀ ਸੇਤ (ਸ਼ਵੇਤ) ਲੋਕ ਕਹਿੰਦੇ ਹਨ। ਸ਼੍ਰੀ ਵਿਸ਼ਨੂੰ ਹੀ ਅਵਿਨਾਸ਼ੀ ਪਰਮਾਤਮਾ ਹਨ। ਇਹਨਾਂ ਦੇ ਕੋਈ ਮਾਤਾ-ਪਿ-ਤਾ ਨਹੀਂ ਹਨ। ਧਰਮਦਾਸ ਜੀ ਨੇ ਦੇਖਿਆ ਮੇਰਾ ਪੁੱਤਰ ਕਾਲ ਦੇ ਮੂੰਹ ਵਿੱਚ ਜਾਵੇਗਾ ਪੁੱਤਰ ਮੋਹ ਵੱਸ ਵਾਰ-ਵਾਰ ਆਪਣੇ ਪੁੱਤਰ ਨਰਾਇਣ ਦਾਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰਮੇਸ਼ਵਰ ਕਬੀਰ ਬੰਦੀ ਛੋੜ ਨੂੰ ਵੀ ਪ੍ਰਾਰਥਨਾ ਕੀਤੀ ਹੇ ਪ੍ਰਭੂ! ਕਿਰਪਾ ਤੁਸੀਂ ਹੀ ਕੁਝ ਸਮਝਾਓ ਇਹ ਤਾਂ ਬਹੁਤ ਹੀ ਜਿੱਦ ਕਰ ਰਿਹਾ ਹੈ। ਪਰਮਾਤਮਾ ਕਬੀਰ ਜੀ ਦੇ ਸਮਝਾਉਣ ਤੇ ਵੀ ਨਰਾਇਣ ਦਾਸ ਨਹੀਂ ਮੰਨਿਆ ਤਾਂ ਧਰਮਦਾਸ ਨੇ ਬੁਹਤ ਪਿਆਰ ਨਾਲ ਨਰਾਇਣ ਦਾਸ ਨੂੰ ਮਨਾਉਣਾ ਚਾਹਿਆ ਪ੍ਰੰਤੂ ਨਰਾਇਣ ਦਾਸ ਟਸ ਤੋਂ ਮਸ ਨਹੀਂ ਹੋਇਆ ਅਤੇ ਕਿਹਾ ਕਿ ਇਹ ਸੰਤ ਮੈਨੂੰ ਚੰਗਾ ਨਹੀਂ ਲੱਗਦਾ। ਇਸ ਨੇ ਮੇਰੇ ਪਿਤਾ ਨੂੰ ਯਥਾਰਥ ਗਿਆਨ ਤੋਂ ਭਰਮਿਤ ਕਰਕੇ ਮਨਮੁਖੀ ਕਥਾਵਾਂ ਉੱਤੇ ਦ੍ਰਿੜ ਕਰ ਦਿੱਤਾ ਹੈ ਧਰਮਦਾਸ ਜੀ ਨੂੰ ਬਹੁਤ ਪਰੇਸ਼ਾਨ ਦੇਖ ਕੇ ਪਰਮੇਸ਼ਵਰ ਕਬੀਰ ਜੀ ਨੇ ਧਰਮਦਾਸ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਹੇ ਧਰਮਦਾਸ! ਨਰਾਇਣ ਦਾਸ ਦੇ ਵੱਲ ਧਿਆਨ ਪੂਰਵਕ ਦੇਖ। ਅਜਿਹਾ ਕਹਿ ਕੇ ਕਬੀਰ ਪ੍ਰਭੂ ਨੇ ਆਪਣਾ ਸੱਜਾ ਹੱਥ ਆ-ਸ਼ੀਰਵਾਦ ਦੇਣ ਦੀ ਸਥਿਤੀ ਵਿੱਚ ਨਰਾਇਣ ਦਾਸ ਦੇ ਵੱਲ ਕੀਤਾ। ਉਸ ਸਮੇਂ ਨਰਾਇਣ ਦਾਸ ਦਾ ਚਿਹਰਾ ਭਿਆਨਕ ਦਿਖਾਈ ਦਿੱਤਾ। ਫਿਰ ਉਹ ਉਸੇ ਤਰ੍ਹਾਂ ਹੀ ਹੋ ਗਿਆ ਜੋ ਨਰਾਇਣ ਦਾਸ ਦਾ ਸੀ। ਧਰਮਦਾਸ ਨੇ ਪਰਮੇਸ਼ਵਰ ਤੋਂ ਅਧੀਨਤਾ ਪੂਰਵਕ ਪੁੱਛਿਆ ਹੇ ਪਰਮੇਸ਼ਵਰ! ਮੇਰੇ ਪੁੱਤਰ ਦਾ ਅਜਿਹਾ ਭਿਆਨਕ ਰੂਪ ਕਿਵੇਂ ਦਿਖਾਈ ਦਿੱਤਾ। ਪਰਮੇਸ਼ਵਰ ਕਬੀਰ ਜੀ ਨੇ ਦੱਸਿਆ ਹੇ ਧਰਮਦਾਸ! ਤੁਸੀਂ ਮੇਰੇ ਅੰਸ਼ ਹੋ ਕਾਲ ਬ੍ਰਹਮ ਨੇ ਆਪਣਾ ਦੂਤ ਤੁਹਾਡੇ ਘਰ ਪਹਿਲਾਂ ਹੀ ਪੁੱਤਰ ਰੂਪ ਵਿੱਚ ਭੇਜਿਆ ਹੋਇਆ ਹੈ। ਤੁਹਾਨੂੰ ਪੁੱਤਰ ਮੋਹ ਵਿੱਚ ਫਸਾ ਕੇ ਆਪਣੇ ਜਾਲ਼ ਵਿੱਚ ਹੀ ਰੱਖਣਾ ਚਾਹੁੰਦਾ ਹੈ। ਧਰਮਦਾਸ ਜੀ ਨੇ ਆਪਣੇ ਪੁੱਤਰ ਨੂੰ ਕਾਲ ਦੂਤ ਦੇਖ ਕੇ ਬਹੁਤ ਵਿਆਕੁਲ ਹੋ ਗਏ। ਨਰਾਇਣ ਦਾਸ ਨੂੰ ਕਿਹਾ ਠੀਕ ਹੈ ਬੇਟਾ ਜਿਵੇਂ ਤੇਰੀ ਇੱਛਾ, ਕਰ ਲਓ ਕੰਮ। ਧਰਮਦਾਸ ਜੀ ਨੂੰ ਆਪਣਾ ਵੰਸ਼ ਨਸ਼ਟ ਹੋਣ ਦੀ ਚਿੰਤਾ ਸਤਾਉਣ ਲੱਗੀ। ਧਰਮਦਾਸ ਜੀ ਨੂੰ ਚਿੰਤਤ ਦੇਖ ਕੇ ਕਬੀਰ ਪਰਮੇਸ਼ਵਰ ਨੇ ਪੁੱਛਿਆ ਧਰਮਦਾਸ! ਕਿਸ ਕਾਰਣ ਤੋਂ ਚਿੰਤਤ ਹੋ? ਧਰਮਦਾਸ ਜੀ ਨੇ ਦੱਸਿਆ ਹੇ ਪਰਮੇਸ਼ਵਰ! ਮੇਰਾ ਤਾਂ ਵੰਸ਼ ਕਾਲ ਦਾ ਕੁਲ ਹੋਵੇਗਾ। ਮੇਰਾ ਵੰਸ਼ ਨਸ਼ਟ ਹੋ ਜਾਵੇਗਾ। ਕਬੀਰ ਪਰਮੇਸ਼ਵਰ ਨੇ ਕਿਹਾ ਧਰਮਦਾਸ। ਤੁਸੀਂ ਚਿੰਤਾ ਨਾ ਕਰੋ। ਤੇਰਾ ਵੰਸ਼ ਬਤਾਲੀ ਪੀੜ੍ਹੀ ਤੱਕ ਚੱਲੇਗਾ ਜੋ ਮੇਰਾ ਗੁਣਗਾਨ ਕਰੇਗਾ। ਤਦ ਧਰਮਦਾਸ ਨੇ ਪੁੱਛਿਆ ਹੇ ਬੰਦੀ ਛੋੜ! ਮੇਰਾ ਤਾਂ ਇੱਕੋ ਇੱਕ ਪੁੱਤਰ ਹੈ ਨਰਾਇਣ ਦਾਸ। ਇਹ ਕਾਲ ਦਾ ਦੂਤ ਹੈ। ਮੇਰੀਆਂ ਬਤਾਲੀ ਪੀੜ੍ਹੀਆਂ ਕਿਵੇਂ ਹੋਣਗੀਆ, ਤਦ ਕਬੀਰ ਪਰਮੇਸ਼ਵਰ ਨੇ ਕਿਹਾ ਤੁਹਾਨੂੰ ਇੱਕ ਪੁੱਤਰ ਮੇਰੀ ਕਿਰਪਾ ਨਾਲ ਪ੍ਰਾਪਤ ਹੋਵੇਗਾ ਜਿਸ ਤੋਂ ਤੇਰਾ ਬਤਾਲੀ ਪੀੜ੍ਹੀਆਂ ਤੱਕ

ਵੰਸ਼ ਰਹੇਗਾ। ਧਰਮਦਾਸ ਜੀ ਨੇ ਅਧੀਨ ਹੋ ਕੇ ਪੁੱਛਿਆ ਹੇ ਦੀਨ ਦਿਆਲ! ਤੁਹਾਡੇ ਦਾਸ ਦੀ ਉਮਰ 85 ਸਾਲ ਹੋ ਚੁੱਕੀ ਹੈ। ਨਰਾਇਣ ਦਾਸ ਤੋਂ ਬਾਅਦ ਕੋਈ ਸੰਤਾਨ ਨਹੀਂ ਹੋਈ। ਤੁਹਾਡੀ ਸ਼ਿਸ਼ਯਾ ਆਮਨੀ ਦੇਵੀ ਦਾ ਮਾਸਿਕ ਧਰਮ ਵੀ ਸਾਲਾਂ ਤੋਂ ਬੰਦ ਹੈ। ਇਸ ਸਥਿਤੀ ਵਿੱਚ ਬੱਚਾ ਪੈਦਾ ਹੋਣਾ ਬਹੁਤ ਅਸੰਭਵ ਹੈ।

ਪਰਮੇਸ਼ਵਰ ਕਬੀਰ ਜੀ ਨੇ ਧਰਮਦਾਸ ਜੀ ਦੇ ਭਰਮ ਦਾ ਨਿਵਾਰਣ ਕਰਨ ਦੇ ਲਈ ਆਪਣੀ ਸ਼ਕਤੀ ਨਾਲ ਇੱਕ ਨਵਜਾਤ ਸ਼ਿਸ਼ੂ ਵਿਹੜੇ ਵਿੱਚ ਲੇਟਿਆ ਹੋਇਆ ਦਿਖਾਇਆ ਅਤੇ ਕਿਹਾ ਕਿ ਇਹ ਲੜਕਾ ਦਸਵੇਂ ਮਹੀਨੇ ਤੇਰੀ ਪਤਨੀ ਦੇ ਗਰਭ ਤੋਂ ਪੈਦਾ ਹੋਵੇਗਾ। ਇਸ ਦਾ ਨਾਮ ਚੂਰਾਮਣੀ (ਚੂੜਾਮਣੀ) ਰੱਖਣਾ। ਉਹ ਬੱਚਾ ਅੰਤਰ ਧਿਆਨ ਹੋ ਗਿਆ। ਆਮਿਨੀ ਦੇਵੀ ਨੂੰ ਗਰਭ ਰਿਹਾ ਅਤੇ ਦਸਵੇਂ ਮਹੀਨੇ ਬਿ.ਸੰ. 1538 (ਸੰਨ੍ 1481) ਵਿੱਚ ਇੱਕ ਸੁੰਦਰ ਲੜਕਾ ਪੈਦਾ ਹੋਇਆ। ਜਿਸ ਦਾ ਨਾਮ ਚੂੜਾ-ਮਣੀ ਰੱਖਿਆ। ਨਾਰਾਇਣ ਦਾਸ ਆਪਣੇ ਛੋਟੇ ਭਾਈ ਚੂੜਾਮਣੀ ਤੋਂ ਈਰਖਾ ਰੱਖਣ ਲੱਗਿਆ। ਚੂੜਾਮਣੀ ਬਾਂਧਵਗੜ੍ਹ ਛੱਡ ਕੇ ਕੁਦਰਮਾਲ ਪਿੰਡ ਵਿੱਚ ਰਹਿਣ ਲੱਗਾ। ਕੁਝ ਸਮੇਂ ਬਾਅਦ ਬਾਂਧਵਗੜ੍ਹ ਪੂਰਾ ਨਗਰ ਨਸ਼ਟ ਹੋ ਗਿਆ। ਨਾਰਾਇਣ ਦਾਸ ਨੇ ਬਾਂਧਵਗੜ੍ਹ ਵਿੱਚ ਸ਼੍ਰੀ ਕ੍ਰਿਸ਼ਨ ਦਾ ਮੰਦਿਰ ਬਣਵਾਇਆ ਹੋਇਆ ਸੀ। ਨਾਰਾਇਣ ਦਾਸ ਦਾ ਸਾਰਾ ਕੁਲ ਅਤੇ ਪੰਥ ਨਸ਼ਟ ਹੋ ਗਿਆ। ਚੂੜਾਮਣੀ ਜੀ ਤੋਂ ਧਰਮਦਾਸ ਦਾ ਵੰਸ਼ ਚੱਲਿਆ ਜੋ ਬਤਾਲੀ ਪੀੜ੍ਹੀਆਂ ਤੱਕ ਚੱਲੇਗਾ।

ਵਿਸ਼ੇਸ ਵਿਚਾਰ :- ਉਸੇ ਵੰਸ਼ ਦੀ ਸ਼ਾਖਾ ਦਾਮਾਖੇੜਾ (ਛੱਤੀਸਗੜ੍ਹ) ਵਿੱਚ ਹੈ। ਜੋ ਝੂਠਾ ਦਾਅਵਾ ਕਰਦੇ ਹਨ ਕਿ ਕਬੀਰ ਪਰਮੇਸ਼ਵਰ ਜੀ ਨੇ ਕਿਹਾ ਸੀ ਕਿ ਕੇਵਲ ਧਰਮਦਾਸ ਜੀ ਦੇ ਵੰਸ਼ ਦੁਆਰਾ ਉਪਦੇਸ਼ ਪ੍ਰਾਪਤ ਕਰਕੇ ਕਲਯੁੱਗ ਵਿੱਚ ਮੋਕਸ਼ ਪ੍ਰਾਪਤ ਕਰ ਸਕਣਗੇ। ਜਦੋਂ ਤੱਕ ਧਰਮਦਾਸ ਦਾ ਵੰਸ਼ ਚੱਲੇਗਾ। ਤਦ ਤੱਕ ਮੈਂ (ਕਬੀਰ ਜੀ) ਧਰਤੀ ਉੱਤੇ ਪਗ (ਪੈਰ) ਨਹੀਂ ਰੱਖਾਂਗਾ। ਇਹ ਦਾਮਾਖੇੜਾ ਵਾਲ਼ੇ ਮਹੰਤਾਂ ਦੀ ਮਿੱਥਕ ਭਰਮਿਤ ਕਰਨ ਵਾਲ਼ੀ ਕਹਾਣੀ ਹੈ। ਪਰਮੇਸ਼ਵਰ ਕਬੀਰ ਜੀ ਨੇ ਧਰਮਦਾਸ ਜੀ ਦੇ ਅੰਦਰ ਦੀ ਚਿੰਤਾ ਨੂੰ ਜਾਣਿਆ ਸੀ ਕਿ ਧਰਮਦਾਸ ਕੁਲ ਨਸ਼ਟ ਹੋਣ ਦੀ ਆਸ਼ੰਕਾ ਦੇ ਕਾਰਣ ਜ਼ਿਆਦਾ ਚਿੰਤਤ ਹੋ ਗਿਆ ਹੈ। ਇਸਲਈ ਪਰਮੇਸ਼ਵਰ ਬੰਦੀ ਛੋੜ ਜੀ ਨੇ ਧਰਮਦਾਸ ਜੀ ਦਾ ਬਤਾਲੀ (42) ਪੀੜ੍ਹੀਆਂ ਤੱਕ ਵੰਸ਼ ਚੱਲਣ ਦਾ ਆਸ਼ਰੀਵਾਦ ਦਿੱਤਾ ਸੀ। ਨਾਮ ਦਾਨ ਦੇ ਲਈ ਤਾਂ ਪਰਮੇਸ਼ਵਰ ਕਬੀਰ ਜੀ ਨੇ ਕਿਹਾ ਸੀ:-

ਕਬੀਰ, ਧਰਮ ਦਾਸ ਤੋਹੇ ਲਾਖ ਦੋਹਾਈ, ਸਾਰ ਸ਼ਬਦ ਕਭੀ ਬਾਹਰ ਨ ਜਾਈ ॥
ਸਾਰ ਸ਼ਬਦ ਬਾਹਰ ਜੋ ਪੜਹੀ। ਬਿਚਲੀ ਪੀੜ੍ਹੀ ਹੰਸ ਨ ਤਰਹੀ।

ਫਿਰ ਕਿਹਾ ਹੈ ਕਿ: -

ਧਰਮਦਾਸ ਤੋਹੇ ਲਾਖ ਦੋਹਾਈ। ਸਾਰ ਗਿਆਨ ਕਭੀ ਬਾਹਰ ਨਾ ਜਾਈ।
ਸਾਰ ਗਿਆਨ ਬਾਹਰ ਜੋ ਪਰਹੀ। ਬਿਚਲੀ ਪੀੜ੍ਹੀ ਹੰਸ ਨਹੀਂ ਤਿਰਹੀ।
ਤੇਤੀਸ ਅਰਬ ਗਿਆਨ ਹਮ ਭਾਸ਼ਾ, ਸਾਰ ਗਿਆਨ ਗੁਪਤ ਹੀ ਰਾਖਾ।
ਮੂਲ (ਸਾਰ) ਗਿਆਨ ਤਬ ਤਕ ਛੁਪਾਈ। ਜਬ ਤਕ ਦ੍ਵਾਦਸ਼ ਪੰਥ ਨ ਮਿਟ ਜਾਈ।

(ਪ੍ਰਮਾਣ ਕਬੀਰ ਸਾਗਰ ਅਧਿਆਇ ਚਰਿੱਤਰ ਬੋਧ ਪੰਨਾ ਨੰ 1870 ਅਤੇ ਅਧਿਆਇ ਕਬੀਰ ਬਾਣੀ ਪੰਨਾ 136-137 ਉੱਤੇ ਅਤੇ ਅਧਿਆਇ ਜੀਵ ਧਰਮ ਬੋਧ ਵਿੱਚ ਬੋਧ ਸਾਗਰ ਪੰਨਾ 1937 ਉੱਤੇ)

ਕਬੀਰ ਸਾਗਰ ਕਬੀਰ ਬਾਣੀ ਪੰਨਾ 134 ਉੱਤੇ , ਬਾਰਹਵੇਂ ਵੰਸ਼ ਪ੍ਰਗਟ ਹੋ

ਉਜਿਯਾਰਾ, ਤੇਰਹਵੇਂ ਵੰਸ਼ ਮਿਟੇ ਸਕਲ ਅੰਧਿਯਾਰਾ।

ਉਪਰੋਕਤ ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਵੀਹਵੀਂ ਸਦੀ ਦੇ ਵਿਚਕਾਰ ਸੰਨ੍ 1950 ਤੋਂ ਸ਼ੁਰੂ ਹੋਣ ਵਾਲੀ ਬਿਚਲੀ (ਵਿਚਕਾਰ ਵਾ.ਲੀ) ਪੀੜ੍ਹੀ ਵਿੱਚ ਪਹਿਲਾਂ ਇਹ ਸਾਰ ਨਾਮ ਅਤੇ ਸਾਰ ਗਿਆਨ (ਤੱਤਵਗਿਆਨ) ਵੀ ਗੁਪਤ ਰੱਖਣਾ ਹੈ। ਧਰਮਦਾਸ ! ਤੇਰੇ ਤੋਂ ਇਲਾਵਾ ਇਸ ਸਾਰ ਸ਼ਬਦ ਦਾ ਜਿਸ ਤੋਂ ਪੂਰਣ ਮੋਰਸ਼ ਸੰਭਵ ਹੈ ਬਾਹਰ ਅਰਥਾਤ ਹੋਰਾਂ ਨੂੰ ਪਤਾ ਨਹੀਂ ਲੱਗਣਾ ਚਾਹੀਦਾ। ਇਸ ਸਾਰ ਸ਼ਬਦ ਅਤੇ ਸਾਰ ਗਿਆਨ ਨੂੰ ਤਦ ਤੱਕ ਛੁਪਾ ਕੇ ਰੱਖਣਾ ਹੈ ਜਦੋਂ ਤੱਕ ਬਾਰ੍ਹਾਂ (ਦ੍ਵਾਦਸ਼) ਪੰਥ ਖ਼ਤਮ ਨਾ ਹੋ ਜਾਣ। ਜਦੋਂ ਧਰਮਦਾਸ ਜੀ ਨੇ ਸਾਰ ਸ਼ਬਦ ਆਪਣੇ ਵੰਸ਼ਜਾਂ ਨੂੰ ਵੀ ਨਹੀਂ ਦੱਸਿਆ ਤਾਂ ਉਹਨਾਂ ਦੁਆਰਾ ਦਿੱਤੇ ਉਪਦੇਸ਼ ਤੋਂ ਮੁਕਤੀ ਪ੍ਰਾਪਤ ਹੋਣ ਦਾ ਪ੍ਰਸ਼ਨ ਵੀ ਨਹੀਂ ਉੱਠਦਾ। ਉਹ ਕੇਵਲ ਜਨਤਾ ਨੂੰ ਭਰਮਿਤ ਕਰਕੇ ਕਾਲ ਜਾਲ ਵਿੱਚ ਫਾਂਸ ਰਹੇ ਹਨ। ਕਬੀਰ ਸਾਗਰ ਵਿੱਚ ਚੂੜਾਮਣੀ ਜੀ ਸਾਹਿਬ ਦੇ ਪੰਥ (ਦਾਮਾਖੇੜਾ ਵਿੱਚ ਚੱਲ ਰਿਹਾ ਹੈ) ਮਹਿਮਾ ਤਾਂ ਕਬੀਰ ਪਰਮੇਸ਼ਵਰ ਦੀ ਕਹਿੰਦੇ ਹਨ ਨਾਮ ਮੰਤਰ ਗਲਤ ਦਿੰਦੇ ਹਨ । ਜਿਸ ਦਾ ਪ੍ਰਮਾਣ ਹੈ ਉਹਨਾਂ ਦੁਆਰਾ ਦਿੱਤੇ ਜਾਣ ਵਾਲੇ ਪੰਜ ਨਾਮ (ਆਦਿ ਨਾਮ,ਅਜਰ ਨਾਮ, ਅਮੀਨਾਮ,ਪਤਾਲੇ ਸਪਤ ਸਿੰਧੂ ਨਾਮ,ਆਕਾਸ਼ੇ ਅਦਲੀ ਨਿੱਜ ਨਾਮ...........) ਹੈ।

(ਉਂਝ ਤਾਂ ਸਾਰੇ ਕਥਿਤ ਕਬੀਰ ਪੰਥੀ ਇਕ ਪੂਰੀ ਕਵਿਤਾ ਨਾਮ ਉਪਦੇਸ਼ ਵਿੱਚ ਦਿੰਦੇ ਹਨ ਜਿਸ ਵਿੱਚ ਪੰਜ ਨਾਮਾਂ ਦਾ ਵਰਣਨ ਹੈ ਜੋ ਇਸ ਪ੍ਰਕਾਰ ਹਨ:- ਸਤ ਸੁਕ੍ਰਤ ਕੀ ਰਹਿਨੀ ਰਹੋ ਅਜਰ ਅਮਰ ਗਹੋ ਸਤਨਾਮ ਕਬੀਰ ਮੂਲ ਦਿਕਸ਼ਾ ਸਤਯ ਸ਼ਬਦ ਪ੍ਰਮਾਣ। ਆਦਿ ਨਾਮ,ਅਜਰ ਨਾਮ, ਅਮੀਨਾਮ, ਪਾਤਾਲੇ ਸਪਤ ਸਿੰਧੂ ਨਾਮ ਯਹੀ ਨਾਮ ਹੰਸ ਕਾ ਕਾਮ ਖੁਲੇ ਕਪਾਟ ਪਾਂਜੀ ਚੜ੍ਹ ਮੂਲ ਕੇ ਘਾਟ ਭਰਮ ਭੂਤ ਕਾ ਬਾਂਧੋ ਗੋਲਾ। ਕਹੇ ਕਬੀਰ ਯਹੀ ਪ੍ਰਮਾਣ ਪੰਚ ਨਾਮ ਲੇ ਹੰਸਾ ਸਤਲੋਕ ਸਮਾਨ )

ਜਿਸ ਤੋਂ ਸਪੱਸ਼ਟ ਹੈ ਕਿ ਧਰਮ ਦਾਸ ਜੀ ਦੇ ਵੰਸ਼ਜ ਗਲਤ ਨਾਮ ਦਾਨ ਕਰਦੇ ਹਨ । ਕਬੀਰ ਪਰਮੇਸ਼ਵਰ ਨੇ ਧਰਮਦਾਸ ਦੇ ਪੁੱਤਰ ਚੂੜਾਮਣੀ ਨੂੰ ਕੇਵਲ ਪੰਜ ਨਾਮ ਦਾ ਉਪਦੇਸ਼ ਦੇਣ ਦਾ ਆਦੇਸ਼ ਦਿੱਤਾ (ਉਹ ਪੰਜ ਨਾਮ ਉਨ੍ਹਾਂ ਨਾਮ ਮੰਤਰਾਂ ਤੋਂ ਅਲੱਗ ਅਤੇ ਵਾਸਤਵਿਕ ਹਨ ਜੋ ਦਾਮਾਖੇੜਾ ਵਾਲੇ ਮਹੰਤ ਦਿੰਦੇ ਹਨ। ਉਹ ਅਸਲ ਨਾਮ ਸੰਤ ਰਾਮਪ-ਾਲ ਦਾਸ ਜੀ ਮਹਾਰਾਜ ਦਿੰਦੇ ਹਨ) ਜਿਸ ਤੋਂ ਤੇਰੇ ਵੰਸ਼ਜਾਂ ਵਿੱਚ ਭਗਤੀ ਭਾਵ ਬਣਿਆ ਰਹੇਗਾ ਅਤੇ ਮੇਰੀ ਮਹਿਮਾ ਸੰਨ 1951 ਭਾਵ ਵਿਚਲੀ ਪੀੜ੍ਹੀ (ਵਿਚਕਾਰ ਵਾਲੀ ਪੀੜ੍ਹੀ ਜੋ ਸ਼ਬਦ ਵੰਸ਼ ਹੋਵੇਗਾ) ਦੇ ਆਰੰਭ ਤੱਕ ਸੰਸਾਰ ਵਿੱਚ ਬਣੀ ਰਹੇਗੀ । ਸੰਮਤ 1774 ਵਿੱਚ ਭਾਵ ਸੰਤ ਗਰੀਬ ਦਾਸ ਪਿੰਡ ਛੁਡਾਣੀ, ਜਿਲ੍ਹਾ ਝੱਜਰ, ਹਰਿਆਣਾ ਵਿੱਚ ਜਨਮ ਹੋਣ ਉੱਤੇ ਉਹਨਾਂ ਦੇ ਦੁਆਰਾ ਮੇਰੀ ਮਹਿਮਾ ਦੀ ਬਾਣੀ ਪ੍ਰਗਟ ਕੀਤੀ ਜਾਵੇਗੀ ਉਸ ਬਾਣੀ ਤੋਂ ਸ਼ਰਧਾਲੂਆਂ ਨੂੰ ਵਿਸ਼ੇਸ਼ ਲਗਨ ਮੇਰੇ (ਕਬੀਰ ਜੀ) ਵਿੱਚ ਹੋਵੇਗੀ। ਸੰਤ ਗਰੀਬ ਦਾਸ ਜੀ ਵਾਲਾ ਪੰਥ ਕਾਲ ਦਾ ਬਾਰ੍ਹਵਾਂ ਪੰਥ ਹੋਵੇਗਾ। ਬਾਰ੍ਹਵੇਂ ਪੰਥ ਤੱਕ ਸਾਰੇ ਬਾਰ੍ਹਾਂ ਪੰਥਾਂ ਦੇ ਅਨੁਯਾਈ ਮੇਰੀ ਮਹਿਮਾ ਦੀ ਬਾਣੀ ਦੇ ਆਧਾਰ 'ਤੇ ਆਪਣੇ ਅਨੁਯਾਈਆਂ ਨੂੰ ਪ੍ਰਵਚਨ ਕਰਿਆ ਕਰਨਗੇ ਪਰ ਉਹ ਮੇਰੀ ਬਾਣੀ ਨੂੰ ਸਹੀ ਰੂਪ ਵਿੱਚ ਨਹੀਂ ਸਮਝ ਸਕਣਗੇ ਕਿਉਂਕਿ ਉਹਨਾਂ ਨੂੰ ਸਾਰ ਗਿਆਨ (ਤੱਤਵ ਗਿਆਨ) ਨਹੀਂ ਹੋਵੇਗਾ । ਬਾਰ੍ਹਵੇਂ ਪੰਥ ਭਾਵ ਗਰੀਬਦਾਸ ਜੀ ਵਾਲੇ ਪੰਥ ਵਿੱਚ ਅੱਗੇ ਚੱਲ ਕੇ ਮੈਂ ਹੀ ਚਲ ਕੇ ਆਵਾਂਗਾਂ ਭਾਵ ਕੋਈ ਮੇਰਾ ਪਰਮ ਸੰਤ ਦਾ ਪੈਦਾ ਹੋਵੇਗਾ ਜੋ ਸੰਤ ਗਰੀਬ ਦਾਸ ਜੀ ਵਾਲੇ ਪੰਥ ਦਾ ਅਨੁਯਾਈ ਹੋਵੇਗਾ ਅਤੇ ਮੇਰੀ ਬਾਣੀ ਨੂੰ ਸਹੀ ਰੂਪ ਵਿੱਚ ਸਮਝੇਗਾ। ਫਿਰ ਸਾਰੇ ਪੰਥਾਂ ਨੂੰ ਗਿਆਨ ਆਧਾਰ ਤੇ

ਖ਼ਤਮ ਕਰਕੇ ਕੇਵਲ ਇੱਕ ਪੰਥ ਹੀ ਚਲਾਵੇਗਾ। ਪੂਰੇ ਵਿਸ਼ਵ ਵਿੱਚ ਇੱਕ ਤੱਤਵ ਗਿਆਨ ਹੀ ਚੱਲੇਗਾ। ਕਬੀਰ ਪਰਮੇਸ਼ਵਰ ਜੀ ਨੇ ਕਿਹਾ ਸੀ ਧਰਮਦਾਸ ਉਸ ਸਮੇਂ ਧਰਤੀ ਉੱਤੇ ਕੇਵਲ ਮੇਰਾ ਹੀ ਗਿਆਨ ਰਹਿ ਜਾਵੇਗਾ ਹੋਰ ਲੋਕ ਵੇਦ ਖ਼ਤਮ ਹੋ ਜਾਵੇਗਾ।

ਜੇਕਰ ਦਾਮਾਖੇੜਾ (ਮੱਧ ਪ੍ਰਦੇਸ਼) ਵਾਲੇ ਮਹੰਤਾਂ ਦੀ ਇਹ ਗੱਲ ਸੱਚ ਨਹੀਂ ਹੈ ਕਿ ਕਬੀਰ ਸਾਹਿਬ ਜੀ ਨੇ ਧਰਮਦਾਸ ਜੀ ਨੂੰ ਕਿਹਾ ਸੀ ਕਿ ਜਦੋਂ ਤੱਕ ਤੇਰਾ ਵੰਸ਼ ਧਰਤੀ ਉੱਤੇ ਰਹੇਗਾ ਮੈਂ ਧਰਤੀ ਉੱਤੇ ਪੱਗ (ਪੈਰ) ਨਹੀਂ ਰੱਖਾਂਗਾ। ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਸੰਨ 1518 ਵਿੱਚ ਮਗਹਰ ਸਥਾਨ ਵਿੱਚ ਸਹਿ-ਸਰੀਰ ਸਤਲੋਕ ਜਾਣ ਦੇ ਬਾਅਦ (1) ਸੰਤ ਦਾਦੂ ਸਾਹਿਬ ਜੀ ਨੂੰ ਧਰਤੀ ਉੱਤੇ ਆ ਕੇ ਮਿਲੇ ਸੀ ਸਤਲੋਕ ਦੇ ਦਰਸ਼ਨ ਕਰਾ ਕੇ ਨਾਮ ਉਪਦੇਸ਼ ਦਿੱਤਾ,(2) ਸੰਤ ਘੀਸਾ ਦਾਸ ਜੀ ਨੂੰ ਮਿਲੇ, (3) ਸੰਤ ਗਰੀਬਦਾਸ ਜੀ ਨੂੰ ਸੰਨ 1727 ਵਿੱਚ ਮਿਲੇ ਅਤੇ ਉਪਦੇਸ਼ ਦਿੱਤਾ ਉਪਰੋਕਤ ਪ੍ਰਮਾਣਾਂ ਤੋਂ ਸਿੱਧ ਹੋਇਆ ਕਿ ਦਾਮਾਖੇੜਾ (ਮੱਧ ਪ੍ਰਦੇਸ਼) ਵਾਲੇ ਮਹੰਤਾਂ ਦਾ ਇਹ ਦਾਵਾ ਝੂਠ ਹੈ ਜਿਸ ਵਿੱਚ ਕਿਹਾ ਹੈ ਕਿ ਕਬੀਰ ਜੀ ਨੇ ਕਿਹਾ ਸੀ ਕਿ ਜਦੋਂ ਤੱਕ ਧਰਮਦਾਸ ਜੀ ਦਾ ਪੰਥ ਚੱਲੇਗਾ ਉਹ (ਕਬੀਰ ਪਰਮੇਸ਼ਵਰ ਜੀ) ਧਰਤੀ 'ਤੇ ਪ੍ਰਗਟ ਨਹੀਂ ਹੋਣਗੇ ਨਾ ਹੀ ਕਿਸੇ ਨੂੰ ਨਾਮ ਦਾਨ ਕਰਨਗੇ ਕੇਵਲ ਧਰਮਦਾਸ ਦੇ ਵੰਸ਼ ਤੋਂ ਹੀ ਨਾਮ ਦਾਨ ਲੈਣਾ ਹੋਵੇਗਾ ਉਹ ਹੀ ਮੁਕਤੀ ਦੇ ਮੰਤਰ ਦੇਵੇਗਾ। ਇਹ ਸਾਰੀ ਗਲਤ ਅਤੇ ਮਨਘੜੰਤ ਕਹਾਣੀ ਦਾਮਾਖੇੜਾ ਵਾਲੇ ਮਹੰਤਾਂ ਨੇ ਕਾਲ ਪ੍ਰੇਰਣਾ ਨਾਲ ਸ਼ਰਧਾਲੂਆਂ ਨੂੰ ਭਰਮਿਤ ਕਰਨ ਅਤੇ ਕਾਲ ਜਾਲ ਵਿੱਚ ਫਸਾਉਣ ਦੇ ਉਦੇਸ਼ ਤੋਂ ਬਣਾਈ ਹੈ।ਪਰਮੇਸ਼ਵਰ ਕਬੀਰ ਜੀ ਨੇ ਤਾਂ ਕਿਹਾ ਹੈ ਕਿ :-

ਦਵਾਦਸ਼ ਪੰਥ ਕਾਲ ਫਰਮਾਨਾ, ਭੂਲੇ ਜੀਵ ਨ ਜਾਯੇਂ ਠਿਕਾਨਾ

(ਪ੍ਰਮਾਣ:- ਕਬੀਰ ਸਾਗਰ ਅਧਿਆਇ ਕਬੀਰ ਬਾਣੀ ਪੰਨਾ 136 ) ਉਪਰੋਕਤ ਬਾਣੀ ਦਾ ਭਾਵ ਹੈ ਕਿ ਉਨ੍ਹਾਂ ਬਾਰ੍ਹਾਂ ਪੰਥਾਂ ਵਿੱਚ ਕਾਲ ਦਾ ਉਪਦੇਸ਼ ਭਾਵ ਨਾਮ ਦਾਨ ਚੱਲੇਗਾ, ਉਨ੍ਹਾਂ ਬਾਰ੍ਹਾਂ ਪੰਥਾਂ ਦੇ ਜੀਵ ਅਸਲ ਭਗਤੀ ਵਿਧੀ ਤੋਂ ਅਣਜਾਣ ਹੋਣਗੇ ਜਿਸ ਕਾਰਨ ਤੋਂ ਉਹ ਆਪਣੇ ਠਿਕਾਣੇ ਸਤਲੋਕ ਵਿੱਚ ਨਹੀਂ ਜਾ ਸਕਦੇ।

ਵਿਸ਼ੇਸ਼ ਵਿਵਰਣ:- ਪੁਸਤਕ " ਕਬੀਰ ਸਾਗਰ " ਅਧਿਆਇ= ਕਬੀਰ ਚਰਿੱਤਰ ਬੋਧ ਪੰਨਾ ਨੰਬਰ 1862 ਤੋਂ 1865 ਤੱਕ ਲਿਖਿਆ ਹੈ ਕਿ ਕਲਯੁੱਗ ਵਿੱਚ ਕਬੀਰ ਸਾਹਿਬ ਨੇ ਚਾਰ ਗੁਰੂ ਨਿਯਤ ਕੀਤੇ ਹਨ (1) ਧਰਮਦਾਸ ਜੀ ਜਿਸਦੇ ਬਤਾਲੀ ਵੰਸ਼ ਹਨ, ਉੱਤਰ ਵਿੱਚ ਗੁਰੂਵਾਈ ਸੌਂਪੀ ਹੈ। (2) ਦੂਜੇ ਚਤੁਰਭੁਜ ਜੀ ਦੱਖਣ ਵਿੱਚ ਗੁਰੂਵਾਈ ਕਰਨਗੇ। (3) ਤੀਜੇ ਬੰਕੇ ਜੀ ਪੂਰਵ ਵਿੱਚ ਗੁਰੂਵਾਈ ਕਰਨਗੇ। (4) ਚੌਥੇ ਸਹਤੀ ਜੀ ਪੱਛਮ ਵਿੱਚ ਗੁਰੂਵਾਈ ਕਰਨਗੇ।

ਵਿਮਰਸ਼ :- ਜਿਸ ਸਮੇਂ ਕਬੀਰ ਸਾਗਰ ਲਿਖਿਆ ਗਿਆ ਸੰਮਤ 1542 ਤੋਂ 1562 ( ਸੰਨ 1485 ਤੋਂ 1505 ਤੱਕ) ਵਿੱਚ, ਉਸ ਸਮੇਂ ਤੱਕ ਕੇਵਲ ਇਕ ਧਰਮਦਾਸ ਜੀ ਹੀ ਪ੍ਰਗਟ ਹੋਏ ਸਨ। ਜਦੋਂ ਬਾਕੀ ਤਿੰਨ ਗੁਰੂ ਵੀ ਪ੍ਰਗਟ ਹੋ ਜਾਣਗੇ ਭਾਵ ਆਪਣੇ ਆਪਣੇ ਅਨੁਯਾਈਆਂ ਨੂੰ ਨਾਮ ਦਾਨ ਦੇ ਕੇ ਭਗਤੀ 'ਤੇ ਲਗਾਉਣਗੇ ਉਦੋਂ ਪੂਰੀ ਧਰਤੀ 'ਤੇ ਸਿਰਫ਼ ਕਬੀਰ ਸਾਹਿਬ ਜੀ ਦਾ ਹੀ ਗਿਆਨ ਚੱਲੇਗਾ। ਇਹੀ ਪ੍ਰਮਾਣ ਕਬੀਰ ਸਾਗਰ ਅਧਿਆਇ "ਅਨੁਰਾਗ ਸਾਗਰ " ਵਿੱਚ ਪੰਨਾ ਨੰਬਰ 104-105 'ਤੇ ਹੈ। ਉਪਰੋਕਤ ਵਿਵਰਣ ਤੋਂ ਸਪੱਸ਼ਟ ਹੋਇਆ ਕਿ ਧਰਮਦਾਸ ਜੀ ਤੋਂ ਬਾਅਦ ਧਰਤੀ 'ਤੇ ਨਾਮ ਦਾਨ ਦੇਣ ਲਈ ਤਿੰਨ ਹੋਰ ਸੰਤ ਵੀ ਨਾਮ ਦਾਨ ਦੇਣਗੇ ਉਨ੍ਹਾਂ ਦੇ ਕਾਰਜ਼ ਖੇਤਰ ਵੀ ਭਿੰਨ - ਭਿੰਨ ਵੰਡੇ ਗਏ ਸਨ। ਇਸ ਤੋਂ ਸਪੱਸ਼ਟ ਹੋਇਆ ਕਿ ਧਰਮਦਾਸ ਜੀ ਦੇ ਇਲਾਵਾ ਹੋਰ ਤਿੰਨ ਸੰਤਾਂ ਨੂੰ ਵੀ ਕਬੀਰ

**ਪਰਮੇਸ਼ਵਰ ਜੀ ਨੇ ਕਲਯੁੱਗ ਵਿੱਚ ਨਾਮ ਦਾਨ ਕਰਨ ਦਾ ਆਦੇਸ਼ ਦਿੱਤਾ ਸੀ ਜਿੰਨ੍ਹਾਂ ਦੁਆਰਾ ਵੀ ਜੀਵ ਦਾ ਕਲਿਆਣ ਹੋਵੇਗਾ। ਉਪਰੋਕਤ ਵਿਵਰਣ ਤੋਂ ਵੀ ਦਾਮਾਖੇੜਾ ਵਾਲੇ ਮਹੰਤਾਂ ਦੁਆਰਾ ਬਣਾਈ ਮਨਘੜੰਤ ਕਥਾ ਗਲਤ ਸਿੱਧ ਹੋਈ ਕਿ ਅਧਿਕਾਰੀ ਪਰਮੇਸ਼ਵਰ ਕਬੀਰ ਜੀ ਨੇ ਕਲਯੁੱਗ ਵਿੱਚ ਨਹੀਂ ਬਣਾਇਆ ਹੈ।**

**ਪ੍ਰਸ਼ਨ:– ਧਰਮਦਾਸ ਜੀ ਨੇ ਆਪਣੇ ਪੁੱਤਰ ਚੂੜਾਮਣੀ ਜੀ ਨੂੰ ਵਾਸਤਵਿਕ ਪੰਜ ਨਾਮ ਦਾਨ ਕੀਤੇ ਸੀ ਅਤੇ ਅੱਗੇ ਚੂੜਾਮਣੀ ਜੀ ਨੇ ਵੀ ਪੰਜ ਨਾਮ ਦਾਨ ਕਿਸ ਕਾਰਨ ਨਹੀਂ ਦਿੱਤੇ ?**

**ਉੱਤਰ :– ਚੂੜਾਮਣੀ ਜੀ ਦੇ ਵੰਸ਼ਜਾਂ ਭਾਵ ਦਾਮਾਖੇੜਾ ਵਾਲਿਆਂ ਦੁਆਰਾ ਲਿਖੀ ਪੁਸਤਕ '' ਸੁਮਰਣ ਸ਼ਰਣ ਗਹ ਬਿਆਲਿਸ ਵੰਸ਼'' ਲੇਖਕ :– ਮਹੰਤ ਹਰੀ ਸਿੰਘ ਰਾਠੋਰ ਨੇ ਪੰਨਾ 52 'ਤੇ ਲਿਖਿਆ ਹੈ।**

**ਬਾਣੀ :–** ਸੁਨ ਧਰਮਨਿ ਜੋ ਵੰਸ਼ ਨਸ਼ਾਈ, ਜਿਨਕੀ ਕਥਾ ਕਹੁੰ ਸਮਝਾਈ (93) ਕਾਲ ਚਪੇਟਾ ਦੇਵੇ ਆਈ,ਮਮ ਸਿਰ ਨਹੀ ਦੋਸ਼ ਕਛੁ ਭਾਈ (94) ਸਪਤ ,ਇਕਾਦਸ਼ ,ਤ੍ਰਿਯੋਦਸ਼ ਅੰਸ਼ਾ, ਅਰੁ ਸਤਰਹ ਯੇ ਚਾਰੋ ਵੰਸ਼ਾ (95) ਇਨਕੋ ਕਾਲ ਛਲੇਗਾ ਭਾਈ, ਮਿਥਯਾ ਵਚਨ ਹਮਰਾ ਨਾ ਜਾਈ (96) ਸਬ ਅਪਨੀ ਬੁੱਧੀ ਕਹੇਂ ਭਾਈ, ਅੰਸ਼ ਵੰਸ਼ ਸਬ ਗਏ ਨਸ਼ਾਈ (101)

**ਭਾਵ ਅਰਥ: – ਉਪਰੋਕਤ ਬਾਣੀ ਵਿੱਚ ਕਬੀਰ ਪਰਮੇਸ਼ਵਰ ਨੇ ਸਪੱਸ਼ਟ ਕੀਤਾ ਹੈ ਕਿ ਧਰਮ ਦਾਸ ਤੇਰੇ ਸੱਤਵੇਂ ਵੰਸ਼ ਨੂੰ ਕਾਲ ਠੱਗੇਗਾ। ਉਸ ਸੱਤਵੇਂ ਵੰਸ਼ ਦੇ ਬਾਅਦ ਇਹ ਪੰਜ ਵਾਸਤਵਿਕ ਨਾਮ ਦਾਨ ਕਰਨਾ ਵੀ ਬੰਦ ਕਰ ਦਿੱਤੇ ਜਾਣਗੇ। ਬਾਕੀ ਬਚੇ ਗਿਆਰਵੇਂ, ਤੇਹਰਵੇਂ ਅਤੇ ਸੱਤਰਵੇਂ ਵੰਸ਼ ਦੇ ਬਾਅਦ ਪੂਰਣ ਰੂਪ ਤੋਂ ਗਿਆਨ ਨਸ਼ਟ ਹੋ ਜਾਵੇਗਾ ਸਾਰੇ ਆਪਣੀ–ਆਪਣੀ ਬੁੱਧੀ ਦੇ ਅਨੁਸਾਰ ਪ੍ਰਵਚਨ ਕਰਿਆ ਕਰਨਗੇ। ਇਸ ਤਰ੍ਹਾਂ ਤੁਹਾਡੇ ਜੋ ਵੰਸ਼ਜਾਂ ਤੋਂ ਭਗਤੀ ਤਾਂ ਨਸ਼ਟ ਹੋ ਜਾਵੇਗੀ ਪਰ ਤੇਰਾ ਵੰਸ਼ ਪੂਰਾ ਬਤਾਲੀ ਪੀੜ੍ਹੀ ਤੱਕ ਚੱਲੇਗਾ। ਕਬੀਰ ਸਾਗਰ ਦੇ ਅਧਿਆਇ ''ਅਨੁਰਾਗ ਸਾਗਰ'' ਦੇ ਪੰਨਾ 140 (264) 'ਤੇ ਵੀ ਸਪੱਸ਼ਟ ਕੀਤਾ ਹੈ ਕਿ ਪਰਮੇਸ਼ਵਰ ਕਬੀਰ ਜੀ ਨੇ ਕਿਹਾ ਸੀ ਕਿ ''ਧਰਮਦਾਸ ਤੇਰੀ ਗੱਦੀ ਪਰੰਪਰਾ ਵਿੱਚ ਛੇਵੀਂ ਗੱਦੀ (ਪੀੜ੍ਹੀ) ਵਾਲੇ ਨੂੰ ਨਕਲੀ ਕਬੀਰ ਪੰਥੀ ''ਟਕਸਾਰੀ'' ਪੰਥ ਵਾਲਾ ਭਰਮਿਤ ਕਰੇਗਾ। ਜਿਸ ਕਾਰਨ ਤੋਂ ਛੇਵੀਂ ਪੀੜ੍ਹੀ ਵਾਲਾ ਸੱਚਾ ਨਾਮ ਭਗਤੀ ਜੋ ਮੈ ਦੱਸਾਂਗਾ, ਉਸ ਨੂੰ ਤਿਆਗ ਕੇ ਉਸ ਟਕਸਾਰੀ ਪੰਥ ਵਾਲੀ ਭਗਤੀ ਵਿਧੀ ਆਰੰਭ ਕਰੇਗਾ। ਚੌਂਕਾ ਆਰਤੀ ਵੀ ਅਤੇ ਮੰਤਰ ਨਾਮ ਵੀ ਟਕਸਾਰੀ ਵਾਲੇ ਕਰਾਇਆ ਕਰੇਗਾ।**

''ਚੌਦਵੀਂ ਮਹੰਤ ਗੱਦੀ ਦੀ ਜਾਣ– ਪਛਾਣ ''ਪੁਸਤਕ'' ਧਨੀ ਧਰਮਦਾਸ ਜੀਵਨ ਦਰਸ਼ਨ ਅਤੇ ਵੰਸ਼ ਪਰਿਚਯ'' ਪੰਨਾ 49 ਉੱਤੇ ਤੇਰਵੇਂ ਮਹੰਤ ਦਯਾਨਾਮ ਦੇ ਬਾਅਦ ਕਬੀਰ ਪੰਥ ਵਿੱਚ ਉਥਲ– ਪੁਥਲ ਮੱਚ ਗਈ। ਕਾਲ ਦਾ ਚੱਕਰ ਚੱਲਣ ਲੱਗਾ । ਕਿਉਂਕਿ ਇਸ ਪਰੰਪਰਾ ਵਿੱਚ ਕੋਈ ਪੁੱਤਰ ਨਹੀਂ ਸੀ। ਤਦ ਤੱਕ ਵਿਵਸਥਾ ਬਣਾਏ ਰੱਖਣ ਲਈ ਮਹੰਤ ਕਾਸ਼ੀਦਾਸ ਜੀ ਨੂੰ ਚਾਦਰ ਦਿੱਤੀ ਗਈ। ਕੁਝ ਸਮੇਂ ਬਾਅਦ ਕਾਸ਼ੀਦਾਸ ਨੇ ਆਪਣੇ ਆਪ ਨੂੰ ਕਬੀਰ ਪੰਥ ਦਾ ਆਚਾਰੀਆ ਘੋਸ਼ਿਤ ਕਰ ਦਿੱਤਾ ਅਤੇ ਖਰਸੀਆ ਸ਼ਹਿਰ ਵਿੱਚ ਅਲੱਗ ਗੱਦੀ ਦੀ ਸਥਾਪਨਾ ਕਰ ਦਿੱਤੀ। ਇਹ ਦੇਖ ਤਿੰਨੇ ਮਾਤਾਵਾਂ ਰੋਣ ਲੱਗੀਆਂ ਕਿ ਕਾਲ ਦਾ ਚੱਕਰ ਚੱਲਣ ਲੱਗਾ। ਬਾਅਦ ਵਿੱਚ ਕਬੀਰ ਪੰਥ ਦੇ ਹਿੱਤ ਵਿੱਚ ਢਾਈ ਸਾਲ ਦੇ ਬਾਲਕ ਚਤੁਰਭੁਜ ਸਾਹਿਬ ਨੂੰ ਵੱਡੀ ਮਾਤਾ ਸਾਹਿਬ ਨੇ ਗੱਦੀ ਸੌਂਪ ਦਿੱਤੀ ਜੋ '' ਗੁੰਧਮੁਨਿ ਨਾਮ ਸਾਹਿਬ '' ਦੇ ਨਾਂ ਨਾਲ ਪ੍ਰਸਿੱਧ ਹੋਇਆ।

**ਵਿਚਾਰ ਕਰੋ : ਇਕ ਢਾਈ ਸਾਲ ਦਾ ਬੱਚਾ ਕੀ ਨਾਮ ਤੇ ਗਿਆਨ ਦੇਵੇਗਾ? ਮਾਤਾ ਜੀ ਨੇ ਗੱਦੀ 'ਤੇ ਬਿਠਾ ਦਿੱਤਾ। ਬੇਟਾ ਮਹੰਤ ਬਣ ਗਿਆ। ਜਿਸਨੂੰ ਭਗਤੀ ਦਾ ਕ–**

ਖ ਦਾ ਵੀ ਗਿਆਨ ਨਹੀਂ। ਇਸ ਤਰ੍ਹਾਂ ਭੋਲੇ ਸ਼ਰਧਾਲੂਆਂ ਨੂੰ ਦੰਤ ਕਥਾਵਾਂ ( ਲੋਕਵੇਦ) ਦੇ ਆਧਾਰ ਤੇ ਸਵਾਰਥੀ ਸੰਤ ਤੇ ਮਹੰਤ ਭਰਮਿਤ ਕਰਕੇ ਸਵਾਰਥ ਸਿੱਧ ਕਰ ਰਹੇ ਹਨ। ਮਹੰਤ ਕਾਸ਼ੀ ਦਾਸ ਜੀ ਨੇ ਖਰਸੀਆ ਸ਼ਹਿਰ ਵਿੱਚ ਨਕਲੀ ਕਬੀਰ ਪੰਥੀ ਗੱਦੀ ਆਰੰਭ ਕਰ ਦਿੱਤੀ। ਉਸੇ ਖਰਸੀਆ ਤੋਂ ਇੱਕ ਉਦੀਤਨਾਮ ਸਾਹਿਬ ਨੇ ਮਨਮੁੱਖੀ ਗੱਦੀ ਲਹਿਰ ਤਾਰਾ ਤਲਾਬ 'ਤੇ ਕਾਸ਼ੀ (ਬਨਾਰਸ) ਵਿੱਚ ਚਾਲੂ ਕੀਤੀ ਹੋਈ ਹੈ। ਕਬੀਰ ਚੌਰਾ ਕਾਸ਼ੀ ਵਿੱਚ ਇੱਕ ਗੰਗਾਸ਼ਰਣ ਸ਼ਾਸਤਰੀ ਜੀ ਵੀ ਮਹੰਤ ਪਦ 'ਤੇ ਵਿਰਾਜਮਾਨ ਹਨ। ਪਰ ਭਗਤੀ ਦਾ ਕ-ਖ ਵੀ ਗਿਆਨ ਨਹੀਂ ਹੈ।

ਉਪਰੋਕਤ ਵਿਵਰਣ ਤੋਂ ਪ੍ਰਭੂ ਪ੍ਰੇਮੀ ਪਾਠਕ ਖੁਦ ਫ਼ੈਸਲਾ ਕਰਨ ਕੀ ਦਾਮਾਖੇੜਾ ਵਾਲੇ ਮਹੰਤਾਂ ਦੇ ਕੋਲ ਅਸਲੀ ਭਗਤੀ ਹੈ ਜਾਂ ਨਹੀਂ?

ਸ਼੍ਰੀ ਚੂੜਾਮਣੀ ਜੀ ਕੁਦਰਮਾਲ ਚੱਲੇ ਜਾਣ ਦੇ ਬਾਅਦ ਬਾਂਧਵਗੜ੍ਹ ਪੂਰਾ ਖ਼ਤਮ ਹੋ ਗਿਆ। ਅੱਜ ਵੀ ਪ੍ਰਮਾਣ ਹੈ।

ਬੰਦੀ ਛੋੜ ਕਬੀਰ ਪਰਮੇਸ਼ਵਰ ਜੀ ਨੇ ਧਰਮਦਾਸ ਜੀ ਨੂੰ ਦੱਸਿਆ ਹੇ ਧਰਮਦਾਸ ! ਵਰਤਮਾਨ ਵਿੱਚ ਮੈਂ ਤੱਤਵ ਗਿਆਨ ਨੂੰ ਲਿੱਪੀਬੱਧ ਦੇਣ ਆਇਆ ਹਾਂ। ਇਹ ਗਿਆਨ ਪਿੱਛਲੇ ਭਾਗ ਵਿੱਚ ਲੋਕੋਕਤੀਆਂ, ਦੋਹਿਆਂ ਵਿੱਚ ਬਾਣੀ ਰੂਪ ਵਿੱਚ ਪ੍ਰਗਟ ਕਰਾਂਗਾ। ਜਦੋਂ ਵਿੱਚਲੀ (ਮੱਧ ਵਾਲੀ) ਪੀੜ੍ਹੀ ਆਰੰਭ ਹੋਵੇਗੀ ਉਸ ਸਮੇਂ ਬਾਰ੍ਹਵੇਂ ਪੰਥ (ਸੰਤ ਗਰੀਬ ਦਾਸ) ਦਾ ਅਨੁਯਾਈ ਬਣ ਕੇ ਜੋ ਮੇਰਾ ਤੇਰ੍ਹਵਾਂ ਵੰਸ਼ (ਅੰਸ਼) ਤੱਤਵ ਗਿਆਨ ਪ੍ਰਚਾਰ ਕਰੇਗਾ। ਉਹ ਇਸ ਮੁੱਢਲੇ ਭਾਗ ਦਾ ਪਿਛਲੇ ਭਾਗ ਵਿੱਚ ਸਹੀ ਅਨੁਵਾਦ ਕਰੇਗਾ। ਉਸ ਤੱਤਵਦਰਸ਼ੀ ਸੰਤ ਨੂੰ ਮੈਨੂੰ ਸਮਝਣਾ (ਮਮ ਸੰਤ ਮੁਝੇ ਹੀ ਜਾਨ,ਮੇਰਾ ਹੀ ਸਵਰੂਪਮ੍) ਤਦ ਤੱਕ ਮੇਰੇ ਇਸ ਤੱਤਵ ਗਿਆਨ ਨੂੰ ਆਪਣੀ-ਆਪਣੀ ਬੁੱਧੀ ਨਾਲ ਸਹੀ ਨਾ ਸਮਝ ਕੇ ਉਲਟਾ ਅਰਥ ਲਗਾ ਕੇ ਅਨੁਯਾਈਆਂ ਨੂੰ ਭਰਮਿਤ ਕਰਦੇ ਰਹਿਣਗੇ। ਉਸ ਸਮੇਂ ਉਹਨਾਂ ਸਾਰੇ ਪੰਥਾਂ ਦੇ ਅਗਿਆਨ ਦਾ ਪਰਦਾਫਾਸ਼ ਉਸ ਤੇਰਵੇਂ ਵੰਸ਼ (ਮੇਰੇ ਸੰਤ) ਦੁਆਰਾ ਕੀਤਾ ਜਾਵੇਗਾ। ਉਸ ਸਮੇਂ ਸਾਰਾ ਮਨੁੱਖ ਸਮਾਜ ਪੜ੍ਹਿਆ-ਲਿਖਿਆ ਹੋਵੇਗਾ। ਹੋਰ ਸੰਤਾਂ ਦੁਆਰਾ ਲਿਖੀ ਭਰਮਿਤ ਗਿਆਨ ਯੁਕਤ ਪੁਸਤਕਾਂ ਨੂੰ ਪੜ੍ਹ ਕੇ ਤੱਤਵ ਗਿਆਨ ਨਾਲ ਤੁਲਨਾ ਕਰਨਗੇ। ਦੋਵਾਂ ਦੀ ਭਿੰਨਤਾ ਨੂੰ ਜਾਣ ਕੇ ਤੁਰੰਤ ਮੇਰੇ ਤੱਤਵਦਰਸ਼ੀ ਸੰਤ ਦੀ ਸ਼ਰਣ ਗ੍ਰਹਿਣ ਕਰਨਗੇ। ਇਸ ਪ੍ਰਕਾਰ ਸਾਰੇ ਸਦਗ੍ਰੰਥਾਂ ਦਾ ਸਹੀ ਅਨੁਵਾਦ ਵੀ ਮੇਰਾ ਉਹ ਤੇਰ੍ਹਵਾਂ ਵੰਸ਼ (ਸੰਤ)ਕਰੇਗਾ। ਹੋਰ ਸੰਤਾਂ ਅਤੇ ਰਿਸ਼ੀਆਂ ਦੁਆਰਾ ਕੀਤਾ ਅਨੁਵਾਦ ਵੀ ਉਸ ਸਮੇਂ ਸਾਰਿਆਂ ਦੇ ਸਾਹਮਣੇ ਹੋਵੇਗਾ। ਜੋ ਸਾਲਾਂ ਪਹਿਲਾਂ ਕੀਤਾ ਗਿਆ ਹੋਵੇਗਾ।

ਜਿਸ ਨੂੰ ਸੱਚਾ ਅਨੁਵਾਦ ਮੰਨ ਕੇ ਬਹੁਤ ਵੱਡਾ ਜਨ ਸਮੂਹ ਉਹਨਾਂ ਸੰਤਾਂ ਅਤੇ ਰਿਸ਼ੀਆਂ ਨਾਲ ਜੁੜ ਚੁੱਕਿਆ ਹੋਵੇਗਾ ਭਾਵ ਉਹਨਾਂ ਦੇ ਝੂਠੇ ਗਿਆਨ ਨੂੰ ਤੱਤਵ ਗਿਆਨ ਮੰਨ ਕੇ ਉਹਨਾਂ ਰਿਸ਼ੀਆਂ ਅਤੇ ਸੰਤਾਂ ਦੇ ਬਹੁਤ ਸਾਰੇ ਅਨੁਯਾਈ ਬਣ ਚੁੱਕੇ ਹੋਣਗੇ। ਉਹ ਬੁੱਧੀਮਾਨ ਪੜੇ ਲਿਖੇ ਅਨੁਯਾਈ ਮੇਰੇ ਅੰਸ਼ ਸੰਤ ਦੁਆਰਾ ਕੀਤੇ ਗਏ ਸਦ੍ ਗ੍ਰੰਥਾਂ ਦੇ ਅਨੁਵਾਦ ਤੋਂ ਆਪਣੇ -2 ਗੁਰੂਆਂ ਦੁਆਰਾ ਕੀਤੇ ਗਏ ਅਨੁਵਾਦ ਦਾ ਮੇਲ ਕਰਨਗੇ ਤਾਂ ਜਲਦੀ ਭਿੰਨਤਾ ਸਮਝ ਜਾਣਗੇ ਅਤੇ ਉਹਨਾਂ ਅਗਿਆਨੀ ਰਿਸ਼ੀਆਂ ਅਤੇ ਸੰਤਾਂ ਨੂੰ ਤਿਆਗ ਕੇ ਇਸ ਤਰ੍ਹਾਂ ਮੇਰੇ ਸੰਤ ਦੀ ਸ਼ਰਣ ਗ੍ਰਹਿਣ ਕਰਨਗੇ ਜਿਵੇਂ ਕੋਈ ਘਬਰਾ ਕੇ ਹੜਬੜਾ ਕੇ ਜਾਗਿਆ ਹੋਵੇ। ਇਸ ਪ੍ਰਕਾਰ ਹੌਲੀ - ਹੌਲੀ ਪੂਰੀ ਧਰਤੀ 'ਤੇ ਮੇਰਾ ਹੀ ਗਿਆਨ ਪ੍ਰਕਾਸ਼ ਹੋ ਜਾਵੇਗਾ। ਅਗਿਆਨ ਪੂਰਨ ਰੂਪ ਤੋ ਨਸ਼ਟ ਹੋ ਜਾਵੇਗਾ।